Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

* ओ३म् *

पुस्तक की संख्या ४१५

पुस्तकालय-पञ्जिका-संख्या १

पुस्तक पर सर्व प्रकार की निशानियां लगाना वर्जित है। कोई महाशय १५ दिन से अधिक देर तक पुस्तक अपने पास नहीं रख सकता। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

दौ विधिया

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

२४

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖਾਂ ਦੇ ਰਾਜ ਦੀ ਵਿਥਿਆ

ਸਿੱਖਾਂ ਦੇ ਰਾਜ ਦੀ ਵਿੱਥਿਆ

ਅਰਥਾਤ

ਸਿੱਖਾਂ ਦੇ ਦਸਾਂ ਗੁਰੂਆਂ ਅਤੇ ਰਾਜਿਆਂ ਦਾ ਜੀਉਨ ਬ੍ਰਿਤਾਂਤ ਆਦਿਕ

ਸਾਹਿਬਾਂ ਲੋਕਾਂ ਦੀ ਪ੍ਰੀਖਿਆ ਦੇ ਅਰਥ
ਸਰਕਾਰ ਦੀ ਆਗਿਆ ਨਾਲ
ਪੰਜਾਬੀ ਭਾਖਾ ਵਿੱਚ
ਬਣਾਈ।

ਇਸ ਦੇ ਅੰਤ ਵਿਖੇ ਜਨਮਸਾਖੀ ਵਿੱਚੋਂ ਭੀ ਕੈਈ ਕਥਾ
ਘੱਤੀਆਂ ਹਨ ॥

ਲਾਹੌਰ

ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼
ਮਾਲਕਾਨ ਮੁਫੀਦਆਮ ਯੰਤ੍ਰਾਲਯ ਦੇ ਅਧਿਕਾਰ ਨਾਲ ਛਪੀ ॥
ਸੰਨ ੧੯੦੫ ਈਸਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚੀ ਪਤ੍ਰ ॥

ਪਹਿਲਾ ਕਾਂਡ

	ਪੰਨੇ ਸੇ, ਪੰਨੇ ਤੱਕ
ਭੂਮਿਕਾ	੧ – ੨
ਬਾਬੇ ਨਾਨਕ ਜੀ ਦਾ ਬ੍ਰਿੱਤਾਂਤ	੩ – ੧੩
ਗੁਰੂ ਅੰਗਦ ਜੀ ਦਾ ਬ੍ਰਤਾਂਤ	੧੩ – ੧੭
ਗੁਰੂ ਅਮਰਦਾਸ ਜੀਦਾ ਬ੍ਰਿਤਾਂਤ	੧੭ – ੨੧
ਗੁਰੂ ਰਾਮਦਾਸ ਜੀ ਦਾ ਬ੍ਰਿਤਾਂਤ	੨੨ – ੨੪
ਗੁਰੂ ਅਰਜਨ ਜੀ ਦਾ ਬ੍ਰਿਤਾਂਤ	੨੪ – ੨੭
ਗੁਰੂ ਹਰਗੋਬਿੰਦ ਜੀ ਦਾ ਬ੍ਰਿਤਾਂਤ	੨੭ – ੩੧
ਗੁਰੂ ਹਰ ਰਾਇ ਜੀ ਦਾ ਬ੍ਰਿਤਾਂਤ	੩੨ – ੩੫
ਗੁਰੂ ਹਰਕ੍ਰਿਸ਼ਨਜੀ ਦਾ ਬ੍ਰਿਤਾਂਤ	੩੫ – ੩੯
ਗੁਰੂ ਤੇਗ਼ਬਹਾਦੁਰਜੀਦਾ ਬ੍ਰਿਤਾਂਤ	੩੯ – ੪੩
ਗੁਰੂ ਗੋਬਿੰਦਸਿੰਘਜੀਦਾ ਬ੍ਰਿਤਾਂਤ	੪੩ – ੬੩
ਰਹਿਤਨਾਮਾ ਸਿੱਖਾਂ ਦਾ	੪੫ – ੫੧
ਜ਼ਫ਼ਰਨਾਮਾ	੫੧ – ੬੩

ਦੂਜਾ ਕਾਂਡ

ਮਹਾਰਾਜੇ ਰਣਜੀਤਸਿੰਘ ਤੇ ਲੈਕੇ ਅੰਗਰੇਜਾਂ ਦੇ
ਆਉਣੇ ਤੱਕ ਦੇ ਬਿਆਨ ਵਿਖੇ ॥

	ਪੰਨੇ ਸੇ, ਪੰਨੇ ਤੱਕ
ਮਹਾਰਾਜੇ ਰਣਜੀਤਸਿੰਘ ਦਾ ਹਾਲ	੬੪ – ੯੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚੀ ਪਤ੍ਰ ।

ਬਾਰਾਂ ਮਿਸਲਾਂ ਦੇ ਨਾਮ	....	੬੭ --
ਬਿਆਨ ਮਿਸਲਾਂ ਦਾ	....	੬੯ -- ੭੨
ਮਹਾਰਾਜੇ ਰਣਜੀਤਸਿੰਘ ਦੀ ਉਤਪੱਤਿ ਦਾ ਬਿਆਨ	....	੭੨ — ੯੫
ਰਣਜੀਤਸਿੰਘ ਦੇ ਚਾਲ ਚੱਲਣ ਦਾ ਹਾਲ	....	੯੬ -- ੯੭
ਹਾਰਾਜੇ ਖੜਕਸਿੰਘ ਦਾ ਹਾਲ	....	੯੭ — ੯੯
ਨਿਹਾਲਸਿੰਘ ਦਾ ਹਾਲ	....	੯੯ -- ੬੩
ਲਾਹੌਰ ਦੀ ਲੜਾਈ	....	੬੩ -- ੧੧੯

ਤੀਜਾ ਕਾਂਡ

ਪੰਜਾਬ ਦੇਸ ਦੀਆਂ ਸੱਭਨਾਂ ਜਾਤਾਂ ਦੀਆਂ ਰੀਤ ਰਸਮਾਂ ਅਤੇ ਗੀਤਾਂ ਅਰ ਕਹਾਉਤਾਂ ਦੇ ਬਿਆਨ ਵਿਖੇ ॥

		ਪੰਨੇ ਸੇ, ਪੰਨੇ ਤੱਕ
ਜਾਤਾਂ ਦੀਆਂ ਰੀਤਾਂ ਭਾਤਾਂ ਰਸਮਾਂ ਦਾ ਹਾਲ	....	੧੧੯ — ੧੩੭
ਗੀਤਾਂ ਦਾ ਹਾਲ	....	੧੩੭ — ੧੫੫
ਕਹਾਉਤਾਂ ਦਾ ਹਾਲ	....	੧੫੫ — ੧੬੨

ਜਨਮ ਸਾਖੀ ਵਿੱਚੋਂ ਵੀਹ ਕਥਾਂ ॥

		ਪੰਨੇ ਸੇ, ਪੰਨੇ ਤੱਕ
੧ ਸਾਖੀ ਗੋਪਾਲ ਪਾਂਦੇ ਨਾਲ	....	੧੬੩ — ੧੬੬
੨ ਸਾਖੀ ਜਨੇਊ ਦੀ	....	੧੬੬ -- ੧੭੦
੩ ਸਾਖੀ ਵੈਦ ਨਾਲ	....	੧੭੦ -- ੧੭੧

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪	ਸਾਖੀ ਮੋਦੀ ਖਾਨੇ ਦੀ	੧੭੧ -- ੧੭੭
੫	ਸਾਖੀ ਗੁਰੂ ਨਾਨਕ ਜੀ ਦੀ ਕੁੜਮਾਈ ਦੀ	੧੭੭ -- ੧੮੩
੬	ਸਾਖੀ ਗੁਰੂ ਨਾਨਕ ਦੇ ਬਿਆਹ ਦੀ	੧੮੩ -- ੧੯੦
੭	ਸਾਖੀ ਸ਼ਾਮੇ ਪੰਡਿਤ ਨਾਲ	੧੯੦ -- ੧੯੧
੮	ਸਾਖੀ ਨਬਾਬ ਦੌਲਤ ਖਾਂ ਨਾਲ	੧੯੨ -- ੧੯[illegible]
੯	ਸਾਖੀ ਰਾਇ ਬੁਲ੍ਹਾਰ ਨਾਲ	੧੯੮ -- [illegible]
੧੦	ਸਾਖੀ ਸਾਲਿਗਰਾਮ ਦੀ	੨੦੩ -- ੨੦੬
੧੧	ਸਾਖੀ ਆਰਤੀ ਸੋਹਿਲੇ ਦੀ	੨੦੬ -- ੨੦੮
੧੨	ਸਾਖੀ ਸੰਗਲਾ ਦੀਪ ਵਿੱਚ ਰਾਜੇ ਸਿਵ ਨਾਭ ਨਾਲ	੨੦੮ -- ੨੧੦
੧੩	ਸਾਖੀ ਮੀਏਂ ਮਿੱਠੇ ਨਾਲ	੨੧੦ -- ੨੧੫
੧੪	ਸਾਖੀ ਸਿੱਧਾਂ ਨਾਲ	੨੧੬ -- ੨੧੯
੧੫	ਸਾਖੀ ਗੋਬਿੰਦ ਲੋੜਾਂ ਨਾਲ	੨੧੯ -- ੨੨੬
੧੬	ਸਾਖੀ ਕੌਡੇ ਰਾਖਸ ਦੀ	੨੨੬ -- ੨੨੯
੧੭	ਸਾਖੀ ਸੁਲਤਾਨ ਹਮੀਦ ਕਾਰੂ ਨਾਲ	੨੨੯ -- ੨੩੬
੧੮	ਸਾਖੀ ਬਨਾਰਸੀ ਚਤੁਰਦਾਸ ਪੰਡਿਤ ਨਾਲ	੨੩੬ -- ੨੩੮
੧੯	ਸਾਖੀ ਕਾਲੂ ਨਾਲ	੨੩੮ -- ੨੪੩
੨੦	ਸਾਖੀ ਕਾਂਸ਼ੀ ਦਿਆਂ ਪੰਡਿਤਾਂ ਨਾਲ	੨੪੪ -- ੨੪੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ॥

ਧੰਨ ਹੈ ਉਹ ਪਰਮੇਸੁਰ ਕਿ ਜਿਸ ਨੇ ਆਪਣੀ ਸ਼ਕਤਿ ਨਾਲ ਦੁਨੀਆਂ ਦੇ ਬਾਗ ਨੂੰ ਲਾਕੇ ਕੇਈਆਂ ਭਾਂਤਾਂ ਦਿਆਂ ਰੰਗਾਂ ਅਤੇ ਰੂਪਾਂ ਨਾਲ ਸਜਾਇਆ, ਅਰ ਹਰ ਫੁੱਲ ਅਤੇ ਫਲ ਇਸ ਦਾ ਆਪਣੀ ਖ਼ੂਬੀ ਵਿਖੇ ਅਜਿਹਾ ਖ਼ੂਬਸੂਰਤ ਬਣ ਰਿਹਾਹੈ, ਜੋ ਹੁਣ ਤਾਈਂ ਕਿਸੀ ਬੁੱਧਮਾਨਨੇ ਉਸਦਾ ਇੱਕ ਪੱਤਾ ਸਾਰਖਾ ਭੀ ਆਪਣੀ ਬੁੱਧ ਨਾਲ ਉਸਦੀ ਅਸਲੀ ਸੂਰਤੋਂ ਨਹੀਂ ਬਦਲਾਇਆ, ਅਰ ਨਾ ਕੁਝ ਨਵੇਂ ਸਿਰੇ ਬਣਾਕੇ ਦਿਖਲਾਇਆ। ਫੇਰ ਕੇਹਾ ਜਿਹਾ ਅਨੰਤ ਸ਼ਕਤਿਮਾਨ ਹੈ ਉਹ ਪਰਮੇਸੁਰ, ਕਿ ਜੋ ਕੁਝ ਉਸਦੀ ਮਰਜੀ ਸੋ ਕਰਦਾ ਹੈ, ਵੇਖੋ ਇੱਕੋ ਆਦਮੀ ਕਦੀ ਗ਼ਰੀਬ, ਕਦੀ ਅਮੀਰ, ਕਦੀ ਸ਼ਾਹ, ਕਦੀ ਫ਼ਕੀਰ, ਅਰ ਉਸਦੀ ਅਜਿਹੀ ਅਨੰਤ ਰਚਨਾ ਹੈ, ਕਿ ਇੱਕ ਦੀ ਸੂਰਤ ਦੂਸਰੇ ਨਾਲ ਅਣਮੇਲ ਹੈ। ਜੋ ਜੋ ਕਾਰਖਾਨੇ ਉਸਨੇ ਹੁਣ ਤੀਕ ਬਣਾਏ ਅਰ ਮਿਟਾਏ, ਉਨ੍ਹਾਂ ਦੇ ਸੁਣਨ ਤੇ ਸਾਫ਼ ਮਲੂਮ ਹੁੰਦਾ ਹੈ, ਕਿ ਉਹ ਸਿਰਜਨਹਾਰ ਬੇਪਰਵਾਹ ਹੈ, ਅਤੇ ਇਹ ਭੀ ਜਾਣਿਆ ਜਾਂਦਾ ਹੈ, ਕਿ ਉਸ ਨੇ ਇਸ ਦੁਨੀਆਂ ਨੂੰ ਅਜਿਹਾ ਹੀ ਬਣਾਇਆ ਹੈ, ਕਿ ਬਣਨਾ ਮਿਟਣਾ ਇਸਦਾ ਕਦੀਮੀ ਰਾਹ ਹੈ। ਵੇਖੋ ਜੋ ਜੋ ਸਾਧ, ਸੰਤ, ਬੁਰਾ, ਭਲਾ, ਰਾਜਾ, ਪਰਜਾ ਇੱਥੇ ਆਇਆ, ਉਹ ਸਦਾ ਰਹਿਣਾ ਨਹੀਂ ਪਾਇ-ਆ। ਅਸਲ ਪੁੱਛੋ ਤਾਂ ਦੁਨੀਆਂ ਇੱਕ ਸਰਾਂ ਵਾਂਝ ਹੈ, ਜੋ ਲੋਕ ਇੱਥੇ ਆ-ਕੇ ਲੰਮੀਆਂ ਪੜੀਵਾਂ ਬੱਨ੍ਹਕੇ ਅਤੇ ਮਰਣ ਥੀਂ ਭੁੱਲਕੇ ਆਪਣੇ ਸਿਰਜਣਹਾਰ ਨੂੰ ਵਿਸਾਰਦੇ ਹਨ, ਓਹ ਆਪਣੇ ਜਨਮ ਨੂੰ ਜੂਏ ਵਿੱਚ ਹਾਰਦੇ ਹਨ। ਜੇ ਮੈਂ ਸਾਰੇ ਜਗਤ ਦੇ ਲੋਕਾਂ ਦਾ ਬਿਆਨ ਕਰਾਂ ਤਾਂ ਕਦੀ ਅੰਤ ਨਹੀਂ ਆਉਂਦਾ, ਪਰ ਜਗਤ ਵਿੱਚੋਂ ਇੱਕ ਛੋਟੇ ਜਿਹੇ ਟੁਕੜੇ ਜ਼ਮੀਨ ਦਾ ਅਰਥਾਤ ਪੰਜਾਬ ਦੇ ਮੁਲਖ ਦਾ ਕੁਝ ਥੋਹੜਾ ਜਿਹਾ ਹਾਲ ਇਸ ਪੋਥੀ ਵਿੱਚ ਲਿਖਦਾ ਹਾਂ, ਕਿ ਚਾਰਕੁ ਸੌ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਰਸ ਵਿੱਚ ਕੌਣ ਕੌਣ ਲੋਕ ਇਸ ਦੁਨੀਆਂ ਵਿੱਚ ਆਏ, ਅਰ ਕੀ ਕੀ ਕੰਮ ਕਾਰ ਕਰਕੇ ਓੜਕ ਅਸਲੀ ਰਾਹ ਨੂੰ ਸਿਧਾਏ। ਇਸ ਪੋਥੀ ਦੇ ਤਿੰਨ ਭਾਗ ਹਨ, ਪਹਿਲੇ ਭਾਗ ਵਿੱਚ ਬਾਬੇ ਨਾਨਕ ਸਾਹਬ ਤੇ ਲੈਕੇ, ਜੋ ਇਸ ਦੇਸ਼ ਦਿਆਂ ਮਹਾਂ ਪੁਰਖਾਂ ਵਿੱਚੋਂ ਇਕ ਉੱਤਮ ਲੋਕ ਸਨ, ਗੁਰੂ ਗੋਬਿੰਦਸਿੰਘ ਤੀਕ ਕਿ ਜਿਸਨੇ ਸਿੰਘਾਂ ਦਾ ਪੰਥ ਚਲਾਇਆ, ਦਸਾਂ ਗੁਰੂਆਂ ਦੇ ਜਨਮ ਮਰਨ ਅਤੇ ਵਰਤਾਰੇ ਕੁਝ ਕੁਝ ਬਿਆਨ ਹੈ। ਅਰ ਦੂਜੇ ਭਾਗ ਵਿਖੇ ਮਹਾਰਾਜੇ ਰਣਜੀਤਸਿੰਘ ਤੇ ਲੈਕੇ ਪੰਜਾਬ ਵਿਖੇ ਅੰਗਰੇਜ਼ਾਂ ਦੇ ਆਉਣ ਤਕ ਦੇ ਬ੍ਰਿਤਾਂਤ ਦਾ ਬਖਾਨ ਹੈ। ਤੀਸਰੇ ਭਾਗ ਵਿੱਚ ਇਸ ਦੇਸ਼ ਦੇ ਗੀਤ ਅਤੇ ਕਹਾਉਤਾਂ ਅਰ ਰੀਤਾਂ ਰਸਮਾਂ ਦਾ ਉਚਾਰ ਹੈ, ਅਰ ਕੁਝ ਕੁਝ ਜਾਤਾਂ ਅਤੇ ਮਜ਼ਹਬਾਂ ਅਰ ਅਕੀਦਿਆਂ ਦਾ ਲੇਖ ਹੈ। ਇਹ ਪੋਥੀ ਸ੍ਰੀ ਮਹਾਰਾਜ ਗੁਣਗਾਹਕ ਪਰਮ ਦਿਆਲ ਕਿਰਪਾ-ਸਾਗਰ ਮਿਸਟਰ ਮੇਕਲੌਡ ਸਾਹਿਬ ਜੀ ਦੀ ਇਛਿਆ ਅਨੁਸਾਰ, ਜੋ ਲੈਫਟਿ-ਨੈਂਟ ਗਵਰਨਰ ਪੰਜਾਬ ਦੇ ਹਨ, ਸੰਮਤ ੧੯੨੨ ਅਰਥਾਤ ਸੰਨ ੧੮੬੬ ਈਸਵੀ ਵਿੱਚ, ਮੈਂ ਪੰਡਤ ਸਰਧਾਰਾਮ ਨੇ, ਜੋ ਜਲੰਧਰ ਦੇ ਇਲਾਕੇ ਵਿੱਚ ਫਲੌਰ ਸ਼ਹਿਰ ਵਿਖੇ ਰਹਿੰਦਾ ਹਾਂ ਤਿਆਰ ਕੀਤੀ ਹੈ, ਜੋ ਕੋਈ ਚਿੱਤ ਲਾਕੇ ਆਦ ਤੇ ਅੰਤ ਤਕ ਇਸਦਾ ਸੈਲ ਕਰੇਗਾ, ਪੰਜਾਬ ਦੇ ਹਾਲ ਨੂੰ ਦਿਲ ਵਿਖੇ ਧਰੇਗਾ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬੇ ਨਾਨਕ ਜੀ ਦਾ ਬ੍ਰਿਤਾਂਤ ।

ਜ਼ਿਲੇ ਲਹੌਰ ਤਸੀਲ ਸਰਕਪੁਰ ਦੇ ਅਲਾਕੇ ਰਾਇਭੋਇ ਦੀ ਤਲਵੰਡੀ ਨਾਮੇ ਪਿੰਡ ਵਿਖੇ, ਜੋ ਹੁਣ ਨਨਕਾਣਾ ਕਰਕੇ ਆਖੀਦਾ ਹੈ, ਕਾਲੂ ਨਾਮੇ ਬੇਦੀ ਖਤ੍ਰੀ ਦੇ ਘਰ, ਜੋ ਉਸ ਵੇਲੇ ਪਟਵਾਰੀ ਸਾ, ਸੰਮਤ ੧੫੨੬,ਸੰਨ ੧੪੬੯ ਈ-ਸਵੀ ਵਿਖੇ ਕਤੱਕ ਸੁਦੀ ਪੂਰਨਮਾਸ਼ੀ ਦੇ ਦਿਨ ਅੱਧੀ ਰਾਤ ਨੂੰ ਪ੍ਰਗਟੇ ਹਨ, ਜਾਂ ਕਾਲੂ ਨੇ ਆਪਣੇ ਕੁਲ ਪਰੋਹਤ ਨੂੰ ਖਬਰ ਦਿੱਤੀ, ਤਾਂ ਉਸ ਨੇ ਸਾਸਤ੍ਰ ਰੀਤ ਮੂਜਬ ਵਿਚਾਰ ਕਰਕੇ ਉਸ ਬਾਲਕ ਦਾ ਨਾਉਂ ਨਾਨਕ ਰੱਖਿਆ, ਅਤੇ ਕਿਹਾ ਹੇ ਕਾਲੂ, ਇਹ ਬਾਲਕ ਬਹੁਤ ਉੱਤਮ ਅਰ ਧਰਮ ਮੂਰਤ ਹੋਵੇਗਾ, ਬਹੁਤ ਲੋਕ ਇਸਦੇ ਪਿੱਛੇ ਤੁਰਨਗੇ, ਇਹ ਪਰਮੇਸੁਰ ਦਾ ਪਿਆਰਾ ਹੈ, ਬਹੁਤਿਆਂ ਦੇ ਭਰਮਾਂ ਨੂੰ ਖੋਵੇਗਾ । ਅਰ ਇਹ ਭੀ ਯਾਦ ਰੱਖ ਜੋ ਇਹ ਬਾਲਕ ਨਹੀਂ ਕੋਈ ਅਉਤਾਰੀ ਹੈ, ਇਸੀ ਸਬੱਬ ਇਸਦਾ ਨਾਉਂ ਨਾਨਕਨਿਰੰਕਾਰੀ ਹੈ । ਇਹ ਇੱਕ ਨਿਰੰਕਾਰ ਪਰਮੇਸੁਰ ਨੂੰ ਹੀ ਸੱਤ ਜਾਣੇਗਾ, ਹੋਰ ਕਿਸੇ ਨੂੰ ਨਹੀਂ ਮਨਾਵੇਗਾ । ਇਹ ਸੁਣਕੇ ਕਾਲੂ ਬਹੁਤ ਪਰਸਿੰਨ ਹੋਇਆ, ਜਾਂ ਜਨਮਵੇਲੇ ਦੀਆਂ ਸਭ ਰੀਤਾਂ ਭਾਂਤਾਂ ਕਰ-ਕੇ ਪਰੋਹਤ ਨੂੰ ਖੁਸ਼ੀ ਨਾਲ ਵਿਦਿਆ ਕੀਤਾ, ਤਾਂ ਬੋਲਿਆ, ਜੋ ਹੇ ਪਰਮੇਸੁਰ, ਮੈਂ ਤੇਰਾ ਤਨ ਮਨ ਤੇ ਸ਼ੁਕਰ ਕਰਦਾ ਹਾਂ, ਜੋ ਅਜਿਹਾ ਬਾਲਕ ਮੇਰੇ ਗਰੀਬ ਦੇ ਘਰ ਉਪਜਾਇਆ ਹਈ । ਹੁਣ ਉਸਦਾ ਬ੍ਰਿਤਾਂਤ ਐਉਂ ਆਖਦੇ ਹਨ, ਜਾਂ ਨਾਨਕ ਨੌਆਂ ਬਰਸਾਂ ਦਾ ਹੋਇਆ, ਤਾਂ ਪਿਤਾ ਦੀ ਆਗਿਆ ਮੂਜਬ ਗਰਮੀ ਦੀ ਰੁੱਤੇ ਮਹੀਆਂ ਚਰਾਉਣ ਜੰਗਲ ਨੂੰ ਗਿਆ, ਮਾਰੇ ਗਰਮੀ ਦੇ ਘਬਰਾ ਕੇ ਜਾਂ ਇੱਕ ਦਰਖ਼ਤ ਹੇਠ ਸੁੱਤਾ ਪਿਆ ਸਾ, ਤਾਂ ਆਖਦੇ ਹਨ, ਕਿ ਇੱਕ ਕਾਲੇ ਨਾਗ ਨੇ ਉਸਦੇ ਮੁਖ ਪੁਰ ਫਣ ਖੋਲ੍ਹਕੇ ਛਾਇਆ ਕੀਤੀ ਹੋਈ ਸੀ, ਇਤਨੇ ਵਿੱਚ ਰਾਇਬੁਲਾਰ ਨੇ, ਜੋ ਉਸ ਪਿੰਡ ਦਾ ਮਾਲਕ ਸਾ, ਤਿਸਦਾ ਇਹ ਹਾਲ ਦੇਖਕੇ ਮਨ ਵਿੱਚ ਕਿਹਾ ਜੋ ਇਹ ਬਾਲਕ ਕੋਈ ਪਰਮੇਸੁਰ ਦਾ ਭਗਤ ਹੈ, ਅਰ ਉਸਦੇ ਪਿਉ ਨੂੰ ਆਕੇ ਸਮਝਾਇਆ, ਜੋ ਤੇਰਾ ਬਾਲਕ ਬਹੁਤ ਉੱਤਮ ਹੈ । ਜਾਂ ਨਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਦ੍ਹਾਂ ਬਰਸਾਂ ਦਾ ਹੋਇਆ ਤਾਂ ਪਿਤਾ ਨੇ ਵੀਹ ਰੁਪੈਯੇ ਅਰ ਇੱਕ ਭਾਈ ਬਾਲਾ ਨਾਮੇ ਨੌਕਰ, ਜੋ ਕਦੀਮ ਤੇ ਘਰ ਵਿਖੇ ਰਹਿੰਦਾ ਸਾ, ਟਹਿਲ ਵਾਸਤੇ ਨਾਲ ਦੇ ਕੇ ਕਿਹਾ, ਜੋ ਹੇ ਪੁਤ੍ਰ ਤੂੰ ਕੋਈ ਚੰਗਾ ਸੌਦਾ ਖਰੀਦ ਲਿਆਓ, ਜਾਂ ਨਾਨਕ ਜੀ ਉਸ ਨੂੰ ਨਾਲ ਲੈਕੇ ਖੱਟਣ ਨਿਕਲਿਆ, ਤਾਂ ਦੂਰ ਜਾਕੇ ਇੱਕ ਫ਼ਕੀਰਾਂ ਦੀ ਮੰਡਲੀ, ਜੋ ਅੰਨ ਵਸਤਰ ਤੇ ਹੀਣ ਸੀ, ਦੇਖੀ ਅਰ ਤਰਸ ਖਾਕੇ ਓਹ ਵੀਹ ਰੁਪੈਯੇ ਉਨ੍ਹਾਂ ਨੂੰ ਖੁਆਲ ਦਿੱਤੇ, ਉਸ ਬਾਲੇ ਟਹਿਲੂਏ ਨੇ ਬਥੇਰਾ ਸਮਝਾਇਆ, ਜੋ ਤੈਨੂੰ ਕਾਲੂ ਨੇ ਕੋਈ ਚੰਗਾ ਸੌਦਾ ਖਰੀਦਨ ਲਈ ਘੱਲਿਆ ਹੈ, ਤੂੰ ਰੁਪੈਯਾਂ ਨੂੰ ਮੁਖਤ ਕਿਉਂ ਗੁਆਉਂਦਾ ਹੈਂ, ਪਰ ਨਾਨਕ ਨੇ ਇੱਕ ਨਾ ਮੰਨੀ, ਸਗਵਾਂ ਐਉਂ ਆਖਿਆ, ਜੋ ਹੇ ਬਾਲੇ, ਪਰਮੇਸੁਰ ਦੇ ਨਾਉਂ ਉੱਤੇ ਸਾਧਾਂ ਨੂੰ ਖੁਲਾਉਣੇ ਤੇ ਪਰੇ ਹੋਰ ਚੰਗਾ ਸੌਦਾ ਕੀ ਹੈ ? ਇਉਂ ਕਹਿਕੇ ਘਰ ਨੂੰ ਮੁੜੇ। ਜਾਂ ਕਾਲੂ ਨੇ ਗੱਲ ਸੁਣੀ, ਤਾਂ ਨਾਨਕ ਨੂੰ ਅਜਿਹੀ ਮਾਰ ਮਾਰੀ, ਜੋ ਰਾਇਬੁਲਾਰ ਤਾਈਂ ਖਬਰ ਪਹੁੰਚੀ। ਰਾਇ ਨੂੰ ਜੋ ਨਾਨਕ ਦੇ ਮੁਖ ਪੁਰ ਸੱਪ ਦੀ ਛਾਇਆ ਵੇਖਕੇ ਅਕੀਨ ਹੋ ਰਿਹਾ ਸਾ, ਵੀਹ ਰੁਪੈਯੇ ਆਪਣੇ ਪਾਸੋਂ ਦੇਕੇ ਨਾਨਕ ਨੂੰ ਮਾਰੋਂ ਛੁਡਾ ਦਿੱਤਾ। ਨਾਨਕ ਜੀ ਫੇਰ ਭੀ ਜੋ ਕੁਝ ਉਸਨੂੰ ਘਰੋਂ ਮਿਲਦਾ ਪ੍ਰਮੇਸੁਰਦੇ ਨਾਉਂ ਪੁਰ ਖਰਚ ਕਰ ਦਿੰਦਾ, ਅੱਕਕੇ ਪਿਤਾਨੇ ਨਾਨਕ ਜੀਨੂੰ ਕਸਬੇ ਸੁਲਤਾਨਪੁਰ, ਜੋ ਕਪੂਰਥਲੇ ਦੇ ਇਲਾਕੇ ਵਿੱਚ ਹੈ, ਓਸਦੀ ਭੈਣ ਨਾਨਕੀਦੇ ਘਰ ਭੇਜਦਿੱਤਾ, ਅਰ ਲਾਲਾ ਜੈਰਾਮ ਨੂੰ, ਜੋ ਨਾਨਕ ਦਾ ਭਣੋਈ ਸਾ, ਇਕ ਚਿੱਠੀ ਇਸ ਤਰ੍ਹਾਂ ਦੀ ਲਿਖ ਭੇਜੀ, ਜੋ ਨਾਨਕ ਇੱਥੇ ਬਹੁਤ ਨੁਖਸਾਨ ਕਰਦਾ ਰਹਿੰਦਾ ਹੈ, ਇਸ ਕਾਰਨ ਤੁਸਾਡੇ ਪਾਸ ਭੇਜਿਆ ਹੈ, ਤੁਸੀਂ ਇਸ ਨੂੰ ਆਪਣੇ ਪਾਸ ਰੱਖਕੇ ਕੁਝ ਕੰਮ ਕਾਰ ਸਿਖਲਾਵੋ, ਜੋ ਇਹ ਫ਼ਕੀਰਾਂ ਵਾਲੀਆਂ ਗੱਲਾਂ ਛੱਡਕੇ ਸਾਡੇ ਲਾਇਕ ਦਾ ਹੋ ਜਾਵੇ। ਜਾਂ ਨਾਨਕ ਸੁਲਤਾਨਪੁਰ ਪੁੱਜਿਆ ਤਾਂ ਨਾਨਕੀ ਅਰ ਜੈਰਾਮ ਵੇਖਕੇ ਬਹੁਤ ਰਾਜੀ ਹੋਏ, ਸਗੋਂ ਥੋਹੜਿਆਂ ਦਿਨਾਂ ਬਾਦ ਤਿਸ ਨੂੰ ਸੰਮਤ ੧੫੪੦ ਮੱਘਰ ਸੁਦੀ ਚੌਦੇ ਦੇ ਦਿਨ ਨਵਾਬ ਦੌਲਤਖ਼ਾਂ ਲੋਦੀ ਦਾ ਮੋਦੀਖ਼ਾਨਾ ਲੈ ਦਿੱਤਾ, ਅਰ ਹਜਾਰ ਰੁਪੈਯਾ ਰੋਕ ਦੁਆ ਕੇ ਆਖਿਆ ਜੋ ਹੇ ਨਾਨਕ ਲੈ ਹੁਣ ਕੰਮ ਸਮ੍ਹਾਲ, ਕੁਝ ਨੁਖਸਾਨ ਨਾ ਕਰੀਂ, ਪਰਮੇਸੁਰ ਚਾਹੇ ਤਾਂ ਇਸ ਕੰਮ ਤੇ ਬਹੁਤ ਲਾਭ ਹੋਵੇਗਾ। ਨਾਨਕ ਉਸ ਭਾਈ ਬਾਲੇ ਨਾਮੇ ਕੱਮੇ ਨੂੰ ਸੰਗ ਲੈਕੇ, ਜੋ ਜਾਤ ਦਾ ਸੰਧੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਟ ਸਾ, ਮੋਦੀਖ਼ਾਨੇ ਦਾ ਕੰਮ ਕਰਨ ਲੱਗਾ, ਪਰ ਉਸ ਦੀ ਉਹ ਬਾਣ, ਜੋ ਸਾਧਾਂ ਸੰਤਾਂ ਨੂੰ ਅੰਨ ਪਾਣੀ ਦੇਣੇ ਅਰ ਕੱਪੜੇ ਪਨ੍ਹਾਉਣ ਦੀ ਕਦੀਮੀ ਸੀ, ਦਿਲ ਤੇ ਨਾਂ ਗਈ, ਇੱਸੇ ਤਰ੍ਹਾਂ ਜੋ ਕੋਈ ਦਿਨ ਮੋਦੀਖ਼ਾਨਾ ਕਰਦਾ ਅਰ ਪੂਰਾ ਲੇਖਾ ਦਿੰਦਾ ਰਿਹਾ, ਤਾਂ ਪੱਖੋਕੇ ਰੰਧਾਵੇ ਵਿਖੇ ਮੂਲੇ ਖਤ੍ਰੀ ਦੀ ਧੀ ਨਾਲ, ਜੋ ਗੋਤ ਦਾ ਚੋਣਾ ਸਾ, ਸੰਮਤ ੧੫੪੪ ਮੱਘਰ ਸੁਦੀ ਪੰਚਮੀ ਦੇ ਦਿਨ ਕੁੜਮਾਈ ਹੋਈ ਅਰ ਜਾਂ ਵਿਆਹ ਦੇ ਦਿਨ ਨੇੜੇ ਆਏ, ਤਾਂ ਬਾਬੇ ਨਾਨਕ ਜੀ ਦਾ ਪਿਉ ਕਾਲੂ ਸਭ ਭਾਈਚਾਰੇ ਸਮੇਤ ਤਲਵੰਡੀਓਂ ਤੁਰ ਕੇ ਸੁਲਤਾਨਪੁਰ ਆਇਆ ਅਰ ਉੱਥੋਂ ਹੀ ਜਨੇਤੀ ਚੜ੍ਹਕੇ, ਸੰਮਤ ੧੫੪੫ ਭਾਦੋਂ ਸੁਦੀ ਸੱਤੇਂ ਦੇ ਦਿਨ ਪੱਖੋਕੇ ਰੰਧਾਵੇ ਜਾਕੇ ਨਾਨਕ ਦਾ ਵਿਆਹ ਕੀਤਾ। ਵਿਆਹ ਕਰਾਕੇ ਨਾਨਕ ਜੀ ਕੋਈ ਦਿਨ ਤਲਵੰਡੀ ਜਾ ਰਹੇ ਅਰ ਫੇਰ ਜਾਂ ਕੁਝ ਦਿਨ ਬੀਤੇ, ਤਾਂ ਉਸੀ ਮੋਦੀਖ਼ਾਨੇ ਦੇ ਕੰਮ ਉੱਤੇ ਸੁਲਤਾਨਪੁਰ ਆਕੇ ਕੰਮ ਕਰਨ ਲੱਗੇ। ਨਾਨਕ ਜੀ ਸਦਾ ਪਰਮੇਸੁਰ ਦੇ ਭਜਨ ਵਿਚ ਮੱਤੇ ਰਹਿੰਦੇ ਅਰ ਸਾਧਾਂ ਸੰਤਾਂ ਦੀ ਸੇਵਾ ਕਰਿਆ ਕਰਦੇ ਸੇ, ਭਾਵੇਂ ਗਿਰਿਸਤ ਕਰਲਿਆ ਤਾਂਭੀ ਸੰਸਾਰ ਵੱਲੋਂ ਅਟੰਕ ਹੀ ਰਿਹਾ ਕਰਦੇ ਸਨ, ਪਰ ਭੈਣ ਦੀ ਤਗੀਦ ਕਰਨ ਤੋਂ ਗਿਰਹਸਤ ਵੱਲ ਭੀ ਧਿਆਨ ਕਰਨ ਲੱਗੇ। ਬੱਤੀਆਂ ਬਰਸਾਂ ਦੀ ਉਮਰੇ ਬਾਬੇ ਨਾਨਕ ਜੀ ਦੇ ਘਰ ਇੱਕ ਪੁਤ੍ਰ ਜੰਮਿਆਂ ਅਰ ਉਸਦਾ ਨਾਉਂ ਸਿਰੀ ਚੰਦ ਰੱਖਿਆ। ਜਾਂ ਸਿਰੀਚੰਦ ਸਾਵੇਕੁ ਚਹੁੰ ਬਰਸਾਂ ਦਾ ਹੋਇਆ, ਤਾਂ ਇਕ ਹੋਰ ਪੁੱਤ ਗਰਭ ਵਿਖੇ ਆਇਆ। ਇੱਕ ਦਿਨ ਦੀ ਗੱਲ ਹੈ, ਨਾਨਕ ਜੀ ਪਰਮੇਸੁਰ ਦੇ ਭਜਨ ਦੀ ਚੌਂਪ ਵਿੱਚ ਜੋ ਬਾਹਰ ਨਿਕਲੇ, ਤਾਂ ਤਿੰਨ ਦਿਨ ਘਰ ਨਾ ਆਏ, ਸ਼ਹਿਰ ਵਿੱਚ ਡੰਡ ਪਈ ਅਰ ਨਵਾਬ ਦੌਲਤਖ਼ਾਂ ਨੂੰ ਇਹ ਭਰਮ ਹੋਇਆ, ਜੋ ਨਾਨਕ ਮੇਰੇ ਮੋਦੀਖ਼ਾਨੇ ਦੇ ਰੁਪਯੇ ਮਾਰ ਕੇ ਕਿਤੇ ਜ਼ੁਲਿਆ ਗਿਆ ਹੈ। ਜਾਂ ਨਵਾਬ ਜੈਰਾਮ ਨੂੰ, ਜੋ ਨਾਨਕ ਜੀਦਾ ਬਣੋਈ ਸਾ, ਨਾਨਕ ਦੀ ਬਾਬਤ ਕੁਝ ਕਰੜੇ ਬਚਨ ਕਹਿ ਰਿਹਾ ਸਾ, ਤਾਂ ਨਾਨਕ ਨੇ ਤੀਜੇ ਦਿਨ ਆਕੇ ਸਭ ਹਿਸਾਬ ਪੂਰਾ ਕਰ ਦਿੱਤਾ, ਸਗੋਂ ਸੱਤ ਸੌ ਸੱਠ ਰੁਪਯੇ ਜੋ ਹਿਸਾਬ ਵਿੱਚ ਨਵਾਬ ਵੱਲ ਤਿਸ ਦੇ ਵਧੇ, ਸੋ ਸਾਧਾਂ ਸੰਤਾਂ ਨੂੰ ਵੰਡਨੇ ਆਖੇ। ਅਰ ਉਸੇ ਦਿਨ ਤੇ ਘਰਬਾਰ ਅਤੇ ਮੋਦੀਖ਼ਾਨਾ ਛੱਡਕੇ ਬਿਹਲੇ ਹੋ ਗਏ, ਨਵਾਬ ਅਰ ਹੋਰ ਲੋਕ ਬਥੇਰਾ ਸਮਝਾ ਚੁੱਕੇ, ਪਰ ਕਿਸੇ ਦਾ ਕਹਿਣਾ ਨਾ ਮੰਨਿਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸੇ ਦਿਨ ਤੇ ਬਾਹਰ ਜੰਗਲ ਵਿੱਚ ਰਹਿਣ ਲੱਗਾ, ਅਰ ਉੱਥੇ ਬੈਠਕੇ ਕੈਈ ਤਰ੍ਹਾਂ ਦੇ ਬਰਾਗ ਨਾਲ ਭਰੇ ਹੋਏ ਸਬਦ ਜੋ ਗ੍ਰੰਥ ਸਾਹਿਬ ਵਿੱਚ ਲਿਖੇ ਹੋਏ ਹਨ ਉੱਚਰੇ, ਅਰ ਫੇਰ ਤੀਸਰੇ ਮਹੀਨੇ ਉਹ ਬਾਲਕ ਜੋ ਗਰਭ ਵਿੱਚ ਸਾ ਪੈਦਾ ਹੋਇਆ ਅਰ ਉਸਦਾ ਨਾਉਂ ਲਖਮੀਦਾਸ ਰੱਖਿਆ। ਜਾਂ ਸਿਰੀਚੰਦ ਜੀ ਪੌਣਿਆਂ ਤ੍ਰੁਾਂ ਬਰਸਾਂ ਦੇ ਹੋਏ ਅਰ ਲਖਮੀਦਾਸ ਜੀ ਕੁੱਛੜ ਸੇ, ਨਾਨਕ ਜੀ ਭਜਨ ਦੀ ਨੰ ਵਿੱਚ ਘਰੋਂ ਬਾਹਿਰ ਨਿਕਲ ਖਲੋਤੇ। ਤਾਂ ਨਾਨਕ ਜੀ ਦੇ ਸਹੁਰੇ ਨੇ ਸਿਰੀ ਚੰਦ ਨੂੰ ਆਪਣੇ ਪਾਸ ਰਖਕੇ ਲਖਮੀਦਾਸ ਨੂੰ ਜੋ ਛੋਟਾ ਜਿਹਾ ਸਾ, ਉਸਦੀ ਮਾਂ ਸਮੇਤ ਜੈਰਾਮ ਦੇ ਘਰ, ਜੋ ਨਾਨਕਦਾ ਬਣੋਈ ਸਾ, ਸੁਲਤਾਨਪੁਰ ਵਿਖੇ ਛੱਡਿਆ। ਇਤਨੇ ਵਿੱਚ ਤਲਵੰਡੀ ਨਾਨਕ ਜੀ ਦੇ ਪਿਤਾ ਨੂੰ ਖ਼ਬਰ ਹੋਈ, ਜੋ ਨਾਨਕ ਜੀ ਵਿਰਕਤ ਹੋਏ ਹਨ, ਤਾਂ ਉਹ ਸੁਣਕੇ ਬਹੁਤ ਚਿੰਤਾਵਾਨ ਹੋਇਆ, ਮਰਦਾਨੇ ਡੂਮ ਨੂੰ ਜੋ ਘਰ ਦਾ ਮਿਰਾਸੀ ਸਾ, ਸੱਦਕੇ ਕਿਹਾ ਜਾਹ ਤਾਂ ਸੁਲਤਾਨਪੁਰੋਂ ਨਾਨਕ ਦੀ ਖ਼ਬਰ ਲਿਆ। ਜਾਂ ਮਰਦਾਨਾ ਨਾਨਕ ਪਾਸ ਆਇਆ, ਤਾਂ ਉਸਦਾ ਫਕੀਰਾਂ ਵਾਲਾ ਸੁਭਾ ਵੇਖ ਕੇ ਕਹਿਣ ਲੱਗਾ, ਨਾਨਕ ਜੀ ਇਹ ਕੀ ਘਰਬਾਰ ਛੱਡਕੇ ਹਾਲ ਬਣਾਇਆ ਹੈ? ਇਸ ਵਿੱਚ ਕੀ ਲਾਭ ਹੈ? ਨਾਨਕ ਨੇ ਉਸਨੂੰ ਕਿਹਾ ਉਹ ਘਰ ਝੂਠਾ, ਅਰ ਇਹ ਘਰ ਜੋ ਮੈਨੂੰ ਲੱਭਾ ਹੈ ਸੋ ਸੱਚਾ ਹੈ, ਸਗਵਾਂ ਆਉ ਤੈਨੂੰ ਮੈ ਬਹੁਤ ਚਿਰ ਤੇ ਉਡੀਕਦਾ ਸਾ, ਮੇਰੇ ਨਾਲ ਹੀ ਰਹੁ। ਮਰਦਾਨੇ ਨੇ ਪਹਿਲਾਂ ਤਾਂ ਪਾਸ ਰਹਿਣੇ ਤੇ ਨਾਂਹ ਕੀਤੀ, ਪਰ ਫੇਰ ਆਪੇ ਹੀ ਨੰਗ ਭੁੱਖ ਕਬੂਲ ਕਰਕੇ ਉਸਦੇ ਪਾਸ ਰਹਿਣ ਲੱਗਾ। ਨਾਨਕ ਨੇ ਉਸ ਭਾਈ ਬਾਲੇ ਨੂੰ, ਜੋ ਕਦੀਮੀਂ ਟਹਿ-ਲੂਆ ਸਾ ਬੁਲਾਕੇ ਤਲਵੰਡੀ ਨੂੰ ਭੇਜਿਆ, ਜੋ ਜਾਕੇ ਮਰਦਾਨੇ ਦੇ ਥਾਂ ਨਾਨਕ ਦੀ ਖਬਰ ਦੇ ਆਵੇ। ਹੁਣ ਮਰਦਾਨਾ ਅਰ ਨਾਨਕ ਦੋਵੇਂ ਕੱਠੇ ਰਹਿਣ ਲੱਗੇ। ਬਾਬਾ ਨਾਨਕ ਜੋ ਪਰਮੇਸੁਰ ਦੀ ਬੰਦਗੀ ਦੇ ਸਬਦ ਉਚਰਦਾ ਸਾ, ਉਨ੍ਹਾਂ ਸਬਦਾਂ ਨੂੰ ਮਰਦਾਨਾ ਰਾਗ ਵਿੱਚ ਪਾਕੇ ਰਬਾਬ ਨਾਲ ਬਜਾਉਂਦਾ ਅਰ ਗਾਉਂਦਾ ਰਹਿੰਦਾ ਸਾ। ਉਨ੍ਹਾਂ ਦੀ ਨਵੀਂ ਰੀਤ ਅਰ ਨਵੇਂ ਸੁਭਾਉ ਨੂੰ ਦੇਖਕੇ ਇਰਦੇ ਗਿਰਦੇ ਦੇ ਸਭ ਲੋਕ ਕੁਰਾਹੀ ਆਖਣ ਲੱਗ ਗਏ। ਮਰਦਾਨਾ, ਜੋ ਜਾਤ ਦਾ ਮਿਰਾਸੀ ਅਰ ਕਮਦਿਲਾ ਸਾ, ਜਦ ਆਪਣੇ ਤਾਈਂ ਕੁਰਾਹੀ ਸੁਣਕੇ ਉਦਾਸ ਹੁੰਦਾ ਸਾ, ਤਦ ਨਾਨਕ ਉਸ ਨੂੰ ਆਖਦਾ, ਹੇ ਮਰਦਾਨੇ! ਦੋ ਦਿਲਾ ਨਾ ਹੋ, ਲੋਕਾਂ ਦਾ ਇਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਭਾਉ ਹੈ, ਜੋ ਇਨ੍ਹਾਂ ਦੀ ਚਾਲ ਛੱਡ ਕੇ ਪਰਮੇਸੁਰ ਦੇ ਰਾਹ ਵੱਲ ਹੁੰਦਾ ਹੈ, ਏਹ ਉਸ ਨੂੰ ਸੁਦਾਈ ਅਰ ਕੁਰਾਹੀ ਆਖਣ ਲੱਗ ਜਾਇਆ ਕਰਦੇ ਹਨ, ਸੋ ਕੁਝ ਡਰ ਨਹੀਂ, ਕਿਉਂ ਜੋ ਅਸੀਂ ਇਨ੍ਹਾਂ ਦੀ ਕੁਝ ਪਰਵਾਹ ਨਹੀਂ ਰੱਖਦੇ, ਅਸੀਂ ਉਸ ਪਰਮੇਸੁਰ ਦੇ ਨਾਉਂ ਪੁਰ ਬਿਕੇ ਹੋਏ ਹਾਂ, ਜੋ ਸਭ ਦਾ ਮਾਲਕ ਹੈ। ਫੇਰ ਨਾਨਕ ਏਮਨਾਵਾਦ ਦੇ ਇਲਾਕੇ ਲਾਲੋ ਤਖਾਣਦੇ ਘਰ, ਜੋ ਵੱਡਾ ਉਤਮ ਪੁਰਖ ਸਾ,ਮਰਦਾਨੇ ਸਮੇਤ ਆ ਰਿਹਾ,ਜਾਂ ਉੱਥੇ ਕੋਈ ਦਿਨ ਠਹਿਰਨ ਦੀ ਸਲਾਹ ਹੋਈ, ਤਾਂ ਮਰਦਾਨਾ ਭੀ ਆਪਣਿਆਂ ਘਰਦਿਆਂ ਨੂੰ ਮਿਲਨ ਲਈ ਥੋਹੜਿਆਂ ਦਿਨਾਂ ਵਾਸਤੇ ਤਲਵੰਡੀ ਨੂੰ ਗਿਆ। ਅੱਗੇ ਬਾਲੇ ਦੀ ਗੱਲ ਸੁਣਕੇ, ਤਾਂ ਮਹਿਤਾ ਕਾਲੂ ਅਰ ਉਸ ਦਾ ਭਾਈ ਲਾਲੂ ਨਾਨਕ ਦੀ ਵੱਲੋਂ ਦੁਖੀ ਹੋ ਹੀ ਰਹੇ ਸੇ, ਉੱਪਰੋਂ ਜਾਂ ਮਰਦਾਨੇ ਨੇ ਨਾਨਕ ਦੀ ਖਬਰਸਾਰ ਦਿੱਤੀ, ਤਾਂ ਹੋਰ ਭੀ ਦੁਖੀ ਹੋਕੇ ਤਿਸ ਦੇ ਗਲ ਦਾ ਹਾਰ ਹੋਏ। ਮਰਦਾਨੇ ਨੇ ਬਥੇਰਾ ਕਾਲੂ ਨੂੰ ਸਮਝਾਇਆ, ਜੋ ਮਹਿਤਾ ਜੀ ਨਾਨਕ ਫ਼ਕੀਰ ਨਹੀਂ ਹੋਇਆ, ਸਗੋਂ ਸ਼ਾਹਾਂ ਦਾ ਸ਼ਾਹ ਅਤੇ ਪਾਦਸ਼ਾਹਾਂ ਦਾ ਪਾਦਸ਼ਾਹ ਬਣ ਗਿਆ ਹੈ, ਪਰ ਕਾਲੂ ਉਸਦੀਆਂ ਗੱਲਾਂ ਸੁਣਕੇ ਵੱਡੇ ਵੱਡੇ ਹਾਹੁਕੇ ਲੈਂਦਾ ਸਾ। ਇਤਨੇ ਵਿੱਚ ਰਾਇਬੁਲਾਰ ਨੇ ਇਹ ਗੱਲ ਸੁਣਕੇ, ਜੋ ਮਰਦਾਨਾਂ ਨਾਨਕ ਦੇ ਪਾਸੋਂ ਆਇਆ ਹੈ, ਇਸਨੂੰ ਆਪਣੇ ਕੋਲ ਸੱਦਕੇ ਨਾਨਕ ਦੀਆਂ ਖ਼ਬਰਾਂ ਪੁੱਛੀਆਂ। ਜਾਂ ਮਰਦਾਨੇ ਨੇ ਉਸਦੀ ਉੱਤਮਤਾਈ ਦੀਆਂ ਗੱਲਾਂ ਦੱਸੀਆਂ, ਤਾਂ ਰਾਇ ਨੇ ਮਿੰਨਤ ਨਾਲ ਆਖਿਆ, ਜੋ ਮੈਨੂੰ ਭੀ ਓਨ੍ਹਾਂ ਦਾ ਦਰਸ਼ਨ ਕਰਾਵੇਂ ਤਾਂ ਤੇਰਾ ਸਦਾ ਅਸਾਨੀ ਰਹਾਂਗਾ, ਮਰਦਾਨੇ ਨੇ ਕਿਹਾ, ਰਾਇ ਜੀ! ਮੇਰਾ ਜ਼ੋਰ ਤਾਂ ਕੁਝ ਨਹੀਂ, ਪਰ ਮੈਂ ਆਪਣੀ ਵੱਲੋਂ ਲਿਆਉਣੇ ਲਈ ਵੇਰ ਯਤਨ ਕਰਾਂਗਾ। ਇਤਨੇ ਵਿੱਚ ਮਰਦਾਨਾ ਆਪਣੇ ਤਕਰਾਰ ਮੂਜਬ ਪਿੱਛੇ ਨੂੰ ਮੁੜਨ ਲੱਗਾ, ਅਰ ਭਾਈ ਬਾਲੇ ਨੂੰ ਭੀ, ਜੋ ਇਸ ਤੇ ਪਹਿਲਾਂ ਹੀ ਆਇਆ ਹੋਇਆ ਸਾ, ਸੰਗ ਲੈਕੇ ਲਾਲੋ ਤਖਾਣਦੇ ਘਰ ਬਾਬੇ ਨਾਨਕ ਜੀ ਨੂੰ ਆ ਮਿਲਿਆ, ਅਰ ਤਲਵੰਡੀ ਦੀ ਸੁੱਖਸਾਂਦ ਦੀ ਖ਼ਬਰ ਦੱਸੀ। ਇੱਕ ਦਿਨ, ਜਾਂ ਨਾਨਕ ਨੂੰ ਇਕੰਤ ਬੈਠੇ ਦੇਖਿਆ, ਤਾਂ ਮਰਦਾਨੇ ਅਰ ਬਾਲੇ ਨੇ ਹੱਥ ਜੋੜਕੇ ਅਰਦਾਸ ਕੀਤੀ, ਜੋ ਹੇ ਗੁਰੂ ਜੀ! ਰਾਇਬੁਲਾਰ ਆਪਦੇ ਦਰਸ਼ਨ ਦੀ ਬਹੁਤ ਇੱਛਿਆ ਰਖਦਾ ਹੈ, ਜੇ ਅੱਜ ਤਲਵੰਡੀ ਨੂੰ ਚੱਲੋ, ਤਾਂ ਉਸਦਾ ਮਨੋਰਥ ਪੂਰਾ ਹੋ ਜਾਵੇ, ਨਾਨਕ ਨੇ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਅਰਜ਼ ਮਨਜ਼ੂਰ ਕਰਕੇ ਲਾਲੋ ਤੇ ਰੁਖ਼ਸਤ ਲਈ ਅਰ ਉੱਥੋਂ ਤੁਰਕੇ ਤਲ-ਵੰਡੀ ਪਹੁੰਚੇ, ਜਾਂ ਬਾਲੇ ਦੇ ਖੂਹੇ ਪੁਰ ਆਕੇ ਡੇਰਾ ਕੀਤਾ, ਤਾਂ ਨਾਨਕ ਦੇ ਘਰਦੇ ਸੁਣਕੇ ਆਏ ਅਰ ਦੇਖਦੇ ਹੀ ਉਸਦੇ ਇਸ ਬਾਣੇ ਨੂੰ ਕੜਕਕੇ ਕਹਿਣ ਲੱਗੇ, ਨਾਨਕਾ! ਇਹ ਕਿਆ ਹਾਲ ਬਣਾਇਆ ਹੈ, ਦੇਖ ਅਸੀਂ ਤੇਰੇ ਮਾਤਾ ਪਿਤਾ ਤੇ ਚਾਚਾ ਅਰ ਹੋਰ ਸਰਬੰਧੀ ਤੈਨੂੰ ਦੇਖ ਕੇ ਕਿਹੇ ਦੁਖੀ ਹੁੰਦੇ ਹਾਂ, ਤੈਨੂੰ ਕੁਝ ਤਰਸ ਨਹੀਂ ਆਉਂਦਾ? ਇਹ ਗੱਲ ਸੁਣਕੇ ਨਾਨਕ ਜੀ ਨੇ ਮਾਰੂ ਰਾਗ ਵਿੱਚ ਇਹ ਸ਼ਬਦ ਉਚਰਿਆ:—

[ਖਿਮਾ ਹਮਾਰੀ ਮਾਤਾ ਕਹੀਏ ਸੰਤੋਖ ਹਮਾਰਾ ਪਿਤਾ। ਸਤੁ ਹਮਾਰਾ ਚਾਚਾ ਕਹੀਏ ਜਿਨ ਸੰਗ ਮਨੂਆ ਜਿਤਾ ॥੧। ਸੁਣ ਲਾਲੂ ਗੁਣ ਐਸਾ। ਸਗਲੇ ਲੋਕ ਬੰਧਨ ਦੇ ਬਾਂਧੇ ਸੋ ਗੁਣ ਕਹੀਏ ਕੈਸਾ ॥ ਰਹਾਉ ॥ ਭਾਉ ਭਾਈ ਸੰਗ ਹਮਾਰੇ ਪ੍ਰੇਮ ਪੂਤ ਸੋ ਸਾਚਾ। ਧੀ ਹਮਾਰੇ ਧੀਰਜ ਬਣੀ ਐਸ ਸੰਗ ਹਮ ਰਾਚਾ॥੨॥ ਸਾਂਤਿ ਹਮਾਰੇ ਸੰਗ ਸਹੇਲੀ ਮੱਤ ਹਮਾਰੀ ਚੇਲੀ। ਇਹੋ ਕੁਟੰਬ ਹਮਾਰਾ ਕਹੀਏ ਸਾਸ ਸਾਸ ਸੰਗ ਖੇਲੀ ॥ ੩ ॥ ਏਕੰਕਾਰ ਹਮਾਰਾ ਖਾਵੰਦ ਜਿਨ ਹਮ ਬਣਤ ਬਣਾਏ। ਉਸ ਕੋ ਤਿਆਗ ਔਰ ਕੇ ਲਾਗੇ ਨਾਨਕ ਸੋ ਦੁਖ ਪਾਏ ॥ ੪॥]

ਇਹ ਸੁਣਕੇ ਓਹ ਸਭ ਮਿਲਕੇ ਤਿਸ ਨੂੰ ਰਾਇ ਪਾਸ ਲਿਆਏ, ਰਾਇ ਤਿਸ ਦੇ ਦਰਸਨ ਤੇ ਬਹੁਤ ਖੁਸ਼ ਹੋਇਆ। ਰਾਇ ਨੇ ਬਹੁਤ ਕਿਹਾ, ਕਿ ਹੇ ਨਾਨਕ ਇੱਥੇ ਰਹੋ ਮੈਂ ਤੈਂਨੂੰ ਕੁਝ ਜਮੀਨ ਧਰਮਣਥ ਦਿੰਦਾ ਹਾਂ, ਪਰ ਨਾਨਕ ਨੇ ਉੱਥੇ ਰਹਿਣਾ ਕਬੂਲ ਨਾ ਕੀੱਤਾ, ਘਰਦਿਆਂ ਨੇ ਭੀ ਬਹੁਤ ਕਿਹਾ, ਨਾਨਕ ਨੇ ਕਿਸੇ ਦੀ ਨਾ ਮੰਨਕੇ ਕੇਈ ਦਿਨਾਂ ਬਾਦ ਪਿੱਛੇ ਹਟਨੇ ਦੀ ਤਿਆਰੀ ਕੀਤੀ। ਨਾਨਕ ਦੇ ਚਾਚੇ ਲਾਲੂ ਨੇ ਕਿਹਾ ਜੇ ਤੈਂ ਮੁਲਖ ਦਾ ਸੈਲ ਕਰਨਾ ਹੈ, ਤਾਂ ਤੂੰ ਸਾਥੋਂ ਕੁਝ ਦੌਲਤ ਲੈਕੇ ਘੋੜਿਆਂ ਦੀ ਸੁਦਾਗਰੀ ਕਰਿਆ ਕਰ, ਪਰ ਇਓਂ ਫਿਰਨਾਂ ਤੇਰਾ ਸਾਨੂੰ ਨਹੀਂ ਭਾਉਂਦਾ। ਨਾਨਕ ਨੇ ਉਸ ਵੇਲੇ ਇਹ ਪੌੜੀ ਉਚਰਕੇ ਉੱਤਰ ਦਿੱਤਾ॥

ਸੁਣ ਸ਼ਾਸਤ੍ਰ ਸੌਦਾਗਰੀ ਸਤ ਘੋੜੇ ਲੈ ਚੱਲ। ਖਰਚ ਬੰਨ ਚੰਗਿਆਈ-ਆਂ ਮਤ ਮਨ ਜਾਣੇ ਕੱਲ। ਨਿਰੰਕਾਰ ਕੇ ਦੇਸ ਜਾਹ ਤਾਂ ਸੁਖ ਲਏ ਮਹੱਲ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓੜਕ ਨੂੰ ਜਾਂ ਨਾਨਕ ਜੀ ਤੁਰਨ ਲੱਗੇ, ਤਾਂ ਰਾਇ ਨੇ ਕਿਹਾ ਕੁਝ ਮੈਨੂੰ ਟਹਿਲ ਦੱਸੋ, ਮੁਖੋਂ ਤਾਂ ਕੁਝ ਨਾ ਕਿਹਾ, ਪਰ ਇਸ਼ਾਰੇ ਨਾਲ ਸਮਝਾਇਆ, ਜੋ ਇੱਥੇ ਇੱਕ ਟੋਭਾ ਪੁਟਾ ਦੇਵੋ, ਰਾਇ ਨੇ ਉਸੀ ਵੇਲੇ ਕਬੂਲ ਕੀਤਾ, ਅਰ ਨਾਨਕ ਜੀ ਭਾਈ ਬਾਲੇ ਅਤੇ ਮਰਦਾਨੇ ਸਮੇਤ ਫੇਰ ਉਸੀ ਲਾਲੋ ਤਖਾਣ ਦੇ ਘਰ ਆ ਰਹੇ, ਜਾਂ ਉੱਥੇ ਪੰਦਰਾਂ ਦਿਨ ਗੁਜ਼ਰੇ,ਤਾਂ ਬਾਬੇ ਜੀ ਨੇ ਮਰਦਾਨੇ ਅਰ ਬਾਲੇ ਨਾਲ ਸਲਾਹ ਕੀਤੀ, ਜੋ ਚਲੋ ਹੁਣ ਕਿਸੀ ਦੂਰ ਦੇਸ ਜਾਤ੍ਰਾ ਲਈ ਚੱਲੀਏ, ਓਹ ਦੋਨੋਂ ਨਾਲ ਤਿਆਰ ਹੋਏ। ਕਹਿੰਦੇ ਹਨ ਜੋ ਉੱਥੋਂ ਤੁਰਕੇ ਬੰਗਾਲੇ ਦੇਸ ਨੂੰ ਗਏ ਅਰ ਉਸ ਦੇਸ ਵਿਖੇ ਕੇਈਆਂ ਤੀਰਥਾਂ ਅਰ ਸ਼ਹਿਰਾਂ ਵਿਚਦੀਂ ਲੰਘੇ। ਇਨ੍ਹਾਂ ਓਪ-ਰਿਆਂ ਹੋਣ ਕਾਰਣ ਕੈਈ ਥਾਈਂ ਔਖ ਭੀ ਦੇਖੇ, ਹੋਰ ਮੁਲਖ ਅਰ ਪਹਾੜ ਭੀ ਜੋ ਇਸਦੇ ਇਰਦੇ ਗਿਰਦੇ ਸੇ ਬਹੁਤ ਦੇਖੇ,ਸਗੋਂ ਤਿਨ੍ਹਾਂ ਮੁਲਖਾਂ ਵਿੱਚ ਜੋ ਕੇਈਆਂ ਲੋਕਾਂ ਨਾਲ ਮੇਲਗੇਲ ਹੋਇਆ, ਤਾਂ ਕਿਸੇ ਕਿਸੇ ਜਗਾ ਕੁਝ ਸਬਦ ਭੀ ਜੋ ਗ੍ਰੰਥਸਾਹਬ ਵਿੱਚ ਲਿਖੇ ਹਨ ਉਚਰੇ,ਅਰ ਕਿਸੇ ਕਿਸੇ ਜਗਾ ਜੋ ਮਰਦਾਨੇ ਮਿਰਾਸੀ ਨੇ ਓਦਰ ਕੇ ਉਦਾਸੀ ਪਕੜੀ, ਤਾਂ ਨਾਨਕ ਨੇ ਬਹੁਤ ਨਸੀਹਤਾਂ ਅਰ ਅਜਮਤਾਂ ਵਿਖਲਾਕੇ ਤਿਸ ਨੂੰ ਤਸੱਲੀ ਬਖਸ਼ੀ। ਫੇਰ ਐਉਂ ਭੀ ਆਖਦੇ ਹਨ, ਕਿ ਬਾਬਾ ਨਾਨਕ ਉਨ੍ਹਾਂ ਦੋਹਾਂ ਸਮੇਤ ਮੱਕੇ ਅਰ ਮਦੀਨੇ ਭੀ ਗਏ ਸਨ,ਅਰ ਉਥੇ ਜੋ ਮੁਜਾਉਰਾਂ ਅਰ ਮੁਲਾਣਿਆਂ ਨਾਲ ਗੱਲਾਂ ਹੋਈਆਂ, ਸੋ ਜਨਮਸਾਖੀ ਦੀ ਪੋਥੀ ਵਿੱਚ ਲਿਖੀ-ਆਂ ਹੋਈਆਂ ਹਨ। ਇੱਕ ਦਿਨ ਮੱਕੇ ਤੇ ਹੀ ਇਰਾਦਾ ਕਰਕੇ ਨਾਨਕ ਜੀ ਆਪਣੀ ਭੈਣ ਨਾਨਕੀ ਦੇ ਮਿਲਨੇ ਲਈ ਸੁਲਤਾਨਪੁਰ ਨੂੰ ਤੁਰੇ, ਅਰ ਥੋਹੜੀ ਦੇਰ ਉੱਥੇ ਰਹਿਕੇ ਫੇਰ ਪਹਾੜਾਂ ਦੇ ਸੈਲ ਨੂੰ ਚੜ੍ਹ ਗਏ ਅਰ ਉੱਥੇ ਫਿਰਦੇ ਤੁਰਦੇ ਸਾਧਾਂ ਅਰ ਸੰਤਾਂ ਨੂੰ ਮਿਲੇ, ਅਤੇ ਬਾਵੇ ਗੋਰਖਨਾਥ ਜੋਗੀ ਨਾਲ ਭੀ ਗੋਸ਼ਟ ਹੋਈ ਜਿਸ ਨੇ ਕੰਨਪਾਟਿਆਂ ਜੋਗੀਆਂ ਦਾ ਪੰਥ ਤੋਰਿਆ ਹੈ, ਅਰ ਇਹ ਭੀ ਪ੍ਰਸਿੱਧ ਹੈ ਜੋ ਬਾਬਾ ਨਾਨਕ ਕੇਈਆਂ ਸਮੁੰਦਰਾਂ ਦਿਆਂ ਟਾਪੂਆਂ ਅਰ ਬੰਦਰਾਂ ਵਿਚ ਭੀ ਗਏ ਸਨ,ਇਨ੍ਹਾਂ ਨੂੰ ਦੇਸ ਬਿਦੇਸ ਫਿਰਕੇ ਨਾਮ ਦਾਨ ਦੀ ਬੜੀ ਇਛਿਆ ਰਹਿੰਦੀ ਸੀ, ਇੱਸੇ ਲਈ, ਜੋ ਮਰਦਾਨਾ ਮਿਰਾਸੀ ਸਦਾ ਸੰਗ ਹੀ ਰਹਿੰਦਾ ਸਾ, ਪਰਦੇਸ ਵਿੱਚ ਹੀ ਇੱਕ ਖੁਰਮੇ ਨਾਮੇ ਸ਼ਹਿਰ ਵਿੱਚ ਜੋ ਕਾਬਲ ਵੱਲ ਹੈ ਮੋਇਆ, ਭਾਵੇਂ ਉਹ ਜਾਤ ਦਾ ਮਿਰਾਸੀ ਅਰਥਾਤ ਮੁਸਲਮਾਨ ਸਾ, ਪਰ ਉਸਨੇ ਜੀਉਂਦੇ ਹੀ ਆਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ ਸਾ ਜੋ ਹੇ ਗੁਰੂ ਮੈਨੂੰ ਮੁਸਲਮਾਨਾਂ ਦੀ ਰੀਤ ਮੂਜਬ ਦੱਬਨਾ ਨਹੀਂ ਸਗੋਂ ਹਿੰਦੂਆਂ ਵਾਂਙੂ ਫੂਕ ਦੇਣਾ। ਨਾਨਕ ਜੀ ਨੂੰ ਚਾਹੇ ਹਿੰਦੂਆਂ ਮੁਸਲਮਾਨਾਂ ਦੀ ਰੀਤ ਦੀ ਆਪਣੇ ਦਿਲ ਵਿੱਚ ਅਟਕਤਾ ਕੋਈ ਨਾ ਸੀ, ਪਰ ਮਰਦਾਨੇ ਦੇ ਕਹੇ ਮੂਜਬ ਓਨ੍ਹਾਂ ਤਿਸ ਦਾ ਫੂਕਣਾ ਹੀ ਚੰਗਾ ਜਾਣਿਆ। ਫੇਰ ਬਾਬਾ ਨਾਨਕ ਬਾਲੇ ਸਮੇਤ ਸੇਤਬੰਦ ਰਾਮੇਸੁਰ ਨੂੰ ਗਏ ਅਰ ਉੱਥੇ ਗੋਰਖਨਾਥ ਜੋਗੀ ਨਾਲ ਫੇਰ ਮੇਲਾ ਹੋਇਆ, ਜਾਂ ਉੱਥੇ ਤੇ ਪਿੱਛੇ ਨੂੰ ਮੁੜੇ, ਤਾਂ ਅੱਚਲ ਵਿਖੇ ਜੋ ਵਟਾਲੇ ਸ਼ਹਿਰ ਦੇ ਕੋਲ ਹੈ ਆਏ। ਅਰ ਉੱਥੇ ਇੱਕ ਮੇਲਾ ਦੇਖਕੇ ਫੇਰ ਤਲਵੰਡੀ ਨੂੰ ਜੋ ਉੱਥੋਂ ਨੇੜੇ ਹੀ ਹੈ, ਆਏ ਅਰ ਆ ਕੇ ਸੁਣਿਆਂ ਜੋ ਪਿਤਾ ਕਾਲੂ ਅਰ ਰਾਇ-ਬੁਲਾਰ ਤਾਂ ਕਾਲਵਸ ਹੋ ਗਏ ਅਰ ਚਾਚਾ ਲਾਲੂ ਜੀਉਂਦਾ ਹੈ। ਨਾਨਕ ਜੀ ਨੇ ਉੱਥੇ ਆਕੇ ਕਿਸੇ ਨੂੰ ਮਿਲਨਾ ਚੰਗਾ ਨਾ ਜਾਣਿਆਂ, ਨਿਰਾ ਸਜਾਦੇ ਨਾਮੇ ਮਰ-ਦਾਨੇ ਮਿਰਾਸੀ ਦੇ ਪੁਤ੍ਰ ਨੂੰ ਨਾਲ ਲੈਕੇ ਮੁਲਤਾਨ ਵੱਲੀਂ ਚਲੇ ਗਏ। ਜਾਂ ਤਲੰਬੇ ਦੇ ਪਾਸ ਆਏ ਤਾਂ ਸਜਾਦੇ ਮਿਰਾਸੀ ਨੂੰ ਜੋ ਨਗਰ ਵਿੱਚ ਸੈਲ ਕਰਨ ਗਿਆ ਸਾ, ਇਕ ਠੱਗ ਨੇ ਜੋ, ਵੱਡੇ ਉੱਤਮ ਸਾਧ ਦਾ ਸਾਂਗ ਬਣਿਆ ਬੈਠਾ ਸਾ, ਤਿਸਨੂੰ ਰੋਟੀ ਖੁਲਾਉਣੇ ਦੇ ਪੱਜ ਘਰ ਲਜਾਕੇ ਕੈਦ ਕਰ ਲਿਆ। ਅਰ ਆਖਿਆ ਜੋ ਕੁਝ ਤੇਰੇ ਪਾਸ ਹੈ, ਸੋ ਕੱਢ ਦੇਹ, ਨਹੀਂ ਤਾਂ ਜਾਨੋਂ ਮਾਰਿਆ ਜਾਵੇਂਗਾ। ਨਾਨਕ ਨੇ ਤਿਸਦੀ ਖ਼ਬਰ ਪਾਕੇ ਭਾਈ ਬਾਲੇ ਨੂੰ ਤਿਸ ਫਰੇਬੀ ਦੇ ਅੰਦਰ ਭੇਜਕੇ ਸਜਾਦੇ ਨੂੰ ਛੁਡਾਇਆ ਅਰ ਉਸ ਫਰੇਬੀ ਸਾਧ ਦੇ ਪਾਸ ਜਾਕੇ ਤਿਸਨੂੰ ਬਹੁਤ ਸ਼ਰਮਿੰਦਾ ਕੀਤਾ ਅਰ ਕਿਹਾ ਕਿ ਹੇ ਭਾਈ ਸਾਧਾ ਤੈਂ ਇਹ ਕੀ ਕੰਮ ਫੜਿਆ ਹੈ,ਭਾਵੇਂ ਲੋਕ ਤਾਂ ਤੇਰਾ ਉੱਪਰਲਾ ਭੇਸ ਦੇਖਕੇ ਤੈਨੂੰ ਸਾਧੂ ਲੋਕ ਜਾਣਦੇ ਹਨ, ਪਰ ਉਸ ਪਰਮੇਸੁਰ ਤੇ, ਜੋ ਸਭ ਦੇ ਅੰਦਰ ਦੀ ਜਾਣਦਾ ਹੈ, ਕਿੱਕੁਰ ਛਿਪਿਆ ਰਹੇਂਗਾ। ਇਸ ਤਰ੍ਹਾਂ ਜਦ ਬਹੁਤ ਨਸੀਹਤਾਂ ਕਰਕੇ ਉਸ ਨੂੰ ਸ਼ਰਮਿੰਦਾ ਕੀਤਾ, ਤਦ ਉਸ ਠੱਗ ਨੇ ਨਾਨਕ ਜੀ ਦੇ ਪੈਰਾਂ ਪੁਰ ਡਿੱਗਕੇ ਅਰਜ ਕੀਤੀ, ਹੇ ਸੱਚੇ ਗੁਰੂ ਮੈਂ ਬਹੁਤ ਪਾਪੀ ਅਰ ਖੋਟਾ ਆਦਮੀ ਹਾਂ, ਪਰ ਹੁਣ ਮੇਰੀ ਤੋਬਾ ਮੈਂ ਫੇਰ ਅਜਿਹੇ ਕੰਮ ਨਾ ਕਰਾਂਗਾ, ਨਾਨਕ ਨੇ ਇਹ ਸੁਣਕੇ ਤਿਸਦੇ ਸਿਰਪੁਰ ਹੱਥ ਰੱਖਿਆ ਅਰ ਐਉਂ ਕਹਿਕੇ ਕਿ ਪਰਮੇਸੁਰ ਤੇਰਿਆਂ ਪਾਪਾਂ ਨੂੰ ਬਖ਼ਸ਼ੇ,ਅੱਗੇ ਨੂੰ ਤੁਰੇ। ਜਾਂ ਫਿਰਦੇ ਫਿਰਦੇ ਫੇਰ ਉਸੀ ਖੁਰਮੇ ਸ਼ਹਿਰ ਵਿੱਚ ਆਏ,ਤਾਂ ਸਜਾਦਾ ਆਪਣੇ ਪਿਉ ਦੀ ਸਮਾਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਠਹਿਰ ਗਿਆ ਅਤੇ ਗੁਰੂ ਜੀ ਬਾਲੇ ਸਣੇ ਕੰਧਾਰ ਨੂੰ ਗਏ, ਰਸਤੇ ਵਿੱਚ ਇੱਕ ਥਾਂ ਉਨ੍ਹਾਂ ਪੰਜਾ ਲਾਇਆ ਅਰ ਉਸ ਥਾਂ ਦਾ ਨਾਮ ਪੰਜਾਸਾਹਬ ਪੈ ਗਿਆ। ਆਖਦੇ ਹਨ ਕਿ ਉੱਥੇ ਓਨ੍ਹਾਂ ਹੱਥ ਨਾਲ ਪਰਬਤ ਰੋਕ ਦਿੱਤਾ ਸਾ। ਫੇਰ ਕਾਬਲ ਵਿੱਚ ਪਹੁੰਚਕੇ ਉੱਥੇ ਕੇਈਆਂ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਪਰਮੇਸੁਰ ਦੇ ਨਾਮ ਦਾ ਉਪਦੇਸ਼ਕੀੱਤਾ ਅਰ ਫੇਰ ਬਾਲਗੁੰਦਾਈ ਜੋਗੀ ਨਾਲ ਇੱਕ ਪਹਾੜ ਪੁਰ ਜੋ ਤਿਸ ਜੋਗੀ ਦੇ ਨਾਮ ਤੇ ਹੀ ਅਰਥਾਤ ਬਾਲਗੁੰਦਾਈ ਦਾ ਟਿੱਲਾ ਕਰਕੇ ਮਸ਼ਾਹੂਰ ਹੈ ਗੋਸ਼ਟ ਹੋਈ। ਫੇਰ ਉੱਥੋਂ ਤੁਰਕੇ ਲਾਲੋ ਤਖਾਣ ਦੇ ਘਰ ਆਏ, ਉੱਥੋਂ ਕੁਲ-ਛੇਤ੍ਰ ਨੂੰ ਸੂਰਜਗ੍ਰਹਣ ਦੇ ਮੇਲੇ ਪੁਰ ਚਲੇ ਗਏ। ਉੱਥੇ ਜੋ ਬਹੁਤ ਭੇਖਾਂ ਦੇ ਫ਼ਕੀਰ ਕੱਠੇ ਹੋ ਰਹੇ ਸੇ, ਓਹ ਬਾਬੇਜੀ ਦਾ ਨਵਾਂ ਭੇਖ ਦੇਖਕੇ ਤਿਸ ਨਾਲ ਗਰੰਜ ਰਹਿੰਦੇ ਸੇ, ਅਰ ਹੋਰ ਲੋਕ ਜੋ ਗਿਰਿਸਤੀ ਭੀ ਓਸ ਮੇਲੇ ਵਿੱਚ ਗਏ ਸੇ ਨਾਨਕ ਨੂੰ ਕੁਰਾਹੀ ਜਾਣਕੇ ਓਸਤੋਂ ਤੰਗ ਰਹਿੰਦੇ ਸੇ, ਸਗੋਂ ਇੱਕ ਖੱਤ੍ਰੀ ਜੋ ਮੁਣਸ਼ੀ ਸਾ, ਉਸਨੇ ਸਿਕੰਦਰਖਾਂ ਲੋਦੀਦੇ ਬੇਟੇ ਬਹਿਰਾਮਖ਼ਾਂ ਲੋਦੀ ਪਾਦਸ਼ਾਹ ਦੇ ਪਾਸ ਜਾਕੇ ਚੁਗ਼ਲੀ ਖੱਧੀ, ਜੋ ਇੱਕ ਨਾਨਕ ਨਾਮੇ ਫ਼ਕੀਰ ਮੇਲੇ ਵਿੱਚ ਆਇਆ ਹੈ, ਉਹ ਵੇਦ ਕੁਰਾਨ ਦੋਹਾਂ ਨੂੰ ਨਹੀਂ ਮੰਨਦਾ, ਜੇ ਆਪ ਉਸ ਨੂੰ ਪੁੱਛੋ ਜੋ ਤੇਰਾ ਕੀ ਦੀਨ ਹੈ, ਤਾਂ ਬਹੁਤ ਚੰਗੀ ਬਾਤ ਹੋਵੇਗੀ। ਬਹਿਰਾਮਖ਼ਾਂ ਨੇ ਬਾਬੇ ਨਾਨਕ ਨੂੰ ਬੁਲਾਕੇ ਪੁੱਛਿਆ,ਤਾਂ ਨਾਨਕ ਦਿਆਂ ਉੱਤਰਾਂ ਤੇ ਦਿਲ ਵਿੱਚ ਗੁੱਸਾ ਖੱਧਾ, ਅਰ ਆਪਣੇ ਕੈਦ ਖ਼ਾਨੇ ਵਿੱਚ ਕੈਦ ਕਰਕੇ ਤੇ ਨਾਨਕ ਅਰ ਬਾਲੇ ਜੀ ਤੇ ਚੱਕੀ ਪਿਹਾਉਣ ਲੱਗਾ। ਜਾਂ ਸੱਤ ਮਹੀਨੇ ਬੀਤੇ, ਤਾਂ ਪਾਣੀਪਤ ਸ਼ਹਿਰ ਵਿੱਚ ਜੁੱਧ ਕਰਕੇ ਬਹਿ-ਰਾਮਖ਼ਾਂ ਲੋਦੀ ਨੂੰ ਬਾਬਰ ਚੁਗੱਤੇ ਨੇ ਮਾਰ ਲਿਆ, ਅਰ ਸਾਰੇ ਦੇਸ਼ ਵਿੱਚ ਬਾਬਰ ਦੀ ਦੁਹਾਈ ਫਿਰੀ। ਸੱਤਵੇਂ ਦਿਨ ਬਾਬਰ ਨੇ ਬਾਬੇ ਨਾਨਕ ਨੂੰ ਬੇਕਸੂਰਾ ਕੈਦੀ ਸੁਣਕੇ ਛਡ ਦਿੱਤਾ ਅਰ ਕਿਹਾ ਜਾਓ ਬਾਬਾ ਜੀ ! ਜਿੱਥੇ ਜੀ ਚਾਹੇ ਫਿਰੋ। ਨਾਨਕ ਬਾਲੇ ਸਮੇਤ ਆਪਣਿਆਂ ਸਹੁਰਿਆਂ ਦੇ ਪਿੰਡ ਪੱਖੋ ਕੇ ਰੰਧਾਵੇ ਆਇਆ, ਅਰ ਉੱਥੇ ਆਕੇ ਜਿੱਤੇ ਰੰਧਾਵੇ ਨੂੰ ਜੋ ਜ਼ਾਤ ਦਾ ਜੱਟ ਸਾ, ਪਰਮੇਸੁਰ ਦਾ ਨਾਮ ਬਖ਼ਸ਼ਕੇ ਤਾਰ ਦਿੱਤਾ। ਨਾਨਕ ਦੇ ਉੱਥੇ ਰਹਿੰਦਿਆਂ ਕੇਈਆਂ ਲੋਕਾਂ ਨੂੰ ਪਰਮੇਸੁਰ ਦਾ ਨਾਮ ਪਰਾਪਤ ਹੋਇਆ। ਇੱਕ ਦਿਨ ਬੂੜੇ ਰੰਧਾਵੇ ਨਾਮੇ ਇੱਕ ਜੱਟ ਨੂੰ ਬਾਬੇ ਨਾਨਕ ਨੇ ਪਰਮੇਸੁਰ ਦਾ ਨਾਮ ਉਪਦੇਸ਼ ਕਰਕੇ ਨਿਹਾਲ ਕੀਤਾ। ਅਰ ਮਾਲੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਖਾਣ ਮੁਸਲਮਾਨ ਨੂੰ ਭੀ ਨਾਨਕ ਤੇ ਹੀ ਭਜਨ ਪਰਾਪਤ ਹੋਇਆ, ਅਰ ਓਸਦੇ ਮਿਤ੍ਰ ਉਬਾਰੇਖਾਂ ਪਠਾਣ ਨੂੰ ਭੀ ਨਾਨਕ ਜੀ ਨੇ ਭਜਨ ਵੱਲ ਜੋੜਿਆ, ਇਸੀ ਤਰ੍ਹਾਂ ਕੈਈਆਂ ਲੋਕਾਂ ਨੂੰ ਨਾਨਕ ਜੀ ਦੀ ਦਯਾ ਤੇ ਪਰਮੇਸੁਰ ਦਾ ਨਾਮ ਪਰਾਪਤ ਹੋਇਆ। ਫੇਰ ਬਾਬਾ ਨਾਨਕ ਬਾਲੇ ਨੂੰ ਸੰਗ ਲੈਕੇ ਸਿੰਧ ਦੇ ਦੇਸ ਨੂੰ ਗਿਆ, ਅਰ ਉੱਥੇ ਬਹੁਤਿਆਂ ਲੋਕਾਂ ਨਾਲ ਗੋਸ਼ਟ ਹੋਈ ਅਰ ਕੁਝ ੨ ਸ਼ਬਦ ਭੀ ਉਚਰੇ, ਅਰ ਜਾਂ ਉੱਧਰ ਤੇ ਹਟੇ, ਤਾਂ ਪਾਕਪਟਣ ਦੀ ਵੱਲ ਜੋ ਸ਼ੇਖ ਫ਼ਰੀਦ ਫ਼ਕੀਰ ਦਾ ਹੈ ਆਏ, ਉੱਥੇ ਸ਼ੇਖ ਫ਼ਰੀਦ ਦੇ ਘਰਾਣੇ ਵਿੱਚੋਂ ਇੱਕ ਬਹਿਰਾਮ ਨਾਮੇ ਸ਼ਖ਼ਸ ਨਾਲ ਜੋ ਉੱਤਮ ਸਾਧ ਸਾ ਗੋਸ਼ਟ ਹੋਈ, ਆਸਾਦੀ ਵਾਰ ਭੀ ਜੋ ਸਿੱਖਾਂ ਵਿੱਚ ਇੱਕ ਉੱਤਮ ਬਾਣੀ ਹੈ,ਉਸ ਦੇ ਕਹੇ ਤੇ ਹੀ ਨਾਨਕਜੀਨੇ ਉਚਰੀਹੈ। ਫੇਰ ਬਾਬਾ ਨਾਨਕ ਪੱਖੋ ਕੇ ਰੰਧਾਵੇ ਆ ਰਹੇ ਅਰ ਭਾਈ ਬਾਲਾ ਜੋ ਕਦੀਮ ਤੇ ਸੰਗ ਰਹਿੰਦਾ ਸਾ, ਆਗਜ਼ਾ ਲੈਕੇ ਤਲਵੰਡੀ ਨੂੰ ਚਲਿਆ ਗਿਆ। ਇਹ ਬਾਲਾ ਭੀ ਨਾਨਕਜੀ ਦੀ ਕਿਰਪਾ ਕਰਕੇ ਇੱਕ ਉੱਤਮ ਸੰਤ ਹੋ ਰਿਹਾ ਸਾ। ਉੱਥੇ ਰਹਿੰਦਿਆਂ ੨ ਗੁਰੂ ਜੀ ਨੈ ਕੈਈਆਂ ਲੋਕਾਂ ਦੀ ਕਲਿਆਣ ਕੀੱਤੀ, ਗੁਰੂ ਅੰਗਦ ਜੀ ਨੂੰ ਭੀ, ਜੋ ਦੂਜੀ ਪਾਦਸ਼ਾਹੀ ਸਦਾਉਂਦਾ ਹੈ, ਉੱਥੇ ਹੀ ਗੁਰਿਆਈ ਬਖ਼ਸ਼ਕੇ ਸੈਲ ਕਰਦੇ ਕਰਦੇ ਕਰਤਾਪੁਰ ਨਾਮੇ ਸਥਾਨ ਵਿਖੇ, ਜੋ ਹੁਣ ਬਾਬੇ ਨਾਨਕ ਦਾ ਦੇਹਰਾ ਸਦਾਉਂਦਾ ਹੈ, ਸੰਮਤ ੧੫੯੬ ਅਰ ਸਨ ੧੫੩੯ ਵਿੱਚ ਇਸ ਦੁਨੀਆਂ ਨੂੰ ਛੱਡ ਗਏ॥ ਆਖਦੇ ਹਨ ਜੋ ਓਸ ਦੇ ਸਮਾਉਣ ਤੇ ਬਾਦ ਹਿੰਦੂਆਂ ਨੇ ਕਿਹਾ ਇਹ ਸਾਡਾ ਗੁਰੂ ਸਾ, ਅਸੀਂ ਇਸ ਦੀ ਦੇਹ ਨੂੰ ਫੂਕਣਾ ਹੈ, ਅਰ ਮੁਸਲਮਾਨਾਂ ਆਪਣਾ ਪੀਰ ਕਹਿਕੇ ਓਸਨੂੰ ਦੱਬਣਾ ਚਾਹਿਆ, ਜਾਂ ਇਸੀਤਰ੍ਹਾਂ ਬਹੁਤ ਝਗੜਾ ਹੋਣ ਲੱਗਾ, ਤਾਂ ਉਸ ਕੱਪੜੇ ਵਿੱਚੋਂ, ਜੋ ਤਿਸ ਦੀ ਲੋਥ ਪੁਰ ਦਿੱਤਾ ਹੋਇਆਸਾ, ਬਾਬੇ ਜੀ ਦਾ ਦੇਹ ਹੱਥ ਨਾ ਆਇਆ। ਇਸੀ ਸਬੱਬ ਕਿਤੇ ਦੁਨੀਆਂ ਪੁਰ ਤਿਨ੍ਹਾਂ ਦੀ ਸਮਾਧ ਨਹੀਂ ਹੈ। ਸਭਨੀ ਥਾਂਈਂ ਜਿੱਥੇ ਉਸਦੇ ਪੁਜਾਰੇ ਬੈਠੇ ਹਨ, ਓਸਦਿਆਂ ਖੜਾਵਾਂ ਜਾਂ ਕਿਸੀ ਕੱਪੜੇ ਯਾ ਝੰਡੇ ਦੀ ਪੂਜਾ ਹੁੰਦੀ ਹੈ॥

ਇਹ ਬਾਬਾ ਨਾਨਕ ਪਰਮੇਸੁਰ ਦਾ ਭਗਤ ਅਤੇ ਪੂਰਾ ਸੰਤ ਸਾ, ਇਸਨੂੰ ਬਿਨਾਂ ਪਰਮੇਸ਼ਰ ਦੇ ਅਰਾਧਨ ਤੇ ਕਿਸੇ ਹੋਰ ਦਾ ਮੰਨਨਾ ਨਹੀਂ ਭਾਉਂਦਾ ਸੀ, ਇਸਨੈ ਆਪਣੀ ਬਾਲਕਪਣੇ ਦੀ ਅਵਸਤਾ ਤੇ ਹੀ ਸੁਮਾਰਗ ਪਰ ਚਲਣਾ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਾਂ ਨੂੰ ਚਲਾਉਣ ਦਾ ਵਰਤਾਰਾ ਰੱਖਿਆ ਸਾ, ਇਨ੍ਹਾਂ ਦੇ ਉਹ ਉਪਦੇਸ਼ ਜੋ ਵੱਡੇ ਸ਼ਾਂਤਿ ਦੇਣੇ ਵਾਲੇ ਹਨ ਗੁਰੂ ਗ੍ਰੰਥਸਾਹਿਬ ਵਿੱਚ ਲਿਖੇ ਹੋਏ ਹਨ। ਜਿਨਾਂ ਦੇ ਪੜ੍ਹਨੇ ਨਾਲ ਆਦਮੀ ਪਾਪਾਂ ਤੇ ਛੁਟ ਜਾਂਦਾ ਹੈ। ਸਭ ਤੇ ਵੱਡੀ ਗੱਲ ਇਨ੍ਹਾਂ ਦੇ ਜੀਵਨ ਦੀ ਇਹ ਹੈ, ਜੋ ਇਸ ਨੈ ਦੁਨੀਆਂ ਦੇ ਬਹੁਤ ਸਾਰੇ ਦੇਸਾਂ ਦਾ ਸੈਰ ਕੀਤਾ ਸਾ, ਜਦ ਕੋਈ ਸਾਮਾਨ ਆਦਮੀ ਨੂੰ ਸਫਰ ਦਾ ਨਹੀਂ ਮਿਲਦਾ ਸਾ, ਕਾਬਲ, ਕੰਧਾਰ, ਗਜਨੀ, ਚੀਨ, ਜਾਪਾਨ, ਬ੍ਰਹਮਾਂ, ਬੰਗਾਲ, ਦੱਖਨ ਅਤੇ ਲੰਕਾ ਅਰ ਅਰਬਆਦਿਕ ਦੇਸਾਂ ਵਿੱਚ ਜਾਕੇ ਕਰਤਾਰ ਜਪਣ ਦਾ ਲੋਕਾਂ ਨੂੰ ਉਪਦੇਸ਼ ਕੀਤਾ ਸਾ,ਇਸੇ ਵਾਸਤੇ ਇਸਦੇ ਕਈ ਜਗਾ ਦੇਸ ਪ੍ਰਦੇਸਾਂ ਵਿੱਚ ਮੰਦਰ ਬਨੇਹੋਏ ਹਨ॥

ਇਸਨੈ ਹਿੰਦੂ ਮੁਸਲਮਾਨ ਅਤੇ ਚਾਰੇ ਬਰਨਾਂ ਨੂੰ ਪਰਮੇਸਰ ਦਾ ਰਸਤਾ ਇੱਕੋ ਜੇਹਾ ਦੱਸਿਆ ਸਾ, ਏਸ ਗੁਣ ਹੋਣੇ ਕਰਕੇ ਇਸ ਨੂੰ ਸਾਰੇ ਲੋਕ ਇੱਜ਼ਤ ਨਾਲ ਬੁਲਾਉਂਦੇ ਹਨ ॥

ਦੋਹਰਾ— ਉੱਤਮ ਜਨ ਸੰਸਾਰ ਵਿੱਚ ਕਰਕੇ ਪਰਉਪਕਾਰ।
ਤੁਰ ਜਾਂਦੇ ਪਰਲੋਕ ਨੂੰ ਯਸ ਲੈਕੇ ਸੰਸਾਰ ॥

———

ਗੁਰੂ ਅੰਗਦ ਸਾਹਿਬ ਜੀ ਦਾ ਬ੍ਰਿਤੱਤ

ਇਸ ਦਾ ਹਾਲ ਐਉਂ ਆਖਦੇ ਹਨ,ਜੋ ਇੱਕ ਦਿਨ ਲਹਿਣਾ ਨਾਮੇ ਖੱਤ੍ਰੀ ਤੇਹੁਣ ਆਪਣੇ ਪਿੰਡੋਂ, ਜੋ ਜੰਗਲ ਦੇ ਪਿੰਡਾਂ ਵਿੱਚੋਂ ਹੈ, ਆਪਣਿਆਂ ਘਰਦਿਆਂ ਸਮੇਤ ਕੋਟ ਕਾਂਗੜੇ ਦੀ ਦੇਵੀ ਦਾ ਦਰਸਣ ਕਰਨ ਨਿੱਕਲਿਆ। ਜਾਂ ਉੱਥੇ ਪਹੁੰਚਿਆ ਜਿੱਥੇ ਬਾਬਾ ਨਾਨਕ ਰਹਿੰਦਾ ਸਾ, ਤਾਂ ਦਿਲ ਵਿੱਚ ਆਈ, ਇੱਥੇ ਜੋ ਇੱਕ ਨਾਨਕਨਿਰੰਕਾਰੀ ਵੱਡਾ ਉੱਤਮ ਪੁਰਖ ਸੁਣੀਂਦਾ ਹੈ, ਉਸਦਾ ਭੀ ਦਰਸ਼ਨ ਕਰ ਚੱਲਿਯੇ, ਜੋ ਉਹ ਕਿਹਾ ਅਰ ਕਿਸ ਮਤੇ ਦਾ ਸੰਤ ਹੈ। ਇਹ ਸੋਚਕੇ ਨਾਨਕ ਜੀ ਨੂੰ ਟੋਲਕੇ ਤਿਸਦੇ ਕੋਲ ਆਇਆ, ਅਰ ਆਕੇ ਦਰਸਣ ਪਾਇਆ, ਜਦ ਉਹ ਮੱਥਾ ਟੇਕ ਚੁੱਕਿਆ ਤਦ ਨਾਨਕਜੀ ਨੇ ਪੁੱਛਿਆ,ਭਾਈ ਸਿੱਖਾ ਤੂੰ ਕੌਣ ਅਰ ਕਿੱਥੇ ਤੇ ਆਇਆ ਹੈਂ। ਅਰ ਇਹ ਭੀ ਦੱਸ ਜੋ ਤੇਰਾ ਨਾਉਂ ਕੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਕਿੱਧਰ ਨੂੰ ਜਾਂਦਾ ਹੈਂ ? ਉਸ ਨੇ ਕਿਹਾ ਹੇ ਸੰਤ ਜੀ ! ਮੈਂ ਜਾਤ ਦਾ ਤੇਹੁਣ ਖੱਤ੍ਰੀ ਹਾਂ, ਅਰ ਨਾਮ ਮੇਰਾ ਲਹਿਣਾ ਹੈ, ਅਰ ਇੱਥੇ ਨਿਰਾ ਤੁਸਾਡੇ ਹੀ ਦਰਸਣ ਨੂੰ ਆਇਆ ਹਾਂ ਅਰ ਸਰਬੰਧੀਆਂ ਸਮੇਤ ਕਾਂਗੜੇ ਨੂੰ ਜਾਂਦਾ ਹਾਂ। ਇਹ ਗੱਲ ਸੁਣਕੇ ਜਾਂ ਨਾਨਕ ਜੀ ਨੇ ਕਿਹਾ, ਕਿ ਅੱਛਾ ਭਾਈ ਜਾਹ ਦੇਵੀ ਦਾ ਦਰਸਣ ਕਰ। ਤਾਂ ਉਸਨੇ ਕਿਹਾ ਹੇ ਗੁਰੂ ਹੁਣ ਤਾਂ ਮੇਰਾ ਦਿਲ ਅੱਗੇ ਜਾਣੇ ਨੂੰ ਨਹੀਂ ਚਾਹੁੰਦਾ, ਕਿਉਂ ਜੋ ਤੇਰਾ ਦਰਸਣ ਕਰਕੇ ਮੇਰਾ ਮਨ ਸਾਂਤ ਜਿਹਾ ਹੋ ਗਿਆ ਹੈ। ਹੁਣ ਕਿਸੇ ਦੇਵੀ ਦੇਵਤੇ ਦੀ ਮੈਨੂੰ ਪਰਵਾਹ ਨਹੀਂ ਰਹੀ। ਹੁਣ ਤਾਂ ਮੇਰੀ ਇਹ ਮਰਜੀ ਹੈ, ਜੋ ਸਦਾ ਤੇਰਿਆਂ ਚਰਨਾਂ ਪਾਸ ਹੀ ਰਹਾਂ, ਅਰ ਆਪਣਿਆਂ ਕਰਾਂ ਪੈਰਾਂ ਨੂੰ ਤੇਰੀ ਟਹਿਲ ਵਿੱਚ ਲਾਵਾਂ। ਨਾਨਕ ਇਹ ਸੁਣਕੇ ਬਹੁਤ ਆਖ ਚੁੱਕਾ, ਜੋ ਤੂੰ ਹੁਣ ਆਪਣੇ ਘਰ ਨੂੰ ਜਾਹ, ਫੇਰ ਆ ਜਾਵੀਂ। ਪਰ ਉਸ ਨੇ ਉੱਥੋਂ ਜਾਣਾ ਕਬੂਲ ਨਾ ਕੀੱਤਾ। ਉਸਦੇ ਨਾਲ ਦੇ ਸਭ ਸਰਬੰਧੀ ਤਿਸਦਾ ਇਹਹਾਲ ਦੇਖਕੇ ਬਹੁਤ ਦੁਖੀ ਹੋਏ, ਅਰ ਆਖਰ ਲਚਾਰ ਹੋਕੇ ਆਪਣੇ ਘਰਨੂੰ ਚਲੇ ਗਏ। ਜਾਂ ਲਹਿਣਾਂ ਉੱਥੇ ਰਹਿਕੇ ਨਾਨਕ ਦੀ ਟਹਿਲ ਸੇਵਾ ਤਨ ਮਨ ਤੇ ਕਰਨ ਲੱਗਾ, ਤਾਂ ਉਸ ਨਾਲ ਤਿਸਦੀ ਅਜਿਹੀ ਪ੍ਰੀਤ ਹੋਗਈ, ਜੋ ਉਹ ਨਾਨਕ ਨੂੰ ਪੂਰਾ ਭਾਂਡਾ ਅਤੇ ਸੱਚਾ ਗੁਰੂ ਮੰਨਣ ਲੱਗ ਗਿਆ,ਜਿਤਨੇ ਹੋਰ ਸਿੱਖ ਸੇ ਸਭ ਇਸਦੀ ਟਹਲ ਸੇਵਾ ਦੀ ਤਰੀਫ ਕਰਨ ਲੱਗੇ। ਸਿਰੀਚੰਦ ਅਰ ਲਖਮੀਦਾਸ ਜੋ ਬਾਬੇ ਨਾਨਕ ਦੇ ਪੁਤ੍ਰ ਸਾਨ,ਉਨ੍ਹਾਂ ਤੇ ਭੀ ਅਜਿਹੀ ਸੇਵਾ ਨਹੀਂ ਬਣੀ, ਜਿਹੋ ਜਿਹੀ ਲਹਿਣਾ ਕਰਨ ਲੱਗਾ। ਤਿਸਦੀ ਆਗਿਆਕਾਰੀਪਨ ਦਾ ਹਾਲ ਲਿਖਣਾ ਇੱਥੇ ਸਾਰਾ ਤਾਂ ਔਖਾ ਹੈ, ਪਰ ਕੁਝਕੁ ਲਿਖਦਾ ਹਾਂ। ਇੱਕ ਦਿਨ ਬਾਬਾ ਨਾਨਕ ਅਰ ਦੋਵੇਂ ਪੁਤ੍ਰ ਅਰ ਲਹਿਣਾ ਕਿਤੀ ਵੱਲ ਚਲੇ ਜਾਂਦੇ ਸੇ, ਤਾਂ ਨਾਨਕ ਜੀ ਦੇ ਹੱਥੋਂ ਇੱਕ ਕਟੋਰਾ ਗੰਦੇ ਚਿੱਕੜ ਵਿੱਚ ਜੋ ਬਹੁਤ ਡੂੰਘਾ ਸੀ, ਡਿੱਗ ਪਿਆ, ਨਾਨਕ ਨੇ ਸਿਰੀਚੰਦ ਨੂੰ ਕਿਹਾ, ਪੁਤ੍ਰ ਕਟੋਰਾ ਕੱਢ ਲਿਆਉ। ਉਸ ਨੇ ਕਿਹਾ ਹੇ ਪਿਤਾ ! ਮੇਰੇ ਪੁਸ਼ਾਕ ਬਹੁਤ ਉਮਦੀ ਪਈ ਹੋਈ ਹੈ ਲਿੱਬੜ ਜਾਵੇਗੀ, ਸੋ ਅੱਗੇ ਚੱਲੋ, ਕਿਸੀ ਮਿਹਨਤੀ ਨੂੰ ਭੇਜਕੇ ਕਢਾ ਲਵਾਂਗੇ। ਫੇਰ ਨਾਨਕ ਨੇ ਲਖਮੀਦਾਸ ਨੂੰ ਆਖਿਆ ਤਾਂ ਉਸ ਨੇ ਭੀ ਉਹੀ ਜਵਾਬ ਦਿੱਤਾ। ਫੇਰ ਜਾਂ ਉਸ ਲਹਿਣੇ ਸਿੱਖ ਵੱਲ ਡਿੱਠਾ, ਤਾਂ ਉਸ ਨੇ ਹੱਥ ਜੋੜ ਕੇ ਪੁੱਛਿਆ, ਹੇ ਸਤਗੁਰੂ ! ਕੀ ਹੁਕਮ ਹੈ ? ਨਾਨਕ ਨੇ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਟੋਰਾ ਕੱਢ ਲਿਆ। ਉਸਨੇ ਸੁਣਦੇਹੀ ਕੱਪੜਿਆਂ ਸਮੇਤ ਛਾਲ ਮਾਰੀ ਅਰ ਉਸ ਚਿੱਕੜ ਵਿੱਚੋਂ ਕਟੋਰਾ ਕੱਢਕੇ ਗੁਰੂ ਜੀ ਅੱਗੇ ਲਿਆ ਧਰਿਆ, ਉਸੀ ਦਿਨ ਤੇ ਉਹ ਬਾਬੇ ਨਾਨਕ ਜੀ ਨੂੰ ਪਿਆਰਾ ਲੱਗਨ ਲੱਗਾ। ਇੱਕ ਬਾਰ ਬਾਬੇ ਨਾਨਕ ਜੀ ਦੇ ਪਾਸ ਬਹੁਤ ਸੰਗਤਾਂ ਇਕੱਠੀਆਂ ਆਨ ਹੋਈਆਂ ਅਰ ਉਨ੍ਹਾਂ ਤੋਂ ਇਕਾਂਤ ਹੋਨ ਲਈ ਅਜੇਹੀਆਂ ਚੇਸਟਾਂ ਕੀਤੀਆਂ ਜੋ ਸੰਗਤਾਂ ਤਿੱਤਰ ਬਿੱਤਰ ਹੋਗਈਆਂ, ਪਰ ਲਹਿਣਾ ਜੀ ਨਾਲਹੀ ਰਹੇ ਹਟਾਇਆਂ ਭੀ ਨਾ ਹਟੇ ਅਰ ਪਿੱਛਾ ਨਾ ਛੱਡਿਆ। ਇੱਕ ਥਾਂ ਇੱਕ ਮੁਰਦਾ ਪਿਆ ਦੇਖਕੇ ਨਾਨਕਜੀ ਨੇ ਲਹਿਣੇ ਦਾ ਸਿਦਕ ਪਰ-ਤਾਉਣੇ ਲਈ ਆਖਿਆ, ਹੇ ਭਾਈ ਲਹਿਣਿਆਂ ਜੇ ਮੇਰੇ ਨਾਲ ਰਹਿਣਾ ਹੈ, ਤਾਂ ਇਸ ਮੁਰਦੇ ਨੂੰ ਖਾ ਲੈ, ਜਾਂ ਉਹ ਹੁਕਮ ਮੰਨਦਾ ਹੀ ਮੁਰਦੇ ਵੱਲ ਦੌੜਿਆ, ਤਾਂ ਨਾਨਕ ਜੀ ਨੇ ਤਿਸ ਨੂੰ ਸੱਚਾ ਪ੍ਰੇਮੀ ਜਾਣਕੇ ਤਿਸਦਾ ਸਿਰ ਚੁੰਮਿਆ ਅਰ ਆਖਿਆ, ਹੇ ਪਿਆਰੇ ਤੇਰਾ ਨਾਮ ਲਹਿਣਾ ਹੈ, ਅਰ ਅਸੀਂ ਮਲੂਮ ਕੀੱਤਾ, ਜੋ ਤੇਰਾ ਸਾਡੀ ਵੱਲ ਭੀ ਕੁਝ ਲਹਿਣਾ ਹੈ, ਇਸੀ ਤਰ੍ਹਾਂ ਉਸਨੇ ਨਾਨਕਜੀ ਦੀ ਕੋਈ ਆਗਿਆ ਭੀ ਨਹੀਂ ਮੋੜੀ,ਸਗੋਂ ਦਿਨੋਂਦਿਨ ਸੁਆਈ ਪ੍ਰੀਤ ਵਧਾਉਂਦਾ ਗਿਆ। ਇੱਕ ਦਿਨ ਮਾਤਾ ਚੌਣੀ ਨੇ ਪੁੱਛਿਆ ਜੋ ਤੁਸੀਂ ਸਿਰੀਚੰਦ ਲੱਖਮੀਦਾਸ ਤੇ ਵਧੀਕ ਪ੍ਰੇਮ ਲਹਿਣੇ ਨਾਲ ਕਿਉਂ ਕਰਦੇ ਹੋ? ਤਾਂ ਉਸਨੇ ਕਿਹਾ ਜੋ ਲਹਿਣਾ ਭਾਵੇਂ ਪਰਾ-ਇਆ ਪੁਤ੍ਰ ਭੀ ਹੈ, ਪਰ ਹੁਕਮ ਅਦੂਲੀ ਕਦੀ ਨਹੀਂ ਕਰਦਾ, ਪਰ ਏਹ ਜੋ ਪੁਤ੍ਰ ਸਦਾਉਂਦੇ ਹਨ, ਇਨ੍ਹਾਂ ਤੇ ਕਦੀ ਮੇਰੀ ਆਗਿਆ ਪੂਰੀ ਨਹੀਂ ਹੋਈ,ਸੋ ਪ੍ਰੇਮ ਉਸ ਨਾਲ ਹੁੰਦਾ ਹੈ, ਜੋ ਤਨੋਂ ਮਨੋਂ ਹਾਜ਼ਰ ਰਹਿੰਦਾ ਹੈ। ਇੱਕ ਦਿਨ ਨਾਨਕ ਨੇ ਸਾਰੀ ਸੰਗਤ ਦੇ ਸਾਮ੍ਹਣੇ ਉਸਨੂੰ ਛਾਤੀ ਨਾਲ ਲਾਕੇ ਪੰਜ ਪੈਸੇ ਅਰ ਇੱਕ ਲਲੇਰ ਅੱਗੇ ਰੱਖਿਆ ਅਰ ਪਹਿਲਾਂ ਆਪ ਮੱਥਾ ਟੇਕਕੇ ਫੇਰ ਸਾਰੀ ਸੰਗਤ ਨੂੰ ਕਿਹਾ, ਹੇ ਭਾਈ ਸਿੱਖੋ ਅੱਜ ਤੇ ਲੈਕੇ ਮੈਂ ਇਸਨੂੰ ਗੁਰਿਆਈ ਬਖਸ਼ੀ, ਜੋ ਕੋਈ ਮੇਰਾ ਸਿੱਖ ਹੈ, ਉਹ ਇਸਨੂੰ ਗੁਰੂ ਜਾਣਕੇ ਮੱਥਾ ਟੇਕੇ, ਇਹ ਪੂਰਾ ਸੰਤ ਹੈ, ਇਸ ਵਿਖੇ ਹੁਣ ਕੁਝ ਫਰਕ ਨਹੀਂ, ਪਰਮੇਸੁਰ ਨੇ ਇਸਨੂੰ ਆਪਣੀ ਵੱਲ ਕੀੱਤਾ, ਅਰ ਇਹ ਬਹੁਤਿਆਂ ਦੇ ਕਾਰਜ ਸੁਆਰੇ ਗਾ। ਅਰ ਇਹ ਭੀ ਆਖਿਆ ਕਿ ਅੱਗੇ ਇਸ ਦਾ ਨਾਮ ਲਹਿਣਾ ਸਾ, ਹੁਣ ਜੋ ਮੈਂ ਇਸਨੂੰ ਆਪਣੇ ਅੰਗ ਨਾਲ ਲਾਕੇ ਪਰਮੇਸੁਰ ਦੇ ਭਜਨ ਦੀ ਸ਼ਕਤ ਬਖ਼ਸ਼ਦਾ ਹਾਂ, ਇਸ ਕਰਕੇ ਇਸਦਾ ਨਾਮ ਗੁਰੂ ਅੰਗਦਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠਹਿਰਿਆ। ਜਾਂ ਸਿੱਖਾਂ ਨੇ ਅਰਜ ਕੀੱਤੀ, ਜੋ ਹੇ ਗੁਰੂ ਆਪ ਦੀ ਆਗਿਆ ਮੂਜਬ ਅਸੀਂ ਗੁਰੂ ਤਾਂ ਇਸੀ ਨੂੰ ਜਾਣਾਂਗੇ,ਪਰ ਆਪ ਦੇ ਜੋ ਪੁਤ੍ਰ ਹਨ,ਇਨ੍ਹਾਂ ਨੂੰ ਅਸੀਂ ਕੌਣ ਮੰਨੀਏ ? ਨਾਨਕ ਜੀ ਨੇ ਉੱਤਰ ਦਿੱਤਾ, ਉਨ੍ਹਾਂ ਦੀ ਖ਼ਬਰ ਕਰਤਾਰ ਆਪੇ ਲਵੇਗਾ, ਤੁਹਾਨੂੰ ਕੁਝ ਵਾਸਤਾ ਨਹੀਂ, ਤੁਸੀ ਇੱਸੇ ਨੂੰ ਗੁਰੂ ਕਰਕੇ ਜਾਣੋ, ਜਿਸਨੇ ਆਪਣੇ ਤਨ ਮਨ ਨੂੰ ਪਰਮੇਸੁਰ ਦੇ ਰਾਹ ਵੱਲ ਲਾਇਆ ਹੈ। ਇਹ ਸੁਣ ਕੇ ਸਗਤਾਂ ਗੁਰੂ ਅੰਗਦ ਵੱਲ ਝੁਕ ਪਈਆਂ ਅਰ ਜੋ ਕੁਝ ਉਹ ਹੁਕਮ ਕਰਦਾ ਸਾ, ਲੋਕ ਸਿਰ ਪੁਰ ਧਰਨ ਲੱਗੇ। ਇਹ ਗੁਰੂ ਅੰਗਦਜੀ ਭੀ ਜੋ ਕੁਝ ਉਪਦੇਸ਼ ਬਾਬੇ ਨਾਨਕ ਤੇ ਪਾ ਚੁੱਕੇ ਸੇ, ਸਦਾ ਉਸ ਪੁਰ ਪੱਕੇ ਰਹਿੰਦੇ ਅਰ ਧਰਮ ਦੇ ਰਾਹ ਨੂੰ ਸੁਧਾਰਦੇ ਰਹੇ। ਕੋਈ ਚਿਰ ਜਾਂ ਅੰਗਦ ਉੱਥੇ ਰਿਹਾ, ਤਾਂ ਫੇਰ ਖਹਿਰਿਆਂ ਦੇ ਖਡੂਰ ਆ ਰਿਹਾ, ਅਰ ਆਪਣੀ ਖਾਣ ਪਹਿਰਣ ਦੀ ਗੁਜਰਾਨ ਬਾਣ ਵੱਟਕੇ ਚਲਾਉਂਦਾ ਸਾ,ਜਾਂ ਸਭਨਾਂ ਸਿੱਖਾਂ ਨੇ ਸੁਣਿਆਂ, ਜੋ ਬਾਬਾ ਨਾਨਕ ਗੁਰਿਆਈ ਦੀ ਗੱਦੀ ਪੁਰ ਅੰਗਦਨੂੰ ਬਠਾਇ ਗਿਆ ਹੈ,ਤਾਂ ਸਭ ਸਿੱਖ ਆਉਣ ਲੱਗੇ। ਉਹ ਭਾਈ ਬਾਲਾ ਭੀ ਜੋ ਕਦੀਮ ਤੇ ਨਾਨਕ ਜੀ ਦੇ ਸੰਗ ਰਿਹਾ ਸਾ, ਇਸਦੇ ਦਰਸਣ ਨੂੰ ਆਇਆ ਅਰ ਅੰਗਦ ਨੇ ਨਾਨਕ ਦੀ ਜਨਮ ਤੇ ਲੈਕੇ ਸਭ ਹਕੀਕਤ ਉਸੀ ਤੇ ਸੁਣੀ ਸੀ, ਅਰ ਇਹ ਬਾਲਾ ਥੋਹੜੇ ਦਿਨਾਂ ਬਾਦ ਉੱਥੇ ਹੀ ਮਰ ਗਿਆ। ਜੋਕੁਝ ਉਪਦੇਸ਼ ਵਾਹਗੁਰੂ ਨਾਮ ਦਾ ਬਾਬਾ ਨਾਨਕ ਸਿੱਖਾਂ ਨੂੰ ਕਰਦਾ ਸਾ, ਸੋਈ ਅੰਗਦ ਕਰਦਾ ਰਿਹਾ। ਅਰਥ ਇਸ ਵਾਹਗੁਰੂ ਨਾਮ ਦਾ ਜੋ ਸਿੱਖਾਂ ਦੇ ਮਤ ਦਾ ਮੁੱਖ ਮੰਤ੍ਰ ਹੈ, ਇਹ ਆਖਦੇ ਹਨ ਜੋ ਵਾਹ ਤਾਂ ਤਰੀਫ ਦਾ ਵਾਕ ਅਰ ਗੁਰੂ ਗੁਰਦੇਵ ਦਾ ਨਾਮ ਹੈ, ਇਸ ਤੇ ਗੁਰੂ ਦੀ ਤਰੀਫ ਹੁੰਦੀ ਹੈ। ਅਰ ਕੈਈ ਆਖਦੇ ਹਨ, ਗੁਰੂ ਵੱਡੇ ਨੂੰ ਕਹੀਦਾ ਹੈ, ਸੋ ਸਭ ਤੇ ਵੱਡਾ ਪਰਮੇਸੁਰ ਹੈ,ਸੋ ਇਹ ਵਾਹਗੁਰੂ ਨਾਮ ਤੇ ਪਰਮੇਸੁਰ ਦੀ ਤਰੀਫ ਹੁੰਦੀ ਹੈ। ਜਿਸਦਾ ਤਾਤਪਰਜ ਇਹ ਹੈ ਕਿ ਹੇ ਮਹਾਨ ਪਰਮੇਸੁਰ ਤੂੰ ਧੰਨ ਹੈਂ ਜੋ ਤੇਰੇ ਜੇਹਾ ਹੋਰ ਨਾ ਕੋਈ ਹੋਇਆ ਨਾਂ ਹੈ ਅਰ ਨਾ ਕੋਈ ਹੋਵੇਗਾ॥

ਭਾਵੇਂ ਬਾਬੇ ਅੰਗਦ ਪਾਸ ਸਿੱਖ ਲੋਕ ਬਹੁਤ ਭੇਟਾਂ ਝੜਾਉਂਦੇ ਸੇ, ਪਰ ਉਹ ਉਸ ਵਿੱਚੋਂ ਆਪ ਕੁਝ ਨਹੀਂ ਵਰਤਦੇ ਸੇ, ਸਭ ਕੁਝ ਪਰਮੇਸੁਰ ਦੇ ਨਾਮ ਪੁਰ ਖਰਚ ਕਰਕੇ ਆਪ ਨਿਰਾ ਬਾਣ ਵੱਟਕੇ ਹੀ ਗੁਜਾਰਾ ਕਰਦੇ ਸੇ। ਅਰ ਏਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖੀ ਅੱਛਰ ਭੀ ਜੋ ਪੰਜਾਬ ਵਿੱਚ ਮਸ਼ਹੂਰ ਹਨ, ਸ਼ਾਸਤ੍ਰੀ ਅੱਛਰਾਂ ਅਤੇ ਉਸ ਵੇਲੇ ਦੇ ਪ੍ਰਚਲਿਤ ਸਰਾਫ਼ੀ ਅੱਖਰਾਂ ਨੂੰ ਮਿਲਾਕੇ ਬਨਾਏ ਹਨ। ਇਸ ਮਹਾਂਪੁਰਖ ਨੇ ਭੀ ਬਹੁਤ ਲੋਕਾਂ ਦੀ ਕਲਿਆਣ ਕੀੱਤੀ, ਅਰ ਜੋ ਜੋ ਪਾਪੀ ਲੋਕ ਭੀ ਸੇ, ਤਿਨ੍ਹਾਂ ਨੇ ਭੀ ਉਸ ਦਾ ਸਤਸੰਗ ਕਰਕੇ ਆਪਣੇ ਪਾਪ ਛੱਡ ਕੇ ਅਰਾਮ ਅਰ ਪਰਮੇਸੁਰ ਦਾ ਨਾਮ ਪਾਇਆ । ਫੇਰ ਤੀਸਰੀ ਪਾਦਸ਼ਾਹੀ ਅਰਥਾਤ ਗੁਰੂ ਅਮਰ ਦਾਸ ਜੀ ਨੂੰ ਪੰਜ ਪੈਸੇ ਇੱਕ ਲਲੇਰ ਰੱਖਕੇ ਮੱਥਾ ਟੇਕਿਆ ਅਰ ਗੁਰਿਆਈ ਦਾ ਤਖਤ ਦੇਕੇ ਆਪ ਸੰਮਤ ੧੬੦੯ ਅਰ ਸੰਨ ੧੫੫੨ ਈਸਵੀ ਵਿੱਚ ਇਸ ਅਸਾਰ ਸੰਸਾਰ ਤੇ ਚਲੇ ਗਏ ॥

ਦੋਹਰਾ—ਗੁਰੂ ਨਾਨਕ ਦੇ ਮਗਰ ਤੇ ਇਹ ਅੰਗਦ ਗੁਰਦੇਵ ।
ਕਰਕੇ ਪਰਉਪਕਾਰ ਜਗ ਮਿਲਿਆ ਪੁਰਖ ਅਭੇਵ ॥

ਗੁਰੂ ਅਮਰਦਾਸ ਜੀ ਦਾ ਬ੍ਰਿਤਾਂਤ

ਗੁਰੂ ਅਮਰਦਾਸ ਜੀ ਜੋ ਤੀਸਰੀ ਪਾਦਸ਼ਾਹੀ ਕਰਕੇ ਮਸ਼ਹੂਰ ਹਨ, ਸੋ ਵਾਸਰਕੀ ਨਾਮੇ ਪਿੰਡ ਦੇ, ਜੋ ਅੰਮ੍ਰਿਤਸਰ ਦੇ ਇਲਾਕੇ ਵਿੱਚ ਹੈ, ਭੱਲੇ ਖਤ੍ਰੀ ਸਨ। ਇਨ੍ਹਾਂ ਦਾ ਨਿਆਣਪੁਣੇ ਤੇ ਹੀ ਇਹ ਸੁਭਾਉ ਸਾ, ਜੋ ਜਿੱਥੇ ਕਥਾ ਵਾਰਤਾ ਹੁੰਦੀ ਹੋਵੇ, ਉੱਥੇ ਪ੍ਰੇਮ ਨਾਲ ਜਾਣਾ ਅਰ ਜਿਤਨੀਕੁ ਹੋ ਸੱਕੇ ਸਾਧਾਂ ਸੰਤਾਂ ਦੀ ਟਹਿਲ ਕਰਨੀ, ਭਾਵੇਂ ਉਸਦੇ ਮਾਤਾ ਪਿਤਾ ਉਸਦਾ ਹਾਲ ਦੇਖਕੇ ਦਿਲ ਵਿਚ ਕੁਝ ਨਰਾਜ ਭੀ ਹੁੰਦੇ ਸੇ, ਪਰ ਉਹ ਆਪਣੇ ਸੁਭਾਉ ਅਨੁਸਾਰ ਸਾਧਾਂ ਦੀ ਸੇਵਾ ਤੇ ਨਹੀਂ ਹਟਦਾ ਸਾ। ਇੱਕ ਬਾਰ ਅਮਰਦਾਸ ਗੰਗਾ ਜੀ ਦੇ ਅਸਨਾਨ ਲਈ ਹਰਦੁਆਰ ਨੂੰ ਗਿਆ, ਉੱਥੇ ਜਾਕੇ ਐਉਂ ਹੋਇਆ, ਜੋ ਇੱਕ ਤਿਹਾਏ ਪੰਡਤ ਨੇ ਇਸਦੇ ਹੱਥੋਂ ਪਾਣੀ ਪੀਤਾ। ਜਾਂ ਤ੍ਰਿਖਾ ਮਿਟ ਗਈ ਤਾਂ ਪੰਡਤ ਨੇ ਤਿਸਨੂੰ ਪੁਛਿਆ ਤੂੰ ਕੌਣ ਹੁੰਦਾ ਅਰ ਕਿੱਥੇ ਤੇ ਆਇਆ ਹੈਂ? ਉਸਨੇ ਕਿਹਾ ਮਹਾਰਾਜ ਮੈਂ ਭੱਲਾ ਖਤ੍ਰੀ ਅਰ ਪੰਜਾਬ ਦੇਸ ਦੇ ਵਾਸਰਕੀ ਨਾਮੇ ਪਿੰਡ ਤੇ ਆਇਆ ਹਾਂ । ਫੇਰ ਪੰਡਤ ਨੇ ਪੱਛਿਆ ਤੇਰਾ ਗੁਰੂ ਕੌਣ ਹੈ ? ਤਿਸਨੇ ਕਿਹਾ ਮਿਸਰ ਜੀ ਅਜੇ ਮੈਂ ਗੁਰੂ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਧਾਰਿਆ। ਇਹ ਸੁਣ ਕੇ ਪੰਡਤ ਬਹੁਤ ਦੁਖੀ ਹੋਇਆ, ਜੋ ਮੈਂ ਇਸ ਨਿਗੁਰੇ ਆਦਮੀ ਦੇ ਹੱਥੋਂ ਪਾਣੀ ਪੀ ਲਿਆ। ਅਮਰਦਾਸ ਇਹ ਸੁਣਕੇ ਆਪਣੇ ਮਨ ਵਿਖੇ ਬਹੁਤ ਸ਼ਰਮਿੰਦਾ ਹੋਇਆ, ਅਰ ਪੰਡਤ ਕੋਲੋਂ ਘਰ ਆਉਂਦਾ ਹੀ ਗੁਰੂ ਦੀ ਢੂੰਡ ਕਰਨ ਲੱਗਾ। ਇੱਕ ਦਿਨ ਕਿਸੇ ਕੋਲੋਂ ਸੁਣਿਆ, ਜੋ ਇੱਥੋਂ ਨੇੜੇ ਹੀ ਖਹਿਰਿਆਂ ਦੇ ਖਡੂਰ ਵਿੱਚ ਬਾਬਾ ਅੰਗਦ ਸਾਹਬ ਪੂਰਾ ਗੁਰੂ ਹੈ, ਅਰ ਜੋ ਉਸ ਦਾ ਉਪਦੇਸ਼ ਲੈਂਦਾ ਹੈ, ਸੋ ਤਰ ਜਾਂਦਾ ਹੈ, ਅਰ ਜੋ ਜੋ ਗੁਣ ਗੁਰੂ ਵਿਖੇ ਧੀਰਜ, ਸੰਤੋਖ, ਖਿਮਾਂ, ਦਯਾ, ਭਗਤੀ ਆਦਕ ਚਾਹੀਏ,ਸੋ ਸਭ ਉਸ ਵਿਖੇ ਪਾਏ ਜਾਂਦੇ ਹਨ। ਇਉਂ ਸੁਣਦਾਹੀ ਖਡੂਰਨੂੰ ਗਿਆ,ਅਰ ਗੁਰੂ ਅੰਗਦਜੀ ਦੇ ਚਰਣ ਪਕੜ ਕੇ ਆਖਿਆ,ਜੋ ਹੇ ਸੁਆਮੀਜੀ! ਮੈਂ ਆਪਦਾ ਨਾਉਂ ਸੁਣਕੇ ਆਪਣੇ ਉੱਧਾਰ ਲਈ ਤੁਸਾਡੇ ਪਾਸ ਆਇਆ ਹਾਂ, ਤੁਸੀਂ ਦਯਾ ਕਰਕੇ ਮੈਨੂੰ ਗੁਰ ਨਾਮ ਦੇਓ, ਤੁਸਾਡੇ ਜਿਹਾ ਪੂਰਾ ਗੁਰੂ ਮੈਨੂੰ ਕਿਤੇ ਨਹੀਂ ਦਿਸਦਾ, ਸਭ ਲੋਕ ਆਪਣੀ ਟਹਿਲ ਲਈ ਚੇਲੇ ਮੁੰਨਦੇ ਹਨ, ਪਰ ਚੇਲਿਆਂ ਦੀ ਕਲਿਆਣ ਕਰਨੇ ਵਾਲਾ ਗੁਰੂ ਤੁਸਾਡੇ ਬਿਨਾਂ ਮੈਂ ਕੋਈ ਨਹੀਂ ਸੁਣਿਆ। ਬਾਬਾ ਅੰਗਦ ਉਸਦੀ ਭਗਤੀ ਦੇਖਕੇ ਬਹੁਤ ਪ੍ਰਸਿੰਨ ਹੋਇਆ ਅਰ ਤਿਸਨੂੰ ਵਾਹਗੁਰੂ ਨਾਮ ਦਾ ਉਪਦੇਸ਼ ਦੇਕੇ ਆਖਿਆ, ਜੋ ਹੇ ਭਾਈ ਸਿੱਖਾ ਸੁਆਸ ਸੁਆਸ ਇਸ ਨਾਮ ਨੂੰ ਸੱਚੇ ਦਿਲ ਨਾਲ ਜਪਿਆ ਕਰ, ਅਰ ਪ੍ਰਾਤਕਾਲ ਇਸਨਾਨ ਕਰਕੇ ਪਰਮੇਸੁਰ ਦਾ ਧਿਆਨ ਕਰਿਆ ਕਰ। ਫੇਰ ਇਹ ਭੀ ਆਖਿਆ, ਜੋ ਇਹ ਸ਼ਰੀਰ ਹੱਡ ਮਾਸ ਦਾ ਪਿੰਜਰਾ ਹੈ, ਥੋਹੜੇ ਹੀ ਦਿਨਾਂ ਨੂੰ ਟੁੱਟ ਫੁੱਟ ਜਾਵੇਗਾ,ਉਹੋ ਘੜੀ ਲਾਹੇ ਦੀ ਹੈ,ਜੋ ਇਸ ਦੇਹ ਨਾਲ ਕਿਸੇ ਸਾਧ ਸੰਤ ਭੁੱਖੇ ਤਿਹਾਏ ਦੀ ਟਹਿਲ ਹੋ ਜਾਵੇ। ਆਪਣੇ ਮਨ ਦੇ ਵਿਕਾਰਾਂ ਨੂੰ ਤਿਆਗਕੇ ਸਦਾ ਪਰਮੇਸੁਰ ਦੇ ਭਜਨ ਵੱਲ ਲੱਗੇ ਰਹਿਣਾ, ਅਰ ਤਿਸ ਦੇ ਭਾਣੇ ਪੁਰ ਰਾਜੀ ਰਹਿਣਾ ਸਾਡਾ ਇਹੀ ਗੁਰਨਾਮ ਅਰ ਉਪਦੇਸ਼ ਹੈ। ਅਮਰਦਾਸ ਨੇ ਤਨ ਮਨ ਤੇ ਇਸ ਉਪਦੇਸ਼ ਨੂੰ ਕਬੂਲ ਕੀਤਾ ਅਰ ਉੱਸੇ ਦਿਨਤੇ ਅਮਲ ਕਰਨ ਲੱਗਾ,ਫੇਰ ਮੁੜਕੇ ਘਰ ਨਾ ਗਿਆ,ਉੱਥੇ ਹੀ ਗੁਰਾਂ ਦੇ ਦਰਸਣ ਅਰ ਸਿੱਖਾਂ ਦੀ ਟਹਿਲ ਨੂੰ ਲਾਭ ਸਮਝਕੇ ਰਹਿਣ ਲੱਗਾ। ਆਖਦੇ ਹਨ ਕਿ ਉਸ ਨੇ ਤਨ ਮਨ ਤੋਂ ਗੁਰਾਂ ਦੀ ਸੇਵਾ ਕਰਨੀ ਕਬੂਲ ਕੀੱਤੀ,ਪਰ ਗੁਰਾਂਦੇ ਭੰਡਾਰ ਵਿੱਚੋਂ ਉਹ ਰੋਟੀ ਸਾਰਖੀ ਭੀ ਨਹੀਂ ਖਾਂਦਾ ਸਾ। ਉਸਦਾ ਇਹ ਵਤੀਰਾ ਸਾ, ਕਿ ਲੂਣ ਤੇਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਬੁਗਚਾ ਚੱਕਕੇ ਲੋਕਾਂ ਦੀ ਘਰੀਂ ਫਿਰਕੇ ਬੇਚ ਆਉਣਾਂ ਅਰ ਜੋ ਕੁਝ ਉਸ ਵਿੱਚੋਂ ਕਮਾਈ ਹੋਵੇ ਆਪਣੇ ਅੰਨ ਪਾਣੀ ਅਰ ਕਪੜੇ ਵਸਤ੍ਰ ਦਾ ਗੁਜਾਰਾ ਉਸੀ ਨਾਲ ਚਲਾਉਣਾ, ਗੁਰੂ ਦੇ ਘਰ ਦਾ ਦਾਣਾ ਸਾਰਖਾ ਭੀ ਮੂੰਹ ਨਹੀਂ ਲਾਉਣਾ, ਕਿਉਂ ਜੋ ਉਹ ਜਾਣਦਾ ਸਾ,ਕਿ ਗੁਰੂਦੀ ਮੈਨੂੰ ਤਨ ਮਨ ਧਨ ਤੇ ਟਹਿਲ ਕਰਨੀ ਚਾਹੀਦੀਹੈ, ਇੱਥੋਂ ਕੁਝ ਖਾਣਾ ਪੀਣਾ ਮੈਂਨੂੰ ਜੋਗ ਨਹੀਂਹੈ।ਟਹਿਲਦਾ ਇਹ ਹਾਲ ਸਾ,ਕਿ ਗੁਰਾਂ ਦੇ ਅਸ਼ਨਾਨ ਵਾਸਤੇ ਨਿੱਤ ਖਡੂਰ ਤੇ ਗੋਵਿੰਦਵਾਲ ਦੇ ਦਰਿਆਉ ਵਿੱਚੋਂ,ਜੋ ਉੱਥੋਂ ਦੋਕੁ ਕੋਹ ਸਾ,ਜਲ ਦੀ ਗਾਗਰ ਭਰਕੇ ਲਿਆਉਂਦਾ ਸਾ, ਅਰ ਉਸ ਵਿੱਚ ਇੱਕ ਇਹ ਵੱਡੀ ਭਾਰੀ ਕਠਨਾਈ ਸੀ, ਜੋ ਜਾਂ ਖਡੂਰ ਤੇ ਗਾਗਰ ਚੱਕਣੀ,ਪਿਛਲੀ ਖੁਰੀ ਗੋਵਿੰਦਵਾਲ ਤਕ ਜਾਂਦਾਸਾ ਅਰ ਜਾਂ ਭਰ ਕੇ ਲਿਆਉਂਦਾ ਤਾਂ ਸਾਹਮਣੇ ਮੂੰਹ ਆਉਂਦਾ ਸਾ, ਕਿਉਂ ਜੋ ਤਿਸ ਨੂੰ ਇਹ ਖਿਆਲ ਰਹਿੰਦਾ ਸਾ, ਜੋ ਮੇਰੀ ਗੁਰੂ ਵੱਲ ਪਿੱਠ ਨਾ ਹੋ ਜਾਵੇ। ਫੇਰ ਜੋ ਨਾਮ ਉੱਥੇ ਸਿੱਖ ਸਾਧ ਸਾ, ਸਭਨਾਂ ਦੇ ਲਈ ਜਲ ਭਰਕੇ ਉਹੀ ਲਿਆਇਆ ਕਰਦਾ ਸਾ, ਚਾਹੇ ਦਿਨ ਨੂੰ ਚਾਹੇ ਕੋਈ ਰਾਤ ਨੂੰ ਕਹੇ,ਪਰ ਉਹ ਜਲ ਦਰਿਆਇ ਵਿੱਚੋਂ ਹੀ ਲਿਆਉਂਦਾ ਸਾ ,ਉਸ ਨੇ ਗੁਰਾਂ ਦੀ ਅਰ ਸੰਤਾਂਦੀ ਆਗਿਆ ਤੇ ਕਦੀ ਮੂੰਹ ਨਹੀਂ ਮੋੜਿਆਸਾ। ਇੱਕ ਦਿਨ ਦੀ ਗੱਲ ਹੈ, ਜੋ ਜਾਂ ਅਮਰਦਾਸ ਨਦੀ ਤੇ ਰਾਤ ਨੂੰ ਪਾਣੀ ਭਰ ਕੇ ਲਿਆਇਆ,ਤਾਂ ਰਸਤੇ ਵਿੱਚ ਇੱਕ ਜੁਲਾਹੇ ਦੀ ਖੱਡੀ ਵਿੱਚ ਔਖੜਕੇ ਡਿੱਗ ਪਿਆ,ਜਾਂ ਜੁਲਾਹੇ ਨੇ ਪੁੱਛਿਆ ਜੋ ਕੌਣ ਹੈ,ਤਾਂ ਤਿਸ ਦੀ ਜੁਲਾਹੀ ਨੇ, ਜੋ ਨਿੱਤ ਉਸ ਨੂੰ ਪਾਣੀ ਢੋਂਦਾ ਦੇਖਦੀ ਸੀ,ਉੱਤਰ ਦਿੱਤਾ ਜੋ ਐਸ ਵੇਲੇ ਡਿੱਗਣੇ ਵਾਲਾ ਕੌਣ ਹੈ, ਵਿਪਤਾ ਦਾ ਮਾਰਿਆ ਹੋਇਆ ਨਥਾਵਾਂ ਅਮਰੂ ਹੋਣਾ ਹੈ॥

ਅਮਰਦਾਸ ਉੱਠਕੇ ਫੇਰ ਦਰਿਆਇ ਨੂੰ ਹੱਟ ਗਿਆ ਅਰ ਉਸੀ ਤਰ੍ਹਾਂ ਪਾਣੀ ਭਰਕੇ ਗੁਰਾਂ ਦੇ ਪਾਸ ਪਹੁੰਚਿਆ,ਜਾਂ ਗੁਰਾਂਨੇ ਕਿਸੀ ਤੇ ਸੁਣਿਆਂ ਕਿ ਲੋਕ ਇਸ ਨੂੰ ਨਥਾਵਾਂ ਆਖਦੇ ਹਨ, ਤਾਂ ਉਸਦੇ ਸਿਦਕ ਅਰ ਭਗਤੀ ਨੂੰ ਦੇਖਕੇ ਗਲ ਨਾਲ ਲਾਇਆ ਅਰ ਆਖਿਆ ਜੋ ਹੇ ਲੋਕੋ! ਅਮਰੂ ਨਥਾਵਾਂ ਨਹੀਂ, ਸਗੋਂ ਅੱਜ ਤੇ ਇਸ ਨੂੰ ਪਰਮੇਸੁਰ ਨੇ ਨਥਾਂਵਿਆਂ ਦਾ ਥਾਉਂ, ਅਰ ਨਿਆਸਰਿਆਂ ਦਾ ਆਸਰਾ ਕੀਤਾ ਹੈ, ਜੋ ਕੋਈ ਇਸਦੇ ਪਿੱਛੇ ਲੱਗੇਗਾ, ਉਹ ਬਹੁਤ ਸੁਖ ਪਾਵੇਗਾ। ਅਰ ਉਸੀ ਦਿਨ ਪੰਜ ਪੈਸੇ ਤੇ ਇੱਕ ਲਲੇਰ ਤਿਸ ਦੇ ਅੱਗੇ ਰੱਖਕੇ ਮੱਥਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਕਿਆ, ਅਰ ਸਭਨਾਂ ਸੰਗਤਾਂ ਨੂੰ ਆਖਿਆ, ਜੋ ਅੱਜ ਮੈਂ ਗੁਰਿਆਈ ਦੀ ਗੱਦੀ ਗੁਰੂ ਅਮਰਦਾਸ ਨੂੰ ਸਮ੍ਹਾਲਦਾ ਹਾਂ, ਸਭ ਇਸ ਨੂੰ ਮੱਥਾ ਟੇਕੋ, ਇਹ ਪੂਰਾ ਗੁਰੂ ਹੈ,ਪਰਮੇਸੁਰ ਨੇ ਇਸ ਨੂੰ ਅੱਜ ਆਪਣੀ ਵੱਲ ਕੀੱਤਾਹੈ। ਜੋ ਇਸ ਦੀ ਵੱਲ ਹੋਵੇਗਾ, ਉਹ ਭੀ ਪਰਮੇਸੁਰ ਨੂੰ ਭਾਵੇਗਾ। ਗੁਰੂ ਅੰਗਦ ਜੀ ਦੇ ਚੋਲਾ ਤਯਾਗਣ ਦੇ ਪਿੱਛੋਂ ਸਭ ਸੰਗਤ ਗੁਰੂ ਅਮਰਦਾਸ ਦੀ ਵੱਲ ਹੋਈ॥

ਇਸ ਗੁਰੂ ਨੇ ਭੀ ਬਹੁਤ ਲੋਕਾਂ ਦੀ ਕਲਿਆਣ ਕੀੱਤੀ ਅਰ ਧਰਮ ਦੇ ਰਾਹ ਨੂੰ ਸੁਧਾਰਿਆ, ਇਹ ਗੁਰੂ ਅਮਰਦਾਸ ਬਹੁਤ ਉੱਤਮ ਪੁਰਖ ਸਾ, ਆਖਦੇ ਹਨ, ਕਿ ਇਸ ਨੂੰ ਸਾਰੀ ਉਮਰ ਕਿਸੇ ਨੇ ਕਦੀ ਕ੍ਰੋਧ ਵਿਖੇ ਨਹੀਂ ਡਿੱਠਾ, ਬਹੁਤ ਸੀਤਲ ਸੁਭਾਉ ਅਰ ਪਰਮੇਸੁਰ ਦਾ ਪਿਆਰਾ ਅੱਤ ਦਯਾਵਾਨ ਸਾ, ਕਦੀ ਕਿਸੇ ਖੋਟੇ ਕਰਮ ਵੱਲ ਦਿਲ ਨਹੀਂ ਲਾਇਆ, ਸਦਾ ਹੀ ਸੁਭ ਕਰਮ ਅਰ ਧਰਮ ਕਰਦਾ ਰਿਹਾ,ਜੋ ਕੁਛ ਰਾਹ ਗੁਰੂ ਅੰਗਦ ਜੀ ਨੇ ਇਸ ਨੂੰ ਦੱਸਿਆ ਸਾ, ਇਹ ਉਸ ਪਰ ਸਦਾ ਪੱਕਾ ਰਿਹਾ। ਇਸ ਦੀ ਖਿਮਾ ਦੀ ਗੱਲ ਐਉਂ ਆਖਦੇ ਹਨ, ਕਿ ਜਾਂ ਅਮਰਦਾਸ ਅੰਗਦ ਦੇ ਪਿਛੋਂ ਗੋਵਿੰਦਵਾਲ ਆ ਰਿਹਾ,ਤਾਂ ਮੁਸਲਮਾਨ ਲੋਕ, ਜੋ ਇਸ ਨਾਲ ਵੈਰ ਰਖਕੇ ਇਸ ਨੂੰ ਦੁਖ ਦਿੰਦੇ ਸੇ, ਇਹ ਕਦੀ ਬਦਲਾ ਨਹੀਂ ਲੈਂਦਾ ਸਾ, ਸਗਵਾਂ ਪਰਮੇਸੁਰ ਪਾਸ ਇਹ ਅਰਦਾਸ ਕਰਦਾ ਸਾ,ਕਿ ਹੇ ਪ੍ਰਭੂ! ਤੂੰ ਇਨ੍ਹਾਂ ਦੇ ਦਿਲਾਂ ਨੂੰ ਸੁਧਾਰ। ਇੱਕ ਦਿਨ ਜਾਂ ਇਸਦੇ ਸਿੱਖ ਲੰਗਰ ਵਾਸਤੇ ਜਲ ਦੇ ਘੜੇ ਭਰਕੇ ਲਿਆਉਂ-ਦੇ ਸੇ, ਤਾਂ ਮੁਸਲਮਾਨਾਂ ਦੇ ਮੁੰਡਿਆਂ ਨੇ ਗੁਲੇਲੇ ਮਾਰਕੇ ਘੜੇ ਭੰਨ ਸਿੱਟੇ। ਸਿੱਖਾਂ ਨੇ ਆਕੇ ਅਰਜ ਕੀੱਤੀ, ਹੇ ਗੁਰੂ ਤੁਰਕ ਹਮੇਸ ਸਾਡੇ ਘੜੇ ਭੱਨ ਦਿੰਦੇ ਹਨ, ਅਸੀਂ ਕੀ ਚਾਰਾ ਕਰੀਏ। ਗੁਰੂ ਨੇ ਖਿਮਾ ਨਾਲ ਉੱਤਰ ਦਿੱਤਾ, ਅੱਜ ਤੇ ਲੈਕੇ ਮਸ਼ਕਾਂ ਨਾਲ ਪਾਣੀ ਲਿਆਇਆ ਕਰੋ, ਕਿੰਉਂ ਜੋ ਓਹ ਗੁਲੇਲਿਆਂ ਨਾਲ ਨਹੀਂ ਟੁੱਟਦੀਆਂ। ਸਿੱਖਾਂ ਨੇ ਉਸੀ ਤਰ੍ਹਾਂ ਕੀੱਤਾ, ਪਰ ਮੁਸਲਮਾਨ ਆਪਣੀ ਕਰਤੂਤ ਤੇ ਨਾ ਹਟੇ, ਜਾਂ ਸਿੱਖ ਮਸ਼ਕਾਂ ਵਿੱਚ ਪਾਣੀ ਲਿਆਉਣ ਲੱਗੇ, ਤਾਂ ਓਹ ਤੀਰਾਂ ਨਾਲ ਮਸ਼ਕਾਂ ਵਿੰਨ ਦਿੰਦੇ ਸੇ। ਸਿੱਖਾਂ ਨੇ ਫੇਰ ਗੁਰੂ ਨੂੰ ਦੱਸਿਆ, ਗੁਰੂ ਨੇ ਫੇਰ ਜਵਾਬ ਦਿੱਤਾ, ਕਿ ਭਾਈ ਸਿੱਖੋ ਤੁਸੀਂ ਪਿੱਤਲਦੀਆਂ ਗਾਗਰਾਂ ਨਾਲ ਪਾਣੀ ਲਿਆਇਆ ਕਰੋ, ਸਿੱਖਾਂ ਨੇ ਉਹੋ ਗੱਲ ਮਨਜ਼ੂਰ ਕੀੱਤੀ, ਪਰ ਫੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ ਇੱਟਾਂ ਮਾਰਕੇ ਗਾਗਰਾਂ ਭੰਨਣ ਲੱਗ ਪਏ, ਗੱਲ ਕਾਹਦੀ ਮੁਸਲਮਾਨਾਂ ਨੇ ਬਾਬੇ ਅਮਰਦਾਸ ਨੂੰ ਤਿਸ ਦੇ ਸਿੱਖਾਂ ਸਮੇਤ ਭਾਵੇਂ ਕਿਹਾ ਹੀ ਔਖਿਆਂ ਕੀੱਤਾ, ਪਰ ਉਸਨੇ ਕਦੀ ਕੋਈ ਕੌੜਾ ਬਚਨ ਨਹੀਂ ਬੋਲਿਆ,ਸਗਵਾਂ ਆਪਣੇ ਦਿਲੋਂ ਉਨ੍ਹਾਂਦੀ ਭਲਿਆਈ ਚਾਹੀ, ਕਿਉਂਕਿ ਉਹ ਸਭ ਦੁਖ ਸੁਖ ਪਰਮੇਸੁਰ ਵੱਲੋਂ ਜਾਣਦਾ ਸਾ। ਜਾਂ ਉਸ ਦਿਆਂ ਸਿੱਖਾਂ ਨੇ ਅਰਜ ਕੀੱਤੀ,ਜੋ ਹੇ ਗੁਰੂ ਅਸੀਂ ਕਦ ਤਕ ਇਨ੍ਹਾਂ ਮੁਸਲਮਾਨਾਂ ਦੀਆਂ ਜੁਲਮੀਆਂ ਸਹਾਰੀਏ, ਤਾਂ ਜਵਾਬ ਦਿੱਤਾ ਸਾਰੀ ਉਮਰ ਸਹਾਰੋ, ਕਿਉਂ ਜੋ ਬਦਲਾ ਲੈਣਾ ਸੰਤਾਂ ਦਾ ਧਰਮ ਨਹੀਂ, ਸਗੋਂ ਯਾਦ ਰੱਖੋ, ਜੋ ਸ਼ਾਂਤ ਦੇ ਬਰਾਬਰ ਕੋਈ ਤਪ ਨਹੀਂ, ਅਰ ਸੰਤੋਖ ਤੇ ਪਰੇ ਕੋਈ ਸੁਖ ਨਹੀਂ, ਲੋਭ ਤੇ ਪਰੇ ਕੋਈ ਉਪਾਧ ਨਹੀਂ ਅਰ ਦਯਾ ਤੇ ਪਰੇ ਕੋਈ ਧਰਮ ਅਤੇ ਖਿਮਾ ਤੇ ਪਰੇ ਕੋਈ ਸ਼ਸਤ੍ਰ ਨਹੀਂ। ਇਹ ਸੁਣਕੇ ਸਭ ਸਿੱਖ ਚੁੱਪ ਹੋਗਏ॥

ਇਹ ਗੁਰੂ ਸਦਾ ਪਰਮੇਸੁਰ ਦੇ ਭਜਨ ਵਿਖੇ ਹੀ ਮਗਨ ਰਹਿੰਦਾ ਸਾ। ਅਨੰਦ ਬਾਣੀ ਜੋ ਗੁਰੂ ਗ੍ਰੰਥ ਸਾਹਬ ਵਿਖੇ ਲਿਖੀ ਹੋਈ ਅਰ ਜਿਸ ਨੂੰ ਸਭ ਉੱਤਮ ਸਿੱਖ ਕੰਠ ਕਰਕੇ ਨਿੱਤ ਪਾਠ ਕਰਦੇ ਹਨ, ਸੋ ਇਸ ਦੀ ਹੀ ਰਚੀ ਹੋਈ ਹੈ, ਗੋਵਿੰਦਵਾਲ ਵਿਖੇ ਜੋ ਇੱਕ ਵੱਡੀ ਭਾਰੀ ਬਾਉਲੀ ਹੈ, ਉਹ ਇਸ ਹੀ ਨੇ ਬਣਾਈ ਸੀ। ਆਖਦੇ ਹਨ, ਕਿ ਜੋ ਉਸ ਦੀਆਂ ਚੁਰਾਸੀਆਂ ਹੀ ਪੌੜੀਆਂ ਉੱਪਰ ਬੈਠਕੇ ਇੱਕ ਇੱਕ ਬਾਰ ਅਸਨਾਨ ਕਰੇ ਅਰ ਜਪਜੀ ਸਾਹਬ ਦਾ ਭੋਗ ਪਾਵੇ, ਸੋ ਚੁਰਾਸੀ ਲੱਖ ਜੂਨ ਦੇ ਆਵਾਗੌਣ ਤੇ ਛੁੱਟਕੇ ਬਕੁੰਠ ਨੂੰ ਜਾਂਦਾ ਹੈ, ਉਸ ਬਾਉਲੀ ਪਰ ਵਰ੍ਹੇ ਦੇ ਵਰ੍ਹੇ ਵੱਡਾ ਭਾਰੀ ਮੇਲਾ ਲੱਗਦਾ ਹੈ ਅਰ ਅਨੇਕ ਲੋਕ ਉਸੀ ਤਰ੍ਹਾਂ ਤਿਸ ਦੀਆਂ ਪੌੜੀਆਂ ਪੁਰ ਜਪਜੀ ਦਾ ਪਾਠ ਕਰਦੇ ਹਨ। ਅਮਰਦਾਸ ਕੈਈਆਂ ਲੋਕਾਂ ਦੀ ਕਲਿਆਣ ਕਰਕੇ ਆਖ਼ਰ ਸੰਮਤ ੧੬੩੧ ਅਰ ਸਨ ੧੫੭੪ ਈਸਵੀ ਵਿੱਚ ਸਮਾਇਆ ਅਰ ਪਿੱਛੋਂ ਉਸ ਤੇ ਗੁਰੂ ਰਾਮਦਾਸ ਜੀ ਗੁਰਿਆਈ ਦੀ ਗੱਦੀ ਪੁਰ ਵਿਰਾਜੇ॥

ਦੋਹਰਾ— ਧੰਨ ਜਨਮ ਹਨ ਉਨ੍ਹਾਂਦੇ ਜਿਨ ਦੇਕਰ ਉਪਦੇਸ਼।
ਬਹੁਤਿਆਂ ਲੋਕਾਂ ਦੇ ਹਰੇ ਮਨਦੇ ਬੁਰੇ ਕਲੇਸ਼॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਰਾਮਦਾਸ ਜੀਦਾ ਬ੍ਰਿਤਾਂਤ

ਰਾਮਦਾਸ ਸੋਢੀ ਖੱਤ੍ਰੀ ਲਾਹੌਰ ਨਾਮੇ ਪਿੰਡ ਦਾ ਵਸਕੀਣ ਸਾ, ਉਹ ਛੋਟੀ ਹੀ ਉਮਰ ਵਿਖੇ ਆਪਣਿਆਂ ਨਾਨਕਿਆਂਦੇ ਘਰ ਗੋਵਿੰਦਵਾਲ ਆ ਰਿਹਾ, ਇਸ ਦੇ ਨਾਨਕੇ ਬਹੁਤ ਗ਼ਰੀਬ ਸੇ ਅਰ ਇਹ ਸਦਾ ਘੁੰਗਣੀਆਂ ਬੇਚਕੇ ਉਨ੍ਹਾਂ ਦੀ ਅਰ ਆਪਣੀ ਗੁਜਰਾਨ ਤੋਰਦਾ ਸਾ, ਇੱਕ ਦਿਨ ਦੀ ਗੱਲ ਹੈ, ਜੋ ਇਹ ਬਾਬੇ ਅਮਰਦਾਸ ਦੇ ਦਰਵਾਜੇ ਪਾਸ ਬੈਠਾ ਘੁੰਗਣੀਆਂ ਬੇਚ ਰਿਹਾ ਸਾ, ਜੋ ਅਚਾਨਚਕ ਬਾਬੇ ਅਮਰਦਾਸ ਨੇ ਆਪਣੇ ਪਰੋਹਿਤ ਨੂੰ ਸੱਦਿਆ ਅਰ ਆਖਿਆ, ਜੋ ਮਿਸ਼ਰ ਸਾਡੀ ਕਾਕੀ ਹੁਣ ਸਿਆਣੀ ਹੋ ਗਈ ਹੈ, ਤੂੰ ਜਾਕੇ ਕਿਤੇ ਚੰਗੇ ਘਰ ਬਰ ਦੀ ਢੂੰਡ ਕਰਿ ਆ, ਇਸ ਦੀ ਕੁੜਮਾਈ ਕਰੀਯੇ। ਪਰੋਹਿਤ ਜਾਂ ਕਿਸੀ ਪਾਸੇ ਨੂੰ ਤੁਰਨ ਲੱਗਾ, ਤਾਂ ਗੁਰੂ ਜੀ ਦੀ ਇਸਤ੍ਰੀ ਨੇ ਕਿਹਾ, ਅਹੁ ਜੋ ਮੁੰਡਾ ਘੁੰਗਣੀਆਂ ਬੇਚਦਾਹੈ,ਉਸਦੇ ਹਾਣਦਾ ਬਾਲਕ ਮੇਰੀ ਕੱਕੀ ਵਾਸਤੇ ਢੂੰਡਣਾ, ਕਿਉਂ ਜੋ ਕੁੜੀ ਭੀ ਇਤਨੀਕੁ ਹੀ ਹੈ। ਉਸ ਵੇਲੇ ਗੁਰੂ ਅਮਰਦਾਸ ਉਸ ਨੀਂਗਰ ਵੱਲ ਤੱਕ ਕੇ ਅਤੇ ਉਸਦੇ ਮਸਤਕ ਤੋਂ ਖਵਰ ਨਹੀਂ ਕੀ ਸਮਝਕੇ, ਲਾਗੀ ਨੂੰ ਹੱਸਕੇ ਬੋਲੇ ਬੱਸ ਭਾਈ ਹੁਣ ਖੇਚਲ ਨਾ ਕਰ, ਵਰ ਤਾਂ ਘਰ ਬੈਠੇ ਹੀ ਲੱਭ ਪਿਆ ਹੈ,ਤਦ ਉਸ ਨੀਂਗਰ ਨੂੰ ਬੁਲਾਕੇ ਪੁੱਛਿਆ, ਬੀਬਾ ਤੂੰ ਕੌਣ ਹੁੰਦਾ ਹੈਂ ? ਉਸ ਨੇ ਕਿਹਾ ਸੋਢੀ ਖੱਤ੍ਰੀ ਹੁੰਦਾ ਹਾਂ। ਅਤੇ ਉੱਸੇ ਵੇਲੇ ਉਸ ਬਾਲਕ ਦੇ ਪੱਲੇ ਕੁੜਮਾਈ ਦਾ ਸ਼ਗਨ ਪਾਇਆ ਅਰ ਥੋਹੜਿਆਂ ਦਿਨਾਂ ਤੇ ਬਾਦ ਬਿਆਹ ਕਰਕੇ ਉਸ ਕੰਨਜਾਂ ਨੂੰ ਰਾਮਦਾਸ ਆਪਣੇ ਘਰ ਲੈ ਗਿਆ। ਇੱਕ ਬਾਰ ਉਹ ਲੜਕੀ ਆਪਣੇ ਭਰਤਾ ਰਾਮਦਾਸ ਸਮੇਤ ਪਿਤਾ ਦੇ ਪਾਸ ਆਈ ਹੋਈ ਸੀ, ਅਰ ਜਿੱਕੁਰ ਹੋਰ ਸਿੱਖ ਸੇਵਕ ਗੁਰੂ ਦੀ ਟਹਿਲ ਕਰਦੇ ਸੇ, ਇਹ ਭੀ ਸੱਚਾ ਗੁਰੂ ਜਾਣਕੇ ਟਹਿਲ ਸੇਵਾ ਕਰਦੀ ਹੁੰਦੀਸੀ। ਇੱਕਦਿਨ ਐਉਂ ਹੋਇਆ, ਜੋ ਤਿਸਦਾ ਪਿਤਾ ਚੌਂਕੀ ਪੁਰ ਬੈਠਕੇ ਨ੍ਹਾਉਂਦਾ ਸਾ, ਅਰ ਇਹ ਲੜਕੀ ਓਨ੍ਹਾਂ ਦੇ ਪਿੰਡੇ ਪੁਰ ਪਾਣੀ ਪਾਉਂਦੀ ਸੀ, ਜਾਂ ਕਾਕੀ ਚੌਂਕੀ ਪੁਰ ਪੈਰ ਧਰਕੇ ਪਾਣੀ ਪਾਉਂਣ ਲੱਗੀ, ਤਾਂ ਚੌਂਕੀ ਦੀ ਮੇਖ਼ ਓਸ ਦੇ ਪੈਰ ਵਿੱਚ ਵੜ ਗਈ। ਪਰ ਉਸਨੇ ਇਹ ਸਮਝ ਕੇ ਕਿ ਜੇ ਹੁਣ ਪੈਰ ਚੱਕਦੀ ਹਾਂ, ਤਾਂ ਮੇਰਾ ਲਹੂ ਦੇਖਕੇ ਪਿਤਾ ਨੂੰ ਅਸਨਾਨ ਕਰਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁੱਲ ਜਾਵੇਗਾ, ਪੈਰ ਨੂੰ ਮੇਖ਼ ਤੇ ਨਾ ਚੁੱਕਿਆ। ਜਾਂ ਲਹੂ ਚੌਂਕੀ ਤੇ ਹੇਠ ਤੱਕ ਭੀ ਆ ਗਿਆ ਤਾਂ ਗੁਰੂ ਜੀ ਨੇ ਪੁੱਛਿਆ ਪੁੱਤ ਇਹ ਲਹੂ ਕਿੱਥੋਂ ਆਇਆ ਹੈ? ਕਾਕੀ ਨੇ ਜੋ ਝੂਠ ਬੋਲਣਾ ਭੀ ਅੱਛਾ ਨਹੀਂ ਮੰਨਦੀ ਸੀ, ਪਿਤਾ ਨੂੰ ਬਾਰ ਬਾਰ ਪੁੱਛਦਾ ਦੇਖਕੇ ਸੱਚ ਸੱਚ ਕਹਿ ਦਿੱਤਾ। ਗੁਰੂ ਅਮਰਦਾਸ ਨੇ ਸੁਣਕੇ ਬੇਟੀ ਨੂੰ ਗਲ ਨਾਲ ਲਾਇਆ ਅਰ ਆਖਿਆ ਪੁੱਤ ਮੈਂ ਤੇਰੇ ਧੀਰਜ ਅਰ ਗੁਰੂ ਭਗਤੀ ਤੇ ਬਹੁਤ ਪ੍ਰਸਿੰਨ ਹੋਕੇ ਅੱਜ ਤੇ ਤੈਨੂੰ ਗੁਰਿਆਈ ਦਾ ਤਖ਼ਤ ਦਿੰਦਾ ਹਾਂ। ਬੇਟੀ ਨੇ ਹਥ ਜੋੜਕੇ ਅਰਜ ਕੀੱਤੀ, ਹੇ ਸੱਚੇ ਗੁਰੂ ਮੇਰੇ ਪਿਤਾ! ਇਹ ਤਖ਼ਤ ਮੇਰੇ ਭਰਤੇ ਨੂੰ ਬਖਸ਼ੋ। ਗੁਰੂ ਨੇ ਉਸੀ ਵੇਲੇ ਸਭਨਾਂ ਸਿੱਖਾਂ ਦੇ ਸਾਮ੍ਹਣੇ ਉਸ ਦੇ ਭਰਤੇ ਰਾਮਦਾਸ ਜੀ ਅੱਗੇ ਪੰਜ ਪੈਸੇ ਨਲੇਰ ਰੱਖਕੇ ਮੱਥਾ ਟੇਕਿਆ, ਅਰ ਆਖਿਆ, ਜੋ ਅੱਜ ਮੈਂ ਗੁਰਿਆਈ ਦਾ ਤਖ਼ਤ ਰਾਮਦਾਸ ਸੋਢੀ ਨੂੰ ਬਖ਼ਸ਼ਦਾ ਹਾਂ। ਜੋ ਮੇਰਾ ਸਿੱਖ ਹੋਵੇ ਸੋ ਇਸ ਨੂੰ ਗੁਰੂ ਕਰਕੇ ਜਾਣੇ, ਫੇਰ ਰਾਮਦਾਸ ਨੂੰ ਵਾਹਗੁਰੂ ਨਾਮ ਦਾ ਉਪਦੇਸ਼ ਦੇਕੇ ਸਭ ਰਹਿਤ ਬਹਿਤ ਸਿਖਾਲੀ ਅਰ ਆਪਣੀ ਦਯਾ ਨਾਲ ਤਿਸ ਨੂੰ ਧਰਮ ਦੇ ਰਸਤੇ ਚਲਾਇਆ। ਅਮਰਦਾਸ ਦੇ ਜੋਤੀ ਜੋਤ ਸਮਾਣੇ ਦੇ ਪਿੱਛੋਂ ਗੁਰੂ ਰਾਮਦਾਸ ਗੁਰੂਚੱਕ ਵਿਖੇ ਰਹਿਣ ਲੱਗਾ, ਉੱਥੇ ਸਭ ਸਿੱਖ ਲੋਕ ਆਉਣ ਲੱਗੇ, ਸਭਨਾਂ ਸੰਗਤਾਂ ਨੇ ਗੁਰੂਚੱਕ ਨੂੰ ਗੁਰਦੁਆਰੇ ਦੀ ਜਗਾ ਮੰਨਿਆਂ। ਇਹ ਰਾਮਦਾਸ ਵੱਡਾ ਉੱਤਮ ਪੁਰਖ ਹੋਇਆ, ਅਰ ਗੁਰਿਆਈ ਦੀ ਵਡਿਆਈ ਪਾਕੇ ਭੀ ਇਸ ਨੂੰ ਹੰਕਾਰ ਨਹੀਂ ਹੋਇਆ, ਇਸ ਦਾ ਸੁਭਾਉ ਬਹੁਤ ਹੀ ਨਰਮ ਅਰ ਅੱਠੇ ਪਹਿਰ ਗੁਰੂ ਨਾਨਕ ਦੀ ਰੀਤ ਮੂਜਬ ਪਰਮੇਸੁਰ ਵੱਲ ਧਿਆਨ ਰੱਖਦਾ ਸਾ। ਇੱਕ ਬਾਰ ਕਿਸੀ ਜਗਾ ਸਿਰੀਚੰਦ ਨਾਲ ਜੋ ਬਾਬੇ ਨਾਨਕ ਦਾ ਪੁਤ੍ਰ ਸਾ, ਇਨ੍ਹਾਂ ਦੀ ਦਰਸਨ ਭੇਟ ਹੋਈ, ਅਰ ਸਿਰੀਚੰਦ ਨੇ ਇਨ੍ਹਾਂ ਦੀ ਦਾੜ੍ਹੀ ਬਹੁਤ ਲੰਮੀਂ ਦੇਖਕੇ ਪੁੱਛਿਆ, ਜੋ ਹੇ ਰਾਮਦਾਸ ਜੀ ਤੁਸੀਂ ਦਾੜ੍ਹੀ ਐਡੀ ਲੰਮੀਂ ਕਿਉਂ ਵਧਾਈ ਹੈ? ਰਾਮਦਾਸ ਨੇ ਉੱਤਰ ਦਿੱਤਾ, ਹੇ ਸੱਚੇ ਪਾਦਸ਼ਾਹ ਤੁਸਾਡਿਆਂ ਚਰਨਾਂ ਦੀ ਗਰਦ ਝਾੜਨੇ ਲਈ ਵਧਾਈਹੈ, ਇਹ ਸੁਣਕੇ ਸਿਰੀਚੰਦਨੇ ਕਿਹਾ, ਭਾਈ ਤੁਸਾਂ ਲੋਕਾਂ ਅਜਿਹੀਆਂ ਹੀ ਪ੍ਰੇਮ ਭਗਤ ਦੀਆਂ ਗੱਲਾਂ ਕਰਕੇ ਗੁਰਿਆਈ ਦਾ ਤਖ਼ਤ ਪਾਇਆ ਅਰ ਅਸੀਂ ਪੁੱਤ ਹੋਕੇ ਭੀ ਖਾਲੀ ਰਹ ਗਏ। ਗੱਲ ਕਾਹਦੀ ਗੁਰੂ ਰਾਮਦਾਸ ਬਹੁਤ ਉੱਤਮ ਲੋਕ ਸਾ, ਵਡਿਆਈ ਨੂੰ ਪਾਕੇ ਭੀ ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲ ਘਮੰਡ ਵਿੱਚ ਨਹੀਂ ਆਇਆ। ਇਸੀ ਬਾਬੇ ਰਾਮਦਾਸ ਨੇ ਗੁਰੂ ਚੱਕ ਵਿਖੇ ਇੱਕ ਪੁਰਾਣਾ ਤਲਾਉ ਪਰਗਟ ਕਰਕੇ ਉਸਦਾ ਨਾਮ ਅਮ੍ਰਿਤਸਰ ਰੱਖਿਆ ਅਰ ਵਿੱਚ ਇੱਕ ਸ਼ਬਦ ਕੀਰਤਨ ਦੀ ਜਗਾ ਬਣਾਕੇ ਤਿਸ ਦਾ ਨਾਮ ਹਰਮੰਦਰ ਜੀ ਧਰਿਆ, ਉਸ ਤਲਾਉ ਦੇ ਸਬੱਬ ਫੇਰ ਗੁਰੂਚੱਕ ਦਾ ਨਾਮ ਸਿਰੀ ਅਮ੍ਰਿਤਸਰ ਪੈ ਗਿਆ। ਇਸ ਗੁਰੂ ਰਾਮਦਾਸ ਨੇ ਭੀ ਬਾਣੀ ਬਹੁਤ ਉਚਰੀ ਹੈ। ਫੇਰ ਆਪਣੇ ਪੁਤ੍ਰ ਅਰਜਨ ਨੂੰ ਗੁਰਿਆਈ ਦੇਕੇ ਆਪ ਸੰਮਤ ੧੬੩੯ ਅਰ ਸਨ ੧੫੮੧ ਵਿੱਚ ਦੁਨੀਆਂ ਤੇ ਕੂਚ ਕੀੱਤਾ॥

ਦੋਹਰਾ—ਜਗ ਵਿੱਚ ਤਿਨਦਾ ਆਵਨਾਂ ਸੁਫਲਾ ਹੁੰਦਾ ਆਇ।
ਜੋ ਪਾਪਾਂ ਤੇ ਕੱਢਕੇ ਦੇਂਦੇ ਪੁੰਨ ਲਗਾਇ॥

ਗੁਰੂ ਅਰਜਨ ਜੀ ਦਾ ਬ੍ਰਿਤਾਂਤ

ਅਰਜਨ ਦੇਵ ਨਿਆਣਪੁਣੇ ਤੇ ਹੀ ਪਿਤਾ ਦੀ ਆਗਿਆ ਵਿੱਚ ਰਹਿੰਦਾ ਅਰ ਪਰਮੇਸੁਰ ਦੇ ਭਜਨ ਵੱਲ ਖਿਆਲ ਰੱਖਦਾ ਸਾ, ਇਸ ਦੀ ਉੱਤਮਤਾਈ ਦੇਖਕੇ ਪਿਤਾ ਨੇ ਸਾਰਿਆਂ ਸਿੱਖਾਂ ਦੇ ਸਾਮ੍ਹਣੇ ਪਿਛਲੀ ਰੀਤ ਮੂਜਬ ਇਸ ਨੂੰ ਗੁਰਿਆਈ ਬਖ਼ਸ਼ੀ ਅਰ ਲੋਕਾਂ ਵਿਖੇ ਗੁਰੂ ਅਰਜਨ ਸਾਹਿਬ ਨਾਮ ਰੱਖਿਆ। ਜਾਂ ਅਰਜਨ ਪਿਤਾ ਤੇ ਪਿੱਛੋਂ ਧਰਮ ਦੇ ਰਾਹ ਨੂੰ ਸੁਧਾਰਨ ਲੱਗਾ, ਤਾਂ ਸੰਗਤਾਂ ਬਹੁਤ ਜਮਾ ਹੋਣ ਲੱਗੀਆਂ, ਇੱਕ ਦਿਨ ਸਭਨਾਂ ਸਿੱਖਾਂ ਨੇ ਅਰਜ ਕੀੱਤੀ, ਜੋ ਹੇ ਗੁਰੂ ਜੋ ਜੋ ਸ਼ਬਦ ਗੁਰੂ ਨਾਨਕ ਜੀ ਦੇ ਉਚਰੇ ਹੋਏ ਹਨ, ਉਨ੍ਹਾਂ ਨੂੰ ਸੁਣਕੇ ਤਾਂ ਮਨ ਨੂੰ ਸ਼ਾਂਤ ਆਉਂਦੀ ਅਰ ਭਜਨ ਦੀ ਚੌਂਪ ਵਧਦੀ ਹੈ ਅਰ ਜੋ ਸੋਢੀਆਂ ਬੇਦੀਆਂ ਤੇ ਹੋਰਨਾਂ ਨੇ ਬਹੁਤ ਬਾਣੀ ਅਰ ਸ਼ਬਦ ਉਚਾਰਕੇ ਬਾਬੇ ਨਾਨਕ ਦਾ ਨਾਮ ਪਾ ਦਿੱਤਾ ਹੈ, ਉਨ੍ਹਾਂ ਸ਼ਬਦਾਂ ਨੂੰ ਪੜ੍ਹਕੇ ਮਨੁੱਖ ਦੇ ਦਿਲ ਵਿੱਚ ਅਭਮਾਨ ਅਰ ਚਤੁਰਾਈ ਪੈਦਾ ਹੁੰਦੀ ਹੈ, ਇਸ ਕਰਕੇ ਚਾਹੀਦਾ ਹੈ ਜੋ ਗੁਰੂ ਨਾਨਕ ਜੀ ਦੀ ਬਾਣੀ ਪੁਰ ਕੋਈ ਨਸ਼ਾਨੀ ਹੋ ਜਾਵੇ, ਜੋ ਲੋਕ ਹੋਰਨਾਂ ਬਾਣੀਆਂ ਤੇ ਜੁਦੀ ਪਛਾਣ ਲਿਆ ਕਰਨ। ਗੁਰੂ ਅਰਜਨ ਦੇਵ ਨੇ ਇਹ ਸੁਣਕੇ ਨਾਨਕ ਜੀ ਦੀ ਸਭ ਬਾਣੀ ਕਈਆਂ ਜਾਗਾਂ ਤੇ ਕੱਠੀ ਕਰਾਈ ਅਰ ਬਾਬੇ ਨਾਨਕ ਦੇ ਪਿੱਛੋਂ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਅੰਗਦ ਆਦਕ ਹੋਰ ਗੁਰੂ ਗੁਜਰੇ ਸੇ, ਉਨ੍ਹਾਂ ਦੇ ਸ਼ਬਦ ਅਰ ਹੋਰਨਾਂ ਭਗਤਾਂ ਦੇ ਸ਼ਬਦ ਭੀ ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਨੁਸਾਰ ਸਣ ਕੱਠੇ ਕਰ ਕੇ ਭਾਈ ਗੁਰਦਾਸ ਨੂੰ ਦਿੱਤੇ, ਜੋ ਇਨ੍ਹਾਂ ਸਭਨਾਂ ਨੂੰ ਗੁਰਮੁਖੀ ਅੱਛਰਾਂ ਵਿੱਚ ਇੱਕ ਥਾਂ ਇਕੱਠੇ ਕਰਣ। ਅਰ ਅੰਗਦ ਆਦਕ ਹੋਰਨਾਂ ਗੁਰੂਆਂ ਨੇ ਭੀ ਜੋ ਆਪਣੀ ਬਾਣੀ ਵਿਖੇ ਨਾਨਕ ਦਾ ਹੀ ਨਾਮ ਪਾਇਆ ਹੋਇਆ ਸਾ, ਖਿਆਲ ਕੀਤਾ, ਜੋ ਸਿੱਖਾਂ ਨੂੰ ਬਾਣੀ ਦਾ ਜੁਦਾ ਕਰਨਾ ਔਖਾ ਹੋਵੇਗਾ, ਸੋ ਜਿੱਥੇ ਨਾਨਕ ਦਾ ਸ਼ਬਦ ਹੈ, ਉੱਥੇ ਇਹ ਪਤਾ ਲਿਖਿਆ (ਮਹੱਲਾ ਪਹਿਲਾ) ਅਰ ਜਿੱਥੇ ਦੂਜੀ ਪਾਦਸ਼ਾਹੀ ਦੇ ਉਚਰੇ ਹੋਏ ਸ਼ਬਦ ਸੇ, ਉੱਥੇ ਮਹੱਲਾ ਦੂਜਾ ਲਿਖਿਆ, ਇਸੀ ਤਰ੍ਹਾਂ ਮਹੱਲਾ ਤੀਜਾ, ਮਹੱਲਾ ਚੌਥਾ ਲਿਖਕੇ ਸਭਨਾਂ ਗੁਰੂਆਂ ਦੀ ਬਾਣੀ ਜੁਦੀ ਜੁਦੀ ਕੀਤੀ ਅਰ ਆਪ ਭੀ ਜੋ ਬਾਣੀ ਉਚਰੀ ਭਾਵੇਂ ਉਸ ਵਿੱਚ ਭੀ ਨਾਮ ਤਾਂ ਗੁਰੂ ਨਾਨਕ ਦਾ ਹੀ ਹੈ, ਪਰ ਮਹੱਲਾ ਪੰਜਵਾਂ ਕਰਕੇ ਉਸ ਨੂੰ ਭੀ ਹੋਰਨਾਂ ਤੇ ਜੁਦਾ ਕੀਤਾ। ਹੋਰ ਜੋ ਕਬੀਰ ਅਰ ਰਾਮਾਨੰਦ ਅਰ ਧੰਨਾ ਭਗਤ ਤੇ ਨਾਮ ਦੇਵ ਤੇ ਰਵਦਾਸ ਆਦਕ ਭਗਤਾਂ ਦੀ ਬਾਣੀ ਉਸ ਵਿਖੇ ਲਿਖੀ, ਉੱਥੇ ਉਨ੍ਹਾਂ ਉਨ੍ਹਾਂ ਹੀ ਭਗਤਾਂ ਦਾ ਨਾਮ ਲਿਖ ਦਿੱਤਾ, ਜਿਨ੍ਹਾਂ ਲੋਕਾਂ ਨੇ ਵੇਦਾਂਤ ਮਤ ਅਰ ਹੋਰਨਾਂ ਮਤਾਂ ਦੇ ਸ਼ਬਦ ਜੋ ਭਗਤੀ ਤੇ ਬਾਹਰ ਹਨ ਉਚਰੇ, ਸੋ ਉੱਥੇ ਨਹੀਂ ਲਿਖੇ, ਇਸ ਤਰ੍ਹਾਂ ਸਭ ਬਾਣੀ ਇੱਕ ਜਗਾ ਕੱਠੀ ਲਿਖਕੇ ਗ੍ਰੰਥਦੀ ਬੀੜ ਬਨ੍ਹੀ ਅਰ ਜਾਂ ਉਹ ਗ੍ਰੰਥ ਤਿਆਰ ਹੋਗਿਆ, ਤਾਂ ਉਸਦਾ ਨਾਮ ਗ੍ਰੰਥਸਾਹਬ ਰੱਖਿਆ। ਅਰ ਸਿੱਖਾਂ ਵਿੱਚ ਇਹ ਗੱਲ ਪ੍ਰਗਟ ਕੀਤੀ, ਕਿ ਹੇ ਭਾਈ ਸਿੱਖੋ ਲਓ ਜੋ ਇਸ ਪੁਸਤਕ ਵਿਖੇ ਹੈ ਸੋ ਸਭ ਕੁਛ ਤੁਸਾਡੇ ਮੰਨਣੇ ਜੋਗ ਹੈ ਅਰ ਜੋ ਬਾਣੀ ਇਸ ਤੇ ਬਾਹਰ ਹੈ, ਚਾਹੇ ਕੋਈ ਉਸ ਵਿੱਚ ਨਾਨਕ ਦਾ ਨਾਮ ਭੀ ਸੁਣਾਵੇ, ਪਰ ਤੁਸੀਂ ਉਸ ਨੂੰ ਕਬੂਲ ਨਾ ਕਰੀਓ। ਅਤੇ ਆਖਦੇ ਹਨ, ਕਿ ਥੋਹੜੇ ਜਿਹੇ ਪੱਤ੍ਰੇ ਖਾਲੀ ਛੱਡਕੇ ਕਿਹਾ, ਜੋ ਇਨ੍ਹਾਂ ਵਿੱਚ ਸਾਤੇ ਪਿੱਛੋਂ ਨੌਮੀ ਪਾਦਸ਼ਾਹੀ ਦੇ ਸ਼ਬਦ ਲਿਖੇ ਜਾਣਗੇ ਅਰ ਉਸ ਤੇ ਪਹਿਲਾਂ ਹੋਰ ਕੋਈ ਗੁਰੂ ਬਾਣੀ ਨਹੀਂ ਉਚਰੇਗਾ। ਇਸ ਗੁਰੂ ਅਰਜਨ ਜੀਦੇ ਘਰ ਇੱਕ ਪੁੱਤ੍ਰ ਜਨਮਿਆਂ ਅਰ ਉਸ ਦਾ ਨਾਮ ਹਰਗੋਵਿੰਦ ਰੱਖਿਆ, ਜਾਂ ਉਹ ਬਾਲਕ ਸਿਆਣਾ ਹੋਇਆ, ਤਾਂ ਨਾਈ ਅਰ ਬ੍ਰਾਹਮਣ ਆਕੇ ਓਸ ਦੇ ਨਾਲ ਚੰਦੂਸ਼ਾਹ ਦੀ ਬੇਟੀ ਦੀ, ਜੋ ਦਿੱਲੀ ਵਿਖੇ ਪਾਦਸ਼ਾਹਾਂ ਦਾ ਦੀਵਾਨ ਸਾ, ਕੁੜਮਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਗਏ, ਜਾਂ ਚੰਦੂਸ਼ਾਹ ਨੇ ਲੋਕਾਂ ਤੇ ਸੁਣਿਆਂ, ਭਈ ਜਿਸ ਦੇ ਘਰ ਮੇਰੀ ਬੇਟੀ ਮੰਗੀ ਹੈ, ਉਹ ਫਕੀਰਾਂ ਵਰਗਾ ਵਤੀਰਾ ਰੱਖਦੇ ਅਰ ਝੜਾਵੇ ਖਾਂਦੇ ਹਨ, ਤਾਂ ਬ੍ਰਾਹਮਣ ਅਰ ਨਾਈ ਨੂੰ ਬਹੁਤ ਖਫੇ ਹੋਕੇ ਘਰੋਂ ਕੱਢ ਦਿੱਤਾ। ਅਰਜਨ ਜੀਨੇ ਏਹ ਗੱਲ ਸੁਣਕੇ, ਜੋ ਸਾਡੇ ਕਾਰਨ ਨਾਈ ਬ੍ਰਾਹਮਣ ਨੇ ਸਜਾ ਪਾਈ, ਚੰਦੂਸ਼ਾਹਨੂੰ ਇਹ ਲਿਖ ਭੇਜਿਆ, ਜੋ ਅਸੀਂ ਤੇਰੀ ਧੀ ਦੀ ਕੁੜਮਾਈ ਛੱਡੀ, ਤੁਸੀਂ ਹੋਰ ਕਿਸੀ ਜਗ੍ਹਾ ਮੰਗ ਲਵੋ, ਅਸੀਂ ਇਹ ਕੁੜਮਾਈ ਕਦੀ ਨਹੀਂ ਲਵਾਂਗੇ। ਚੰਦੂਸ਼ਾਹ ਧੀ ਦੀ ਕੁੜਮਾਈ ਛੁੱਟ ਜਾਣੇ ਦੇ ਸਬੱਬ ਲੋਕਾਂ ਵਿਖੇ ਬਹੁਤ ਸ਼ਰਮਿੰਦਾ ਹੋਇਆ ਅਰ ਉਸੀ ਦਿਨ ਤੇ ਗੁਰੂ ਅਰਜਨ ਨਾਲ ਵੈਰ ਬਨ੍ਹ ਲਿਆ। ਪਾਦਸ਼ਾਹਾਂ ਪਾਸ ਝੂਠੀਆਂ ਤੁਹਮਤਾਂ ਲਾਕੇ ਗੁਰੂ ਅਰਜਨ ਜੀ ਨੂੰ ਲਹੌਰ ਬੁਲਾਇਆ ਅਰ ਵੱਡੀ ਔਖੀ ਤਕਲੀਫ ਦੁਆਈ, ਪਰ ਗੁਰੂ ਅਰਜਨ ਜੀ ਉਸ ਦੁੱਖ ਨੂੰ ਕਰਤਾਰ ਦਾ ਭਾਣਾ ਜਾਣ ਕੇ ਕਦੀ ਉਦਾਸ ਨਹੀਂ ਹੁੰਦੇ ਸੇ, ਇਹ ਜਾਣਕੇ ਖੁਸ਼ੀ ਰਹਿੰਦੇ ਸੇ, ਜੋ ਪਰਮੇਸੁਰ ਦੀ ਮੇਰੇ ਨਾਲ ਇਹੀ ਮਰਜੀ ਹੈ। ਇੱਕ ਦਿਨ ਉਸ ਪਾਪੀ ਨੇ ਪਾਦਸ਼ਾਹ ਨੂੰ ਇਹ ਸਿਖਾਲਿਆ, ਜੋ ਏਹ ਸ਼ਰਾ ਵੱਲੋਂ ਕਾਫਰ ਹੈ। ਅਰ ਸਾਰੀ ਪੰਜਾਬ ਇੰਨ੍ਹੂੰ ਸੱਚਾ ਪਾਦਸ਼ਾਹ ਆਖਦੀ ਹੈ, ਅਰ ਤੁਹਾਨੂੰ ਝੂਠਾ ਪਾਦਸ਼ਾਹ ਸਮਝਦੀ ਹੈ। ਇਸ ਨੂੰ ਕਿਸੇ ਭਾਂਤ ਮਰਵਾ ਸਿੱਟਣਾ ਹੀ ਚੰਗਾ ਹੈ, ਅਜੇਹਾ ਨਾ ਹੋਵੇ ਜੋ ਆਪ ਕਦੀ ਕਸ਼ਮੀਰ ਆਦਿਕ ਦੀ ਸੈਲ ਨੂੰ ਜਾਓ, ਤਾਂ ਪੰਜਾਬ ਵਿੱਚ ਰੌਲਾ ਨਾ ਉਠ ਖਲੋਵੇ, ਜਿਸਦਾ ਸੰਭਾਲਨਾ ਮੁੜ ਔਖਾ ਹੋ ਜਾਵੇ। ਇਹ ਗੱਲ ਸੱਚੀ ਸਮਝਕੇ ਪਾਦਸ਼ਾਹ ਨੇ ਚੰਦੂ ਨੂੰ ਹੀ ਆਗਯਾ ਦੇ ਦਿੱਤੀ ਜੋ ਜਿਵੇਂ ਤੇਰਾ ਜੀ ਚਾਹੇ ਕਰ। ਸੋ ਚੰਦੂ ਨੇ ਗੁਰੂ ਜੀ ਨੂੰ ਲਾਹੌਰ ਦੇ ਕਿਲੇ ਵਿੱਚ ਰੱਖਿਆ, ਅਰ ਬੜੇ੨ ਔਖ ਦਿਖਾਏ ਜੋ ਕਿਵੇਂ ਮੇਰੀ ਕਾਕੀ ਦਾ ਸਾਕ ਮੂੰਹੋਂ ਮੰਗੇ, ਪਰ ਮਹਾਤਮਾ ਸੱਚੇ ਗੁਰੂ ਮੂੰਹੋਂ ਵਾਕ ਕਢਕੇ ਕੀਕੁਰ ਮੋੜਦੇਸੇ। ਦਿਵਾਨ ਚੰਦੂ ਦੇ ਹੱਥੋਂ ਮੌਤ ਸਿਰ ਤੇ ਝੱਲੀ, ਪਰ ਬਚਨ ਨਾ ਮੋੜਿਆ। ਚੰਦੂ ਨੂੰ ਕਿਹਾ ਖਤ੍ਰੀਆ! ਤੈਨੂੰ ਇਹਭੀ ਖਬਰ ਨਹੀਂ ਜੋ ਖਤ੍ਰੀ ਬ੍ਰਾਹਮਨ ਅੰਤ ਸਮੇ ਕੀ ਕਰਦੇ ਹਨ? ਸਾਨੂੰ ਰਾਵੀ ਸਨਾਨ ਅਰ ਕੁਝ ਅੰਤ ਸਮੇ ਦਾ ਜਗਤ ਮਰਯਾਦ ਲਈ ਦਾਨ ਕਰ ਲੈਨ ਦੇ। ਮੁੜ ਜੋ ਤੂੰ ਚਾਹੇਂ ਕਰੀਂ, ਮਨੁੱਖ ਦੀ ਮੌਤ ਇੱਕੋ ਵੇਰ ਹੀ ਹੁੰਦੀ ਹੈ ਦੋ ਚਾਰ ਵੇਰ ਨਹੀਂ। ਇਹ ਸੁਣਕੇ ਜਾਂ ਸਨਾਨ ਕਰਨ ਲਈ ਪਹਿਰਾ ਮਿਲਿਆ, ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਵੀ ਵਿੱਚ ਵੜੇ ਅਰ ਚੁੱਭੀ ਮਾਰੀ ਤਾਂ ਫੇਰ ਕਿਤੇ ਪਤਾ ਨਾ ਮਿਲਿਆ, ਜੋ ਸਤਗੁਰੂ ਕਿੱਥੇ ਸਮਾਏ। ਅਰ ਗੁਰੂ ਜੀ ਨੇ ਪਹਿਲਾਂ ਹੀ ਆਪਣੇ ਪੁਤ੍ਰ ਹਰਿ ਗੋਵਿੰਦ ਨੂੰ ਜੋ ਵੱਡਾ ਆਗਿਆਕਾਰ ਅਰ ਪਰਮੇਸੁਰ ਦਾ ਭਗਤ ਸਾ, ਗੁਰਿਆਈ ਦੀ ਗੱਦੀ ਦੇ ਦਿੱਤੀ ਸੀ। ਤੇ ਆਪ ਸੰਮਤ ੧੬੬੩ ਅਰ ਸੰ: ੧੬੦੬ ਈ: ਵਿਚ ਪ੍ਰਲੋਕ ਗਮਨ ਕੀਤਾ।

ਦੋਹਰਾ—ਗੁਰੁ ਅਰਜਨ ਨੂੰ ਪੂਜਦੇ, ਕਰਕੇ ਸਰਧਾ ਲੋਗ।
ਚੰਦੂ ਮੰਦੂ ਪਰ ਰਹੂ, ਸਦਾ ਵਾਸਤੇ ਸੋਗ॥

ਗੁਰੂ ਹਰਗੋਵਿੰਦ ਜੀ ਦਾ ਬ੍ਰਿਤਾਂਤ

ਇਹ ਗੁਰੂ ਛੋਟੀ ਉਮਰ ਤੇ ਹੀ ਪਿਤਾ ਦੀ ਆਗਿਆ ਵਿੱਚ ਰਹਿੰਦਾ ਅਰ ਬਹੁਤ ਵਹਿਲ ਸੇਵਾ ਕਰਦਾ ਸਾ। ਲਾਲਾ ਪ੍ਰਿਥੀਮੱਲ ਜੋ ਇਸਦਾ ਤਾਇਆ ਸਾ, ਉਹ ਗੁਰਿਆਈ ਦੀ ਗੱਦੀ ਲੈਣੇ ਵਾਸਤੇ ਅੰਦਰਲੇ ਖਾਨਿਓਂ ਇਨ੍ਹਾਂ ਨਾਲ ਵੈਰ ਰੱਖਦਾ ਸਾ। ਇੱਕ ਦਿਨ ਗੁਰੂ ਰਾਮਦਾਸਜੀ ਨੇ ਆਪਣੇ ਵੱਡੇ ਪੁਤ੍ਰ ਪਿਰਥੀਮੱਲ ਨੂੰ ਕਿਹਾ ਜੋ ਹੇ ਪੁਤ੍ਰ ਛੇਕੁ ਮਹੀਨੇ ਸਾਡਾ ਕੁਝ ਕੰਮ ਲਹੌਰ ਹੈ ਤੂੰ ਜਾ। ਪਿਰਥੀਮੱਲ ਨੇ ਇਹ ਸਮਝ ਕੇ ਜੋ ਮੇਰੇ ਪਿੱਛੋਂ ਕਿਤੇ ਮੇਰੇ ਛੋਟੇ ਭਰਾ ਅਰਜਨ ਨੂੰ ਗੱਦੀ ਨਾ ਮਿਲ ਜਾਏ, ਲਹੌਰ ਜਾਣਾ ਕਬੂਲ ਨਾ ਕੀਤਾ। ਫੇਰ ਅਰਜਨ ਨੂੰ ਕਿਹਾ ਪੁਤ੍ਰ ਤੂੰ ਲਹੌਰ ਜਾ, ਉਸਨੇ ਕਿਹਾ ਮਹਾਰਾਜ ਬਹੁਤ ਹੱਛਾ, ਮੱਥਾ ਟੇਕਕੇ ਲਹੌਰ ਨੂੰ ਚਲਿਆ ਗਿਆ। ਜਾਂ ਉੱਥੇ ਰੈਂਹਦੇ ਨੂੰ ਛੇ ਮਹੀਨੇ ਗੁਜਰੇ, ਤਾਂ ਪਿਤਾ ਵੱਲ ਇਹ ਲਿਖ ਭੇਜਿਆ ਜੋ ਜੇ ਆਗਯਾ ਹੋਵੇ ਤਾਂ ਆਪਦੇ ਦਰਸਣ ਨੂੰ ਆਵਾਂ? ਜਾਂ ਉਹ ਅਰਦਾਸ ਅੰਮ੍ਰਿਤਸਰ ਪਹੁੰਚੀ, ਤਾਂ ਪਿਰਥੀਮੱਲ ਨੇ ਗੁਰੂ ਤੱਕ ਨਾ ਪਹੁੰਚਣ ਦਿੱਤੀ, ਪੜ੍ਹਕੇ ਆਪ ਹੀ ਰੱਖ ਲਈ। ਇਸੀ ਤਰ੍ਹਾਂ ਇੱਕ ਹੋਰ ਅਰਦਾਸ ਭੇਜੀ ਪਰ ਉਹ ਭੀ ਪਿਰਥੀਮੱਲ ਨੇ ਪਿਤਾ ਤਕ ਨਾ ਪੁੱਜਣ ਦਿੱਤੀ। ਉਸਨੇ ਫੇਰ ਤੀਜੀ ਅਰਦਾਸ ਬਹੁਤ ਤੜਫਨਾ ਨਾਲ ਸ਼ਬਦ ਰਚਕੇ ਭੇਜੀ ਅਰ ਇਹ ਭੀ ਲਿਖਿਆ, ਜੋ ਹੇ ਪਿਤਾ! ਮੇਤੇ ਕੀ ਅਵਗਿਆ ਹੋਈ ਹੈ, ਜੋ ਨਾ ਮੈਂਨੂੰ ਦਰਸਣ ਲਈ ਬੁਲਾਉਂਦੇ ਹੋ ਅਰ ਨਾ ਮੇਰੀਆਂ ਅਰਦਾਸਾਂ ਦਾ ਉੱਤਰ ਭੇਜਦੇ ਹੋ, ਮੈਂ ਤੁਸਾਡੇ ਦਰਸਣ ਨੂੰ ਬਹੁਤ ਲੋਚਦਾ ਹਾਂ, ਕਿਰਪਾ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਬੁਲਾ ਲਓ। ਓਹ ਸਬਦ ਜੋ ਤਿਸਨੇ ਉਸ ਅਰਦਾਸ ਵਿੱਚ ਲਿਖੇ ਉਨ੍ਹਾਂ ਨੂੰ ਹਜਾਰੇ ਸ਼ਬਦ ਆਖਦੇ ਹਨ। ਉਹ ਅਰਦਾਸ ਕਿਸੀ ਤਰ੍ਹਾਂ ਪਿਤਾ ਦੇ ਹੱਥ ਆ ਗਈ, ਜਾਂ ਪਿਤਾ ਨੇ ਉਸਦੀ ਤੜਫਨਾ ਪੜ੍ਹੀ ਅਰ ਮਲੂਮ ਕੀਤਾ, ਜੋ ਇਸਤੇ ਪਹਿਲਾਂ ਤਿਸ ਦੀਆਂ ਦੋ ਅਰਦਾਸਾਂ ਸਾਡੇ ਪਾਸ ਪਹੁੰਚਣੀਆਂ ਨਹੀਂ ਪਾਈਆਂ, ਤਾਂ ਪਿਰਥੀਮੱਲ ਨੂੰ ਪੁਛਿਆ, ਜੋ ਇਸਦਾ ਕੀ ਕਾਰਣ ਹੈ। ਉਹ ਪਹਿਲਾਂ ਤਾਂ ਬਹੁਤ ਮੁੱਕਰਿਆ, ਪਰ ਫੇਰ ਆਪਹੀ ਕਹਿਣ ਲੱਗਾ। ਜੋ ਹੇ ਗੁਰੂ ਮੈਂ ਉਸਦੀਆਂ ਚਿੱਠੀਆਂ ਤੁਸਾਡੇ ਪਾਸ ਨਹੀਂ ਪਹੁੰਚਨ ਦਿੱਤੀਆਂ। ਗੁਰੂ ਨੇ ਚਿੱਠੀਆਂ ਲੈਕੇ ਅਰਜਨ ਨੂੰ ਲਹੋਰੋਂ ਬੁਲਾਇਆ। ਭਾਵੇਂ ਪਿਰਥੀਮੱਲ ਕਿਤਨੇ ਹੀ ਝਗੜੇ ਕਰ ਰਿਹਾ, ਪਰ ਗੁਰਿਆਈ ਦੀ ਗੱਦੀ ਸਭਨਾਂ ਲੋਕਾਂ ਦੇ ਸਾਮ੍ਹਣੇ ਪੁਰਾਣੀ ਰੀਤ ਮੂਜਬ ਅਰਜਨ ਨੂੰ ਦਿੱਤੀ। ਹੁਣ ਜਦ ਗੁਰੂ ਅਰਜਨਜੀ ਜੋਤੀਜੋਤ ਸਮਾਏ ਅਤੇ ਗੁਰੂ ਹਰਗੋਵਿੰਦ ਵੱਲ ਜਿਨ੍ਹਾਂ ਨੂੰ ਗੱਦੀ ਮਿਲੀ ਸਭ ਸੰਗਤਾਂ ਝੁਕ ਪਈਆਂ ਤਾਂ ਪਿਰਥੀਮੱਲ ਬਹੁਤ ਖਾਰ ਖਾਣ ਲੱਗਾ। ਇਕਦਿਨ ਉਸਨੇ ਇਹ ਡੌਲ ਕੀਤੀ, ਕਿ ਚੰਦੂਸ਼ਾਹ ਜੋ ਇਸਦੇ ਪਿਤਾ ਦਾ ਵੈਰੀ ਸਾ, ਉਸ ਨੂੰ ਜਾਕੇ ਇਸ ਪੁਰ ਗੁੱਸਾ ਚੜ੍ਹਾਈਯੇ, ਉਹ ਇਸ ਨੂੰ ਮਾਰ ਕੇ ਗੱਦੀ ਮੈਨੂੰ ਲੈ ਦੇਵੇਗਾ। ਇਉਂ ਸੋਚਕੇ ਦਿੱਲੀ ਗਿਆ ਅਰ ਚੰਦੂਸ਼ਾਹ ਨੂੰ ਇਹ ਸਿਖਾਲਿਆ, ਕਿ ਗੁਰੂ ਅਰਜਨ ਦਾ ਪੁੱਤ ਹਰਗੋਵਿੰਦ, ਜੋ ਹੁਣ ਗੱਦੀ ਪੁਰ ਬੈਠਾ ਹੈ, ਤੇਰੇ ਪੁਰ ਸਿਖਾਂ ਸੰਤਾਂ ਦੀ ਫ਼ੌਜ ਚੜ੍ਹਾਕੇ ਆਪਣੇ ਪਿਉ ਦਾ ਬਦਲਾ ਲੈਣਾ ਚਾਹੁੰਦਾ ਹੈ, ਜੇ ਕੁਝ ਹੋ ਸਕੇ ਤਾਂ ਹੁਣ ਉਪਾਉ ਕਰ ਲੈ, ਫੇਰ ਕੁਝ ਨਹੀਂ ਹੋ ਸੱਕਣਾ। ਚੰਦੂਸ਼ਾਹ ਇਹ ਸੁਣਕੇ ਦਿਲ ਵਿੱਚ ਸੜ ਗਿਆ ਅਰ ਉਸੀ ਦਿਨ ਤੇ ਉਸਦੇ ਫੜਨੇ ਦੀ ਜੁਗਤ ਕਰਨ ਲੱਗਾ। ਇੱਕ ਦਿਨ ਜੋਤਸੀਆਂ ਨੂੰ ਸਿਖਾਲਿਆ, ਕਿ ਤੁਸੀਂ ਬਾਦਸ਼ਾਹ ਨੂੰ ਕੁਝ ਭਰਮ ਪਾਵੋ ਅਰ ਆਖੋ ਜੋ ਤੈਨੂੰ ਏਹ ਦਿਨ ਭਾਰੀ ਹਨ, ਜੇ ਗੁਰੂ ਹਰਗੋਵਿੰਦ ਜੋ ਨਾ-ਨਕ ਪੰਥੀ ਸਦਾਉਂਦਾ ਹੈ, ਪੰਜਾਬ ਤੇ ਆਕੇ ਤੇਰੇ ਵਾਸਤੇ ਕੁਝ ਭਜਨ ਕਰੇ, ਤਾਂ ਸੁਖ ਹੋਵੇਗਾ। ਪੰਡਿਤਾਂ ਨੇ ਬਾਦਸ਼ਾਹ ਨੂੰ ਇਉਂ ਹੀ ਜਾ ਕਿਹਾ, ਜੋ ਤੁਸਾਡੇ ਪੁਰ ੪੦ ਦਿਨ ਸਾੜਸਤੀ ਹੈ, ਪਰ ਜੇ ਗੁਰੂ ਹਰਗੋਵਿੰਦ ਆਵੇ ਤਾਂ ਸਭ ਦੁਖ ਦੂਰ ਹੋ ਜਾਣਗੇ। ਪਾਦਸ਼ਾਹ ਨੇ ਆਦਮੀ ਭੇਜ ਕੇ ਅੰਮ੍ਰਿਤਸਰ ਤੇ ਗੁਰੂ ਨੂੰ ਬੁਲਵਾਇਆ ਅਰ ਆਖਿਆ, ਜੋ ਤੁਸੀਂ ਚਾਲੀ ਦਿਨ ਮੇਰੇ ਵਾਸਤੇ ਗਵਾਲਿਅਰ ਦੇ ਕਿਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਬੈਠਕੇ ਭਜਨ ਕਰੋ, ਗੁਰੂ ਕਰਤਾਰ ਦਾ ਭਾਣਾਂ ਮੰਨਕੇ ਤਿੰਨਾਂ ਸਿਖਾਂ ਸਣੇ ਕਿਲੇ ਵਿੱਚ ਜਾ ਰਿਹਾ। ਪਾਦਸ਼ਾਹ ਜੋ ਕੁਝ ਨਗਦੀ ਉਨ੍ਹਾਂ ਦੇ ਖਾਣ ਬਰਤਨ ਨੂੰ ਭੇਜਦਾ ਸਾ, ਓਹ ਕੈਦੀਆਂ ਨੂੰ ਵੰਡ ਦਿੰਦੇ ਸੇ, ਅਰ ਤਿੰਨੇ ਸਿੱਖ ਸ਼ਹਿਰ ਵਿਚ ਮਜੂਰੀ ਕਰਕੇ ਜੋ ਕੁਝ ਲਿਆਉਂਦੇ ਸੇ ਸੋਈ ਖਾਂਦੇ ਸੇ। ਜਾਂ ਚਾਲੀ ਦਿਨ ਬੀਤਗਏ ਤਾਂ ਬਿਧੀਚੰਦ ਨਾਮੇ ਸਿਖ ਨੇ, ਜੋ ਗੁਰੂ ਹਰਗੋਬਿੰਦ ਦੇ ਨਾਲ ਹੀ ਰਹਿੰਦਾ ਸਾ, ਵੈਦ ਬਨਕੇ ਪਾਦਸ਼ਾਹ ਨਾਲ ਮੁਲਾਕਾਤ ਕੀਤੀ, ਅਰ ਆਖਿਆ ਕਿ ਜਿਸ ਹਰ-ਗੋਵਿੰਦ ਨੂੰ ਤੁਸੀਂ ਆਪਣੇ ਸੁਖ ਵਾਸਤੇ ਪੰਜਾਬ ਤੇ ਬੁਲਾ ਕੇ ਕੈਦੀਆਂ ਵਾਂਗੂ ਰੱਖਿਆ ਹੈ, ਉਹ ਵੱਡਾ ਉੱਤਮ ਅਰ ਪਰਮੇਸੁਰ ਦਾ ਪਿਆਰਾ ਹੈ, ਉਸ ਨੂੰ ਸ਼-ਤਾਬੀ ਰੁਖਸਤ ਦੇਵੋ, ਜਿਨ੍ਹਾਂ ਲੋਕਾਂ ਨੇ ਉਸਨੂੰ ਤੁਹਾਡੇ ਪਾਸ ਫੜਾਇਆ ਹੈ, ਓਹ ਉਸਦੇ ਵੈਰੀ ਹਨ, ਪਾਦਸ਼ਾਹ ਨੇ ਤਿਸਦੀ ਗੱਲ ਪੁਰ ਅਕੀਨ ਕਰਕੇ ਉਸੀ ਵੇਲੇ ਗੁਰੂ ਹਰਗੋਵਿੰਦ ਨੂੰ ਬੁਲਾਇਆ ਅਰ ਅਰਜ ਕੀਤੀ ਜੋ ਮੇਤੇ ਵੱਡੀ ਭੁੱਲ ਹੋਈ। ਹੇ ਸਾਂਈਂ ! ਮਾਫ ਕਰਨੀ। ਹਰਗੋਵਿੰਦਨੇ ਪਾਦਸ਼ਾਹਨੂੰ ਆਖਿਆ ਪਰਮੇਸੁਰ ਮਾਫ ਕਰੇਗਾ। ਹਰਗੋਵਿੰਦ ਦੇ ਪਾਸ ਇੱਕ ਵੱਡਾ ਅਮੋਲਕ ਮੋਤੀ ਸਾ, ਉਹ ਪਾਦਸ਼ਾਹ ਨੂੰ ਦਿੱਤਾ। ਜਾਂ ਪਾਦਸ਼ਾਹ ਉਸਦੀ ਚਮਕ ਦਮਕ ਦੇਖ ਕੇ ਬਹੁਤ ਖੁਸ਼ ਹੋਇਆ ਤਾਂ ਅਰਜ ਕੀਤੀ ਜੋ ਇਸ ਦੇ ਨਾਲ ਦਾ ਕਿਤੇ ਇੱਕ ਹੋਰ ਪੈਦਾ ਹੋ ਜਾਵੇ ਤਾਂ ਬਹੁਤ ਚੰਗੀ ਗੱਲ ਹੈ। ਗੁਰੂ ਨੇ ਕਿਹਾ ਇਸਦੇ ਨਾਲ ਦੀ ਅਠੋਤਰੀ ਮਾਲਾ ਮੇਰੇ ਪਿਤਾ ਗੁਰੂ ਅਰਜਨ ਜੀ ਦੇ ਗਲ ਵਿੱਚ ਸੀ ਪਰ ਹੁਣ ਉਹ ਤੁਹਾਡੇ ਦਿਵਾਨ ਚੰਦੂਸ਼ਾਹ ਦੇ ਪਾਸ ਹੈ, ਜਿਤਨੇ ਮੋਤੀ ਚਾਹੋ ਤੁਸੀਂ ਉਸਤੇ ਲੈ ਲਓ। ਪਾਦਸ਼ਾਹ ਇਹ ਸੁਣਕੇ ਹਰਾਨ ਹੋਇਆ ਅਰ ਪੁੱਛਿਆ, ਜੋ ਤੁਸਾਡੇ ਪਿਤਾ ਤੇ ਚੰਦੂਸ਼ਾਹ ਨੇ ਕਿੱਕੁਰ ਲਈ ? ਓਸ ਵੇਲੇ ਗੁਰੂ ਨੇ ਉਹ ਸਾਰੀ ਗੱਲ, ਜੋ ਕੁੜਮਾਈ ਮੋੜਨੇ ਦੇ ਦਿਨ ਤੇ ਲੈਕੇ ਲਹੌਰ ਵਿੱਚ ਤਕਲੀਫ ਦੇਣੇ ਤੱਕ ਚੰਦੂਸ਼ਾਹ ਵੱਲੋਂ ਗੁਰੂ ਅਰਜਨ ਨਾਲ ਗੁਜਰੀ ਸੀ, ਕਹਿ ਸੁਣਾਈ। ਅਰ ਇਹ ਭੀ ਦੱਸਿਆ ਜੋ ਜਾਂ ਮੇਰਾ ਪਿਤਾ ਇਸਦੇ ਹੱਥੋਂ ਦੁਖੀ ਹੋਕੇ ਲਹੌਰ ਵਿੱਚ ਸਮਾ ਗਿਆ, ਓਸਦੇ ਗਲੋਂ ਇਹ ਸਾਰੀ ਮਾਲਾ ਇਸਨੇ ਲਾਹ ਲਈ। ਪਾਦਸ਼ਾਹ ਇਹ ਸੁਣਕੇ ਵੱਡੇ ਕ੍ਰੋਧ ਵਿੱਚ ਆਇਆ ਜੋ ਹਾਇ ਤੋਬਾ ! ਮੇਰੇ ਦਿਵਾਨ ਨੇ ਇਨ੍ਹਾਂ ਮਹਾਤਮਾਂ ਨਾਲ ਵੱਡਾ ਜੁਲਮ ਕੀਤਾ ਹੋਇਆ ਹੈ। ਜਾਂ ਹੋਰਨਾਂ ਲੋਕਾਂ ਨੂੰ ਭੀ ਇਸ ਗੱਲ ਦੀ ਤਹਕੀਕ ਕਰਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਪੁੱਛਿਆ, ਤਾਂ ਸਭਨੇ ਸੱਚੀਆਂ ਉਗਾਹੀਆਂ ਦਿੱਤੀਆਂ, ਸਗੋਂ ਕੈਈਆਂ ਲੋਕਾਂ ਨੇ ਇਹ ਭੀ ਆਖਿਆ ਜੋ ਹੁਣ ਭੀ ਜੋ ਪੰਜਾਬ ਦੇਸ ਤੇ ਇਸਨੂੰ ਬੁਲਾਕੇ ਤੁਸਾਡੇ ਪਾਸ ਡੋਲ ਨਾਲ ਫੜਾਇਆ ਹੈ, ਇਹ ਗੱਲ ਭੀ ਤਿਸਨੇ ਪੁਰਾਣੇ ਵੈਰ ਨਾਲ ਹੀ ਕੀਤੀ ਹੈ। ਪਾਦਸ਼ਾਹ ਇਹ ਸੁਣਕੇ ਹੋਰ ਭੀ ਖਫਕੀ ਵਿੱਚ ਆਇਆ। ਅਤੇ ਉਸੀ ਵੇਲੇ ਚੰਦੂਸ਼ਾਹ ਨੂੰ ਫੜਕੇ ਗੁਰੂ ਦਿਆਂ ਸਿੱਖਾਂ ਦੇ ਹਵਾਲੇ ਕੀਤਾ ਜੋ ਲਵੋ ਇਹ ਤਹਾਡੀ ਢੱਕ ਹੈ, ਜਿੱਕਰ ਚਾਹੋ ਬਦਲਾ ਲੈ ਲਵੋ। ਅਰ ਜੇ ਤੁਹਾਡੀ ਮਾਲਾ ਭੀ ਇਸ ਤੇ ਲੱਭ ਪਵੇ ਤਾਂ ਲੈ ਲੈਣੀ। ਗੁਰੂ ਦੀ ਸੰਗਤ ਚੰਦੂਸ਼ਾਹ ਨੂੰ ਨਾਲ ਲੈਕੇ ਦਿੱਲੀਓਂ ਤੁਰ ਪਈ, ਜਾਂ ਅੰਮ੍ਰਿਤਸਰ ਪਹੁੰਚੇ ਤਾਂ ਤਿਸ ਨੂੰ ਸਜਾ ਦੇਣੀ ਸ਼ੁਰੂ ਕੀਤੀ। ਆਖਦੇ ਹਨ ਜੋ ਉਸਦੇ ਪੈਰਾਂ ਨੂੰ ਰੱਸਾ ਪਾ ਕੇ ਰੋਜ ਅੰਮ੍ਰਿਤਸਰ ਅਰ ਲਹੌਰ ਦੇ ਬਜਾਰਵਿੱਚ ਖਿਚਾਉਂਦੇਸੇ। ਜਿੱਕੁਰ ਇਸਨੇ ਗੁਰੂ ਅਰਜਨਜੀ ਨੂੰ ਤਤਿਆਂ ਤਵਿਆਂ ਉੱਪਰ ਅਰ ਗਰਮ ਰੇਤ ਵਿੱਚ ਕੈਈ ਬਾਰ ਬਠਾਲਕੇ ਦੁੱਖ ਦਿੱਤਾਸਾ, ਤਿਸੀ ਤਰਾਂ ਉਸ ਨੂੰ ਭੀ ਗੁਰੂ ਨੇ ਦੁਖੀ ਕੀਤਾ, ਆਖਰ ਇੱਕ ਦਿਨ ਬਜਾਰ ਵਿੱਚ ਖਿੱਚੀ ਦਾ ਹੀ ਮਰ ਗਿਆ। ਇਸਤੇ ਬਾਦ ਹੋਰ ਭੀ ਬਹੁਤ ਮੁਸਲਮਾਨਾਂ ਨੇ ਗੁਰੂ ਹਰਗੋਵਿੰਦ ਨਾਲ ਵੈਰ ਕੀਤਾ, ਅਰ ਇਹ ਬਹੁਤ ਸਮਾਂ ਓਨ੍ਹਾਂ ਨਾਲ ਲੜਦਾ ਭਿੜਦਾ ਰਿਹਾ ਹੈ। ਇਸ ਗੁਰੂ ਹਰਗੋਵਿੰਦ ਨੇ ਹੀ ਸਿਰੀ ਹਰਗੋਵਿੰਦਪੁਰ ਨਾਮੇ ਸ਼ਹਿਰ ਜੋ ਵਿਆਸਾ ਦਰਿਆਇ ਦੇ ਕੰਢੇ ਪੁਰ ਹੈ ਬਣਵਾਇਆ ਹੈ, ਅਰ ਕਹਿੰਦੇ ਹਨ, ਜੋ ਇਸਦੇ ਬਣਾਉਂਣੇ ਦੇ ਵੇਲੇ ਭੀ ਕਿਸੀ ਪਠਾਣ ਨਾਲ ਗੁਰੂ ਦੀ ਵੱਡੀ ਭਾਰੀ ਲੜਾਈ ਹੋਈ ਸੀ, ਪਰ ਆਖਰ ਗੁਰੂ ਨੇ ਇਸ ਤੇ ਫਤੇ ਪਾਕੇ ਉਸ ਸ਼ਹਿਰ ਨੂੰ ਸਿਰੇ ਚੜ੍ਹਾਇਆ। ਭਾਵੇਂ ਇਹ ਗੁਰੂ ਸਦਾ ਵੈਰੀਆਂ ਦਾ ਗ੍ਰਸਿਆ ਰਿਹਾ, ਅਤੇ ਬਾਣੀ ਕੋਈ ਨਹੀਂ ਉਚਰੀ ਪਰ ਫੇਰ ਭੀ ਗੁਰਿਆਈ ਦੇ ਕੰਮ ਵਿੱਚ ਬਹੁਤ ਤਕੜਾ ਰਿਹਾ, ਜੋ ਕੋਈ ਸਿੱਖ ਇਸਦੇ ਕੋਲ ਆਉਂਦਾ ਸਾ, ਉਸ ਨੂੰ ਪਰਮੇਸੁਰ ਨਾਮ ਦਾ ਉਪਦੇਸ਼ ਕਰਕੇ ਧਰਮ ਦੇ ਰਾਹ ਪੁਰ ਚਲਾਉਂਦਾ ਸਾ। ਇਸ ਨੇ ਬਹੁਤ ਜਗਾ ਦੇ ਲੋਕਾਂ ਨੂੰ ਪਵਿਤ੍ਰ ਕੀੱਤਾ, ਅਰਥਾਤ ਗੁਆਲਿਅਰ ਅਤੇ ਆਗਰੇ ਅਰ ਉਜੈਨ ਅਰ ਗੁਜਰਾਤ ਅਤੇ ਬੰਗਾਲੇ ਵਿੱਚ ਭੀ ਇਸ ਦੇ ਸਿੱਖ ਸੇਵਕ ਰਹਿੰਦੇ ਸੇ। ਇਸ ਦੀਆਂ ਕੈਈਆਂ ਗੱਲਾਂ ਤੇ ਮਲੂਮ ਹੁੰਦਾ ਹੈ, ਜੋ ਇਹ ਹੋਰਨਾਂ ਮੁਲਖਾਂ ਵਿੱਚ ਭੀ ਕੁਝ ਦਿਨ ਫਿਰਦਾ ਰਿਹਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਦੇ ਹਨ ਜੋ ਇਸ ਦਾ ਕਰਤਾਰਪੁਰ ਵਿੱਚ ਭੀ ਇੱਕ ਪਠਾਣ ਨਾਲ ਵੱਡਾ ਭਾਰਾ ਜੁੱਧ ਹੋਇਆ ਸਾ। ਇਸ ਜੁੱਧ ਦਾ ਐਉਂ ਬਿਆਨ ਹੈ, ਜੋ ਪੈਂਡੇਖਾਂ ਨਾਮੇ ਪਠਾਣ ਗੁਰੂ ਦੇ ਡੇਰੇ ਵਿੱਚ ਰਹਿੰਦਾ ਹੁੰਦਾ ਸਾ, ਇੱਕ ਦਿਨ ਕਿਸੀ ਸਿੱਖ ਨੇ ਇੱਕ ਤਲਵਾਰ ਅਰ ਇੱਕ ਬਾਜ ਅਰ ਵੱਡੀ ਸੁੰਦਰ ਪੁਸ਼ਾਕ ਲਿਆਕੇ ਗੁਰੂ ਅੱਗੇ ਚੜ੍ਹਾਈ। ਉਸ ਵੇਲੇ ਜੋ ਪੈਂਡੇਖਾਂ ਪਾਸ ਬੈਠਾ ਸਾ, ਗੁਰੂ ਨੇ ਉਹ ਸਭ ਕੁਝ ਉਸੇ ਨੂੰ ਬਖਸ਼ ਦਿੱਤਾ ਅਰ ਆਖਿਆ, ਜੋ ਜਦ ਤੂੰ ਸਾਡੇ ਪਾਸ ਆਵੇਂ, ਤਦ ਇਨ੍ਹਾਂ ਚੀਜ਼ਾਂ ਨਾਲ ਸਜਕੇ ਆਇਆ ਕਰ। ਜਾਂ ਉਹ ਲੈਕੇ ਘਰ ਨੂੰ ਗਿਆ, ਤਾਂ ਓਹ ਸੱਭੇ ਚੀਜ਼ਾਂ ਉਸ ਨੇ ਆਪਣੇ ਜੁਆਈ ਨੂੰ ਦੇ ਦਿੱਤੀਆਂ। ਗੁਰੂ ਨੇ ਇਹ ਖ਼ਬਰ ਸੁਣਕੇ ਤਿਸ ਨੂੰ ਪੁੱਛਿਆ, ਜੋ ਤੈਂ ਓਹ ਚੀਜ਼ਾਂ ਹੋਰ ਕਿਸੀ ਨੂੰ ਕਿਉਂ ਦੇ ਦਿੱਤੀਆਂ? ਉਹ ਗੁਰੂ ਦੇ ਸਾਹਮਣੇ ਮੁੱਕਰ ਗਿਆ ਜੋ ਹੇ ਗੁਰੂ ਸਭ ਕੁਝ ਮੇਰੇ ਪਾਸਹੀ ਹੈ, ਕਿਸੇ ਨੂੰ ਨਹੀਂ ਦਿੱਤਾ। ਗੁਰੂ ਨੇ ਉਸੀ ਵੇਲੇ ਇੱਕ ਸਿੱਖ ਭੇਜਕੇ ਤਿਸ ਦੇ ਜੁਆਈ ਦੇ ਘਰੋਂ ਉਹ ਸਭ ਕੁਝ ਮੰਗਵਾਇਆ ਅਰ ਤਿਸ ਨੂੰ ਆਖਿਆ, ਜੋ ਹੇ ਪੈਂਡੇਖਾਂ ਤੈਂ ਗੁਰੂ ਦੇ ਹਜੂਰ ਝੂਠ ਬੋਲਿਆ ਹੁਣ ਤੂੰ ਇੱਥੇ ਰਹਿਣੇ ਲਾਇਕ ਨਹੀਂ। ਇਹ ਗੱਲ ਸੁਣਕੇ ਸਿੱਖਾਂ ਨੇ ਤਿਸ ਨੂੰ ਧੱਕੇ ਦੇਕੇ ਅਰ ਮਾਰ ਕੁੱਟਕੇ ਡੇਰਿਓਂ ਕੱਢ ਦਿੱਤਾ। ਪੈਂਡੇਖਾਂ ਨੇ ਆਪਣੇ ਮਾਰਨੇ ਦੀ ਲਹੌਰ ਜਾਕੇ ਫਰਿਆਦ ਕੀਤੀ, ਉੱਥੇ ਤੇ ਕੁਝ ਪਾਦਸ਼ਾਹ ਦੀ ਫੌਜ ਚੜ੍ਹਾਕੇ ਗੁਰੂ ਨੂੰ ਕਰਤਾਰਪੁਰ ਵਿਖੇ ਆ ਰੋਕਿਆ। ਗੁਰੂ ਦੇ ਨਾਲ ਭੀ ਜੋ ਉਸ ਸਮੇ ਬਹੁਤ ਸੰਗਤ ਕੱਠੀ ਹੋ ਰਹੀ ਸੀ, ਸ਼ਾਹੀ ਫੌਜ ਨਾਲ ਜੁੱਧ ਹੋਣ ਲੱਗਾ, ਦੋਹਾਂ ਪਾਸਿਆਂ ਤੇ ਅਨੇਕ ਸੂਰਮੇ ਉੱਥੇ ਮਾਰੇ ਗਏ, ਪਰ ਅੰਤ ਨੂੰ ਗੁਰੂ ਹਰਗੋ-ਵਿੰਦ ਨੇ ਪੈਂਡੇਖਾਂ ਨੂੰ ਮਾਰਕੇ ਲੜਾਈ ਦੀ ਫਤੇ ਪਾਈ। ਫੇਰ ਇਸੀ ਤਰ੍ਹਾਂ ਇੱਕ ਬਾਰ ਲਹੌਰ ਵਿੱਚ ਭੀ ਗੁਰੂ ਨਾਲ ਜੁੱਧ ਹੋਯਾ ਸਾ। ਗੱਲ ਕਾਹਦੀ ਗੁਰੂ ਹਰਗੋਵਿੰਦ ਨੂੰ ਜੀਉਂਦੇ ਜੀ ਲੜਾਈਆਂ ਭਿੜਾਈਆਂ ਤੇ ਥੋਹੜਾ ਹੀ ਬਿਹੁਲ ਲੱਭਿਆ, ਆਖਰ ਆਪਣੇ ਘਰੋਂ ਤੁਰਕੇ ਆਪਣੇ ਗੁਰਦਿੱਤੇ ਨਾਮੇ ਪੁਤ੍ਰ ਪਾਸ, ਜੋ ਕੀਰਤਪੁਰ ਵਿਖੇ ਬਾਬੇ ਬੁੱਢੇ ਦੇ ਘਰ ਰਹਿੰਦਾ ਸਾ ਆ ਰਹੇ, ਅਰ ਥੋਹੜੀ ਦੇਰ ਬਾਦ ਆਪਣੇ ਪੋਤੇ ਹਰਰਾਇ ਨੂੰ ਗੁਰਿਆਈ ਦਾ ਤਖਤ ਬਖਸ਼ਿਆ ਅਰ ਫੇਰ ਸੰਮਤ ੧੬੯੫ ਅਰ ਸਨ ੧੬੩੯ ਈਸਵੀ ਵਿੱਚ ਉੱਥੇ ਹੀ ਸ਼ਰੀਰ ਛੱਡਿਆ॥

ਦੋਹਰਾ—ਮੀਰੀ ਪੀਰੀ ਦੇ ਧਨੀ ਜੁੱਧ ਜੰਗ ਦੇ ਬੀਰ॥
ਹਰਿਗੋਬਿੰਦ ਹਰਿਪੁਰ ਗਏ ਤਜਕੇ ਏਹ ਸਰੀਰ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਹਰਿਰਾਇ ਜੀ ਦਾ ਬ੍ਰਿਤਾਂਤ

ਗੁਰੂ ਹਰਗੋਬਿੰਦਜੀ ਦੇ ਪੰਜ ਪੁਤ੍ਰ ਸਨ ਇੱਕ ਦਾ ਨਾਮ ਗੁਰਦਿੱਤਾ ਜਿਸ ਨੂੰ ਹੁਣ ਲੋਕ ਬਾਬਾ ਗੁਰਦਿੱਤਾ ਕਰਕੇ ਆਖਦੇ ਹਨ,ਅਰ ਦੂਜੇਦਾ ਨਾਮ ਅਟੱਲ, ਜੋ ਹੁਣ ਬਾਬਾ ਅਟੱਲ ਕਰਕੇ ਮਸ਼ਹੂਰ ਹੈ, ਤੀਜੇ ਦਾ ਨਾਮ ਤੇਗਬਹਾਦੁਰ, ਜੋ ਨੌਮੀ ਪਾਦਸ਼ਾਹੀ ਕਰਕੇ ਗਿਣਿਆ ਜਾਂਦਾ ਹੈ, ਚੌਥੇ ਦਾ ਨਾਮ ਅਣੀਰਾਇ ਅਰ ਪੰਜਵੇਂ ਦਾ ਨਾਮ ਸੂਰਜ ਮੱਲ ਸਾ, ਇਨ੍ਹਾਂ ਵਿੱਚੋਂ ਚਾਰ ਤਾਂ ਸਦਾ ਆਪਣੀ ਸੁਧ ਬੁੱਧ ਨਾਲ ਰਹਿੰਦੇ ਸੇ, ਅਰ ਪੰਜਵਾਂ ਤੇਗਬਹਾਦੁਰ ਬਾਲਕਪੁਣੇ ਤੇ ਹੀ ਪਰਮੇਸੁਰ ਦੇ ਭਜਨ ਵਿਖੇ ਮਗਨ ਰਹਿੰਦਾ,ਅਰ ਸਰੀਰ ਦੀ ਸੁਧ ਬੁੱਧ ਭੀ ਨਹੀਂ ਰੱਖਦਾ ਸਾ। ਇੱਕ ਦਿਨ ਅਜੇਹਾ ਭਾਣਾ ਵਰਤਿਆ,ਜੋ ਗੁਰੂ ਹਰਗੋਬਿੰਦ ਜੀ ਕੀਰਤਪੁਰ ਵਿੱ ਜੋ ਅਨੰਦਪੁਰ ਦੇ ਕੋਲ ਹੈ ਬੈਠੇ ਸੇ, ਉੱਥੇ ਹੀ ਹੋਰ ਪੁਤ੍ਰ ਭੀ ਅਰ ਸੰਗਤ ਭੀ ਜਮਾਂ ਹੋ ਰਹੀ ਸੀ, ਇਤਨੇ ਵਿੱਚ ਬਾਬੇ ਗੁਰਦਿੱਤੇ ਦਾ ਪੁੱਤ ਹਰਰਾਇ ਜੋ ਭਾਵੇਂ ਅਜੇ ਬਾਲਕ ਹੀ ਸਾ,ਪਰ ਬੜਾ ਆਗਯਾਕਾਰੀ ਅਤੇ ਹੋਨਹਾਰ ਸਾ,ਖੇਡਦਾ ਖੇਡਦਾ ਗੁਰੂ ਹਰਗੋਬਿੰਦ ਦੀ ਗੋਦੀ ਵਿਖੇ ਆਣ ਬੈਠਾ, ਤਾਂ ਗੁਰੂ ਨੇ ਸਾਰੀ ਸੰਗਤ ਦੇ ਸਾਮ੍ਹਣੇ ਇੱਕ ਲਲੇਰ ਤੇ ਪੰਜ ਪੈਸੇ ਧਰਕੇ ਹਰਰਾਇ ਅੱਗੇ ਮੱਥਾ ਟੇਕਿਆ ਅਰ ਆਖਿਆ, ਜੋ ਹੇ ਭਾਈ ਸਿੱਖੋ ! ਮੇਰੀ ਗੁਰਿਆਈ ਦੀ ਗੱਦੀ ਤੇ ਆਪ ਸ੍ਰੀ ਪਰਮੇਸੁਰ ਨੇ ਇਸ ਬਾਲਕ ਨੂੰ ਬਿਠਾ ਦਿੱਤਾਹੈ। ਜੋ ਮੇਰਾ ਸਿੱਖ ਹੈ,ਸਭ ਹਰਰਾਇ ਨੂੰ ਗੁਰੂ ਕਰ ਜਾਣੇ, ਇਹ ਵੱਡਾ ਪੂਰਣ ਭਾਂਡਾ ਹੋਵੇਗਾ । ਸੰਗਤ ਇਹ ਸੁਣਕੇ ਬਹੁਤ ਖੁਸ਼ੀ ਹੋਈ ਜੋ ਗੁਰੂ ਨੇ ਸਭ ਝਗੜੇ ਮਿਟਾ ਦਿੱਤੇ ਅਰ ਸਭ ਨੇ ਗੁਰੂ ਹਰਰਾਇਜੀ ਦੇ ਅੱਗੇ ਮੱਥਾ ਟੇਕਿਆ। ਇਹ ਗੁਰੂ ਹਰਰਾਇ ਵੱਡਾ ਬੁੱਧਮਾਨ ਸਾ, ਅਰ ਸਦਾ ਧਰਮ ਦੇ ਰਾਹ ਨੂੰ ਸੁਧਾਰਦਾ ਰਿਹਾ। ਇਸਦੀ ਇੱਕ ਇਹ ਕਿਹੀ ਚੰਗੀ ਗੱਲ ਸੀ, ਜੋ ਜਿਸ ਤਰਾਂ ਦੀ ਕਿਸੀ ਦੀ ਬੁੱਧ ਦੇਖਦਾ ਸਾ, ਤਿਹਾ ਹੀ ਉਪ-ਦੇਸ ਕਰਦਾ ਸਾ। ਇੱਕ ਦਿਨ ਇੱਕ ਮਹਾਂ ਮੂਰਖ ਸਿੱਖ ਤਿਸਦੇ ਕੋਲ ਆਇਆ, ਆਖਦੇ ਹਨ ਜੋ ਗੁਰੂ ਨੇ ਤਿਸ ਨੂੰ ਐਉਂ ਧਰਮ ਦੇ ਪਾਸੇ ਲਾਇਆ, ਅਰਥਾਤ ਉਸ ਨੂੰ ਕਿਹਾ ਭਾਈ ਸਿੱਖਾ ਮਨੁੱਖ ਦਾ ਜਨਮ ਫੇਰ ਨਹੀਂ ਲੱਭਣਾ, ਜਿੱਕੁਰ ਹੋ ਸਕੇ ਪਰਮੇਸੁਰ ਦਾ ਭਜਨ ਅਤੇ ਸੰਤਾਂ ਦੀ ਸੇਵਾ ਕਰਿਆ ਕਰ। ਉਸਨੇ ਕਿਹਾ ਹੇ ਗੁਰੂ ਮੈਂ ਕਬੀਲਦਾਰ ਹਾਂ, ਉਨ੍ਹਾਂ ਦੀ ਪਾਲਣਾ ਤੇ ਬਿਹੁਲ ਨਹੀਂ ਪਾਉਂਦਾ, ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਘੜੀ ਪਰਮੇਸੁਰ ਦੇ ਭਜਨ ਅਰ ਸੰਤਾਂ ਦੇ ਸਤਸੰਗ ਵੱਲ ਆ ਸੱਕਾਂ। ਮੈਂ ਹੀ ਉਨ੍ਹਾਂ ਦੀ ਪਾਲਣਾ ਕਰਦਾ ਹਾਂ, ਜੇ ਮੈਂ ਭਜਨ ਵੱਲ ਲੱਗ ਜਾਵਾਂ, ਤਾਂ ਓਹ ਸਭ ਭੁੱਖੇ ਮਰ ਜਾਣਗੇ, ਕਿਉਂ ਜੋ ਘਰ ਵਿਚ ਕਮਾਂਉਣੇ ਵਾਲਾ ਨਿਰਾ ਮੈਂ ਹੀ ਹਾਂ। ਇਹ ਸੁਣਕੇ ਗੁਰੂ ਨੇ ਕਿਹਾ ਭੋਲਿਆ! ਬਿਨਾਂ ਕਰਤਾਰ ਤੇ ਕੋਈ ਕਿਸੇ ਦੀ ਪਾਲਨਾ ਨਹੀਂ ਕਰ ਸਕਦਾ। ਤੂੰ ਮੂਰਖਪੁਣੇ ਨਾਲ ਉਨ੍ਹਾਂ ਦੀ ਪਾਲਣਾ ਆਪਣੇ ਜ਼ਿੰਮੇ ਮੰਨ ਰਿਹਾ ਹੈਂ, ਜੇ ਤੂੰ ਨਾ ਹੋਵੇਂ ਤਾਂ ਉਨ੍ਹਾਂ ਦੀ ਪਾਲਣਾ ਵਾਸਤੇ ਕਿਸੀ ਹੋਰ ਨੂੰ ਖੜਾ ਕਰ ਦੇਵੇ, ਪਰਮੇਸੁਰ ਨੇ ਸਭਨਾਂ ਜੀਆਂ ਦਾ ਰਿਜ਼ਕ ਉਨ੍ਹਾਂ ਨਾਲ ਪੈਦਾ ਕੀਤਾ ਹੈ, ਦੇਖ ਚਿੜੀਆਂ ਕਾਉਂ ਨਾ ਬੀਜਦੇ ਅਰ ਨਾ ਬੱਢਦੇ ਹਨ, ਪਰ ਪਰਮੇਸੁਰ ਤਿਨ੍ਹਾਂ ਨੂੰ ਕਦੀ ਭੁੱਖੇ ਨਹੀਂ ਰਹਿਣ ਦੇਂਦਾ। ਉਸ ਸਿੱਖਨੇ ਕਿਹਾ ਇਹਗੱਲ ਤਾਂ ਠੀਕ ਹੈ, ਪਰ ਮੇਰੇ ਬਾਲ ਬੱਚੇ ਅਜੇ ਨਿਆਣੇ ਹਨ,ਅਰ ਉਨ੍ਹਾਂ ਦੀ ਗੁਜ਼ਰਾਨ ਮੇਰੇ ਬਿਨਾਂ ਕੋਈ ਨਹੀਂ ਕਰ ਸੱਕਦਾ। ਜਾਂ ਸਾਰਾ ਦਿਨ ਮਿਹਨਤ ਕਰਕੇ ਮੈਂ ਕੁਝ ਲਿਆਉਂਦਾ ਹਾਂ, ਤਾਂ ਓਹ ਖਾਂਦੇ ਹਨ, ਅਰ ਉਨ੍ਹਾਂ ਦਾ ਪ੍ਰੇਮ ਭੀ ਮੇਰੇ ਨਾਲ ਅਜਿਹਾ ਹੈ, ਜੋ ਜੇ ਮੈਂ ਇੱਕ ਘੜੀ ਤਿਨ੍ਹਾਂ ਨੂੰ ਨਜ਼ਰ ਨਾ ਆਵਾਂ, ਤਾਂ ਓਹ ਤੜਫ ਕੇ ਮਰ ਜਾਣ। ਗੁਰੂ ਨੇ ਕਿਹਾ ਇਹ ਭੀ ਤੇਰੀ ਮਨੌਤ ਹੈ, ਪਰ ਜੇ ਤੂੰ ਮੁਨਸਬੀ ਨਾਲ ਸੋਚ ਕੇ ਦੇਖੇਂ, ਤਾਂ ਜਾਣ ਲਵੇਂਗਾ ਜੋ ਕਿਸੇ ਤੇ ਬਿਨਾਂ ਕੋਈ ਨਹੀਂ ਮਰ ਸਕਦਾ, ਸਭ ਲੋਕ ਆਪਣੀ ਜ਼ਿੰਦਗੀ ਨਾਲ ਜੀਉਂਦੇ ਹਨ। ਜਾਂ ਉਸ ਸਿੱਖ ਨੂੰ ਅਜੇ ਭੀ ਅਕੀਨ ਨਾ ਆਇਆ, ਤਾਂ ਗੁਰੂ ਨੇ ਇੱਕ ਚਿੱਠੀ ਦੇਕੇ ਆਖਿਆ, ਜੋ ਇਹ ਸਾਡੀ ਅਰਦਾਸ ਫੁਲਾਨੇ ਪਿੰਡ ਫੁਲਾਨੇ ਸਿੱਖ ਨੂੰ ਦੇ ਆਉ। ਉਸਨੇ ਉਹ ਅਰਦਾਸ ਉਸ ਪਿੰਡ ਜਾ ਦਿੱਤੀ। ਜਾਂ ਉਸ ਸਿੱਖ ਨੇ ਗੁਰੂ ਦੀ ਚਿੱਠੀ ਪੜ੍ਹੀ, ਤਾਂ ਇਹ ਲਿਖਿਆ ਹੋਇਆ ਸਾ, ਜੋ ਇਸ ਸਿੱਖ ਨੂੰ ਇੱਕ ਕੋਠੇ ਦੇ ਅੰਦਰ ਵਾੜ ਕੇ ਜਿੰਦਾ ਮਾਰ ਦੇਣਾ ਅਰ ਜੋ ਕੁਝ ਇਸ ਨੂੰ ਲੋੜ ਹੋਵੇ, ਸੋ ਭੀ ਅੰਦਰ ਹੀ ਦਿੰਦੇ ਰਹਿਣਾ, ਜਦ ਤਾਈਂ ਅਸੀਂ ਨਾ ਲਿਖ ਭੇਜੀਏ, ਤਦ ਤਾਈਂ ਇਸਨੂੰ ਬਾਹਰ ਨਹੀਂ ਕੱਢਣਾ। ਉਸ ਸਿੱਖ ਨੇ ਉਸੀ ਤਰਾਂ ਕੀੱਤਾ। ਇੱਧਰ ਉਸਦੇ ਘਰਦਿਆਂ ਦਾ ਇਹ ਹਾਲ ਹੋਇਆ, ਜੋ ਜਦ ਲੋਕੀਂ ਜਾਣਿਆ ਜੋ ਇਨ੍ਹਾਂ ਦਾ ਆਦਮੀ ਕਿਤੇ ਗੁਆਚ ਗਿਆ ਹੈ, ਤਾਂ ਸਭਨਾਂ ਮਹੱਲੇ ਦਾਰਾਂ ਨੇ ਇੱਕ ਇੱਕ ਥਾਲੀ ਆਟੇ ਦੀ ਤਿਨ੍ਹਾਂ ਦੇ ਘਰ ਭੇਜ ਦਿੱਤੀ ਅਰ ਜਦ ਉਹ ਆੱਟਾ ਮੁਕ ਜਾਂਦਾ ਸਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸੀ ਤਰਾਂ ਹੋਰ ਦੇ ਜਾਂਦੇ ਸੇ । ਫੇਰ ਲੋਕਾਂ ਨੇ ਦਯਾ ਕਰਕੇ ਤਿਸਦੇ ਮੁੰਡਿਆਂ ਕੁੜੀਆਂ ਨੂੰ ਕੰਮ ਲਾ ਲਿਆ ਅਰ ਤਿਸਦੀ ਤੀਮੀਂ ਨੂੰ ਭੀ ਕੁਝ ਮਿਹਨਤ ਸੁਆਲ ਦਿੱਤੀ । ਇਸੀ ਤਰ੍ਹਾਂ ਅੱਗੇ ਨਾਲੋਂ ਭੀ ਵਧੀਕ ਗੁਜਾਰਾ ਹੋਣ ਲੱਗ ਪਿਆ ਅਰ ਆਪਣਾ ਆਦਮੀ ਭੀ ਕੁਝ ਦਿਨ ਯਾਦ ਰਹਿਕੇ ਫੇਰ ਆਪੇ ਭੁੱਲ ਗਿਆ। ਕਈਆਂ ਮਹੀਨਿਆਂ ਬਾਦ ਗੁਰੂ ਨੇ ਉਸ ਸਿੱਖ ਨੂੰ ਕੋਠੇ ਤੇ ਕੱਢਵਾਕੇ ਆਖਿਆ, ਜੋ ਜਾਹ ਭਾਈ ਸਿੱਖਾ ਹੁਣ ਆਪਣਿਆਂ ਘਰ ਦਿਆਂ ਨੂੰ ਮਿਲ ਆਉ । ਉਸ ਨੇ ਪਹਿਲਾਂ ਤਾਂ ਕਿਹਾ ਜੋ ਹੇ ਗੁਰੂ ਓਹ ਸਭ ਮੇਰੇ ਵਿਛੋੜੇ ਨਾਲ ਮਰ ਗਏ ਹੋਣਗੇ, ਹੁਣ ਕਿਸ ਨੂੰ ਮਿਲਨਾ ਹੈ ? ਪਰ ਫੇਰ ਆਪੇ ਹੀ ਆਪਣੇ ਪਿੰਡ ਨੂੰ ਗਿਆ । ਘਰ ਜਾਕੇ ਕੀ ਦੇਖਦਾ ਹੈ, ਜੋ ਅੱਗੇ ਨਾਲੋਂ ਭੀ ਸੁਆਇਆ ਭਾਗ ਲੱਗਾ ਹੋਇਆ ਹੈ, ਮੁੰਡੇ ਕੁੜੀਆਂ ਸਭ ਰਾਜੀ ਖੁਸ਼ੀ ਅਰ ਚੈਨ ਵਿੱਚ ਹਨ, ਇਸਦੀ ਕੁਝ ਪਰਵਾਹ ਨਹੀਂ ਰਖਦੇ । ਇਸਨੇ ਉਨ੍ਹਾਂਨੂੰ ਸਭ ਤਰਾਂ ਰਾਜੀ ਦੇਖਕੇ ਆਪਣੇ ਮੂਰਖਪੁਣੇ ਪਰ ਅਰ-ਮਾਨ ਕੀੱਤਾ, ਜੋ ਹਾਇ ਰੱਬਾ ! ਮੈਂ ਤਾਂ ਇਨ੍ਹਾਂ ਦੀ ਪਾਲਣਾ ਨੂੰ ਆਪਣੇ ਗੋਚਰੀ ਮੰਨਦਾ ਸਾ; ਪਰ ਇਹ ਮੇਰੀ ਵੱਡੀ ਭੁੱਲ ਸੀ, ਹੁਣ ਨਿਹਚਾ ਹੋ ਗਈ, ਜੋ ਗੁਰੂ ਜੀ ਨੇ ਉਹ ਗੱਲ ਸੱਚ ਆਖੀ ਸੀ, ਭਈ ਸਭ ਦਾ ਦਾਤਾ ਪਰਮੇਸੁਰ ਹੈ, ਕੋਈ ਕਿਸੇ ਦੀ ਪਰਵਾਹ ਨਹੀਂ ਰਖਦਾ । ਉਸੀ ਵੇਲੇ ਸਿੱਖ ਸਭਨਾਂ ਨੂੰ ਛਡਕੇ ਗੁਰੂ ਦੇ ਪਾਸ ਆਇਆ, ਅਰ ਆਖਿਆ ਹੇ ਗੁਰੂ ਤੁਸੀਂ ਸੱਚ ਆਖਦੇ ਸੇ ਦੁਨੀਆਂ ਵਿੱਚ ਸਭ ਦਾ ਪਾਲਣੇਵਾਲਾ ਪਰਮੇਸੁਰ ਹੈ, ਮੈਂ ਹੁਣ ਸਭ ਨੂੰ ਛੱਡ ਆਇਆ ਹਾਂ, ਸੰਤਾਂ ਦੀ ਸੇਵਾ ਕਰਿਆ ਕਰਾਂਗਾ । ਗੁਰੂ ਨੇ ਉਸਨੂੰ ਭਜਨ ਦੀ ਰੀਤ ਦੱਸਕੇ ਫੇਰ ਘਰ ਨੂੰ ਮੋੜ ਦਿੱਤਾ ਅਰ ਆਖਿਆ, ਜੋ ਜਾਹ ਭਾਈ ਘਰਦਿਆਂ ਵਿੱਚ ਰਹਿਣਾ ਬੁਰਾ ਨਹੀਂ, ਪਰ ਇਹ ਗੱਲ ਬੁਰੀ ਹੈ, ਜੋ ਤੂੰ ਉਨ੍ਹਾਂ ਦੀ ਪਾਲਨਾ ਨੂੰ ਆਪਣੀ ਵੱਲੋਂ ਜਾਣੇ । ਗੁਰੂ ਹਰਰਾਇ ਸਦਾ ਕੀਰਤਪੁਰ ਹੀ ਰਹਿੰਦਾ ਸਾ, ਅਰ ਉਸਦਾ ਪਿਤਾ ਉੱਥੇ ਹੀ ਸੁਰਗਬਾਸ ਹੋ ਗਿਆ ਸਾ, ਉਸਦਾ ਦੇਹਰਾ ਕੀਰਤਪੁਰ ਵਿਖੇ ਵਡਾ ਸੁੰਦਰ ਬਣਿਆ ਹੋਇਆ ਹੈ । ਗੁਰਦਿੱਤੇ ਦਾ ਭਿਰਾ ਅਟਲ, ਅੰਮ੍ਰਿਤਸਰ ਵਿਖੇ ਸੁਰਗਬਾਸ ਹੋਇਆ ਸਾ, ਅਰ ਉਸਦੀ ਜੋ ਜਗਾ ਭੀ ਬਾਬੇ ਅਟੱਲ ਦਾ ਦੇਹਰਾ ਕਰਕੇ ਮਸ਼ਹੂਰ ਹੈ, ਵੱਡੀ ਉੱਚੀ ਅੰਮ੍ਰਿਤਸਰ ਵਿਖੇ ਬਣੀ ਹੋਈ ਹੈ, ਇੱਥੇ ਚੜ੍ਹਤਾਂ ਬਹੁਤ ਚੜ੍ਹਦੀਆਂ ਹਨ, ਪਰ ਸਭਨਾਂ ਚੀਜਾਂ ਨਾਲੋਂ ਰੋਟੀਆਂ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੜ੍ਹਦੀਆਂ ਹਨ; ਇੱਥੇ ਦੀ ਇੱਕ ਕਹਾਉਤ ਇਸ ਪੰਜਾਬ ਦੇਸ ਵਿਖੇ ਬਹੁਤ ਮਸ਼ਾਹੂਰ ਹੈ, ਲੋਕ ਮੌਕੇ ਮੌਕੇ ਪੁਰ ਉਸਨੂੰ ਯਾਦ ਕਰਦੇ ਹੁੰਦੇ ਹਨ (ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ)। ਅਣੀਰਾਇ ਅਰ ਸੂਰਜਮੱਲ ਦੀ ਕੋਈ ਜਗਾ ਐਡੀ ਮਸ਼ਾਹੂਰ ਨਹੀਂ ਹੈ। ਫੇਰ ਗੁਰੂ ਹਰਰਾਇ ਜੀ ਆਪਣੇ ਛੋਟੇ ਪੁਤ੍ਰ ਹਰਕਿਸ਼ਨ ਨੂੰ ਗੱਦੀ ਦੇਕੇ ਆਪ ਸੰਮਤ ੧੭੧੭ ਅਰ ਸੰਨ ੧੬੬੦ਈ: ਵਿਚ ਕੀਰਤਪੁਰ ਵਿਖੇ ਹੀ ਸਰੀਰ ਛੱਡ ਗਏ॥

ਦੋਹਰਾ—ਏਸ ਗੁਰੂ ਨੇ ਬਹੁਤ ਹੀ ਕੀਤੇ ਹਨ ਉਪਕਾਰ।
ਸਿੱਖੀ ਰਿਹਾ ਵਧਾਉਂਦਾ ਦੇ ਉਪਦੇਸ ਉਦਾਰ॥

ਗੁਰੂ ਹਰਿ ਕਿਸ਼ਨ ਜੀ ਦਾ ਬ੍ਰਿਤਾਂਤ

ਗੁਰੂ ਹਰਰਾਇ ਜੀ ਦੇ ਦੋ ਪੁਤ੍ਰ ਸੇ, ਵੱਡੇ ਦਾ ਨਾਉਂ ਰਾਮਰਾਇ ਅਰ ਛੋਟੇ ਦਾ ਨਾਉਂ ਹਰਕਿਸ਼ਨ ਜੀ ਸਾ। ਇਹ ਛੋਟਾਪੁਤ੍ਰ ਵੱਡਾ ਬੁੱਧਮਾਨ ਅਰ ਧਰਮੀ ਲੋਕ ਸਾ, ਅਰ ਇਸ ਨੇ ਬਾਲਕ ਪੁਣੇ ਤੇ ਲੈਕੇ ਆਪਣੇ ਪਿਤਾ ਦੀ ਕੋਈ ਆਗਿਆ ਨਹੀਂ ਮੋੜੀ,ਤਨ ਮਨ ਤੇ ਪਿਤਾ ਦੀ ਟਹਿਲ ਅਰ ਸਾਧਾਂ ਦੀ ਸੇਵਾ ਕਰਦਾ ਰਿਹਾ ਸਾ, ਉਹ ਦੂਜਾ ਰਾਮ ਰਾਇ ਪਰਮੇਸੁਰ ਦੇ ਭਜਨ ਵਿਖੇ ਤਾਂ ਬਹੁਤ ਰਹਿੰਦਾ ਹੀ ਸਾ, ਪਰ ਪਿਤਾ ਉਸਦੀਆਂ ਕਈ ਗੱਲਾਂ ਨੂੰ ਦੇਖਕੇ ਤਿਸ ਨਾਲ ਗਰੰਜ ਰਹਿੰਦਾ ਸਾ। ਕਿਉਂ ਜੋ ਰਾਮਰਾਇ ਆਪਣੇ ਤਾਈਂ ਲੋਕਾਂ ਵਿੱਚ ਸਿੱਧ ਅਰ ਔਲੀਆ ਜਾਹਰ ਕਰਦਾ ਸਾ, ਅਰ ਲੋਕਾਂ ਵਿੱਚ ਭੀ ਸਭ ਥਾਂ ਇਹ ਗੱਲ ਪਰਗਟ ਹੋ ਰਹੀ ਸੀ ਜੋ ਰਾਮਰਾਇ ਕਰਾਮਾਤੀ ਹੈ। ਉਸਨੇ ਗੁਰੂ ਤੇ ਬਾਹਰੀ ਆਪਣੀ ਸੰਗਤ ਜੁਦੀ ਹੀ ਚਤੁਰਾਈ ਨਾਲ ਬਣਾ ਲਈ ਹੋਈ ਸੀ, ਅਰ ਇਸ ਨੂੰ ਘਮੰਡ ਸਾ, ਜੋ ਮੈਂ ਬਹੁਤ ਚਤੁਰ ਅਰ ਸਿੱਖ ਸੇਵਕ ਬਣਾਉਣੇ ਨੂੰ ਅੱਤ ਸਿਆਣਾ ਹਾਂ, ਇਸ ਕਰਕੇ ਪਿਤਾ ਗੁਰਿਆਈ ਦੀ ਗੱਦੀ ਮੈਨੂੰ ਬਖਸ਼ੇਗਾ। ਪਰ ਗੁਰੂ ਤਿਸ ਦੀਆਂ ਕਰਾਮਾਤਾਂ ਅਰ ਚਲਾਕੀਆਂ ਸੁਣ ਸੁਣਕੇ ਰਾਜੀ ਨਹੀਂ ਹੁੰਦਾ ਸਾ। ਇੱਕ ਬਾਰ ਦੀ ਗੱਲ ਹੈ, ਜੋ ਰਾਮਰਾਇ ਅਜੇ ਮਿਆਨ ਦੁਆਬ ਦੇ ਮੁਲਖ ਵੱਲ ਆਪਣਿਆਂ ਸਿੱਖਾਂ ਦੇ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ ਹੋਇਆ ਸਾ, ਜੋ ਗੁਰੂ ਨੇ ਹਰਕਿਸ਼ਨ ਦੀ ਭਗਤੀ ਅਤੇ ਗਰੀਬੀ ਦੇਖਕੇ ਸਭਨਾਂ ਸੰਗਤਾਂ ਦੇ ਸਾਹਮਣੇ ਪੁਰਾਣੇ ਦਸਤੂਰ ਮੂਜਬ ਤਿਸ ਨੂੰ ਗੁਰਿਆਈ ਬਖਸ਼ ਦਿੱਤੀ, ਅਰ ਸਭਨਾਂ ਸਿੱਖਾਂ ਨੂੰ ਆਖਿਆ ਜੋ ਭਾਵੇਂ ਰਾਮਰਾਇ ਮੇਰਾ ਵੱਡਾ ਪੁਤ੍ ਅੱਤ ਚਤੁਰ ਹੈ, ਪਰ ਮੈਂ ਗੁਰਿਆਈ ਦਾ ਤਖਤ ਇਸ ਛੋਟੇ ਪੁਤ੍ ਨੂੰ ਜੋ ਸੱਚਾ ਭਗਤ ਅਰ ਆਗਿਆ ਕਾਰ ਹੈ ਦਿੰਦਾ ਹਾਂ, ਅਰ ਅੱਜ ਤੇ ਇਸ ਦਾ ਨਾਮ ਗੁਰੂ ਹਰਕਿਸ਼ਨ ਜੀ ਹੋਇਆ, ਜੋ ਮੇਰਾ ਸਿੱਖ ਹੈ ਉਹ ਇਸ ਨੂੰ ਮੱਥਾ ਟੇਕੇ। ਜਾਂ ਰਾਮਰਾਇ ਨੇ ਸੁਣਿਆ ਜੋ ਗੁਰਿਆਈ ਦਾ ਤਖਤ ਮੇਰੇ ਪਿੱਛੋਂ ਹਰਕਿਸ਼ਨ ਨੂੰ ਲੱਭ ਗਿਆ ਹੈ, ਤਾਂ ਦਿਲ ਵਿੱਚ ਬਹੁਤ ਹਮਸੋਸ ਕੀੱਤਾ, ਆਖਦੇ ਹਨ ਜੋ ਉਸ ਵੇਲੇ ਸਿੱਖਾਂ ਦੇ ਸਾਹਮਣੇ ਰਾਮਰਾਇ ਨੇ ਆਖਿਆ, ਜੋ ਅਜੇ ਹਰਕਿਸ਼ਨ ਬਹੁਤ ਨਿਆਣਾ ਹੈ ਅਰ ਅਜੇ ਤਿਸ ਨੂੰ ਸੀਤਲਾ ਭੀ ਨਹੀਂ ਤੁੱਸੀ, ਜੇ ਸੀਤਲਾ ਤੇ ਬਚ ਜਾਵੇਗਾ, ਤਾਂ ਗੁਰਿਆਈ ਕਰਨੀ ਪਾਵੇਗਾ। ਹੁਣ ਗੁਰੂ ਹਰਕਿਸ਼ਨ ਜੀ ਨਿਆਣੀ ਉਮਰ ਵਿੱਚ ਹੀ ਸਿੱਖਾਂ ਨੂੰ ਧਰਮ ਦਾ ਉਪਦੇਸ ਕਰਨ ਲੱਗਾ, ਇੱਕ ਦਿਨ ਦੀ ਗੱਲ ਹੈ, ਜੋ ਦਿੱਲੀ ਦੇ ਪਾਦਸ਼ਾਹ ਨੇ ਆਪਣੇ ਮੁਸਾਹਬ ਤੇ ਪੁੱਛਿਆ ਜੋ ਪਿੱਛੇ ਜੋ ਬਾਬੇ ਨਾਨਕ ਦੇ ਫਕੀਰ ਸੁਣੀਂਦੇ ਸੇ, ਹੁਣ ਉਨ੍ਹਾਂ ਵਿਚੋਂ ਚੰਗਾ ਕੌਣ ਹੈ? ਮੁਸਾਹਬਾਂ ਨੇ ਅਰਜ ਕੀੱਤੀ, ਜੋ ਗਰੀਬਨਿਵਾਜ ਹੁਣ ਇੱਕ ਛੋਟਾ ਜਿਹਾ ਬਾਲਕ ਹਰਕਿਸ਼ਨ ਨਾਮੇ ਉਨ੍ਹਾਂ ਦੀ ਗੱਦੀ ਪੁਰ ਸੁਣਿਆਂ ਜਾਂਦਾ ਹੈ, ਪਰ ਸੁਣਿਆ ਹੈ ਜੋ ਉਹ ਛੋਟੀ ਹੀ ਉਮਰ ਵਿੱਚ ਬਹੁਤ ਚੰਗਾ ਪੂਰਾ ਭਾਂਡਾ ਹੈ। ਪਾਦਸ਼ਾਹ ਨੇ ਕਿਹਾ ਜੋ ਉਸ ਨੂੰ ਸ਼ਤਾਬੀ ਦਿੱਲੀ ਵਿੱਚ ਬੁਲਾਓ, ਮੈਂ ਭੀ ਉਸਨੂੰ ਦੇਖਿਆ ਚਾਹੁੰਦਾ ਹਾਂ। ਇੱਕ ਖੱਤ੍ਰੀ ਨੇ, ਜੋ ਪਾਦਸ਼ਾਹ ਦਾ ਦੀਵਾਨ ਸਾ ਅਰ ਗੁਰੂ ਜੀ ਦੇ ਸਿੱਖਾਂ ਵਿੱਚੋਂ ਹੀ ਸਦਾਉਂਦਾ ਸਾ, ਉੱਠਕੇ ਅਰਜ ਕੀੱਤੀ, ਜੋ ਸੱਚੇ ਪਾਤਸ਼ਾਹ ਹਰਕਿਸ਼ਨ ਜੀ ਨੂੰ ਮੈਂ ਲਿਆਉਂਦਾ ਹਾਂ, ਇਉਂ ਕਹਿਕੇ ਬਹੁਤ ਅਸਵਾਰੀਆਂ ਨਾਲ ਲਈਆਂ ਅਰ ਕੀਰਤ ਪੁਰ ਆਕੇ ਗੁਰੂ ਜੀ ਦੇ ਪਾਸ ਪਾਦਸ਼ਾਹ ਦੇ ਸੱਦਣੇ ਦਾ ਹਾਲ ਜਾਹਰ ਕੀੱਤਾ। ਗੁਰੂ ਉਸਦੇ ਨਾਲ ਪਾਲਕੀ ਵਿੱਚ ਬੈਠਕੇ ਬਹੁਤ ਸਾਰੀ ਸੰਗਤ ਸਮੇਤ ਦਿੱਲੀ ਵਿੱਚ ਆਏ ਅਰ ਉਸ ਦੀਵਾਨ ਦੇ ਘਰ ਜੋ ਆਪਣਾ ਸਿੱਖ ਸਾ ਡੇਰਾ ਕੀੱਤਾ, ਜਾਂ ਰਾਤ ਪਈ ਤਾਂ ਗੁਰੂ ਜੀ ਨੂੰ ਉੱਥੇ ਹੀ ਸੀਤਲਾ ਤੁੱਸ ਪਈ। ਅਜਿਹੀ ਸੀਤਲਾ ਨਿਕਲੀ ਜੋ ਪਾਦਸ਼ਾਹ ਦੀ ਮੁਲਾਕਾਤ ਦੀ ਤਾਕਤ ਨਾ ਰਹੀ। ਸਿੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਉਨ੍ਹਾਂ ਨੂੰ ਬਹੁਤ ਬਿਆਕੁਲ ਦੇਖਕੇ ਕਹਿਣ ਲੱਗੇ, ਜੋ ਹੇ ਗੁਰੂ! ਪਾਦਸ਼ਾਹ ਆਪ ਦੇ ਦਰਸਨ ਦੀ ਚਾਹ ਰੱਖਦਾ ਸਾ,ਉਸਨੂੰ ਹੁਣ ਕੀ ਕਹਿਣਾ ਚਾਹੀਏ?ਉਸ ਵੇਲੇ ਗੁਰੂ ਨੇ ਕਿਹਾ ਪਾਦਸ਼ਾਹ ਮੇਰਾ ਦਰਸਣ ਨਹੀਂ ਚਾਹੁੰਦਾ, ਓਸ ਤਾਂ ਵਾਦ ਕਰਨੇ ਵਾਸਤੇ ਮੈਨੂੰ ਬੁਲਾਇਆ ਸਾ, ਪਰ ਹੁਣ ਮੈਨੂੰ ਆਪਣੇ ਸਰੀਰ ਰਹਿਣੇ ਦੀ ਉਮੈਦ ਨਹੀਂ। ਉਸ ਵੇਲੇ ਗੁਰੂ ਨੇ ਤਿਸ ਦੀਵਾਨ ਨੂੰ ਕੁਝ ਨਸੀਹਤ ਅਰ ਧਰਮ ਦੇ ਬਾਰੇ ਬਚਨ ਬੋਲਕੇ ਕਿਹਾ, ਜੋ ਇਹ ਮੇਰੀ ਵੱਲੋਂ ਪਾਦਸ਼ਾਹ ਨੂੰ ਸੁਣਾ ਦੇਵੀਂ। ਜਾਂ ਗੁਰੂ ਬਿਆਕੁਲ ਹੋਏ ਤਾਂ ਸਿੱਖਾਂ ਨੇ ਪੁੱਛਿਆ ਹੇ ਗਰੀਬਨਿਮਾਜ! ਤੁਹਾਡੇ ਪਿੱਛੋਂ ਅਸੀਂ ਗੁਰੂ ਕਿਸਨੂੰ ਜਾਣੀਏ? ਗੁਰੂ ਨੇ ਸੋਚਿਆ,ਜੋ ਭਾਈ ਰਾਮਰਾਇ ਨਾਲ ਤਾਂ ਕਰਾਮਾਤਾਂ ਪ੍ਰਗਟ ਕਰਨੇਦੇ ਸਬੱਬ ਪਿਤਾ ਗਰੰਜ ਰਹਿੰਦਾ ਸਾ ਅਰ ਹੋਰ ਕੋਈ ਲਾਇਕ ਨਹੀਂ ਦਿਸਦਾ, ਗੁਰਿਆਈ ਦਾ ਤਖਤ ਕਿਸਨੂੰ ਸਮ੍ਹਾਲਾਂ? ਫੇਰ ਵਿਚਾਰ ਕੀੱਤੀ,ਜੋ ਬਾਬਾ ਤੇਗਬਹਾਦੁਰ ਜੋ ਹੁਣ ਬਕਾਲੇ ਨਾਮੇ ਪਿੰਡ ਵਿੱਚ ਰਹਿੰਦਾ ਹੈ, ਭਾਂਵੇਂ ਉਹ ਜਗਤ ਦੇ ਕੰਮਾਂ ਵੱਲ ਧਿਆਨ ਤਾਂ ਨਹੀਂ ਦਿੰਦਾ, ਪਰ ਉਸ ਦੇ ਬਿਨਾਂ ਮੈਂ ਗੁਰਿਆਈ ਦੇ ਲਾਇਕ ਕਿਸੇ ਨੂੰ ਨਹੀਂ ਦੇਖਦਾ। ਇਹ ਸੋਚ ਕੇ ਬਾਬੇ ਤੇਗ ਬਹਾਦੁਰ ਦਾ ਧਿਆਨ ਕਰਕੇ ਪੰਜ ਪੈਸੇ ਲਲੇਰ ਧਰਤੀ ਪੁਰ ਰੱਖਿਆ ਅਰ ਮੱਥਾ ਟੇਕਕੇ ਸਿੱਖਾਂ ਨੂੰ ਕਿਹਾ, ਕਿ ਜਾਓ ਤੁਸਾਡਾ ਗੁਰੂ ਅਨੰਦ ਪੁਰ ਦੇ ਪਾਸ ਬਕਾਲੇ ਨਾਮੇ ਪਿੰਡ ਵਿੱਚ ਹੈ। ਓਹ ਸਭ ਨੂੰ ਧਰਮ ਦੇ ਰਾਹ ਚਲਾਵੇਗਾ, ਇਉਂ ਕਹਿਕੇ ਆਪ ਸੰਮਤ ੧੭੨੧ ਅਰ ਸਨ ੧੬੬੪ ਈ: ਵਿੱਚ ਸਰੀਰ ਛੱਡ ਦਿੱਤਾ॥

ਉਸਦੇ ਵੱਡੇ ਭਿਰਾ ਰਾਮਰਾਇ ਦੀ ਐਉਂ ਹਕੀਕਤ ਹੋਈ, ਜੋ ਉਸਨੂੰ ਜੋ ਮੁਲਖਾਂ ਵਿੱਚ ਫਿਰਨੇ ਦਾ ਬਹੁਤ ਸ਼ੌਕ ਸਾ, ਫਿਰਦਾ ਫਿਰਦਾ ਪਹਾੜ ਵਿੱਚ ਦੇਹਰੇਦੂਨ ਨੂੰ ਆਇਆ, ਉੱਥੇ ਉਸਦੇ ਪਾਸ ਬਹੁਤ ਸੰਗਤਾਂ ਕਰਾਮਾਤ ਲੈਣ ਆਉਂਦੀਆਂ ਸੀਆਂ ਅਰ ਇਹ ਭੀ ਉਨ੍ਹਾਂ ਸਭਨਾਂ ਦੀਆਂ ਪਰਤੀਤਾਂ ਬਨ੍ਹਾਉਂਦਾ ਰਹਿੰਦਾ ਸਾ, ਉੱਥੇ ਰਹਿੰਦੇ ਰਹਿੰਦੇ ਇਸਨੇ ਬਹੁਤ ਲੋਕਾਂ ਨੂੰ ਸਿੱਖ ਬਣਾਇਆ, ਅਰ ਜੋ ਜੋ ਲੋਕ ਤਿਸ ਦੇ ਸਿੱਖ ਬਣੇ, ਉਨ੍ਹਾਂ ਸਭਨਾਂ ਨੂੰ ਆਪਣੇ ਨਵੇਂ ਰਾਹ ਪੁਰ ਚਲਾਇਆ। ਇਹ ਗੁਰੂ ਗੋਬਿੰਦਸਿੰਘ ਜੀ ਦੇ ਵੇਲੇ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਦਸਵੀਂ ਪਾਤਸ਼ਾਹੀ ਕਹਾਉਂਦਾ ਹੈ ਜੀਉਂਦਾ ਸਾ, ਸਗੋਂ ਉਸ ਨਾਲ ਕਈ ਬਾਰ ਝਗੜਾ ਭੀ ਹੋਇਆ। ਪਰ ਗੁਰੂ ਗੋਬਿੰਦ ਸਿੰਘ ਇਸ ਨਾਲ ਕੁਝ ਦਿਲੋਂ ਵੈਰ ਨਹੀਂ ਰਖਦਾ ਸਾ, ਅਰ ਇਹ ਤਿਸ ਨਾਲ ਹਮੇਸ਼ਾਂ ਗਰੰਜ ਰਿਹਾ, ਸਗੋਂ ਇਸ ਨੇ ਆਪਣਿਆਂ ਸਿੱਖਾਂ ਨੂੰ ਸਿਖਾਲਿਆ, ਜੋ ਤੁਸੀਂ ਮੇਰੇ ਬਿਨਾਂ ਕਿਸੀ ਨੂੰ ਮੱਥਾ ਨਹੀਂ ਟੇਕਣਾ, ਅਰ ਇਹ ਭੀ ਦੱਸਿਆ, ਜੋ ਮੇਰੇ ਬਿਨਾਂ ਕੋਈ ਦੇਵੀ ਦੇਵਤਾ ਤੁਸਾਡੇ ਪੂਜਣੇ ਦੇ ਲੈਇਕ ਨਹੀਂ। ਹੁਣ ਤਾਈਂ ਉਸਦੇ ਸਿੱਖ ਜੋ ਰਾਮਰਾਈਏ ਸਦਾਉਂਦੇ ਹਨ ਹੋਰ ਕਿਸੀ ਨੂੰ ਨਹੀਂ ਪੂਜਦੇ, ਏਹ ਜੋ ਦਸ ਗੁਰੂ ਹੋਏਹਨ ਰਾਮਰਾਈਏ ਲੋਕ ਕਿਸੇ ਦੇ ਦੇਹਰੇ ਅਗੇ ਸਿਰ ਨਹੀਂ ਝੁਕਾਉਂਦੇ। ਇੱਕ ਬਾਰ ਰਾਮਰਾਇ ਕਿਸੀ ਆਪਣੇ ਸਿੱਖ ਦੇ ਕਾਰਜ ਨਮਿੱਤ ਇੱਕ ਵੱਡੀ ਡੂੰਘੀ ਗੁਫਾ ਵਿੱਚ ਬੈਠਕੇ ਜੋਗ ਅਭਿਆਸ ਦੀ ਰੀਤ ਨਾਲ ਤਪ ਕਰਨ ਲੱਗਾ। ਜਾਂ ਪ੍ਰਾਣ ਦਸਵੇਂ ਦੁਆਰ ਵਿਖੇ ਜਾ ਚੜ੍ਹੇ, ਤਾਂ ਪਾਸ ਦਿਆਂ ਸਿੱਖਾਂ ਨੇ ਜਾਣਿਆਂ, ਜੋ ਗੁਰੂ ਮਰ ਗਿਆ ਹੈ। ਸਭਨਾਂ ਸਿੱਖਾਂ ਅਰ ਮਸੰਦਾਂ ਨੇ ਮਰਨੇ ਦੀ ਗੱਲ ਵਿਚਾਰ ਕੇ ਉਸ ਦੇ ਸਰੀਰ ਨੂੰ ਹਿੰਦੂਆਂ ਦੀ ਰੀਤ ਮੂਜਬ ਫੂਕ ਸਿੱਟਿਆ। ਅਰ ਉੱਥੇ ਇੱਕ ਸਮਾਧ ਬਣਾਕੇ ਉਸਦਾ ਨਾਉਂ ਰਾਮਰਾਇ ਦਾ ਦੇਹਰਾ ਰਖਿਆ, ਅਰ ਇਸੀ ਸਬਬ ਤੇ ਉਸ ਪਹਾੜ ਦਾ ਨਾਉਂ ਦੇਹਰਾਦੂਨ ਕਰਕੇ ਮਸ਼ਾਹੂਰ ਹੋ ਗਿਆ ਹੈ। ਇੱਥੇ ਵਰ੍ਹੇ ਦਿਨ ਪਿੱਛੋਂ ਵੱਡਾ ਭਾਰੀ ਮੇਲਾ ਲਗਦਾ ਅਰ ਬਹੁਤ ਸਾਧ ਸੰਤ ਇਕੱਠੇ ਹੁੰਦੇ ਹਨ॥

ਦੋਹਰਾ—ਛੋਟੀ ਉਮਰਾ ਵਿੱਚ ਜਿਨ ਵਡੇ ਕਰੇ ਸਨ ਕਾਜ।
ਇਸਹੀ ਤੇ ਹਨ ਆਖਦੇ ਸ੍ਰੀ ਹਰਿਕਿਸ਼ਨ ਮਹਾਰਾਜ॥

ਗੁਰੂ ਤੇਗਬਹਾਦੁਰ ਜੀ ਦਾ ਬ੍ਰਿਤਾਂਤ

ਜਦ ਗੁਰੂ ਹਰਕਿਸ਼ਨ ਜੀ ਨੇ ਸਮਾਉਣ ਦੇ ਵੇਲੇ ਗੁਰਿਆਈ ਦੀ ਗੱਦੀ ਤੇਗ ਬਹਾਦੁਰ ਦੇ ਨਾਮ ਛੱਡੀ, ਤਦ ਸੰਗਤ ਗੁਰੂ ਦਾ ਦਰਸਣ ਕਰਨ ਲਈ ਬਕਾਲੇ ਨੂੰ ਆਈ। ਉੱਥੇ ਕੇਈਆਂ ਸੋਢੀਆਂ ਨੇ ਆਪਣੇ ਤਾਈਂ ਗੁਰੂ ਜਾਹਰ ਕੀਤਾ ਹੋਇਆ ਸਾ, ਪਰ ਇੱਕ ਲਬਾਣੇ ਸਿੱਖ ਨੇ ਗੁਰੂ ਤੇਗਬਹਾਦੁਰ ਨੂੰ ਲੱਭਕੇ ਮੱਥਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੇਕਿਆ ਅਰ ਆਖਿਆ ਜੋ ਹੇ ਗੁਰੂ ਜੀ ! ਸਾਨੂੰ ਗੁਰੂ ਹਰਕਿਸ਼ਨ ਜੀ ਨੇ ਤੁਸਾਡੇ ਲੜ ਲਾਇਆ ਹੈ, ਹੁਣ ਕਿਰਪਾ ਕਰਕੇ ਦਰਸਣ ਦੇਵੋ । ਤੇਗਬਹਾਦੁਰ ਜੀ ਭਜਨ ਦੀ ਲੌ ਵਿੱਚ ਦੁਨੀਆਂ ਤੇ ਜਗਤ ਦਿਆਂ ਸੁਖਾਂ ਤੇ ਬਹੁਤ ਉਦਾਸ ਅਰ ਸਰੀਰ ਦੇ ਭੋਗਾਂ ਤੇ ਵੈਰਾਗਵਾਨ ਰਹਿੰਦੇ ਸਾਣ । ਅਰ ਸਾਰੀ ਸੰਗਤ ਨੇ ਬਹੁਤ ਮਿੰਨਤ ਨਾਲ ਅਰਜਕੀਤੀ, ਜੋ ਹੇ ਸੱਚੇਪਾਦਸ਼ਾਹ ਪ੍ਰਗਟ ਹੋਵੋ ਸਾਨੂੰ ਨ ਭਟਕਾਉ, ਗੁਰੂ ਹਰਕ੍ਰਿਸ਼ਨ ਨੇ ਤੁਹਾਨੂੰ ਗੁਰੂ ਥਾਪਿਆ ਹੈ, ਅਸੀਂ ਤੇਰੇ ਬਿਨਾ ਕਿਸ ਦੇ ਲੜ ਲੱਗੀਏ ? ਗੱਲ ਕਾਹਦੀ ਗੁਰੂ ਹਰਕਿਸ਼ਨ ਜੀ ਦੀ ਆਗਿਆ ਅਨੁਸਾਰ ਅੰਤ ਨੂੰ ਗੁਰੂ ਤੇਗਬਹਾਦੁਰ ਮੰਜੀ ਪੁਰ ਬੈਠਾ ਅਰ ਗੁਰਿਆਈ ਕਰਨ ਲੱਗਾ । ਬਕਾਲੇ ਤੇ ਤੁਰਕੇ ਫੇਰ ਗੁਰੂ ਮਾਖੋਵਾਲ, ਜੋ ਕੀਰਤਪੁਰ ਦੇ ਪਾਸ ਸਤਲੁਜ ਦੇ ਕੰਢੇ ਪੁਰ ਹੈ, ਆ ਰਿਹਾ । ਪਹਿਲਾਂ ਇਸ ਦਾ ਨਾਉਂ ਮਾਖੋਵਾਲ ਅਰ ਫੇਰ ਗੁਰੂਆਂ ਦੇ ਰਹਿਣੇ ਦੇ ਸਬੱਬ ਉਸਦਾ ਨਾਮ ਅਨੰਦਪੁਰ ਪੈ ਗਿਆ । ਭਾਵੇਂ ਗੁਰੂ ਤੇਗਬਹਾਦੁਰ ਗੁਰਿਆਈ ਦੀ ਮੰਜੀ ਪੁਰ ਭੀ ਬੈਠਾ, ਪਰ ਵਿਰਾਗ ਦਿਲ ਤੇ ਦੂਰ ਨਾ ਹੋਇਆ, ਸਦਾ ਦੁਨੀਆਂ ਤੇ ਉਦਾਸ ਹੀ ਰਹਿੰਦਾ ਰਿਹਾ । ਅਤੇ ਇਸ ਨੇ ਜੋ ਸਬਦ ਅਰ ਸਲੋਕ ਉਚਰੇ ਹਨ, ਓਹ ਅਜਿਹੇ ਵੈਰਾਗ ਦੇ ਭਰੇ ਹੋਏ ਹਨ, ਜੋ ਕੋਈ ਉਨ੍ਹਾਂ ਨੂੰ ਸੱਚੇ ਮਨ ਨਾਲ ਪੜ੍ਹੇ, ਉਸ ਦਾ ਮਨ ਜਰੂਰ ਹੀ ਜਗਤ ਦਿਆਂ ਸੁਖਾਂ ਨੂੰ ਤੁੱਛ ਜਾਣਕੇ ਪਰਮੇਸੁਰ ਦੇ ਪ੍ਰੇਮ ਵੱਲ ਲੱਗ ਜਾਂਦਾ ਹੈ । ਉਹ ਸਭ ਸਬਦ ਗ੍ਰੰਥ ਸਾਹਬ ਦੀ ਉਸ ਜਗਾ ਵਿੱਚ ਲਿਖੇ ਗਏ ਹਨ, ਜੋ ਗੁਰੂ ਅਰਜਨ ਜੀ ਨੇ ਗ੍ਰੰਥ ਦੀ ਬੀੜ ਬੰਨ੍ਹਣੇ ਦੇ ਵੇਲੇ ਕੋਰੇ ਪੱਤ੍ਰੇ ਰੱਖ ਲਏ ਸੇ । ਭਾਵੇਂ ਉਨ੍ਹਾਂ ਸਬਦਾਂ ਵਿਖੇ ਨਾਮ ਤਾਂ ਨਾਨਕ ਜੀ ਦਾ ਹੀ ਪਾਇਆ ਹੋਇਆ ਹੈ, ਪਰ ਨੌਮੇਂ ਮਹਿਲ ਦੇ ਪਤੇ ਦੇ ਸਬੱਬ ਸਭ ਲੋਕ ਜਾਣਦੇ ਹਨ, ਜੋ ਏਹ ਸਬਦ ਗੁਰੂ ਤੇਗਬਹਾਦੁਰ ਦੇ ਹਨ । ਇੱਕ ਬਾਰ ਗੁਰੂ ਤੇਗਬਹਾਦੁਰ ਆਪਣੀ ਇਸਤ੍ਰੀ ਅਰ ਹੋਰ ਸਰਬੰਧੀਆਂ ਸਮੇਤ ਬੰਗਾਲੇ ਆਦਿਕ ਪੂਰਬ ਦੇ ਦੇਸਾਂ ਨੂੰ ਗਏ ਤੇ ਟੱਬਰ ਨੂੰ ਪਟਨੇ ਸ਼ਹਿਰ ਛੱਡਕੇ ਆਪ ਉਪਦੇਸ਼ ਦਿੰਦੇ ਦੇਸ਼ਾਟਨ ਕਰਦੇ ਫਿਰੇ । ਉਨ੍ਹਾਂ ਦੇ ਮਗਰੋਂ ਪਟਨੇ ਸ਼ਹਿਰ ਵਿਖੇ ਗੋਬਿੰਦਸਿੰਘ ਜੀ ਜਨਮੇ । ਫੇਰ ਇੱਕ ਬਾਰ ਦੀ ਗੱਲ ਹੈ ਜੋ ਅਨੰਦਪੁਰੋਂ ਸਿੱਖਾਂ ਨੂੰ ਨਾਲ ਲੈਕੇ ਜੰਗਲਾਂ ਦਾ ਸੈਲ ਕਰਦੇ ਕਰਦੇ ਹਿੰਦੁਸਤਾਨ ਨੂੰ ਜਾ ਨਿਕਲੇ, ਜਾਂ ਆਗਰੇ ਪਹੁੰਚੇ ਤਾਂ ਇੱਕ ਬਾਗ ਵਿੱਚ ਟਿਕੇ, ਅਤੇ ਇੱਕ ਚਰਵਾਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਆਪਣੇ ਉਤੇ ਦਾ ਦੁਸ਼ਾਲਾ ਅਤੇ ਇੱਕ ਮੁਹਰ ਦੇ ਕੇ ਬਜਾਰ ਭੇਜਿਆ, ਕਿ ਕੁਝ ਭੋਜਨ ਲੈ ਆਵੇ। ਹਲਵਾਈ ਇਸ ਡਰ ਨਾਲ ਜੋ ਇਹ ਚੋਰੀ ਦਾ ਮਾਲ ਨਾ ਹੋਵੇ ਕੁਤਵਾਲ ਪਾਸ ਲੈ ਗਿਆ। ਕੁਤਵਾਲ ਉਹ ਮੁਹਰ ਆਪਣੇ ਪਾਸ ਲੈਕੇ ਤੇਗਬਹਾਦੁਰ ਦੇ ਪਾਸ ਬਾਗ ਵਿੱਚ ਆਇਆ ਅਰ ਪੁੱਛਨ ਲੱਗਾ, ਜੋ ਤੁਸੀਂ ਕੌਣ ਅਰ ਕਿੱਥੇ ਤੇ ਆਏ ਹੋ। ਤੇਗਬਹਾਦੁਰ ਨੇ ਆਪਣਾ ਨਾਉਂ ਨਿਸ਼ਾਨ ਦੱਸ ਕੇ ਆਖਿਆ, ਜੋ ਹੁਣ ਅਨੰਦਪੁਰ ਤੇ ਆਇਆ ਹਾਂ। ਕੁਤਵਾਲ ਨੇ ਉਸੀ ਵੇਲੇ ਪਾਦਸ਼ਾਹ ਔਰੰਗਜੇਬ ਦੀ ਵੱਲ ਦਿੱਲੀ ਨੂੰ ਲਿਖ ਭੇਜਿਆ, ਜੋ ਹਿੰਦੂਆਂ ਦਾ ਪੀਰ ਗੁਰੂ ਤੇਗਬਹਾਦੁਰ, ਜੋ ਨਾਨਕ ਪੰਥੀ ਫਕੀਰ ਸਦਾਉਂਦਾ ਹੈ, ਅਚਾਨਕ ਮੇਰੇ ਹੱਥ ਲੱਗ ਗਿਆ ਹੈ, ਜੋ ਹੁਕਮ ਹੋਵੇ ਸੋ ਕਰਾਂ? ਪਾਦਸ਼ਾਹ ਔਰੰਗਜੇਬ ਦੇ ਦਿਲ ਵਿੱਚ ਸਦਾ ਇਹ ਚਾਹ ਰਹਿੰਦੀ ਸੀ, ਜੋ ਸਾਰੀ ਦੁਨੀਆਂ ਮੁਸਲਮਾਨੀ ਦੀਨ ਕਬੂਲ ਕਰ ਲਵੇ, ਸਗੋਂ ਉਸ ਨੇ ਉਨ੍ਹੀਂ ਦਿਨੀਂ ਬਹੁਤ ਸਾਰਿਆਂ ਬਰਹਿਮਣਾਂ ਨੂੰ ਕੈਦ ਕੀਤਾ ਹੋਇਆ ਸਾ, ਭਈ ਜੇ ਪਹਿਲਾਂ ਏਹ ਲੋਕ ਮੁਸਲਮਾਨ ਹੋ ਜਾਣਗੇ, ਤਾਂ ਹੋਰਨਾਂ ਲੋਕਾਂ ਦੇ ਦਿਲ ਵਿੱਚ ਆਪ ਹੀ ਚੌਂਪ ਵਧ ਜਾਵੇਗੀ। ਅਤੇ ਬ੍ਰਾਹਮਣਾਂ ਨੇ ਆਖਿਆ ਸੀ, ਜੋ ਜੇ ਗੁਰੂ ਤੇਗਬਹਾਦੁਰ ਮੁਸਲਮਾਨ ਹੋ ਜਾਏਗਾ ਤਾਂ ਅਸੀਂ ਭੀ ਹੋਜਾਂਗੇ। ਜਾਂ ਪਾਦਸ਼ਾਹ ਨੇ ਇਹ ਸੁਣਿਆਂ, ਜੋ ਗੁਰੂ ਤੇਗਬਹਾਦੁਰ ਫੜਿਆ ਗਿਆ ਹੈ, ਤਾਂ ਦਿਲ ਵਿੱਚ ਬਹੁਤ ਖੁਸ਼ੀ ਹੋਇਆ। ਕਿਉਂ ਜੋ ਇਹ ਨਾਨਕ ਪੰਥੀ ਲੋਕਾਂ ਦੀਆਂ ਗੱਲਾਂ ਸੁਣ ਸੁਣ ਕੇ ਪਹਿਲਾਂ ਹੀ ਇਨ੍ਹਾਂ ਨੂੰ ਮਿਲਨਾ ਚਾਹਿੰਦਾ ਸਾ। ਉਸੀ ਵੇਲੇ ਆਗਰੇ ਲਿਖ ਭੇਜਿਆ, ਜੋ ਉਸਨੂੰ ਸ਼ਿਤਾਬੀ ਦਿੱਲੀ ਭੇਜ ਦੇਓ। ਗੁਰੂ ਦਿੱਲੀ ਆਏ, ਤਾਂ ਪਾਦਸ਼ਾਹ ਨੇ ਉਨ੍ਹਾਂ ਨਾਲ ਬਹੁਤ ਝਗੜੇ ਹੁੱਜਤਾਂ ਕੀਤੀਆਂ ਅਰ ਕੋਈ ਤਰ੍ਹਾਂ ਦੇ ਦੀਨੀ ਸੁਆਲ ਕਰਕੇ ਅਖੀਰ ਇਹ ਆਖਿਆ, ਜੋ ਤੂੰ ਸਾਡਾ ਦੀਨ ਕਬੂਲ ਕਰ, ਨਹੀਂ ਤਾਂ ਮਾਰਿਆ ਜਾਵੇਂਗਾ। ਤੇਗਬਹਾਦੁਰ ਉਸਦੀ ਜੁਲਮੀ ਦੇਖਕੇ ਹੱਸਦਾ ਸਾ। ਫੇਰ ਪਾਦਸ਼ਾਹ ਨੇ ਉਸਤੇ ਕਰਾਮਾਤਾਂ ਮੰਗੀਆਂ, ਤਾਂ ਗੁਰੂ ਜੀ ਕਿਹਾ ਕਰਾਮਾਤ ਕੋਈ ਮਦਾਰੀ ਦੀ ਖੇਡ ਨਹੀਂ ਹੈ ਜੋ ਆਪਣੇ ਪ੍ਰਾਣ ਬਚਾਉਣ ਦੀ ਖਾਤਰ ਤੈਨੂੰ ਦੱਸੀਏ। ਕਰਾਮਾਤ ਦੀ ਸ਼ਕਤੀ ਈਸ਼੍ਵਰ ਦੀ ਆਗਯਾ ਵਿੱਚ ਵਰਤੀ ਦੀ ਹੈ। ਅਸੀਂ ਉਸ ਦੀ ਰਜ਼ਾ ਵਿਚ ਚਲਦੇ ਹਾਂ। ਆਖਰ ਪਾਦਸ਼ਾਹ ਨੇ ਉਸ ਨੂੰ ਪੰਜਾਂ ਸਿੱਖਾਂ ਸਮੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹਲਖਾਨੇ ਵਿੱਚ ਭੇਜ ਦਿੱਤਾ, ਅਰ ਕਿਹਾ ਜੋ ਜਦ ਤਾਈਂ ਇਹ ਦੀਨ ਨਾ ਕਬੂਲ ਕਰੇ ਛੱਡਨਾ ਨਹੀਂ। ਜਿਹਲਖਾਨੇ ਵਿੱਚ ਜਾਕੇ ਪਹਿਲਾਂ ਤਾਂ ਪਾਦਸ਼ਾਹ ਬਹੁਤ ਲਾਲਚ ਦੇ ਚੁੱਕਾ, ਪਰ ਜਾਂ ਫੇਰ ਭੀ ਤਿਸਨੇ ਮੁਸਲਮਾਨ ਹੋਣਾ ਕਬੂਲ ਨਾ ਕੀੱਤਾ, ਤਾਂ ਤਕਲੀਫ ਦੇਣੀ ਸ਼ੁਰੂ ਕੀੱਤੀ। ਗੁਰੂ ਨੇ ਗੋਬਿੰਦ ਸਿੰਘ ਦੀ ਪ੍ਰੀਖਿਆ ਕਰਨ ਲਈ ਅਨੰਦਪੁਰ ਨੂੰ ਉਸ ਵੱਲ ਇੱਕ ਅਰਦਾਸ ਲਿਖੀ, ਜੋ ਅਸੀਂ ਮੁਸਲਮਾਨਾਂ ਨੇ ਬਹੁਤ ਲਚਾਰ ਕੀਤੇ ਹਾਂ, ਉਸ ਅਰਦਾਸ ਵਿੱਚ ਇੱਕ ਇਹ ਦੋਹਰਾ ਭੀ ਲਿਖਿਆ ਸਾ, ਦੋਹਰਾ "ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ। ਕਹੁ ਨਾਨਕ ਅਬ ਓਟ ਹਰਿ ਗਜ ਜਿਉਂ ਹੋਹੁ ਸਹਾਇ" ਅਰਥ ਇਸ ਦਾ ਇਹ ਹੈ ਜੋ ਬਲ ਮੇਰਾ ਟੁੱਟ ਗਿਆ ਅਰ ਬੰਧਨ ਪੈ ਗਏ ਹਨ ਅਰ ਕੋਈ ਉਪਾਉ ਛੁੱਟਣੇ ਦਾ ਨਹੀਂ ਰਿਹਾ। ਹੁਣ ਨਾਨਕ ਦੇ ਬਚਨ ਮੂਜਬ ਪਰਮੇਸੁਰ ਦੀ ਓਟ ਹੈ। ਜਿੱਕੁਰ ਵਿਸ਼ਨ ਜੀ ਨੇ ਦੁਖੀ ਹੋਏ ਹੋਏ ਹਾਥੀ ਦੀ ਸਹਾਇਤਾ ਕੀਤੀ ਸੀ, ਤਿਸੀ ਤਰ੍ਹਾਂ ਮੇਰੀ ਭੀ ਕਰੇਗਾ। ਗੋਵਿੰਦਸਿੰਘ ਨੇ ਅਰ-ਦਾਸ ਪੜ੍ਹਕੇ ਇੱਕ ਚਿੱਠੀ ਇਸ ਦੇ ਜਵਾਬ ਵਿੱਚ ਇਸ ਮਤਲਬ ਦੀ ਭੇਜੀ, ਕਿ ਤੁਸੀਂ ਆਪ ਸਰਬ ਸਮਰਥ ਵਾਲੇ ਹੋ, ਜੋ ਚਾਹੋ ਸੋ ਕਰ ਸੱਕਦੇ ਹੋ, ਕਿਉਂ ਜੋ ਪਰਮੇਸੁਰ ਤੁਸਾਡੇ ਸਦਾ ਅੰਗ ਸੰਗ ਹੈ। ਗੁਰੂ ਨੂੰ ਜੋ ਜੋ ਤਕਲੀਫਾਂ ਪਾਦਸ਼ਾਹ ਦੀ ਵੱਲੋਂ ਮਿਲਦੀਆਂ ਸੀਆਂ, ਉਹ ਪਰਮੇਸੁਰ ਦਾ ਭਾਣਾ ਜਾਣਕੇ ਚੁੱਪ ਰਹਿੰਦਾ ਸਾ। ਉਸ ਜਗਾ ਦਾ ਦੁੱਖ ਦੇਖਕੇ ਦੋ ਸਿੱਖ ਤਾਂ ਭੱਜ ਗਏ ਪਰ ਇੱਕ ਜੋ ਸੱਚਾ ਭਗਤ ਸਾ, ਉਹ ਗੁਰੂ ਦੇ ਨਾਲੋਂ ਜੁਦਾ ਨਾ ਹੋਇਆ, ਬਲਕ ਬਾਰ ਬਾਰ ਇਹ ਕਹਿੰਦਾ ਸਾ, ਜੋ ਹੇ ਗੁਰੂ ਮੇਰਾ ਸਿਰ ਤੇਰੇ ਅੱਗੇ ਬਿਕਿਆ ਹੋਇਆ ਹੈ, ਜੋ ਤੇਰਾ ਹਾਲ ਸੋ ਮੇਰਾ ਹਾਲ, ਹੁਣ ਜੁਦਾ ਕਦੀ ਨਹੀਂ ਹੋਵਾਂਗਾ। ਜਾਂ ਗੁਰੂ ਉੱਥੇ ਮੁਸਲ-ਮਾਨਾਂ ਨੇ ਬਹੁਤ ਦੁਖੀ ਕੀਤਾ, ਤਾਂ ਵਿਚਾਰਿਆ ਜੋ ਹੁਣ ਵੇਲਾ ਆ ਪੁੱਗਿਆ ਹੈ, ਕਿਉਂ ਜੋ ਪਾਦਸ਼ਾਹ ਮੁਸਲਮਾਨ ਕਰਨੇ ਵਾਸਤੇ ਬਹੁਤ ਜ਼ੋਰ ਲਾਉਂਦਾ ਹੈ। ਇਸ ਤੇ ਬਾਦ ਗੁਰੂ ਨੇ ਪਾਦਸ਼ਾਹ ਨਾਲ ਕੁਝ ਦੀਨ ਦੀ ਬਾਬਤ ਗੱਲਾਂ ਭੀ ਕੀੱਤੀਆਂ, ਭਈ ਜੇ ਖੁਦਾ ਨੂੰ ਸਾਰਾ ਜਗਤ ਮੁਸਲਮਾਨ ਕਰਨਾ ਮਨਜ਼ੂਰ ਸਾ, ਤਾਂ ਹੋਰਨਾਂ ਦੀਨਾਂ ਨੂੰ ਦੁਨੀਆਂ ਪੁਰ ਕਿਉਂ ਰਹਿਣ ਦਿੱਤਾ, ਕਿਉਂ ਜੋ ਉਹ ਜੋ ਚਾਹੁੰਦਾ ਹੈ ਸੋ ਹੁੰਦਾ ਹੈ। ਇਹੀਆਂ ਜਿਹੀਆਂ ਗੱਲਾਂ ਸੁਣਕੇ ਪਾਦਸ਼ਾਹ ਸਗੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਭੀ ਜਲ ਗਿਆ, ਅੱਗੇ ਨਾਲੋਂ ਭੀ ਵਧੀਕ ਦੁੱਖਦੇਣ ਲੱਗਾ। ਫੇਰ ਪਾਦਸ਼ਾਹ ਨੇ ਆਖਿਆ ਮੰਨਜਾਓ ਪਰ ਜਾਨ ਨ ਗਵਾਓ। ਪਰ ਗੁਰੂਜੀਨੇ ਸਾਂਤ ਨਾਲ ਉਤਰ ਦਿੱਤਾ ਮੌਤ ਦਾ ਡਰ ਅਤੇ ਦੁਨੀਆਂ ਦਾ ਲਾਲਚ ਸਾਡੇ ਅੱਗੇ ਤੁੱਛ ਹਨ ਤੂੰ ਕੀ ਕਰ ਸਕਦਾ ਹੈਂ ਸਰੀਰ ਨਾਲੋਂ ਆਤਮਾ ਨੂੰ ਅੱਡ ਕਰ ਸਕਦਾ ਹੈਂ। ਇਹ ਇੱਕ ਦਿਨ ਹੋਣਾ ਹੀ ਹੈ। ਸਾਡੇ ਆਤਮਾ ਨੂੰ ਤਾਂ ਤੂੰ ਮਾਰ ਨਹੀਂ ਸੱਕਦਾ, ਅਸੀਂ ਧਰਮ ਨਹੀਂ ਤਿਆਗਾਂਗੇ, ਸਗੋਂ ਤੂੰ ਸਾਡੇ ਉਪਦੇਸ਼ ਨੂੰ ਗ੍ਰਹਣ ਕਰ ਅਥਵਾ ਖ਼ੁਦਾ ਨੂੰ ਹਾਜਰ ਨਾਜਰ ਜਾਣਕੇ ਰਈਅਤ ਤੇ ਜੁਲਮ ਨ ਕਰ ਅਤੇ ਰਾਜਾ ਦਾ ਧਰਮ ਪਾਲ। ਔਰੰਗਜ਼ੇਬ ਨੇ ਫੇਰ ਬਹੁਤ ਕੁਝ ਕਿਹਾ ਅਤੇ ਆਖਿਆ ਜੋ ਇੱਕ ਤੁਸੀ ਮੰਨ ਲਵੋ ਤਾਂ ਸਾਰੇ ਹਿੰਦੂ ਅਤੇ ਸਿੱਖ ਜੋ ਤੁਹਾਡੇ ਮਗਰ ਹਨ ਮੁਸਲਮਾਨ ਹੋ ਜਾਣਗੇ ਅਤੇ ਸੁਖ ਪਾਉਣਗੇ। ਗੁਰੂ ਜੀ ਉੱਤਰ ਦਿੱਤਾ ਹਿੰਦੂਆਂ ਦੀ ਅਸਾਂ ਬਾਂਹ ਫੜੀ ਹੈ ਓਹ ਦੀਨ ਹਨ ਅਤੇ ਦੀਨਰਖਯਾ ਸਾਡਾ ਧਰਮ ਹੈ, ਯਥਾ-ਚਿਤ ਚਰਨ ਕਵਲ ਕਾ ਆਸਰਾ ਚਿਤ ਚਰਨ ਕਵਲ ਸੰਗ ਜੋੜੀਏ। ਮਨ ਲੋਚੇ ਬੁਰਿਆਈਆਂ ਗੁਰ ਸਬਦੀ ਇਹ ਮਨ ਹੋੜੀਏ। ਬਾਂਹ ਜਿਨਾਂ ਦੀ ਪਕੜੀਏ ਸਿਰ ਦੀਜੇ ਬਾਂਹ ਨ ਛੋੜੀਏ। ਗੁਰੂ ਤੇਗਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ॥ ਇਹ ਗੱਲ ਸੁਣਕੇ ਔਰੰਗਜੇਬ ਜਲ ਬਲ ਕੇ ਕੋਲਾ ਹੋ ਗਿਆ ਅਤੇ ਉੱਥੋਂ ਉਠ ਗਿਆ ਅਤੇ ਗੁਰੂਜੀ ਅਤੇ ਉਨਾਂ ਦੇ ਸਿੱਖਾਂ ਨੂੰ ਕਈ ਪ੍ਰਕਾਰ ਦੇ ਅੱਤ ਦੁਖ ਮਿਲਨ ਲੱਗੇ। ਇਕ ਸਿੱਖ ਮਤੀਰਾਮ ਆਰੇ ਨਾਲ ਚੀਰਿਆ ਗਿਆ, ਦੂਜਾ ਦਿਆਲਾ ਕੜਾਹੇ ਵਿੱਚ ਉਬਾਲਕੇ ਮਾਰਿਆ ਗਇਆ, ਪਰ ਕਿਸੇ ਨੇ ਧਰਮ ਨਾ ਤਿਆਗਿਆ॥

ਹੁਣ ਗੁਰੂ ਜੀ ਨੇ ਇਕ ਨਰੇਲ ਤੇ ਪੰਜ ਪੈਸੇ ਦੇ ਕੇ ਭਾਈ ਗੁਰਦਿੱਤੇ ਨੂੰ ਅਨੰਦਪੁਰ ਤੋਰ ਦਿੱਤਾ ਅਤੇ ਆਖਿਆ ਜੋ ਹੁਣ ਗੋਬਿੰਦਸਿੰਘ ਗੁਰੂ ਹੋਏ। ਅਤੇ ਸੰਮਤ ੧੭੩੨ ਮੱਘਰ ਸੁਦੀ ਪੰਚਮੀ ਨੂੰ ਜਾਂ ਗੁਰੂ ਸਵੇਰੇ ਇਸਨਾਨ ਕਰਕੇ ਜਪਜੀ ਸਾਹਿਬ ਦਾ ਪਾਠ ਕਰਕੇ ਮੱਥਾ ਟੇਕਿਆ ਤਾਂ ਜਲਾਦ ਨੇ ਤਲਵਾਰ ਚਲਾਈ ਅਤੇ ਸਿਰ ਧੜ ਤੋਂ ਅੱਡ ਕਰ ਦਿੱਤਾ। ਇਸ ਵੇਲੇ ਇੱਕ ਸਿੱਖ ਨੇ ਗੁਰੂ ਜੀ ਦਾ ਸਿਰ ਅਨੰਦਪੁਰ ਵਿਖੇ ਪੁਚਾਇਆ, ਅਤੇ ਧੜ ਇੱਕ ਲਬਾਣੇ ਨੇ ਲਿਆਕੇ ਸਸਕਾਰਿਆ, ਜਿੱਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਸੁੰਦਰ ਡੇਰਾ ਹੈ ਅਤੇ ਰਕਾਬਗੰਜ ਅਖਾਉਂਦਾ ਹੈ। ਅਤੇ ਜਿੱਥੇ ਗੁਰੂ ਜੀ ਸੀਸ ਦਿੱਤਾ ਉਸਦਾ ਨਾਉਂ ਸੀਸ ਗੰਜ ਹੈ॥

ਦੋਹਰਾ—ਪਰਮੇਸਰ ਦੇ ਲਾਡਲੇ ਜਰਾ ਨ ਕਰਦੇ ਸੰਕ।
ਸਿਰ ਦੇਕੇ ਜਸ ਲੇਂਵਦੇ ਜਾਲਮ ਸੌਂਪ ਕਲੰਕ॥

ਗੁਰੂ ਗੋਬਿੰਦ ਸਿੰਘ ਜੀ ਦਾ ਬ੍ਰਿਤਾਂਤ

ਇਹ ਗੁਰੂ ਗੋਵਿੰਦ ਸਿੰਘ ਨਿਆਣਪੁਣੇ ਤੇ ਹੀ ਵੱਡਾ ਬੁਧਿਮਾਨ ਸਾ ਅਰ ਛੋਟੀ ਉਮਰ ਵਿੱਚ ਹੀ ਤੀਰਨਦਾਜ਼ੀ ਦਾ ਕੰਮ ਅਜਿਹਾ ਸਿੱਖਿਆ ਸਾ, ਜੋ ਇਸ ਦੇ ਹਾਣੀਆਂ ਵਿਚੋਂ ਕੋਈ ਇਸਦੇ ਬਰਾਬਰ ਤੀਰ ਨਹੀਂ ਚਲਾ ਸਕਦਾ ਸਾ। ਇਨ੍ਹਾਂ ਦੀਆਂ ਕਈਆਂ ਗੱਲਾਂ ਤੇ ਮਲੂਮ ਹੁੰਦਾ ਹੈ, ਜੋ ਇਹ ਫਾਰਸੀ ਜ਼ੁਬਾਨ ਭੀ ਜਾਣਦੇ ਸਾਨ, ਪੰਡਤਾਂ ਅਰ ਮੌਲਵੀਆਂ ਅਤੇ ਹੋਰਨਾਂ ਗਿਆਨੀਆਂ ਦੀ ਸੁਹਬਤ ਦੇ ਸਬੱਬ ਇਸ ਨੂੰ ਚਰਚਾ ਵਾਰਤਾ ਕਰਨੀ ਅਜਿਹੀ ਆਉਂਦੀ ਸੀ, ਜੋ ਆਪਣੀ ਤਕਰੀਰ ਨਾਲ ਬਹੁਤਿਆਂ ਲੋਕਾਂ ਨੂੰ ਆਪਣੀ ਵੱਲ ਕਰ ਲਿਆ ਸਾ। ਜਦ ਗੁਰਿਆਈ ਦੀ ਗੱਦੀ ਪੁਰ ਬੈਠਾ, ਅਰ ਸੰਗਤਾਂ ਦਰਸ਼ਣ ਨੂੰ ਆਉਂਣ ਲੱਗੀਆਂ, ਤਦ ਇਸ ਨੇ ਆਪਣੇ ਦਿਲ ਵਿੱਚ ਇਹ ਗੱਲ ਵਿਚਾਰੀ, ਜੋ ਮੁਸਲਮਾਨਾਂ ਲੋਕਾਂ ਮੇਤੇ ਪਹਿਲੇ ਗੁਰੂਆਂ ਅਰ ਹੋਰਨਾਂ ਸਾਧਾਂ ਭਗਤਾਂ ਨੂੰ ਬਹੁਤ ਸਤਾਇਆ ਹੈ, ਹੁਣ ਇਨ੍ਹਾਂ ਸੰਗਤਾਂ ਦੀ ਮੱਦਦ ਨਾਲ ਤੁਰਕਾਂ ਤੇ ਬਦਲਾ ਲਵਾਂ। ਫੇਰ ਏਹ ਭੀ ਵਿਚਾਰ ਕੀਤੀ, ਕਿ ਇਨ੍ਹਾਂ ਸਭਨਾਂ ਸੰਗਤਾਂ ਦੇ ਸੁਭਾਉ ਗੁਰੂ ਨਾਨਕ ਤੇ ਲੈਕੇ ਫਕੀਰਾਂ ਵਰਗੇ ਹਨ, ਏਹੁ ਜੁੱਧ ਜੰਗ ਦੀ ਰੀਤ ਨਹੀਂ ਜਾਣਦੇ, ਸੋ ਮੈਨੂੰ ਇਹ ਜੋਗ ਹੈ, ਜੋ ਉਨ੍ਹਾਂਨੂੰ ਸ਼ਸਤ੍ਰ ਵਿਦਿਆ ਅਰ ਰਾਜਨੀਤ ਦੇ ਬੁਹਾਰ ਸਿਖਾਲ ਕੇ ਤੁਰਕਾਂ ਨਾਲ ਲੜਾਵਾਂ। ਫੇਰ ਸਭ ਸੰਗਤਾਂ ਕੱਠੀਆਂ ਕਰਕੇ ਚਾਹਿਆ, ਜੋ ਦੇਖਾਂ ਇਨ੍ਹਾਂ ਵਿਚੋਂ ਸੱਚਾ ਕਿਹੜਾ ਕਿਹੜਾ ਹੈ? ਗੁਰੂ ਨੇ ਸਾਰੀਆਂ ਸੰਗਤਾਂ ਨੂੰ ਪੁਕਾਰ ਕੇ ਆਖਿਆ ਸਾਨੂੰ ਇੱਕ ਆਦਮੀ ਦਾ ਸਿਰ ਦਰਕਾਰ ਹੈ, ਜੇ ਕੋਈ ਗੁਰੂ ਦਾ ਪਿਆਰਾ ਹੋਵੇ ਸੋ ਸਾਨੂੰ ਆਪਣਾ ਸਿਰ ਦੇਵੇ। ਇਹ ਸੁਣਕੇ ਬਹੁਤ ਲੋਕ ਤਾਂ ਭੱਜ ਗਏ ਅਰ ਕੈਈਆਂ ਦੇ ਸਿਦਕ ਟੁੱਟਗਏ,ਪਰ ਸਭਨਾਂ ਵਿਚੋਂ ਪੰਜਾਂ ਸਿੱਖਾਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਠਕੇ ਅਰਜ਼ ਕੀਤੀ, ਕਿ ਸੱਚੇ ਪਾਦਸ਼ਾਹ ਸਾਡਾ ਸਿਰ ਹਾਜ਼ਰ ਹੈ, ਜਦ ਚਾਹੋ ਵੱਢ ਲਵੋ। ਉਨ੍ਹਾਂ ਪੰਜਾਂਵਿਚੋਂ ਇੱਕ ਦਾ ਨਾਉਂ ਧਰਮਸਿੰਘ ਅਰ ਦੂਜੇ ਦਾ ਸਾਹਿਬਸਿੰਘ ਅਰ ਤੀਜੇ ਦਾ ਦਯਾਸਿੰਘ ਚੌਥੇ ਦਾ ਨਾਮ ਹਿੰਮਤਸਿੰਘ ਅਰ ਪੰਜਵੇਂ ਦਾ ਨਾਮ ਮੁਹਕਮਸਿੰਘ ਸਾ। ਗੁਰੂ ਓਨ੍ਹਾਂ ਪੰਜਾਂ ਹੀ ਨੂੰ ਇੱਕ ਕੋਠੜੀ ਵਿੱਚ ਲੈ ਜਾਕੇ ਆਖਣ ਲਗਾ, ਜੋ ਹੇ ਪਿਆਰਿਓ ਮੈਂ ਤੁਹਾਡੇ ਧਰਮ ਅਤੇ ਸਿਦਕ ਤੇ ਬਹੁਤ ਖ਼ੁਸ਼ੀ ਹਾਂ, ਕਿਉਂ ਜੋ ਤੁਸੀਂ ਗੁਰੂ ਦੇ ਨਾਮ ਪੁਰ ਸਿਰ ਦੇਣੇ ਤੇ ਇਨਕਾਰ ਨਹੀਂ ਕੀਤੀ, ਸੋ ਆਓ ਹੁਣ ਮੈਂ ਤੁਹਾਨੂੰ ਸੱਚੇ ਧਰਮ ਦੀ ਪਾਹੁਲ ਦੇਵਾਂ। ਉਨ੍ਹਾਂ ਪੰਜਾਂ ਹੀ ਨੂੰ ਅਸ਼ਨਾਨ ਕਰਾਕੇ ਪਾਸੋ ਪਾਸ ਬਠਾਲਿਆ ਅਰ ਫੇਰ ਪਾਣੀ ਵਿਚ ਪਤਾਸੇ ਘੋਲਕੇ ਤਿਸ ਵਿੱਚ ਖੰਡਾ ਫੇਰਿਆ ਅਰ ਮੂਲਮੰਤ੍ਰ ਅਥਵਾ ਜਪਜੀ ਜਾਪਜੀ ਅਤੇ ਕੁਝ ਆਪਣੇ ਉਚਰੇ ਹੋਏ ਸਵੈਯੇ ਪੜ੍ਹਕੇ, ਜੋ ਅਕਾਲ ਉਸਤਤ ਨਾਮੇ ਪੋਥੀ ਵਿਚ ਲਿਖੇ ਹੋਏ ਹਨ, ਉਹ ਸ਼ਰਬਤ ਕੁਝ ਤਾਂ ਪਲਾਇਆ ਅਰ ਕੁਝ ਉਨ੍ਹਾਂ ਦੇ ਸਿਰ ਵਿਚ ਪਾਇਆ ਅਰ ਕੁਝ ਜੋ ਬਾਕੀ ਰਿਹਾ ਉਸਦੇ ਛਿੱਟੇ ਤਿਨ੍ਹਾਂ ਦੀ ਦੇਹੀ ਪੁਰ ਮਾਰੇ। ਅਰ ਫੇਰ ਆਪਣੇ ਹੱਥ ਨਾਲ ਤਿਨ੍ਹਾਂ ਨੂੰ ਥਾਪੀ ਦੇਕੇ ਉੱਚੀ ਅਵਾਜ਼ ਨਾਲ ਪੁਕਾਰ ਕੇ ਕਿਹਾ "ਬੋਲੋ ਵਾਹਗੁਰੂ ਜੀ ਕਾ ਖਾਲਸਾ ਸਿਰੀ ਵਾਹਗੁਰੂ ਜੀ ਕੀ ਫਤੇ" ਇਸ ਤਰ੍ਹਾਂ ਉਨ੍ਹਾਂ ਪੰਜਾਂ ਨੂੰ ਪਾਹੁਲ ਦੇਕੇ ਫੇਰ ਇਸੀ ਪ੍ਰਕਾਰ ਆਪ ਤਿਨ੍ਹਾਂ ਤੇ ਪਾਹੁਲ ਲਈ। ਅਰ ਫੇਰ ਉਨ੍ਹਾਂ ਨੂੰ ਆਖਿਆ, ਜੋ ਕੋਈ ਮੇਰਾ ਸਿੱਖ ਹੋਵੇ, ਸੋ ਪੰਜਾਂ ਚੀਜ਼ਾਂ ਨੂੰ ਜੋ ਜਿਨ੍ਹਾਂ ਦੇ ਪਹਿਲੇ ਕੱਕਾ ਅੱਛਰ ਬੋਲਦਾ ਹੈ, ਸਦਾ ਅੰਗ ਸੰਗ ਰੱਖੇ। ਅਰਥਾਤ ਕੇਸ, ਕੰਘਾ, ਕੜਾ, ਕਿਰਪਾਣ ਅਰਥਾਤ ਤਲਵਾਰ, ਕੱਛ। ਜੋ ਇਨ੍ਹਾਂ ਚੀਜ਼ਾਂ ਨੂੰ ਤਿਆਗੇਗਾ ਸੋ ਮੇਰਾ ਸਿੱਖ ਨਹੀਂ ਹੋਵੇਗਾ। ਹੋਰ ਬਹੁਤ ਸਾਰੀਆਂ ਸਿੱਖਾਂ ਦੀਆਂ ਰਹਿਤਾਂ ਅਤੇ ਰੀਤਾਂ ਰਸਮਾਂ ਲਿਖਕੇ ਉਨ੍ਹਾਂ ਨੂੰ ਦਿੱਤੀਆਂ, ਅਰ ਹੁਣ ਸਿੱਖ ਲੋਕ ਉਸ ਲਿਖਤ ਨੂੰ ਰਹਿਤ ਨਾਮਾ ਆਖਦੇ ਹਨ। ਉਸ ਰਹਿਤਨਾਮੇ ਦਾ ਸਭ ਕੁਝ ਲਿਖਣਾ ਤਾਂ ਇੱਥੇ ਵਿਰਥਾ ਹੈ, ਪਰ ਕੁਝ ਕੁਝ ਗੱਲਾਂ, ਜੋ ਜਿਨ੍ਹਾਂ ਤੇ ਮਹਿਰਮ ਹੋਣਾ ਓਪਰਿਆਂ ਲੋਕਾਂ ਨੂੰ ਜ਼ਰੂਰ ਹੈ, ਮੈਂ ਇੱਥੇ ਲਿਖਦਾ ਹਾਂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿਤਨਾਮਾ ਸਿੱਖਾਂ ਦਾ

ਵੇਦ ਸ਼ਾਸਤ੍ਰ ਪੁਰਾਣ ਕੁਰਾਨ ਨਾ ਮੰਨਣਾ। ਪੰਡਤ ਪਾਧੇ ਮੀਏਂ ਮਹਿਤੇ ਦਾ ਕਹਿਣਾ ਨਹੀਂ ਮੰਨਣਾ। ਸਰਾਧ ਖਿਆਹ ਕਰਮ ਕਿਰਿਆ ਨਹੀਂ ਕਰਾਉਣੀ ਜੇ ਕਰਾਉਣੀ ਤਾਂ ਗ੍ਰੰਥ ਜੀ ਦੀ ਬਾਣੀ ਨਾਲ ਕਰਾਉਣੀ। ਜਨੇਊ ਬੋਦੀ ਮਾਲਾ ਕੰਠੀ ਨਹੀਂ ਰੱਖਣੀ। ਮੜ੍ਹੀ ਮਸਾਨੀ ਨਹੀਂ ਪੂਜਣੀ। ਸੰਧਿਆ ਗਾਤ੍ਰੀ ਪਾਠ ਪੂਜਾ ਨਹੀਂ ਕਰਨੀ। ਜਪਜੀ ਜਾਪਜੀ ਆਦਕ ਦਾ ਪਾਠ ਕਰਨਾ। ਸਿੱਖਾਂ ਥੋਂ ਬਿਨਾਂ ਕਿਸੇ ਨੂੰ ਨਿਉਂਦਾ ਨਹੀਂ ਛਕਾਉਣਾ। ਬ੍ਰਹਮਣ ਸਈਅਦ ਨੂੰ ਉੱਚਾ ਨਹੀਂ ਜਾਨਣਾ। ਸਿਰ ਨੰਗਾ ਕਦੀ ਨਹੀਂ ਕਰਨਾ। ਹੁੱਕੇ ਤਮਾਕੂ ਨੂੰ ਨਹੀਂ ਛੂਹਣਾ। ਬਦਨ ਦੇ ਕਿਸੇ ਥਾਂ ਨੂੰ ਉਸਤਰਾ ਨਹੀਂ ਲਾਉਣਾ। ਪਰ ਇਸਤ੍ਰੀ ਅਰ ਪਰਾਏ ਪਦਾਰਥ ਦਾ ਲਾਲਚ ਨਹੀਂ ਕਰਨਾ। ਵਿਆਹ ਅਤੇ ਮਰਣ ਅਰ ਜੰਮਣ ਵਿਖੇ ਵੇਦ ਦੀ ਰੀਤ ਮੂਜਬ ਮੰਤ੍ਰ ਨਹੀਂ ਪੜ੍ਹਨੇ। ਗੁਰੂ ਤੇ ਬੇਮੁਖ ਨਹੀਂ ਹੋਣਾ। ਪੰਜਾਂ ਮੇਲਾਂ ਨੂੰ ਨਹੀਂ ਮਿਲਨਾ ਅਰਥਾਤ–ਧੀਰਮੱਲੀਏ, ਰਾਮਰਾਈਏ, ਮੀਣੇ, ਮਸੰਦ, ਸਿਰਗੁੰਮ, ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ। ਧੀਰਮੱਲੀਏ ਓਹ ਹਨ, ਜੋ ਧੀਰਮੱਲ ਦੀ ਉਲਾਦ ਵਿੱਚੋਂ ਹਨ। ਰਾਮਰਾਈਏ ਓਹ ਹਨ ਜੋ ਗੁਰੂ ਰਾਮਰਾਇ ਦੇਹਰੇਦੂਣ ਵਾਲੇ ਦੇ ਸਿੱਖ ਸਦਾਉਂਦੇ ਹਨ। ਮੀਣੇ ਓਹ ਹਨ ਜੋ ਪਿਰਥੀਮੱਲ ਦੇ ਘਰਾਣੇ ਵਿੱਚੋਂ ਹਨ। ਉਸ ਪਿਰਥੀਮੱਲ ਨੇ ਲਹੌਰੋਂ ਭੇਜੀਆਂ ਹੋਈਆਂ ਚਿੱਠੀਆਂ ਛਿਪਾ ਲਈਆਂ ਸੀਆਂ। ਮਸੰਦ ਓਹ ਹਨ ਜੋ ਸਤਗੁਰੂਆਂ ਲਈ ਸਿੱਖਾਂ ਤੋਂ ਕਾਰ ਭੇਟ ਉਗਰਾਹ ਲਿਆਉਂਦੇ ਅਰ ਮੱਥਾ ਟਿਕਾਉਂਦੇ ਹਨ। ਸਿਰਗੁੰਮ ਓਹ ਹਨ ਜੋ ਨਾਸਤਿਕ ਲੋਕ ਸਰਾਵਗੀ ਅਰ ਜੈਨ ਸਦਾਉਂਦੇ ਹਨ। ਜੇ ਕੋਈ ਸਿੱਖ ਭੁਲੇਖੇ ਨਾਲ ਇਨ੍ਹਾਂ ਪੰਜਾਂ ਦੇ ਸੰਗ ਵਰਤ ਲਵੇ ਤਾਂ ਸਵਾ ਰੁਪੈਯੇ ਦਾ ਕੜਾਹ ਪਰਸਾਦ ਕਰਕੇ ਕਰਦ ਭੇਟ ਕਰੇ ਅਰ ਹੱਥ ਜੋੜ ਕੇ ਆਪਣਾ ਕਸੂਰ ਪਰਮੇਸ਼ਰ ਤੇ ਮਾਫ ਕਰਾਵੇ। ਸੰਧਿਆ ਗਾਤ੍ਰੀ ਦੇ ਥਾਂ ਰਹੁਰਾਸ ਅਰ ਆਰਤੀ ਸੋਹਲਾ ਅਰ ਜਪੁਜੀ ਜਾਪਜੀ ਆਦਿਕ ਬਾਣੀ ਪੜ੍ਹਨੀ ਅਰ ਵਿਆਹ ਦੇ ਸਮੇ ਅਨੰਦ ਪੜ੍ਹਨਾ ਅਤੇ ਮਰਨੇ ਦੇ ਵੇਲੇ ਗ੍ਰੰਥ ਜੀ ਦਾ ਪਾਠ ਕਰਾਉਣਾ। ਗੱਲ ਕਾਹਦੀ ਜੋ ਜੋ ਕਰਮ ਕਿਰਿਆ ਸ਼ਾਸਤ੍ਰ ਅਰ ਦੇਸ਼ ਦੀ ਰੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇ, ਸੋ ਗ੍ਰੰਥ ਜੀ ਦੀ ਬਾਣੀ ਮੂਜਬ ਹੋਵੇ। ਅਰ ਮੁਰਦੇ ਦੇ ਅਸਤ ਕੀਰਤਪੁਰ ਦੇ ਪਾਸ ਬਿਆਸ ਵਿੱਚ ਪਾਵੇ। ਇਸੀ ਤਰ੍ਹਾਂ ਹੋਰ ਭੀ ਬਹੁਤ ਰਹਿਤਾਂ ਦੱਸੀਆਂ ਅਰ ਥੋਹੜੇ ਹੀ ਦਿਨਾਂ ਵਿੱਚ ਹਜ਼ਾਰਾਂ ਸਿੱਖ ਪਾਹੁਲ ਲੈਕੇ ਇਸ ਦੇ ਨਾਲ ਰਲ ਗਏ। ਪਾਹੁਲ ਦੇ ਸਮੇ ਜੋ ਸ਼ਰਬਤ ਪਲਾਉਂਦੇ ਹਨ ਉਸਦਾ ਨਾਉਂ ਅਮ੍ਰਿਤ ਆਖਦੇ ਹਨ ॥

ਇੱਕ ਦਿਨ ਗੋਵਿੰਦਸਿੰਘ ਨੇ ਖਿਆਲ ਕੀਤਾ ਜੋ ਗ੍ਰੰਥ ਸਾਹਬ ਉਸ ਵੇਲੇ ਕਰਤਾਰਪੁਰ ਦਿਆਂ ਸੋਢੀਆਂ ਦੇ ਘਰ ਸੀ ਮੰਗਾਵਾਂ ਅਤੇ ਓਸ ਵਿੱਚ ਕੁਝ ਹੋਰ ਆਪਣੀ ਬਾਣੀ ਭੀ ਲਿਖਾਂ, ਪਰ ਕਰਤਾਰ ਪੁਰੀਆਂ ਸੋਢੀਆਂ ਓਹ ਗ੍ਰੰਥ ਸਾਹਿਬ ਗੋਵਿੰਦਸਿੰਘ ਨੂੰ ਨਾ ਦਿੱਤਾ, ਸਗੋਂ ਇਹ ਆਖਿਆ ਜੋ ਗੋਵਿੰਦਸਿੰਘ ਭੀ ਜੋ ਆਪ ਗੁਰੂ ਹੀ ਕਹਾਉਂਦਾ ਹੈ, ਉਹ ਆਪਣੀ ਸ਼ਕਤ ਨਾਲ ਗ੍ਰੰਥ ਜੀ ਨਵਾਂ ਰਚ ਲਵੇ। ਜਾਂ ਗੁਰੂ ਨੇ ਸੁਣਿਆ ਜੋ ਓਹ ਤਾਂ ਗ੍ਰੰਥ ਨਹੀਂ ਦਿੰਦੇ, ਤਾਂ ਸਾਰਾ ਗ੍ਰੰਥ ਸਾਹਿਬ ਜੋ ਉਸਨੂੰ ਕੰਠ ਸੀ ਆਪ ਲਿਖਵਾ ਲਿਆ, ਅਤੇ ਥੋਹੜਿਆਂ ਦਿਨਾਂ ਬਾਦ ਗੁਰੂ ਨੇ ਜਾਣਿਆ, ਜੋ ਮੈਂ ਕੋਈ ਅਜਿਹਾ ਹੋਰ ਗ੍ਰੰਥ ਬਣਾਵਾਂ, ਜੋ ਜਿਸਦੇ ਪੜ੍ਹਨੇ ਤੇ ਸਿੱਖ ਰਾਜਨੀਤ ਅਰ ਸ਼ਸਤ੍ਰ ਵਿੱਦਿਆ ਅਤੇ ਹੋਰ ਚਤੁਰਾਈਆਂ ਸਿੱਖ ਕੇ ਜੁੱਧ ਦੇ ਲਾਇਕ ਹੋ ਜਾਣ। ਸੋ ਉਸੀ ਦਿਨ ਤੇ ਇੱਕ ਵੱਡਾ ਭਾਰਾ ਗ੍ਰੰਥ ਰਚਣਾ ਸ਼ੁਰੂ ਕੀੱਤਾ ਅਰ ਜਾਂ ਓਹ ਸੰਮਤ ੧੭੫੩ ਬਿਕ੍ਰਮਾਜੀਤੀ ਵਿੱਚ ਭਾਦ੍ਰੋਂ ਸ਼ੁਦੀ ਅਸ਼ਟਮੀ ਆਇਤਵਾਰ ਦੇ ਦਿਨ ਪੂਰਾ ਹੋਇਆ, ਤਾਂ ਉਸਦਾ ਨਾਉਂ ਦਸਵੀਂ ਪਾਦਸ਼ਾਹੀਦਾ ਗ੍ਰੰਥ ਸਾਹਬ ਰੱਖਿਆ। ਇਹ ਗ੍ਰੰਥ ਬਹੁਤ ਔਖਾ ਅਰ ਕੈਈਆਂ ਤਰ੍ਹਾਂ ਦੇ ਛੰਦਾਂ ਨਾਲ ਹਿੰਦੀ ਭਾਖਾ ਵਿੱਚ ਰਚਿਆ ਹੋਇਆ ਹੈ ਅਰ ਇਸ ਵਿੱਚ ਕੈਈਆਂ ਸ਼ਾਸਤ੍ਰਾਂ ਦੇ ਮਤੇ ਅਰ ਜੁੱਧ ਜੰਗ ਦੀਆਂ ਰੀਤਾਂ ਤੇ ਤ੍ਰਿਰਿਆ ਚਲਿਤ੍ਰ ਅਰ ਛਲ ਬਲ ਅਰ ਕੁਝ ਕੁਝ ਭਗਤੀ ਅਰ ਗਿਆਨਦਾ ਬਿਆਨ ਹੈ। ਇਸ ਤੇ ਜਾਣਿਆ ਜਾਂਦਾ ਹੈ, ਜੋ ਗੋਵਿੰਦਸਿੰਘ ਕਬੀਸ਼ਰੀ ਕਰਨੇ ਵਿਖੇ ਭੀ ਬਹੁਤ ਚਤੁਰ ਸਾ। ਜਾਂ ਹਰ ਪਾਸੇ ਤੇ ਇਸਦੇ ਪਾਸ ਸੰਗਤਾਂ ਆਉਂਣ ਲੱਗੀਆਂ, ਤਾਂ ਸਭ ਜਗੇ ਇਸਦੇ ਪੰਥ ਦੀਆਂ ਗੱਲਾਂ ਹੋਣ ਲੱਗ ਪਈਆਂ। ਬਲਕ ਦਿੱਲੀ ਦੇ ਪਾਦਸ਼ਾਹਾਂ ਤੱਕ ਭੀ ਇਹ ਖਬਰ ਪਹੁੰਚੀ, ਜੋ ਗੋਬਿੰਦ ਸਿੰਘ ਜੀ ਦੇ ਪਾਸ ਬਹੁਤ ਫੌਜ ਜਮਾਂ ਰਹਿੰਦੀ ਹੈ, ਪਾਦਸ਼ਾਹ ਹਮੇਸ਼ ਇਸਦੇ ਫਿਕਰ ਵਿੱਚ ਰਹਿੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੇ । ਇੱਕ ਦਿਨ ਦੀ ਗੱਲ ਹੈ,ਕਿ ਪਹਾੜੀਆਂ ਰਾਜਿਆਂ ਨੇ ਗੋਵਿੰਦਸਿੰਘ ਦੇ ਪਾਸ ਅਖਾ ਭੇਜਿਆ, ਜੋ ਤੇਰੇ ਪਾਸ ਜੋ ਫਲਾਨਾ ਹਾਥੀ ਹੈ, ਸੋ ਸਾਡੇ ਲਈ ਭੇਜ ਦੇਹ । ਉਸ ਹਾਥੀ ਵਿੱਚ ਜੋ ਕੈਈਆਂ ਤਰ੍ਹਾਂ ਦੇ ਗੁਣ ਸੇ ਅਰ ਗੁਰੂ ਨੂੰ ਬਹੁਤ ਪਸੰਦ ਸਾ, ਇਸ ਸਬੱਬ ਗੁਰੂ ਨੇ ਤਿਸ ਦਾ ਭੇਜਣਾ ਮਨਜ਼ੂਰ ਨਾ ਕੀੱਤਾ । ਪਹਾੜੀ ਰਾਜੇ ਜੋ ਇਸ ਗੱਲ ਤੇ ਬਹੁਤ ਖਫੇ ਹੋਏ, ਬਹੁਤ ਸਾਰੀ ਸਿਪਾਹ ਨਾਲ ਲੈਕੇ ਅਨੰਦਪੁਰ ਨੂੰ ਆਏ । ਕੈਈ ਦਿਨ ਤੱਕ ਜੁੱਧ ਹੁੰਦਾ ਰਿਹਾ,ਇੱਥੇ ਲੱਗ ਜੋ ਬੇਸ਼ੁਮਾਰ ਸਿਪਾਹੀ ਦੋਹਾਂ ਪਾਸਿਆਂ ਦੇ ਮਾਰੇ ਗਏ । ਆਖਦੇ ਹਨ ਕਿ ਕਈ ਬਾਰ ਤਾਂ ਗੋਬਿੰਦਸਿੰਘਨੇ ਪਹਾੜੀਆਂ ਨੂੰ ਮਾਰ ਕੇ ਭਜਾ ਦਿੱਤਾ,ਪਰ ਫੇਰ ਜਾਂ ਓਹ ਪਾਦਸ਼ਾਹੀਫੌਜਦੀ ਮਦੱਦ ਨਾਲ ਅਨੰਦਪੁਰ ਵੱਲ ਚੜ੍ਹੇ, ਤਾਂਗੋਬਿੰਦਸਿੰਘਨੇ ਅਨੰਦਪੁਰ ਤੇ ਚਲੇਜਾਣਾ ਅੱਛਾ ਸਮਝਿਆ । ਫੇਰ ਬਹੁਤ ਜੰਗ ਹੋਏ । ਅਤੇ ਓਥੋਂ ਤੁਰਕੇ ਚਮਕੌਰ ਤੇਲੜਾਈਹੋਈ, ਉੱਥੇ ਗੁਰੂ ਗੋਬਿੰਦਸਿੰਘਦੇ ਦੋ ਪੁਤ੍ਰ ਭੀ ਮਾਰੇ ਗਏ,ਉਸ ਥਾਂ ਇਕ ਦੇਹਰਾ ਬਣਿਆ ਹੋਇਆ ਹੈ ਜਿਸਦਾ ਨਾਉਂ ਚਮਕੌਰਸਾਹਿਬ ਹੈ । ਏਥੋਂ ਗੋਬਿੰਦਸਿੰਘ ਮਾਛੂਵਾੜੇ ਨਗਰ ਵਿੱਚ ਆਕੇ ਰਿਹਾ, ਜਾਂ ਫੌਜਾਂ ਉੱਥੇ ਭੀ ਮਗਰੇ ਆਈਆਂ, ਤਾਂ ਗੋਵਿੰਦ ਸਿੰਘ ਸੁਰਮੇ ਵਿਚ ਆਪਣੇ ਕਪੜੇ ਰੰਗ ਕੇ ਮੁਸਲਮਾਨੀ ਭੇਸ ਨਾਲ ਫੌਜਾਂ ਦੇ ਵਿਚਦੀਂ ਨਿਕਲ ਗਿਆ, ਆਪਣੇ ਨਾਲ ਦਿਆਂ ਸਿੱਖਾਂ ਸਣੇ ਮਾਲਵੇ ਦੇ ਦੇਸ ਨੂੰ ਚਲਿਆ ਗਿਆ, ਛੋਟੇ ਦੋ ਪੁਤ੍ਰ ਜੋ ਮਾਤਾ ਗੁਜਰੀ ਦੇ ਨਾਲ ਅਨੰਦ ਪੁਰੋਂ ਵੱਖਰੇ ਹੋਗਏ ਸਨ, ਜਾਂ ਓਹ ਦੋਨੋਂ ਬਾਲਕ ਫੌਜਾਂ ਦੇ ਹੱਥ ਆਏ ਤਾਂ ਫੌਜ ਨੇ ਓਨ੍ਹਾਂ ਨੂੰ ਫੜਕੇ ਸਰੰਦ ਨਾਮੇ ਨਗਰ ਵਿੱਚ ਭੇਜ ਦਿਤਾ । ਉੱਥੇ ਦੇ ਵਜ਼ੀਰਖਾਂ ਨਾਮੇ ਸੂਬੇ ਨੇ ਦਿੱਲੀ ਵਿਖੇ ਪਾਦਸ਼ਾਹ ਨੂੰ ਖਬਰ ਭੇਜੀ, ਜੋ ਗੁਰੂਗੋਬਿੰਦਸਿੰਘ ਦੇ, ਜਿਸ ਨੇ ਖਾਲਸੇ ਦਾ ਪੰਥ ਤੋਰਿਆ ਹੈ, ਦੋ ਪੁਤ੍ਰ ਸਾਡੇ ਹੱਥ ਆਏ ਹਨ, ਜੋ ਹੁਕਮ ਹੋਵੇ ਸੋ ਓਨ੍ਹਾਂ ਨਾਲ ਕੀਤਾ ਜਾਵੇ । ਪਾਦਸ਼ਾਹ ਔਰੰਗਜ਼ੇਬ ਜੋ ਉਨ੍ਹਾਂ ਦੀਆਂ ਗੱਲਾਂ ਸੁਣ ਸੁਣਕੇ ਪਹਿਲਾਂ ਹੀ ਤੰਗ ਰਹਿੰਦਾ ਸਾ, ਸੁਣ ਕੇ ਦਿਲ ਵਿੱਚ ਖੁਸ਼ੀ ਹੋਇਆ ਅਰ ਉਸੀ ਦੇ ਜਵਾਬ ਵਿੱਚ ਲਿਖ ਭੇਜਿਆ, ਜੋ ਇਨ੍ਹਾਂ ਬਾਲਕਾਂ ਨੂੰ ਜਾਨੋਂ ਮਾਰ ਸਿੱਟੋ । ਪਾਦਸ਼ਾਹੀ ਫ਼ਰਮਾਨ ਪੜ੍ਹਕੇ ਸੂਬੇ ਨੇ ਉਨ੍ਹਾਂ ਬਾਲਕਾਂ ਨੂੰ ਫੜ ਕੇ ਇਕ ਨੀਉਂ ਦੇ ਥੱਲੇ ਦੇ ਦਿੱਤਾ ਅਰ ਉਸਦੇ ਉੱਪਰ ਇਕ ਕੰਧ ਉਸਾਰ ਕੇ ਮਕਾਨ ਬਣਵਾਇਆ, ਉਸਵੇਲੇ ਉਨ੍ਹਾਂ ਬਾਲਕਾਂ ਦੀ ਅਤੀਮੀ ਪੁਰ ਧਿਆਨ ਕਰਕੇ ਕੰਧਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਭੀ ਰੋਣਾ ਆਉਂਦਾ ਸਾ, ਪਰ ਉਸ ਚੰਡਾਲ ਸੂਬੇ ਨੂੰ ਉਨ੍ਹਾਂ ਬਾਲਕਾਂ ਤੇ ਜਰਾ ਤਰਸ ਨਾ ਆਇਆ। ਉਸ ਦਿਨ ਸਰੰਦ ਵਿੱਚ ਸਭ ਲੋਕ ਹਾਇ ਹਾਇ ਕਰਦੇ ਅਰ ਹਾਹੁਕੇ ਲੈਂਦੇ ਰਹੇ, ਕਿਸੇ ਨੇ ਢਿੱਡ ਭਰਕੇ ਰੋਟੀ ਨਾ ਖਾਧੀ। ਏਸੇ ਕਰਕੇ ਹੁਣ ਤਾਈਂ ਕੋਈ ਹਿੰਦੂ ਸਵੇਰੇ ਉਠਕੇ ਸਰਹਿੰਦ ਦਾ ਨਾਉਂ ਨਹੀਂ ਲੈਂਦੇ ਅਤੇ ਗੁਰੂ ਮਾਰੀ ਕਰਕੇ ਸਦਦੇ ਹਨ ਅਤੇ ਹਿੰਦੂ ਲੋਕ ਗੰਗਾ ਜਾਂਦਿਆਂ ਆਉਂਦਿਆਂ ਦੋ ਇੱਟਾਂ ਪੱਟਕੇ ਜਮਨਾ ਅਤੇ ਸਤਲੁਜ ਨਦੀ ਵਿਚ ਸੁਟਦੇ ਹਨ। ਮਾਰਨੇ ਦੇ ਵੇਲੇ ਜਿਤਨੇ ਮੁਸਾਹਬ ਪਾਸ ਖੜੇ ਸੇ, ਸੂਬੇ ਦੇ ਖੌਫ਼ ਤੇ ਕਿਸੇ ਨੇ ਕੁਝ ਨਾ ਕਿਹਾ, ਪਰ ਇੱਕ ਮਲੇਰਕੋਟਲੇ ਦੇ ਪਠਾਨ ਨੇ ਸੂਬੇ ਨੂੰ ਬਹੁਤ ਕਿਹਾ, ਜੋ ਇਨ੍ਹਾਂ ਅਤੀਮਾਂ ਬਾਲਕਾਂ ਨੇ ਤੁਸਾਡਾ ਕੀ ਲਿਆ ਹੈ? ਪਰ ਉਸ ਚੰਡਾਲ ਨੇ ਇੱਕ ਨਾ ਮੰਨੀ। ਜਾਂ ਗੁਰੂ ਗੋਵਿੰਦਸਿੰਘ ਨੂੰ ਰਸਤੇ ਵਿੱਚ ਪੁਤ੍ਰਾਂ ਦੇ ਮਰਨੇ ਦੀ ਖਬਰ ਪਹੁੰਚੀ, ਤਾਂ ਨਾਲਦਿਆਂ ਸਿੱਖਾਂ ਨੇ ਸੋਗ ਦੀਆਂ ਗੱਲਾਂ ਕੀੱਤੀਆਂ। ਗੋ-ਵਿੰਦਸਿੰਘ ਨੇ ਤਿਨ੍ਹਾਂ ਦੇ ਸੋਗ ਦੂਰ ਕਰਨੇ ਵਾਸਤੇ ਪਿਰਥੀ ਪਰ ਦੋ ਲਕੀਰਾਂ ਕੱਢਕੇ ਮੇਟ ਦਿੱਤੀਆਂ ਅਰ ਆਖਿਆ ਕਿ ਹੇ ਭਾਈ ਸਿੱਖੋ ਦੇਖੋ ਜਿੱਕੁਰ ਇਨ੍ਹਾਂ ਲਕੀਰਾਂ ਦੇ ਕੱਢਨੇ ਅਰ ਮੇਟਣੇਦਾ ਤੁਹਾਨੂੰ ਕੁਝ ਹਰਖ ਸੋਗ ਨਹੀਂ, ਤਿਸੀ ਤਰ੍ਹਾਂ ਇਹ ਭੀ ਜਾਨਣਾ ਚਾਹੀਯੇ, ਜੋ ਇਹ ਸਾਰਾ ਜਗਤ ਕਰਤਾਪੁਰਖ ਨੇ ਆਪਣੀ ਇੱਛਿਆ ਨਾਲ ਲੀਕਾਂ ਕੱਢੀਆਂ ਹੋਈਆਂ ਹਨ, ਅਰ ਜਦ ਉਸ ਦੀ ਮਰਜੀ ਹੁੰਦੀ ਹੈ, ਤਦ ਮੇਟ ਦਿੰਦਾ ਹੈ, ਸੋ ਬੁੱਧਮਾਨ ਨੂੰ ਉਸਦਾ ਭਾਣਾ ਮੰਨਕੇ ਚੁੱਪ ਰਹਿਣਾ ਚਾਹੀਯੇ। ਫੇਰ ਗੁਰੂ ਕੋਟਕਪੂਰੇ ਨਾਮੇ ਪਿੰਡ ਦੇ, ਜੋ ਮਾਲਵੇ ਵਿੱਚ ਹੈ ਕਿਲੇ ਦੇ ਇੱਕ ਦਰਵਾਜੇ ਵਿੱਚ ਜਾ ਖੜੇ ਹੋਏ। ਜਦ ਅੰਦਰੋਂ ਕਪੂਰਾ ਨਾਮੇ ਜੱਟ ਜੋ ਉਸ ਕਿਲੇ ਦਾ ਮਾਲਕ ਸਾ ਨਿੱਕਲਿਆ, ਤਦ ਗੁਰੂ ਨੇ ਆਪਣੇ ਰਹਿਣ ਵਾਸਤੇ ਜੱਗਾ ਮੰਗੀ, ਉਸ ਨੇ ਉੱਤਰ ਦਿੱਤਾ, ਕਿ ਆਪਣੇ ਪੁਤ੍ਰਾਂ ਨੂੰ ਤਾਂ ਮਰਵਾਇ ਆਇਆ, ਹੁਣ ਪਾਦਸ਼ਾਹਾਂ ਤੇ ਮੈਨੂੰ ਭੀ ਫਾਹੇ ਦੁਆਉਣਾ ਚਾਹੁੰਦਾ ਹੈਂ? ਗੁਰੂ ਨੇ ਕਿਹਾ ਅੱਛਾ ਪਰਮੇਸੁਰ ਚਾਹੇ ਤਾਂ ਤੂੰ ਐਮੇ ਹੀ ਫਾਹੇ ਦਿੱਤਾ ਜਾਵੇਂਗਾ। ਆਖਦੇ ਹਨ ਜਾਂ ਗੁਰੂ ਉੱਥੋਂ ਤੁਰ ਕੇ ਮੁਕਤਸਰ ਨਾਮੇ ਜਗਾ ਵਿਖੇ, ਜੋ ਫਰੋਜਪੁਰ ਦੇ ਇਲਾਕੇ ਵਿੱਚ ਹੈ ਜਾ ਰਿਹਾ, ਤਾਂ ਉਹ ਕਪੂਰਾ ਜੱਟ ਜੋ ਕੋਟਕਪੂਰੇ ਦਾ ਮਾਲਕ ਸਾ, ਪਾਦਸ਼ਾਹਾਂ ਦੇ ਹੁਕਮ ਮੂਜਬ ਫਾਹੇ ਦਿੱਤਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਪਾਦਸ਼ਾਹਾਂ ਨੇ ਅਰ ਪਹਾੜੀਆਂ ਰਾਜਿਆਂ ਨੇ ਸੁਣਿਆ, ਜੋ ਗੋਵਿੰਦਸਿੰਘ ਹੁਣ ਮੁਕਤਸਰ ਜਾ ਰਿਹਾ, ਪਰ ਇਹ ਇੱਕ ਔਖੀ ਗੱਲ ਹੈ, ਜੋ ਉਸ ਮੁਲਕ ਵਿੱਚ ਪਾਣੀ ਥੋਹੜਾ ਹੋਣੇ ਦੇ ਸਬੱਬ ਫੌਜਾਂ ਬਹੁਤ ਦੁਖੀ ਹੋਣਗੀਆਂ। ਭਾਵੇਂ ਇਹੀਆਂ ਜਿਹੀਆਂ ਗੱਲਾਂ ਸੋਚਕੇ ਪਾਦਸ਼ਾਹਾਂ ਦਾ ਦਿਲ ਫੌਜ ਭੇਜਣੇ ਤੇ ਬਹੁਤ ਝਕਦਾ ਸਾ, ਪਰ ਪਹਾੜੀਆਂ ਰਾਜਿਆਂ ਨੇ ਉਲਾਰਾ ਦੇਕੇ ਦਿੱਲੀ ਤੇ ਫੌਜਾਂ ਤਿਆਰ ਕਰਾਕੇ ਮੁਕਤਸਰ ਨੂੰ ਆਣ ਘੇਰਿਆ। ਗੁਰੂ ਗੋਵਿੰਦਸਿੰਘ ਜੋ ਬੇਖ਼ੌਫ ਅਰ ਨਿਚਿੰਤ ਹੋਇਆ ਬੈਠਾ ਸਾ, ਜਾਂ ਉਸ ਨੇ ਫੌਜਾਂ ਦਾ ਘੇਰਾ ਦੇਖਿਆ, ਤਾਂ ਆਪਣੇ ਇਰਦੇ ਗਿਰਦੇ ਦਿਆਂ ਸਿੱਖਾਂ ਨੂੰ ਬੁਲਾਕੇ ਲੜਨੇ ਲਈ ਤਕੜਿਆਂ ਕੀੱਤਾ। ਆਖਦੇ ਹਨ ਜੋ ਉਸ ਵੇਲੇ ਗੋਵਿੰਦਸਿੰਘ ਦੇ ਨਾਲ ਬਹੁਤ ਥੋੜੇ ਜਿਹੇ ਸਿੱਖ, ਜੋ ਜਾਨ ਦੇਣੇ ਨੂੰ ਤਿਆਰ ਸੇ, ਕੱਠੇ ਹੋ ਗਏ। ਜਾਂ ਦੋਹਾਂ ਪਾਸਿਆਂ ਤੇ ਲੜਾਈ ਹੋਣ ਲੱਗੀ, ਤਾਂ ਕੈਈ ਹਜਾਰ ਆਦਮੀ ਪਾਦਸ਼ਾਹਾਂ ਦਾ ਮਾਰਿਆ ਗਿਆ। ਭਾਵੇਂ ਗੋਵਿੰਦਸਿੰਘ ਦੇ ੪੦ ਜੋਧੇ ਹੀ ਸਨ ਪਰ ਉਨ੍ਹਾਂ ਨੇ ਪਿੜ ਨਾ ਛੱਡਿਆ। ਅੰਤਨੂੰ ਪਾਦਸ਼ਾਹੀ ਫੌਜ ਤਾਂ ਪਾਣੀ ਧਾਣੀ ਨਾ ਲੱਭਣੇ ਦੇ ਸਬੱਬ ਪਿੱਛੇ ਹਟ ਆਈ, ਜਿੱਥੇ ਜੁੱਧ ਹੋਇਆ ਸਾ, ਉਸ ਜਗਾ ਗੋਵਿੰਦਸਿੰਘ ਨੇ ਇੱਕ ਵੱਡਾ ਭਾਰਾ ਤਾਲ ਲੁਆਕੇ ਉਸ ਦਾ ਨਾਮ ਮੁਕਤਸਰ ਰੱਖਿਆ। ਅਰ ਉਸ ਤਾਲ ਦੇ ਹੋਣੇਦੇ ਸਬੱਬਹੀ ਉਸ ਜਗਾ ਦਾ ਨਾਮ ਜੋ ਪਹਿਲਾਂ ਛੋਟਾ ਜਿਹਾ ਪਿੰਡਸਾ, ਫੇਰ ਮੁਕਤਸਰ ਪੈ ਗਿਆ। ਹੁਣ ਬਰਸਵੇਂ ਦਿਨ ਮਾਘੀ ਦੀ ਸਗਰਾਂਦ ਨੂੰ ਉੱਥੇ ਵੱਡਾ ਭਾਰਾ ਮੇਲਾ ਲੱਗਦਾ ਹੈ। ਫੇਰ ਜਦ ਪਾਦਸ਼ਾਹਾਂ ਦੀ ਸਭ ਅਫਰਾ ਤਫਰੀ ਮਿਟ ਗਈ, ਤਾਂ ਗੋਵਿੰਦਸਿੰਘ ਮਾਲਵੇ ਦੇ ਇੱਕ ਪਿੰਡ ਵਿੱਚ ਆ ਰਿਹਾ, ਉੱਥੇ ਬਹੁਤ ਚਿਰ ਵਿਸਰਾਮ ਕੀੱਤਾ। ਮਾਲਵੇ ਦਿਆਂ ਹਜਾਰਾਂ ਲੋਕਾਂ ਨੇ ਇਸ ਦੀ ਸੁਹਬਤ ਦੇ ਸਬੱਬ ਪਾਹੁਲ ਲੈ ਲਈ। ਗੁਰੂ ਨੇ ਉੱਥੇ ਆਪਣੇ ਰਹਿਣ ਵਾਸਤੇ ਇੱਕ ਵੱਡੀ ਸੁੰਦਰ ਜਗਾ ਬਣਵਾਈ ਅਰ ਉਸ ਦਾ ਨਾਮ ਦਮਦਮਾ ਸਾਹਿਬ ਰੱਖਿਆ। ਹੁਣ ਉੱਥੇ ਵੱਡਾ ਭਾਰਾ ਮੇਲਾ ਲੱਗਦਾ ਹੁੰਦਾ ਅਰ ਕੈਈ ਲੋਕ ਉੱਥੋਂ ਚਤੁਰਾਈ ਦੀਆਂ ਗੱਲਾਂ ਸਿੱਖਣ ਲਈ ਜਾਕੇ ਬਹੁਤ ਚਿਰ ਬਾਸ ਕਰਦੇ ਹਨ। ਕਿਉਂਜੋ ਗੁਰੂ ਗੋਵਿੰਦਸਿੰਘ ਨੇ ਉਸ ਜਗਾ ਨੂੰ ਤਿਆਰ ਕਰਕੇ ਸਾਰਿਆਂ ਸਿੱਖਾਂ ਵਿੱਚ ਇਹ ਗੱਲ ਪਰਗਟ ਕੀੱਤੀ ਸੀ, ਜੋ ਇਹ ਦਮਦਮਾ ਸਿੱਖਾਂ ਲਈ ਕਾਂਸ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਹੁਣ ਉੱਥੇ ਬਹੁਤ ਸਿੱਖ ਸਾਧ ਚੰਗੇ ੨ ਬੁੱਧਮਾਨ ਰਹਿੰਦੇ ਹਨ। ਇੱਕ ਉੱਥੇ ਦੀ ਇਹ ਕੇਹੀ ਚੰਗੀ ਗੱਲ ਹੈ, ਜੋ ਗੁਰਮੁਖੀ ਅੱਛਰਾਂ ਦੇ ਲਿਖਾਰੀ ਉੱਥੇ ਬਹੁਤ ਰਹਿੰਦੇ ਅਰ ਉਨ੍ਹਾਂ ਜਿਹੇ ਸੁਹਣੇ ਅੱਛਰ ਉਨ੍ਹਾਂ ਦੇ ਹੀ ਸਗਿਰਦਾਂ ਤੇ ਬਿਨਾ ਹੋਰ ਕੋਈ ਲਿਖਾਰੀ ਕਿਤੇ ਨਹੀਂ ਲਿਖ ਸੱਕਦੇ। ਹੁਣ ਉਹ ਜੱਗਾ ਦਮਦਮਾ ਸਾਹਬ ਕਰਕੇ ਮਸ਼ਾਹੂਰਹੈ । ਫੇਰਜਦ ਗੁਰੂਜੀਨੂੰ ਦੋਹਾਂ ਛੋਟੇ ਸਾਹਿਬਜਾਦਿਆਂ ਦੇ ਨੀਵਾਂ ਹੇਠ ਦੇਨਦੀ ਖਬਰ ਪਹੁਚੀ,ਤਦ ਸੁਨੇਹਾ ਦੇਨ ਵਾਲੇ ਤੇ ਪੁੱਛਿਆ ਕਿ ਭਾਈ ਕਿਸੇ ਨੇ ਅਜੇਹੇ ਪਾਪ ਕਰਨ ਦੇ ਵੇਲੇ ਜ਼ਾਲਮ ਸੂਬੇ ਅੱਗੇ ਆਹ ਦਾ ਨਾਰਾ ਨਹੀਂ ਮਾਰਿਆ ਸਾ ? ਤਦ ਉਸਨੇ ਆਖਿਆ ਸੱਚੇ ਪਾਦਸ਼ਾਹ ਇਕ ਮਲੇਰਵਾਲੇ ਨਵਾਬਨੇ ਸਮਝਾਇਆ ਸੀ,ਪਰ ਉਸ ਪਾਪੀਨੈ ਇਕ ਨਾਂ ਮੰਨੀ। ਤਦ ਗੁਰੂ ਜੀ ਨੈ ਉਸ ਮਲੇਰੀਏ ਪਠਾਨ ਨੂੰ ਇਹ ਵਰ ਦਿੱਤਾ ਕਿ " ਇਨ੍ਹਾਂ ਦੀ ਜੜ ਹਰੀ ਅਰ ਸਿੱਕਾ ਜਾਰੀ ਰਹੇਗਾ " ਸੋ ਗੁਰੂ ਦਾ ਬਚਨ ਪੂਰਾ ਹੋਇਆ। ਇਸੇ ਤਰਾਂ ਸਰਹੰਦ ਨੂੰ ਭੀ ਸਰਾਪ ਦੇਕੇ ਆਖਿਆ ਕਿ ਸਿੱਖੋ ਇਸ ਦੀਆਂ ਪਾਨੀ ਤਕ ਨੀਵਾਂ ਉਖੜ ਕੇ ਦੇਸਾਂ ੨ ਵਿੱਚ ਖਿੰਡਨ ਗੀਆਂ, ਅਰ ਓਹ ਸਾਹਿਬਜ਼ਾਦੇ ਥੱਲੇ ਤੋਂ ਨੀਵਾਂ ਪੁੱਟਨ ਗਏ ਹਨ, ਇਤਨਾਂ ਆਖਕੇ " ਸਰੰਦ ਬਾਉਨੀ ਘੱਟੇ ਰਲਾਉਨੀ " ਬਚਨ ਕੀਤਾ ਜੋ ਅੱਜ ਕੱਲ ਉਹ ਸ਼ਹਿਰ ਢਹਕੇ ਮਿੱਟੀ ਨਾਲ ਮਿਲ ਗਿਆਹੈ । ਸੋ ਹੁਣ ਤੀਕ ਲੋਕ ਉਥੋਂ ਇੱਟਾਂ ਪੱਟਕੇ ਜਮਨਾ ਅਰ ਸਤਲੁਜ ਨਦੀ ਵਿੱਚ ਸਿੱਟਦੇ ਹੁੰਦੇ ਹਨ। ਅਰ ਸਵੇਰੇ ਉੱਠਕੇ ਕੋਈ ਹਿੰਦੂ ਉਸ ਦਾ ਨਾਮ ਨਹੀਂ ਲੈਂਦਾ। ਫੇਰ ਸਿੱਖਾਂ ਨੇ ਉੱਥੇ ਇੱਕ ਵੱਡਾ ਭਾਰੀ ਦੇਹਰਾ ਬਣਾਇਆ ਅਰ ਸਭ ਸਿੱਖ ਉੱਥੇ ਮੱਥਾ ਟੇਕਣ ਅਰ ਭੇਟਾਂ ਚੜ੍ਹਾਉਣ ਜਾਂਦੇ ਹਨ॥

ਦੀਨੇ ਇੱਕ ਦਿਨ ਜਾਂ ਬਹੁਤ ਸੰਗਤਾਂ ਕੱਠੀਆਂ ਹੋਈਆਂ, ਤਾਂ ਉਨ੍ਹਾਂ ਗੁਰੂ ਨੂੰ ਕਿਹਾ ਤੁਰਕਾਂ ਅਰਥਾਤ ਮੁਸਲਮਾਨਾਂ ਨੇ ਜਗਤ ਨੂੰ ਬਹੁਤ ਦੁੱਖ ਦਿੱਤਾ ਅਰ ਸਾਡੀਆਂ ਕੈਈ ਪੀੜ੍ਹੀਆਂ ਉਨ੍ਹਾਂਨੇ ਸਿਤਾਈਆਂ ਅਰ ਬਹੁਤ ਸਾਰੇ ਸਾਡੇ ਮਾਲ ਖਜਾਨੇ ਲੁੱਟੇ ਅਰ ਤੁਸਾਡੇ ਸਾਹਿਬਜ਼ਾਦੇ ਮਾਰੇਹਨ ਸੋ ਹੁਣਤੁਸੀ ਹੁਕਮ ਦਿਓ ਤਾਂ ਸਭ ਖਾਲਸਾ ਕੱਠੇ ਹੋਕੇ ਉਨ੍ਹਾਂ ਦਾ ਨਾਸ ਕਰੀਏ ਕਿਉਂ ਤੁਸੀਂ ਅਸਾਨੂੰ ਇਸੀ ਕੰਮ ਵਾਸਤੇ ਸ਼ਸਤ੍ਰ ਫੜਾਏ ਅਰ ਪੰਥ ਚਲਾਇਆ ਹੈ। ਗੁਰੂ ਜੀ ਕਿਹਾ, ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣਦੇ ਹਾਂ ਗੱਲ ਅੱਛੀ ਹੈ। ਸੋ ਅਸੀਂ ਔਰੰਗਜ਼ੇਬ ਪਾਦਸ਼ਾਹ ਨੂੰ ਪਹਿਲਾਂ ਇਕ ਖਤ ਲਿਖਕੇ ਨਸੀਹਤ ਕਰ ਭੇਜਦੇਹਾਂ ਭਈ ਉਹ ਸਾਧਾਂ ਸੰਤਾਂ ਅਤੇ ਗਰੀਬਾਂ ਨੂੰ ਦੁੱਖ ਨਾ ਦਿਆ ਕਰੇ। ਜੇ ਉਸ ਨੇ ਇਹ ਗੱਲ ਮੰਨਕੇ ਆਪਣੀ ਬੁਰਿਆਈ ਛੱਡ ਦਿੱਤੀ, ਤਾਂ ਚੰਗਾ, ਨਹੀਂ ਤਾਂ ਫੇਰ ਤੁਸਾਂ ਉਸ ਨਾਲ ਲੜਾਈ ਕਰਣੀ। ਗੁਰੂ ਨੇ ਪਾਦਸ਼ਾਹ ਵੱਲ ਇੱਕ ਫਾਰਸੀ ਜੁਬਾਨ ਦੇ ਛੰਦਾਂ ਵਿੱਚ ਖਤ ਲਿਖਕੇ ਭੇਜਿਆ। ਉਸ ਖਤ ਦਾ ਨਾਉਂ ਜ਼ਫਰਨਾਮਾ ਕਰਕੇ ਆਖਦੇ ਹਨ। ਭਾਵੇਂ ਉਸ ਸਾਰੇ ਖਤ ਦੇ ਲਿਖਣੇ ਦਾ ਤਾਂ ਇੱਥੇ ਕੁਝ ਪਰੋਜਨ ਨਹੀਂ, ਪਰ ਕੋਈ ਕੋਈ ਬਾਤ ਜੋ ਨਸੀਹਤ ਦੇ ਲਾਇਕ ਹੈ, ਇੱਥੇ ਮੈਂ ਲਿਖਦਾ ਹਾਂ, ਕਿਉਂ ਜੋ ਉਸਦੇ ਪੜ੍ਹਨੇ ਤੇ ਗੋਵਿੰਦਸਿੰਘ ਦੀ ਅਕਲ ਅਰ ਬਹਾਦੁਰੀ ਪਰਗਟ ਹੋਵੇਗੀ ॥

ਜ਼ਫਰਨਾਮਾ

ਹੇ ਪਾਦਸ਼ਾਹ ਤੈਂਨੂੰ ਜੋ ਕਰਤਾਰ ਨੇ ਤਖ਼ਤ ਪੁਰ ਬਠਾਲਿਆ ਸਾ, ਕਿਆ ਚੰਗੀ ਗੱਲ ਹੁੰਦੀ ਜੇ ਤੂੰ ਲੋਕਾਂ ਨਾਲ ਬੇਇਨਸਾਫੀ ਨਾ ਕਰਦਾ। ਦੇਖ! ਤੈਂ ਮੇਰੇ ਨਾਲ ਕੇਹੀ ਜੁਲਮੀ ਕੀਤੀ, ਜੋ ਮੈਂ ਇੱਕ ਪੱਥਰਾਂਦੇ ਟਿੱਲੇਪੁਰ ਬਸਦਾਸਾ, ਕਦੀ ਤੇਰਾ ਪਿੰਡ ਗਰਾਉਂ ਨਹੀਂ ਰੋਕਿਆ,ਤੈਂ ਬੇਤਕਸੀਰਾ ਪਹਿਲਾਂ ਮੇਰਾ ਬਾਪ ਗੁਰੂ ਤੇਗਬਹਾਦੁਰ ਕੈਦ ਕਰਕੇ ਮਾਰਿਆ, ਫੇਰ ਰਾਜਿਆਂ ਨਾਲ ਰਲ ਕੇ ਮੇਰੇ ਉੱਤੇ ਫੌਜਾਂ ਭੇਜੀਆਂ। ਫੇਰ ਤੈਂ ਮੇਰੇ ਨਿਆਣੇ ਪੁੱਤ ਅਰ ਹਜ਼ਾਰਾਂ ਸਿੱਖ ਮਾਰੇ। ਮੇਰੇ ਮਾਲ ਖਜਾਨੇ ਲੁੱਟੇ। ਸੋ ਯਾਦ ਰੱਖ ਜੋ ਏਹ ਬੇਇਨਸਾਫੀ ਜੋ ਤੇਰੇ ਘਰ ਹੈ, ਪਰਮੇਸ਼ੁਰ ਦੇ ਘਰ ਨਹੀਂ। ਉੱਥੇ ਹੱਕ ਹੱਕ ਇਨਸਾਫ ਹੁੰਦਾ ਹੈ। ਉੱਥੇ ਪਾਦਸ਼ਾਹ ਅਰ ਕੀੜਾ ਬਰਾਬਰ ਹੈ ਜੇ ਤੈਨੂੰ ਇਹ ਗੁਮਾਨ ਹੋਵੇ ਜੋ ਮੈ ਪਾਦਸ਼ਾਹ ਹੋਕੇ ਭੀ ਆਪਣੇ ਹੱਥਾਂ ਦੀ ਮਿਹਨਤ ਨਾਲ ਜੌਆਂ ਦਾ ਟੁਕੜਾ ਖਾਂਦਾਹਾਂ ਤਾਂ ਘੋੜਿਆਂ ਵੱਲ ਦੇਖ, ਕਿਉਂ ਜੋ ਓਹ ਵੱਡੀ ਮਿਹਨਤ ਚੱਕਕੇ ਆਖਰ ਨਿੱਤ ਜੌਆਂ ਦਾ ਦਾਣਾ ਖਾਂਦੇ ਹਨ। ਜੇ ਤੂੰ ਕਹੇਂ ਮੈਂ ਕੁਰਾਨ ਪੜ੍ਹਦਾ ਹਾਂ,ਤਾਂ ਕੀ ਹੋਇਆ, ਕਿਉਂ ਜਿਤਨਾ ਚਿਰ ਕੋਈ ਦਿਲ ਨੂੰ ਅਮਲਾਂ ਨਾਲ ਸਾਫ ਨਾ ਕਰੇ ਜੁਬਾਨੀ ਕੁਰਾਨ ਪੜ੍ਹਨਾ ਕੁਝ ਕੰਮ ਨਹੀਂ ਸਾਰਦਾ, ਸਗਵਾਂ ਦੋਜਕ ਦੀ ਅੱਗ ਉਸ ਦੇ ਲਈ ਸੁਆਈ ਭੜਕਦੀ ਹੈ। ਜੇ ਤੈਂਨੂੰ ਇਹ ਖਿਆਲ ਹੋਵੇ ਜੋ ਮੈਂ ਬੰਦਗੀ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਬੱਬ ਨਰਕ ਦੇ ਦੁੱਖ ਤੇ ਛੁੱਟ ਜਾਵਾਂਗਾ, ਤਾਂ ਸੁਣ, ਮੂੰਹ ਤੇ ਚਾਰ ਰਿਵਾਇਤਾਂ ਪੜ੍ਹ ਛੱਡਣ ਦਾ ਨਾਉਂ ਬੰਦਗੀ ਨਹੀਂ, ਸਗੋਂ ਸੱਚੀ ਬੰਦਗੀ ਦਿਲ ਨੂੰ ਮਾਰਨੇ ਦਾ ਨਾਮ ਹੈ। ਤੂੰ ਉਲਟਾ ਪਾਦਸ਼ਾਹੀ ਦੇ ਮਦ ਨਾਲ ਦਿਲ ਨੂੰ ਮੋਟਾ ਕਰਦਾ ਜਾਂਦਾ ਹੈਂ। ਦੇਖ ਤੈਂ ਦਿਲ ਦੀ ਖੁਸ਼ੀ ਵਾਸਤੇ ਆਪਣੇ ਪਿਉ ਅਤੇ ਭਰਾਵਾਂ ਨੂੰ ਮਾਰਿਆ ਸਾ, ਇਹ ਕਿਹੜੀ ਬੰਦਗੀ ਹੈ? ਜੇ ਤੈਂਨੂੰ ਇਹ ਗੁਮਾਨ ਹੋਵੇ, ਜੋ ਮੈਂਨੂੰ ਨਰਕ ਦੀ ਅਗਨ ਤੇ ਪਕੰਬਰ ਬਚਾਵੇਗਾ, ਤਾਂ ਸੁਣ, ਸਭਨਾਂ ਪਕੰਬਰਾਂ ਨੇ ਕਿਹਾ ਹੈ, ਜੋ ਅਸੀਂ ਉਸ ਨੂੰ ਬਚਾਵਾਂਗੇ, ਜੋ ਸਾਡੇ ਹੁਕਮ ਮੰਨੇਗਾ, ਅਰਥਾਤ ਬੁਰਿਆਈਆਂ ਨੂੰ ਛੱਡਕੇ ਭਲਿਆਈਆਂ ਵੱਲ ਆਵੇਗਾ, ਸੋ ਜਾਂ ਤੂੰ ਉਸ ਦੇ ਹੁਕਮ ਨੂੰ ਹੀ ਨਹੀਂ ਮੰਨਦਾ, ਤਾਂ ਤੈਨੂੰ ਪਕੰਬਰ ਕਿੱਕੁਰ ਛੁਡਾ ਲਵੇਗਾ, ਸੋ ਯਾਦ ਰੱਖ ਜੋ ਤੇਰੇ ਲਈ ਪਰਮੇਸ਼ੁਰ ਦੇ ਹਜ਼ੂਰ ਵਿੱਚ ਸਜ਼ਾ ਤਿਆਰ ਹੈ। ਜੋ ਤੈਂਨੂੰ ਇਸ ਗੱਲ ਦਾ ਘਮੰਡ ਹੋਵੇ, ਜੋ ਮੈਂ ਪਕੰਬਰ ਦੀ ਸ਼ਰਾ ਪੁਰ ਕਾਇਮ ਹਾਂ, ਕਿਉਂਜੋ ਮੈਂ ਠਾਕੁਰ ਦੁਆਰੇ ਅਰ ਸ਼ਿਵਦੁਾਲੇ ਢਾਹਕੇ ਬੁਤਪਰਸਤੀ ਛੁਡਾ ਦਿੱਤੀ, ਤਾਂ ਸੁਣ, ਤੈਂ ਛੁਡਾਈ ਨਹੀਂ ਸਗੋਂ ਬੁਤਪਰਸਤੀ ਵਧਾਈ ਹੈ। ਕਿਉਂ ਜੋ ਪਹਿਲਾਂ ਤਾਂ ਜਦ ਮੰਦਰ ਬਣੇ ਹੋਏ ਸੇ, ਤਦ ਹਿੰਦੂਆਂ ਨੂੰ ਇਹ ਨਿਹਚਾ ਸਾ, ਜੋ ਜਦ ਚਾਹਾਂਗੇ, ਤਦ ਪੂਜਾ ਕਰਿ ਆਵਾਂਗੇ, ਪਰ ਹੁਣ ਜੋ ਤੈਂ ਮੰਦਰ ਢਾਹ ਸਿੱਟੇ ਇਸ ਸਬੱਬ ਸਭਨਾਂ ਹਿੰਦੂਆਂ ਨੇ ਇੱਕ ਇੱਕ ਬੁਤ ਘਰ ਘਰ ਰੱਖ ਲਿਆ ਹੈ, ਕਿਉਂ ਜੋ ਜਦ ਤਕ ਓਹ ਪੂਜਾ ਨਹੀਂ ਕਰ ਲੈਂਦੇ ਅੰਨ ਪਾਣੀ ਨਹੀਂ ਵਰਤਦੇ। ਜੇ ਤੈਂਨੂੰ ਇਹ ਘਮੰਡ ਹੋਵੇ, ਜੋ ਲੋਕ ਮੇਰਾ ਜਸ ਕਰਦੇ ਹਨ, ਤਾਂ ਸੁਣ, ਗਰਜ਼ੀ ਲੋਕ ਜਸ ਫ਼ਿਰਊਨ ਪਾਦਸ਼ਾਹ ਦਾ ਭੀ ਕਰਦੇ ਸੇ, ਪਰ ਆਖਰ ਦੋਜ਼ਕ ਦੀ ਅੱਗੋਂ ਬਚ ਨਾ ਸੱਕਿਆ। ਜੇ ਤੈਨੂੰ ਇਹ ਉਮੈਦ ਹੈ, ਕਿ ਪਰਮੇਸ਼ੁਰ ਜੋ ਦਿਆਲ ਹੈ, ਮੈਂਨੂੰ ਭੀ ਦਯਾ ਕਰਕੇ ਬਚਾ ਲਵੇਗਾ, ਤਾਂ ਸੁਣ ਜੇ ਤੈਂ ਲੋਕਾਂ ਪੁਰ ਦਯਾ ਨਹੀਂ ਕੀਤੀ ਸਗੋਂ ਦੁਖ ਦੇਣੇ ਪੁਰ ਲੱਕ ਬੱਧਾ ਹੋਇਆ ਹੈ, ਤਾਂ ਪਰਮੇਸੁਰ ਤੇਰੇ ਪੁਰ ਕਿੱਕੁਰ ਦਯਾ ਕਰੇਗਾ? ਇਹ ਕਦੀ ਨਹੀਂ ਹੋ ਸੱਕਦਾ, ਜੋ ਕੋਈ ਆਦਮੀ ਅੱਕ ਬੀਜਕੇ ਅੰਬ ਖਾਵੇ, ਸਗੋਂ ਇਹ ਅਵਸ਼ ਹੁੰਦਾ ਹੈ, ਜੋ ਜਿਹਾ ਬੀਜ ਬੀਜਦਾ ਹੈ ਉਸ ਨੂੰ ਤਿਹਾ ਹੀ ਫਲ ਲੱਗਦਾ ਹੈ। ਏਹ ਗੱਲਾਂ ਉਪਦੇਸ ਦੀਆਂ ਲਿਖਕੇ ਫੇਰ ਰਾਜਨੀਤ ਦੀਆਂ ਬਾਤਾਂ ਭੀ ਲਿਖੀਆਂ, ਅਰਥਾਤ ਖਬਰਦਾਰ ਹੋ, ਤੈਂ ਲੋਕਾਂ ਨੂੰ ਜਿਹਾ ਸਤਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਤੈਂਨੂੰ ਤਿਹਾ ਹੀ ਖਾਲਸਾ ਸਿਤਾਵੇਗਾ। ਹੁਣ ਤੇਰੇ ਬਦਲੇ ਉੱਤਰਨੇ ਦਾ ਦਿਨ ਆਇਆ, ਕਰਤਾਰ ਤੈਥੋਂ ਬਹੁਤ ਨਰਾਜ ਹੈ। ਗੁਰੂ ਗੋਬਿੰਦਸਿੰਘ ਨੇ ਉਹ ਖਤ ਲਿਖਕੇ ਭਾਈ ਦਯਾਸਿੰਘ ਨਾਮੇ ਸਿੱਖ ਦੇ ਹੱਥ ਦਿੱਤਾ ਅਰ ਆਖਿਆ ਜੋ ਦਿੱਲੀ ਵਿੱਚ ਜਾਕੇ ਇਹ ਖਤ ਖਾਸ ਪਾਦਸ਼ਾਹ ਔਰੰਗਜੇਬ ਦੇ ਹੱਥ ਦੇਵੀਂ। ਜਾਂ ਦਯਾਸਿੰਘ ਦਿੱਲੀ ਪਹੁੰਚਾ, ਤਾਂ ਖਤ ਪਾਦਸ਼ਾਹ ਨੂੰ ਜਾ ਦਿੱਤਾ। ਪਾਦਸ਼ਾਹ ਪੜ੍ਹਕੇ ਬਹੁਤ ਸ਼ਰਮਿੰਦਾ ਹੋਇਆ ਅਰ ਉਸ ਦੇ ਪੜ੍ਹਨੇ ਤੇ ਭਾਵੇਂ ਪਾਦਸ਼ਾਹ ਦੇ ਦਿਲ ਵਿੱਚ ਗੁਰੂ ਦੀ ਮੁਲਾਕਾਤ ਦਾ ਇਰਾਦਾ ਤਾਂ ਹੋਯਾ, ਪਰ ਉਸ ਤੇ ਥੋਹੜੇ ਹੀ ਦਿਨਾਂ ਬਾਦ ਮਰ ਗਿਆ। ਗੁਰੂ ਨੇ ਪਾਦਸ਼ਾਹ ਦਾ ਮਰਨਾ ਸੁਣਕੇ ਆਪਣਿਆਂ ਸਿੱਖਾਂ ਨੂੰ ਕਿਹਾ ਲਓ ਕਰਤਾਰ ਨੇ ਵੱਡੀ ਸੁੱਖ ਕੀੱਤੀ, ਨਹੀਂ ਤਾਂ ਜੰਗ ਵਿਖੇ ਕੈਈ ਲੋਕ ਮਾਰੇ ਜਾਂਦੇ। ਜਾਂ ਔਰੰਗਜੇਬ ਦੇ ਪਿੱਛੋਂ ਉਸ ਦੇ ਬੇਟੇ ਬਹਾਦੁਰਸ਼ਾਹ ਨੂੰ ਤਖਤ ਮਿਲਿਆ, ਤਾਂ ਉਸ ਦੇ ਭਰਾਵਾਂ ਨੇ ਤਿਸ ਤੇ ਪਾਦਸ਼ਾਹੀ ਖੋਹ ਲਈ। ਬਹਾਦੁਰਸ਼ਾਹ ਨੇ ਆਪਣੇ ਭਰਾਵਾਂ ਨਾਲ ਜੰਗ ਸ਼ੁਰੂ ਕੀਤਾ। ਆਖਦੇ ਹਨ ਜੋ ਉਸ ਜੰਗ ਵਿੱਚ ਗੁਰੂ ਗੋਬਿੰਦਸਿੰਘ ਨੇ ਭੀ ਆਪਣੀ ਫੌਜ ਭੇਜਕੇ ਬਹਾਦੁਰਸ਼ਾਹ ਦੀ ਕੁਝ ਮੱਦਤ ਕੀੱਤੀ ਬਲਕ ਸਿੰਘਾਂ ਦੀ ਫੌਜ ਦੇ ਸਬੱਬ ਹੀ ਬਹਾਦੁਰਸ਼ਾਹ ਆਪਣੇ ਭਰਾਵਾਂ ਤੇ ਫਤੇ ਪਾਕੇ ਫੇਰ ਤਖਤ ਪੁਰ ਬੈਠਾ ਸਾ। ਉਸੀ ਦਿਨ ਤੇ ਬਹਾਦੁਰਸ਼ਾਹ ਗੁਰੂਗੋਬਿੰਦਸਿੰਘ ਨਾਲ ਬਹੁਤ ਮੇਲ ਰੱਖਣ ਲੱਗ ਪਿਆ, ਕੈਈ ਬਾਰ ਉਸ ਨੇ ਕੈਈ ਸੁਗਾਤਾਂ ਅਤੇ ਮੇਵਿਆਂ ਦੀਆਂ ਡਾਲੀਆਂ ਗੁਰੂ ਦੇ ਪਾਸ ਭੇਜੀਆਂ। ਜਾਂ ਇੱਕ ਬਾਰ ਗੁਰੂ ਫਿਰਦੇ ਫਿਰਦੇ ਆਗਰੇ ਸ਼ਹਿਰ ਵਿੱਚ ਪਹੁੰਚੇ, ਤਾਂ ਸੁਣਿਆਂ ਜੋ ਪਾਦਸ਼ਾਹ ਬਹਾਦੁਰਸ਼ਾਹ ਇੱਥੇ ਆਇਆ ਹੋਇਆ ਹੈ। ਗੁਰੂ ਉਸ ਦੇ ਮਿਲਨੇ ਦੀ ਖਾਤਰ ਉਸ ਦੇ ਕਿਲੇ ਦੇ ਦਰਵਾਜੇ ਪੁਰ ਜਾ ਖੜੇ ਹੋਏ। ਗੁਰੂ ਜੋ ਸਦਾ ਘੋੜੇ ਦੀ ਸਵਾਰੀ ਅਰ ਹੱਥ ਪੁਰ ਬਾਜ ਪੰਛੀ ਅਰ ਜਿਗਾ ਕਲਗੀ ਸਿਰ ਪੁਰ ਰੱਖਦਾ ਅਰ ਉਨ੍ਹਾਂ ਪੰਜਾਂ ਹੀ ਸਿੱਖਾਂ ਸਣੇ ਸਦਾ ਸਸਤ੍ਰ ਧਾਰੀ ਰਹਿੰਦਾ ਸਾ,ਉਸਦਾ ਇਹ ਭੇਸ ਦੇਖਕੇ ਦਰਵਾਨਨੇ ਕਿਹਾ ਸਸਤ੍ਰ ਇੱਥੇ ਰੱਖਦੇਵੋ, ਨਹੀਂ ਤਾਂ ਕਿਲੇ ਦੇ ਅੰਦਰ ਜਾਣਾ ਨਹੀਂ ਪਾਵੋਗੇ। ਗੁਰੂ ਨੇ ਉੱਤਰ ਦਿੱਤਾ ਜੋ ਅਸੀਂ ਸ਼ਸਤ੍ਰ ਨਹੀਂ ਉਤਾਰਨੇ ਤੁਸੀਂ ਪਾਦਸ਼ਾਹ ਨੂੰ ਜਾਕੇ ਸਾਡੀ ਖਬਰ ਦੇ ਆਓ। ਦਰਵਾਨਾਂ ਨੇ ਅੰਦਰ ਜਾਕੇ ਅਰਜ ਕੀਤੀ, ਜੋ ਆਪ ਦੇ ਮਿਲਨੇ ਲਈ ਗੋਬਿੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਨਾਮੇਂ ਇੱਕ ਸਿੱਖ ਆਇਆ ਹੋਇਆ ਦਰਵਾਜੇ ਪੁਰ ਖੜਾ ਹੈ, ਅਰ ਆਖਦਾ ਹੈ, ਜੋ ਮੈਂ ਸ਼ਸਤ੍ਰਾਂ ਸਣੇ ਅੰਦਰ ਜਾਵਾਂਗਾ,ਸੋ ਜਿੱਕੁਰ ਹੁਕਮ ਹੋਵੇ, ਤਿੱਕੁਰ ਉਸਨੂੰ ਜਾਇ ਆਖੀਯੇ। ਪਾਦਸ਼ਾਹ ਨੇ ਨਾਉਂ ਸੁਣਦੇ ਹੀ ਕਿਹਾ ਤੁਸੀਂ ਬਹੁਤ ਬੁਰਾ ਕੀਤਾ ਜੋ ਉਸ ਨੂੰ ਅੰਦਰ ਆਉਣੇ ਤੇ ਰੋਕਿਆ, ਸੋ ਛੱਬਦੇ ਜਾਕੇ ਉਸ ਨੂੰ ਜਿੱਕੁਰ ਉਹ ਚਾਹੇ ਸੰਗ ਲੈ ਆਵੋ। ਗੁਰੂ ਦਰਵਾਨਾਂ ਦੇ ਨਾਲ ਆਪਣਿਆਂ ਪੰਜਾਂ ਸਿੱਖਾਂ ਸਣੇਂ ਪਾਦਸ਼ਾਹ ਦੇ ਪਾਸ ਗਏ ਅਰ ਬਹੁਤ ਖੁਸ਼ੀ ਨਾਲ ਮਿਲੇ। ਹੋਰ ਅਨੰਦ ਕੁਸ਼ਲ ਦੀ ਖਬਰਸਾਰ ਪੁੱਛਣੇ ਤੇ ਬਾਦ ਕੈਈ ਪ੍ਰਕਾਰ ਦੇ ਸੈਲ ਸ਼ਕਾਰ ਦੀਆਂ ਗੱਲਾਂ ਪੁੱਛੀਆਂ। ਜਾਂ ਥੋਹੜੀ ਦੇਰ ਹੋਈ,ਤਾਂ ਇੱਕ ਪਾਦਸ਼ਾਹੀ ਦੀਵਾਨਨੇ ਜੋ ਮੁਸਲਮਾਨ ਸਾ, ਗੁਰੂ ਨਾਲ ਕੈਈ ਪ੍ਰਕਾਰ ਦੀਆਂ ਧਰਮਸੰਬੰਧੀ ਗੱਲਾਂ ਭੀ ਕੀਤੀਆਂ। ਫੇਰ ਇੱਕ ਕਾਜੀ ਨੇ ਜੋ ਦਰਬਾਰਦੇ ਵਿੱਚ ਹੀ ਬੈਠਾਸਾ,ਇਹ ਗੱਲ ਪੁੱਛੀ ਜੋ ਹੇ ਗੁਰੂ, ਗੁਰੂ ਸਾਹਬ ਨੇ ਫਰਮਾਇਆ ਹੈ, ਜੋ ਦੁਨੀਆਂ ਪੁਰ ਬੰਦਾ ਬੰਦਗੀ ਨੂੰ ਭੇਜਿਆ ਹੈ, ਸੋ ਆਪ ਦੱਸੋ ਜੋ ਬੰਦਾ ਕਿਹੜੀ ਬੰਦਗੀ ਕਰੇ। ਉੱਤਰ ਦਿੱਤਾ ਜੋ ਬੰਦਾ ਇਹ ਬੰਦਗੀ ਕਰੇ ਜੋ ਗੁਨਾਹਾਂ ਤੇ ਪਾਕ ਹੋਕੇਭੀ ਆਪਣੇ ਤਾਈਂ ਗੁਨਾਹਗਾਰ ਮੰਨਦਾ ਰਹੇ। ਕਾਜੀ ਦੀ ਇਹ ਸੁਣਕੇ ਤਸੱਲੀ ਹੋਈ ਅਰ ਆਖਿਆ ਜੋ ਹਾਂ ਸੱਚ ਹੈ, ਜੋ ਰੱਬ ਦੇ ਅੱਗੇ ਬੰਦਾ ਇਹ ਕਦੀ ਨਹੀਂ ਕਹਿ ਸੱਕਦਾ,ਜੋ ਮੈਂ ਗੁਨਾਹਾਂ ਤੇ ਪਾਕ ਹਾਂ। ਉੱਥੇ ਗੁਰੂ ਕੈਈ ਦਿਨ ਰਹੇ ਅਰ ਪਾਦਸ਼ਾਹ ਨੇ ਬਹੁਤਸਾਰੀ ਦੌਲਤ ਭੇਟ ਦਿੱਤੀ, ਫੇਰ ਗੁਰੂ ਫਿਰਦੇ ਫਿਰਦੇ ਅਨੰਦਪੁਰ ਆਏ। ਅਰ ਜਾਂ ਕੈਈਆਂ ਪਹਾੜੀਆਂ ਰਾਜਿਆਂ ਨੇ ਕੁਝ ਫੇਰ ਝਗੜਾ ਚੁੱਕਿਆ, ਤਾਂ ਗੁਰੂ ਆਪਣਿਆਂ ਸਿੱਖਾਂ ਦੀ ਫੌਜ ਨਾਲ ਲੈਕੇ ਉਨ੍ਹਾਂ ਪੁਰ ਚੜ੍ਹਿਆ, ਆਖਦੇ ਹਨ ਕਿ ਇੱਕ ਭਿਆਣੀ ਨਾਮੇ ਨੱਗਰ ਵਿਖੇ ਜੋ ਪਹਾੜ ਵਿਖੇ ਹੈ, ਵੱਡੀ ਭਾਰੀ ਲੜਾਈ ਹੋਈ। ਉੱਥੇ ਸਭ ਰਾਜੇ ਜੋ ਕੁਝ ਬਹੁਤ ਬਲ ਨਹੀਂ ਰੱਖਦੇ ਸੇ, ਗੁਰੂ ਤੇ ਡਰਕੇ ਆਖਰ ਭੱਜ ਗਏ। ਫੇਰ ਉਸ ਜਗਾ ਗੋਬਿੰਦਸਿੰਘ ਨੇ ਇੱਕ ਵੱਡਾ ਸੁੰਦਰ ਮਕਾਨ ਬਣਾਕੇ ਉਸ ਵਿੱਚ ਗ੍ਰੰਥ ਸਾਹਿਬ ਜੀ ਰਖਵਾਇਆ ਅਰ ਉਸ ਮਕਾਨ ਦਾ ਨਾਮ ਦੇਹਰਾ ਰੱਖਿਆ। ਫੇਰ ਜਾਂ ਗੁਰੂ ਰਾਜਿਆਂ ਨੂੰ ਜਿੱਤਕੇ ਅਨੰਦਪੁਰ ਨੂੰ ਹਟਿਆ,ਤਾਂ ਰਸਤੇ ਵਿੱਚ ਇੱਕ ਜਗਾ ਉਸ ਦੇ ਪੈਰ ਦਾ ਪਾਉਂਟਾ ਅਰਥਾਤ ਕੋਈ ਪੈਰ ਦਾ ਗਹਿਣਾ ਡਿੱਗ ਪਿਆ। ਜਾਂ ਗੁਰੂ ਘੋੜੇ ਪੁਰੋਂ ਉਤਰ ਕੇ ਉਸ ਨੂੰ ਚੱਕਣ ਲੱਗੇ,ਤਾਂ ਉੱਥੇ ਦੇ ਵਸਕੀਨਾਂ ਲੋਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਇਹ ਖਿਆਲ ਕੀਤਾ, ਜੋ ਅਸੀਂ ਇੱਥੇ ਇੱਕ ਦੇਹਰਾ ਬਣਾਇ ਦੇਈਏ, ਤਾਂ ਲੋਕ ਪੂਜਾ ਭੇਟ ਚੜ੍ਹਾਇਆ ਕਰਨਗੇ। ਉੱਥੇ ਉਨ੍ਹਾਂ ਨੇ ਇੱਕ ਦੇਹਰਾ ਬਣਾਕੇ ਉਸਦਾ ਨਾਮ ਪਾਉਂਟਾ ਸਾਹਬ ਕਰਕੇ ਮਸ਼ਹੂਰ ਕੀਤਾ। ਅਰ ਹੁਣ ਉੱਥੇ ਵੱਡਾ ਭਾਰੀ ਮੇਲਾ ਲੱਗਦਾ ਹੁੰਦਾ ਹੈ। ਫੇਰ ਗੁਰੂ ਅਨੰਦਪੁਰ ਆਏ ਅਰ ਕੁਝ ਦਿਨ ਅਰਾਮ ਕੀਤਾ॥ ਇੱਕ ਦਿਨ ਦੀ ਬਾਤ ਹੈ, ਜੋ ਗੁਰੂ ਅਨੰਦਪੁਰ ਵਿਖੇ ਬੈਠੇ ਸੇ, ਬਹੁਤ ਸੰਗਤਾਂ ਕੱਠੀਆਂ ਹੋਈਆਂ ਜੋ ਇਤਨੇ ਵਿੱਚ ਉੱਥੇ ਨਕਲੀਏ ਨਕਲਾਂ ਕਰਨ ਆਏ। ਸਿੱਖ ਲੋਕ ਜੋ ਗੁਰੂ ਦੇ ਮਸੰਦਾਂ ਤੇ ਅੱਕੇ ਹੋਏ ਸੇ, ਉਨ੍ਹਾਂ ਨਕਲੀਆਂ ਨੂੰ ਆਖਿਆ, ਜੋ ਤੁਸੀਂ ਕੋਈ ਮਸੰਦਾਂ ਦੀ ਨਕਲ ਕਰੋ। ਸਿੱਖਾਂ ਦਾ ਇਹ ਮਤਲਬ ਸਾ, ਜੋ ਜੇ ਗੁਰੂ ਆਪਣਿਆਂ ਮਸੰਦਾਂ ਦੀਆਂ ਬੁਰਿਆਈਆਂ ਸੁਣੇਗਾ, ਤਾਂ ਉਨ੍ਹਾਂ ਨੂੰ ਸਜਾ ਦੇਵੇਗਾ॥

ਨਕਲੀਏ ਉੱਸੇ ਵੇਲੇ ਮਸੰਦਾਂ ਦਾ ਸਾਂਗ ਬਣ ਆਏ, ਉੱਥੇਹੀ ਇੱਕ ਸਿੱਖ ਦਾ ਘਰ ਠਹਿਰਾਇਆ। ਮਸੰਦ ਇੱਕ ਕੰਚਨੀ ਨੂੰ ਬਗਲ ਵਿੱਚ ਲੈਕੇ ਅਰ ਇੱਕ ਬੋਤਲ ਸ਼ਰਾਬ ਦੀ ਪੀਂਦਾ ਹੋਇਆ ਘੋੜੇ ਪੁਰ ਚੜ੍ਹਕੇ ਚਾਰ ਪੰਜ ਆਦਮੀ ਨਾਲ ਲੈਕੇ ਉਸ ਸਿੱਖ ਦੇ ਘਰ ਆਇਆ। ਜਾਂ ਸਿੱਖ ਨੇ ਡਿੱਠਾ ਜੋ ਗੁਰੂ ਦੇ ਮਸੰਦ ਮੇਰੇ ਘਰ ਆਏ ਹਨ, ਤਾਂ ਹੱਥ ਜੋੜਕੇ ਉੱਠ ਖੜਾ ਹੋਇਆ ਅਰ ਆਖਿਆ ਹੇ ਮਹਾਰਾਜ ਮੇਰੇ ਧੰਨਭਾਗ ਜੋ ਤੁਸੀਂ ਦਰਸ਼ਨ ਦਿੱਤਾ, ਆਓ ਬੈਠੋ, ਜੀ ਆਇਆਂ ਨੂੰ। ਜਾਂ ਮਸੰਦ ਬੈਠ ਗਿਆ ਤਾਂ ਸਿੱਖ ਨੇ ਆਪਣਾ ਕੋਈ ਭਾਂਡਾ ਬੇਚਕੇ ਉਸ ਦੇ ਘੋੜੇ ਲਈ ਦਾਣਾ ਪੱਠਾ ਲਿਆਂਦਾ, ਅਰ ਮਸੰਦ ਵਾਸਤੇ ਦਾਲ ਰੋਟੀ ਤਿਆਰ ਕੀੱਤੀ। ਮਸੰਦ ਦਾਲ ਰੋਟੀ ਨੂੰ ਦੇਖਕੇ ਬਹੁਤ ਗੁੱਸੇ ਹੋਇਆ, ਸਗੋਂ ਰੋਟੀਆਂ ਢੇਰ ਪੁਰ ਸਿੱਟਕੇ ਦਾਲ ਚੁੱਲ੍ਹੇ ਵਿੱਚ ਡੋਹਲ ਦਿੱਤੀ ਅਰ ਆਖਿਆ ਕਿੰਉਂ ਓਏ ਹਤਿਆਰਿ-ਆ ਸਿੱਖਾ! ਮੇਰੇ ਵਾਸਤੇ ਅਜਿਹਾ ਰੁੱਖਾ ਪਰਸਾਦ ਬਣਾਉਣਾ ਸਾ, ਅਜਿਹਾ ਤਾਂ ਸਾਡੇ ਕੁੱਤੇ ਭੀ ਨਹੀਂ ਖਾਂਦੇ। ਜਾਹ ਝੱਬਦੇ ਜਾਕੇ ਕੜਾਹੁ ਪਰਸਾਦ ਅਰ ਮਹਾਂਪਰਸਾਦ ਅਰਥਾਤ ਮਾਸ ਤਿਆਰ ਕਰਕੇ ਲਿਆਉ। ਉਹ ਸਿੱਖ ਜੋ ਬਹੁਤ ਗਰੀਬ ਸਾ, ਆਪਣੀ ਤੀਮੀਂ ਦੇ ਛੱਲੇ ਮੁੰਦ੍ਰੀਆਂ ਬੇਚਕੇ ਸਭ ਕੁਝ ਤਿਆਰ ਕਰ ਲਿਆਇਆ। ਮਸੰਦ ਖਾ ਪੀਕੇ ਆਖਣ ਲੱਗਾ, ਜੋ ਹੁਣ ਮੇਰੀ ਨਜਰ ਭੇਟ ਲਿਆਉ। ਸਿੱਖ ਆਪਣਾ ਲੇਫ ਗਹਿਣੇ ਰੱਖਕੇ ਔਖਾ ਸੁਖਾਲਾ ਕਿਤੋਂ ਇੱਕ ਰੁਪੈਯਾ ਲਿਆਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਆਖਿਆ ਹੇ ਗੁਰੂ ਮੈਂ ਗਰੀਬ ਸਿੱਖਹਾਂ ਦਯਾ ਕਰਕੇ ਇਹ ਆਪਣੀ ਭੇਟ ਕਬੂਲ ਕਰੋ। ਗੁਰੂ ਨੇ ਰੁਪੈਯਾ ਚੁੱਕਕੇ ਕੰਜਰੀ ਵੱਲ ਸਿੱਟ ਦਿੱਤਾ ਅਰ ਆਪ ਉਸ ਸਿੱਖ ਨੂੰ ਢਾਹਕੇ ਲੱਤਾਂ ਮਾਰਨ ਲੱਗ ਪਿਆ । ਜਾਂ ਸਿੱਖ ਹੇਠ ਪਿਆ ਹੋਇਆ ਲੱਤਾਂ ਖਾਕੇ ਭੀ ਹੱਥ ਜੋੜ ੨ ਇਹੀ ਕਹਿੰਦਾ ਸਾ, ਜੋ ਹੇ ਗੁਰੂ ਮੈਂ ਗਰੀਬ ਗਊ ਹਾਂ, ਮੈਨੂੰ ਬਖਸ਼ ਲੈ। ਤਾਂ ਗੁਰੂ ਗੋਬਿੰਦਸਿੰਘ ਨੇ ਅੱਤ ਕ੍ਰੋਧ ਨਾਲ ਲੋਕਾਂ ਤੇ ਪੁੱਛਿਆ, ਹੇ ਸਿੱਖੋ ਮੇਰੇ ਮਸੰਦ ਤੁਸਾਡੇ ਘਰੀਂ ਜਾਕੇ ਇਹ ਹਾਲ ਕਰਦੇ ਹਨ? ਸਿੱਖਾਂ ਜਵਾਬ ਦਿੱਤਾ ਹੇ ਸੱਚੇ ਪਾਦਸ਼ਾਹ ਇਸ ਤੇ ਭੀ ਵਧੀਕ ਦੁੱਖ ਦਿੰਦੇ ਹਨ। ਅਰ ਉਨ੍ਹਾਂ ਨਕਲੀਆਂ ਨੇ ਭੀ ਅਰਜ ਕੀੱਤੀ, ਜੋ ਹੇ ਗੁਰੂ ਹੁਣ ਜੋ ਇਸ ਵੇਲੇ ਮਸੰਦ ਭੀ ਤੁਸਾਡੇ ਹਜ਼ੂਰ ਵਿੱਚ ਬੈਠੇ ਹੋਏ ਹਨ ਅਸੀਂ ਇਨ੍ਹਾਂ ਤੇ ਡਰਦੇ ਮਾਰੇ ਇਨ੍ਹਾਂ ਦੀ ਪੂਰੀ ਨਕਲ ਨਹੀਂ ਲਾ ਸੱਕੇ, ਪਰ ਆਪ ਸੱਚ ਜਾਣੋਂ, ਕਿ ਤੁਹਾਡੇ ਮਸੰਦ ਸਿੱਖਾਂ ਨੂੰ ਇਸ ਤੇ ਸਉਗੁਣਾ ਵੱਧ ਦੁੱਖ ਦਿੰਦੇ ਹਨ । ਜਾਂ ਗੁਰੂ ਨੇ ਮਸੰਦਾਂ ਦੀਆਂ ਏਹ ਗੱਲਾਂ ਸੁਣੀਆਂ, ਤਾਂ ਢੰਡੋਰੀਏ ਸਿੱਖ ਨੂੰ ਹੁਕਮ ਹੋਇਆ, ਸਾਰੀਆਂ ਸੰਗਤਾਂ ਵਿੱਚ ਪੁਕਾਰਕੇ ਆਖੋ ਜੋ ਮਸੰਦ ਜਾਣੇ ਨਾ ਪਾਉਣ। ਸੰਗਤ ਨੇ ਇਹ ਢੰਡੋਰਾ ਸੁਣਕੇ ਮਸੰਦਾਂ ਨੂੰ ਹੱਥੋ ਹੱਥੀਂ ਫੜ ਲਿਆ। ਗੁਰੂ ਨੇ ਕੈਈ ਤਾਂ ਕੋਠੇ ਵਿੱਚ ਬੰਦ ਕਰਕੇ ਮਾਰੇ ਅਰ ਕੈਈ ਭੁੱਖੇ ਪਿਆਸੇ ਅਰ ਬੰਨ੍ਹਕੇ ਮਾਰੇ ਅਤੇ ਕੈਈਆਂ ਪੁਰ ਮਾਰ ਪੈਣ ਲੱਗੀ ਅਰ ਕੈਈਆਂ ਨੂੰ ਫੜ ਕੇ ਗਰਮ ਤੇਲ ਦੇ ਕੜਾਹੇ ਵਿੱਚ ਤਲ ਸਿੱਟਿਆ। ਫੇਰ ਗੁਰੂ ਨੇ ਆਖਿਆ ਜੋ ਜੋ ਮੇਰਾ ਸਿੱਖ ਹੋਵੇ ਸੋ ਮਸੰਦਾਂ ਨਾਲ ਮੇਲ ਨਾ ਰੱਖੇ, ਏਹ ਮਹਾਂ ਹੱਤਿਆਰੇ ਅਰ ਪਰਮੇਸ਼ੁਰ ਦੇ ਮਾਰੇ ਅਤੇ ਗੁਰੂ ਦੇ ਫਿਟਕਾਰੇ ਹਨ। ਉਸੀ ਦਿਨ ਤੇ ਲੋਕ ਮਸੰਦਾਂ ਨਾਲ ਮਿਲਨਾ ਛੱਡ ਬੈਠੇ ॥ ਫੇਰ ਇੱਕ ਬਾਰ ਗੁਰੂ ਬਹੁਤ ਸੰਗਤ ਸਣੇ ਸੈਲ ਕਰਨ ਨਿੱਕਲੇ, ਜਾਂ ਦਰਿਆ ਦੇ ਕੰਢੇ ਕੰਢੇ ਸੈਲ ਕਰਦੇ ਆਏ, ਤਾਂ ਕੈਈ ਜਗਾ ਸ਼ੇਰਾਂ ਦਾ ਸ਼ਿਕਾਰ ਖੇਡਿਆ। ਅਰ ਫੇਰ ਰੋਪੜ ਦੇ ਵਿੱਚ ਦੀ ਚਮਕੌਰ ਨਾਮੇ ਇੱਕ ਪਿੰਡ ਵਿਖੇ ਆਣ ਉੱਤਰੇ। ਉੱਥੇ ਜੋ ਕੋਈ ਦਿਨ ਬਾਸ ਕੀਤਾ ਸਾ, ਇਸੀ ਸਬੱਬ ਉੱਥੇ ਇੱਕ ਵੱਡਾ ਭਾਰੀ ਦੇਹਰਾ ਬਣਾਯਾ ਗਿਆ, ਅਰ ਹੁਣ ਉਸ ਪਿੰਡ ਦਾ ਨਾਮ ਚਮਕੌਰ ਸਾਹਬ ਕਰਕੇ ਮਸ਼ਹੂਰ ਹੈ ॥ ਇੱਕ ਬਾਰ ਗੁਰੂ ਦੀਵਾਨ ਲਾਈ ਬੈਠੇ ਸੇ, ਜੋ ਇੱਕ ਸਿੱਖ ਆਪਣੇ ਪੁਤ੍ਰ ਨੂੰ ਨਾਲ ਲੈਕੇ ਆਇਆ ਅਰ ਆਖਿਆ, ਜੋ ਹੇ ਗੁਰੂ ਇਹ ਮੁੰਡਾ ਤੁਸਾਡੇ ਬਚਨ ਸੁਣ ਸੁਣਕੇ ਜਗਤ ਦੇ ਬੁਹਾਰਾਂ ਤੇ ਉਦਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਗਿਆ ਅਰ ਬਿਆਹ ਨਹੀਂ ਕਰਾਉਂਦਾ ਹੈ, ਕਿਰਪਾਕਰਕੇ ਇਸਨੂੰ ਇਹਸਮਝਾਵੋ ਜੋ ਬਿਆਹ ਕਰਕੇ ਜਗਤ ਵਿੱਚ ਅਨੰਦ ਭੋਗੋ। ਗੁਰੂ ਨੇ ਉਸ ਮੁੰਡੇ ਨੂੰ ਪੁੱਛਿਆ ਜੋ ਤੈਨੂੰ ਕਿਹੜੇ ਸਬਦ ਦੇ ਸੁਣਨੇ ਕਰਕੇ ਵੈਰਾਗ ਪੈਦਾ ਹੋਇਆ ਹੈ? ਉਸ ਨੇ ਕਿਹਾ ਹੇ ਗੁਰੂ ਉਹ ਜੋ ਅਨੰਦ ਜੀ ਦੀ ਬਾਣੀ ਵਿੱਚ ਸਬਦ ਹੈ "ਏਮਨ ਪਿਆਰਿਆ ਤੂੰ ਸਦਾ ਸਚੁ ਸਮਾਲੇ" ਉਸ ਦੇ ਪੜ੍ਹਨੇ ਨਾਲ ਮੈਂ ਜਗਤ ਤੇ ਉਦਾਸ ਹੋਇਆ ਹਾਂ-ਸਬਦ-ਏਹੁ ਕੁਟੰਬ ਤੂੰ ਜਿ ਦੇਖਦਾ ਚਲੇ ਨਾਹੀ ਤੇਰੈ ਨਾਲੇ। ਸਾਥਿ ਤੇਰੈ ਚਲੈ ਨਾਹੀਂ ਤਿਸੁ ਨਾਲਿ ਕਿਉਂ ਚਿਤੁਲਾਈਐ। ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ਸਤਿਗੁਰੂ ਕਾ ਉਪਦੇਸ ਸੁਣਿ ਤੂ ਹੋਵੈ ਤੇਰੈ ਨਾਲੇ। ਕਹੈ ਨਾਨਕ ਮਨ ਪਿਆਰੇ ਤੂ ਸਦਾ ਸਚੁ ਸਮ੍ਹਾਲੇ ॥ ੧੧ ॥ ਸੋ ਹੇ ਸੱਚੇ ਪਾਤਸ਼ਾਹ ਤੁਸੀਂ ਜੋ ਆਪ ਕੁਟੰਬ ਨਾਲ ਰਹਿਣਾ ਵਰਜਿਆ ਹੈ, ਤਾਂ ਮੈਂ ਹੁਣ ਕਿਉਂ ਕੁਟੰਬ ਵਿੱਚ ਪਰਚਾਂ? ਗੁਰੂ ਨੇ ਉਸ ਨੂੰ ਗਲ ਨਾਲ ਲਾਇਆ ਅਰ ਕਿਹਾ ਜੋ ਹੇ ਬਾਲਕ ਤੂੰ ਧੰਨ ਹੈਂ, ਜੋ ਗੁਰੂ ਦੇ ਸਬਦ ਪੁਰ ਨਿਹਚਾ ਕਰਕੇ ਕੁਟੰਬ ਤੇ ਉਦਾਸ ਹੋਇਆ ਹੈਂ। ਪਰ ਸੁਣ, ਜੋ ਪਰਮੇਸ਼ੁਰ ਦੇ ਪਿਆਰੇ ਹਨ ਸੋ ਭਾਵੇਂ ਕੁਟੰਬ ਵਿੱਚ ਭੀ ਰਹਿਣ ਓਹ ਪਰਮੇਸ਼ੁਰ ਦੇ ਪਰੇਮ ਤੋਂ ਨਹੀਂ ਹਟਦੇ। ਸਗੋਂ ਜੋ ਲੋਕ ਗਰਿਸਤ ਵਿੱਚ ਰਹਿੰਦੇ ਹਨ, ਓਹ ਭੁਖੇ ਤਿਹਾਏ ਦੀ ਟਹਿਲ ਭੀ ਕਰ ਸੱਕਦੇ ਹਨ। ਸੁਣ ਮੈਂ ਤੈਨੂੰ ਇੱਕ ਸੁਣਾਉਂਦਾ ਹਾਂ, ਭਈ ਜੇ ਆਦਮੀ ਗਿਰਿਸਤ ਵਿੱਚ ਰਹੇ, ਤਾਂ ਕਿੱਕੁਰ ਰਹੇ, ਅਰ ਜੇ ਫਕੀਰ ਹੋਵੇ ਤਾਂ ਕਿੱਕੁਰ ਰਹੇ। ਇਕ ਜੰਗਲ ਵਿੱਚ ਦਰਖਤ ਉੱਪਰ ਚਿੜੀ ਚਿੜਾ ਰਹਿੰਦੇ ਸੇ, ਉੱਥੇ ਅਚਾਣਕ ਕੋਈ ਮੁਸਾਫਰ ਆ ਗਿਆ। ਚਿੜੇ ਨੇ ਚਿੜੀ ਨੂੰ ਕਿਹਾ ਕਿ ਹੇ ਪਿਆਰੀ! ਅਸੀ ਗਿਰਿਸਤੀ ਹਾਂ, ਸੋ ਗਿਰਿਸਤੀ ਦਾ ਧਰਮ ਇਹ ਹੈ, ਜੁ ਜੋ ਕੋਈ ਭੁੱਖਾ ਤਿਹਾਇਆ ਘਰ ਵਿੱਚ ਆ ਜਾਵੇ, ਤਾਂ ਉਸਦੀ ਟਹਿਲ ਕਰਨੀ। ਇਹ ਕਹਿਕੇ ਚਿੜਾ ਕਿਤੋਂ ਇੱਕ ਅਧਜਲੀ ਧੁਖਦੀ ਮੋਂਛਣ ਲਿਆਇਆ ਅਰ ਉਹ ਮੁਸਾਫਰ ਦੇ ਅੱਗੇ ਸਿੱਟਕੇ ਉੱਪਰ ਆਪਣਾ ਆਹਲਣਾ ਖੋਹਕੇ ਪਾਇਆ, ਫੇਰ ਪਹਿਲਾਂ ਚਿੜੀ ਉਸ ਅੱਗ ਵਿੱਚ ਡਿੱਗ ਭੁੱਜ ਗਈ। ਜਾਂ ਮੁਸਾਫਰ ਉਸਨੂੰ ਖਾਕੇ ਨਾ ਰੱਜਿਆ ਤਾਂ ਚਿੜਾ ਭੀ ਵਿੱਚ ਜਾ ਪਿਆ ਅਰ ਉਸ ਮੁਸਾਫਰ ਦੀ ਭੁੱਖ ਕੁਝ ਦੂਰ ਹੋ ਗਈ। ਸੋ ਹੇ ਬਾਲਕ ਗਿਰਿਸਤ ਉਸਦਾ ਸੁਫਲ ਹੈ, ਜੋ ਉਸ ਚਿੜੀ ਚਿੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੀ ਦਯਾ ਮਨ ਵਿਖੇ ਰੱਖੇ। ਅਰ ਜੋ ਲੋਕ ਗਿਰਿਸਤ ਕਰਕੇ ਨਿਰਾ ਆਪਣਾ ਹੀ ਪੇਟ ਭਰਦੇ ਅਰ ਹੋਰਨਾਂ ਦੀ ਸਹਾਇਤਾ ਨਹੀਂ ਕਰਦੇ, ਪਰਮੇਸ਼ਰ ਉਨ੍ਹਾਂ ਤੇ ਨਰਾਜ ਹੈ। ਗਿਰਿਸਤੀ ਉਹੋ ਹਨ ਜੋ ਆਪਣੇ ਖਾਣੇਦਾਣੇ ਵਿੱਚੋਂ ਕੱਢਕੇ ਦੂਸਰੇ ਦੀ ਭੁੱਖ ਦੁੱਖ ਨੂੰ ਵੰਡਾ ਲੈਂਦੇ ਹਨ। ਸੋ ਜੇ ਤੂੰ ਐਹਾ ਜਿਹਾ ਗਿਰਿਸਤੀ ਹੋਵੇਂ, ਤਾਂ ਨਿਸ਼ੰਗ ਬਿਆਹ ਕਰਾ ਲੈ ਕੁਝ ਡਰ ਨਹੀਂ। ਹੁਣ ਤੈਨੂੰ ਫਕੀਰੀ ਦੀ ਗੱਲ ਸੁਣਾਉਂਦਾ ਹਾਂ। ਇੱਕ ਫਕੀਰ ਜੰਗਲ ਵਿਖੇ ਰਹਿੰਦਾ ਤੇ ਕਿਸੇ ਨੂੰ ਕੁਝ ਸੁਆਲ ਨਹੀਂ ਕਰਦਾ ਸਾ। ਇੱਕ ਬਾਰ ਐਸੀ ਪਰਮੇਸ਼ੁਰ ਦੀ ਮਰਜ਼ੀ ਹੋਈ ਜੋ ਉਸਨੂੰ ਅੱਠ ਦਿਨ ਕਿਤੋਂ ਭੋਜਨ ਨਾ ਆਇਆ। ਫੇਰ ਫਕੀਰ ਨੇ ਖਿਆਲ ਕੀਤਾ ਜੋ ਮੈਨੂੰ ਜੋ ਪਰਮੇਸੁਰ ਨੇ ਹੱਥ ਪੈਰ ਦਿੱਤੇ ਹਨ, ਨੱਗਰ ਵਿਖੇ ਚੱਲਕੇ ਭਿੱਖ ਮੰਗ ਲਿਆਵਾਂ। ਜਾਂ ਨੱਗਰ ਵਿੱਚ ਆਇਆ, ਤਾਂ ਇੱਕ ਘਰ ਬਿਆਹ ਦੇਖਕੇ ਬੂਹੇ ਵਿਚ ਬੈਠ ਗਿਆ, ਭਾਵੇਂ ਕੈਈ ਸਾਧ ਸੰਤ ਉਸ ਘਰ ਦੇ ਮਾਲਕ ਪਾਸੋਂ ਖਾ ਖਾ ਜਾਂਦੇ ਸੇ, ਪਰ ਉਸ ਫਕੀਰ ਦੀ ਸਾਰ ਕਿਸੇ ਨਾ ਪੁੱਛੀ। ਜਾਂ ਉਹ ਨਰਾਸ ਹੋਕੇ ਤਕਾਲਾਂਨੂੰ ਉਸ ਬੂਹੇ ਤੇ ਉੱਠ ਕੇ ਆਪਣੀ ਕੁਟੀਆ ਨੂੰ ਆਉਣ ਲੱਗਾ, ਤਾਂ ਉਸਨੂੰ ਦੋ ਆਦਮੀ ਬਲਦੇ ਮੁਆਤੇ ਲਈ ਆਉਂਦੇ ਮਿਲੇ। ਉਨ੍ਹੀ ਤਿਸਨੂੰ ਕਿਹਾ ਤੈਨੂੰ ਜੋ ਉਸ ਬਿਆਹ ਵਾਲੇ ਨੇ ਸਾਰਾ ਦਿਨ ਬਠਾਲਕੇ ਓੜਕ ਕੁਝ ਨਾ ਦਿੱਤਾ, ਜੇ ਤੂੰ ਆਖੇਂ ਤਾਂ ਅਸੀਂ ਇਨ੍ਹਾਂ ਮੁਆ-ਤਿਆਂ ਨਾਲ ਓਸ ਦੇ ਘਰ ਨੂੰ ਅੱਗ ਲਾ ਦੇਈਏ? ਉਸਨੇ ਕਿਹਾ ਚੰਗਾ, ਇੱਕ ਮੁਆਤਾ ਮੇਰੇ ਹੱਥ ਭੀ ਦੇਵੋ; ਭਈ ਮੈਂ ਭੀ ਕੁਝ ਕੰਮ ਬਣਾਵਾਂ। ਜਾਂ ਉਨ੍ਹੀਂ ਉਹ ਮੁਆਤਾ ਤਿਸਦੇ ਹੱਥ ਦਿੱਤਾ, ਤਾਂ ਉਹ ਉਨ੍ਹਾਂ ਹੀ ਦੋਹਾਂ ਨੂੰ ਫੂਕਣ ਲੱਗਾ। ਉਨ੍ਹੀਂ ਕਿਹਾ ਇਹ ਕੀ ਗੁਣ ਹੋਇਆ ਜੋ ਤੂੰ ਉਲਟਾ ਸਾਨੂੰ ਹੀ ਸਾੜਨ ਲਗਾ? ਉਸ ਨੇ ਕਿਹਾ ਤੁਸੀਂ ਵੱਡੇ ਹੱਤਿਆਰੇ ਅਰ ਅਨਿਆਈ ਹੋ, ਕਿਉਂ ਜੋ ਮੈਨੂੰ ਅਜਿਹੀ ਖੋਟੀ ਸਲਾਹ ਦੇਂਦੇ ਹੋ। ਦੇਖੋ ਉਸਨੇ ਜੋ ਮੈਨੂੰ ਕੁਝ ਖਾਣ ਨੂੰ ਨਹੀਂ ਦਿੱਤਾ, ਇਹ ਪਰਮੇਸ਼ੁਰ ਦੀ ਮਰਜੀਹੈ, ਜੇ ਪਰਮੇਸ਼ਰ ਉਸਤੇ ਮੈਨੂੰ ਕੁਝ ਦੁਆਉਂਦਾ, ਤਾਂ ਕੋਈ ਰੋਕ ਨਹੀਂ ਸਕਦਾ ਸਾ। ਫੇਰ ਮੈਨੂੰ ਇਹ ਜੋਗ ਨਹੀਂ, ਜੋ ਮੈਂ ਪਰਮੇਸ਼ਰ ਦੇ ਭਾਣੇ ਤੇ ਨਰਾਜ ਹੋਵਾਂ, ਸਗੋਂ ਇਹ ਜੋਗ ਹੈ ਜੋ ਨੰਗ ਭੁੱਖ ਅਰ ਦੁੱਖ ਸੁੱਖ ਨੂੰ ਪਰਮੇਸ਼ਰ ਵੱਲੋਂ ਜਾਣਕੇ ਸਦਾ ਉਸਦੀ ਮਰਜੀ ਪੁਰ ਸ਼ੁਕਰ ਕਰਦਾ ਰਹਾਂ। ਇਹ ਸੁਣਕੇ ਉਨ੍ਹਾਂ ਆਦਮੀਆਂ ਨੇ ਕਿਹਾ, ਤੁਸੀਂ ਪੂਰੇ ਸੰਤ ਹੋ, ਪਰਮੇਸ਼ੁਰ ਹਮੇਸ਼ਾਂ ਤੁਹਾਡੇ ਨਿਹਚੇ ਨੂੰ ਦ੍ਰਿੜ੍ਹ ਰੱਖੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨੇ ਉਸ ਬਾਲਕ ਨੂੰ ਕਿਹਾ, ਜੋ ਜੇ ਕੋਈ ਆਦਮੀ ਪਰਮੇਸ਼ੁਰ ਦੇ ਰਾਹ ਪੁਰ ਫਕੀਰ ਹੋਵੇ, ਤਾਂ ਉਸ ਨੂੰ ਆਪਣਾ ਦਿਲ ਉਸ ਫਕੀਰ ਵਰਗਾ ਦਯਾ ਧਰਮ ਧੀਰਜ ਸੰਤੋਖ ਨਾਲ ਪੂਰਨ ਕਰਨਾ ਚਾਹੀਏ, ਨਹੀਂ ਤਾਂ ਫਕੀਰੀ ਤੋਂ ਗਿਰਿਸਤ ਚੰਗੀ ਗੱਲ ਹੈ। ਇਸੀ ਤਰ੍ਹਾਂ ਗੁਰੂ ਬਹੁਤਿਆਂ ਲੋਕਾਂ ਨੂੰ ਉਪਦੇਸ਼ ਕਰਦਾ ਰਿਹਾ॥ ਇਸ ਗੁਰੂ ਦੇ ਵੇਲੇ ਰਾਮਰਾਇ ਭੀ ਅਜੇ ਜੀਉਂਦਾ ਹੀ ਸਾ, ਅਰ ਕੈਈਆਂ ਗੱਲਾਂ ਦੇ ਸਬੱਬ ਵੈਰ ਰੱਖਦਾ ਸਾ, ਸਗੋਂ ਕੈਈ ਬਾਰ ਇਹ ਦੀਆਂ ਸੰਗਤਾਂ ਨੇ ਜੰਗ ਕਰਨਾ ਭੀ ਚਾਹਿਆ, ਪਰ ਫੇਰ ਰੁਕ ਗਈਆਂ। ਗੁਰੂ ਗੋਵਿੰਦ ਸਿੰਘ ਨਾਲ ਕਰਤਾਰ ਪੁਰੀਆਂ ਸੋਢੀਆਂ ਦਾ ਭੀ ਗ੍ਰੰਥਸਾਹਬ ਦੇ ਸਬੱਬਅੰਦਰਲੇ ਖਾਨਿਓਂ ਸਦਾ ਵੈਰ ਹੀ ਰਿਹਾ ਹੈ, ਬਲਕ ਇਸੀ ਕਾਰਨ ਰਹਿਤ ਨਾਮੇ ਵਿੱਚ ਭੀ ਲਿਖਿਆ ਹੈ, ਧੀਰਮਲੀਆਂ ਨਾਲ ਜੋ ਇਨ੍ਹਾਂਦੇ ਸਿੱਖਾਂ ਦਾ ਹੀ ਨਾਮ ਹੈ,ਸਿੱਖਾਂ ਨੂੰ ਵਰਤਣਾ ਨਹੀਂ ਚਾਹੀਏ॥

ਫੇਰ ਗੁਰੂ ਕੈਈਆਂ ਦੇਸਾਂ ਅਰ ਮੁਲਖਾਂ ਵਿੱਚ ਫਿਰਦਾ ਰਿਹਾ। ਇਸ ਦੇ ਜੀਉਂਦੇ ਜੀ ਆਖਦੇ ਹਨ, ਜੋ ਸਵਾ ਲੱਖ ਸਿੱਖ ਇਸਦੇ ਪੰਥ ਵਿੱਚ ਆ ਗਿਆ ਸਾ॥

ਗੁਰੂ ਗੋਵਿੰਦ ਸਿੰਘ ਦਾ ਕੁਝ ਜੀਵਨ ਬ੍ਰਿਤਾਂਤ ਤੁਸੀਂ ਸੁਣ ਲਿਆ, ਹੁਣ ਉਸਦੇ ਚਲਾਣੇ ਦੀ ਹਕੀਕਤ ਇਉਂ ਆਖਦੇ ਹਨ, ਜੋ ਇੱਕ ਦਿਨ ਗੋਬਿੰਦ ਸਿੰਘ ਨੂੰ ਦੱਖਣ ਦੇਸ ਦੀ ਸੈਲ ਕਰਦਿਆਂ ਰਾਹ ਵਿੱਚ ਇਕ ਪਠਾਣ ਮਿਲਿਆ। ਉਹ ਪਠਾਣ ਉਸ ਪੈਂਡੇਖਾਂ ਦਾ ਜੋ ਛੇਵੀਂ ਪਾਦਸ਼ਾਹੀ ਗੁਰੂ ਹਰਗੋਬਿੰਦ ਨਾਲ ਕਰਤਾਰਪੁਰ ਵਿਖੇ ਲੜਿਆ ਸਾ ਪੋੱਤਾ ਸਾ। ਗੁਰੂ ਨੇ ਉਸ ਪਠਾਣ ਨਾਲ ਬਹੁਤ ਪਿਆਰ ਕੀੱਤਾ, ਸਗੋਂ ਆਪਣੇ ਪਾਸ ਉਸ ਨੂੰ ਨੌਕਰ ਰਖਕੇ ਆਖਿਆ ਜੋ ਤੂੰ ਸਾਡੇ ਨਾਲ ਹੀ ਚੱਲ। ਉਹ ਗੁਰੂ ਦੇ ਨਾਲ ਰਹਿਣ ਲੱਗਾ, ਗੁਰੂ ਉਸਨੂੰ ਕਦੀ ਪਿਛਲੇ ਵੈਰ ਦੀ ਗੱਲ ਨਹੀਂ ਚਿਤਾਰਦਾ ਸਾ, ਬਲਕ ਜਦ ਉਹ ਆਉਂਦਾ ਤਦ ਗੁਰੂ ਵੱਡੇ ਪ੍ਰੇਮ ਭਾਉ ਦੀਆਂ ਗੱਲਾਂ ਕਰਦਾ ਸਾ। ਪਰ ਪਠਾਣ ਦੇ ਦਿਲ ਵਿਚ ਹਰ ਵੇਲੇ ਇਹੀ ਰਹਿੰਦਾ ਜੋ ਮੇਰੇ ਦੱਦੇ ਦਾ ਜੋ ਕਰਤਾਰ ਪੁਰ ਵਿਖੇ ਗੁਰੂ ਹਰਗੋਬਿੰਦ ਨਾਲ ਜੰਗ ਹੋਇਆ ਸਾ, ਇਹ ਗੁਰੂ ਗੋਬਿੰਦ ਸਿੰਘ ਉਸਦੀ ਹੀ ਉਲਾਦ ਤੇ ਹੈ। ਜੇ ਮੈਨੂੰ ਕਿਸੇ ਵੇਲੇ ਵੇਲਾ ਮਿਲੇ, ਤਾਂ ਆਪਣੇ ਦੱਦੇ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੈਰ ਜ਼ਰੂਰ ਲਵਾਂਗਾ। ਇੱਕ ਦਿਨ ਦੀ ਗੱਲ ਹੈ, ਜੋ ਕਿਸੀ ਸਿੱਖ ਨੇ ਗੁਰੂ ਦੇ ਲਈ ਕਿਸੀ ਵਲਾਇਤ ਤੇ ਇਕ ਬਹੁਤ ਸੁੰਦਰ ਕਟਾਰ ਲਿਆਂਦਾ। ਗੁਰੂ ਉਸ ਦੀ ਚਮਕ ਦਮਕ ਅਤੇ ਧਾਰ ਨੂੰ ਦੇਖਕੇ ਵੱਡਾ ਰਾਜ਼ੀ ਹੋਇਆ ਅਰ ਸਦਾ ਉਸ ਕਟਾਰ ਨੂੰ ਆਪਣੇ ਪਾਸ ਹੀ ਰੱਖਦਾ ਸਾ। ਇੱਕ ਦਿਨ ਗੁਰੂ ਸੁੱਤੇ ਸੀ ਅਰ ਸਭ ਦਰਬਾਰੀ ਲੋਕ ਆਪੋ ਆਪਣੇ ਡੇਰੇ ਨੂੰ ਉੱਠ ਗਏ। ਉਸ ਪਠਾਣ ਨੇ ਮੌਕਾ ਪਾਕੇ ਐਧਰ ਓਧਰ ਦੇਖਕੇ ਮੱਲਕ ਨਾਲ ਕਟਾਰ ਪਕੜ ਲਿਆ, ਅਰ ਮਿਆਨੋਂ ਕੱਢਕੇ ਬਿਸਮਿੱਲਾ ਪੜ੍ਹੀ ਅਰ ਓਹ ਕਟਾਰ ਗੁਰੂ ਦੇ ਪੇਟ ਵਿੱਚ ਫੇਰ ਦਿੱਤਾ। ਜਾਂ ਜਾਣਿਆਂ, ਜੋ ਹੁਣ ਇਹ ਮਰ ਗਿਆ ਹੋਵੇਗਾ, ਤਾਂ ਉਥੋਂ ਉੱਠ ਨੱਠਾ। ਪਰ ਗੁਰੂ ਅਜੇ ਮਰਿਆ ਨਹੀਂ ਸਾ, ਸਿੱਖ ਉਸ ਪਠਾਣ ਨੂੰ ਗੁਰੂ ਦੇ ਪਾਸ ਫੜ ਲਿਆਏ। ਪਰ ਗੁਰੂ ਨੇ ਉਸ ਪਠਾਨ ਨੂੰ ਛੱਡ ਦਿਤਾ ਅਰ ਹੋਰ ਲੋਕ ਜੋ ਗੁਰੂਦੇ ਘਾਉ ਦੇਖ ਦੇਖ ਬਹੁਤ ਸੋਗ ਅਰ ਚਿੰਤਾ ਕਰਦੇ ਸੇ, ਉਨ੍ਹਾਂ ਸਭਨਾਂ ਨੂੰ ਆਖਿਆ ਜੋ ਹੇ ਭਾਈ ਸਿੱਖੋ ਤੁਸੀਂ ਕਿਉਂ ਚਿੰਤਾ ਕਰਦੇ ਹੋ, ਇਹ ਗੱਲ ਪਰਮੇਸ਼ੁਰ ਨੇ ਐਵੇਂ ਹੀ ਠਨੀ ਹੋਈ ਸੀ। ਸੋ ਹੁਣ ਤੁਸੀਂ ਸੋਗ ਨਾ ਕਰੋ, ਬਲਕ ਕਰਤਾਰ ਦੇ ਭਾਣੇ ਪੁਰ ਖੁਸ਼ੀ ਰਹੋ। ਫੇਰ ਇਹ ਖਬਰ ਸੁਣਕੇ, ਜੋ ਪੈਂਡੇਖਾਂ ਪਠਾਣ ਦੇ ਪੋਤੇ ਨੇ ਦਾਦੇ ਦਾ ਬਦਲਾ ਲੈਣੇ ਲਈ ਗੁਰੂ ਦੇ ਕਟਾਰ ਮਾਰਿਆ, ਪਾਦਸ਼ਾਹ ਬਹਾਦੁਰਸ਼ਾਹ ਨੇ ਦਿੱਲੀ ਵਿੱਚ ਵੱਡਾ ਸੋਗ ਕੀਤਾ, ਬਲਕ ਆਪਣੇ ਪਾਦਸ਼ਾਹੀ ਕਈ ਹਕੀਮ ਭੇਜਕੇ ਤਗੀਦ ਕੀਤੀ, ਜੋ ਜਿੱਥੇ ਲਗ ਹੋਸਕੇ ਤੁਸੀਂ ਗੋਬਿੰਦਸਿੰਘ ਨੂੰ ਚੰਗਾ ਕਰ ਆਓ। ਜਾਂ ਹਕੀਮ ਗੁਰੂ ਦੇ ਪਾਸ ਪਹੁੰਚੇ ਤਾਂ ਸਾਰੇ ਘਾਉ ਸੀਉਂ ਦਿੱਤੇ ਅਰ ਮੱਲ੍ਹਮ ਪੱਟੀ ਕਰਨ ਲੱਗੇ, ਥੋਹੜੇ ਹੀ ਦਿਨਾ ਵਿੱਚ ਸਭ ਘਾਉ ਸੁੱਕ ਗਏ, ਅਰਾਮ ਹੋ ਗਿਆ। ਇੱਕ ਦਿਨ ਗੁਰੂ ਨੇ ਕਿਸੀ ਸ਼ਕਾਰ ਵੱਲ ਤੀਰ ਚਲਾਇਆ, ਅਰ ਜਾਂ ਕਮਾਣ ਵੱਡੇ ਜੋਰ ਨਾਲ ਖਿੱਚੀ ਤਾਂ ਉਨ੍ਹਾਂ ਘਾਵਾਂ ਦੇ ਟਾਂਕੇ ਫੇਰ ਟੁੱਟ ਗਏ ਅਰ ਲਹੂ ਵੱਗਣ ਲੱਗ ਪਿਆ, ਹਕੀਮ ਤਿਸ ਦਾ ਇਹ ਹਾਲ ਦੇਖਕੇ ਬਹੁਤ ਹਰਾਨ ਹੋਏ। ਫੇਰ ਉਹ ਬਥੇਰਾ ਅਲਾਜ ਕਰ ਚੁੱਕੇ ਪਰ ਅਰਾਮ ਕੁਝ ਨ ਹੋਇਆ। ਹਕੀਮ ਤਾਂ ਲਚਾਰ ਹੋਕੇ ਦਿੱਲੀ ਨੂੰ ਹਟ ਗਏ ਅਰ ਗੁਰੂ ਪਾਲਕੀ ਵਿੱਚ ਬੈਠਕੇ ਸੈਲ ਕਰਦਾ ਕਰਦਾ ਦੱਖਣ ਦੇਸ ਵਿੱਚ ਗਿਆ, ਜਾਂ ਦੱਖਣ ਵਿੱਚ ਇੱਕ ਨਦੇੜ ਨਾਮੇ ਸ਼ਹਿਰ ਵਿਖੇ ਪਹੁੰਚੇ, ਤਾਂ ਗੁਰੂ ਉਨ੍ਹਾਂ ਘਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਦੁੱਖ ਨਾਲ ਬਹੁਤ ਲਚਾਰ ਹੋਇਆ। ਬਲਕ ਸੰਗਤ ਨੂੰ ਕਿਹਾ ਕਿ ਭਾਈ ਸਿੱਖੋ ਹੁਣ ਸਾਨੂੰ ਆਪਣੇ ਸਰੀਰ ਦੇ ਰਹਿਣੇ ਦਾ ਯਕੀਨ ਨਹੀਂ ਪੈਂਦਾ, ਸੋ ਇਹ ਚੰਗੀ ਗੱਲ ਹੈ, ਜੋ ਹੁਣ ਇਸ ਨੱਗਰ ਵਿਖੇ ਹੀ ਬਾਸ ਕਰ ਦੇਵੋ। ਸਿੱਖ ਉੱਥੇ ਰਹਿ ਪਏ ਅਰ ਉਸ ਵੇਲੇ ਉਸ ਦੇ ਇੱਕ ਘੜੀ ਦੇ ਸਤਸੰਗ ਨੂੰ ਭੀ ਦੁਰਲੱਭ ਜਾਣਦੇ ਸੇ। ਜਾਂ ਕੈਈ ਦਿਨ ਉੱਥੇ ਰਹਿੰਦਿਆਂ ਨੂੰ ਗੁਜਰੇ ਅਰ ਦੁੱਖ ਨੂੰ ਕੁਝ ਸੁਬਿਹਤਾ ਨਾ ਹੋਇਆ, ਤਾਂ ਸਿੱਖਾਂ ਨੇ ਇੱਕ ਵੱਡਾ ਭਾਰਾ ਜੱਗ ਰਚਿਆ, ਅਨੇਕ ਪ੍ਰਕਾਰ ਦੇ ਭੋਜਨ ਪਦਾਰਥ ਤਿਆਰ ਕਰਕੇ ਬ੍ਰਾਹਮਣਾਂ ਅਤੇ ਸਾਧਾਂ ਸੰਤਾਂ ਨੂੰ ਛਕਾਇਆ। ਅਰ ਕੈਈ ਤਰ੍ਹਾਂ ਦੇ ਭੂਖਣ ਬਸਤਰ ਭੀ ਉੱਥੇ ਪੁੰਨ ਕੀੱਤੇ। ਫੇਰ ਗੁਰੂ ਨੇ ਸਿੱਖਾਂ ਨੂੰ ਹੁਕਮ ਕੀੱਤਾ, ਕਿ ਹੁਣ ਮੇਰਾ ਸਰੀਰ ਸ਼ਿਤਾਬੀ ਹੀ ਛੁੱਟ ਜਾਵੇਗਾ, ਸਿੱਖਾਂ ਨੇ ਹੱਥ ਜੋੜਕੇ ਪੁੱਛਿਆ, ਜੋ ਹੇ ਸਤਗੁਰੂ ਤੁਸੀਂ ਜੋ ਹੁਣ ਇਹ ਭਾਣਾ ਵਰਤਾਉਣ ਲੱਗੇ ਹੋ,ਸਾਡੀ ਕਲਿਆਣ ਵਾਸਤੇ ਗੁਰਿਆਈਦੀ ਗੱਦੀ ਪੁਰ ਕਿਸ ਨੂੰ ਬਠਾਲੋਗੇ? ਗੁਰੂ ਨੇ ਕਿਹਾ ਜਿਕੁਰ ਮੇਤੇ ਪਹਿਲੀਆਂ ਨੌਂ ਪਾਦ-ਸ਼ਾਹੀਆਂ ਆਪਣੀ ਗੱਦੀ ਪੁਰ ਸਮਾਉਣ ਦੇ ਵੇਲੇ ਹੋਰ ਗੁਰੂ ਨੂੰ ਬਠਾਲਦੀਆਂ ਰਹੀਆਂ, ਹੁਣ ਮੈਂ ਉਸ ਤਰ੍ਹਾਂ ਨਹੀਂ ਕਰਾਂਗਾ। ਹੁਣ ਮੈਂ ਤੁਹਾਨੂੰ ਸਾਰੀ ਸੰਗਤ ਨੂੰ ਅਕਾਲ ਪੁਰਖ ਦੀ ਗੋਦੀ ਵਿੱਚ ਬਠਾਲਿਆ। ਮੇਤੋਂ ਪਿੱਛੋਂ ਤੁਸੀਂ ਸਭਨੀਂ ਲੋਕੀਂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਮੰਨਣਾ। ਤੁਸੀਂ ਜੋ ਕੁਝ ਪੁੱਛੋਗੇ ਸੋ ਓਹ ਦੱਸੇਗਾ। ਜੋ ਕੋਈ ਮੇਰਾ ਸਿੱਖ ਹੋਵੇ, ਸੋ ਗ੍ਰੰਥ ਸਾਹਿਬ ਨੂੰ ਗੁਰੂ ਦਾ ਰੂਪ ਕਰਕੇ ਮੰਨਦਾ ਰਹੇ। ਅਰ ਜਿਸ ਕਿਸੇ ਸਿੱਖ ਨੂੰ ਮੇਰੇ ਦਰਸਣ ਦੀ ਲੋੜ ਹੋਵੇ, ਉਹ ਸਵਾ ਰੁਪੈਯੇ ਦਾ ਅਥਵਾ ਜਿਤਨੇ ਦੀ ਸਰਧਾ ਹੋਵੇ ਕੜਾਹ ਪਰਸਾਦ ਕਰਕੇ ਗ੍ਰੰਥਸਾਹਬ ਖੋਲ੍ਹਕੇ ਮੱਥਾ ਟੇਕੇ, ਮੇਰੇ ਦਰਸਣ ਸਮਾਨ ਫਲ ਪਾਵੇਗਾ। ਫੇਰ ਗੁਰੂ ਨੇ ਹੋਰ ਕੈਈ ਤਰ੍ਹਾਂ ਦੀਆਂ ਨਸੀਹਤਾਂ ਕੀਤੀਆਂ। ਅਰਥਾਤ ਹੇ ਭਾਈ ਸਿੱਖੋ ਜਗਤ ਵਿੱਚ ਕੈਈ ਪ੍ਰਕਾਰ ਦੇ ਛਲੀਯੇ ਲੋਕ ਰਹਿੰਦੇ ਹਨ, ਜੋ ਕੋਈ ਮੇਰਾ ਸਿੱਖ ਹੋਵੇ,ਸੋ ਉਨ੍ਹਾਂ ਤੇ ਬਚਿਆ ਰਹੇ। ਜੇ ਕੋਈ ਸਿੱਧੀ ਅਰ ਕਰਾਮਾਤ ਦਿਖਾਲਕੇ ਸਿੱਖਾਂ ਦਾ ਧਰਮ ਤੋੜਨਾ ਚਾਹੇ ਉਸਪਰ ਨਹੀਂ ਪਤੀਜਣਾ। ਭਾਵੇਂ ਕੋਈ ਰੇਤੇ ਵਿੱਚੋਂ ਤੇਲ ਕੱਢਕੇ ਅਰ ਕੰਧਾਂ ਦੇ ਘੋੜੇ ਦੁੜਾਕੇ ਭੀ ਤੁਹਾਨੂੰ ਦਿਖਾਲੇ ਪਰ ਤੁਹਾਡਾ ਇਹ ਧਰਮ ਹੈ, ਜੋ ਤਿਨ੍ਹਾਂ ਦੀਆਂ ਗੱਲਾਂ ਨੂੰ ਇੰਦ੍ਰਜਾਲ ਦੀ ਖੇਲ ਜਾਣਕੇ ਨਿਹਚਾ ਨਾ ਕਰੋ, ਕਿਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਲੋਕ ਤੁਸਾਨੂੰ ਅਜਿਹੇ ਤਮਾਸ਼ੇ ਦਿਖਾਕੇ ਸਿੱਖੀ ਧਰਮ ਵਿੱਚ ਫਰਕ ਪਾਉਣਗੇ। ਸਦਾ ਇਹ ਤੁਕ ਪ੍ਰੇਮ ਨਾਲ ਪੜ੍ਹਦੇ ਅਰ ਯਾਦ ਕਰਦੇ ਰਹਿਣਾ–ਡੋਲਨ ਤੇ ਪ੍ਰਭੁ ਰਾਖਲੇ ਦੇਕਰ ਅਪਨਾ ਹੱਥ ॥

ਏਹ ਗੱਲਾਂ ਕਰਦੇ ਹੀ ਗੁਰੂ ਦੇ ਅੰਤ ਦਾ ਵੇਲਾ ਆ ਪੁੱਜਾ, ਅਤੇ ਸਿੱਖਾਂ ਨੇ ਚੰਨਣ ਦੀ ਚਿਖਾ ਚਿਣੀ ਅਰ ਹੋਰ ਜੋ ਕੁਝ ਸਮੱਗ੍ਰੀ ਸੀ ਸਭ ਪਾਸ ਧਰਕੇ ਸਾਰੇ ਲੋਕ ਵਾਹਗੁਰੂ ਨਾਮਦਾ ਭਜਨ ਕਰਨ ਲੱਗੇ। ਜਾਂ ਗੁਰੂ ਦੇ ਸਮਾਉਣਵਿੱਚ ਇੱਕ ਘੜੀ ਰਹੀ, ਤਾਂ ਸਿੱਖਾਂ ਨੂੰ ਕਿਹਾ ਮੈਂਨੂੰ ਅਸਨਾਨ ਕਰਾਕੇ ਨਵੇਂ ਬਸਤਰ ਪਨ੍ਹਾਓ ਅਰ ਜੋ ਮੇਰੇ ਸ਼ਸਤ੍ਰ ਹਨ, ਸੋ ਸੱਭੇ ਇਸ ਵੇਲੇ ਮੈਂਨੂੰ ਪਨ੍ਹਾ ਦਿਓ। ਅਰ ਇਹ ਭੀ ਆਖਿਆ, ਜੋ ਜਦ ਮੇਰੇ ਪ੍ਰਾਣ ਨਿੱਕਲ ਜਾਣ, ਤਾਂ ਮੇਰੇ ਇਹ ਬਸਤਰ ਨਾ ਉਤਾਰਿਓ,ਬਲਕ ਇਨ੍ਹਾਂ ਸ਼ਸਤ੍ਰਾਂ ਬਸਤ੍ਰਾਂ ਸਣੇ ਹੀ ਦਾਹਿ ਦੇਈਓ। ਇਹ ਗੱਲ ਆਖਕੇ ਆਪ ਹੀ ਚਿਖਾ ਪੁਰ ਜਾ ਬੈਠੇ ਅਰ ਉਸ ਵੇਲੇ ਪਰਮੇਸੁਰ ਦਾ ਧਿਆਨ ਕਰਕੇ ਆਪਣੇ ਮੁਖ ਤੇ ਅੱਤ ਪ੍ਰੇਮ ਨਾਲ ਇਹ ਸਵੈਯਾ ਪੜ੍ਹਿਆ ॥

ਸਵੈਯਾ

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੇ ਮਤ ਏਕ ਨ ਮਾਨਯੋ।
ਸਿਮ੍ਰਿਤ ਸ਼ਾਸਤ੍ਰ ਵੇਦ ਸਭੇ ਬਹੁ ਭੇਦ ਕਹੇ ਹਮ ਏਕ ਨ ਜਾਨਯੋ।
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈਂ ਨ ਕਹਯੋ ਸਭ ਤੋਹਿ ਬਖਾਨਯੋ।

ਇਉਂ ਕਹਕੇ ਅੱਖਾਂ ਮੀਚ ਲਈਆਂ ਅਰ ਸੰਮਤ ੧੭੬੫ ਸਨ ੧੭੦੯ ਈਸਵੀ ਵਿੱਚ ਪ੍ਰਾਣ ਛੱਡ ਦਿੱਤੇ,ਉਸ ਵੇਲੇ ਚੌਹਾਂ ਪਾਸਿਆਂ ਤੇ ਸੰਖਧੁਨਾਂ ਹੋਣ ਲੱਗੀਆਂ, ਅਰ ਫੁੱਲ ਬਰਸਣ ਲੱਗੇ। ਸਭ ਸਿੱਖ ਜੋ ਕੈਈ ਪਾਸਿਆਂ ਤੇ ਕੱਠੇ ਹੋ ਰਹੇ ਸੇ, ਸੁੰਦਰ ਸੁੰਦਰ ਸਬਦ ਗਾਉਂਦੇ ਸੇ, ਅਰ ਕੈਈ ਲੋਕ ਗੁਰੂ ਦੇ ਵਿਛੋੜੇ ਵਿੱਚ ਅੱਖਾਂ ਭਰ ਭਰ ਰੋਂਦੇ ਅਰ ਕੁਰਲਾਉਂਦੇ ਭੀ ਸੇ। ਚੌਹੀਂ ਪਾਸੀਂ ਰਬਾਬੀਆਂ ਨੇ ਭਜਨ ਕੀਰਤਨ ਸ਼ੁਰੂ ਕੀਤਾ, ਅਰ ਸੈਂਕੜੇ ਗ੍ਰੰਥਸਾਹਬਾਂ ਦਾ ਪਾਠ ਹੋਣ ਲੱਗਾ। ਉਸ ਵੇਲੇ ਉੱਥੇ ਸੁਰਗ ਦਾ ਅਨੰਦ ਮਲੂਮ ਹੁੰਦਾ ਸਾ। ਕੈਈਆਂ ਨੇ ਉਸ ਵੇਲੇ ਵਿਰਾਗਵਾਨ ਹੋਕੇ ਦੁਨੀਆਂਦਾਰੀ ਦਾ ਤਿਆਗ ਕੀਤਾ, ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੈਈਆਂ ਨੇ ਜਗਤਦੇ ਸੁਖਾਂ ਨੂੰ ਤੁੱਛ ਅਰ ਝੂਠੇ ਜਾਣਕੇ ਗੁਰੂਦੇ ਨਾਲਹੀ ਆਪਣੇ ਸ਼ਰੀਰ ਛੱਡ ਦਿੱਤੇ। ਅਤੇ ਉੱਥੇ ਉਨ੍ਹਾਂ ਦੇ ਨਾਉਂ ਬੁੰਗੇ ਬਣਾਏ ਗਏ। ਉਸੀ ਜਗਾ ਸਭ ਦੇ ਗੱਭੇ ਗੁਰੂ ਜੀ ਦਾ ਦੇਹਰਾ ਬਣਾਇਆ ਅਰ ਉਸ ਦੇ ਚੁਫੇਰੇ ਹੋਰ ਕੈਈ ਸਮਾਧਾਂ ਅਤੇ ਧਰਮਸਾਲਾਂ ਬਣਾਕੇ ਵਿੱਚ ਗ੍ਰੰਥ ਸਾਹਬ ਅਸਥਾਪਨ ਕੀੱਤੇ। ਉਸ ਨਦੇੜ ਨਾਮੇ ਨੱਗਰ ਦਾ ਨਾਮ ਅਬਚਲ ਨੱਗਰ ਰੱਖਿਆ । ਹੁਣ ਬਹੁਤ ਸਿੱਖ ਉੱਥੇ ਜਾਂਦੇ ਅਰ ਭਾਉਣੀਆਂ ਨਾਲ ਅਰਦਾਸੇ ਕਰਾਉਂਦੇ ਹਨ। ਉਸ ਦੇਹਰੇ ਵਿੱਚ ਹਜਾਰਾਂ ਤਲਵਾਰਾਂ ਅਰ ਢੱਾਲਾਂ ਅਤੇ ਬਰਛੀਆਂ ਅਰ ਚੱਕਰ ਹਰਦਮ ਧਰੇ ਰਹਿੰਦੇ ਹਨ, ਬਲਕ ਸਿੱਖ ਲੋਕ ਜੋ ਉੱਥੇ ਜਾਂਦੇ ਹਨ, ਸੋ ਉਨ੍ਹਾਂ ਹਥਿਆਰਾਂ ਦੀ ਹੀ ਪੂਜਾ ਕਰਦੇ ਹੁੰਦੇ ਹਨ। ਸਿੱਖਾਂ ਨੂੰ ਇਹ ਅਕੀਨ ਹੈ, ਜੋ ਓਹ ਸਭ ਸਸਤਰ ਖਾਸ ਗੁਰੂ ਗੋਵਿੰਦਸਿੰਘ ਦੇ ਹੱਥ ਦੇ ਹਨ । ਉੱਥੇ ਦੀ ਚੜ੍ਹਤਲ ਸਭ ਸਿੱਖ ਲੋਕ ਹੀ ਖਾਂਦੇ ਹਨ, ਬਲਕ ਉੱਥੇ ਦੀ ਇੱਕ ਇਹ ਰੀਤ ਭੀ ਹੈ, ਕਿ ਜੇ ਕੋਈ ਉਸ ਜਗਾ ਨੂੰ ਵੱਡਾ ਭਾਰਾ ਖਰਚ ਪੈ ਜਾਵੇ, ਤਾਂ ਓਹੀ ਸਿੱਖ ਲੋਕ ਹੋਰਨਾਂ ਮੁਲਖਾਂ ਦੇ ਸਿੱਖਾਂ ਵੱਲ ਗੁਰਮੁਖੀ ਅੱਛਰਾਂ ਵਿੱਚ ਲਿਖ ਕੇ ਇੱਕ ਪਰਵਾਨਾ ਭੇਜ ਦਿੰਦੇ ਹਨ ਅਰ ਸਰਧਾਵਾਨ ਲੋਕ ਉਸ ਪਰਵਾਨੇ ਨੂੰ ਦੇਖਕੇ, ਜੋ ਕੁਝ ਹੋ ਸੱਕੇ ਭੇਟਾ ਝੜ੍ਹਾਉਂਦੇ ਹਨ । ਉਸ ਪਰਵਾਨੇ ਦਾ ਨਾਮ ਹੁਕਮਨਾਮਾ ਕਰਕੇ ਆਖਦੇ ਹਨ ਅਰ ਉਸ ਪੁਰ ਜੋ ਮੁਹਰ ਲੱਗਦੀ ਹੈ, ਆਖਦੇ ਹਨ ਕਿ ਉਹ ਐਨ ਗੁਰੂ ਗੋਵਿੰਦਸਿੰਘ ਦੇ ਹੱਥਦੀ ਹੈ, ਅਰ ਉਸ ਮੁਹਰ ਵਿੱਚ (੧ਓਸਤਿਗੁਰ ਪ੍ਰਸਾਦਿ। ਦੇਗ ਤੇਗ ਫਤੇ ਨਸਰਤ ਬੇਦਰੰਗ । ਯਾ ਫਤੇ ਨਾਨਕ ਗੁਰੂ ਗੋਵਿੰਦਸਿੰਘ ਜੀ ਸ੍ਰੀ ਅਕਾਲ ਪੁਰਖ ਜੀ ਸਹਾਇ ॥) ਇਹ ਬਾਤ ਗੁਰਮੁਖੀ ਅੱਛਰਾਂ ਨਾਲ ਲਿਖੀ ਹੋਈ ਹੁੰਦੀ ਹੈ। ਹੋਰ ਜੋ ਕੋਈ ਝਗੜਾ ਵੱਡਾ ਭਾਰਾ ਸਿੱਖਾਂ ਵਿੱਚ ਪੈਂਦਾ ਹੈ, ਉਹ ਭੀ ਉੱਥੋਂ ਦੇ ਹੁਕਮਨਾਮੇ ਮੂਜਬ ਹੀ ਮੁਕਾਇਆ ਜਾਂਦਾ ਹੈ। ਜੋ ਚੰਗੇ ਨਿਹਚਯ ਵਾਲੇ ਸਿੱਖ ਹਨ, ਸੋ ਉਸ ਹੁਕਮ ਨਾਮੇ ਦਾ ਲਿਖਿਆ ਕਦੀ ਨਹੀਂ ਮੋੜਦੇ ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਕਾਂਡ॥

—:o:—

ਮਹਾਰਾਜੇ ਰਣਜੀਤਸਿੰਘ ਤੇ ਲੈਕੇ ਅੰਗਰੇਜਾਂ ਦੇ ਆਉਣੇ ਤੱਕ ਦੇ ਬਿਆਨ ਵਿਖੇ।

ਇੱਥੇ ਮਹਾਰਾਜੇ ਰਣਜੀਤਸਿੰਘ ਦਾ ਹਾਲ ਲਿਖਣਾ ਹੀ ਜਰੂਰ ਸਾ, ਪਰ ਇਸ ਕਰਕੇ ਕਿ ਗੁਰੂ ਗੋਵਿੰਦਸਿੰਘ ਤੇ ਪਿੱਛੋਂ ਸਿੱਖਾਂ ਦਾ ਵਾਧਾ ਕਿੱਕੁਰ ਹੋਇਆ ਅਰ ਕਿਸ ਕਿਸ ਨੂੰ ਸਰਦਾਰੀ ਮਿਲੀ, ਮੈਂ ਕੁਝ ਸੰਛੇਪ ਕਰਕੇ ਸਿੱਖਾਂ ਦੀਆਂ ਬਾਰਾਂ ਮਿਸਲਾਂ ਦਾ ਹਾਲ ਭੀ ਲਿਖਦਾ ਹਾਂ॥

ਜਦ ਗੁਰੂ ਗੋਵਿੰਦਸਿੰਘ ਦਾ ਸਰੀਰ ਛੁੱਟ ਗਿਆ, ਤਾਂ ਕੋਈ ਦਿਨ ਤਾਂ ਉਸ ਦਿਆਂ ਖਾਸ ਸਿੱਖਾਂ ਵਿੱਚੋਂ ਦੋ ਤਿੰਨ ਆਦਮੀ ਸੰਗਤਾਂ ਨੂੰ ਆਪਣੇ ਹੱਥ ਹੇਠ ਰੱਖਦੇ ਰਹੇ, ਪਰ ਫੇਰ ਕੋਈ ਚਿਰ ਪਿੱਛੋਂ ਸਭ ਸੰਗਤਾਂ ਬੇਮੁਹਾਰ ਹੋ ਗਈਆਂ, ਇੱਕ ਬਰਾਗੀ ਸਾਧ ਨੇ ਗੁਰੂ ਗੋਵਿੰਦਸਿੰਘ ਤੇ ਪਾਹੁਲ ਲਈ ਹੋਈ ਸੀ। ਉਹ ਅਜਿਹਾ ਚਤੁਰ ਅਰ ਬੁੱਧਮਾਨਸਾ, ਜੋ ਇਸਨੂੰ ਲੋਕ ਕਰਾਮਾਤੀ ਜਾਣਦੇ ਸੇ ਅਤੇ ਇੱਕ ਵਾਰਾਂ ਜੋ ਇਸਦੇ ਸਾਮਣੇ ਚਲਿਆ ਜਾਵੇ ਓਹ ਇਸ ਦਾ ਚੇਲਾ ਬਣ ਜਾਂਦਾ ਸਾ,ਭਾਂਵੇਂ ਓਹ ਕੇਡਾ ਹੀ ਕਿਉਂ ਨਾ ਹੋਵੇ। ਗੁਰੂ ਜੀ ਅਬਚਲਾ ਨਗਰ ਜਾਂਦਿਆਂ ਰਾਹ ਵਿੱਚ ਇੰਨੂੰ ਮਿਲਕੇ ਸਿੱਖ ਬਣਾ ਗਏ ਹਨ, ਅਰ ਪੰਜ ਤੀਰ ਇੰਨੂੰ ਆਪਣੇ ਤਰਗਸ਼ ਵਿੱਚੋਂ ਦੇ ਗਏ ਹਨ। ਕੋਈ ੨ ਇਹ ਭੀ ਆਖਦੇ ਹਨ ਜੋ ਗੁਰੂ ਤੇਗਬਹਾਦੁਰ ਜੀ ਵਾਲੀ ਤਲਵਾਰ ਭੀ ਇਨੂੰ ਦਿੱਤੀ ਸੀ, ਜਿਨ੍ਹਾਂ ਗੁਰੂ ਦੀਆਂ ਦਿੱਤੀਆਂ ਵਸਤਾਂ ਨੂੰ ਵੇਖਕੇ ਪੰਜਾਬ ਸਮੂਹ ਖਾਲਸਾ ਓਹਦੇ ਪਿੱਛੇ ਲੱਗ ਤੁਰੇ ਹਨ। ਗੁਰੂ ਜੀ ਨੇ ਇਹ ਭੀ ਸ੍ਰੀ ਮੁਖੋਂ ਫੁਰਮਾਇਆ ਸਾ, ਜੋ ਤੂੰ ਗੋਬਿੰਦਾ ਨਹੀਂ ਅਕਾਲ ਪੁਰੁਖ ਦਾ ਬੰਦਾ ਹੈਂ। ਆਪਣੀ ਬੁੱਧ ਨਾਲ ਤਿਸ ਨੇ ਪੁਰਾਣਿਆਂ ਸਭਨਾਂ ਸਿੱਖਾਂ ਨੂੰ ਕੱਠੇ ਕਰਕੇ ਇੱਕ ਮੰਡਲੀ ਰਚ ਲਈ। ਸਗੋਂ ਅਜਿਹਾ ਹੋਇਆ ਜੋ ਉਸ ਦੇ ਨਾਲ ਜੋ ਕੈਈ ਹਜਾਰ ਸਿੱਖ ਰਲ ਗਿਆ ਸਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਾਰਨ ਉਨ੍ਹਾਂ ਨੇ ਬਹੁਤ ਫਸਾਦ ਮਚਾਏ । ਇਸ ਬਰਾਗੀ ਦਾ ਨਾਉਂ ਪਹਿਲਾਂ ਤਾਂ ਗੋਬਿੰਦਦਾਸ ਸਾ, ਪਰ ਫੇਰ ਖਾਲਸਾ ਜੀ ਵਿੱਚ ਤਿਸ ਦਾ ਨਾਉਂ ਇੱਕ ਸਬੱਬ ਤੇ ਬੰਦਾ ਕਰਕੇ ਮਸ਼ਹੂਰ ਹੋ ਗਿਆ । ਉਹ ਬੰਦਾ ਨਾਮੇ ਸਿੱਖ ਇੱਕ ਬਾਰ ਮਾਰ ਧਾੜ ਕਰਦਾ ਹੋਇਆ ਸਿਆਲਕੋਟਦੇ ਇਲਾਕੇ ਵਿੱਚ ਪਹੁੰਚਾ, ਉੱਥੇ ਜਾਕੇ ਜੋ ਸਿੱਖਾਂ ਨੇ ਮੁਸਲਮਾਨਾਂ ਦਾ ਕੁਝ ਅਸਬਾਬ ਲੁੱਟ ਖਾਧਾ, ਤਾਂ ਫੇਰ ਵੱਡ ਸਾਰਾ ਝਗੜਾ ਉੱਠਿਆ । ਆਖਰ ਕੁਝ ਲੜਾਈ ਕਰਕੇ ਉਹ ਬੰਦਾ ਆਪਣੇ ਸਿੱਖਾਂ ਨੂੰ ਨਾਲ ਲੈਕੇ ਪਹਾੜ ਵੱਲ ਚੜ੍ਹ ਗਿਆ । ਪਹਾੜ ਵਿੱਚ ਦੇ ਰਾਜਿਆਂ ਨਾਲ ਭੀ, ਜੋ ਇਸ ਨੇ ਕੁਝ ਆਪਣਾ ਸਲੂਕ ਨਹੀਂ ਰੱਖਿਆ ਹੋਇਆ ਸਾ, ਓਹ ਇਸ ਨਾਲ ਤੰਗ ਰਹਿੰਦੇ ਸੇ । ਆਖਰ ਇੱਕ ਪਹਾੜੀ ਰਾਜੇ ਨੇ ਇਸ ਨੂੰ ਸੱਤ ਸਉ ਸਿੱਖ ਸਣੇ ਕਿਸੀ ਛਲ ਬਲ ਨਾਲ ਫੜਕੇ ਦਿੱਲੀ ਦੇ ਸੂਬੇ ਕੋਲ ਭੇਜ ਦਿੱਤਾ । ਦਿੱਲੀ ਦੀ ਗੱਦੀ ਦੇ ਲੋਕ, ਜੋ ਉਸ ਵੇਲੇ ਬਹੁਤ ਕਰੜਾ ਸੁਭਾਉ ਰੱਖਦੇ ਅਤੇ ਖਾਸ ਕਰਕੇ ਸਿੱਖਾਂ ਦੇ ਪੰਥ ਤੇ ਬਹੁਤ ਨਰਾਜ ਰਹਿੰਦੇ ਸੇ, ਬੰਦੇ ਨੂੰ ਫੜਕੇ ਬਹੁਤ ਖੁਸ਼ੀ ਹੋਏ। ਉਸ ਵੇਲੇ ਦਿੱਲੀਦੇ ਪਾਦਸ਼ਾਹੀ ਤਖਤਪੁਰ ਫਰੁੱਖਸੀਅਰ ਨਾਮੇ ਪਾਦਸ਼ਾਹ ਬੈਠਾ ਹੋਇਆ ਸਾ । ਉਸ ਨੇ ਬੰਦੇ ਨੂੰ ਸਭਨਾਂ ਸਿੱਖਾਂ ਸਮੇਤ, ਜੋ ਉਸ ਵੇਲੇ ਤਿਸ ਦੇ ਨਾਲ ਸੇ, ਕਤਲ ਕਰ ਸਿੱਟਿਆ । ਅਤੇ ਇਹ ਹੁਕਮ ਦਿੱਤਾ, ਕਿ ਜਿੱ ਕੋਈ ਇਨ੍ਹਾਂ ਦੇ ਪੰਥ ਦਾ ਆਦਮੀ ਮਿਲੇ, ਤਿਸ ਨੂੰ ਫੜਕੇ ਮੇਰੇ ਪਾਸ ਪਹੁੰਚਾਉਣਾ ਚਾਹੀਏ, ਕਿਉਂ ਜੋ ਮੈਂ ਇਨ੍ਹਾਂ ਦਾ ਬੀਜ ਧਰਤੀ ਤੇ ਦੂਰ ਕਰਨਾ ਚਾਹੁੰਦਾ ਹਾਂ । ਜਾਂ ਸਿੱਖਾਂ ਨੇ ਇਹ ਗੱਲ ਸੁਣੀ, ਜੋ ਬੰਦਾ ਨਾਮੇ ਸਾਡਾ ਮੁਖਤਿਆਰ ਮਾਰਿਆ ਗਿਆ ਅਰ ਪਾਦਸ਼ਾਹ ਵੱਲੋਂ ਸਭਨਾਂ ਸਿੱਖਾਂ ਦੇ ਫੜਨੇ ਦਾ ਹੁਕਮ ਹੋਇਆ ਹੈ, ਤਾਂ ਆਪੋ ਆਪਣੇ ਘਰ ਬਾਰ ਛੱਡਕੇ ਕੁਝ ਤਾਂ ਜੰਗਲਾਂ ਵਿੱਚ ਫਿਰਨ ਲੱਗੇ ਅਤੇ ਕੁਝ ਆਪਣੇ ਬਾਲਬੱਚੇ ਨੂੰ ਲੈਕੇ ਪਹਾੜੀਂ ਜਾ ਛਿਪੇ, ਅਰ ਕੈਈਆਂ ਨੇ ਉਜਾੜਾਂ ਵਿੱਚ ਕੁਟੀਆਂ ਪਾਕੇ ਬਸੇਰਾ ਕਰ ਲਿਆ । ਇਤਨੇ ਵਿੱਚ ਫਰੁੱਖਸੀਅਰ ਨਾਮੇ ਪਾਦਸ਼ਾਹ ਨਿਰਾ ਦੋ ਢਾਈ ਬਰਸ ਪਾਦਸ਼ਾਹੀ ਕਰਕੇ ਮਰ ਗਿਆ ਅਤੇ ਤਿਸਤੇ ਪਿੱਛੋਂ ਤਿਸ ਦੇ ਪੁਤ੍ਰ ਬਹਾਦਰਸ਼ਾਹ ਨੂੰ ਤਖਤ ਮਿਲਿਆ । ਸਿੱਖ ਲੋਕ ਕੈਈ ਬਰਸ ਬੁਰੇ ਹਾਲ ਫਿਰਦੇ ਰਹੇ ਅਤੇ ਛਿਪ ਲੁਕ ਕੇ ਵੱਡੀ ਔਖਿਆਈ ਨਾਲ ਗੁਜਾਰਾ ਕਰਦੇ ਸੇ । ਇੱਕ ਦਿਨ ਕਿਸੀ ਸਿੱਖ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਟੀਆ ਵਿੱਚ ਇੱਕ ਕੂਪੂਰਾ ਨਾਮੇ ਵਿਰਕ ਜੱਟ ਜੋ ਆਪਣੇ ਭਰਾਵਾਂ ਨਾਲ ਲੜ ਕੇ ਸਿੰਘਪੁਰੇ ਨਾਮੇ ਪਿੰਡ ਥੀਂ ਜੋ ਤਰਨਤਾਰਨ ਦੇ ਇਲਾਕੇ ਵਿੱਚ ਹੈ, ਆ ਰਿਹਾ। ਉਸ ਸਿੱਖ ਨੇ ਇਸ ਦੀ ਗਰੀਬੀ ਪੁਰ ਤਰਸ ਖਾਕੇ ਕੋਈ ਦਿਨ ਤਿਸ ਨੂੰ ਆਪਣੇ ਪਾਸ ਰੱਖ ਲਿਆ। ਜਦ ਕੁਝ ਦਿਨ ਗੁਜਰੇ ਤਦ ਤਿਸ ਸਿੱਖ ਨੇ ਉਸ ਨੂੰ ਕਿਹਾ,ਤੂੰ ਪਾਹੁਲ ਲੈ ਲਵੇਂ, ਤਾਂ ਬਹੁਤ ਚੰਗੀ ਗੱਲ ਹੋਵੇਗੀ। ਕਪੂਰੇ ਨੇ ਇਹ ਗੱਲ ਸੁਣਕੇ ਪਾਹੁਲ ਲੈ ਲਈ ਅਤੇ ਉਸ ਦਿਨ ਤੇ ਤਿਸ ਦਾ ਨਾਮ ਕਪੂਰਸਿੰਘ ਪੈ ਗਿਆ। ਇਹ ਕਪੂਰਸਿੰਘ ਜਾਂ ਉੱਥੇ ਕੋਈ ਦਿਨ ਰਹਿਣ ਲੱਗਾ ਤਾਂ ਇਸ ਦੀ ਧਰਮੀ ਰਹਿਤ ਬਹਿਤ ਵੇਖਕੇ ਕੈਈ ਸਿੱਖ ਇਸ ਦੇ ਕੋਲ ਕੱਠੇ ਆਣ ਹੋਏ, ਇੱਥੋਂ ਤੱਕ ਜੋ ਨੇੜੇ ਦਿਆਂ ਪਿੰਡਾਂ ਵਿੱਚ ਅਤੇ ਜੰਗਲਾਂ ਵਿੱਚ ਰਹਿੰਦੇ ਸੇ, ਸਭ ਕਪੂਰਸਿੰਘ ਨੂੰ ਆਪਣਾ ਮਾਲਕ ਮੰਨ ਕੇ ਉਸ ਦੇ ਪਿੱਛੇ ਲੱਗ ਪਏ। ਅਰ ਕੈਈ ਸਿੱਖ ਕਪੂਰਸਿੰਘ ਕੋਲੋਂ ਪਾਹੁਲ ਲੈਕੇ ਸਿੰਘ ਬਣੇ, ਜਾਂ ਦੋ ਤਿੰਨ ਹਜਾਰ ਸਿੱਖ ਕੱਠਾ ਹੋ ਗਿਆ, ਤਾਂ ਕਪੂਰਸਿੰਘ ਨੇ ਮਤਾ ਕੀਤਾ, ਕਿ ਜੇ ਨੇੜੇ ਤੇੜੇ ਦਿਆਂ ਪਿੰਡਾਂ ਨੂੰ ਲੁੱਟਕੇ ਆਪਣੇ ਹੱਥ ਹੇਠ ਕਰ ਲਈਏ, ਤਾਂ ਕੋਈ ਮਨੇ ਕਰਨ ਵਾਲਾ ਨਹੀਂ। ਉਨ੍ਹਾਂ ਦਿਨਾਂ ਵਿੱਚ ਜੋ ਪਾਦਸ਼ਾਹ ਫਰੁੱਖਸ਼ੀਅਰ ਦੇ ਮਰਨੇ ਬਾਦ ਪਾਦਸ਼ਾਹੀ ਵਿੱਚ ਵੱਡਾ ਰੌਲਾ ਪਿਆ ਹੋਇਆ ਅਤੇ ਕੋਈ ਅਜੇ ਪੱਕਾ ਹੋਕੇ ਗੱਦੀ ਪੁਰ ਨਹੀਂ ਬੈਠਾ ਸਾ, ਕਪੂਰਸਿੰਘ ਨੇ ਡਿੱਠਾ ਕਿ ਹੁਣ ਰੌਲੇ ਦੇ ਸਬੱਬ ਕੋਈ ਸਾਡੀ ਵੱਲ ਭੀ ਧਿਆਨ ਨਹੀਂ ਕਰੇਗਾ। ਇਉਂ ਸੋਚ ਕੇ ਪਹਿਲਾਂ ਆਪਣੇ ਜਨਮ ਦੇ ਪਿੰਡ ਪੁਰ ਜੋ ਉਸ ਵੇਲੇ ਫਜੁੱਲਾਪੁਰ ਨਾਮ ਕਰਕੇ ਮਸ਼ਹੂਰ ਸਾ ਆ ਪਿਆ। ਉੱਥੇ ਦੇ ਇੱਕ ਲੰਬਰਦਾਰ ਨੂੰ ਮਾਰਕੇ ਪਿੰਡ ਆਪਣੇ ਕਬਜੇ ਵਿੱਚ ਕਰ ਲਿਆ। ਉਸ ਪਿੰਡ ਦਾ ਨਾਉਂ ਪਹਿਲਾਂ ਨਬਾਬ ਫਜੁੱਲਾਬੇਗ ਦੇ ਨਾਮ ਉੱਤੇ ਫਜੁੱਲਾਪੁਰ ਕਰਕੇ ਰੱਖਿਆ ਹੋਇਆ ਸਾ, ਜਦ ਕਪੂਰਸਿੰਘ ਨੇ ਮਾਰ ਲਿਆ ਤਦ ਉਸ ਪਿੰਡ ਦਾ ਨਾਮ ਸਿੰਘਪੁਰਾ ਕਰਕੇ ਰੱਖ ਲਿਆ। ਅਤੇ ਉਸੀ ਪਿੰਡ ਦੇ ਨਾਮ ਉੱਤੇ ਫੇਰ ਉਨ੍ਹਾਂ ਬਾਰਾਂ ਮਿਸਲਾਂ ਵਿੱਚੋਂ, ਜੋ ਅੱਗੇ ਲਿਖਾਂਗਾ ਇੱਕ ਮਿਸਲ ਦੇ ਸਰਦਾਰਾਂ ਦਾ ਨਾਮ ਸਿੰਘਪੁਰੀਏ ਪੈ ਗਿਆ ਸਾ। ਜਾਂ ਕਪੂਰ ਸਿੰਘ ਦਾ ਪਰਤਾਪ ਕੁਝ ਵਧ ਗਿਆ, ਤਾਂ ਬਹੁਤਿਆਂ ਲੋਕਾਂ ਨੇ ਉਸ ਤੇ ਪਾਹੁਲ ਲਈ। ਬਲਕ ਸਰਦਾਰ ਜੱਸਾਸਿੰਘ ਨੇ ਭੀ ਜੋ ਆਹਲੂਵਾਲੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਡਾ ਸਾ ਇਸੀ ਤੇ ਪਾਹੁਲ ਲਈ ਸੀ। ਫੇਰ ਜਾਂ ਕਪੂਰਸਿੰਘ ਨੇ ਕੈਈਆਂ ਲੋਕਾਂ ਨੂੰ ਪਾਹੁਲ ਦੇਕੇ ਅਤੇ ਕੈਈਆਂ ਨਾਲ ਪਿਆਰ ਪਾਕੇ ਆਪਣੇ ਨਾਲ ਰਲਾ ਲਿਆ, ਤਾਂ ਹੋਰਨਾਂ ਥਾਵਾਂ ਵਿੱਚ ਭੀ ਕੈਈ ਸਿੱਖ ਆਪ ਹੀ ਸਰਦਾਰ ਬਣ ਬੈਠੇ। ਜਿਹਾਕੁ ਮਿਸਲਾਂ ਵਿੱਚ ਉਨ੍ਹਾਂ ਦੇ ਨਾਮ ਪ੍ਰਗਟ ਹੋ ਜਾਣਗੇ । ਜਿੱਥੇ ਕਿਸੇ ਨੇ ਚਾਹਿਆ ਉੱਥੇ ਹੀ ਥੋੜ੍ਹੀ ਜਿਹੀ ਮੰਡਲੀ ਕੱਠੀ ਕਰਕੇ ਠਾਣੇ ਮੀਰ ਬਣ ਬੈਠਾ। ਜਾਂ ਕਪੂਰਸਿੰਘ ਦਾ ਪ੍ਰਤਾਪ ਦਿਨੋਂ ਦਿਨ ਹੋਰ ਭੀ ਸੁਆਇਆ ਹੁੰਦਾ ਗਿਆ, ਤਾਂ ਦੇਖਾ ਦੇਖੀ ਹੋਰ ਭੀ ਕੈਈ ਲੋਕ ਸਰਦਾਰ ਬਣ ਗਏ। ਜਿਹਾਕੁ ਸਭਨਾਂ ਸਰਦਾਰਾਂ ਦੀਆਂ ਬਾਰਾਂ ਮਿਸਲਾਂ ਹਨ। ਭਾਵੇਂ ਉਨ੍ਹਾਂ ਸਭਨਾਂ ਦਾ ਸ਼ੁਰੂ ਕਪੂਰ ਸਿੰਘ ਤੇ ਲਿਖਣਾ ਚਾਹੀਏ, ਪਰ ਉਨ੍ਹਾਂ ਦੇ ਨਾਮ ਦਾ ਸ਼ੁਰੂ ਹੋਰਨਾਂ ਤੇ ਹੈ, ਸੋਈ ਲਿਖਦਾ ਹਾਂ ॥

ਬਾਰਾਂ ਮਿਸਲਾਂ ਦੇ ਨਾਮ

੧ ਪਹਿਲੀ ਮਿਸਲ ਭੰਗੀਆਂ।
੨ ਦੂਜੀ ਮਿਸਲ ਰਾਮਗੜ੍ਹੀਆਂ।
੩ ਤੀਜੀ ਮਿਸਲ ਘਨੱਈਆਂ।
੪ ਚੌਥੀ ਮਿਸਲ ਆਹਲੂਵਾਲੀਆਂ।
੫ ਪੰਜਵੀਂ ਮਿਸਲ ਸੁੱਕਰਚੱਕੀਆਂ।
੬ ਛੇਵੀਂ ਮਿਸਲ ਫਜੁੱਲਾਪੁਰੀਆਂ।
੭ ਸੱਤਵੀਂ ਮਿਸਲ ਸਹੀਦਾਂ ।
੮ ਅੱਠਵੀਂ ਮਿਸਲ ਫੂਲਕੀਆਂ।
੯ ਨੌਵੀਂ ਮਿਸਲ ਨਕੈਈਆਂ।
੧੦ ਦਸਵੀਂ ਮਿਸਲ ਡਲਿਆਲੀਆਂ।
੧੧ ਗਿਆਰਹਵੀਂ ਮਿਸਲ ਕਰੋੜੀਆਂ।
੧੨ ਬਾਰਹਵੀਂ ਮਿਸਲ ਨਿਸਾਨਵਾਲੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਸਲਾਂ ਦਾ ਵਰਨਣ

੧—ਭੰਗੀਆਂ ਦਾ ਇੰਉਂ ਵਰਨਣ ਹੈ, ਜੋ ਇਨ੍ਹਾਂ ਵਿੱਚੋਂ ਚੰਗੇ ਸਰਦਾਰ ਤਿੰਨ ਹਨ। ਹਰੀਸਿੰਘ,ਝੰਡਾਸਿੰਘ ਅਰ ਗੰਡਾਸਿੰਘ ਇਹ ਤਿੰਨੇ ਜਾਤ ਦੇ ਜੱਟ ਅਤੇ ਰਹਿਣੇਵਾਲੇ ਪੰਜਬੜ ਨਾਮੇ ਪਿੰਡ ਦੇ ਹਨ। ਇਨ੍ਹਾਂ ਦੇ ਨਾਲ ਦਸ ਬਾਰਾਂ ਹਜਾਰ ਅਸਵਾਰ ਸਦਾ ਰਹਿੰਦਾ ਸਾ, ਅਰ ਲਾਹੌਰ, ਅੰਮ੍ਰਿਤਸਰ ਅਤੇ ਗੁਜਰਾਤ ਇਨ੍ਹਾਂ ਦੇ ਕਬਜੇ ਵਿੱਚ ਰਹੀ ਹੈ। ਇਸ ਮਿਸਲ ਦੇ ਸਰਦਾਰ ਜੋ ਬਹੁਤ ਭੰਗ ਪੀਂਦੇ ਹੁੰਦੇ ਸੇ,ਇਸ ਕਰਕੇ ਉਨ੍ਹਾਂ ਦਾ ਨਾਮ ਭੰਗੀ ਪੈ ਗਿਆ, ਸੋ ਜੋ ਕੰਮ ਉਨ੍ਹਾਂ ਵੱਲੋਂ ਹੁੰਦੇ ਰਹੇ,ਸੋ ਭੰਗੀਆਂ ਵੱਲੋਂ ਸਦਾਉਂਦੇ ਰਹੇ। ਭੰਗੀ ਨਾਮ ਪੈ ਜਾਣੇ ਦੀ ਦੂਜੀ ਇਹ ਡੌਲ ਹੈ, ਜੋ ਓਹ ਗਰੀਬੀ ਦੇ ਹਾਲ ਵਿੱਚ ਰਹਿਕੇ ਪੰਥ ਦੀ ਸੇਵਾ ਕਰਦੇ ਹੁੰਦੇ ਸੇ, ਇਸ ਕਾਰਨ ਪੰਥ ਨੇ ਉਨ੍ਹਾਂ ਦਾ ਨਾਮ ਭੰਗੀ ਧਰ ਦਿੱਤਾ ॥

੨—ਰਾਮਗੜ੍ਹੀਆਂ ਦਾ ਹਾਲ ਐਉਂ ਆਖਦੇ ਹਨ, ਜੋ ਵੱਡਾ ਇਨ੍ਹਾਂ ਦਾ ਸਰਦਾਰ ਜੱਸਾਸਿੰਘ ਨਾਮੇ ਜਾਤ ਦਾ ਤ੍ਰਖਾਣ ਸਾ,ਅਤੇ ਇਸ ਦਾ ਕਦੀਮੀ ਘਰ ਅੰਮ੍ਰਿਤਸਰ ਦੇ ਇਲਾਕੇ ਰਾਮਗੜ੍ਹ ਨਾਮੇ ਪਿੰਡ ਵਿੱਚ ਸਾ। ਇਸ ਨੇ ਜਿਉਂ ਤਿਉਂ ਕਰਕੇ ਆਪਣੇ ਨਾਲ ਦੋ ਢਾਈ ਹਜਾਰ ਅਸਵਾਰ ਕੱਠਾ ਕਰ ਲਿਆ, ਅਤੇ ਸਦਾ ਲਾਂਭ ਚਾਂਭ ਦੇ ਪਿੰਡਾਂ ਵਿੱਚ ਹੱਲੇ ਮਚਾਉਂਦਾ ਅਰ ਜੋਰ ਦਿਖਾਉਂਦਾ ਫਿਰਦਾ ਸਾ, ਬਲਕ ਇਸ ਨੇ ਅਪਣੀ ਅਕਲ ਨਾਲ ਸਿਰੀਹਰਗੋਬਿੰਦਪੁਰ ਅਤੇ ਕਾਦੀਆਂ ਦਾ ਮੁਲਖ ਜੋ ਵਟਾਲੇ ਦੇ ਇਲਾਕੇ ਵਿੱਚ ਹੈ, ਆਪਣੇ ਕਬਜੇ ਕਰ ਲਿਆ ਅਤੇ ਸਦਾ ਮੁਲਖ ਦੇ ਵਧਾਉਣ ਦੀ ਉਮੈਦ ਰਖਦਾ ਰਿਹਾ। ਇਹ ਸਰਦਾਰ ਜੋ ਕਦੀਮੀ ਰਾਮਗੜ੍ਹ ਦਾ ਰਹਿਣਵਾਲਾ ਸਾ, ਇਸੀ ਕਰਕੇ ਉਸ ਦੀ ਮਿਸਲ ਦਾ ਨਾਮ ਰਾਮਗੜ੍ਹੀਏ ਪੈ ਗਿਆ॥

੩—ਘਨੱਈਆਂ ਦੀ ਇਹ ਵਾਰਤਾ ਹੈ, ਜੋ ਵੱਡਾ ਇਨ੍ਹਾਂਦਾ ਸਰਦਾਰ ਜੈ-ਸਿੰਘ ਨਾਮੇ ਜਾਤ ਦਾ ਜੱਟ ਸਾ। ਇਹ ਸਰਦਾਰ, ਜੋ ਰਹਿਣੇ ਵਾਲਾ ਕਾਹਨੇ ਨਾਮੇ ਪਿੰਡ ਦਾ ਸਾ, ਇਸ ਕਰਕੇ ਇਸ ਦੀ ਮਿਸਲ ਦਾ ਨਾਮ ਕਹਨਈਯੇ ਪੈ ਗਿਆ। ਕੋਈ ਕੋਈ ਐਉਂ ਭੀ ਆਖਦਾ ਹੈ, ਕਿ ਇਨ੍ਹਾਂ ਦਾ ਨਾਮ ਘਨਈਯੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਰਕੇ ਪੈ ਗਿਆ, ਜੋ ਸਰਦਾਰ ਜੈਸਿੰਘ ਦਾ ਸੁਰੂਪ ਬਹੁਤ ਸੋਹਣਾ ਸਾ, ਇੱਕ ਦਿਨ ਉਹ ਬਹੁਤਿਆਂ ਸਿੱਖਾਂ ਵਿੱਚ ਬੈਠਾ ਸਾ, ਜੋ ਇੱਕ ਸਿੱਖ ਨੇ ਤਿਸ ਨੂੰ ਪੁੱਛਿਆ ਕਿ ਭਾਈ ਜੀ ਤੁਹਾਡੇ ਘਰ ਕਿੱਥੇ ਹਨ, ਉਸ ਨੇ ਕਿਹਾ ਕਾਹਨੇ ਨਾਮੇ ਪਿੰਡ ਵਿਖੇ ਹਨ। ਫੇਰ ਉਸ ਸਿੱਖ ਨੇ ਕਿਹਾ, ਜੋ ਹਾਂ ਭਾਈ ਠੀਕ ਹੈ, ਤੂੰ ਜੋ ਕਾਹਨੇ ਦਾ ਵਸਕੀਣ ਹੈਂ, ਇਸੀ ਕਰਕੇ ਤੇਰੀ ਸੂਰਤ ਕਾਨ੍ਹ ਵਰਗੀ ਅਰ-ਥਾਤ ਕ੍ਰਿਸ਼ਨ ਜੀ ਵਰਗੀ ਸੋਹਣੀ ਹੈ। ਫੇਰ ਆਖਿਆ ਜੋ ਕਾਨ੍ਹ ਜੀ ਦਾ ਨਾਮ ਘਨੱਈਆ ਜੀ ਭੀ ਆਖੀ ਦਾ ਹੈ, ਸੋ ਤੇਰਾ ਨਾਮ ਭੀ ਘਨੱਈਆ ਹੀ ਹੈ। ਉਸ ਦਿਨ ਤੇ ਸਾਰਾ ਪੰਥ ਉਨ੍ਹਾਂ ਦੀ ਮਿਸਲ ਨੂੰ ਘਨਈਯੇ ਕਰਕੇ ਆਖਣ ਲੱਗ ਪਿਆ। ਇਸ ਦੇ ਨਾਲ ਸਦਾ ਸੱਤ ਅੱਠ ਹਜਾਰ ਅਸਵਾਰ ਰਹਿੰਦਾ ਰਿਹਾ, ਅਤੇ ਸ਼ਹਿਰ ਵਟਾਲਾ ਅਰ ਦੀਨਾਨਗਰ ਅਤੇ ਕਾਹਨੂਵਾਣ, ਸੁਜਾਨਪੁਰ, ਲੋਹੀਆਂ ਅਤੇ ਫਤੇਗੜ੍ਹ, ਕਲਾਨੌਰ ਆਦਕ ਮਕਾਨ ਇਨ੍ਹਾਂ ਦੇ ਕਬਜੇ ਵਿੱਚ ਹੋ ਗਏ। ਇਨ੍ਹਾਂ ਘਨਈਆਂ ਵਿੱਚ ਵੱਡੇ ਮਸ਼ਹੂਰ ਸਰਦਾਰ ਇਤਨੇ ਸੇ। ਜਿਹਾਕੁ ਜੈਸਿੰਘ, ਚਮਨਸਿੰਘ, ਗੁਰਬਖਸ਼ਸਿੰਘ, ਹਕੀਕਤਸਿੰਘ, ਖਜਾਨਸਿੰਘ, ਫਤੇਸਿੰਘ ਇਹ ਸੱਭੇ ਸਰਦਾਰ ਘਨੱਈਯੇ ਹੀ ਕਹਾਉਂਦੇ ਸੇ॥

੪--ਆਹਲੂਵਾਲੀਆਂ ਦਾ ਬਿਆਨ ਐਕੁਰ ਕਹਿੰਦੇ ਹਨ,ਜੋ ਵੱਡਾ ਇਨ੍ਹਾਂ ਦਾ ਸਰਦਾਰ ਜੱਸਾਸਿੰਘ ਨਾਮੇ ਜਾਤ ਦਾ ਕਲਾਲ ਸਾ ਅਤੇ ਇਹ ਸਰਦਾਰ ਜੋ ਕਦੀਮੀ ਰਹਿਨੇ ਵਾਲਾ ਆਹਲੂਵਾਲੇ ਨਾਮੇ ਪਿੰਡ ਦਾ ਸਾ, ਇਸੀ ਕਰਕੇ ਇਨ੍ਹਾਂ ਦੀ ਮਿਸਲ ਦਾ ਨਾਉਂ ਆਹਲੂਵਾਲੀਯੇ ਪੈ ਗਿਆ। ਇਸਦੇ ਨਾਲ ਸਦਾ ਚਾਰਕੁ ਹਜਾਰ ਅਸਵਾਰ ਰਹਿੰਦਾ ਹੁੰਦਾ ਸਾ। ਅਰ ਜਗਰਾਮਾਂ ਅਤੇ ਈਸੜੂ ਅਰ ਫਗ-ਵਾੜਾ,ਕਪੂਰਥਲਾ,ਫਤਿਆਵਾਦ,ਤਰਨਤਾਰਨ,ਵੈਰੋਵਾਲ ਆਦਕ ਮਕਾਨ ਇਸ ਦੇ ਅਧੀਨ ਸੇ। ਇਸ ਸਰਦਾਰ ਦਾ, ਜੋ ਸਿੱਖੀ ਧਰਮ ਪਰ ਬਹੁਤ ਨਿਹਚਾ ਸਾ, ਇਸ ਕਰਕੇ ਕਈਆਂ ਸਿੱਖਾਂ ਅਤੇ ਸਰਦਾਰਾਂ ਨੇ ਇਸਤੇ ਪਾਹੁਲ ਭੀਲਈ ਸੀ।।

੫--ਸੁੱਕਰਚੱਕੀਆਂ ਦਾ ਹਾਲ ਐਉਂ ਸੁਣਨੇ ਵਿੱਚ ਆਉਂਦਾ ਹੈ,ਜੋ ਇਨ੍ਹਾਂ ਦੇ ਵੱਡੇ ਦਾ ਨਾਉਂ ਸਰਦਾਰ ਚੜ੍ਹਤਸਿੰਘ ਕਰਕੇ ਆਖਦੇ ਹਨ। ਇਹ ਸਰਦਾਰ ਜਾਤ ਦਾ ਜੱਟ ਗੋਤ ਸਾਹਿਸੀ ਸਾ। ਇਸੀ ਦੀ ਪੀੜ੍ਹੀ ਤੇ ਮਹਾਰਾਜਾ ਰਣਜੀਤਸਿੰਘ ਜਿਸ ਦਾ ਹਾਲ ਅੱਗੇ ਚੱਲਕੇ ਵੱਡੇ ਵਿਸਤਾਰ ਨਾਲ ਲਿਖਿਆ ਜਾਵੇਗਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਹੈ। ਉਹ ਸਰਦਾਰ ਚੜ੍ਹਤਸਿੰਘ ਜੋ ਵਸਕੀਣ ਸੁੱਕਰਚੱਕ ਨਾਮੇ ਪਿੰਡਦਾ ਸਾ, ਇਸੀ ਕਰਕੇ ਇਸਦੀ ਮਿਸਲ ਦਾ ਨਾਮ ਸੁੱਕਰਚੱਕੀਏ ਪੈ ਗਿਆ। ਇਸ ਚੜ੍ਹਤਸਿੰਘ ਦੇ ਨਾਲ ਸਦਾ ਦਸ ਗਿਆਰਾਂ ਹਜਾਰ ਅਸਵਾਰ ਰਹਿੰਦਾ ਸਾ ਅਤੇ ਸੁੱਕਰਚੱਕ ਦਾ ਇਲਾਕਾ ਸਭ ਇਸੀ ਦੇ ਅਧੀਨ ਸਾ॥

੬–ਫਜੁੱਲਾਪੁਰੀਆਂਦਾ ਬਿਆਨ ਇਸ ਤਰ੍ਹਾਂ ਹੈ, ਜੋ ਇਨ੍ਹਾਂ ਦੇ ਵੱਡੇ ਸਰਦਾਰ ਦਾ ਨਾਮ ਨਬਾਬ ਕਪੂਰਸਿੰਘ ਸਾ, ਇਹ ਉਹੀ ਕਪੂਰਸਿੰਘ ਹੈ, ਜੋ ਜਿਸ ਬੰਦੇ ਤੇ ਪਿੱਛੋਂ ਖ਼ਰਾਬ ਹੋਈ ਹੋਈ ਸਿੱਖੀ ਨੂੰ ਨਮੇਂ ਸਿਰੇ ਤੇ ਪ੍ਰਗਟ ਕੀਤਾ, ਅਤੇ ਆਪ ਪਾਹੁਲ ਲੈਕੇ ਫੇਰ ਹਜਾਰਾਂ ਸਿੱਖਾਂ ਨੂੰ ਪਾਹੁਲ ਦਿੱਤੀ ਅਰ ਨੇੜੇ ਤੇੜੇ ਦੇ ਪਿੰਡਾਂ ਨੂੰ ਆਪਣੇ ਹੱਥ ਹੇਠ ਕਰਕੇ ਨਬਾਬੀ ਦਾ ਝੰਡਾ ਖੜਾ ਕੀਤਾ ਸਾ। ਇਹ ਸਰਦਾਰ ਜਾਤ ਦਾ ਜੱਟ ਤੇ ਰਹਿਣੇਵਾਲਾ ਫਜੁੱਲਾਪੁਰ ਨਾਮੇ ਪਿੰਡ ਦਾ ਸਾ। ਫਜੁੱਲਾਪੁਰ ਦੇ ਵਸਕੀਣ ਹੋਣ ਕਰਕੇ ਹੀ ਇਨ੍ਹਾਂ ਦੀ ਮਿਸਲ ਦਾ ਨਾਉਂ ਫਜੁੱਲਾਪੁਰੀਏ ਪੈ ਗਿਆ। ਇਸਦੇ ਨਾਲ ਫੌਜ ਤਿੰਨਕੁ ਹਜਾਰ ਰਹਿੰਦੀ ਸੀ॥

੭–ਸਹੀਦਾਂ ਦੀ ਹਕੀਕਤ ਇਹ ਹੈ, ਕਿ ਵੱਡੇ ਇਨ੍ਹਾਂ ਦੇ ਸਰਦਾਰ ਗੁਰਬਖਸਸਿੰਘ ਅਤੇ ਕਰਮਸਿੰਘ ਸੇ। ਇਨ੍ਹਾਂ ਦੇ ਨਾਲ ਸਦਾ ਸੱਤ ਅੱਠਕੁ ਹਜਾਰ ਅਸਵਾਰ ਰਹਿੰਦਾ ਸਾ, ਅਤੇ ਸਤਲੁਜ ਦੇ ਚੜ੍ਹਦੇ ਪਾਸੇ ਦਾ ਦੇਸ ਇਨ੍ਹਾਂ ਦੇ ਹੱਥ ਹੇਠ ਸਾ। ਇਨ੍ਹਾਂ ਦੇ ਵੱਡਿਆਂ ਵਿੱਚੋਂ ਜੋ ਕੋਈ ਲੋਕ ਧਰਮ ਦੇ ਵਾਸਤੇ ਸ਼ਹੀਦ ਹੋਏ ਸੇ, ਇਸ ਕਰਕੇ ਇਨ੍ਹਾਂ ਦੀ ਮਿਸਲ ਦਾ ਨਾਮ ਸ਼ਹੀਦਾਂ ਪੈ ਗਿਆ। ਕੋਈ ਕੋਈ ਲੋਕ ਐਉਂ ਭੀ ਕਹਿੰਦੇ ਹਨ, ਜੋ ਇਹ ਦੋਵੇਂ ਸਰਦਾਰ ਇੱਕ ਬਾਰ ਧਰਮ ਦੇ ਬਦਲੇ ਆਪਹੀ ਸਿਰ ਦੇਣੇ ਨੂੰ ਤਿਆਰ ਹੋਏ ਸੇ, ਇਸ ਕਰਕੇ ਖਾਲਸੇ ਜੀ ਨੇ ਇਨ੍ਹਾਂ ਨੂੰ ਸ਼ਹੀਦ ਆਖਿਆ, ਸੋ ਇਸੀ ਪਦਵੀ ਕਰਕੇ ਇਨ੍ਹਾਂ ਦੀ ਮਿਸਲ ਦਾ ਨਾਮ ਭੀ ਮਿਸਲ ਸਹੀਦਾਂ ਪਰਗਟ ਹੋ ਗਿਆ॥

੮–ਫੂਲਕੀਆਂ ਦੀ ਹਕੀਕਤ ਐਉਂ ਸੁਣੀ ਜਾਂਦੀ ਹੈ, ਜੋ ਵੱਡਾ ਸਰਦਾਰ ਇਨ੍ਹਾਂ ਦਾ ਆਲਾਸਿੰਘ ਜਾਤ ਦਾ ਜੱਟ ਹੋਇਆ ਹੈ। ਇਹ ਸਰਦਾਰ ਵਸਕੀਣ ਪਟਿਆਲੇ ਦਾ ਅਤੇ ਛੇ ਸੱਤਕੁ ਹਜਾਰ ਫੌਜ ਸਦਾ ਆਪਣੇ ਪਾਸ ਰੱਖਦਾ ਸਾ, ਇਸ ਆਲਾਸਿੰਘ ਦੇ ਵੱਡੇ ਦਾ ਨਾਮ ਜੋ ਫੂਲ ਸਾ, ਇਸੀ ਕਰਕੇ ਇਸ ਮਿਸਲ ਦਾ ਨਾਮ ਭੀ ਫੂਲਕੀਆਂ ਵਾਲੀ ਪੈ ਗਿਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੯--ਨਕਈਆਂ ਦਾ ਹਾਲ ਐਉਂ ਅਖਦੇ ਹਨ, ਜੋ ਇਨ੍ਹਾਂ ਦੇ ਵੱਡੇ ਦਾ ਨਾਮ ਮਲੂਮ ਨਹੀਂ, ਪਰ ਇਨ੍ਹਾਂ ਦੀ ਮਿਸਲ ਦਾ ਨਾਉਂ ਨਕਈਆਂ ਇਸ ਸਬੱਬ ਪੈ ਗਿਆ, ਜੋ ਇਨ੍ਹਾਂ ਦੇ ਸਰਦਾਰ ਇੱਕ ਨਕਾ ਨਾਮੇ ਪਿੰਡ ਵਿੱਚ ਜੋ ਮੁਲਤਾਨ ਦੇ ਇਲਾਕੇ ਵਿੱਚ ਹੈ ਰਹਿੰਦੇ ਹੁੰਦੇ ਸੇ, ਇਸ ਕਰਕੇ ਨਾਮ ਮਿਸਲ ਦਾ ਨਕਈਆਂ ਕਰਕੇ ਉੱਘਾ ਹੋਗਿਆ। ਇਨ੍ਹਾਂ ਦੇ ਨਾਲ ਸਦਾ ਦੋ ਢਾਈਕੁ ਹਜਾਰ ਅਸਵਾਰ ਦੀ ਭੀੜਭਾੜ ਰਹਿੰਦੀ ਹੁੰਦੀ ਸੀ। ਅਤੇ ਇਨ੍ਹਾਂ ਦੀ ਜਾਤ ਅਰ ਕਦੀਮੀ ਮਕਾਨ ਦਾ ਪਤਾ ਕੁਝ ਮਲੂਮ ਨਹੀਂ॥

੧੦--ਡਲਿਆਲੀਆਂ ਦਾ ਬਿਆਨ ਇਸ ਤਰ੍ਹਾਂ ਸੁਣਿਆ ਜਾਂਦਾ ਹੈ, ਜੋ ਵੱਡਾ ਇਨ੍ਹਾਂ ਦਾ ਸਰਦਾਰ ਤਾਰਾਸਿੰਘ ਕਰਕੇ ਮਸ਼ਾਹੂਰ ਸਾ, ਜਾਤ ਇਸ ਸਰਦਾਰ ਦੀ ਕੰਙ ਜੱਟ ਅਤੇ ਸੱਤਕੁ ਹਜਾਰ ਫੌਜ ਸਦਾ ਇਸ ਦੇ ਨਾਲ ਰਹਿੰਦੀ ਸੀ। ਇਹ ਸਰਦਾਰ ਜੋ ਰਹਿਣੇਵਾਲਾ ਡੱਲੀ ਨਾਮੇ ਪਿੰਡ ਦਾ ਸਾ ਜੋ ਰਾਵੀ ਨਾਮੇ ਦਰਿਆਇ ਦੇ ਕੰਢੇ ਪੁਰ ਵੱਸਿਆ ਹੈ; ਇਸੀ ਕਰਕੇ ਇਸਦੀ ਮਿਸਲ ਦਾ ਨਾਮ ਡਲਿਆਲੀਆਂ ਪੈ ਗਿਆ॥

੧੧--ਕਰੋੜੀਆਂ ਦਾ ਵਰਣਨ ਐਉਂ ਸੁਣੀਦਾ ਹੈ, ਕਿ ਇਨ੍ਹਾਂ ਦਾ ਵੱਡਾ ਸ਼ਰਦਾਰ ਗੋਦੜਸਿੰਘ ਅਤੇ ਬਘੇਲਸਿੰਘ ਸਾ, ਜਾਤ ਇਨ੍ਹਾਂ ਦੀ ਜੱਟ ਅਰ ਇਹ ਸਦਾ ਗਿਆਰਾਂਕੁ ਹਜਾਰ ਫੌਜ ਆਪਣੇ ਸੰਗ ਰੱਖਦੇ ਸੇ। ਭਾਵੇਂ ਕਦੀਮੀ ਰਹਿਣਵਾਲੇ ਏਹ ਕਿਸੀ ਹੋਰ ਥਾਂ ਦੇ ਸੇ, ਪਰ ਪਿੱਛੋਂ ਬਾਸਾ ਇਨ੍ਹਾਂ ਦਾ ਕਸਬੇ ਨਕੋਦਰ ਅਤੇ ਤਲਵਣ ਵਿਖੇ ਹੋਗਿਆ ਸਾ। ਜੇ ਬਹੁਤ ਹਾਲ ਇਸਦਾ ਸੁਣਨਾ ਹੋਵੇ, ਤਾਂ ਗੁਲਸ਼ਨ ਪੰਜਾਬ ਨਾਮੇ ਕਿਤਾਬ ਵਿੱਚ ਦੇਖੋ॥

੧੨--ਨਿਸ਼ਾਨਵਾਲੀਆਂ ਦਾ ਐਉਂ ਬਿਆਨ ਹੈ, ਜੋ ਵੱਡੇ ਸਰਦਾਰ ਇਨ੍ਹਾਂ ਦੇ ਸੰਗਤਸਿੰਘ ਅਤੇ ਮੋਹਰਸਿੰਘ ਨਾਮੇ ਹੋਏ ਹਨ। ਜਾਤ ਇਨ੍ਹਾਂ ਦੀ ਜੱਟ ਅਰ ਰਹਿਣੇਵਾਲੇ ਕਦੀਮੀ ਸਾਹਾਵਾਦ ਨਾਮੇ ਜਗਾ ਦੇ ਸੇ। ਇਨ੍ਹਾਂ ਦੇ ਪਾਸ ਸਦਾ ਦਸਕੁ ਹਜਾਰ ਫੌਜ ਦੀ ਭੀੜਭਾੜ ਰਹਿੰਦੀ ਰਹੀ। ਅੰਬਾਲਾ ਅਤੇ ਥਨੇਸਰ ਅਤੇ ਕਰਨਾਲ ਆਦਕ ਹੋਰ ਗਿਰਦੇ ਦਾ ਇਲਾਕਾ ਇਨ੍ਹਾਂ ਦੇ ਅਧੀਨ ਸਾ॥

ਇਸ ਤਰ੍ਹਾਂ ਏਹ ਬਾਰਾਂ ਮਿਸਲਾਂ ਸਿੱਖਾਂ ਦੀਆਂ ਇਸ ਮੁਲਖ ਵਿੱਚ ਜੁਦੇ ਜੁਦੇ ਸਰਦਾਰ ਦੇ ਨਾਮ ਤੇ ਹੋਕੇ ਆਪਸ ਵਿੱਚੀਂ ਇੱਕ ਦੂਜੀ ਨਾਲ ਵੈਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਲੜਾਈ ਰਖਦੀਆਂ ਰਹੀਆਂ। ਕੈਈ ਬਾਰ ਇੱਕ ਮਿਸਲ ਨੇ ਦੂਜੀ ਨੂੰ ਜੁੱਧ ਵਿਖੇ ਜਿੱਤਕੇ ਉਸਦੇ ਮੁਲਖ ਨੂੰ ਕਬਜੇ ਕਰ ਲਿਆ ਅਰ ਫੇਰ ਕੈਈ ਬਾਰ ਉਸੀ ਨੇ ਆਪਣਾ ਮੁਲਖ ਖੋਹਕੇ ਅੱਗੇ ਧਰ ਲਿਆ। ਗੱਲ ਕਾਹਦੀ ਜਦ ਤਾਈਂ ਮਹਾਰਾਜੇ ਰਣਜੀਤਸਿੰਘ ਦਾ ਪ੍ਰਤਾਪ ਉਦੇ ਨਹੀਂ ਹੋਇਆ ਸਾ, ਤਦ ਤਾਈਂ ਝਗੜੇ ਹੀ ਮਚਦੇ ਰਹੇ ਪਰ ਐਨੀ ਗੱਲ ਚੰਗੀ ਸੀ ਜੋ ਗ਼ਨੀਮ ਵੇਲੇ ਸਭ ਇਕੱਠੇ ਹੋ ਜਾਂਦੇ ਸਨ॥

ਮਹਾਰਾਜੇ ਰਣਜੀਤਸਿੰਘ ਦੀ ਉਤਪੱਤ ਦਾ ਵਰਨਨ।

ਜਾਂ ਸਰਦਾਰ ਮਹਾਂਸਿੰਘ ਰਸੂਲਨਗਰ ਦੇ ਕਿਲੇ ਨੂੰ ਫਤੇ ਕਰ ਚੁੱਕਾ, ਤਾਂ ਉਸਤੇ ਦੋ ਬਰਸ ਪਿੱਛੋਂ ਨੁਅੰਬਰ ਦੀ ਦੂਜੀ ਤਰੀਕ ਸਨ ੧੭੮੦ ਈਸਵੀ ਵਿੱਚ ਤਿਸ ਦੇ ਘਰ ਇੱਕ ਪੁੱਤ ਜੰਮਿਆ, ਮਹਾਂਸਿੰਘ ਨੇ ਵੱਡੀ ਖ਼ੁਸ਼ੀ ਮਨਾਈ ਅਤੇ ਤਿਸ ਬਾਲਕ ਦਾ ਨਾਮ ਰਣਜੀਤਸਿੰਘ ਰੱਖਿਆ। ਜਾਂ ਰਣਜੀਤਸਿੰਘ ਕੁਝ ਸਿਆਣਾ ਹੋਇਆ, ਤਾਂ ਉਸ ਨੂੰ ਸੀਤਲਾ ਅਜਿਹੀ ਕਰੜੀ ਨਿੱਕਲੀ, ਜੋ ਓਸ ਦੇ ਜੀਉਣੇ ਦੀ ਆਸ ਕਿਸੇ ਨੂੰ ਨਹੀਂ ਰਹੀ ਸੀ, ਭਾਵੇਂ ਉਸ ਸੀਤਲਾ ਤੇ ਪਰਮੇਸੁਰ ਨੇ ਤਿਸਦੇ ਪ੍ਰਾਣਾਂ ਦੀ ਤਾਂ ਰੱਛਿਆ ਹੀ ਕੀਤੀ, ਪਰ ਓਸ ਦੀ ਇੱਕ ਅੱਖ ਸੀਤਲਾ ਨਾਲ ਹੀ ਜਾਂਦੀ ਰਹੀ। ਸਰਦਾਰ ਮਹਾਂਸਿੰਘ ਨੇ ਉਸ ਬਿਮਾਰੀ ਦੇ ਵੇਲੇ ਬਹੁਤ ਦੌਲਤ ਅਤੇ ਮਾਲ ਅਸਬਾਬ ਕੈਈ ਤਰ੍ਹਾਂ ਦੇ ਬਸਤਰ ਭੂਖਣ ਗਰੀਬਾਂ ਗੁਰਬਿਆਂ ਨੂੰ ਵੰਡੇ॥

ਜਾਂ ਰਣਜੀਤਸਿੰਘ ਹੋਰ ਭੀ ਸਿਆਣਾ ਹੋਇਆ, ਤਾਂ ਸਦਾਕੌਰ ਨਾਮੇ ਇੱਕ ਰੰਡੀ ਸਰਦਾਰਨੀ ਨੇ ਆਪਣੀ ਪਰਤਾਪਕੌਰ ਨਾਮੇ ਧੀ ਦੀ ਮੰਗਣੀ ਰਣਜੀਤਸਿੰਘ ਨਾਲ ਕਰ ਦਿੱਤੀ ਅਰ ਮੁੜ ਥੋੜੇ ਚਿਰ ਪਿੱਛੋਂ ਵਿਵਾਹਭੀ ਹੋਗਿਆ। ਇੱਕ ਬਾਰ ਜਾਂ ਸਨ ੧੭੯੨ ਈਸਵੀ ਵਿਖੇ ਮਹਾਂਸਿੰਘ ਬੁਮਾਰ ਹੋਇਆ, ਤਾਂ ਸਤਾਈਆਂ ਬਰਸਾਂ ਦੀ ਉਮਰ ਵਿੱਚ ਗੁੱਜਰਾਂਵਾਲੇ ਨਾਮੇ ਸ਼ਹਿਰ ਵਿਖੇ ਮਰਗਿਆ॥

ਜਾਂ ਰਣਜੀਤ ਸਿੰਘ ਉਸਦੀ ਕਿਰਿਆ ਕਰਮ ਤੇ ਬਿਹਲਾ ਹੋਇਆ, ਤਾਂ ਚੇਤ ਦੇ ਮਹੀਨੇ ਪਿਤਾ ਦੀ ਗੱਦੀ ਪੁਰ ਬੈਠਾ। ਉਸ ਵੇਲੇ ਜੋ ਤਿਸ ਦੀ ਉਮਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰਾਂ ਬਰਸਾਂ ਦੀ ਸੀ, ਇਸ ਸਬੱਬ ਰਾਜ ਦੇ ਕੰਮ ਕਾਰ ਦੇ ਲਾਇਕ ਨਹੀਂ ਸਾ। ਭਾਵੇਂ ਇਹ ਰਾਜ ਦੀ ਗੱਦੀ ਪੁਰ ਤਾਂ ਬੈਠ ਗਿਆ, ਪਰ ਉਸਦੀ ਮਾਉਂ ਨੂੰ ਭੀ ਇਹ ਗੱਲ ਮਨਜ਼ੂਰ ਨਹੀਂ ਸੀ, ਜੋ ਇਹ ਹੁਣੇ ਰਾਜ ਕਰਨ ਲੱਗ ਜਾਵੇ। ਜਾਂ ਇਹ ਸਤਾਰਾਂ ਬਰਸਾਂ ਦਾ ਹੋਇਆ ਤਾਂ ਪਰਮੇਸੁਰ ਦੀ ਦਯਾ ਨਾਲ ਆਪਣੇ ਆਪ ਹੀ ਸਭ ਕੁਝ ਇਸ ਦੇ ਅਧੀਨ ਹੋ ਗਿਆ; ਜਿਹਾਕੁ:—

ਸਨ ੧੭੯੬ ਵਿੱਚ ਸਾਹਜਮਾਨ ਨਾਮੇ ਬਾਦਸ਼ਾਹ, ਜੋ ਤੈਮੂਰਸਾਹ ਦੇ ਮਰਨੇ ਬਾਦ ਤਖਤ ਪੁਰ ਬੈਠਾ ਸਾ, ਖੁਰਾਸਾਨ ਤੇ ਤੁਰ ਕੇ ਪੰਜਾਬ ਨੂੰ ਆਇਆ। ਉਸਦਾ ਜੋ ਕਿਸੀ ਸਰਦਾਰ ਨੇ ਸਾਹਮਣਾ ਨਾ ਕੀਤਾ, ਖੁਲ੍ਹੀਂ ਦਰਵਾਜੀਂ ਲਹੌਰ ਵਿੱਚ ਆਨ ਵੜਿਆ। ਲਹੌਰ ਵਿੱਚ ਆਕੇ ਜਾਂ ਉਸ ਨੇ ਡਿੱਠਾ, ਜੋ ਕੈਈਆਂ ਸਬੱਬਾਂ ਕਰਕੇ ਮੇਤੇ ਪੰਜਾਬ ਦਾ ਬੰਦੋਬਸਤ ਨਹੀਂ ਹੋ ਸੱਕਣਾ, ਤਾਂ ਉਹ ਪਿੱਛੇ ਨੂੰ ਮੁੜ ਗਿਆ। ਫੇਰ ਉਸ ਨੇ ਆਪਣੇ ਸਾਹਿਚੀ ਨਾਮੇ ਮੀਰ ਆਤਸ਼ੀ ਨੂੰ ਆਖਿਆ, ਜੋ ਤੂੰ ਸਿੱਖਾਂ ਦਾ ਨਾਮ ਨਿਸ਼ਾਨ ਮਿਟਾਇ ਆਉ। ਜਾਂ ਉਹ ਕੈਈ ਤੋਪਖਾਨੇ ਲੈਕੇ ਰਾਮਨਗਰ ਵੱਲ ਚੜ੍ਹਿਆ, ਤਾਂ ਖਾਲਸਾ ਜੀ ਨੇ ਖੂਬ ਜੁੱਧ ਕੀਤੇ, ਅਜੇਹੇ ਜੁੱਧ ਕੀਤੇ ਜੋ ਉਸੀ ਦਿਨ ਤੇ ਪਠਾਣਾਂ ਦਾ ਭਉ ਸਿੱਖਾਂ ਦੇ ਦਿਲਾਂ ਤੇ ਸਾਰਾ ਦੂਰ ਹੋਗਿਆ। ਉਸ ਵੇਲੇ ਜੋ ਮਹਾਰਾਜੇ ਰਣਜੀਤਸਿੰਘ ਦਾ ਪ੍ਰਤਾਪ ਦਿਨੋਂ ਦਿਨ ਵਧਦਾ ਜਾਂਦਾ ਸਾ, ਲੋਕ ਦੇਖ ਦੇਖਕੇ ਆਪਣੇ ਦਿਲਾਂ ਵਿੱਚ ਵੱਡੀ ਖਾਰ ਖਾਂਦੇ ਸੇ ॥

ਝਨਾਇ ਨਾਮੇ ਦਰਿਆਇ ਦੇ ਕਨਾਰੇ ਪੁਰ ਜੋ ਇੱਕ ਚੱਠੇ ਨਾਮੇ ਕੌਮ ਦੇ ਲੋਕ ਹਾਕਮ ਬਣੇ ਬੈਠੇ ਸੇ, ਰਣਜੀਤਸਿੰਘ ਦਾ ਉਨ੍ਹਾਂ ਨਾਲ ਜੁੱਧ ਹੋਇਆ, ਅਰ ਹਸਮਤਖਾਂ ਉਨ੍ਹਾਂ ਦਾ ਸਰਦਾਰ ਸਾ। ਇਹ ਸਰਦਾਰ ਪਹਿਲਾ ਵੈਰੀ ਰਣ-ਜੀਤਸਿੰਘ ਦਾ ਹੋਇਆ ਸਾ। ਇਸਦੇ ਦਿਲ ਵਿੱਚ ਸਦਾ ਇਹੋ ਤਾਂਘ ਰਹਿੰਦੀ ਸੀ, ਕਿ ਜੇ ਕਿਤੇ ਰਣਜੀਤਸਿੰਘ ਹੱਥ ਆਵੇ, ਤਾਂ ਜਾਨੋਂ ਮਾਰ ਸਿੱਟਾਂ। ਇੱਕ ਬਾਰ ਰਣਜੀਤਸਿੰਘ ਅਚਾਣਕ ਥੋਹੜੀ ਜਿਹੀ ਫੌਜ ਨਾਲ ਉਸਦੇ ਦੇਸ ਵਿਚ ਜਾ ਉਤਰਿਆ। ਉਸ ਪਠਾਣ ਨੇ ਰਣਜੀਤਸਿੰਘ ਨੂੰ ਸ਼ਕਾਰ ਖੇਡਦਿਆਂ ਹੋਇਆਂ ਕੱਲਾ ਪਾਕੇ ਤਲਵਾਰ ਮਾਰੀ, ਪਰ ਉਸਦੀ ਤਲਵਾਰ ਰਣਜੀਤਸਿੰਘ ਨੇ ਫੁਰਤੀ ਨਾਲ ਰੋਕ ਲਈ। ਫੇਰ ਜਾਂ ਗੁੱਸਾ ਖਾਕੇ ਰਣਜੀਤਸਿੰਘ ਨੇ ਉਸਦੇ ਇੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਲਵਾਰ ਮਾਰੀ, ਤਾਂ ਉਸਦੀ ਦੇਹ ਦੇ ਦੋ ਟੁਕੜੇ ਹੋਗਏ। ਉਸਦੇ ਮਰਨੇ ਬਾਦ ਉਹ ਸਾਰਾ ਮੁਲਖ ਜੋ ਹਸਮਤਖਾਂ ਦੇ ਇਲਾਕੇ ਵਿੱਚ ਸਾ, ਰਣਜੀਤਸਿੰਘ ਦੇ ਹੱਥ ਆ ਗਿਆ॥

ਦੂਜੀ ਲੜਾਈ ਮਿਆਣੀ ਵਿੱਚ ਹੋਈ, ਉਸ ਦਾ ਐਉਂ ਹਾਲ ਹੈ, ਕਿ ਰਣਜੀਤਸਿੰਘ ਦੀ ਸੱਸ ਸਦਾਕੌਰ ਨੇ ਰਾਮਗੜ੍ਹੀਆਂ ਸਰਦਾਰਾਂ ਦਾ ਗਿਲਾ ਕੀਤਾ, ਜੋ ਇਨ੍ਹਾਂ ਨੇ ਮੈਨੂੰ ਬਹੁਤ ਦੁਖ ਦਿੱਤਾ ਹੈ। ਅਰ ਮੈਂ ਜੋ ਇਨ੍ਹਾਂ ਨਾਲ ਲੜਾਈ ਕਰਨੇ ਦੀ ਸਮਰੱਥ ਨਹੀਂ ਰਖਦੀ, ਇਸ ਕਰਕੇ ਚਾਂਹਦੀ ਹਾਂ, ਜੋ ਤੂੰ ਮੇਰੀ ਮਦਦ ਕਰੇਂ। ਰਣਜੀਤਸਿੰਘ ਇਹ ਸੁਣਕੇ ਮਿਆਣੀ ਦੇ ਕਿਲੇ ਨੂੰ ਗਿਆ, ਜੋ ਜੱਸਾਸਿੰਘ ਰਾਮਗੜ੍ਹੀਏ ਦੇ ਰਹਿਣੇ ਦੀ ਜਾਗਾ ਸੀ। ਉਸ ਵੇਲੇ ਤੱਕ ਜੋ ਰਣਜੀਤਸਿੰਘ ਦੇ ਪਾਸ ਅਜੇ ਕਿਲੇ ਫਤੇ ਕਰਨ ਦਾ ਕੋਈ ਸਮਾਨ ਕੱਠਾ ਨਹੀਂ ਹੋਇਆ ਸਾ, ਇਸ ਕਾਰਨ ਬਹੁਤ ਮੁੱਦਤ ਤਕ ਲੜਾਈ ਹੁੰਦੀ ਰਹੀ। ਇਤਨੇ ਵਿੱਚ ਝਨਾਇ ਦੇ ਦਰਿਆਇ ਦਾ ਅਜਿਹਾ ਹੜ੍ਹ ਚੜ੍ਹ ਆਇਆ, ਜੋ ਉਸ ਕਿਲੇ ਵਿੱਚ ਭੀ ਪਾਣੀ ਭਰ ਗਿਆ। ਜਾਂ ਸਿੱਖ ਪਾਰ ਜਾਣੇ ਤੇ ਲਚਾਰ ਰਹੇ ਤਾਂ ਪਿੱਛੇ ਨੂੰ ਹਟ ਆਏ। ਇਹ ਲੜਾਈ ਸਦਾਕੌਰ ਨੇ ਇਸ ਲਈ ਕਰਾਈ ਸੀ, ਜੋ ਜੱਸਾਸਿੰਘ ਰਾਮਗੜ੍ਹੀਏ ਨੇ ਇਸ ਦੇ ਭਰਤੇ ਗੁਰਬਖ਼ਸ਼ ਸਿੰਘ ਨੂੰ ਇਕ ਲੜਾਈ ਵਿੱਚ ਮਾਰਿਆ ਸਾ॥

ਸੰਮਤ ੧੮੫੫ ਬਿਕ੍ਰਮਾਜੀਤੀ ਵਿਖੇ ਪੋਹ ਦੇ ਮਹੀਨੇ ਸਾਹਜਮਾਨ ਲਹੌਰ ਵਿੱਚ ਫੇਰ ਆਇਆ, ਜਾਂ ਕਿਸੀ ਸਿੱਖ ਸਰਦਾਰ ਨੇ ਕੁਝ ਰੋਕ ਟੋਕ ਨਾ ਕੀਤੀ, ਤਾਂ ਰਵਾਰਵੀ ਲਹੌਰ ਵਿੱਚ ਆ ਵੜਿਆ, ਉਸ ਵੇਲੇ ਰਣਜੀਤਸਿੰਘ ਰਾਮਨਗਰ ਉਤਰਿਆ ਹੋਇਆ ਸਾ। ਸਾਹਜਮਾਨ ਚਾਰ ਮਹੀਨੇ ਲਹੌਰ ਵਿੱਚ ਰਿਹਾ ਤਾਂ ਸਹੀ, ਪਰ ਕਦੀ ਕਦੀ ਰਣਜੀਤਸਿੰਘ ਕਿਲੇ ਵਿੱਚ ਵੜਕੇ ਸੱਮਣ ਬੁਰਜ ਦੇ ਆਸਰੇ ਕੁਝਕ ਮੁਗ਼ਲਾਂ ਨੂੰ ਮਾਰ ਜਾਂਦਾ ਹੁੰਦਾ ਸਾ। ਓੜਕ ਸਾਹਜਮਾਨ ਫੇਰ ਆਪਣੇ ਮੁਲਖ ਨੂੰ ਮੁੜ ਗਿਆ। ਰਸਤੇ ਵਿੱਚ ਜਾਂ ਝਨਾਇ ਦਰਿਆਇ ਪੁਰੋਂ ਲੰਘਣ ਲੱਗਾ, ਤਾਂ ਉਸਦੀਆਂ ਬਾਰਾਂ ਤੋਪਾਂ ਨਦੀ ਵਿੱਚ ਡੁੱਬ ਗਈਆਂ। ਪਾਦਸ਼ਾਹ ਨੇ ਰਣਜੀਤਸਿੰਘ ਨੂੰ ਲਿਖ ਭੇਜਿਆ, ਕਿ ਜੇ ਤੁਸੀਂ ਸਾਡੀਆਂ ਤੋਪਾਂ ਕਢਾ ਕੇ ਸਾਡੇ ਪਾਸ ਭੇਜ ਦੇਵੋ, ਤਾਂ ਅਸੀਂ ਇਸਦੇ ਬਦਲੇ ਤੁਹਾਨੂੰ ਲਹੌਰ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵਾਂਗੇ। ਰਣਜੀਤ ਸਿੰਘ ਨੇ ਵੱਡੇ ਜਤਨ ਨਾਲ ਅੱਠ ਤੋਪਾਂ ਘਡਾ ਕੇ ਸ਼ਾਹ ਦੇ ਪਾਸ ਭੇਜ ਦਿੱਤੀਆਂ। ਸ਼ਾਹ ਨੇ ਆਪਣੇ ਤਕਰਾਰ ਮੂਜਬ ਲਹੌਰ ਰਣਜੀਤਸਿੰਘ ਨੂੰ ਲਿਖ ਦਿੱਤਾ ਅਤੇ ਉਸਨੇ ਝੱਟ ਆਪਣਾ ਕਬਜਾ ਕਰਲਿਆ॥

ਚੌਪਈ

ਜਾਂ ਦਿਨ ਅੱਛੇ ਹੋਣ ਕਿਸੀ ਦੇ।
ਸੰਪਤ ਫਿਰਦੀ ਮਗਰ ਤਿਸੀਦੇ॥
ਜਾਂ ਮੰਦੇ ਦਿਨ ਆਉਣ ਭਾਈ।
ਸਭ ਸੁਖ ਹੁੰਦੇ ਹਨ ਦੁਖਦਾਈ॥
ਮਹਾਂਸਿੰਘ ਦੀ ਸੁਣੋ ਕਹਾਣੀ।
ਤੁੱਛ ਜਿਹਾ ਸਾ ਇੱਕ ਪਰਾਣੀ॥
ਜਿਸ ਜਿਸਥਾਂ ਉਨਮੱਥਾਲਾਇਆ।
ਮੁਲਖ ਲਿਆ ਪਰ ਦੁਖ ਉਠਾਇਆ॥
ਪਰ ਰਣਜੀਤਸਿੰਘ ਜਦ ਜਾਇਆ।
ਪਰਮੇਸੁਰ ਨੇ ਆਪ ਵਧਾਇਆ॥
ਬਿਨਾਂ ਦੁੱਖ ਉਨ ਸਾਹੀ ਪਾਈ।
ਬਿਨਾਂ ਜਤਨ ਪਾਈ ਵਡਿਆਈ॥
ਜਿਸਨੂੰ ਈਸੁਰ ਆਪ ਵਧਾਵੇ।
ਦਿਨ ਦਿਨ ਉਹ ਨਰ ਵਧਦਾ ਜਾਵੇ॥
ਤਿਸਨੂੰ ਕੋਈ ਨ ਮਾਰਨਹਾਰਾ।
ਪਰਮੇਸੁਰ ਜਿਸਦਾ ਰਖਵਾਰਾ॥

ਫੇਰ ਜਾਂ ਲਹੌਰ ਦੇ ਸਭ ਸਰਦਾਰ ਅਰ ਇਰਦੇ ਗਿਰਦੇ ਦੇ ਕਈ ਰਾਜੇ ਰਾਣੇ ਰਣਜੀਤਸਿੰਘ ਦੇ ਅਧੀਨ ਹੋ ਗਏ, ਤਾਂ ਥੋਹੜੇ ਦਿਨਾਂ ਬਾਦ ੧੯੦੨ ਈਸਵੀ ਵਿੱਚ ਰਾਣੀ ਰਾਜਕੌਰ ਦੇ ਪੇਟੋਂ ਰਣਜੀਤਸਿੰਘ ਦੇ ਘਰ ਇੱਕ ਪੁੱਤ੍ ਜੰਮਿਆ। ਉਸਦਾ ਨਾਮ ਖੜਕਸਿੰਘ ਰੱਖਿਆ॥

ਉਸ ਵੇਲੇ ਜਾਂ ਹਮਾਯੂ ਅਤੇ ਮਹਮੂਦ ਅਰ ਸ਼ਾਹਜਮਾਨ ਅਤੇ ਸ਼ਾਹ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਜਾਉਲ ਆਦਕ ਕਾਬਲ ਦਿਆਂ ਪਾਦਸ਼ਾਹਾਂ ਵਿੱਚ ਝਗੜੇ ਪੈ ਜਾਣ ਦੇ ਸਬੱਬ ਬਰਬਾਦੀ ਹੋਈ, ਤਾਂ ਸਨ ੧੮੦੪ ਈਸਵੀ ਵਿੱਚ ਰਣਜੀਤਸਿੰਘ ਨੇ ਅਟਕ ਨਦੀ ਦੇ ਕਨਾਰੇ ਦੇ ਜ਼ਿਲਿਆਂ ਵੱਲ ਚੜ੍ਹਾਈ ਕੀੱਤੀ। ਉੱਧਰਲਿਆਂ ਸਭਨਾਂ ਸਰਦਾਰਾਂ ਨੂੰ ਜਿੱਤਕੇ ਅਤੇ ਮੁਜੱਫਰਖਾਂ ਨਾਮੇ ਮੁਲਤਾਨ ਦੇ ਹਾਕਮ ਤੇ ਨਜਰਾਨਾਂ ਲੈਕੇ ਫੇਰ ਲਹੌਰ ਵਿੱਚ ਆਣ ਵੜਿਆ। ਅਰ ਫੇਰ ਸੰਨ ੧੮੦੫ ਈਸਵੀ ਵਿੱਚ ਸ੍ਰੀ ਗੰਗਾ ਜੀ ਅਸ਼ਨਾਨ ਦੇ ਬਹਾਨੇ ਸਤਲੁਜ ਪਾਰਿਆਂ ਸਰਦਾਰਾਂ ਨੂੰ ਅਧੀਨ ਕਰਨ ਲਈ ਨਿੱਕਲਿਆ,ਸੋ ਮਨੋਰਥ ਪੂਰਾਕਰਕੇ ਅਸ਼ਨਾਨ ਨੂੰ ਗਿਆ ਅਤੇ ਅਸ਼ਨਾਨ ਦੇ ਬਾਦ ਫੇਰ ਲਹੌਰ ਨੂੰ ਹਟ ਆਇਆ॥

ਫੇਰ ਜਾਂ ਰਣਜੀਤਸਿੰਘ ਉਨ੍ਹਾਂ ਸਰਦਾਰਾਂ ਨੂੰ ਤੰਗ ਕਰਨ ਲੱਗਾ, ਜੋ ਸਤਲੁਜ ਅਤੇ ਜਮਨਾ ਦੇ ਵਿਚਾਲੇ ਮੁਲਖ ਦੇ ਹਾਕਮ ਸਾਨ, ਤਾਂ ਅੰਬਾਲੇ ਆਕੇ ਕੈਥਲ ਅਤੇ ਨਾਭੇ ਦੇ ਸਰਦਾਰਾਂ ਨੂੰ ਕੁਝ ਆਪਣੇ ਮੁਲਖ ਵਿੱਚੋਂ ਵੰਡ ਦਿੱਤਾ, ਅਤੇ ਫੇਰ ਥਨੇਸੁਰ ਤੇ ਹਾਲਾ ਲੈਕੇ ਅੰਮ੍ਰਿਤਸਰ ਆਣ ਵੜਿਆ॥

ਸਰ ਚਾਰਲਸ ਮਟਕਾਫ ਸਾਹਬ ਜੋ ਅੰਗਰੇਜ਼ਾਂਵੱਲੋਂ ਰਣਜੀਤਸਿੰਘ ਪਾਸ ਆਇਆ ਹੋਇਆ ਸਾ, ਉਸਨੇ ਆਖਿਆ ਸਰਕਾਰ ਅੰਗਰੇਜ਼ੀ ਦਾ ਇਹ ਇਰਾਦਾ ਹੈ, ਜੋ ਤੁਸੀਂ ਸਤਲੁਜ ਦਰਿਆਇ ਨੂੰ ਆਪਣੇ ਮੁਲਖ ਦੀ ਹੱਦ ਠਰਾਇ ਲਵੋ। ਰਣਜੀਤਸਿੰਘ ਨੇ ਪਹਿਲਾਂ ਤਾਂ ਇਸ ਗੱਲਨੂੰ ਕਬੂਲ ਨਾ ਕੀੱਤਾ ਪਰ ਫੇਰ ਕੁਝ ਅੰਗਰੇਜ਼ਾਂ ਦਾ ਜ਼ੋਰ ਦੇਖਕੇ ਆਪਹੀ ਕਬੂਲ ਕਰ ਲਿਆ। ਅਰ ਅੰਗਰੇਜ਼ਾਂ ਨੇ ਭੀ ਇਹ ਲਿਖ ਦਿੱਤਾ, ਜੋ ਸਾਨੂੰ ਭੀ ਉਨ੍ਹਾਂ ਪਿੰਡਾਂ ਵਿੱਚ ਜੋ ਸਤਲੁਜ ਦੇ ਉੱਤਰ ਵੱਲ ਵਸਦੇ ਹਨ, ਕੁਝ ਦਖਲ ਨਹੀਂ ਹੋਵੇਗਾ॥ ਇੱਕ ਬਾਰ ਜਾਂ ਰਣਜੀਤਸਿੰਘ ਨੇ ਅੰਮ੍ਰਿਤਸਰ ਵਿਖੇ ਅੰਗਰੇਜ਼ੀ ਫੌਜ ਦੀ ਕਵੈਦ ਡਿੱਠੀ, ਤਾਂ ਬਹੁਤ ਰਾਜ਼ੀ ਹੋਇਆ, ਬਲਕ ਉਸੀ ਦਿਨ ਤੇ ਆਪਣੀ ਫੌਜ ਨੂੰ ਭੀ ਅੰਗਰੇਜ਼ੀ ਕਵੈਦ ਸਿਖਾਲਣੀ ਸ਼ੁਰੂ ਕਰ ਦਿੱਤੀ॥

ਫੇਰ ਸਨ ੧੮੦੯ ਈਸਵੀ ਵਿੱਚ ਮਈ ਦੇ ਮਹੀਨੇ ਰਣਜੀਤਸਿੰਘ ਦੀ ਫੌਜ ਕਾਂਗੜੇ ਦੇ ਕਿਲੇ ਵੱਲ ਨੂੰ ਚੜ੍ਹੀ,ਕਿਉਂਕਿ ਉਸ ਵੇਲੇ ਜੋ ਅਮਰਸਿੰਘ ਨਾਮੇ ਗੋਰਖੀਏ ਨਿਪਾਲ ਦੇ ਸਿਪਾਹ ਸਾਲਾਰ ਨੇ ਉੱਥੇ ਦੇ ਕਿਲੇ ਪੁਰ ਘੇਰਾ ਪਾਇਆ ਸਾ, ਤਾਂ ਉੱਥੇ ਦੇ ਰਾਜੇ ਸੰਸਾਰ ਚੰਦ ਨੇ ਮਹਾਰਾਜੇ ਰਣਜੀਤਸਿੰਘ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਸਹਾਇਤਾ ਮੰਗੀ ਸੀ। ਜਾਂ ਸਿੱਖਾਂ ਦੀ ਫੌਜ ਕਾਂਗੜੇ ਪੌਂਹਚੀ, ਤਾਂ ਰਾਜੇ ਸੰਸਾਰਚੰਦ ਨੇ ਉਸਨੂੰ ਕਿਲੇ ਦੇ ਅੰਦਰ ਨਾ ਵੜਨ ਦਿੱਤਾ, ਅਤੇ ਇਹ ਗੱਲ ਆਖੀ ਜੋ ਖਾਲਸਾ ਕਿਲੇ ਦੇ ਬਾਹਰਹੋਕੇ ਲੜੇ, ਕਿਲੇ ਵਿੱਚ ਰਾਜਪੂਤੀ ਫੌਜ ਲੜੇ ਗੀ। ਸਿੱਖਾਂ ਨੇ ਇਹ ਹਾਲ ਦੇਖਕੇ ਸਭ ਰਸਦ ਰਸਾਨੀ ਕਿਲੇ ਦੇ ਅੰਦਰ ਜਾਣੀ ਬੰਦ ਕਰ ਦਿੱਤੀ, ਅੰਤ ਨੂੰ ਕਈਆਂ ਮਹੀਨਿਆਂ ਬਾਦ ਤੰਗ ਆਕੇ ਸੰਸਾਰ ਚੰਦ ਨੂੰ ਕਿਲਾ ਦੇਣਾ ਪਿਆ। ਪਰਮੇਸੁਰ ਦੀ ਨੇਤ ਅਮਰਸਿੰਘ ਥਾਪੇ ਦੀ ਫੌਜ ਵਿਖੇ ਮਹਾਮਾਰੀ ਖਿੱਲਰ ਪਈ ਅਰ ਏਧਰੋਂ ਸਿੰਘਾਂ ਤੋਂ ਪਿੱਛਾ ਛੁਡਾਣਾ ਔਖਾ ਹੋ ਗਿਆ। ਰਣਜੀਤਸਿੰਘ ਵੱਲ ਅਖਾ ਭੇਜਿਆ ਜੋ ਖਾਲਸਾਜੀ ਜੇ ਸਾਨੂੰ ਭਾਰਬਰਦਾਰੀ ਦਾ ਬੰਦਬਸਤ ਕਰ ਦੇਨ ਤਾਂ ਅਸੀਂ ਇਸ ਪਹਾੜ ਨੂੰ ਛੱਡ ਜਾਂਦੇ ਹਾਂ॥

ਫੇਰ ਜਾਂ ਸਨ ੧੮੧੦ ਈਸਵੀ ਵਿੱਚ ਪਾਦਸ਼ਾਹ ਸਜਾਉਲ ਆਪਣੇ ਭਿਰਾ ਮੁਹੰਮਦਸ਼ਾਹ ਦਾ ਕੱਢਿਆ ਹੋਇਆ ਕਾਬਲ ਦੇ ਮੁਲਖੋਂ ਤੁਰ ਕੇ ਲਹੌਰ ਵੱਲ ਆਇਆ, ਤਾਂ ਮਹਾਰਾਜੇ ਰਣਜੀਤਸਿੰਘ ਨੇ ਵੱਡੀ ਚੰਗੀ ਤਰ੍ਹਾਂ ਤੀਜੀ ਤਰੀਕ ਜਨਵਰੀ ਨੂੰ ਉਸਦੀ ਮੁਲਾਕਾਤ ਕੀਤੀ। ਅਰ ਵੱਡੇ ਪ੍ਰੇਮ ਭਾਉ ਨਾਲ ਉਸ ਨੂੰ ਮਿਲਿਆ। ਫੇਰ ਪਾਦਸਾਹ ਤਾਂ ਆਪਣੇ ਭਿਰਾ ਸਾਹਜਮਾਨ ਦੇ ਮਿਲਨੇ ਲਈ ਰਾਉਲਪਿੰਡੀ ਨੂੰ ਚਲਿਆ ਗਿਆ, ਅਰ ਮਹਾਰਾਜਾ ਰਣਜੀਤਸਿੰਘ ਮੁਜੱਫਰਖਾਂ ਕੋਲੋਂ ਕੁਝ ਠਰਾਉਣੇ ਲਈ ਮੁਲਤਾਨ ਨੂੰ ਗਿਆ। ਰਣਜੀਤਸਿੰਘ ਉਸਤੇ ਤਿੰਨ ਲੱਖ ਰੁਪੈਯਾ ਮੰਗਦਾਸੀ, ਪਰ ਉਸਨੇ ਲਚਾਰ ਹੋਕੇ ਇੱਕ ਲੱਖ ਅੱਸੀ ਹਜਾਰ ਰੁਪੈਯਾ ਲਿਖ ਦਿੱਭਾ, ਫੇਰ ਰਣਜੀਤਸਿੰਘ ਲਹੌਰ ਨੂੰ ਆਇਆ, ਅਰ ਦਿਨੋਂ ਦਿਨ ਇਰਦੇ ਗਿਰਦੇ ਦੇ ਰਾਜਿਆਂ ਅਤੇ ਸਰਦਾਰਾਂਨੂੰ ਜਿੱਤ ਜਿੱਤਕੇ ਉਨ੍ਹਾਂ ਦਾ ਮੁਲਖ ਅਧੀਨ ਕਰਦਾ ਰਿਹਾ, ਅਤੇ ਜਿਨ੍ਹਾਂ ਨੇ ਉਸਦਾ ਸਾਹਮਣਾ ਕੀੱਤਾ, ਉਨ੍ਹਾਂ ਨੂੰ ਕੈਦ ਕਰਕੇ ਲਹੌਰ ਭੇਜਦਾ ਰਿਹਾ।

ਫੇਰ ਸਨ ੧੮੧੯ ਈਸਵੀ ਦੇ ਆਦ ਵਿੱਚ ਮਹਾਰਾਜੇ ਰਣਜੀਤਸਿੰਘ ਨੇ ਆਪਣੇ ਸਹਜਾਦੇ ਖੜਕਸਿੰਘ ਦਾ ਜੈਮਲਸਿੰਘ ਘਣਈਯੇ ਦੀ ਕਾਕੀ ਨਾਲ ਲਹੌਰ ਵਿਖੇ ਬਿਆਹ ਕੀੱਤਾ। ਇਹ ਬਿਅਹ ਅਜਿਹੀ ਧੂਮ ਧਾਮ ਨਾਲ ਹੋਯਾ, ਜੋ ਨੇੜੇ ਤੇੜੇ ਦਿਆਂ ਸਭਨਾਂ ਮੁਲਖਾਂ ਵਿੱਚ ਧੁੰਮਾਂ ਪਈਆਂ॥

ਫੇਰ ਜਾਂ ਕਾਬਲ ਦੇ ਪਠਾਣਾਂ ਦਾ ਹਾਲ ਭੈੜਾ ਜਿਹਾ ਹੋਗਿਆ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਣਜੀਤਸਿੰਘ ਨੇ ਬਹੁਤਸਾਰੀ ਫੌਜ ਜਮਾਂ ਕਰਕੇ ਅਟਕ ਤੇ ਪਾਰ ਜਾਣੇ ਨੂੰ ਆਪ ਝੜਾਈ ਕੀੱਤੀ। ਉੱਥੇ ਜਾਕੇ ਖੈਰਾਵਾਦ ਆਦਕ ਕਿਲਿਆਂ ਨੂੰ ਮਾਰਕੇ ਪਸ਼ੌਰ ਸ਼ਹਿਰ ਵਿੱਚ ਜਾ ਵੜਿਆ। ਯਾਰਮੁਹੱਮਦ ਖਾਂ ਜੋ ਉੱਥੇ ਦਾ ਹਾਕਮ ਸਾ ਸਿੱਖਾਂ ਦੀ ਫੌਜ ਦਾ ਸਾਹਮਣਾ ਨਾ ਕਰ ਸੱਕਿਆ, ਬਲਕ ਚੁੱਪਚਾਪ ਹੀ ਪਸ਼ੌਰ ਨੂੰ ਖ਼ਾਲੀ ਛੱਡਕੇ ਭੱਜ ਗਿਆ। ਮਹਾਰਾਜੇ ਰਣਜੀਤਸਿੰਘ ਨੇ ਥੋੜੇ ਦਿਨ ਉੱਥੇ ਰਹਿਕੇ ਜਹਾਂਦਾਦਖਾਂ ਨੂੰ ਉੱਥੇ ਦਾ ਹਾਕਮ ਬਣਾਇਆ, ਅਰ ਆਪ ਲਹੌਰ ਨੂੰ ਕੂਚ ਕੀੱਤਾ। ਰਣਜੀਤਸਿੰਘ ਦੇ ਉਥੋਂ ਹਟਣੇ ਬਾਦ ਉਹੋ ਯਾਰ ਮੁਹੰਮਦਖਾਂ ਆਪਣੇ ਲੋਕਾਂ ਦੀ ਮੱਦਤ ਲੈ ਫੇਰ ਪਸ਼ੌਰ ਪੁਰ ਆਣ ਪਿਆ। ਜਹਾਂਦਾਦਖਾਂ ਦੇ ਪਾਸ ਜੋ ਉਸ ਵੇਲੇ ਤਕ ਕੁਝ ਫੌਜ ਅਰ ਲੜਾਈ ਦਾ ਸਮਿਆਨਾ ਤਿਆਰ ਨਹੀਂ ਸਾ, ਯਾਰਮੁਹੰਮਦਖਾਂ ਦਾ ਸਾਹਮਣਾ ਨਾ ਕਰ ਸਕਿਆ। ਯਾਰਮੁਹੰਮਦਖਾਂ ਨੇ ਜਹਾਂਦਾਦਖਾਂ ਨੂੰ ਪਸ਼ੌਰੋਂ ਕੱਢਕੇ ਆਪ ਉੱਥੇ ਕਬਜਾ ਕਰ ਲਿਆ॥

ਚੌਪਈ

ਇਸ ਦੁਨੀਆਂ ਦੀ ਅਜਬ ਕਹਾਣੀ।
ਮਨ ਦੇਕੇ ਸਭ ਸੁਣੋ ਪਰਾਣੀ॥
ਪਰਮੇਸ਼ੁਰ ਨੇ ਖੇਲ ਬਣਾਈ।
ਸਭ ਹਰਾਨ ਹਨ ਇਸ ਵਿੱਚ ਭਾਈ॥
ਦੇਖੋ ਜਗ ਦਾ ਅਜਬ ਤੁਮਾਸ਼ਾ।
ਤੋਲਾ ਬਣ ਜਾਂਦਾ ਹੈ ਮਾਸਾ॥
ਫੇਰ ਕਦੀ ਮਾਸਾ ਸਾ ਜੋਈ।
ਤੋਲਾ ਹੋਜਾਂਦਾ ਹੈ ਸੋਈ॥
ਕਦੀ ਦੁਖੀ ਹੁੰਦੇਹਨ ਸੁਖੀ।
ਕਦੀ ਸੁਖੀ ਹੁੰਦੇ ਹਨ ਦੁਖੀ॥
ਰਾਈ ਨੂੰ ਉਹ ਪਰਬਤ ਕਰੇ।
ਕੀੜੀ ਦੇ ਸਿਰ ਛੱਤਰ ਧਰੇ॥
ਇਸ ਦੇ ਜੋ ਦੁਖ ਸੁਖ ਹਨ ਸਾਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੱਕ ਜਿਹੇ ਨਹਿੰ ਰਹਿਣੇ ਹਾਰੇ ॥
ਰਾਜੇ ਲੈਣ ਕਦੀ ਕੰਗਾਲੀ ।
ਕੰਗਲੇ ਹੋਣ ਜਗਤ ਦੇ ਵਾਲੀ ॥

ਦੋਹਰਾ

ਦੇਖ ਮੁਹੱਮਦਯਾਰਖਾਂ ਥਾ ਪਿਸ਼ੌਰ ਸਰਦਾਰ ।
ਜਹਾਂਦਾਦਖਾਂ ਨੇ ਉਹੀ, ਤਖਤੋਂ ਦਿੱਤਾ ਉਤਾਰ ॥

ਚੌਪਈ

ਫੇਰ ਜਦ ਨ ਈਸ਼ੁਰ ਨੂੰ ਭਾਇਆ ।
ਜਹਾਂਦਾਦਖਾਂ ਧਰਤ ਗਿਰਾਇਆ ॥
ਯਾਰ ਮੁਹੱਮਦਖਾਂ ਸਾ ਜੋਈ ।
ਹਾਕਮ ਫੇਰ ਬਣਾਇਆ ਸੋਈ ॥
ਹੁਣ ਜੋ ਬੁੱਧਮਾਨ ਜਨ ਹੋਵੇ ।
ਦੁੱਖ ਪਏ ਤੇ ਕਦੀ ਨ ਰੋਵੇ ॥
ਅਪਣੇ ਦਿਲ ਵਿੱਚ ਧੀਰਜ ਧਰੇ ।
ਭਈ ਦੁੱਖ ਹੋਜਾਊ ਪਰੇ ॥
ਸਦਾ ਨਹੀਂ ਦਿਨ ਇੱਕੋ ਜੇਹੇ ।
ਏ ਦੁੱਖ ਸਦਾ ਨ ਰਹਿਣ ਅਜੇਹੇ ॥
ਜੋ ਪਰਮੇਸ਼ੁਰ ਦੁੱਖ ਦਿਖਾਵੇ ।
ਆਪੇ ਸੁਖ ਨੂੰ ਫੇਰ ਲਿਆਵੇ ॥
ਹੇ ਜਨ ਰੱਖ ਉਸੇ ਦੀ ਆਸ ।
ਉਹ ਕਰਸੀ ਸਭ ਕਾਰਜ ਰਾਸ ॥
ਜਿਸ ਨੂੰ ਉਸ ਪੁਰ ਨਹੀਂ ਯਕੀਨ ।
ਉਹ ਜਨ ਹੈ ਮੂਰਖ ਮਤਿ ਹੀਨ ॥

ਜਾਂ ਜਹਾਂਦਾਦਖਾਂ ਨੂੰ ਮੁਹੱਮਦਯਾਰਖਾਂ ਨੇ ਪਸ਼ੌਰ ਤੇ ਕੱਢ ਦਿੱਤਾ, ਤਾਂ ਉਹ ਮਹਾਰਾਜੇ ਰਣਜੀਤਸਿੰਘ ਦੇ ਕੋਲ ਫੇਰ ਲਹੌਰ ਵਿਖੇ ਆ ਰਿਹਾ । ਅਰ ਮੁਹੱ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਦਯਾਰਖਾਂ ਨੇ ਭੀ ਜਾਂ ਉੱਥੇ ਕੁਝ ਪੂਰਾ ਅਰਾਮ ਨ ਡਿੱਠਾ, ਤਾਂ ਪਸ਼ੌਰੋਂ ਤੁਰਕੇ ਹਰਾਤ ਨੂੰ ਚਲਿਆ ਗਿਆ॥

ਫੇਰ ਸਨ ੧੮੧੯ ਈਸਵੀ ਵਿੱਚ ਅਪਰੈਲ ਦੇ ਮਹੀਨੇ ਮਹਾਰਾਜੇ ਰਣਜੀਤਸਿੰਘ ਨੇ ਸਲਾਹ ਕੀੱਤੀ, ਜੋ ਕਿਸੀ ਤਰ੍ਹਾਂ ਕਸ਼ਮੀਰ ਨੂੰ ਫਤੇ ਕਰੀਯੇ। ਇਹ ਗੱਲ ਸੋਚਕੇ ਕੁਝ ਫੌਜ ਮਿੱਸਰ ਦੀਵਾਨਚੰਦ ਦੇ ਨਾਲ ਦੇਕੇ ਤਿਸ ਨੂੰ ਪਹਾੜਾਂਵੱਲਭੇਜਿਆ ਅਰ ਉਸਦੀ ਕੁਝ ਫੌਜ ਨਿਗਾਹਬਾਨੀਲਈ ਕੌਰਖੜਕਸਿੰਘ ਦੇ ਅਧੀਨ ਕਰਕੇ ਮਿੱਸਰ ਦੀਵਾਨਚੰਦ ਵੱਲ ਭੇਜੀ। ਓਹ ਸਭ ਲੋਕ ਕਸ਼ਮੀਰ ਦੇ ਫਤੇ ਕਰਨੇ ਲਈ ਪਹਾੜਾਂ ਵੱਲ ਗਏ ਅਰ ਮਹਾਰਾਜਾ ਰਣਜੀਤਸਿੰਘ ਤਿਨ੍ਹਾਂ ਦੀ ਰਸਤ ਭੇਜਣੇ ਦੇ ਬੰਦੋਬਸਤ ਅਤੇ ਪੰਜਾਬ ਦੀ ਨਿਗਾਹਬਾਨੀ ਵਾਸਤੇ ਪੰਜਾਬ ਵਿੱਚ ਰਿਹਾ। ਸਿੱਖਾਂ ਦੀ ਫੌਜ ਜਾਂ ਪਹਾੜਾਂ ਵਿੱਚ ਪਹੁੰਚੀ, ਤਾਂ ਪਠਾਣਾਂ ਨਾਲ ਵਡੀ ਭਾਰੀ ਲੜਾਈ ਹੋਈ, ਇਸ ਲੜਾਈ ਵਿੱਚ ਹਜਾਟਕੁ ਸਿੱਖ ਅਤੇ ਪੰਜ ਛੇ ਸਰਦਾਰ ਭੀ ਮਾਰੇ ਗਏ ਸੇ। ਉਸ ਦੂਜੇ ਪਸੇ ਤੇ ਭੀ ਬਹੁਤ ਫੌਜ ਮਾਰੀ ਗਈ। ਇਸ ਲੜਾਈ ਦੀ ਖਬਰ ਜਾਂ ਅਜੀਮਖਾਂ ਨੂੰ ਪਹੁਚੀ, ਭਈ ਪਠਾਨ ਬਹੁਤ ਮਾਰੇ ਗਏ ਹਨ, ਤਾਂ ਉਹ ਕਸ਼ਮੀਰੋਂ ਨਿੱਕਲਕੇ ਜਲਾਲਾਵਾਦ ਜਾ ਵੜਿਆ॥

ਫੇਰ ਰਣਜੀਤਸਿੰਘ ਪਸ਼ੌਰ ਨੂੰ ਗਿਆ ਅਤੇ ਉੱਥੇ ਮੁਹੱਮਦਯਾਰਖਾਂ ਨੇ ਹਾਜਰ ਹੋਕੇ ਅਰਜ ਕੀੱਤੀ, ਕਿ ਜੋ ਪਸ਼ੌਰ ਮੈਨੂੰ ਬਖ਼ਸ਼ ਦੇਵੋ, ਤਾਂ ਮੈਂ ਤੁਸਾਡਾ ਕਰ ਭਰਦਾ ਰਹਾਂਗਾ, ਬਲਕ ਜੋ ਹਾਲਾ ਆਵੇਗਾ ਮੈਂ ਕੌਡੀ ਕੌਡੀ ਲਹੌਰ ਭੇਜਦਿਆ ਕਰਾਂਗਾਰਣਜੀਤਸਿੰਘ ਨੇ ਉਸ ਦੀ ਅਰਜ ਕਬੂਲ ਕਰਕੇ ਪਸ਼ੌਰ ਉਸਦੇ ਹਵਾਲੇ ਕੀੱਤਾ ਅਤੇ ਆਪ ਉਸਦੇ ਹੱਥ ਦੀਆਂ ਲਿਖਤਾਂ ਕਰਾਕੇ ਲਹੌਰਆਣਵੜਿਆ॥

ਫੇਰ ਕੋਈ ਕਾਲ ਪਾਕੇ ਅਜੀਮਖਾਂ ਮਰ ਗਿਆ, ਅਤੇ ਫੇਰ ਪਠਾਣਾਂ ਨੇ ਵਡਾ ਰੌਲਾ ਪਾਇਆ, ਮਹਾਰਾਜੇ ਰਣਜੀਤਸਿੰਘ ਨੇ ਆਪ ਜਾਕੇ ਉਸ ਝਗੜੇ ਨੂੰ ਮਿਟਾਇਆ ਅਰ ਫੇਰ ਲਹੌਰ ਵਿਖੇ ਆ ਰਿਹਾ॥

ਸਨ ੧੮੨੬ ਈਸਵੀ ਵਿਖੇ ਸਾਦਕ ਮੁਹੱਮਦਖਾਂ ਨਾਮੇ ਨਬਾਬ ਜੋ ਬਹਾਉਲਪੁਰ ਦਾ ਮਾਲਕ ਸਾ ਮਰ ਗਿਆ, ਅਤੇ ਉਸਦਾ ਪੁੱਤ ਬਹਾਉਲਖਾਂ ਗੱਦੀ ਪੁਰ ਬੈਠਾ ਅਰ ਜੋ ਕੁਝ ਉਸਦੇ ਪਿਉ ਦਾਦੇ ਨੇ ਮਹਾਰਾਜੇ ਰਣਜੀਤਸਿੰਘ ਨਾਲ ਨੇਮ ਬੰਨ੍ਹਿਆ ਹੋਇਆ ਸਾ ਉਹੀ ਪੱਕਾ ਰੱਖਿਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਸਈਅਦ ਅਹਮਦੀ ਨਾਮੇ ਇੱਕ ਆਦਮੀ ਨੇ ਪਹਾੜ ਦੇ ਮੁਲਖ ਵਿੱਚ ਇੱਕ ਮੁਹੱਮਦੀ ਝੰਡਾ ਖੜਾ ਕਰਕੇ ਮੁਸਲਮਾਨਾਂ ਨੂੰ ਐਉਂ ਭੂਹੇ ਚੜ੍ਹਾਯਾ, ਜੋ ਆਪਣੇ ਪਕੰਬਰਾਂ ਦੇ ਹੁਕਮ ਮੂਜਬ ਕਾਫਰਾਂ ਸਿੱਖਾਂ ਨੂੰ ਮਾਰਿਆ ਚਾਹੀਏ। ਜਾਂ ਮੁਸਲਮਾਨਾਂ ਨੇ ਝਗੜਾ ਚੁੱਕਿਆ, ਤਾਂ ਮਹਾਰਾਜੇ ਨੇ ਕੁਝ ਫੌਜ ਅਟਕ ਤੇ ਪਾਰ ਭੇਜਕੇ ਸਈਅਦ ਮਹੱਮਦੀ ਦੇ ਦੰਦ ਖੱਟੇ ਕੀੱਤੇ॥

ਮਹਾਰਾਜੇ ਰਣਜੀਤਸਿੰਘ ਨੇ ਜਾਂ ਸਭਨਾਂ ਪਹਾੜਾਂ ਨੂੰ ਜਿੱਤ ਲਿਆ, ਤਾਂ ਜੰਮੂ ਦਾ ਕਿਲਾ ਗੁਲਾਬਸਿੰਘ ਅਤੇ ਸੁਚੇਤਸਿੰਘ ਨੂੰ ਦੇ ਦਿੱਤਾ। ਉਸ ਵੇਲੇ ਜੰਮੂ ਦੇ ਹਾਕਮਾਂ ਦਾ ਭਰਾਉ ਧਿਆਨਸਿੰਘ ਰਣਜੀਤਸਿੰਘਦੇ ਪਾਸ ਡੇਉੜ੍ਹੀ ਦਾ ਦਰੋ-ਗਾ ਸਾ, ਅਤੇ ਰਣਜੀਤਸਿੰਘ, ਜੋ ਉਸਦੇ ਪੁਤ੍ਰ ਹੀਰਾਸਿੰਘ ਨੂੰ ਬਹੁਤ ਚਾਹੁੰਦਾ ਸਾ, ਇਸ ਕਰਕੇ ਹੀਰਾਸਿੰਘ ਨੂੰ ਰਾਜਾਈ ਦੀ ਪਦਵੀ ਦਿੱਤੀ ਅਰ ਰਣਜੀਤਸਿੰਘ ਦੇ ਮਨ ਵਿੱਚ ਸਦਾ ਇਹ ਗੱਲ ਰਹਿੰਦੀ ਸੀ, ਜੋ ਹੀਰਾਸਿੰਘ ਨੂੰ ਕਿਸੀ ਉੱਚੀ ਜਾਤ ਦੀ ਲੜਕੀ ਨਾਲ ਬਿਆਹਵਾਂ॥ ਇੱਕ ਬਾਰ ਰਾਜੇ ਸੰਸਾਰਚੰਦ ਦਾ ਪੁਤ੍ਰ ਅਨ-ਰੁੱਧਚੰਦ ਆਹਲੂਵਾਲੀਆਂ ਦੇ ਬਿਆਹ ਪੁਰ ਬੁਲਾਇਆ ਹੋਇਆ ਕਪੂਰਥਲੇ ਨੂੰ ਜਾਂਦਾ ਸਾ, ਰਾਹ ਵਿੱਚ ਜੋ ਉਸਨੂੰ ਲਹੌਰ ਰਹਿਣਾ ਪਿਆ, ਤਾਂ ਮਹਾਂਰਾਜੇ ਰਣਜੀਤ ਸਿੰਘ ਨੇ ਉਸ ਨੂੰ ਆਪਣੇ ਕੋਲ ਬੁਲਾਕੇ ਜਿੱਕੁਰ ਤਿੱਕੁਰ ਇਹ ਲਿਖਾ ਲਿਆ, ਭਈ ਮੈਂ ਆਪਣੀਆਂ ਦੋਹਾਂ ਭੈਣਾਂ ਦੀ ਸ਼ਾਦੀ ਮਹਾਰਾਜੇ ਰਣਜੀਤਸਿੰਘ ਦੇ ਕਹਿਣੇ ਮੂਜਬ ਕਰਾਂਗਾ। ਜਾਂ ਇਹ ਗੱਲ ਇਸ ਦੀ ਦੱਾਦੀ ਨੇ ਸੁਣੀ, ਤਾਂ ਉਹ ਉਨ੍ਹਾਂ ਦੋਹਾਂ ਕੁੜੀਆਂ ਨੂੰ ਲੈਕੇ ਉਨ੍ਹਾਂ ਪਹਾੜਾਂ ਵੱਲ ਜਾ ਰਹੀ, ਜੋ ਅੰਗਰੇਜ਼ਾਂ ਦੇ ਵੱਸ ਵਿੱਚ ਸੇ। ਫੇਰ ਥੋਹੜੀ ਦੇਰ ਪਿੱਛੋਂ ਰਾਜਾ ਅਨਰੁੱਧਚੰਦ ਭੀ ਭੱਜ ਗਿਆ ਅਰ ਉਸਦਾ ਰਾਜ ਮਹਾਰਾਜੇ ਰਣਜੀਤਸਿੰਘ ਨੇ ਸਾਰਾ ਹੀ ਆਪਣੇ ਅਧੀਨ ਕਰ ਲਿਆ ਅਤੇ ਉਸ ਦੇ ਭਿਰਾ ਫਤੇਚੰਦ ਨੂੰ ਉੱਥੋਂ ਕੱਢ ਦਿੱਤਾ॥

ਇੱਕ ਬਾਰ ਜੋ ਮਹਾਰਾਜੇ ਰਣਜੀਤਸਿੰਘ ਨੇ ਬਹੁਤ ਸੁੰਦਰ ਪਸ਼ਮ ਨੇ ਦਾ ਵੱਡਾ ਭਾਰਾ ਤੰਬੂ ਬਣਵਾਕੇ ਪਾਦਸ਼ਾਹ ਦੀ ਨਜਰ ਵਾਸਤੇ ਅੰਗਰੇਜਾਂ ਦੀ ਵਲੈਤ ਨੂੰ ਭੇਜਿਆ, ਤਾਂ ਅੰਗਰੇਜਾਂ ਦਾ ਪਾਦਸ਼ਾਹ ਉਸ ਨੂੰ ਦੇਖਕੇ ਬਹੁਤ ਖੁਸ਼ੀ ਹੋਇਆ, ਅਰ ਉਸਦੇ ਸੁਕਰਾਨੇ ਵਿੱਚ ਬਹੁਤ ਸੁੰਦਰ ਚਾਰ ਘੋੜੀਆਂ ਅਤੇ ਇੱਕ ਘੋੜਾ ਮਹਾਰਾਜੇ ਰਣਜੀਤਸਿੰਘ ਦੇ ਲਈ ਭੇਜਿਆ। ਜੋ ਵਕੀਲ ਲੈਕੇ ਆਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾ,ਮਹਾਰਾਜੇ ਨੇ ਉਸ ਦੀ ਵਡੀ ਖਾਤਰ ਕੀਤੀ। ਫੇਰ ਕੋਈ ਦਿਨ ਲਹੌਰ ਰਹਿਕੇ ਉਹ ਸਾਹਬ, ਜੋ ਵਲੈਤ ਤੇ ਘੋੜੀਆਂ ਲੈਕੇ ਆਇਆ ਸਾ,ਵਿਲਿਅਮ ਬੇਨਟਿਕ ਸਾਹਬ ਦੀ ਮੁਲਾਕਾਤ ਲਈ, ਜੋ ਹਿੰਦੁਸਤਾਨ ਦਾ ਲਾਟ ਸਾ,ਸਿਮਲੇ ਦੇ ਪਹਾੜ ਪੁਰ ਗਿਆ, ਅਰ ਆਪਣੇ ਆਉਣੇ ਦੀ ਸਭ ਹਕੀਕਤ ਲਾਟ ਸਾਹਿਬ ਨੂੰ ਸੁਨਾਈ। ਉੱਥੇ ਲਾਟਸਾਹਬ ਨੇ ਇਹ ਤਤਬੀਰ ਕੀਤੀ,ਜੋ ਕਿਸੀ ਤਰ੍ਹਾਂ ਮਹਾਰਾਜੇ ਰਣਜੀਤਸਿੰਘ ਨਾਲ ਮੈਂ ਭੀ ਮੇਲਾ ਕਰਾਂ। ਕਿਉ ਜੋ ਇਹ ਭੀ ਅੱਜ ਪੰਜਾਬ ਦਾ ਨਿਪੋਲਿਯਨ ਹੈ। ਲਾਟ ਸਾਹਬ ਨੇ ਕਪਤਾਨ ਵੇਡਸਾਹਬ ਵੱਲ ਲਿਖਿਆ ਜਿਸ ਨੂੰ ਰਣਜੀਤਸਿੰਘ ਨੇ ਲੁਦੇਹਾਨੇ ਤੇ ਬੁਲਾਇਆ ਸਾ, ਮੁਲਾਕਾਤ ਦੀ ਡੌਲ ਬਣਾ ਲਈ। ਮਹਾਰਾਜੇ ਨੇ ਆਪਣੇ ਦਿਵਾਨ ਮੋਤੀਰਾਮ ਅਤੇ ਸਰਦਾਰ ਹਰੀ ਸਿੰਘ ਅਰ ਫਕੀਰ ਅਜੀਜਦੀਨ ਨੂੰ ਲਾਟਸਾਹਬ ਦੇ ਪਾਸ ਭੇਜਕੇ ਇਹ ਪ੍ਰਗਟ ਕੀੱਤਾ, ਜੋ ਕਸਬੇ ਰੋਪੜ ਦੇ ਪਾਸ ਜੋ ਦਰਿਆਇ ਸਤਲੁਜ ਦੇ ਕੰਢੇ ਪੁਰ ਹੈ, ਮੇਲ ਹੋਵੇਗਾ। ਇਹ ਗੱਲ ਠਹਿਰਾਕੇ ਆਪ ਦੇਹਰਿਆਂ ਦੇ ਫਤੇ ਕਰਣ ਨੂੰ ਝੜਾਈ ਕਰ ਦਿੱਤੀ। ਜਾਂ ਦੋਕੁ ਮਹੀਨਿਆਂ ਵਿੱਚ ਉਧਰੋਂ ਵੇਹਲੇ ਵਾਂਡੇ ਹੋਕੇ ਆਏ ਤਾਂ ਕਰਨਲ ਵੇਡਸਾਹਿਬ ਨੂੰ ਲਾਟਸਾਹਿਬ ਪਾਸ ਭੇਜ ਦਿੱਤਾ। ਲਾਟਸਾਹਿਬ ਸਨ ੧੮੩੧ ਅਕਤੂਬਰ ਦੀ ਬਾਈ ਤਰੀਕ ਨੂੰ ਰੋਪੜ ਵਿਖੇ ਆਇਆ, ਅਤੇ ਮਹਾਰਾਜਾ ਭੀ ਉਸੇ ਮਹੀਨੇ ਦੀ ਪੱਚੀਹਵੀਂ ਤਰੀਕ ਨੂੰ ਬੜੀ ਧੂਮ ਧਾਮ ਨਾਲ ਰੋਪੜ ਪਹੁਚ ਗਿਆ,ਉਸ ਵੇਲੇ ਮਹਾਰਾਜ ਦੇ ਨਾਲ ਦਸ ਹਜਾਰ ਘੋੜਚੜ੍ਹਾ ਅਤੇ ਛੇਕੁ ਹਜਾਰ ਪਿਆਦਾ ਸਾ। ਲਾਟਸਾਹਬ ਨੇ ਮਹਾਰਾਜੇ ਦਾ ਆਉਣ ਸੁਣਕੇ ਆਪਣੇ ਵਕੀਲ ਅਤੇ ਸਿਕੱਤਰ ਨੂੰ ਆਪਣੀ ਸਲਾਮ ਆਖਣ ਲਈ ਰਣਜੀਤਸਿੰਘ ਦੇ ਕੋਲ ਭੇਜਿਆ, ਅਰ ਫੇਰ ਰਣਜੀਤਸਿੰਘ ਨੇ ਕੌਰ ਖੜਕ ਸਿੰਘ ਅਤੇ ਛੇਆਂ ਸੱਤਾਂ ਵੱਡਿਆਂ ਸਰਦਾਰਾਂ ਨੂੰ ਲਾਟਸਾਹਬ ਦੇ ਕੋਲ ਭੇਜਕੇ ਇਹ ਪਰਗਟ ਕੀੱਤਾ, ਜੋ ਭਲਕੇ ਸਵੇਰੇਹੀ ਅਸੀਂ ਤੁਸਾਡੇ ਮਿਲਨੇ ਨੂੰ ਆਵਾਂਗੇ। ਦੂਸਰੇ ਦਿਨ ਜਾਂ ਮਹਾਰਾਜਾ ਮੁਲਾਕਾਤ ਨੂੰ ਤਿਆਰ ਹੋਇਆ, ਤਾਂ ਆਪਣੇ ਤੁਰਨੇ ਤੇ ਪਹਿਲਾਂ ਤਿੰਨ ਹਜਾਰ ਅਸਵਾਰ ਨੂੰ ਬਹੁਤ ਸੁੰਦਰ ਪੁਸ਼ਾਕ ਨਾਲ ਸਜਾਕੇ ਤੋਰ ਦਿੱਤਾ, ਅਰ ਫੇਰ ਅੱਠ ਸੌ ਘੋੜਚੜ੍ਹਾ ਹੋਰ ਭੇਜਿਆ, ਅਤੇ ਉਸ ਦੇ ਪਿੱਛੋਂ ਹਾਥੀਆਂ ਉੱਤੇ ਬਿਠਲਾ ਕੇ ਸਰਦਾਰਾਂ ਨੂੰ ਭੇਜਿਆ, ਅਤੇ ਸਭਨਾਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੱਛੋਂ ਆਪ ਤੁਰਿਆ, ਤੰਬੂ ਦੇ ਕੁਝ ਪਾਸ ਜਾਕੇ ਦੋਹਾਂ ਦੀ ਮੁਲਾਕਾਤ ਹੋਈ, ਅਤੇ ਦੋਨੋਂ ਜਣੇ ਹਾਥੀ ਪੁਰ ਬੈਠਕੇ ਤੰਬੂ ਤਕ ਗਏ। ਲਾਟ ਸਾਹਬ ਨੇ ਅਨੇਕ ਸੁਗਾਤਾਂ ਅਤੇ ਨਜਰਾਂ ਦਰਜੇ ਬਦਰਜੇ ਮਹਾਰਾਜੇ ਅਤੇ ਕੌਰ ਸਾਹਬ ਅਰ ਹੋਰਨਾਂ ਸਰਦਾਰਾਂ ਨੂੰ ਦਿੱਤੀਆਂ, ਫੇਰ ਮਹਾਰਾਜਾ ਆਪਣੇ ਤੰਬੂ ਨੂੰ ਚਲਿਆ ਆਇਆ। ਦੂਜੇ ਦਿਨ ਲਾਟਸਾਹਬ ਮਹਾਰਾਜੇ ਦੇ ਤੰਬੂ ਵਿੱਚ ਮਿਲਨੇ ਲਈ ਆਇਆ। ਸਭਨਾਂ ਸਰਦਾਰਾਂ ਨੇ ਲਾਟਸਾਹਬ ਨੂੰ ਨਜਰਾਂ ਦਿੱਤੀਆਂ, ਅਤੇ ਮਹਾਰਾਜੇ ਨੇ ਕੈਈ ਘੋੜੇ ਵਡਮੁੱਲੇ ਸੋਨੇ ਚਾਂਦੀ ਦੇ ਅਸਬਾਬ ਸਣੇ ਲਾਟਸਾਹਬ ਨੂੰ ਸੁਗਾਤ ਦਿੱਤੀ। ਅਰ ਲਾਟਸਾਹਿਬ ਨੇ ਭੀ ਮਹਾਰਾਜੇ ਦੀ ਬਹੁਤ ਕੁਝ ਭੇਟ ਕੀੱਤਾ॥ ਫੇਰ ਮਹਾਰਾਜੇ ਅਤੇ ਸਰਕਾਰ ਅੰਗਰੇਜੀ ਦੀ ਫੌਜ ਦੀ ਕਵੈਦ ਹੋਣ ਲੱਗੀ, ਰਣਜੀਤਸਿੰਘ ਅੰਗਰੇਜੀ ਫੌਜ ਦੀ ਚਤਰਾਈ ਅਤੇ ਚਲਾਕੀ ਦੇਖਕੇ ਬਹੁਤ ਖੁਸ਼ੀ ਹੋਇਆ। ਅਰ ਲਾਟਸਾਹਿਬ ਭੀ ਖਾਲਸਾ ਫੌਜ ਦੇ ਕਰਤਬ ਦੇਖਕੇ ਜੋ ਫ੍ਰੈਂਚ ਸੈਨਾਂ ਦੀ ਸਿਖਾਈ ਹੋਈ ਸੀ ਅਤ ਪ੍ਰਸੰਨ ਹੋਏ ਅਰ ਆਖਿਆ ਜੋ ਮਹਾਰਾਜੇ ਦੀ ਫੌਜ ਅੰਗ੍ਰੇਜੀ ਫੌਜ ਤੋਂ ਕੁਝ ਘੱਟ ਨਹੀਂ। ਉਸੀ ਦਿਨ ਫੇਰ ਤਕਾਲਾਂ ਦੇ ਵੇਲੇ ਪਿਛਲੀ ਮੁਲਾਕਾਤ ਹੋਈ, ਅਰ ਉਸੀ ਦਿਨ ਲਾਟ ਸਾਹਿਬ ਨੇ ਇੱਕ ਲੋਹੇ ਦਾ ਪੁਲ ਮਹਾਰਾਜੇ ਦੀ ਨਜਰ ਕੀੱਤਾ ਸਾ। ਦੂਜੇ ਦਿਨ ਦੋਵੇਂ ਸਰਕਾਰਾਂ ਆਪਣੇ ਆਪਣੇ ਮੁਲਖ ਦੀ ਵੱਲ ਰਵਾਨਾ ਹੋਈਆਂ॥

ਫੇਰ ਜਾਂ ਸਨ ੧੮੩੯ ਈਸਵੀ ਵਿੱਚ ਅੰਗਰੇਜਾਂ ਨੇ ਕਾਬਲ ਵੱਲ ਨੂੰ ਚੜ੍ਹਾਈ ਕੀੱਤੀ, ਤਾਂ ਰਣਜੀਤਸਿੰਘ ਨੇ ਆਪਣੀ ਛੇ ਹਜਾਰ ਫੌਜ ਮੱਦਤ ਵਾਸਤੇ ਇਨ੍ਹਾਂ ਦੇ ਨਾਲ ਕਰ ਦਿੱਤੀ। ਜਾਂ ਫੌਜ ਕਾਬਲ ਪੁਰ ਪਹੁਚੀ, ਤਾਂ ਅਜੇ ਮੁਹਿੰਮ ਪੂਰੀ ਭੀ ਨਹੀਂ ਹੋਈ ਸੀ, ਜੋ ਮਹਾਰਾਜਾ ਰਣਜੀਤਸਿੰਘ ਜੋ ਪਹਿਲਾਂ ਤੇ ਹੀ ਬਹੁਤ ਮਾਂਦਾ ਸਾ ਸਨ ੧੮੩੯ ਨੂੰ ਪੂਰਾ ਹੋ ਗਿਆ॥

ਦੋਹਰਾ

ਵਡੇ ਵਡੇ ਇਸ ਜਗਤ ਪੁਰ, ਬੈਠੇ ਪੈਰ ਪਸਾਰ।
ਸਾਰੇ ਓੜਕ ਕਾਲ ਨੇ, ਲਏ ਘੜੀ ਵਿੱਚ ਮਾਰ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਈ

ਜਗ ਸਰਾਇੰ ਵਿੱਚ ਜੋ ਜਨ ਆਵੇ।
ਸਦਾਕਾਲ ਨਹਿੰ ਰਹਿਣਾ ਪਾਵੇ॥
ਵਡੇ ਵਡੇ ਰਾਜੇ ਹੰਕਾਰੀ।
ਵਿਦਯਾਵਾਨ ਗੁਣੀ ਬਲਕਾਰੀ॥
ਚਾਰਕੁ ਦਿਨ ਸਭ ਕਰਨ ਬਸੇਰਾ।
ਫੇਰ ਕੂਚ ਹੈ ਸਭ ਦਾ ਡੇਰਾ॥
ਸਦਾ ਬਜਤ ਹੈ ਕੂਚ ਨਗਾਰਾ।
ਇੱਥੇ ਕੋਈ ਨ ਰਹਿਣੇ ਹਾਰਾ॥
ਹੁਣ ਇਹ ਗੱਲ ਹੈ ਸਭ ਨੂੰ ਜੋਗ।
ਝੂਠੇ ਜਾਨਣ ਜਗ ਦੇ ਭੋਗ॥
ਝੂਠੇ ਧਨ ਸੰਪਤ ਸੁਖ ਧਾਮ।
ਝੂਠੇ ਮਿਲਖ ਮੁਲਖ ਅਰ ਨਾਮ॥
ਜੋ ਜਨ ਇੱਥੇ ਰਹੇ ਉਦਾਸ।
ਸਦਾ ਰਹਿਣ ਦੀ ਕਰੇ ਨ ਆਸ॥
ਸੋ ਸੁਖੀਆ ਦੁਖ ਕਦੀ ਨ ਪਾਇ।
ਦੁਖੀ ਰਹੇ ਜੋ ਪ੍ਰੀਤ ਲਗਾਇ॥
ਕੌਣ ਕਰੇ ਆਪਣੀ ਵਡਿਆਈ।
ਭਈ ਸੁਖੀ ਮੈਂ, ਦੁੱਖ ਨ ਰਾਈ॥
ਜੇ ਕੋਈ ਦਿਨ ਸੁਖ ਭੀ ਹੋਵੇ।
ਓੜਕ ਕਾਲ ਸਰਬ ਸੁਖ ਖੋਵੇ॥

ਦੋਹਰਾ

ਇਹ ਸੰਸਾਰ ਮੁਸਾਫਰੀ, ਹੱਛੀ ਤਰਾਂ ਨਿਭਾਉ।
ਸਉਂ ਰਹਿਣਾ ਹੱਛਾ ਨਹੀਂ, ਪਰਮੇਸੁਰ ਵੱਲ ਆਉ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਣਜੀਤਸਿੰਘ ਦੇ ਮਰਨੇ ਪਿੱਛੋਂ ਕੈਈ ਰਾਣੀਆਂ ਸਤੀਆਂ ਹੋਈਆਂ ਅਰ ਪੰਜਾਬ ਵਿੱਚ ਅਜਿਹਾ ਸੋਗ ਵਧਿਆ, ਜੋ ਮਾਨੋਂ ਕੰਧਾਂ ਭੀ ਰੋਂਦੀਆਂ ਦਿੱਸ ਆਉਂਦੀਆਂ ਸੀਆਂ। ਉਸ ਤੇ ਪਿੱਛੋਂ ਰਾਜੇ ਧਿਆਨਸਿੰਘ ਨੇ ਆਪਣੀ ਚਤੁਰਾਈ ਨਾਲ ਰਾਜ ਕਾਜ ਵਿੱਚ ਅਜਿਹਾ ਦਬਾਉ ਕਰ ਲਿਆ, ਜੋ ਠੀਕ ਉਸੀ ਨੂੰ ਰਾਜ ਦਾ ਮਾਲਕ ਜਾਨਣਾ ਚਾਹੀਯੇ। ਰਣਜੀਤਸਿੰਘ ਦੇ ਜੀਉਂਦੇ ਹੀ ਇਸ ਨੂੰ ਅਜਿਹਾ ਇਖਤਿਆਰ ਸਾ, ਜੋ ਕੌਰ ਖੜਕਸਿੰਘ ਅਤੇ ਸ਼ੇਰਸਿੰਘ ਨੂੰ ਭੀ, ਜੋ ਮਹਾਰਾਜੇ ਰਣਜੀਤਸਿੰਘ ਦੇ ਪੁਤ੍ਰ ਸੇ, ਕੈਈ ਬਾਰ ਡੇਉਢੀ ਪੁਰ ਰੋਕ ਦਿੰਦਾ ਸਾ। ਇਸ ਨੇ ਸਰਕਾਰ ਦੇ ਦਿਲ ਵਿੱਚ ਇਹ ਗੱਲ ਭੀ ਪਾ ਦਿੱਤੀ ਹੋਈ ਸੀ, ਜੋ ਕੌਰ ਖੜਕਸਿੰਘ ਬਹੁਤ ਮੂਰਖ ਅਤੇ ਕਮਲਾ ਰਮਲਾ ਹੈ, ਇਸ ਕਾਰਨ ਇਹ ਰਾਜ ਦੇ ਲਾਇਕ ਨਹੀਂ। ਅਰ ਸ਼ੇਰਸਿੰਘ ਦੀ ਬਾਬਤ ਮਹਾਰਾਜੇ ਦੇ ਦਿਲ ਵਿੱਚ ਇਹ ਭਰਮ ਪਾ ਦਿੱਤਾ ਹੋਇਆ ਸਾ, ਜੋ ਇਹ ਤੁਸਾਡੀ ਅੰਸ ਨਹੀਂ। ਇਸ ਧਿਆਨਸਿੰਘ ਨੂੰ ਜੋ ਮਹਿਲਾਂ ਵਿੱਚ ਭੀ ਜਾਣ ਆਉਣ ਦੀ ਰੋਕ ਟੋਕ ਨਹੀਂ ਸੀ, ਇਸ ਕਰਕੇ ਇਸ ਤੇ ਰਾਣੀਆਂ ਭੀ ਬਹੁਤ ਡਰਦੀਆਂ ਰਹਿੰਦੀਆਂ ਸੀਆਂ। ਇਸ ਧਿਆਨਸਿੰਘ ਦਾ ਪੁੱਤ ਹੀਰਾਸਿੰਘ ਜੋ ਹਰ ਵੇਲੇ ਸਰਕਾਰ ਦੇ ਨਾਲ ਹੀ ਰਹਿੰਦਾ ਸਾ, ਇਸ ਡਰ ਤੇ ਰਾਣੀਆਂ ਆਪਣਾ ਦੁੱਖ ਮਹਾਰਾਜੇ ਦੇ ਪਾਸ ਬਿਆਨ ਨਹੀਂ ਕਰ ਸੱਕਦੀਆਂ ਸੀਆਂ। ਮਹਾਰਾਜੇ ਰਣਜੀਤਸਿੰਘ ਦੇ ਮਰਨੇ ਤੱਕ ਇਸ ਦਾ ਕਾਰਬਾਰ ਅਤੇ ਦਰਬਾਰ ਵਿੱਚ ਇਹੋ ਜਿਹਾ ਜੋਰ ਰਿਹਾ ਜੋ ਇਸ ਨੂੰ ਮਨਜੂਰ ਸਾ, ਸੋਈ ਕੰਮ ਹੁੰਦਾ ਸਾ॥

ਜਾਂ ਮਹਾਰਾਜਾ ਰਣਜੀਤਸਿੰਘ ਮਰਨ ਲੱਗਾ ਤਾਂ ਕੌਰ ਖੜਕਸਿੰਘ ਨੂੰ ਸੱਦਕੇ ਵਜ਼ੀਰ ਧਿਆਨਸਿੰਘ ਦੀ ਬਾਂਹ ਫੜਾਈ, ਅਰ ਆਖਿਆ, ਜੋ ਹੇ ਧਿਆਨਸਿੰਘ ਤੂੰ ਮੇਰਾ ਸੱਚਾ ਵਜ਼ੀਰ ਅਤੇ ਰਾਜ ਦਾ ਰਖਵਾਲਾ ਹੈਂ ਸੋ ਮੈਂ ਸਾਰੀ ਉਮਰ ਵਿੱਚ ਤੇਰੇ ਪੁਰ ਜੋ ਜੋ ਅਸਾਨ ਅਤੇ ਮਿਹਰਬਾਨੀਆਂ ਕੀਤੀਆਂ ਹਨ, ਉਨ੍ਹਾਂ ਦੇ ਬਦਲੇ ਤੂੰ ਇਸ ਮੇਰੇ ਪੁਤ੍ਰ ਖੜਕਸਿੰਘ ਨੂੰ ਖੁਸ਼ ਰੱਖੀਂ ਅਤੇ ਕਦੀ ਇਸ ਦੇ ਨਾਲ ਨਿਮਕਹਰਾਮੀ ਅਤੇ ਬੁਰਿਆਈ ਨਾ ਕਰੀਂ ਅਰ ਇਸ ਨੂੰ ਸਦਾ ਮੇਰੇ ਥਾਂ ਸਮਝਦਾ ਰਹੀਂ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਣਜੀਤਸਿੰਘ ਦੇ ਚਾਲਚਲਨ ਦਾ ਹਾਲ

ਰਣਜੀਤਸਿੰਘ ਪੜ੍ਹਿਆ ਹੋਇਆ ਕੁਝ ਨਹੀਂ ਸਾ,ਪਰ ਤਾਂ ਭੀ ਦਰਬਾਰ ਦੇ ਕਾਗਜ ਸਭ ਆਪ ਬੈਠਕੇ ਸੁਣਦਾ ਹੁੰਦਾ,ਅਰ ਜੋ ਕੁਝ ਠੀਕ ਸਮਝਦਾ,ਉਸ ਪੁਰ ਆਪ ਹੀ ਸੋਚ ਸਮਝਕੇ ਹੁਕਮ ਲਿਖਾਉਂਦਾ ਸਾ । ਜਦ ਹੁਕਮ ਲਿਖ ਚੁੱਕਦੇ ਸੇ, ਤਦ ਦੂਜੀ ਬਾਰ ਫੇਰ ਸੁਣਕੇ ਵਿਚਾਰ ਕਰਦਾ ਸਾ, ਜੋ ਦੇਖਾਂ ਮੁਣਸ਼ੀ ਲੋਕ ਮੇਰੇ ਹੁਕਮ ਨੂੰ ਕੁਝ ਉਲਟਕੇ ਤਾਂ ਨਹੀਂ ਲਿਖ ਗਏ । ਉਹ ਆਪਣੀ ਛੋਟੀ ਉਮਰ ਵਿੱਚ ਹੀ ਸਖੀ ਬਹੁਤ ਸਾ, ਅਤੇ ਆਪਣੇ ਮੁਸਾਹਬਾਂ ਅਤੇ ਹੋਰਨਾਂ ਲੋਕਾਂ ਨੂੰ ਬਹੁਤ ਬਹੁਤ ਨਿਆਮਤਾਂ ਬਖਸ਼ਦਾ ਰਹਿੰਦਾ ਸਾ। ਜੋ ਜਰੂਰੀ ਕੰਮ ਉਸ ਨੂੰ ਰਾਤ ਦੇ ਵੇਲੇ ਯਾਦ ਆਉਂਦੇ ਸੇ, ਉਨ੍ਹਾਂ ਨੂੰ ਉਸੀ ਵੇਲੇ ਲਿਖਾ ਲੈਂਦਾ ਸਾ, ਭਈ ਭਲਕੇ ਭੁੱਲ ਨਾ ਜਾਣ। ਰਾਤ ਨੂੰ ਸੌਣ ਲੱਗਾ ਉਹ ਸਦਾ ਅਜਿਹੇ ਕੰਮ ਸੋਚਦਾ ਸਾ, ਜੋ ਜਿਨ੍ਹਾਂ ਤੇ ਉਸਦਾ ਰਾਜ ਵਧਦਾ ਰਹੇ। ਉਸ ਨੇ ਆਪਣੀ ਚਤੁਰਾਈ ਦੀ ਤੇਜੀ ਨਾਲ ਅਤੇ ਨਿੱਤ ਦੇ ਮੁਹਾਵਰੇ ਨਾਲ ਇੱਕ ਅਜਿਹੀ ਕਰਾਮਾਤ ਉਤਪਤ ਕਰ ਲਈ ਸੀ, ਜੋ ਹੋਰਨਾਂ ਲੋਕਾਂ ਦੀ ਚਤੁਰਾਈ ਅਤੇ ਸਮਰੱਥ ਅਤੇ ਗੁਣ ਸੁਭਾਉ ਨੂੰ ਦੇਖਕੇ ਹੀ ਪਛਾਣ ਲੈਂਦਾ ਸਾ । ਇਹ ਬਹੁਤ ਮਧਰਾ ਆਦਮੀ ਅਤੇ ਅੱਖ ਤੇ ਲਾਵਾਂ ਸਾ, ਸੀਤਲਾ ਦੇ ਦਾਗ ਜੋ ਇਸ ਦੇ ਚੇਹਰੇ ਪੁਰ ਸੇ, ਇਸ ਕਾਰਣ ਇਸ ਦੀ ਸੂਰਤ ਰਤੀ ਬਿਗੜ ਗਈ ਸੀ, ਪਰ ਲੰਬੀ ਦਾੜ੍ਹੀ ਦੇ ਸਬੱਬ, ਜੋ ਇਸ ਦੀ ਧੁੰਨੀ ਤੱਕ ਪੈਂਦੀ ਸੀ, ਇਸ ਦਾ ਮੂੰਹ ਭਰਿਆ ਹੋਇਆ, ਅਤੇ ਸਜਿਆ ਹੋਇਆ ਦਿਸਦਾ ਸਾ। ਇਹ ਲੋਕਾਂ ਨਾਲ ਅਜਿਹਾ ਹੱਸ ਹੱਸਕੇ ਅਤੇ ਨਿਸਕਪਟ ਗੱਲਾਂ ਕਰਦਾ ਸਾ,ਜੋ ਉਸਦੇ ਪ੍ਰੇਮ ਵਿੱਚ ਦਬੇ ਹੋਏ ਲੋਕ ਆਪਣੇ ਦਿਲ ਦੇ ਭੇਦ ਭੀ ਪ੍ਰਗਟ ਕਰ ਬੈਠਦੇ ਸੇ। ਇਸ ਨੂੰ ਘੋੜੇ ਪੁਰ ਚੜ੍ਹਨੇ ਦਾ ਵੱਡਾ ਸ਼ੌਕ ਸਾ, ਇੱਥੇ ਤਕ ਜੋ ਬੁਢੇਪੇ ਦੇ ਸਮੇ ਉਸ ਨੂੰ ਹੋਰ ਲੋਕ ਚੱਕਕੇ ਘੋੜੇ ਪੁਰ ਚੜ੍ਹਾ ਦਿੰਦੇ ਸੇ। ਇਸ ਨੂੰ ਲੜਾਈ ਵਿੱਚ ਛਲਬਲ ਕਰਨੇ ਬਹੁਤ ਯਾਦ ਸੇ, ਅਤੇ ਆਪਣਿਆਂ ਵੈਰੀਆਂ ਨੂੰ ਜਿੱਥੇ ਤਕ ਹੋ ਸਕਦਾ, ਛਲ ਬਲ ਨਾਲ ਮਾਰਦਾ ਸਾ। ਜੁਆਨੀ ਦੀ ਉਮਰ ਵਿੱਚ ਤਾਂ ਇਹ ਵੱਡਾ ਬਲਕਾਰ ਅਰ ਤਕੜਾ ਸਾ, ਪਰ ਬੁਢੇਪੇ ਵਿੱਚ ਬਹੁਤ ਬਲਹੀਣ ਹੋਗਿਆ ਸਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦੀ ਡੌਲ ਚਾਲ ਵੱਡੀ ਸਿੱਧੀ ਸੱਦੀ ਸੀ, ਪਰ ਦਰਬਾਰ ਦੇ ਸਜਾਉਣੇ ਲਈ ਆਪਣਿਆਂ ਮੁਸਾਹਬਾਂ ਨੂੰ ਇਹ ਹੁਕਮ ਦੇ ਛੱਡਿਆ ਸਾ,ਜੋ ਸਭ ਕੋਈ ਹੀਰੇ ਮੋਤੀ ਜੁਆਹਰਾਂ ਨਾਲ ਸਜਕੇ ਦਰਬਾਰ ਵਿੱਚ ਆਇਆ ਕਰਣ। ਇਹ ਸ਼ਰਾਬ ਬਹੁਤ ਪੀਂਦਾ ਅਤੇ ਸੋਹਣੀਆਂ ਸੂਰਤਾਂ ਦੇ ਦੇਖਣੇ ਦਾ ਬਹੁਤ ਸ਼ੌਕ ਰੱਖਦਾ ਸਾ। ਕੈਈ ਲੋਕ ਆਖਦੇ ਹਨ, ਜੋ ਇਹ ਬਹੁਤ ਸ਼ਰਾਬ ਪੀਣੇ ਦੇ ਸਬਬ ਹੀ ਸ਼ਤਾਬੀ ਬੁੱਢਾ ਅਤੇ ਬਲਹੀਣ ਹੋਗਿਆ ਸਾ। ਉਸ ਨੂੰ ਆਪਣੇ ਪੰਥ ਵਧਾਉਣੇ ਦੀ ਬਹੁਤ ਚੌਪ ਸੀ, ਅਰ ਆਪ ਭੀ ਸਿੱਖੀ ਧਰਮ ਵਿੱਚ ਅਜਿਹਾ ਪੱਕਾ ਸਾ, ਜੋ ਨਿੱਤ ਫੇਰ ਸਾਰਾ ਚਿਰ ਗ੍ਰੰਥਸਾਹਬ ਸੁਣਦਾ ਰਹਿੰਦਾ ਸਾ। ਇਹ ਦੁਸ਼ਾਲਿਆਂ ਅਤੇ ਲੂਣ ਦੀ ਸੁਦਾਗਰੀ ਆਪ ਕਰਦਾ ਹੁੰਦਾ ਸਾ। ਅਤੇ ਇਹ ਕੋਈ ਕੰਮ ਆਪਣਾ ਨਜੂਮੀਆਂ ਅਰ ਜੋਤਸੀਆਂ ਦੇ ਪੁੱਛੇ ਬਿਨਾ ਨਹੀਂ ਕਰਦਾ ਸਾ। ਰਾਜ ਦੀ ਆਮਦਨੀ ਦਾ ਦਸਵੰਧ ਮੰਦਿਰਾਂ ਮਸੀਤਾਂ ਦੇਹਰਿਆਂ ਅਰ ਪਾਠਸ਼ਾਲਾਂ ਲਈ ਪੁੰਨ ਕੀਤਾ ਹੋਇਆ ਸਾ। ਇਹ ਹਿੰਦੂ ਮੁਸਲਮਾਨ ਈਸਾਈ ਸਾਰਿਆਂ ਨੂੰ ਆਪਣੀ ੨ ਥਾਵੇਂ ਰਾਜੀ ਰਖਦਾ, ਅਰ ਬ੍ਰਾਹਮਣਾਂ ਪੀਰਾਂ ਫਕੀਰਾਂ ਤੋਂ ਬਹੁਤ ਡਰਦਾ ਭੀ ਰਹਿੰਦਾ ਸਾ, ਉਸ ਤੇ ਪਹਿਲਾਂ ਤੇਰਾਂ ਵਰਿਹਾਂ ਦੀ ਉਮਰ ਵਿੱਚ, ਜਦ ਇਹ ਗੱਦੀ ਪੁਰ ਬੈਠਾ ਸਾ, ਇੱਕ ਇਹ ਕੰਮ ਬਹੁਤ ਬੁਰਾ ਹੋਗਿਆ ਸਾ, ਜੋ ਲੱਖੂ ਨਾਮੇ ਦਿਵਾਨ ਨੂੰ ਜੋ ਇਸ ਦੇ ਪਿਤਾ ਦਾ ਦਿਵਾਨ ਸਾ, ਨੌਕਰੀ ਤੇ ਹਟਾ ਦਿੱਤਾ ਸਾ, ਅਰ ਫੇਰ ਉਸ ਨੂੰ ਕਟਾਸ ਦੀ ਮੁਹਿੰਮ ਵਿੱਚ ਭੇਜਿਆ, ਜੋ ਜਿੱਥੇ ਉਹ ਬਿਚਾਰਾ ਮਰ ਗਿਆ। ਲੋਕਾਂ ਨੇ ਰਣਜੀਤਸਿੰਘ ਦੇ ਪਾਸ ਇਹ ਬਾਤ ਪਰਗਟ ਕੀੱਤੀ ਹੋਈ ਸੀ, ਜੋ ਇਹ ਦਿਵਾਨ ਤੁਸਾਡੀ ਮਾਈ ਨਾਲ ਰਲਿਆ ਹੋਇਆ ਹੈ, ਇਸ ਕਾਰਨ ਉਸਨੇ ਆਪਣੀ ਮਾਊਂ ਨੂੰ ਜਹਿਰ ਦੁਆਕੇ ਮਾਰ ਦਿੱਤਾ ਸਾ॥

ਮਹਾਰਾਜੇ ਖੜਕਸਿੰਘ ਦਾ ਹਾਲ

ਮਹਾਰਾਜੇ ਰਣਜੀਤਸਿੰਘ ਦੇ ਪਿੱਛੋਂ ਖੜਕਸਿੰਘ ਗੱਦੀ ਪੁਰ ਬੈਠਾ। ਇਹ ਜੋ ਵਜੀਰ ਧਿਆਨਸਿੰਘ ਦੇ ਸੁਭਾਉ ਨੂੰ ਚੰਗੀ ਤਰ੍ਹਾਂ ਜਾਣਦਾ ਸਾ, ਉਸ ਦਾ ਜੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟਾਉਣ ਲਈ ਪਹਿਲਾਂ ਉਸ ਨੂੰ ਇਹ ਗੱਲ ਆਖੀ, ਜੋ ਤੁਸੀਂ ਸਾਡੇ ਜਨਾਨੇ ਮਹਿਲਾਂ ਵਿੱਚ ਨਾ ਜਾਇਆ ਕਰੋ। ਅਰ ਇਹ ਭੀ ਆਖਿਆ ਜੋ ਤੁਸੀਂ ਮੇਰੀ ਇਸ ਗੱਲ ਤੇ ਦਿਲ ਵਿੱਚ ਤੰਗ ਨਾ ਹੋਣਾ, ਕਿੰਉਂ ਜੋ ਮੈਂ ਤੁਸਾਡਾ ਹੋਰ ਹੁਕਮ ਹਾਸਲ ਕੁਝ ਘੱਟ ਨਹੀਂ ਹੋਣ ਦੇਵਾਂਗਾ। ਧਿਆਨਸਿੰਘ ਨੇ ਇਸ ਗੱਲਨੂੰ ਸੁਣਕੇ ਦਿਲ ਵਿੱਚ ਬਹੁਤ ਬੁਰਾ ਮੰਨਿਆਂ, ਬਲਕ ਉਸੀ ਦਿਨ ਤੇ ਦੋਹਾਂ ਦੇ ਦਿਲ ਵਿੱਚ ਫਰਕ ਬੈਠ ਗਿਆ, ਇੱਥੇ ਤਕ ਜੋ ਇੱਕ ਦੂਜੇ ਵਿੱਚ ਵੈਰ ਉਤਪਤ ਹੋਗਿਆ॥

ਥੋਹੜੇ ਦਿਨਾਂ ਪਿੱਛੋਂ ਚੇਤਸਿੰਘ ਨਾਮੇ ਇੱਕ ਮਨੁੱਖਨੇ ਜੋਜਿਸਨੂੰ ਖੜਕ-ਸਿੰਘ ਪਿਆਰਾ ਜਾਣਦਾ ਸਾ, ਖੜਕਸਿੰਘ ਨੂੰ ਆਖਿਆ ਜੋ ਵਜੀਰ ਧਿਆਨ-ਸਿੰਘ ਆਖਦਾ ਹੈ, ਜੋ ਜਦ ਤਕ ਮੈਨੂੰ ਪੁਰਾਣੀ ਚਾਲ ਅਨੁਸਾਰ ਸਾਰੀ ਆਗਿਆ ਕਾਰੀ ਨਹੀਂ ਮਿਲੇਗੀ, ਤਦ ਤਕ ਮੈਂ ਵਜੀਰੀ ਦਾ ਕੰਮ ਚੰਗੀ ਤਰ੍ਹਾਂ ਨਹੀਂ ਕਰਾਂਗਾ। ਅਤੇ ਐਹੀਓ ਜਿਹੀਆਂ ਹੋਰ ਭੀ ਕੈਈ ਗੱਲਾਂ ਕਰਕੇ ਵਜੀਰ ਵੱਲੋਂ ਖੜਕਸਿੰਘ ਨੂੰ ਬਹਿਕਾ ਦਿੱਤਾ॥

ਜਾਂ ਧਿਆਨਸਿੰਘ ਨੇ ਸੋਚਿਆ ਜੋ ਮੈਨੂੰ ਖੜਕਸਿੰਘ ਬਹੁਤ ਦੁੱਖ ਦੇਵੇਗਾ, ਤਾਂ ਉਸ ਨੇ ਆਪਣੇ ਬਚਾਉ ਲਈ ਇਹ ਤਦਬੀਰ ਕੀਤੀ, ਜੋ ਸਭ ਜਗਾਂ ਇਹ ਗੱਲ ਪਰਗਟ ਕਰ ਦਿੱਤੀ, ਜੋ ਖੜਕਸਿੰਘ ਅਤੇ ਚੇਤਸਿੰਘ ਨੇ ਅੰਗਰੇਜਾਂ ਨਾਲ ਇੱਕ ਸਲਾਹ ਕੀਤੀ ਹੈ, ਅਰ ਉਨ੍ਹਾਂ ਤੇ ਡਰਦੇ ਮਾਰੇ ਛੇ ਆਨੀ ਦੇਣੀ ਕਬੂਲ ਕਰ ਲਈ ਹੈ, ਸੋ ਹੁਣ ਸਾਰੀ ਫੌਜ ਅਰ ਸਭਨਾਂ ਅਫਸਰਾਂ ਅਤੇ ਸਰਦਾਰਾਂ ਨੂੰ ਇਹ ਬਨੌਕਰ ਕਰ ਦੇਵੇਗਾ। ਇਹ ਖਬਰ ਸਾਰੇ ਲਹੌਰ ਵਿੱਚ ਉੱਘੀ ਹੋ ਗਈ ਅਤੇ ਖਾਲਸੇ ਦਾ ਪੰਥ ਖੜਕਸਿੰਘ ਨੂੰ ਬੁਰੇਭਲੇ ਵਾਕ ਕਹਿਣ ਲੱਗ ਪਿਆ, ਫੇਰ ਧਿਆਨਸਿੰਘ ਨੇ ਕੌਰ ਨੌਨਿਹਾਲਸਿੰਘ ਨੂੰ ਪਸ਼ੌਰ ਤੇ ਬੁਲਾ-ਇਆ ਅਰ ਉਸ ਦੇ ਨਾਲ ਹੀ ਰਾਜਾ ਗੁਲਾਬਸਿੰਘ ਭੀ ਲਹੌਰ ਵਿੱਚ ਜਾ ਵੜਿਆ॥

ਵਜੀਰ ਅਤੇ ਉਸ ਦੇ ਭਿਰਾ ਗੁਲਾਬਸਿੰਘ ਨੇ ਨੌਨਿਹਾਲਸਿੰਘ ਅਤੇ ਉਸ ਦੀ ਮਾਉਂ ਅਰ ਮਹਾਰਾਜੇ ਖੜਕਸਿੰਘ ਨੂੰ ਐਹਾ ਬਹਿਕਾਇਆ, ਜੋ ਉਨ੍ਹਾਂ ਤੇ ਚੇਤਸਿੰਘਦੇ ਮਾਰ ਸਿੱਟਣੇ ਦੀ ਆਗਿਆ ਲੈ ਲਈ, ਕੌਰ ਨੌਨਿਹਾਲਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਤਿਸ ਦੀ ਮਾਉਂ ਨੇ ਇਹ ਭੀ ਆਖ ਦਿੱਤਾ, ਜੋ ਮਹਾਰਾਜੇ ਖੜਕਸਿੰਘ ਨੂੰ ਕੈਦ ਕਰ ਲਵੇ ਅਥਵਾ ਕਿਸੀ ਹੋਰ ਤਰ੍ਹਾਂ ਇਸ ਨੂੰ ਰਾਜ ਦੇ ਕੰਮ ਕਾਰ ਤੇ ਉਤਾਰੂ ਕਰ ਦੇਵੇ ॥

ਉਨ੍ਹਾਂ ਨੇ ਕੌਰ ਨੌਨਿਹਾਲਸਿੰਘ ਅਤੇ ਤਿਸ ਦੀ ਮਾਉਂ ਨੂੰ ਖੜਕਸਿੰਘ ਦੀ ਮੁਹਰ ਦੇ ਕੇਈ ਝੂਠੇ ਖ਼ਤ ਲਿਖਕੇ ਦਿਖਾਲੇ, ਜੋ ਦੇਖੋ ਉਹ ਇਹ ਖਤ ਭੇਜਕੇ ਅੰਗਰੇਜਾਂ ਨਾਲ ਮਿਲਦਾ ਹੈ। ਨੌਨਿਹਾਲਸਿੰਘ ਦੀ ਮਾਂ ਅੰਗਰੇਜਾਂ ਦਾ ਨਾਉਂ ਸੁਣਕੇ ਅਜਿਹੀ ਡਰੀ, ਜੋ ਉਸ ਨੇ ਆਪਣੇ ਭਰਤੇ ਨੂੰ ਕੈਦ ਰੱਖਣਾ ਚੰਗਾ ਸਮਝਿਆ ॥

ਜਾਂ ਇਹ ਸਲਾਹ ਪੱਕੀ ਹੋ ਗਈ, ਤਾਂ ਵਜੀਰ ਧਿਆਨਸਿੰਘ ਆਪਣਿਆਂ ਭਰਾਵਾਂ ਦੇ ਨਾਲ ਦੋ ਘੜੀਆਂ ਦੇ ਤੜਕੇ ਕਿਲੇ ਵਿੱਚ ਉਸ ਜਾਗਾ ਪੁਰ ਜਾ ਪਹੁੰਚਾ ਜਿੱਥੇ ਮਹਾਰਾਜਾ ਖੜਕਸਿੰਘ ਸੌਂਦਾ ਹੁੰਦਾ ਸਾ। ਇੱਥੇ ਇਨ੍ਹਾਂ ਨੇ ਚੇਤ-ਸਿੰਘ ਨੂੰ ਵੱਢਕੇ ਖੜਕਸਿੰਘ ਨੂੰ ਕੈਦ ਕਰ ਲਿਅੰਦਾ। ਦਿਨ ਚੜ੍ਹਦੇ ਹੀ ਖੜਕਸਿੰਘ ਨੂੰ ਕਿਲੇ ਵਿੱਚ ਕੇਦ ਕਰਕੇ ਉਸ ਦੇ ਪੁਤ੍ਰ ਨੌਨਿਹਾਲਸਿੰਘ ਨੂੰ ਗੱਦੀ ਪੁਰ ਬਿਠਾਲਿਆ ॥

ਨੌਨਿਹਾਲਸਿੰਘ ਦਾ ਹਾਲ

ਥੋਹੜੇ ਦਿਨਾਂ ਪਿੱਛੋਂ ਧਿਆਨਸਿੰਘ ਨੇ ਨੌਨਿਹਾਲਸਿੰਘ ਦਾ ਦਿਲ ਵਧਾ-ਉਣੇ ਲਈ ਸਾਧਾਂ ਬ੍ਰਾਹਮਣਾਂ ਅਰ ਜੋਤਸੀਆਂ ਨੂੰ ਉਸ ਦੇ ਕੋਲ ਭੇਜਕੇ ਇਹ ਗੱਲ ਕਹਾਈ, ਜੋ ਮਹਾਰਾਜ ਹੁਣ ਥੋਹੜੇ ਦਿਨਾਂ ਤਾਈਂ ਲਹੌਰ ਤੇ ਲੈਕੇ ਦਿੱਲੀ ਅਤੇ ਬਨਾਰਸ ਤਕ ਤੁਸਾਡਾ ਹੀ ਰਾਜ ਹੋ ਜਾਣਾ ਹੈ। ਇਸ ਤਰ੍ਹਾਂ ਧਿਆਨਸਿੰਘ ਕੌਰ ਦੇ ਦਿਲ ਨੂੰ ਵਧਾਉਂਦਾ ਅਤੇ ਖੜਕਸਿੰਘ ਵੱਲੋਂ ਦਿਲ ਵਿੱਚ ਭਰਮ ਪਾਉਂਦਾ ਹੁੰਦਾ ਸਾ। ਅਰ ਉਸ ਦੇ ਬਹਿਕਾਉਣੇ ਅਨੁਸਾਰ ਉਹ ਖੜਕਸਿੰਘ ਵੱਲੋਂ ਅਜਿਹਾ ਗੁੱਸੇ ਹੋ ਰਿਹਾ ਸਾ, ਜੇ ਉਸ ਦਾ ਨਾਮ ਭੀ ਦਰਬਾਰ ਵਿੱਚ ਕੋਈ ਲਵੇ, ਤਾਂ ਇਹ ਬੁਰੀ ਤਰ੍ਹਾਂ ਨਾਲ ਨਾਮ ਲੈਂਦਾ ਸਾ ॥

ਫੇਰ ਥੋਹੜੇ ਦਿਨਾਂ ਪਿੱਛੋਂ ਧਿਆਨਸਿੰਘ ਨੇ ਇਹ ਗੱਲ ਪਰਗਟ ਕੀਤੀ ਜੋ ਮਹਾਰਾਜ ਖੜਕਸਿੰਘ ਬਿਮਾਰ ਹੈ, ਅਰ ਆਪ ਹੀ ਉਸ ਦੇ ਲਈ ਅਜਿਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਮ ਠਹਿਰਾ ਦਿੱਤੇ,ਜੋ ਉਨ੍ਹਾਂਨੇ ਬਿਚਾਰੇ ਦਾ ਪੱਕਾ ਇਲਾਜ ਕੀਤਾ, ਅਰਥਾਤ ਧਿਆਨਸਿੰਘ ਦੇ ਕਹੇ ਅਨੁਸਾਰ ਉਨ੍ਹਾਂ ਨੇ ਇੱਕ ਅਜਿਹੀ ਜਹਿਰ ਦੀ ਪੁੜੀ ਦਿੱਤੀ, ਜੋ ਸਨ ੧੯੪੦ ਈਸਵੀ ਵਿੱਚ ਨੁਅੰਬਰਦੇ ਮਹੀਨੇ ਉਹ ਮਰ ਗਿਆ ॥ ਉਸਵੇਲੇ ਨੌਨਿਹਾਲਸਿੰਘ,ਜੋ ਕਿਸੀ ਸਬੱਬ ਤੇ ਲਹੌਰ ਵਿੱਚ ਨਹੀਂ ਸਾ ਮਹਾਰਾਜੇ ਖੜਕਸਿੰਘ ਨੇ ਤਿਸਨੂੰ ਯਾਦ ਕੀਤਾ, ਜੋ ਨੌਨਿਹਾਲਸਿੰਘ ਨੂੰ ਮੇਰੇ ਪਾਸ ਲਿ-ਆਓ, ਮੈਂ ਉਸਨੂੰ ਆਪਣਾ ਖ਼ੂਨ ਮਾਫ਼ ਕਰਾਂਗਾ। ਇਸਤੇ ਮਲੂਮ ਹੁੰਦਾ ਹੈ, ਜੋ ਉਸਨੂੰ ਇਹ ਯਕੀਨ ਹੋਗਿਆ ਸਾ, ਜੋ ਮੈਨੂੰ ਮੇਰੇ ਪੁਤ੍ਰ ਨੌਨਿਹਾਲ ਸਿੰਘ ਨੇ ਹੀ ਕੈਦ ਕੀੱਤਾ ਅਤੇ ਮਾਰਿਆ ਹੈ। ਜਾਂ ਨੌਨਿਹਾਲਸਿੰਘ ਪਿਉ ਦੇ ਮਰਨੇ ਪਿੱਛੋਂ ਲਹੌਰ ਵਿੱਚ ਆਇਆ, ਤਾਂ ਪੁੱਛਿਆ ਜੋ ਬਾਪੂ ਹੋਰਾਂ ਨੇ ਮਰਨੇ ਦੇ ਵੇਲੇ ਮੈਨੂੰ ਯਾਦ ਕੀੱਤਾ ਸਾ ਕਿ ਨਹੀਂ, ਤਾਂ ਧਿਆਨ ਨੇ ਕਿਹਾ ਜੋ ਮਰਨੇ ਦੇ ਵੇਲੇ ਉਨ੍ਹਾਂ ਨੂੰ ਸੁਦਾਉ ਹੋ ਗਿਆ ਸਾ, ਇਸ ਸਬੱਬ ਜੋ ਕੁਝ ਉਸਦੇ ਮੂੰਹੋਂ ਨਿਕਲਦਾ ਸਾ, ਉਹ ਸੁਨਾਉਣੇ ਲਾਇਕ ਨਹੀਂ, ਕਿਉਂ ਜੋ ਉਹ ਤੁਸਾਡੀ ਬਾਬਤ ਬੁਰੀਆਂ ਗੱਲਾਂ ਕਹਿੰਦਾ ਸਾ। ਹਾਇ ਹਾਇ! ਉਸ ਪਾਪੀ ਧਿਆਨਸਿੰਘ ਨੇ ਜੀਉਂਦੇ ਜੀ, ਜੋ ਨੌ-ਨਿਹਾਲਸਿੰਘ ਨੂੰ ਖੜਕਸਿੰਘ ਨਾਲੋਂ ਫਾੜ ਛੱਡਿਆ ਸਾ, ਉਹ ਤਾਂ ਇੱਕ ਵੱਲ ਰਿਹਾ, ਉਸਦੇ ਮਰਨੇ ਪਿੱਛੋਂ ਭੀ, ਇਸ ਨੂੰ ਪਿਉ ਨਾਲ ਗੁੱਸੇ ਹੀ ਰੱਖਿਆ। ਫੇਰ ਨੌਨਿਹਾਲਸਿੰਘ ਨੇ ਆਪ ਆਕੇ ਪਿਉ ਨੂੰ ਦਾਹ ਦਿੱਤਾ ਅਰ ਸਭ ਕੰਮ ਕਾਰ ਆਪਣੇ ਧਰਮ ਦੇ ਪੂਰੇ ਕੀੱਤੇ। ਜਾਂ ਉਥੋਂ ਸਭ ਕੰਮ ਕਾਰ ਪੂਰੇ ਕਰਕੇ ਸ਼ਹਿਰ ਨੂੰ ਹਟੇ, ਤਾਂ ਕੈਈ ਸਿੰਘ ਸਰਦਾਰ ਉਸਦੇ ਨਾਲ ਸੇ, ਖਾਸ ਕਰਕੇ ਮੀਆਂ ਊਧਮ ਸਿੰਘ, ਜੋ ਰਾਜਾ ਗੁਲਾਬਸਿੰਘ ਦਾ ਵੱਡਾ ਪੁਤ੍ਰ ਸਾ, ਨੌਨਿਹਾਲਸਿੰਘ ਦੇ ਨਾਲ ਚਲਿਆ ਆਉਂਦਾ ਸਾ। ਜਾਂ ਸ਼ਹਿਰ ਦੇ ਰੌਸ਼ਨਾਈ ਦਰਵਾਜ਼ੇ ਵਿੱਚ ਪਹੁੰਚੇ, ਤਾਂ ਦਰਵਾਜ਼ੇ ਦਾ ਬੰਨਾਂ ਅਜਿਹਾ ਟੁੱਟਿਆ, ਜੋ ਊਧਮਸਿੰਘ ਤਾਂ ਉਸਦੀ ਸੱਟ ਨਾਲ ਉੱਥੇ ਹੀ ਮਰ ਗਿਆ ਅਰ ਕੌਰ ਨੌਨਿਹਾਲਸਿੰਘ ਨੂੰ ਪਾਲਕੀ ਵਿਚ ਪਾਕੇ ਧਿਆਨਸਿੰਘ ਕਿਲੇ ਵਿੱਚ ਲੈ ਗਿਆ। ਖਬਰ ਨਹੀਂ ਉਹ ਪਾਲਕੀ ਉੱਥੇ ਪੈਹਲਾਂ ਹੀ ਕਿਉਂ ਰਖਾਇ ਛੱਡੀ ਸੀ। ਜਾਂ ਕਿਲੇ ਦੇ ਅੰਦਰ ਜਾ ਵੜੇ ਤਾਂ ਦਰਵਾਜ਼ਾ ਬੰਦ ਕਰਕੇ ਹੁਕਮ ਦਿੱਤਾ,ਜੋ ਕੋਈ ਅੰਦਰ ਨਾ ਆਵੇ। ਭਾਵੇਂ ਲਹਿਣਾਸਿੰਘ ਮਜੀਠੀਏ ਅਤੇ ਹੋਰਨਾਂ ਸਰਦਾਰਾਂ ਨੇ ਪਾਲਕੀ ਦੇ ਨਾਲ ਅੰਦਰ ਵੜਨੇ ਦਾ ਬਹੁਤ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਾਦਾ ਕੀੱਤਾ, ਪਰ ਧਿਆਨਸਿੰਘ ਨੇ ਕਿਸੀ ਨੂੰ ਨਾ ਵੜਨ ਦਿੱਤਾ। ਹੋਰ ਸਰਦਾਰ ਤਾਂ ਇੱਕ ਵੱਲ ਰਹੇ, ਸਗੋਂ ਉਸਦੀ ਮਾਊਂ ਅਤੇ ਭਰਾਉ ਭੀ, ਜਾਂ ਉਸਦੀ ਖਬਰ ਲੈਨ ਆਏ, ਤਾਂ ਦਰਵਾਜ਼ੇ ਵਿੱਚ ਹੀ ਅਟਕਾਏ ਗਏ। ਉਸ ਵੇਲੇ ਦਰਵਾਜ਼ੇ ਪੁਰ ਹਾਇ ਹਾਇ ਅਤੇ ਰੋਣਾ ਪਿੱਟਣਾ ਬਹੁਤ ਹੁੰਦਾ ਸਾ, ਪਰ ਹੱਤਯਾਰੇ ਧਿਆਨ ਸਿੰਘ ਨੇ ਸਾਰਾ ਚੀਹਾਵੱਟ ਸੁਣਕੇ ਭੀ ਅੰਦਰ ਨਾ ਵੜਨ ਦਿੱਤਾ। ਬੋਹੜੀ ਦੇਰ ਪਿੱਛੋਂ ਸਭ ਸਰਦਾਰ ਲਚਾਰ ਹੋਕੇ ਅਪਣੇ ਘਰਾਂ ਨੂੰ ਹਟ ਗਏ। ਫੇਰ ਜਾਂ ਨੌ-ਨਿਹਾਲਸਿੰਘ ਮਰ ਗਿਆ ਤਾਂ ਧਿਆਨਸਿੰਘ ਚੋਰੀ ਉਸਦੀ ਮਾਊਂ ਪਾਸ ਆਕੇ ਆਖਣ ਲੱਗਾ, ਜੋ ਹੁਣ ਤੇਰਾ ਪੁੱਤ ਤਾਂ ਮਰ ਚੁੱਕਿਆ ਹੈ, ਪਰ ਜੇ ਹੁਣੇ ਇਸ ਗੱਲ ਨੂੰ ਪਰਗਟ ਕਰਦੇ ਹਾਂ, ਤਾਂ ਸਿੰਘ ਲੋਕ ਰਾਜ ਵਿੱਚ ਵੱਡਾ ਰੌਲਾ ਪਾ ਦੇਣ ਗੇ। ਸੋ ਮੇਰੀ ਇਹ ਸਲਾਹ ਹੈ, ਜੋ ਹਾਲ ਇਸ ਗੱਲਨੂੰ ਛਪਾਛੱਡੋ ਅਰ ਤੁਸੀਂ ਗੱਦੀ ਪੁਰ ਬੈਠੋ, ਅਸੀਂ ਸਭ ਲੋਕ ਤੁਸਾਡੇ ਹੁਕਮ ਅਨੁਸਾਰ ਕੰਮ ਕਾਰ ਕਰਾਂਗੇ। ਗੱਲ ਕਾਹਦੀ ਉਹ ਇਸ ਤਰ੍ਹਾਂ ਉਸਨੂੰ ਸੁਣਾ ਸਮਝਾ ਕੇ ਆਪਣੇ ਘਰ ਨੂੰ ਗਿਆ ਅਤੇ ਸਭਨਾਂ ਮੁਸਾਹਬਾਂ ਨੂੰ ਬੁਲਾਕੇ ਸਾਰਾ ਹਾਲ ਸੁਣਾਇਆ ਅਤੇ ਵੱਡੀ ਭਾਰੀ ਤਗੀਦ ਕੀੱਤੀ, ਜੋ ਹਾਲ ਇਸ ਖਬਰ ਨੂੰ ਪਰਗਟ ਨਾ ਹੋਣ ਦੇਵੇ॥

ਇਸ ਤੇ ਪਿੱਛੋਂ ਧਿਆਨਸਿੰਘ ਨੇ ਉਸੀ ਵੇਲੇ ਇੱਕ ਚਿੱਠੀ ਲਿਖ ਕੇ ਮਹਾਰਾਜੇ ਸ਼ੇਰਸਿੰਘ ਨੂੰ ਸ਼ਹਿਰ ਵਟਾਲੇ ਤੇ ਬੁਲਾਉਣੇ ਲਈ ਭੇਜੀ ਅਰ ਉਸ ਵਿੱਚ ਇਹ ਗੱਲ ਲਿਖੀ, ਜੁ ਜੇ ਆਪ ਲਹੌਰ ਦੇ ਪਾਦਸ਼ਾਹ ਹੋਣਾ ਚਾਂਹਦੇ ਹੋ, ਤਾਂ ੨੪ ਘੰਟਿਆਂ ਦੇ ਅੰਦਰ ਲਹੌਰ ਵਿਚ ਆਜਾਓ। ਜਾਂ ਸ਼ੇਰ ਸਿੰਘ ਲਹੌਰ ਵਿੱਚ ਆ ਪੌਂਹਚਾ, ਤਾਂ ਫੇਰ ਨੌਨਿਹਾਲਸਿੰਘ ਦੇ ਮਰਨੇ ਦੀ ਖਬਰ ਪਰਗਟ ਕੀੱਤੀ। ਜਦ ਤਕ ਸ਼ੇਰਸਿੰਘ ਲਹੌਰ ਵਿੱਚ ਨਹੀਂ ਵੜਿਆ ਸਾ, ਤਦ ਤਕ ਨੌਨਿਹਾਲਸਿੰਘ ਦੀ ਬਾਬਤ ਇਹੀ ਪਰਗਟ ਕਰਦੇ ਰਹੇ, ਜੋ ਉਹ ਸੱਟ ਲਗਨੇ ਦੇ ਸਬੱਬ ਮਾਂਦਾ ਹੈ॥

ਨੌਨਿਹਾਲਸਿੰਘ ਦੇ ਮਰਨੇ ਪਿੱਛੋਂ ਜਾਂ ਰਾਜ ਵਿੱਚ ਬਿਗਾੜ ਪੈਣ ਲੱਗਾ, ਤਾਂ ਧਿਆਨ ਸਿੰਘ ਨੇ ਇਹ ਗੱਲ ਸੋਚੀ, ਭਈ ਜੇ ਚੰਦਕੌਰ ਗੱਦੀ ਪੁਰ ਬੈਠੇਗੀ ਤਾਂ ਸੰਧਾਂਵਾਲੀਏ ਮੈਨੂੰ ਅਰ ਮੇਰੇ ਭਰਾਵਾਂ ਨੂੰ ਸਾਡੇ ਹੁੱਦੇ ਤੇ ਡੇਗ ਦੇਣਗੇ, ਇਸ ਕਾਰਣ ਸਾਰੇ ਸਰਦਾਰਾਂ ਨੂੰ ਬੁਲਾਕੇ ਹੋਰ ਹੀ ਪੱਟੀ ਪੜ੍ਹਾਉਣ ਲੱਗ ਪਿਆ, ਭਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਸਿੱਖੋ ਇਹ ਗੱਲ ਚੰਗੀ ਨਹੀਂ ਮਲੂਮ ਹੁੰਦੀ, ਜੋ ਖਾਲਸੇ ਦੇ ਪੰਥ ਉੱਤੇ ਤ੍ਰੀਮੀ ਹੁਕਮ ਚਲਾਵੇ। ਇਸ ਲਈ ਇਹ ਗੱਲ ਜੋਗ ਹੈ, ਜੋ ਰਾਜ ਦੀ ਗੱਦੀ ਪੁਰ ਮਹਾਰਾਜੇ ਸ਼ੇਰਸਿੰਘ ਨੂੰ, ਜੋ ਸਾਡੀ ਸਰਕਾਰ ਮਹਾਰਾਜੇ ਰਣਜੀਤਸਿੰਘ ਦਾ ਪੁੱਤ੍ਰ ਹੈ, ਬਠਲਾਈਏ। ਇਹ ਆਖ ਕੇ ਥੋਹੜੀ ਜਿਹੀ ਫੌਜ ਨੂੰ ਆਪਣੀ ਵੱਲ ਕਰ ਲਿਆ ਅਤੇ ਸ਼ੇਰਸਿੰਘ ਨੂੰ ਗੱਦੀ ਦੇਣ ਦੀ ਤਤਬੀਰ ਕਰਨ ਲੱਗਾ। ਇਹ ਗੱਲ ਸੁਣਕੇ ਸੰਧਾਂਵਾਲੀਏ ਅਤੇ ਰਾਜਾ ਗੁਲਾਬਸਿੰਘ ਮਾਈ ਚੰਦਕੌਰ ਦੀ ਕੁੰਮਕ ਲਈ ਤਯਾਰ ਹੋਏ। ਧਿਆਨਸਿੰਘ ਨੇ ਫਸਾਦ ਪੈਂਦਾ ਦੇਖਕੇ ਸ਼ੇਰਸਿੰਘ ਨੂੰ ਆਖਿਆ, ਜੋ ਇਸ ਵੇਲੇ ਜੋ ਵੱਡਾ ਭਾਰਾ ਝਗੜਾ ਉੱਠਣਵਾਲਾ ਹੈ, ਇਸ ਕਾਰਨ ਤੁਹਾਨੂੰ ਗੱਦੀ ਦੇਣੀ ਕਠਨ ਹੈ। ਸੋ ਹੁਣ ਤੁਸੀਂ ਵਟਾਲੇ ਨੂੰ ਚਲੇ ਜਾਓ, ਮੈਂ ਗੱਦੀ ਦੇਣੇ ਦਾ ਪੱਕਾ ਉਪਾਉ ਕਰਕੇ ਤੁਹਾਨੂੰ ਬੁਲਾਵਾਂਗਾ। ਇਹ ਸੁਣਕੇ ਸ਼ੇਰਸਿੰਘ ਵਟਾਲੇ ਨੂੰ ਮੁੜ ਗਿਆ ਅਰ ਆਪ ਆਪਣੇ ਵਕੀਲਾਂ ਅਤੇ ਭੇਤੀਆਂ ਨੂੰ ਲਹੌਰ ਛੱਡਕੇ ਜੰਮੂ ਨੂੰ ਚਲਿਆ ਗਿਆ। ਅਰ ਆਪਣੇ ਲੋਕਾਂ ਨੂੰ ਇਹ ਭੀ ਆਖ ਗਿਆ, ਜੋ ਤੁਸੀਂ ਫੌਜ ਨੂੰ ਸ਼ੇਰਸਿੰਘ ਦੀ ਕੁੰਮਕ ਵਾਸਤੇ ਤਿਆਰ ਕਰਕੇ ਮੈਨੂੰ ਖਬਰ ਭੇਜਣੀ॥

ਧਿਆਨਸਿੰਘ ਦੇ ਆਦਮੀਆਂ ਨੇ ਇੱਕ ਮਹੀਨੇ ਪਿੱਛੋਂ ਜੰਮੂ ਵਿਖੇ ਧਿਆਨਸਿੰਘ ਨੂੰ ਖਬਰ ਭੇਜੀ, ਜੋ ਅਸੀਂ ਫੌਜ ਨੂੰ ਤੁਸਾਡੀ ਕੁੰਮਕ ਵਾਸਤੇ ਤਿਆਰ ਕਰ ਛੱਡਿਆ ਹੈ, ਤੁਸੀਂ ਸ਼ੇਰਸਿੰਘ ਨੂੰ ਨਾਲ ਲੈਕੇ ਲਹੌਰ ਵਿਖੇ ਆ ਜਾਓ। ਇਹ ਸੁਣਕੇ ਧਿਆਨਸਿੰਘ ਨੇ ਸ਼ੇਰਸਿੰਘ ਵੱਲ ਵਟਾਲੇ ਲਿਖ ਭੇਜਿਆ ਜੋ ਤੁਸੀਂ ਸ਼ਾਲਾਬਾਗ ਵਾਲੇ ਦਰਵਾਜੇ ਪਾਸ ਆਕੇ ਤਿਆਰ ਰਹੋ, ਮੈਂ ਉੱਥੇ ਫੌਜ ਲੈਕੇ ਤੁਹਾਨੂੰ ਮਿਲਾਂਗਾ। ਜਾਂ ਸ਼ੇਰਸਿੰਘ ਆਪਣਾ ਤਿੰਨਕੁ ਸੌ ਘੋੜ ਚੜ੍ਹਾ ਲੈਕੇ ਲਹੌਰ ਸ਼ਾਲਾਬਾਗ ਦੇ ਦਰਵਾਜੇ ਪੁਰ ਪੌਂਹਚਾ, ਤਾਂ ਉੱਥੇ ਧਿਆਨਸਿੰਘ ਨੂੰ ਨਾ ਦੇਖਕੇ ਬਹੁਤ ਉਦਾਸ ਹੋਇਆ। ਜੁਆਲਾ ਸਿੰਘ ਨਾਮੇ ਇਸਦੇ ਇੱਕ ਮੁਸਾਹਬ ਨੇ ਤਿਸਨੂੰ ਕਿਹਾ, ਜੋ ਤੁਸੀਂ ਉਦਾਸ ਨਾ ਹੋਵੋ, ਮੈਂ ਹੁਣੇ ਸਾਰੀ ਫੌਜ ਨੂੰ ਤੁਸਾਡੀ ਕੁੰਮਕ ਵਾਸਤੇ ਮੀਆਂਮੀਰ ਦੀ ਛਾਉਣੀ ਤੇ ਲਿਆਉਂਦਾ ਹਾਂ। ਫੌਜ ਨੇ ਪਹਿਲਾਂ ਤਾਂ ਧਿਆਨਸਿੰਘ ਦੇ ਹੁਕਮ ਤੇ ਬਿਨਾਂ ਸ਼ੇਰਸਿੰਘ ਦੀ ਕੁੰਮਕ ਕਰਨੇ ਨੂੰ ਕਬੂਲ ਨਾ ਕੀਤਾ ਪਰ ਫੇਰ ਜੁਆਲਾਸਿੰਘ ਦੇ ਸਮਝਾਉਣੇ ਕਰਕੇ ਫੌਜ ਸ਼ੇਰਸਿੰਘ ਦੀ ਕੁੰਮਕ ਵਾਸਤੇ ਤਿਆਰ ਹੋ ਗਈ, ਜਿਹਾਕੁ ਦੂਜੇ ਦਿਨ ਸਵੇਰੇ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੌਜ ਦੇ ਅਫਸਰਾਂ ਨੇ ਬੁੱਧੂ ਦੇ ਆਵੇ ਪੁਰ ਆਕੇ ਮਹਾਰਾਜੇ ਸ਼ੇਰਸਿੰਘ ਨੂੰ ਫਤੇ ਬੁਲਾਈ ਅਰ ਆਖਿਆ, ਮਹਾਰਾਜ ਅਸੀਂ ਸਭ ਤੁਸਾਡੇ ਨਾਲ ਹਾਂ। ਇਹ ਕਹਿ ਕੇ ਤੋਪਾਂ ਦੀ ਸਲਾਮੀ ਕਰਨ ਲੱਗ ਪਏ, ਅਰ ਸਭ ਲੋਕ ਸ਼ੇਰਸਿੰਘ ਨੂੰ ਲਹੌਰ ਦਾ ਪਾਦਸ਼ਾਹ ਆਖਕੇ ਵਧਾਈਆਂ ਦੇਣ ਲੱਗ ਪਏ॥

ਲਹੌਰ ਦੀ ਲੜਾਈ

ਜਾਂ ਸ਼ੇਰਸਿੰਘ ਦੇ ਲਹੌਰ ਵਿੱਚ ਆਉਣੇ ਦੀ ਖਬਰ ਹੋਈ,ਗੁਲਾਬਸਿੰਘ ਨੇ ਚੰਦਕੌਰ ਅਰ ਖੁਸ਼ਾਲਸਿੰਘ ਜਮਾਦਾਰ ਅਤੇ ਸਰਦਾਰ ਤੇਜ ਸਿੰਘ ਨੂੰ ਮਿਲ ਕੇ ਸਲਾਹ ਕੀੱਤੀ, ਜੋ ਹੁਣ ਕੀ ਡੋਲ ਕਰਨੀ ਚਾਹੀਯੇ। ਫੇਰ ਉਸ ਨੇ ਕੁਝ ਥੋਹੜੀ ਜਿਹੀ ਫੌਜ ਆਪਣੇ ਭਿਰਾ ਧਿਆਨਸਿੰਘ ਦੀ ਕੱਠੀ ਕਰਕੇ ਵੈਰੀ ਦਾ ਸਾਹਮਣਾ ਕਰਨ ਲਈ ਭੇਜੀ। ਜਾਂ ਇਹ ਫੌਜ ਲੜਨ ਵਾਸਤੇ ਗਈ, ਤਾਂ ਪਿੱਛੋਂ ਤੇ ਆਪ ਜਾਕੇ ਫੌਜ ਨੂੰ ਹਜੂਰੀਬਾਗ ਦੇ ਪਾਸ ਦੀ ਮੋੜ ਲਿਆਇਆ, ਅਰ ਉਸੇ ਫੌਜ ਦੀ ਕੁੰਮਕ ਨਾਲ ਆਕੇ ਕਿਲੇ ਵਿੱਚ ਦਬਾਉ ਕਰ ਲਿਆ, ਫੇਰ ਰਾਣੀ ਸਾਹਬ ਨੂੰ ਕਹਾ ਭੇਜਿਆ, ਸੱਠ ਹਜਾਰ ਫੌਜ ਜੋ ਮੀਆਂਮੀਰ ਵਿੱਚ ਸੀ ਉਹ ਸਾਰੀ ਸ਼ੇਰਸਿੰਘ ਦੇ ਨਾਲ ਜਾ ਰਲੀ ਹੈ, ਅਰ ਸਾਡੇ ਪਾਸ ਨਿਰੀ ਦੋਕੁ ਹਜਾਰ ਫੌਜ ਹੈ, ਇਸ ਨਾਲ ਜਿੱਤਣਾ ਸ਼ੇਰਸਿੰਘ ਦਾ ਕਠਣ ਹੈ। ਗੁਲਾਬਸਿੰਘ ਨੂੰ ਇਹ ਭਰੋਸਾ ਸਾ, ਜੋ ਜਦ ਤਾਈਂ ਧਿਆਨਸਿੰਘ ਨਾ ਆ ਜਾਵੇ, ਤਦ ਤਾਈਂ ਸ਼ੇਰਸਿੰਘ ਕਿਲੇ ਵਿਚ ਨਹੀਂ ਵੜੇਗਾ, ਪਰ ਸ਼ੇਰਸਿੰਘ ਇਸਦੇ ਭਰੋਸੇ ਤੇ ਉਲਟਾ ਧਿਆਨਸਿੰਘ ਦੇ ਆਉਣੇ ਤੇ ਬਿਨਾ ਹੀ ਫੌਜ ਨੂੰ ਲੈਕੇ ਕਿਲਾ ਮਾਰਨ ਆਣ ਪਿਆ। ਗੁਲਾਬਸਿੰਘ ਨੇ ਇਹ ਇਰਾਦਾ ਕੀੱਤਾ, ਜੋ ਜਿਸ ਤਰ੍ਹਾਂ ਹੋ ਸੱਕੇ, ਧਿਆਨਸਿੰਘ ਦੇ ਆਉਣੇ ਤੱਕ ਮੈਂ ਕਿਲੇ ਨੂੰ ਤਕੜਾ ਰੱਖਾਂ, ਕਿਉਂ ਜੋ ਸ਼ੇਰਸਿੰਘ ਇਹ ਗੱਲ ਜਾਣਦਾ ਰਹੇ, ਜੋ ਮੈਂ ਧਿਆਨਸਿੰਘ ਦੀ ਕੁੰਮਕ ਨਾਲ ਕਿਲਾ ਮਾਰਿਆ ਹੈ। ਫੇਰ ਗੁਲਾਬਸਿੰਘ ਤਕਾਲਾਂ ਨੂੰ ਹਾਥੀ ਪੁਰ ਚੜ੍ਹਕੇ ਸ਼ਹਿਰ ਦੇ ਦਰਵਾਜਿਆਂ ਪੁਰ ਗਿਆ, ਅਤੇ ਉਨ੍ਹਾਂ ਦੇ ਪਹਿਰਿਆਂ ਨੂੰ ਬਹੁਤ ਸਾਰੇ ਰੁਪੈਯੇ ਦੇਕੇ ਕਿਹਾ, ਜੋ ਜੇ ਸ਼ੇਰਸਿੰਘ ਅੰਦਰ ਵੜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਹੇ, ਤਾਂ ਜਿੱਥੇ ਤੱਕ ਹੋ ਸੱਕੇ ਵੜਨ ਨਾ ਦੇਈਓ। ਫੇਰ ਕਿਲੇ ਵਿੱਚ ਆਕੇ ਫੌਜ ਦੇ ਅਫਸਰਾਂ ਨੂੰ ਬੁਲਾਕੇ ਸੁਗੰਦਾਂ ਅਤੇ ਨੇਮ ਕਰਾਏ, ਜੋ ਤੁਸੀਂ ਜੀਉਂਦੇ ਜੀ ਸ਼ੇਰਸਿੰਘ ਨੂੰ ਕਿਲੇ ਵਿੱਚ ਦਬਾਉ ਨਾ ਕਰਨ ਦੇਣਾ ਅਤੇ ਫੇਰ ਚੰਦਕੌਰ ਦੀ ਵੱਲੋਂ ਸਾਰੀ ਫੌਜ ਨੂੰ ਚੌਹੁੰ ਮਹੀਨਿਆਂ ਦੀ ਤਲਬ ਦੇਕੇ ਕਿਹਾ, ਜੋ ਲੜਾਈ ਤੇ ਪਿੱਛੋਂ ਤੁਹਾਨੂੰ ਬਹੁਤ ਸਾਰੇ ਇਨਾਮ ਦੇਵਾਂਗੀ॥

ਦੂਜੇ ਦਿਨ ਜਾਂ ਦੋ ਘੜੀਆਂ ਦਾ ਤੜਕਾ ਰਿਹਾ, ਤਾਂ ਸ਼ੇਰਸਿੰਘ ਦਿੱਲੀ ਦਰਵਾਜੇ ਅਤੇ ਟਕਸਾਲੀ ਦਰਵਾਜੇ ਦੇ ਰਸਤੇ ਹੋਕੇ ਫੌਜ ਸਮੇਤ ਸ਼ਹਿਰ ਦੇ ਅੰਦਰ ਆਣ ਵੜਿਆ। ਅਰ ਸਾਰੀ ਫੌਜ ਸੱਤ ਸਿਰੀ ਅਕਾਲ ਅਰ ਵਾਹਗੁਰੂ ਜੀ ਕਾ ਖਾਲਸਾ ਸਿਰੀ ਵਾਹਗੁਰੂ ਜੀ ਕੀ ਫਤੇ ਦਾ ਸ਼ਬਦ ਬੋਲਦੀ ਹੋਈ ਕਿਲੇ ਵੱਲ ਸਿੱਧੀ ਹੋ ਪਈ। ਉਸ ਵੇਲੇ ਇਨ੍ਹਾਂ ਨਾਲ ਇਤਨੀਆਂ ਤੋਪਾਂ ਸੀਆਂ, ਜੋ ਕਿਲੇ ਦੇ ਇਰਦੇਗਿਰਦੇ ਚੌਹੀਂ ਪਾਸੀਂ ਬੀੜਨੇ ਤੇ ਭੀ ਇਤਨੀਆਂ ਵਧ ਰਹੀਆਂ ਜੋ ਉਨ੍ਹਾਂ ਦੇ ਖਲਵਾ ਰੱਖਣ ਨੂੰ ਭੀ ਜਗਾ ਨਹੀਂ ਸੀ॥

ਫੇਰ ਚਵਾਂ ਪਾਸਿਆਂ ਤੇ ਤੋਪਾਂ ਚੱਲਣ ਲੱਗੀਆਂ ਅਤੇ ਕਿਲੇ ਵਿੱਚ ਤਰਥੱਲਾ ਮਚ ਗਿਆ, ਫੇਰ ਥੋਹੜੀ ਡੇਰ ਪਿੱਛੋਂ ਗੋਲੇ ਚੱਲਣੋਂ ਹਟ ਗਏ, ਅਤੇ ਜੋ ਰੌਲਾ ਪਹਿਲਾਂ ਪੈ ਰਿਹਾ ਸਾ, ਸਭ ਬੰਦ ਹੋਗਿਆ। ਫੇਰ ਓਹ ਬਾਰਾਂ ਤੋਪਾਂ ਜੋ ਹਜੂਰੀ ਬਾਗ਼ ਦੇ ਦਰਵਾਜੇ ਪਾਸ ਬੀੜੀਆਂ ਹੋਈਆਂ ਸੀਆਂ, ਚੱਲਣ ਲੱਗੀਆਂ, ਉਨ੍ਹਾਂ ਦੀ ਸੱਟ ਨਾਲ ਜਾਂ ਦਰਵਾਜਾ ਕਿਲੇ ਦਾ ਢੇ ਪਿਆ, ਤਾਂ ਦੋ ਤਿੰਨ ਸੌ ਅਕਾਲੀਏਸਿੰਘ ਕਿਲੇ ਦੇ ਅੰਦਰ ਵੜਨ ਨੂੰ ਹੱਲਾ ਕਰਕੇ ਆਣ ਪਏ। ਪਰ ਅੰਦਰੋਂ ਦੋ ਤੋਪਾਂ ਅਜਿਹੀਆਂ ਚੱਲੀਆਂ, ਜੋ ਸੌ ਅਕਾਲੀ ਉਨ੍ਹਾਂ ਦੇ ਫੈਰ ਨਾਲ ਉੱਡ ਗਿਆ। ਉਨ੍ਹਾਂ ਹੀ ਤੋਪਾਂ ਦੇ ਫੈਰ ਸੁਣਕੇ ਵੈਰੀ ਭੱਜ ਗਏ,ਅਤੇ ਉਨ੍ਹਾਂ ਦੀਆਂ ਕੈਈ ਤੋਪਾਂ ਬਰਾਨ ਹੋ ਗਈਆਂ। ਇਹ ਹਾਲ ਦੇਖਕੇ ਗੁਲਾਬ ਸਿੰਘ ਦੇ ਹੁਕਮ ਤੇ ਬਿਨਾ ਕਿਲੇ ਵਿੱਚੋਂ ਥੋਹੜੀ ਜਿਹੀ ਫੌਜ ਵੈਰੀਆਂ ਪੁਰ ਹੱਲਾ ਕਰ ਉੱਠੀ ਅਤੇ ਉਨ੍ਹਾਂ ਨੂੰ ਹਜੂਰੀ ਬਾਗ ਵਿੱਚੋਂ ਕੱਢ ਦਿੱਤਾ, ਇਸ ਲੜਾਈ ਵਿੱਚ ਤਿੰਨ ਸੌ ਸਿੱਖ ਮਾਰਿਆ ਗਿਆ। ਜਾਂ ਇੱਥੇ ਦਾ ਇਹ ਰੌਲਾ ਸ਼ੇਰਸਿੰਘ ਨੇ ਸੁਣਿਆ, ਤਾਂ ਛੇ ਤੋਪਾਂ ਆਪਣੇ ਨਾਲ ਲੈਕੇ ਮਸਤੀ ਦਰਵਾਜੇ ਪੁਰ ਹੱਲਾ ਕੀਤਾ, ਪਰ ਕਿਲੇ ਵਾਲੇ ਗੋਲਮਦਾਜਾਂ ਦੀਆਂ ਸ਼ਲਕਾਂ ਨੇ ਉਨ੍ਹਾਂ ਦਾ ਮੂੰਹ ਫੇਰ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਸ਼ੇਰਸਿੰਘ ਨੇ ਆਪਣੀਆਂ ਸਾਰੀਆਂ ਤੋਪਾਂ ਚਲਾਉਣੀਆਂ ਸ਼ੁਰੂ ਕੀਤੀਆਂ। ਅੰਦਰਲੇ ਲੋਕਾਂ ਨੇ ਅਜਿਹੀ ਚਤੁਰਾਈ ਨਾਲ ਤੋਪਾਂ ਚਲਾਈਆਂ, ਜੋ ਸ਼ੇਰਸਿੰਘ ਦੇ ਬਹੁਤ ਸਾਰੇ ਗੋਲਮਦਾਜ ਮਰ ਗਏ, ਅਤੇ ਕੋਈ ਤੋਪਾਂ ਛੱਡਕੇ ਭੱਜ ਗਏ। ਫੇਰ ਸ਼ੇਰਸਿੰਘ ਦੀ ਫੌਜ ਨੇ ਗਲੀਆਂ ਦੀਆਂ ਕੰਧਾਂ ਅਤੇ ਘਰਾਂ ਵਿੱਚ ਤੋਪਾਂ ਲਈ ਮੋਰਚੇ ਬਣਾਕੇ ਗੋਲੇ ਮਾਰਨੇ ਸ਼ੁਰੂ ਕੀਤੇ। ਕਿਲੇ ਵਿੱਚ ਜੋ ਛੇਕ ਨਾ ਹੋਣੇ ਦੇ ਸਬੱਬ ਮੋਰਚਿਆਂ ਲਈ ਥਾਉਂ ਨਹੀਂ ਸਾ, ਅੰਦਰਲੇ ਲੋਕਾਂ ਨੇ ਕਿਲੇ ਦੀਆਂ ਕੰਧਾਂ ਵਿੱਚ ਛੇਕ ਕਰਕੇ ਮੋਰਚੇ ਬੰਨਣੇ ਚਾਹੇ, ਪਰ ਓਹ ਆਪਣੇ ਪਾਸੋਂ ਮਸਾਲਾ ਮੁੱਕ ਜਾਣੇ ਦੇ ਸਬੱਬ ਇਸ ਕੰਮ ਤੇ ਲਚਾਰ ਰਹਿਕੇ ਕਿਲੇ ਦੇ ਅੰਦਰ ਮਿੱਟੀ ਅਤੇ ਕਾਠ ਦੇ ਮੋਰਚੇ ਬਣਾ ਬੈਠੇ ਅਤੇ ਸਾਹਮਣੇ ਦੀਆਂ ਕੰਧਾਂ ਢਾ ਸਿੱਟੀਆਂ। ਉਸ ਵੇਲੇ ਕਿਲੇ ਦੇ ਅੰਦਰ ਬਾਰਾਂਕੁ ਸੌ ਸਿੱਖ ਸਾ, ਅਤੇ ਉਨ੍ਹਾਂ ਦਾ ਇਹ ਇਰਾਦਾ ਸਾ, ਜੋ ਕਿਲੇ ਵਿੱਚ ਰੌਲਾ ਮਚਾਕੇ ਆਪਣੇ ਭਰਾਵਾਂ ਦੇ ਨਾਲ ਜਾ ਮਿਲੀਏ। ਇਸੀ ਤਰ੍ਹਾਂ ਵੱਡੀ ਭਾਰੀ ਲੜਾਈ ਹੋਕੇ ਅਰ ਕੋਈ ਤਰ੍ਹਾਂ ਦੇ ਦੁੱਖ ਉਠਾਕੇ ਮਹਾ-ਰਾਜੇ ਸ਼ੇਰਸਿੰਘ ਨੂੰ ਓੜਕ ਧਿਆਨਸਿੰਘ ਦੀ ਕੁੰਮਕ ਨਾਲ ਹੀ ਗੱਦੀ ਮਿਲੀ॥

ਜਾਂ ਗੁਲਾਬਸਿੰਘ ਕਿਲਾ ਖਾਲੀ ਕਰਕੇ ਸ਼ਾਹਦਰੇ ਨੂੰ ਜਾਂਦਾ ਸਾ, ਤਾਂ ਸ਼ੇਰਸਿੰਘ ਦੇ ਆਗੂ ਜੁਆਲਾਸਿੰਘਨੇ ਉਸਦੇ ਮਾਰਨੇ ਲਈ ਫੌਜ ਨੂੰ ਉਕਾਸਿਆ, ਪਰ ਧਿਆਨਸਿੰਘ ਅਰ ਸ਼ੇਰਸਿੰਘ ਦੇ ਕਹਿਣੇ ਤੇ ਫੌਜ ਇਸ ਗੱਲ ਤੇ ਹਟੀ ਰਹੀ। ਧਿਆਨਸਿੰਘ ਜੋ ਜੁਆਲਾਸਿੰਘ ਨੂੰ ਨਿੱਤ ਆਪਣੀ ਜਾਨ ਦਾ ਵੈਰੀ ਜਾਣਦਾ ਸਾ, ਇਸ ਕਾਰਨ ਆਪਣੀ ਚਤੁਰਾਈ ਨਾਲ ਸ਼ੇਰਸਿੰਘ ਦੇ ਦਿਲ ਨੂੰ ਉਸ ਵੱਲੋਂ ਫਟਾ ਦਿੱਤਾ, ਇੱਥੋਂ ਤਕ ਜੋ ਇੱਕ ਬਾਰ ਜੋ ਜੁਆਲਾਸਿੰਘ ਛੇਕੁ ਹਜਾਰ ਫੌਜ ਲੈਕੇ ਸ਼ਾਹਦਰੇ ਉਤਰਿਆ ਹੋਇਆ ਸਾ, ਤਾਂ ਪਿੱਛੋਂ ਧਿਆਨਸਿੰਘ ਨੇ ਸ਼ੇਰਸਿੰਘ ਨੂੰ ਕੁਝ ਸਿਖਾਲਕੇ ਉਸਦੇ ਨਾਲ ਕੁਝ ਜੰਗ ਜਾ ਕਰਾਇਆ, ਉਸ ਜੰਗ ਵਿੱਚੋਂ ਸ਼ੇਰਸਿੰਘ ਨੇ ਜੁਆਲਾਸਿੰਘ ਨੂੰ ਕੈਦ ਕਰ ਲਿਆਂਦਾ ਅਤੇ ਫੇਰ ਉਹ ਕੈਦ ਦੇ ਵਿੱਚ ਹੀ ਮਰ ਗਿਆ। ਇਹ ਉਹ ਜੁਆਲਾਸਿੰਘ ਹੈ, ਜੋ ਜਿਸ ਨੂੰ ਮਹਾਰਾਜਾ ਸ਼ੇਰਸਿੰਘ ਅੱਤ ਪਿਆਰ ਦੇ ਸਬੱਬ ਆਪਣਾ ਵਜੀਰ ਬਣਾ-ਉਣਾ ਚਾਹੁੰਦਾ ਸਾ, ਪਰ ਪਾਪੀ ਧਿਆਨਸਿੰਘ ਨੇ ਆਪਣੀ ਵਜੀਰੀ ਖੋਹੀ ਜਾਣੇ ਦੇ ਡਰ ਤੇ ਮਹਾਰਾਜੇ ਨੂੰ ਉਸ ਨਾਲੋਂ ਅਜਿਹਾ ਫਟਾਇਆ, ਜੋ ਓਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੇ ਮਰਨੇ ਪਿੱਛੋਂ ਭੀ ਦਰਬਾਰ ਵਿੱਚ ਉਹਨੂੰ ਬੁਰੇ ਬਚਨਾਂ ਨਾਲ ਯਾਦ ਕਰਦਾ ਹੁੰਦਾ ਸਾ॥

ਰਾਣੀ ਚੰਦਕੌਰ ਨੂੰ ਜੋ ਜੰਮੂ ਦੇ ਇਲਾਕੇ ਵਿੱਚ ਗੁਜਾਰੇ ਵਾਸਤੇ ਨੌਂ ਲੱਖ ਰੁਪੱਯੇ ਦੀ ਜਗੀਰ ਮਿਲੀ ਹੋਈ ਸੀ, ਉਸ ਦਾ ਆਗੂ ਗੁਲਾਬਸਿੰਘ ਸਾ। ਇਸ ਜਗੀਰ ਵਿੱਚੋਂ ਨਿੱਤ ਦੇ ਖਰਚ ਤੇ ਬਿਨਾ ਉਹ ਰਾਣੀ ਨੂੰ ਕੁਝ ਨਹੀਂ ਦਿੰਦਾ ਸਾ। ਫੇਰ ਜੋ ਇੱਕ ਬਾਰ ਮਹਾਰਾਜੇ ਸ਼ੇਰਸਿੰਘ ਨੇ ਚਾਹਿਆ, ਜੋ ਮੈਂ ਰਾਣੀ ਚੰਦਕੌਰ ਨੂੰ ਚਾਦਰ ਪਾਕੇ ਆਪਣੀ ਰਾਣੀ ਬਣਾ ਲਵਾਂ, ਤਾਂ ਗੁਲਾਬਸਿੰਘ ਨੇ ਇਹ ਬਾਤ ਪਸਿੰਦ ਨਾ ਕੀਤੀ, ਸਗੋਂ ਰਾਣੀ ਸਾਹਬ ਦੇ ਮਨ ਵਿੱਚ ਕੈਈ ਤਰ੍ਹਾਂ ਦੇ ਭਰਮ ਪਾਕੇ ਸ਼ੇਰਸਿੰਘ ਦੀ ਵੈਰਣ ਬਣਾ ਦਿੱਤੀ, ਕਿਉਂ ਜੋ ਉਹ ਜਾਣਦਾ ਸਾ, ਜੇ ਇਹ ਸ਼ੇਰਸਿੰਘ ਦੀ ਬਹੁਟੀ ਬਣ ਜਾਵੇਗੀ, ਤਾਂ ਇਸ ਦਾ ਸਭ ਮਾਲ ਅਸਬਾਬ ਅਤੇ ਜਗੀਰ ਮੇਰੇ ਹੱਥੋਂ ਛੁੱਟਕੇ ਸ਼ੇਰਸਿੰਘ ਦੇ ਪੱਲੇ ਜਾ ਪਵੇਗੀ। ਭਾਵੇਂ ਸ਼ੇਰਸਿੰਘ ਨੇ ਫੇਰ ਭੀ ਇੱਕ ਦੋ ਬਾਰ ਚੰਦਕੌਰ ਨੂੰ ਬਿਆਹ ਵਾਸਤੇ ਕਹਾ ਭੇਜਿਆ, ਪਰ ਉਸ ਨੇ ਨਾ ਮੰਨਿਆ, ਸਗੋਂ ਕੁਝ ਅਜਿਹਾ ਉਲਟਾ ਉੱਤਰ ਦਿੱਤਾ, ਜੋ ਮਹਾਰਾਜਾ ਉਸ ਨੂੰ ਜਾਨੋਂ ਮਾਰਨ ਦੇ ਫਿਕਰ ਵਿੱਚ ਹੋ ਗਿਆ। ਓੜਕ ਇਹੋ ਹੋਇਆ ਜੋ ਸ਼ੇਰਸਿੰਘ ਨੇ ਚੌਹੁੰ ਟਹਿਲਣਾਂ ਨੂੰ ਕੁਝ ਜਗੀਰ ਦੇਣੀ ਕਰਕੇ ਰਾਣੀ ਚੰਦਕੌਰ ਨੂੰ ਮਰਵਾ ਦਿੱਤਾ। ਮਹਾਰਾਜਾ ਸ਼ੇਰਸਿੰਘ ਉਸ ਦਾ ਮਰਨਾ ਸੁਣਕੇ ਬਹੁਤ ਖੁਸ਼ੀ ਹੋਇਆ। ਅਰ ਗੁਲਾਬਸਿੰਘ ਨੂੰ ਭੀ ਉਸਦੇ ਮਰਨੇ ਤੇ ਅਜਿਹਾ ਲਾਭ ਹੋਇਆ, ਜੋ ਉਹ ਉਸ ਦੇ ਸਾਰੇ ਮਾਲ ਅਸਬਾਬ ਦਾ ਮਾਲਕ ਹੋਗਿਆ॥

ਫੇਰ ਥੋਹੜੇ ਦਿਨਾਂ ਪਿੱਛੋਂ ਮਹਾਰਾਜੇ ਸ਼ੇਰਸਿੰਘ ਅਤੇ ਵਜ਼ੀਰ ਧਿਆਨ ਸਿੰਘ ਵਿੱਚ ਅੰਦਰਲੇ ਖਾਨਿਓਂ ਕੁਝ ਵੈਰ ਹੋਗਿਆ, ਅਤੇ ਧਿਆਨਸਿੰਘ ਨੇ ਸੰਧਾਂਵਾਲੀਆਂ ਨਾਲ, ਜੋ ਪਹਿਲਾਂ ਜਗੀਰਾਂ ਤੇ ਕੱਢੇ ਹੋਏ ਅਤੇ ਕੁਝ ਕੈਦ ਸੇ, ਭਾਈ ਰਾਮਸਿੰਘ ਦੇ ਰਾਹੀਂ ਬੁਲਾਕੇ ਆਪਣੀ ਯਾਰੀ ਪਾ ਲਈ। ਅਤੇ ਉਨ੍ਹਾਂ ਨੂੰ ਕਿਸੀ ਕਿਸੀ ਵੇਲੇ ਇਉਂ ਭੀ ਆਖਦਾ ਸਾ, ਭਈ ਭਾਵੇਂ ਉੱਪਰੋਂ ਤਾਂ ਸ਼ੇਰਸਿੰਘ ਤੁਹਾਡੇ ਨਾਲ ਮੇਲ ਰੱਖਦਾ ਹੈ, ਪਰ ਅੰਦਰੋਂ ਜਾਨ ਦਾ ਵੈਰੀ ਹੈ, ਜੇ ਮੈਂ ਵਿੱਚ ਨਾ ਹੋਵਾਂ, ਤਾਂ ਉਹ ਤੁਹਾਡਾ ਬਹੁਤ ਬੁਰਾ ਹਾਲ ਕਰਨੇ ਨੂੰ ਤਿਆਰ ਹੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਇਸ ਤਰ੍ਹਾਂ ਧਿਆਨਸਿੰਘ ਨੇ ਉਨ੍ਹਾਂ ਦੇ ਦਿਲਾਂ ਨੂੰ ਉਕਸਾਇਆ, ਤਾਂ ਉਨ੍ਹੀਂ ਧਿਆਨ ਕੀਤਾ, ਜੋ ਇਸ ਦੀ ਅਰ ਮਹਾਰਾਜੇ ਦੀ ਆਪਸ ਵਿੱਚੀਂ ਕੁਝ ਗੱਲ ਵਿਗੜੀ ਹੋਈ ਹੈ। ਗੁਲਾਬਸਿੰਘ ਦੇ ਜੰਮੂ ਜਾਣ ਤੇ ਪਿੱਛੋਂ ਧਿਆਨ-ਸਿੰਘ ਨੂੰ ਮਲੂਮ ਹੋਇਆ, ਜੋ ਮਹਾਰਾਜੇ ਰਣਜੀਤਸਿੰਘ ਦਾ ਪੰਜਾਂ ਛੇਆਂ ਬਰਸਾਂ ਦਾ ਇੱਕ ਪੁੱਤ ਦਲੀਪਸਿੰਘ ਨਾਮੇ ਹੋਰ ਭੀ ਹੈ, ਸੋ ਮੈਨੂੰ ਜੋਗ ਹੈ, ਜੋ ਜਿੱਥੋਂ ਤੱਕ ਹੋ ਸਕੇ, ਸ਼ੇਰਸਿੰਘ ਤੇ ਗੱਦੀ ਖੋਹਕੇ ਉਸ ਨੂੰ ਲਾਹੌਰ ਦਾ ਪਾਦਸ਼ਾਹ ਬਣਾਵਾਂ। ਉਸੀ ਦਿਨ ਤੇ ਧਿਆਨਸਿੰਘ ਉਸ ਨੂੰ ਬੁਲਾਕੇ ਪਿਆਰ ਕਰਦਾ ਅਤੇ ਗੋਦੀ ਵਿੱਚ ਬਠਾਲ ਕੇ ਉਸੀ ਦੀ ਸਲਾਮੀ ਅਰ ਅਦਬ ਕਰਦਾ ਹੁੰਦਾ ਸਾ। ਸ਼ੇਰਸਿੰਘ ਨੇ ਇਹ ਸੁਣਕੇ ਇਰਾਦਾ ਕੀਤਾ, ਜੋ ਇਸ ਵਜੀਰ ਨੂੰ ਮੈਂ ਕਿਸੀ ਤਰ੍ਹਾਂ ਜੁਦਾ ਕਰ ਦੇਵਾਂ, ਨਹੀਂ ਤਾਂ ਵੱਡਾ ਦੁੱਖ ਦੇਵੇਗਾ॥

ਇੱਧਰ ਸ਼ੇਰਸਿੰਘ ਦੇ ਮਨ ਵਿੱਚ ਤਾਂ ਇਹ ਗੱਲ ਉਪਜੀ ਅਰ ਸੰਧਾ-ਵਾਲੀਆਂ ਦੇ ਮਨ ਵਿੱਚ ਧਿਆਨਸਿੰਘ ਦੀਆਂ ਗੱਲਾਂ ਸੁਣਕੇ ਇਹ ਗੱਲ ਉਤ-ਪਤ ਹੋਈ, ਜੋ ਸਾਡੇ ਨਾਲ ਅੰਦਰਲੇ ਖਾਨਿਓਂ ਮਹਾਰਾਜਾ ਸ਼ੇਰਸਿੰਘ ਪਿਛਲੇ ਭਰਮ ਦੇ ਸਬੱਬ ਜਰੂਰ ਵੱਟਿਆ ਰਹਿੰਦਾ ਹੋਣਾ ਹੈ। ਫੇਰ ਇਹ ਭੀ ਗੱਲ ਮਨ ਵਿੱਚ ਆਈ, ਜੋ ਧਿਆਨਸਿੰਘ ਜੋ ਮਹਾਰਾਜੇ ਨਾਲ ਕੁਝ ਗਰਿਜ ਮਲੂਮ ਹੁੰਦਾ ਹੈ, ਇਸ ਕਾਰਣ ਚਾਹੁੰਦਾ ਹੈ, ਜੋ ਅਸਾਡੇ ਹੱਥੋਂ ਉਸ ਨੂੰ ਵੱਢਵਾ ਦੇਵੇ। ਅਹੀਆਂ ਜਿਹੀਆਂ ਗੱਲਾਂ ਕੁਝ ਦਿਲ ਵਿੱਚ ਠਹਰਾਕੇ ਸੰਧਾ ਵਾਲੀਏ ਸ਼ੇਰਸਿੰਘ ਕੋਲ ਗਏ, ਅਤੇ ਉਸ ਨੂੰ ਹੱਥ ਜੋੜਕੇ ਆਖਿਆ, ਜੋ ਹੇ ਸੱਚੇ ਪਾਦਸ਼ਾਹ ਅਸੀਂ ਜੋ ਚਿਰ ਤੇ ਤੇਰਾ ਲੂਣ ਖਾਣੇ ਵਾਲੇ ਹਾਂ, ਇਸ ਕਰਕੇ ਜੋ ਕਿਤੇ ਅਸੀਂ ਤੇਰੀ ਹੀਣਤਾ ਹੁੰਦੀ ਦੇਖੀਏ, ਤਾਂ ਸਾਤੇ ਸਹਾਰੀ ਨਹੀਂ ਜਾਂਦੀ। ਸੋ ਹੁਣ ਅਸੀਂ ਇੱਕ ਤੁਸਾਡੇ ਵਜੀਰ ਧਿਆਨਸਿੰਘ ਦੀ ਕਰਤੂਤ ਸੁਣਾਉਂਦੇ ਹਾਂ, ਜਿਸ ਨੂੰ ਤੁਸੀਂ ਆਪਣੇ ਦੇਹ ਪ੍ਰਾਣ ਸਮਝਦੇ ਹੋ। ਉਹ ਇਹ ਗੱਲ ਹੈ, ਜੋ ਧਿਆਨਸਿੰਘ ਨੇ ਸਾਨੂੰ ਤੁਸਾਡੇ ਜਾਨੋਂ ਮਾਰਨ ਲਈ ਇਸ ਵੇਲੇ ਤੁਸਾਡੇ ਪਾਸ ਭੇਜਿਆ ਹੈ, ਅਤੇ ਇਸ ਦੇ ਬਦਲੇ ਸਾਨੂੰ ਉਸ ਨੇ ਸੱਠ ਹਜਾਰ ਰੁਪੈਯੇ ਦੀ ਜਗੀਰ ਦੇਣੀ ਕੀਤੀ ਹੈ। ਉਸਦਾ ਇਹ ਇਰਾਦਾ ਹੈ, ਜੋ ਤੁਸਾਨੂੰ ਮਾਰਕੇ ਦਲੀਪਸਿੰਘ ਨੂੰ ਗੱਦੀ ਪੁਰ ਬਿਠਲਾਵੇ ਅਤੇ ਆਪ ਆਪਣੀ ਵਜੀਰੀ ਪੁਰ ਕਾਇਮ ਰਹੇ। ਇਹ ਸੁਣਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੇਰਸਿੰਘ ਨੇ ਉਨ੍ਹਾਂ ਦੀ ਗੱਲ ਨੂੰ ਠੀਕ ਅਤੇ ਅੱਤ ਸੱਚੀ ਜਾਣਿਆ, ਕਿਉਂ ਜੋ ਦਲੀਪਸਿੰਘ ਨੂੰ ਗੱਦੀ ਦੇਣੇ ਦੀ ਬਾਤ ਉਸਨੇ ਪਹਿਲਾਂ ਭੀ ਸੁਣੀ ਹੋਈ ਸੀ। ਸ਼ੇਰਸਿੰਘ ਨੇ ਉਸ ਵੇਲੇ ਵੱਡੀ ਦਲੇਰੀ ਅਤੇ ਚਲਾਕੀ ਨਾਲ ਆਪਣੀ ਤਲਵਾਰ ਮਿਆਨੋਂ ਸੂਤਕੇ ਸਰਦਾਰ ਲਹਿਣਾ ਸਿੰਘ ਅਤੇ ਅਜੀਤ ਸਿੰਘ ਸੰਧਾ ਵਾਲੀਏ ਦੇ ਹੱਥ ਦਿੱਤੀ, ਅਤੇ ਆਖਿਆ, ਜੋ ਲਵੋ ਭਰਾਵੋ ਜੇ ਤੁਸਾਡਾ ਇਹੋ ਇਰਾਦਾ ਹੈ ਤਾਂ ਮੇਰੀ ਹੀ ਤਲਵਾਰ ਨਾਲ ਮੇਰਾ ਸਿਰ ਵੱਢੋ, ਪਰ ਇੱਕ ਗੱਲ ਚੇਤੇ ਰੱਖੋ, ਜੋ ਜਿਸ ਨੂੰ ਤੁਸੀਂ ਹੁਣ ਆਪਣਾ ਮਿੱਤਰ ਸਮਝਦੇ ਹੋ, ਤੁਸਾਡੇ ਨਾਲ ਭੀ ਪਿੱਛੋਂ ਅਜਿਹਾ ਵੈਰ ਕਰੇਗਾ, ਜੋ ਉਸਤੇ ਜੀਉਂਦੇ ਕਦੀ ਨਹੀਂ ਛੁੱਟੋਗੇ। ਇਹ ਗੱਲ ਦੇਖਕੇ ਸੰਧਾ ਵਾਲੀਆਂ ਦੇ ਦਿਲ ਵਿੱਚ ਅਜਿਹੀ ਤਸੀਰ ਹੋ ਗਈ, ਜੋ ਉਨ੍ਹਾਂ ਨੇ ਹੱਥ ਜੋੜਕੇ ਆਖਿਆ, ਸੱਚੇ ਪਾਤਸ਼ਾਹ ਤੁਸੀਂ ਆਪ ਹੀ ਧਿਆਨ ਕਰੋ, ਕਿ ਅਸੀਂ ਜੇ ਇਹ ਗੱਲ ਕਰਨੀ ਹੁੰਦੀ, ਤਾਂ ਤੁਸਾਨੂੰ ਆਕੇ ਭੇਤ ਕਿਉਂ ਦੱਸਦੇ ? ਆਪ ਸੱਚ ਜਾਣੋ, ਜੋ ਅਸੀਂ ਤੁਸਾਨੂੰ ਸਿੱਖੀ ਧਰਮ ਦੇ ਭਾਈ ਅਰ ਫੇਰ ਪਰਗਟ ਗੱਲ ਵਿੱਚ ਆਪਣੇ ਮਾਲਕ ਜਾਣਕੇ ਇਹ ਖਬਰ ਦਿੱਤੀ ਹੈ। ਅਸੀਂ ਤੁਸਾਨੂੰ ਮਾਰਨ ਨਹੀਂ ਸਗੋਂ ਬਚਾਉਣੇ ਲਈ ਆਏ ਹਾਂ। ਪਰ ਇੱਕ ਗੱਲ ਆਪ ਭੀ ਚੇਤੇ ਰੱਖੋ, ਜੋ ਇਹ ਧੋਹੀ ਵਜੀਰ ਅੱਜ ਨਹੀਂ ਹੋਰ ਦਸਾਂ ਦਿਨਾਂ ਨੂੰ ਤੁਹਾਡੀ ਜਾਨ ਦਾ ਲਾਗੂ ਹੈ। ਅਸੀਂ ਤਾਂ ਤੁਸਾਡੇ ਲੂਣ ਦੀ ਆਣ ਮੰਨਕੇ ਭੇਤ ਆਖ ਦਿੱਤਾ, ਪਰ ਜੇ ਉਸ ਪਾਪੀ ਨੇ ਕਿਸੀ ਹੋਰ ਨੂੰ ਭੇਜਿਆ, ਤਾਂ ਆਪ ਜੀਉਂਦੇ ਨਹੀਂ ਬਚੋਗੇ। ਸੋ ਸਾਡਾ ਇਹ ਇਰਾਦਾ ਹੈ, ਜੋ ਅਸੀਂ ਉਸ ਪਾਪੀ ਲੂਣ ਹਰਾਮੀ ਵਜੀਰ ਨੂੰ ਮਾਰ ਦੇਈਏ, ਕਿਉਂ ਜੋ ਉਹ ਜੀਉਂਦਾ ਰਹੇਗਾ, ਤਾਂ ਕੋਈ ਤੁਹਾਡੇ ਮਾਰਨੇ ਦੀ ਰੀਤ ਜਰੂਰ ਹੀ ਉਤਪਤ ਕਰ ਲਵੇਗਾ। ਸ਼ੇਰਸਿੰਘ ਨੇ ਇਹ ਗੱਲ ਸੁਣਕੇ ਪਹਿਲਾਂ ਤਾਂ ਪਰਗਟ ਵਿੱਚ ਕੁਝ ਨਾਂਹ ਜਿਹੀ ਕੀਤੀ, ਪਰ ਫੇਰ ਸਾਫ ਆਖ ਦਿੱਤਾ, ਜੋ ਚੰਗਾ ਜੋ ਤੁਸੀਂ ਜਾਣੋ ਅਜਿਹੇ ਧੋਹੀ ਦਾ ਮਾਰਨਾ ਹੀ ਅੱਛਾ ਹੈ। ਸੰਧਾ ਵਾਲੀਆਂ ਨੇ ਇਹ ਗੱਲ ਸੋਚਕੇ ਜੋ ਪਿੱਛੋਂ ਕਿਤੇ ਵਜੀਰ ਦੇ ਮਾਰਨੇ ਦੀ ਕਸੂਰ ਵਿੱਚ ਸਾਨੂੰ ਕੁਝ ਦੰਡ ਨਾ ਦੇਵੇ, ਸ਼ੇਰਸਿੰਘ ਦੇ ਹੱਥਾਂ ਦੀ ਲਿਖਤ ਕਰਾ ਲਈ, ਜੋ ਤੁਸੀਂ ਧਿਆਨਸਿੰਘ ਨੂੰ ਮਾਰ ਸਿੱਟੋ। ਫੇਰ ਇਹ ਆਖਿਆ, ਅਸੀਂ ਰਾਜੇ ਸਾਂਹਸੀ ਨੂੰ ਜਾਂਦੇ ਹਾਂ, ਜੋ ਅੰਮ੍ਰਿਤਸਰ ਦੇ ਨੇੜੇ ਹੈ ਅਤੇ ਉੱਥੇ

ਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਕੇ ਇਸ ਕੰਮ ਦੇ ਲਈ ਕੁਝ ਫੌਜ ਕੱਠੀ ਕਰਾਂਗੇ, ਸੋ ਤੁਸਾਂਨੂੰ ਜੋਗ ਹੈ, ਜੋ ਤੁਸੀਂ ਇੱਕ ਦਿਨ ਸਾਰੀ ਫੌਜ ਦੀ ਗਿਣਤੀ ਲਵੋ, ਅਤੇ ਸਾਨੂੰ ਭੀ ਗਿਣਤੀ ਦੇਣ ਲਈ ਉੱਥੋਂ ਬੁਲਾ ਭੇਜੋ। ਅਸੀਂ ਝੱਟ ਆਕੇ ਗਿਣਤੀ ਦੇਵਾਂਗੇ, ਸੋ ਉਸ ਵੇਲੇ ਤੁਸੀਂ ਸਾਨੂੰ ਇੱਕ ਇਸ਼ਾਰਾ ਕਰਨਾ, ਅਸੀਂ ਝੱਟ ਧਿਆਨ ਸਿੰਘ ਅਰ ਉਸਦੇ ਪੁੱਤ੍ਰ ਹੀਰਾ ਸਿੰਘ ਨੂੰ ਘੇਰ ਕੇ ਮਾਰ ਸਿਟਾਂਗੇ। ਫੇਰ ਉਨ੍ਹਾਂ ਨੇ ਇਹ ਭੀ ਕਿਹਾ, ਜੋ ਸਾਡੇ ਆਉਣੇ ਦਾ ਤੁਸੀਂ ਕੁਝ ਆਪਣੀ ਬਾਬਤ ਭਰਮ ਨਾ ਕਰਨਾ, ਅਸੀਂ ਤੁਹਾਡੀ ਨਿਮਕ ਹਲਾਲ ਰਈਅਤ ਵਿੱਚੋਂ ਹਾਂ॥

ਜਾਂ ਸੰਧਾ ਵਾਲੀਏ ਇਸ ਤਰ੍ਹਾਂ ਪੱਕੀ ਠੱਕੀ ਕਰਕੇ ਵਿਦਿਆ ਹੋਏ, ਤਾਂ ਏਹ ਧੋਹੀ ਕਪਟੀ ਰਾਜੇ ਸਾਂਹਸੀ ਨੂੰ ਜਾਣੇ ਦੇ ਥਾਂ ਸਿੱਧੇ ਹੀ ਧਿਆਨ ਸਿੰਘ ਦੇ ਘਰ ਆਣ ਵੜੇ। ਅਰ ਉੱਥੇ ਆਕੇ ਧਿਆਨ ਸਿੰਘ ਨੂੰ ਸੌਂਹਾਂ ਸੁਗੰਦਾਂ ਦੇਕੇ ਆਖਿਆ, ਜੋ ਤੁਸੀਂ ਕਿਤੇ ਪਰਗਟ ਨਾ ਕਰੋ ਤਾਂ ਅਸੀਂ ਤੁਸਾਡੇ ਲਾਭ ਦੀ ਗੱਲ ਦੱਸਦੇ ਹਾਂ। ਉਸ ਨੇ ਕਿਹਾ ਮੈਂ ਕਿਸੇ ਪਾਸ ਨਹੀਂ ਪਰਗਟ ਕਰਾਂਗਾ। ਉਨ੍ਹਾਂ ਕਪਟੀਆਂ ਸੰਧਾ ਵਾਲੀਆਂ ਨੇ ਉਹ ਕਾਗਤ, ਜਿਸ ਵਿੱਚ ਧਿਆਨ ਸਿੰਘ ਦੇ ਮਾਰਨੇ ਲਈ ਸ਼ੇਰ ਸਿੰਘ ਦੀ ਮੁਹਰ ਲੱਗੀ ਹੋਈ ਸੀ, ਕੱਢਕੇ ਧਿਆਨ ਸਿੰਘ ਦੇ ਅੱਗੇ ਰੱਖ ਦਿੱਤਾ। ਕਾਗਤ ਨੂੰ ਦੇਖਕੇ ਧਿਆਨ ਸਿੰਘ ਦੀ ਨਿਸ਼ਾ ਹੋ ਗਈ ਅਤੇ ਉਨ੍ਹਾਂ ਨੂੰ ਬੋਲਿਆ, ਜੋ ਭਰਾਵੋ ਤੁਸੀਂ ਮੇਰੇ ਪੁਰ ਵੱਡਾ ਅਸਾਨ ਕੀਤਾ, ਜੋ ਇਸ ਬਾਤ ਦੀ ਖਬਰ ਦਿੱਤੀ। ਪਰ ਹੁਣ ਤੁਸੀਂ ਹੀ ਦੱਸੋ, ਜੋ ਕੀ ਡੌਲ ਕਰਨੀ ਚਾਹੀਏ ? ਉਨ੍ਹਾਂ ਨੇ ਉਤਰ ਦਿੱਤਾ, ਜੋ ਤੁਸੀ ਡਰੋ ਨਾਂ, ਅਸੀਂ ਸ਼ੇਰ ਸਿੰਘ ਨੂੰ ਮਾਰ ਸਿੱਟਾਂਗੇ, ਕਿਉਂ ਜੋ ਉਹ ਤੁਸਾਡੇ ਬੁਰੇ ਵਿੱਚ ਹੈ। ਧਿਆਨ ਸਿੰਘ ਇਹ ਸੁਣਕੇ ਬਾਗਬਾਗ ਹੋ ਗਿਆ, ਅਤੇ ਬੋਲਿਆ ਜੋ ਜੇ ਤੁਸੀਂ ਇਹ ਕੰਮ ਕਰਿ ਆਵੋ, ਤਾਂ ਮੈਤੋਂ ਜਿਤਨਾਕੁ ਹੋ ਸੱਕੂ ਇਨਾਮ ਦੇਵਾਂਗਾ॥

ਜੋ ਤਤਬੀਰ ਫੌਜ ਦੀ ਗਿਣਤੀ ਦੀ ਇਨ੍ਹਾਂ ਨੇ ਧਿਆਨ ਸਿੰਘ ਦੇ ਮਾਰਨੇ ਲਈ ਸ਼ੇਰ ਸਿੰਘ ਨਾਲ ਠਹਰਾਈ ਸੀ, ਸੋਈ ਹੁਣ ਇਸਦੇ ਨਾਲ ਸ਼ੇਰ ਸਿੰਘ ਦੇ ਮਾਰਨੇ ਲਈ ਠਹਰਾਈ, ਜੋ ਅਸੀਂ ਗਿਣਤੀ ਦੇ ਦਿਨ ਉਸ ਨੂੰ ਮਾਰਕੇ ਕੰਮ ਬਣਾ ਲਵਾਂਗੇ। ਫੇਰ ਇਹ ਭੀ ਕਿਹਾ ਜੋ ਤੁਸੀਂ ਉਸ ਦਿਨ ਮਹਾਰਾਜੇ ਦੇ ਅਸਥਾਨ ਪੁਰ ਅਜਿਹੀ ਫੌਜ ਭੇਜਣੀ, ਜੋ ਤੁਸਾਡੇ ਕੰਮ ਵਿੱਚ ਹੱਲ ਜੁੱਲ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰੇ। ਇਹ ਗੱਲ ਠਹਰਾਕੇ ਓਹ ਛਲੀਏ ਮਹਾ ਪਾਪੀ ਰਾਜੇ ਸਾਂਹਸੀ ਨੂੰ ਤੁਰ ਪਏ। ਜਦ ਤੱਕ ਏਹ ਰਾਜੇ ਸਾਂਹਸੀ ਵਿੱਚ ਰਹੇ, ਤਦ ਤੱਕ ਰਾਜਾ ਧਿਆਨ ਸਿੰਘ ਦਰਬਾਰ ਵਿੱਚ ਨਾ ਗਿਆ। ਕਿਉਂ ਜੋ ਉਸਨੇ ਇਸ ਡਰ ਨਾਲ ਜੋ ਕਿਤੇ ਮੈਨੂੰ ਸ਼ੇਰ ਸਿੰਘ ਮਾਰ ਨਾ ਸਿੱਟੇ ਦਰਬਾਰ ਵਿੱਚ ਇਹ ਗੱਲ ਆਖ ਭੇਜੀ ਸੀ, ਜੋ ਮੇਰਾ ਦਿਲ ਕੁਝ ਮਾਂਦਾ ਹੈ॥

ਫੇਰ ਥੋਹੜਿਆਂ ਦਿਨਾਂ ਪਿੱਛੋਂ ਸੰਧਾ ਵਾਲੀਏ ਪੰਜ ਛੇ ਹਜਾਰ ਘੋੜ ਚੜ੍ਹੇ ਬਹੁਤ ਚੰਗੇ ਚੁਗੇ ਹੋਏ, ਨਾਲ ਲੈਕੇ ਲਾਹੌਰ ਵਿੱਚ ਆਏ। ਉਸ ਵੇਲੇ ਮਹਾਰਾਜਾ ਸ਼ੇਰ ਸਿੰਘ ਲਾਹੌਰ ਤੇ ਤਿੰਨਾਂਕੁ ਕੋਹਾਂ ਦੇ ਸੰਨ੍ਹ ਪੁਰ ਇੱਕ ਸਾਹ ਬਲੌਰ ਨਾਮੇ ਅਸਥਾਨ ਵਿੱਚ ਸਾ। ਸੋ ਸੰਧਾ ਵਾਲੀਏ ਸਰਦਾਰ ਉੱਥੇ ਹੀ ਜਾ ਪਹੁੰਚੇ। ਹੋਰ ਫੌਜ ਨੂੰ ਬਾਹਰ ਛੱਡਕੇ ਨਿਰੇ ਪੰਜਾਕੁ ਘੋੜ ਚੜ੍ਹੇ ਆਪਣੇ ਨਾਲ ਲੈਕੇ ਅੰਦਰ ਜਾ ਵੜੇ। ਉਸ ਵੇਲੇ ਸ਼ੇਰ ਸਿੰਘ ਇੱਕ ਕੁਰਸੀ ਪੁਰ ਸਿਰਹਾਣਾ ਲਾਈ ਬੈਠਾ ਹੋਇਆ ਸਾ। ਅਜੀਤ ਸਿੰਘ ਸੰਧਾ ਵਾਲੀਆ ਹੱਥ ਵਿੱਚ ਇੱਕ ਦੁਨਾਲੀ ਬੰਦੂਕ ਲੈਕੇ ਮਹਾਰਾਜੇ ਦੇ ਕੋਲ ਆਇਆ, ਅਤੇ ਹੱਸਕੇ ਬੋਲਿਆ, ਜੋ ਦੇਖੋ ਮਹਾਰਾਜ ਇਹ ਬੰਦੂਕ ਮੈਂ ਚੌਦਾਂ ਸੌ ਰੁਪੈਯੇ ਨੂੰ ਮੁਲ ਲਈ ਹੈ, ਜੇ ਕੋਈ ਹੁਣ ਇਸ ਦਾ ਤਿੰਨ ਹਜਾਰ ਰੁਪੈਯਾ ਭੀ ਦੇਵੇ, ਤਾਂ ਮੈਨੂੰ ਲੈਣਾ ਮਨਜੂਰ ਨਹੀਂ। ਇਹ ਸੁਣਕੇ ਮਹਾਰਾਜੇ ਨੇ ਬੰਦੂਕ ਫੜਨੇ ਲਈ ਹੱਥ ਪਸਾਰਿਆ। ਉਸ ਧੋਹੀ ਸੰਧਾਵਾਲੀਏ ਨੇ ਉਸੀ ਵੇਲੇ ਬੰਦੂਕ ਦਾ ਘੋੜਾ ਦਬਾਇਆ, ਅਤੇ ਇੱਕ ਇੱਕ ਨਾਲੀ ਵਿੱਚ ਜੋ ਦੋ ਦੋ ਗੋਲੀਆਂ ਭਰੀਆਂ ਹੋਈਆਂ ਸੀਆਂ, ਚੱਲਕੇ ਸ਼ੇਰ ਸਿੰਘ ਦੀ ਛਾਤੀ ਵਿੱਚ ਲੱਗੀਆਂ, ਉਸ ਵੇਲੇ ਕੁਰਸੀ ਉੱਤੋਂ ਉਲਰ ਕੇ ਧਰਤੀ ਪੁਰ ਡਿੱਗ ਪਿਆ, ਅਰ ਮਰ ਗਿਆ। ਉਸ ਪਾਪੀ ਸੰਧਾ ਵਾਲੀਏ ਨੇ ਤੁਰਤ ਉਸਦਾ ਸਿਰ ਵੱਢਕੇ ਹੱਥ ਵਿੱਚ ਫੜ ਲਿਆ। ਉਸ ਵੇਲੇ ਜਿਸ ਕਿਸ ਨੇ ਸੰਧਾ ਵਾਲੀਆਂ ਦਾ ਸਾਹਮਣਾ ਕੀਤਾ, ਉਹ ਜੀਉਂਦਾ ਨਾ ਬਚਿਆ। ਫੇਰ ਸੰਧਾ ਵਾਲੀਏ ਉਸ ਬਾਗ ਨੂੰ ਗਏ, ਜਿੱਥੇ ਸ਼ੇਰ ਸੰਘ ਦਾ ਵੱਡਾ ਪੁਤ ਪੜ੍ਹਦਾ ਹੁੰਦਾ ਸਾ ਅਤੇ ਓਸ ਵੇਲੇ ਆਪਨੇ ਵਰ੍ਹੇ ਗੰਡ ਦੇ ਸਮੇ ਤੁਲਾ ਚੜ੍ਹਿਆ ਸਿਉਨੇ ਨਾਲ ਤੁਲ ਰਿਹਾ ਸਾ, ਜੋ ਖਰੈਤ ਕਰਨਾ ਸਾ। ਉਸ ਮੁੰਡੇ ਦੀ ਉਮਰ ਉਸ ਵੇਲੇ ਤੇਰਾਂ ਚੌਦਾਂ ਬਰਸਾਂ ਦੀ ਸੀ। ਜਾਂ ਉਸ ਬਾਲਕ ਨੇ ਲਹਿਣਾਸਿਘ ਨੂੰ ਨੰਗੀ ਤਲਵਾਰ ਫੜੀ ਆਪਣੀ ਵੱਲ ਆਉਂ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਆਂ ਡਿਠਾ, ਤਾਂ ਡਰਕੇ ਇਸਦੇ ਪੈਰਾਂ ਪੁਰ ਡਿੱਗ ਪਿਆ, ਅਰ ਹਾਹੁਕੇ ਲੈਕੇ ਕਿਹਾ, ਜੋ ਬਾਬਾਜੀ! ਮੇਰੀ ਜਾਨ ਬਖਸ਼ੋ ਮੈ ਤੁਹਾਡਾ ਟੈਹਲੀਆ ਬਣਿਆ ਰਵ੍ਹਾਂਗਾ ਉਸ ਪਾਪੀ ਲਹਿਣਾ ਸਿੰਘ ਨੇ ਕੁਝ ਦਯਾ ਨਾ ਕੀਤੀ, ਉਸ ਬੇਦੋਸ ਬਾਲਕ ਦਾ ਸਿਰ ਵੱਢ ਸਿਟਿਆ। ਇਸ ਤਰ੍ਹਾਂ ਪਿਉ ਪੁਤ ਦਾ ਕੰਮ ਮੁਕਾਕੇ ਫੇਰ ਸ਼ਹਿਰ ਨੂੰ ਆਏ। ਅਜੀਤ ਸਿੰਘਦੇ ਨਾਲ ਉਸਵੇਲੇ ਤਿੰਨਕੁਸੌ ਘੋੜਚੜ੍ਹਾ ਅਤੇ ਦੋ ਕੁ ਸੌ ਪਿਆਦਾ ਸਾ, ਅਤੇ ਲਹਿਣਾ ਸਿੰਘ ਨਾਲ ਦੋਕੁ ਸੌ ਘੋੜਚੜ੍ਹਾ ਸਾ, ਜਾਂ ਏਹ ਦੋਨੋ ਅੱਗੇ ਪਿੱਛੇ ਚਲੇ ਜਾਂਦੇ ਸੇ, ਤਾਂ ਥੋੜੀ ਦੂਰ ਪੁਰ ਜਾਕੇ ਰਾਜੇ ਧਿਆਨਸਿੰਘ ਨਾਲ ਮੇਲਾ ਹੋਇਆ। ਅਜੀਤ ਸਿੰਘ ਨੇ ਧਿਆਨਸਿੰਘ ਨੂੰ ਆਖਿਆ, ਜੋ ਆਓ ਹੁਣ ਬਾਹਰ ਨੂੰ ਕਿਉਂ ਜਾਂਦੇ ਹੋ, ਜੋ ਤਕਰਾਰ ਸ਼ੇਰ ਸਿੰਘ ਦੇ ਮਾਰਨੇ ਦਾ ਅਸੀਂ ਤੁਸਾਡੇ ਨਾਲ ਕੀਤਾ ਸਾ, ਓਹ ਅਸੀਂ ਪੂਰਾ ਕਰਿਆਏ ਹਾਂ॥ ਧਿਆਨਸਿੰਘ ਉਸ ਵੇਲੇ ਆਪਣੇ ਦਿਲ ਵਿਚ ਬਹੁਤ ਡਰਿਆ, ਭਈ ਕਿਤੇ ਮੈਨੂੰ ਭੀ ਨਾ ਮਾਰ ਸਿੱਟਣ। ਪਰ ਉਸ ਵੇਲੇ ਆਪਣੀ ਸਿਪਾਹਨੂੰ ਥੋੜੀ ਦੇਖਕੇ ਅਜੀਤ ਸਿੰਘ ਦੇ ਨਾਲ ਹੋ ਲਿਆ। ਜਾਂ ਇਹ ਕਿਲੇ ਦੇ ਅੰਦਰ ਵੜੇ, ਤਾਂ ਸੰਧਾਵਾਲੀਆਂ ਦੀ ਸਿ-ਪਾਹ ਨੇ ਧਿਆਨਸਿੰਘ ਦੇ ਸਿਪਾਹੀਆਂ ਨੂੰ ਦੂਜੇ ਦਰਵਾਜੇ ਪੁਰ ਰੋਕ ਦਿੱਤਾ। ਥੋਹੜੀ ਦੂਰ ਅੱਗੇ ਜਾਕੇ, ਅਜੀਤ ਸਿੰਘ ਨੇ ਇਕ ਆਪਣੇ ਸਿਪਾਹੀ ਨੂੰ ਸੈਨਤ ਕੀਤੀ, ਅਤੇ ਉਸਨੇ ਧਿਆਨ ਸਿੰਘ ਦੇ ਪਿੱਛੋਂ ਆਕੇ ਇਕ ਕਰਾਬੀਨ ਭਰਕੇ ਮਾਰੀ ਅਰ ਫੇਰ ਦੂਜੇ ਨੇ ਆਕੇ ਇਕ ਹੋਰ ਗੋਲੀ ਮਾਰੀ। ਉਹ ਉਸੀ ਵੇਲੇ ਮਰ ਗਿਆ। ਇੱਕ ਮੁਸਲਮਾਨ ਸਿਪਾਹੀ ਨੇ ਜੋ ਧਿਆਨ ਸਿੰਘ ਦਾ ਨੌਕਰ ਸਾ, ਜਾਂ ਇਨ੍ਹਾਂ ਨਾਲ ਕੁਝ ਆਪਣੇ ਮਾਲਕ ਦਾ ਮਰਨਾ ਦੇਖ ਕੇ ਸਾਹਮਣਾ ਭੀ ਕੀਤਾ ਤਾਂ ਉਸ ਨੂੰ ਭੀ ਮਾਰ ਕੇ ਧਿਆਨ ਸਿੰਘ ਦੀ ਲੋਥ ਦੇ ਨਾਲਹੀ ਕਿਲੇ ਦੀ ਖਾਈ ਵਿੱਚ ਸਿੱਟ ਦਿੱਤਾ॥

ਦੋਹਰਾ।

ਜਗਤ ਤਮਾਸ਼ਾ ਚਾਰ ਦਿਨ, ਥਿਰ ਨਹਿੰ ਰਹਿੰਦਾ ਕੋਇ।
ਧ੍ਰਿਗ ਤਿਨ੍ਹਾਂ ਦਾ ਜੀਉਣਾ, ਝਗੜੇ ਬੱਨ੍ਹਣ ਜੋਇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਈ।

ਇਹ ਜੁ ਧਿਆਨ ਸਿੰਘ ਸਰਦਾਰ ।
ਧ੍ਰੋਹੀ ਪਾਪੀ ਅਰ ਬਦਕਾਰ ॥
ਇਸ ਨੇ ਬਹੁਤ ਧ੍ਰੋਹ ਸੇ ਕਰੇ।
ਬਹੁਤੇ ਇਸਦੇ ਹੱਥੋਂ ਮਰੇ ॥
ਇਸਦੇ ਜਿਹਾ ਨਾ ਕਪਟੀ ਕੋਈ।
ਮਹਾ ਛਲੀ ਬਣ ਉਮਰਾ ਖੋਈ ॥
ਦੇਖੋ ਇਸਨੇ ਕਿਤਨੇ ਮਾਰੇ ।
ਛਲ ਬਲ ਕਰਕੇ ਰਿਹਾ ਕਿਨਾਰੇ ॥
ਨੌਨਿਹਾਲ ਸਿੰਘ ਇਸਨੈ ਮਾਰਾ ।
ਫੇਰ ਮਾਤਾ ਵਿੱਚ ਝਗੜਾ ਡਾਰਾ ॥
ਸ਼ੇਰਸਿੰਘ ਦਾ ਮਿੱਤਰ ਹੋਇਆ ।
ਚੇਤ ਸਿੰਘ ਦਾ ਸਿਰ ਇਨ ਖੋਇਆ ॥
ਹੁਣ ਇਸ ਸ਼ੇਰ ਸਿੰਘ ਦੇ ਲਈ।
ਦਾਉ ਘਾਤ ਕੀਤੇ ਸੇ ਕਈ ॥
ਫਿਰ ਇਨ ਸੰਧੇ ਵਾਲੀਏ ਸਾਰੇ ।
ਭੂਹੇ ਕੀਤੇ ਇਸ ਹਤਿਆਰੇ ॥
ਉਨ੍ਹੀ ਜੁ ਸ਼ੇਰ ਸਿੰਘ ਨੂੰ ਮਾਰਾ ।
ਇਸੀ ਦੁਸ਼ਟ ਦਾ ਸਭ ਵਰਤਾਰਾ ॥
ਇਸਨੇ ਬਹੁਤੇ ਪਾਪ ਕਮਾਏ ।
ਕਈ ਲੋਕ ਇਨ ਮਾਰ ਗੁਆਏ ॥
ਓੜਕ ਇਸਦੀ ਵਾਰੀ ਆਈ।
ਸਾਰੀ ਭੁਲ ਗਈ ਚਤੁਰਾਈ ॥
ਪਰਮੇਸ਼ਰ ਤੇ ਬਚੇ ਨਾ ਕੋਈ।
ਉਨ ਹਰ ਪਾਪੀ ਦੀ ਜੜ ਖੋਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਮਰਨੇ ਦਾ ਵੇਲਾ ਆਇਆ ।
ਤਾਂ ਕੁਝ ਭੀ ਕਹਿਣਾ ਨਾ ਪਾਇਆ ॥
ਮਨ ਦੀ ਮਨ ਮੁਖ ਦੀ ਮੁਖ ਮਾਂਹ ।
ਆਣ ਮੌਤ ਨੇ ਪਕੜੀ ਬਾਂਹ ॥
ਹਾਇ ਹਾਇ ਜੱਗ ਵਿੱਚ ਪਰਾਣੀ ।
ਤੱਦੀ ਕਰਦਾ ਹੈ ਮਨ ਭਾਣੀ ॥
ਪਰਮੇਸ਼ਰ ਤੇ ਨਾਹੀਂ ਡਰਦਾ ।
ਅਰ ਇਹ ਸੋਚ ਨਹੀਂ ਮਨ ਧਰਦਾ ॥
ਭਈ ਸਦਾ ਮੈਂ ਇਸ ਸੰਸਾਰ ।
ਰਹਿਣਾ ਨਾਹੀਂ ਪੈਰ ਪਸਾਰ ॥
ਫਿਰ ਮੈਂ ਕਿਉਂ ਬਹੁ ਝਗੜੇ ਕਰਾਂ ।
ਕਿਉਂ ਮੈਂ ਜਗ ਸੁਖ ਮਨ ਵਿੱਚ ਧਰਾਂ ॥
ਚਾਰ ਦਿਨਾਂ ਦੇ ਜੀਉਣ ਲਈ ।
ਕਿਉਂ ਮੈਂ ਲੋਕ ਸਿਤਾਮਾਂ ਕਈ ॥
ਸਰਬ ਸੁਖਾਂਦਾ ਦੋ ਦਿਨ ਮੇਲ ।
ਫਿਰ ਸਭ ਰੁਲ ਜਾਵੇਗੀ ਖੇਲ ॥
ਹੁਣ ਇਹ ਸੁਣ ਛਡੋ ਸਭ ਕੋਈ ।
ਇਹ ਦੁਨੀਆਂ ਨ ਕਿਸੇ ਦੀ ਹੋਈ ॥
ਜਿਨ ਕੀਤਾ ਤਿਸ ਹੀ ਨੇ ਪਾਇਆ ।
ਮਾਤ ਪਿਤਾ ਨੇ ਨਹੀਂ ਛੁਡਾਇਆ ॥
ਕਰਨੀ ਦਾ ਫਲ ਹੋਇ ਜਰੂਰ ।
ਕੋਈ ਨਹੀਂ ਕਰ ਸਕਦਾ ਦੂਰ ॥
ਤਾਂ ਤੇ ਸਭ ਸ਼ੁਭ ਕਰਨੀ ਕਰੋ ।
ਪਾਪ ਤਜੋ ਈਸ਼ੁਰ ਤੇ ਡਰੋ ॥

ਜਾਂ ਇਹਕਿਲੇਵਿੱਚ ਜਾ ਬੈਠੇ, ਤਾਂ ਧਿਆਂਨਕੀਤਾ,ਕਿ ਜੇ ਧਿਆਨਸਿੰਘ ਦੇ ਪੁੱਤ੍ਰ ਹੀਰਾਸਿੰਘ ਅਤੇ ਤਿਸ ਦੇ ਭਿਰਾ ਸੁਚੇਤਸਿੰਘ ਨੂੰ ਇਸ ਦੇ ਮਰਨੇ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਬਰ ਹੋਵੈਗੀ, ਤਾਂ ਓਹ ਹੱਲਾ ਕਰਕੇ ਸਾਨੂੰ ਮਾਰਨ ਆਉਨਗੇ, ਇਸ ਲਈਕੁਝ ਤਦਬੀਰ ਕਰਨੀ ਚਾਹੀਏ। ਉਨ੍ਹਾਂ ਪਾਪੀਆਂ ਨੇ ਉਸੇ ਵੇਲੇ ਧਿਆਨਸਿੰਘ ਵੱਲੋਂ ਹੀਰਾ ਸਿੰਘ ਅਤੇ ਸੁਚੇਤਸਿੰਘਨੂੰ ਇਹ ਚਿੱਠੀ ਲਿਖੀ, ਜੋ ਅਸੀਂ ਸੰਧਾਵਾਲੀਆਂ ਨਾਲ ਕਿਲੇ ਵਿੱਚ ਬੈਠੇ ਕੁਝ ਸਲਾਹ ਕਰ ਰਹੇ ਹਾਂ; ਤੁਸੀਂ ਭੀ ਇਸ ਚਿਠੀ ਨੂੰ ਪੜ੍ਹਦੇ ਹੀ ਕਿਲੇ ਵਿੱਚ ਆਜਾਓ। ਕਿਉਂ ਜੋ ਸੰਧਾਵਾਲੀਆਂ ਦੀ ਇਹ ਮਰਜੀ ਸੀ, ਜੋ ਜਾਂ ਓਹ ਦੋਵੇਂ ਕਿਲੇ ਵਿਚ ਆ ਵੜਨਗੇ, ਤਾਂ ਉਨ੍ਹਾਂ ਨੂੰ ਕੱਲੇ ਪਾਕੇ ਮਾਰ ਸਿੱਟਾਂਗੇ ਜਾਂ ਚਿੱਠੀ ਬੁੱਧੂ ਦੇ ਆਵੇ ਪੁਰ ਤਿਨ੍ਹਾਂ ਦੇ ਪਾਸ ਪਹੁੰਚੀ, ਤਾਂ ਉਨ੍ਹਾਂ ਦੇ ਸਲਾਹੀਆਂਨੇ ਇਸ ਵਿੱਚ ਕੁਝ ਛਲ ਸਮਝ ਕੇ ਇਹ ਉੱਤਰ ਲਿਖਭੇਜਿਆ ਜੋ ਸਾਨੂੰ ਆਉਣ ਵਿੱਚ ਤਾਂ ਕੁਝ ਉਜਰ ਨਹੀਂ, ਪਰ ਜੇ ਰਾਜਾ ਧਿਆਨਸਿੰਘ ਦੇ ਹੱਥੀਂ ਲਿਖੀ ਹੋਈ ਚਿੱਠੀ ਸਾਡੇ ਪਾਸ ਪਹੁੰਚੇ, ਤਾਂ ਅਸੀਂ ਆਜਾਵਾਂਗੇ। ਜਾਂਉਨ੍ਹਾਂ ਨੇ ਡਿੱਠਾ ਜੋ ਸਾਡੀ ਚਿੱਠੀ ਨੂੰ ਓਹ ਸਮਝ ਗਏ, ਤਾਂ ਪੰਜ ਸੌ ਘੋੜ ਚੜ੍ਹਿਆਂ ਨੂੰ ਹੀਰਾਸਿੰਘ ਅਤੇ ਸੁਚੇਤ ਸਿੰਘ ਦੇ ਪਕੜ ਲਿਆਉਣੇ ਲਈ ਭੇਜਿਆ, ਪਰ ਏਹ ਸਵਾਰ ਉਨ੍ਹਾਂ ਨੂੰ ਪਕੜ ਨਾ ਸਕੇ। ਅਰ ਇਸਤੇ ਇੱਕ ਘੰਟਾ ਪਿੱਛੋ ਇਹ ਖਬਰ ਸਾਰੇ ਪ੍ਰਗਟ ਹੋ ਗਈ ਜੋ ਸੰਧਾਵਾਲੀਆਂ ਨੇ ਮਹਾਰਾਜਾ ਸ਼ੇਰ ਸਿੰਘ ਅਤੇ ਵਜੀਰ ਧਿਆਨ ਸਿੰਘਨੂੰਮਾਰ ਸਿੱਟਿਆ ਹੈ। ਇਸ ਖਬਰ ਦੇ ਸੁਣਦਿਆਂ ਹੀ ਹੀਰਾਸਿੰਘ ਬੇਹਾਲ ਹੋਗਿਆ ਅਤੇ ਹਾਇ ਹਾਇ ਕਹਿਕੇ ਧਰਤੀ ਪੁਰ ਤੜਫਣ ਲੱਗ ਗਿਆ ਉਸ ਦਾ ਬਾਲਕਾਂ ਵਾਂਙੂ ਰੋਣਾ ਅਤੇ ਚਿੱਲਾਉਣਾ ਦੇਖਕੇ ਰਾਇ ਕੇਸਰੀ ਸਿੰਘ ਨੇ ਆਖਿਆ ਜੋ ਤੁਸੀਂ ਨਿਆਣਿਆਂ ਵਾਂਙੂ ਇਹ ਕੀ ਕਰਦੇ ਹੋ, ਜੋ ਕੁਝਹੋਇਆ ਸੋ ਹੋਇਆ, ਹੁਣ ਅਗੇ ਲਈ ਜਤਨ ਕਰਨਾ ਚਾਹੀਏ, ਨਾ ਜਾਣੀਏ ਜੋ ਓਹ ਪਾਪੀ ਸੰਧਾਵਾਲੀਏ ਹੋਰ ਕੀ ਕੀ ਉੱਪਦਰ ਕਰਨਗੇ। ਓਹ ਇਸ ਦੀ ਗੱਲਸੁਨਕੇ ਹੋਸ਼ ਵਿੱਚ ਆਇਆ ਅਤੇ ਸਭਨਾ ਸਰਦਾਰਾਂ ਨੂੰ ਨਾਲ ਲੈਕੇ ਫੌਜ ਵਿੱਚ ਗਿਆ, ਜੋ ਓਹ ਫੌਜ ਦੇ ਵਸੀਲੇ ਸੰਧਾਵਾਲੀਆਂ ਤੇ ਬਦਲਾ ਲਵੇ। ਹੀਰਾ ਸਿੰਘਨੇ ਸਭਨਾਂ ਸਰਦਾਰਾਂ ਸਣੇ ਫ਼ੌਜ ਦੇ ਸਾਹਮਣੇ ਆਪਣੀ ਤਲਵਾਰ ਰੱਖਕੇ ਇਹ ਗੱਲ ਆਖੀ ਜੋ ਹੇ ਖਾਲਸਾ ਜੀ, ਦੇਖੋ ਮਹਾਰਾਜਾ ਰਣਜੀਤ ਸਿੰਘ ਨੇ ਨਿਆਣਪੁਣੇ ਤੇ ਲੈਕੇ ਮੈਨੂੰ ਆਪਣੇ ਪੁਤਰਾਂ ਤੇ ਵਧੀਕ ਪਾਲਿਆਸਾਅਰ ਮੈਂ ਸਾਰੀ ਉਮਰ ਅਜਿਹਾ ਸੁਖ ਪਾਇਆ ਸਾ, ਜੋ ਕੋਈ ਦੁਖ ਨਹੀਂ ਡਿੱਠਾ ਪਰ ਹੁਣ ਸੰਧਾਵਾਲੀਆਂ ਨੇ ਮੇਰਾ ਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖ ਦੂਰ ਕਰ ਦਿੱਤਾ, ਦੇਖੋ ਉਨ੍ਹਾਂ ਨੇ ਸਾਡੇ ਪਾਤਸ਼ਾਹ ਸ਼ੇਰਸਿੰਘ ਨੂੰ ਅਰ ਮੇਰੇ ਪਿਤਾ ਨੂੰ ਮਾਰਕੇ ਗੁਆ ਦਿੱਤਾ। ਸੋ ਜੇ ਤੁਸੀਂ ਇਸ ਗੱਲ ਦਾ ਬਦਲਾ ਲੈ ਦੇਵੋ, ਤਾਂ ਮੈਂ ਸਾਰੀ ਉਮਰ ਤੁਹਾਡਾ ਦੇਣਦਾਰ ਰਵ੍ਹਾਂਗਾ। ਉਨ੍ਹਾਂਨੇ ਇਹ ਸਾਰਾਕੰਮ ਇਸ ਵਾਸਤੇ ਕੀੱਤਾ ਹੈ,ਜੋ ਇਸ ਮੁਲਖ ਵਿੱਚ ਅੰਗ੍ਰੇਜ਼ਾਂ ਨੂੰ ਲਿਆਕੇ ਖਾਲਸੇ ਦੇ ਪੰਥ ਦਾ ਨਾਸ ਕਰ ਦੇਵੇ। ਕਿੰਉਂ ਜੋ ਜਦ ਓਹ ਹਿੰਦੁਸਤਾਨ ਵਿੱਚ ਰਹਿੰਦੇ ਸੇ, ਤਦ ਉਨ੍ਹਾਂ ਨੇ ਅੰਗ੍ਰੇਜ਼ਾਂ ਨਾਲ ਇਹ ਨੇਮ ਕੀੱਤਾ ਸਾ, ਜੋ ਅਸੀਂ ਤੁਸਾਨੂੰ ਪੰਜਾਬ ਵਿੱਚ ਬੁਲਾਵਾਂਗੇ। ਹੁਣ ਇਨ੍ਹਾਂ ਨੇ ਲੁਦੇਹਾਣੇ ਅਰ ਪਰੋਜਪੁਰ ਨੂੰ ਕੋਈ ਚਿੱਠੀਆਂ ਲਿਖ ਕੇ ਭੇਜੀਆਂ ਹਨ,ਜੋ ਅਸੀਂ ਲਹੌਰ ਦੀ ਗੱਦੀ ਖਾਲੀ ਕਰ ਛੱਡੀ ਹੈ, ਫਰੰਗੀ ਆਕੇ ਆਪਣਾ ਅਮਲਾ ਕਰ ਲੈਣ। ਸੋ ਦੇਖੋ ਹੇ ਖਾਲਸਾ ਜੀ ਹੁਣ ਤੁਸਾਡਾ ਧਰਮ ਗਿਆ ਅਰ ਅੰਗ੍ਰੇਜ਼ ਆਕੇ ਤੁਸਾਡੇ ਹਥਿਆਰ ਖੋਹ ਲੈਣਗੇ, ਅਤੇ ਤੁਸਾ-ਡੀਆਂ ਇੱਜਤਾਂ ਵਿਗਾੜਕੇ ਖੇਤੀ ਕਰਾਉਣ ਲੱਗ ਜਾਣਗੇ। ਸੋ ਜੇ ਹੁਣ ਕੁਝ ਤੁਸੀਂ ਉਪਾਉ ਨਹੀਂ ਕਰੋਗੇ, ਤਾਂ ਖਾਲਸਾ ਜੀ ਦਾ ਕਿਤੇ ਪਤਾ ਭੀ ਨਹੀਂ ਦਿੱਸ ਆਊਗਾ। ਹੁਣੇ ਪੰਜਾਹ ਹਜਾਰ ਫੌਜ ਅੰਗ੍ਰੇਜ਼ਾਂ ਦੀ ਸਤਲੁਜ ਦੇ ਦਰਿਆਉ ਨੂੰ ਲੰਘਕੇ ਤੁਹਾਨੂੰ ਮਾਰਨ ਵਾਸਤੇ ਆ ਫਿਰੂਗੀ, ਅਰ ਫੇਰ ਤੁਹਾਤੇ ਕੁਝ ਉਪਾਉ ਨਹੀਂ ਹੋ ਸੱਕਣਾ। ਅੰਗ੍ਰੇਜ ਤੁਹਾਨੂੰ ਅਜਿਹਾ ਦੁੱਖ ਦੇਣਗੇ, ਜੋ ਧਰਮ ਦੇ ਵਿਗਾ-ੜਨੇ ਤੇ ਵਧੀਕ ਤੁਸਾਡਾ ਨਾਉਂ ਪਤਾ ਭੀ ਦੂਰ ਕਰਨਗੇ। ਭਲਾ ਜੇ ਤੁਸੀਂ ਅੰਗ੍ਰੇਜ਼ਾਂ ਦੇ ਆ ਜਾਣ ਨੂੰ ਕੁਝ ਬੁਰਾ ਨਹੀਂ ਜਾਣਦੇ, ਤਾਂ ਮੇਰੇ ਪਿਉ ਵੱਲ ਦੇਖੋ, ਉਸ ਨੂੰ ਸੰਧਾਂਵਾਲੀਆਂ ਨੇ ਕਿਸ ਛਲ ਨਾਲ ਮਾਰਿਆ। ਦੇਖੋ ਮੈਂ ਇੱਕ ਹੋਰ ਗੱਲ ਆਖਦਾ ਹਾਂ, ਜੋ ਤੁਸੀਂ ਜਾਨਦੇ ਹੋ ਮੇਰੇ ਪਿਉ ਦੇ ਪਾਸ ਕਿਤਨੀਕੁ ਮਾਯਾ ਅਰ ਵੱਡੇ ਮਹਾਰਾਜੇ ਦਾ ਖਜਾਨਾਂ ਕਿਤਨਾਕੁ ਵੱਡਾ ਹੈ। ਜੇ ਮੈਂ ਸੌ ਬਰਸ ਤਕ ਖਰਚਾਂ ਤਾਂ ਭੀ ਤੋਟ ਨਹੀਂ ਆ ਸੱਕੂਗੀ, ਸੋ ਮੇਰੀ ਹੁਣ ਇਹ ਸਲਾਹ ਹੈ, ਜੋ ਹੋਰ ਸਭ ਕੰਮ ਛੱਡਕੇ ਮੈਂ ਨਿਰੀ ਫੌਜ ਦੀ ਪਾਲਨਾ ਕਰਾਂਗਾ। ਦੇਖੋ ਮੈਂ ਅੱਜ ਤੇ ਬਾਰਾਂ ਰੁਪੈਯੇ ਮਹੀਨਾ ਸਿਪਾਹੀ ਅਰ ਤੀਹ ਰੁਪੈਯੇ ਮਹੀਨਾ ਘੋੜ ਚੜ੍ਹੇ ਦਾ ਠਹਰਾ ਦਿੱਤਾ। ਜੇ ਤੁਹਾਨੂੰ ਅਤਬਾਰ ਨਹੀਂ ਤਾਂ ਮੈਂ ਸੁਗੰਦ ਖਾਕੇ ਆਖਦਾ ਹਾਂ ਜੋ ਮੈਂ ਆਪਣੇ ਚਾਚੇ ਅਤੇ ਪਿਉ ਦਾ ਸਾਰਾ ਧਨ ਤੁਸਾਡੇ ਸਿਰਾਂ ਪੁਰ ਵਾਰ ਸਿੱਟੂੰਗਾ। ਮੇਰਾ ਹੋਰ ਕੋਈ ਮਤਲਬ ਨਹੀਂ ਨਿਰਾ ਇਹੋ ਚਾਹੁੰਦਾਹਾਂ, ਜੋ ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਧਾਵਾਲੀਆਂਨੂੰ ਮਾਰਕੇ ਅਤੇ ਅੰਗ੍ਰੇਜ਼ਾਂ ਨੂੰ ਸਤਲੁਜ ਪੁਰ ਹੀ ਰੋਕਕੇ, ਆਪਣੇ ਮੁਲਖਨੂੰ ਅਮਨ ਚੈਨ ਵਿੱਚ ਰੱਖੀਏ। ਜੇ ਅਸੀਂ ਇਹ ਤਤਬੀਰ ਨਾ ਕਰਾਂਗੇ ਤਾਂ ਸਾਨੂੰ ਅਤੇ ਤੁਹਾਨੂੰ ਸਾਰੀ ਉਮਰ ਦੀ ਬਦਨਾਮੀ ਰਹੂਗੀ। ਇਹ ਚੇਤੇ ਰੱਖੋ ਜੋ ਸੰਧਾਵਾਲੀਏ ਆਪਣੇ ਮੁਲਖ ਅਰ ਹਿੰਦੂਆਂ ਦੇ ਧਰਮ ਅਤੇ ਸਿੱਖੀਮਤ ਦੇ ਵੈਰੀ ਹਨ, ਜੇ ਇਨ੍ਹਾਂ ਨੂੰ ਨਹੀਂ ਮਾਰਾਂਗੇ, ਤਾਂ ਧਰਮ ਦਾ ਕੁਝ ਠਿਕਾਨਾ ਨਹੀਂ॥

ਫੌਜ ਇਸ ਗੱਲ ਨੂੰ ਸੁਣਕੇ ਕ੍ਰੋਧ ਵਿੱਚ ਆ ਗਈ ਅਤੇ ਉਸੀਵੇਲੇ ਖਾਣਾ ਪੀਣਾ ਅਰ ਭਾਂਡੇ ਟਿੰਡੇ ਛਡਕੇ ਲੜਾਈ ਵਾਸਤੇ ਤਿਆਰ ਹੋ ਗਈ। ਫੇਰ ਫੌਜ ਨੇ ਹੀਰਾਸਿੰਘ ਨੂੰ ਕਿਹਾ ਤੁਸੀਂ ਪ੍ਰਸਿੰਨਤਾਈ ਨਾਲ ਆਪਣੇ ਕੰਪੂ ਕੋਲ ਬੁੱਧੂ ਦੇ ਆਵੇ ਪੁਰ ਜਾਵੋ,ਅਸੀਂ ਤੁਸਾਡੇ ਮਗਰੇ ਆਉਂਦੇ ਹਾਂ,ਹੁਣ ਉਨ੍ਹਾਂ ਪਾਪੀਆਂ ਤੇ ਸਭ ਬਦਲੇ ਅੱਛੀ ਤਰ੍ਹਾਂ ਲਏਜਾਣਗੇ। ਹੀਰਾਸਿੰਘ ਨੇ ਇਸ ਤਰ੍ਹਾਂ ਆਪਣੀ ਚਤੁਰਾਈ ਨਾਲ ਚਾਲ੍ਹੀ ਹਜਾਰ ਫੌਜ ਆਪਣੇ ਨਾਲ ਕਰ ਲਈ। ਜਾਂ ਇਹ ਕਿਲੇ ਪੁਰ ਹੱਲਾ ਕਰਨੇ ਦੀ ਤਿਆਰੀ ਕਰ ਰਿਹਾ ਸਾ,ਤਾਂ ਸੰਧਾਵਾਲੀਆਂਨੇ ਕਿਲੇ ਅਰ ਸ਼ਹਿਰ ਵਿਚਲੀ ਥੋਹੜੀ ਜਿਹੀ ਫੌਜ ਨੂੰ ਕੁਝ ਰੁਪੈਯੇ ਦੇਕੇ ਆਪਣੀ ਕੁੰਮਕ ਵਾਸਤੇ ਤਿਆਰ ਕਰ ਲਿਆ। ਧਿਆਨਸਿੰਘ ਦਾ ਮਰਨਾ ਛਿਪਾਉਣ ਲਈ ਇਨ੍ਹਾਂ ਨੇ ਭਾਵੇਂ ਸ਼ਹਿਰ ਵਿੱਚ ਇਹ ਗੱਲ ਭੀ ਪ੍ਰਗਟ ਕੀੱਤੀ, ਜੋ ਮਹਾਰਾਜਾ ਦਲੀਪਸਿੰਘ ਪਾਦਸ਼ਾਹ ਅਤੇ ਧਿਆਨਸਿੰਘ ਉਸ ਦਾ ਵਜ਼ੀਰ ਹੋ ਗਿਆ ਹੈ,ਪਰ ਨੱਗਰ ਵਿੱਚ ਧਿਆਨਸਿੰਘ ਦਾ ਮਰਨਾ ਗੁੱਝਾ ਨਾ ਰਿਹਾ। ਜਾਂ ਤਕਾਲਾਂ ਦਾ ਵੇਲਾ ਹੋਇਆ, ਤਾਂ ਹੀਰਾਸਿੰਘ ਖਾਲਸੇ ਦੀ ਫੌਜ ਨੂੰ ਨਾਲ ਲੈਕੇ ਸ਼ਹਿਰ ਵੱਲ ਸਿੱਧਾ ਹੋਇਆ॥

ਇਹ ਗੱਲ ਸੁਣਕੇ ਸੰਧਾਵਾਲੀਆਂ ਨੇ ਸਿੱਖਾਂ ਦਾ ਗੁੱਸਾ ਹਟਾਉਣੇ ਲਈ ਧਿਆਨਸਿੰਘ ਦੀ ਲੋਥ ਪੁਰ ਦੁਸ਼ਾਲਾ ਪਾਕੇ ਅਰ ਗੁਲਾਬ ਛਿਣਕਕੇ ਉਸ ਮੁਸਲਮਾਨ ਸਿਪਾਹੀ ਦੀ ਲੋਥ ਸਣੇ, ਜੋ ਨਾਲ ਹੀ ਮਾਰਿਆ ਸਾ, ਫੌਜ ਵਿੱਚ ਭੇਜ ਦਿੱਤਾ ਅਰ ਆਖਿਆ, ਜੋ ਹਾਇ ਹਾਇ ਇਸ ਮੁਸਲਮਾਨ ਸਿਪਾਹੀ ਨੇ ਸਾਡੇ ਹੁਕਮ ਬਿਨਾ ਵਜੀਰ ਸਾਹਬ ਨੂੰ ਵੱਢ ਦਿੱਤਾ, ਅਰ ਅਸੀਂ ਵੱਡੇ ਸੋਗਮਾਨ ਹਾਂ ਇਸ ਲੂਣਹਰਾਮੀ ਦੇ ਥਾਂ ਅਸੀਂ ਇਸ ਨੂੰ ਭੀ ਉੱਸੀ ਵੇਲੇ ਵੱਡ ਦਿੱਤਾ ਹੈ। ਇਨ੍ਹਾਂ ਗੱਲਾਂ ਤੇ ਭੀ ਖਾਲਸਾ ਜੀ ਦਾ ਗੁੱਸਾ ਦੂਰ ਨਾ ਹੋਇਆ,ਸਗੋਂ ਵੱਡੀ ਉੱਚੀ ਅਵਾਜ ਨਾਲ ਵਾਹਿਗੁਰੂ ਜੀ ਕੀ ਫਤੇ ਬੋਲਦੇ ਹੋਏ ਸ਼ਹਿਰ ਵਿੱਚ ਆਣ ਵੜੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਆਣਕੇ ਕਿਲੇ ਨੂੰ ਘੇਰ ਲਿਆ। ਹੀਰਾਸਿੰਘ ਨੇ ਗੋਲਮਦਾਜਾਂ ਨੂੰ ਬੁਲਾਕੇ ਆਖਿਆ, ਜੋ ਜੇ ਤੁਸੀਂ ਢਾਹਕੇ ਕਿਲੇ ਵਿੱਚ ਮੋਰੀ ਕਰ ਦੇਵੋ, ਤਾਂ ਸਾਰੀ ਫੌਜ ਕਿਲੇ ਦੇ ਅੰਦਰ ਵਾੜ ਲਈਏ। ਅਰ ਇਹ ਭੀ ਕਿਹਾ ਜੋ ਮੈਂ ਤੁਸਾਡੀ ਇਸ ਮਿਹਨਤ ਦੀ ਬਾਬਤ ਬਹੁਤ ਰੁਪੈਯੇ ਦੇਊਂਗਾ। ਮੇਰੇ ਦਿਲ ਵਿੱਚ ਹੈ ਜੋ ਜਦ ਤਾਈਂ ਮੈਂ ਸੰਧਾਂਵਾਲੀਆਂ ਦੇ ਸਿਰ ਵੱਢੇ ਹੋਏ ਨਾ ਦੇਖਾਂ, ਤਦ ਤਾਈਂ ਅੰਨ ਪਾਨੀ ਨਹੀਂ ਵਰਤੂੰਗਾ। ਫੇਰ ਉਸ ਨੇ ਉਸ ਫੌਜ ਨੂੰ ਜਿਨ ਸ਼ਹਿਰ ਵਿੱਚ ਲੁੱਟ ਮਚਾਈ ਸੀ ਆਖਿਆ, ਜੋ ਜੇ ਤੁਸੀਂ ਮੇਰੇ ਵੈਰੀਆਂ ਦਾ ਸਿਰ ਵੱਢਕੇ ਲਿਆਵੋ, ਤਾਂ ਮੈਂ ਤੁਸਾਨੂੰ ਕਿਲਾ ਲੁੱਟਣੇ ਦਾ ਹੁਕਮ ਭੀ ਦੇਊਂਗਾ। ਇਹ ਗੱਲ ਸੁਣਕੇ ਫੌਜ ਨੇ ਕਿਲਾ ਢਾਉਣੇ ਲਈ ਗੋਲਮਦਾਜਾਂ ਦੀ ਬਹੁਤ ਖੁਸ਼ਾਮਤ ਕੀਤੀ, ਜੋ ਓਹ ਤੋਪਾਂ ਨਾਲ ਕਿਲੇ ਵਿੱਚ ਗਲੀ ਕਰ ਦੇਣ। ਗੋਲਮਦਾਜਾਂ ਨੇ ਤੋਪਾਂ ਚਲਾ ਕੇ ਸੁਵੇਰੇ ਤੜਕੇ ਹੀ ਕਿਲੇ ਵਿੱਚ ਇੱਕ ਮੋਘ ਕਰ ਦਿੱਤਾ। ਅਰ ਫੌਜ ਨੇ ਉਸ ਦੇ ਰਸਤੇ ਕਿਲੇ ਵਿੱਚ ਵੜਨੇ ਦਾ ਉੱਦਮ ਕੀਤਾ। ਜਾਂ ਫੌਜ ਗੁੱਸੇ ਨਾਲ ਹੱਲਾ ਕਰਕੇ ਕਿਲੇ ਦੇ ਅੰਦਰ ਜਾਵੜੀ, ਤਾਂ ਅੰਦਰਲੀ ਫੌਜ ਨੇ ਕੁਝ ਸਾਹਮਣਾ ਨਾ ਕੀਤਾ। ਅਰ ਜਿਨ੍ਹਾਂ ਸਿੱਖਾਂ ਨੇ ਅੰਦਰਲੀ ਫੌਜ ਵਿੱਚੋਂ ਕੁਝ ਹੀਰਾਸਿੰਘ ਦਾ ਸਾਹਮਣਾ ਭੀ ਕੀਤਾ, ਓਹ ਬਲਹੀਣ ਹੋਣੇਦੇ ਸਬੱਬ ਸਾਹਮਣਾ ਨਾ ਕਰ ਸੱਕੇ। ਜਾਂ ਹੀਰਾਸਿੰਘ ਦੀ ਫੌਜ ਦਾ ਬਹੁਤ ਜੋਰ ਸ਼ੋਰ ਦੇਖਿਆ, ਤਾਂ ਅਜੀਤਸਿੰਘ ਸੰਧਾਂ-ਵਾਲੀਆ ਆਪਣੀ ਜਾਨ ਬਚਾਉਣੇ ਲਈ ਕਿਲੇ ਦੀ ਕੰਧ ਉੱਪਰੋਂ ਬਾਹਰ ਨੂੰ ਟੱਪ ਪਿਆ। ਫੌਜ ਦੇ ਲੋਕਾਂ ਨੇ ਤਿਸ ਨੂੰ ਪਛਾਣਕੇ ਪਕੜ ਲਿਆ ਅਰ ਝੱਟ ਉਸ ਦਾ ਸਿਰ ਵੱਢਕੇ ਹੀਰਾਸਿੰਘ ਨੂੰ ਲਿਆ ਦਿੱਤਾ। ਹੀਰਾਸਿੰਘ ਨੇ ਉਨ੍ਹਾਂ ਨੂੰ ਬਹੁਤ ਸਾਰੀਆਂ ਜਗੀਰਾਂ ਅਤੇ ਧਨ ਬਖਸ਼ਕੇ ਰਾਜੀ ਕੀਤਾ ਅਰ ਆਖਿਆ, ਜੋ ਜੋ ਸੰਧਾਂਵਾਲੀਆਂ ਦੇ ਬੀਜ ਨੂੰ ਮੇਰੇ ਜੀਉਂਦੇ ਜੀ ਦੂਰ ਕਰ ਦੇਵੇ, ਮੈਂ ਉਸ ਪੁਰ ਆਪਣੀ ਜਾਨ ਭੀ ਬਾਰ ਸਿੱਟੂੰਗਾ॥

ਫੇਰ ਉਸ ਸਿਰ ਨੂੰ ਹੀਰਾਸਿੰਘ ਨੇ ਲੈਕੇ ਆਪਣੀ ਮਾਤਾ ਦੇ ਪੈਰਾਂ ਵਿੱਚ ਲਿਆ ਰੱਖਿਆ। ਉਸ ਦੀ ਮਾਉਂ ਉਸ ਨੂੰ ਦੇਖਕੇ ਬਹੁਤ ਖੁਸ਼ੀ ਹੋਈ ਅਰ ਆਖਿਆ, ਜੋ ਹੁਣ ਮੇਰੀ ਪ੍ਰਸਿੰਨਤਾਈ ਹੋ ਗਈ, ਅਰ ਮੈਂ ਦਰਗਾਹ ਵਿੱਚ ਤੇਰੀ ਨੇਕਨਾਮੀ ਕਰੂੰਗੀ, ਜੋ ਇਸ ਨੇ ਆਪਣੇ ਪਿਤਾ ਦਾ ਚੰਗਾ ਬਦਲਾ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਹੀਆਂ ਜਿਹੀਆਂ ਗੱਲਾਂ ਕਰਕੇ ਉਹ ਸਤੀ ਹੋਣੇ ਨੂੰ ਤਿਆਰ ਹੋਈ, ਅਰ ਚਿਤਾ ਪੁਰ ਬੈਠਕੇ ਇਹ ਗੱਲ ਆਖੀ, ਜੋ ਮੇਰੇ ਪਿੱਛੋਂ ਬਹੁਤ ਸਾਰਾ ਪੁੰਨ ਕਰੀਓ, ਅਤੇ-ਹੱਕਦਾਰਾਂ ਦੇ ਹੱਕ ਪੁਰ ਸਦਾ ਧਿਆਨ ਰੱਖਦੇ ਰਹੀਓ। ਫੇਰ ਹੋਰਨਾਂ ਸਰਦਾਰਾਂ ਨੂੰ ਆਖਿਆ, ਜੋ ਹੀਰਾਸਿੰਘ ਦੇ ਸਿਰ ਪੁਰ ਰਾਜ ਦੀ ਕਲਗੀ ਧਰ ਦੇਓ, ਸਰ ਦਾਰਾਂ ਨੇ ਉਸ ਦੇ ਸਿਰ ਪੁਰ ਜਾਂ ਕਲਗੀ ਰੱਖੀ, ਤਾਂ ਉਸ ਦੀ ਮਾਤਾ ਨੇ ਕਿਹਾ ਬੱਸ ਹੁਣ ਮੈਂ ਰਾਜ਼ੀ ਹਾਂ, ਮੇਰੀ ਚਿਤਾ ਨੂੰ ਅੱਗ ਲਾ ਦੇਓ। ਲੋਕਾਂ ਨੇ ਉਸੀ ਵੇਲੇ ਅੱਗ ਲਾ ਦਿੱਤੀ। ਉਸ ਵੇਲੇ ਤੇਰਾਂ ਤੀਮੀਆਂ ਹੋਰ ਭੀ ਉਸ ਦੇ ਨਾਲ ਸਤੀ ਹੋਈਆਂ ॥

ਇੱਕ ਗੱਲ ਲਿਖਣੇ ਦੇ ਜੋਗ ਹੈ, ਜੋ ਉਨ੍ਹਾਂ ਤੇਰਾਂ ਤੀਮੀਆਂ ਵਿੱਚ ਇੱਕ ਟਹਿਲਣ ਜੋ ਹੀਰਾਸਿੰਘ ਦੀ ਮਾਂਉਂ ਦੀ ਟਹਿਲ ਕਰਦੀ ਹੁੰਦੀ ਸੀ,ਉਸਦੀ ਉਮਰ ਨਿਰੀ ਦਸਾਂ ਬਰਸਾਂ ਦੀ ਸੀ,ਜਾਂ ਉਹ ਭੀ ਰਾਣੀ ਦੇ ਨਾਲ ਹੀ ਜਲਨ ਲੱਗੀ, ਤਾਂ ਰਾਣੀ ਨੇ ਉਸ ਨੂੰ ਨਿਆਣੀ ਕਰਕੇ ਆਖਿਆ, ਜੋ ਤੂੰ ਮੇਰੇ ਨਾਲ ਸਤੀ ਨਾ ਹੋ। ਕਿਉਂ ਜੋ ਤੈਨੂੰ ਹੀਰਾਸਿੰਘ ਦੇ ਹੱਥ ਸੌਂਪਦੀ ਹਾਂ,ਉਹ ਤੈਨੂੰ ਸਭਤਰ੍ਹਾਂ ਰਾਜ਼ੀ ਰੱਖੂਗਾ। ਇਹ ਗੱਲ ਸੁਣਕੇ ਉਹ ਕੁੜੀ ਰੋਣ ਲੱਗੀ ਅਰ ਆਖਿਆ, ਜੋ ਮੈਨੂੰ ਹੋਰ ਕਿਸੀ ਚੀਜ ਦੀ ਲੋੜ ਨਹੀਂ, ਪਰ ਜਿੱਥੇ ਤੁਸੀ ਸੱਭੇ ਚੱਲੀਆਂ ਹੋ, ਮੈਨੂੰ ਭੀ ਨਾਲ ਹੀ ਲੈ ਚੱਲੋ। ਅਰ ਫੇਰ ਇਹ ਭੀ ਆਖਿਆ, ਜੋ ਜੇ ਤੁਸੀਂ ਮੈਨੂੰ ਸਤੀ ਨਹੀਂ ਹੋਣ ਦੇਵੋਗੀਆਂ, ਤਾਂ ਮੈਂ ਕਿਸੀ ਹੋਰ ਤਰ੍ਹਾਂ ਮਰ ਜਾਵਾਂਗੀ। ਜਾਂ ਰਾਣੀ ਨੇ ਅਰ ਹੋਰਨਾਂ ਲੋਕਾਂ ਨੇ ਉਸਦਾ ਬਹੁਤ ਹਠ ਦੇਖਿਆ, ਤਾਂ ਇਹੀ ਠੀਕ ਜਾਤਾ ਜੋ ਇਹ ਭੀ ਸਤੀ ਹੋ ਜਾਵੇ। ਉਸੀਵੇਲੇ ਉਹਭੀ ਉਨ੍ਹਾਂਦੇ ਨਾਲਹੀ ਜਲਕੇ ਸੁਆਹ ਹੋਗਈ ॥

ਜਾਂ ਲੜਾਈ ਪੂਰੀ ਹੋ ਗਈ, ਤਾਂ ਹੀਰਾਸਿੰਘ ਨੇ ਹੁਕਮ ਦਿੱਤਾ ਜੋ ਕਿਲੇ ਵਿੱਚ ਲੁੱਟ ਨਾ ਪੈ ਜਾਵੇ। ਫੇਰ ਕਿਲੇ ਵਿੱਚ ਲਹਿਣਾਸਿੰਘ ਦੀ ਟੋਲਹੋਣ ਲੱਗੀ ਜਾਂ ਉਹ ਫੱਟੜਾਂ ਵਿੱਚ ਅਰ ਕਿਸੀ ਹੋਰ ਜਗਾ ਨਾ ਲੱਭਾ, ਤਾਂ ਇੱਕ ਭੋਰੇ ਵਿੱਚ ਇਸ ਦਾ ਪਤਾ ਲੱਗਾ। ਇਸਦੀ ਟੰਗਭੀ ਟੁੱਟ ਗਈ ਹੋਈ ਸੀ, ਉਸਵੇਲੇ ਇਸ ਦੇ ਨਾਲ ਇੱਕ ਨੌਕਰ ਸਾ, ਜੋ ਪੰਜਾਹਾਂ ਬਰਸਾ ਦੀ ਉਮਰ ਵਿੱਚ ਭੀ ਵੱਡਾ ਬਲ-ਵੰਤਸਾ। ਇਸ ਨੇ ਆਪਣੀ ਨਿਮਕਹਲਾਲੀ ਉਸ ਵੇਲੇ ਅਜਿਹੀ ਪਰਗਟ ਕੀਤੀ ਹੋਈ ਸੀ, ਜੋ ਲਹਿਣਾ ਸਿੰਘ ਦੀ ਰੱਛਿਆ ਵਾਸਤੇ ਉਸ ਭੋਰੇ ਦੇ ਬੂਹੇ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਕ ਬੰਨ੍ਹੀ ਖੜਾ ਸਾ। ਜਾਂ ਸਿੱਖਾਂ ਨੇ ਉਸ ਨੂੰ ਡਿੱਠਾ, ਤਾਂ ਆਖਿਆ ਜੋ ਤੂੰ ਇੱਥੋਂ ਚਲਿਆ ਜਾਹ, ਸਾਡਾ ਤੇਰੇ ਨਾਲ ਕੁਝ ਵਾਸਤਾ ਨਹੀਂ, ਪਰ ਉਸਨੇ ਇਨ੍ਹਾਂ ਦਾ ਕਹਿਣਾ ਨਾ ਮੰਨਿਆ, ਸਗੋਂ ਆਖਿਆ ਜੋ ਮੈਂ ਆਪਣੇ ਮਾਲਕ ਦੇ ਥਾਂ ਸਿਰ ਦੇਊਂਗਾ। ਇਹ ਗੱਲ ਸੁਣਕੇ ਸਿੰਘ ਗੁੱਸੇ ਵਿੱਚ ਆਏ। ਜਾਂ ਸਿੰਘਾਂਨੇ ਉਸ ਨੂੰ ਬੰਦੂਕਾਂ ਮਾਰਨੀਆਂ ਚਾਹੀਆਂ, ਤਾਂ ਉਸਨੇ ਕਿਹਾ ਬੰਦੂਕ ਮਾਰਨੀ ਚੰਗੀ ਨਹੀਂ, ਮੈਂ ਉਸਨੂੰ ਬਹਾਦੁਰ ਸਮਝਾਂਗਾ, ਜੋ ਮੇਰੇ ਨਾਲ ਤਲਵਾਰ ਫੜਕੇ ਲੜੇ। ਸਿੰਘਾਂ ਨੇ ਇਹ ਗੱਲ ਸੁਣਕੇ ਬੰਦੂਕਾਂ ਤਾਂ ਨਾ ਮਾਰੀਆਂ, ਪਰ ਦਸ ਬਾਰਾਂ ਆਦਮੀ ਤ-ਲਵਾਰਾਂ ਫੜਕੇ ਉਸ ਕੱਲੇ ਪੁਰ ਹੱਲਾ ਕਰਕੇ ਜਾ ਪਏ। ਪਰ ਸ਼ਿਆਬਸੇ ਉਸਦੀ ਦਲੇਰੀ ਦੀ, ਜੋ ਉਹ ਕੱਲਾ ਹੀ ਤੇਰਾਂ ਆਦਮੀਆਂਨੂੰ ਮਾਰਕੇ ਮਰਗਿਆ। ਇਸ ਨੇ ਮਰਨੇ ਦੇ ਵੇਲੇ ਆਖਿਆ, ਜੋ ਹੇ ਸਿੱਖੋ ਮੇਰਾ ਮਾਲਕ ਪਹਿਲਾਂ ਹੀ ਫੱਟੜ ਹੋਇਆ ਹੋਇਆ ਹੈ, ਹੁਣ ਤੁਸੀਂ ਉਸ ਨੂੰ ਵੱਢ ਨਾ ਸਿੱਟਿਓ? ਉਨ੍ਹਾਂ ਨੇ ਇਸ ਦੀ ਗੱਲ ਨੂੰ ਮਨਜ਼ੂਰ ਨਾ ਕਰਕੇ ਇੱਕ ਸਿੱਖ ਨੇ ਪਿੱਛੋਂ ਅਜਿਹੀ ਬੰਦੂਕ ਮਾਰੀ ਜੋ ਉਸ ਦੀ ਸੱਟ ਨਾਲ ਲਹਿਣਾ ਸਿੰਘ ਮਰ ਗਿਆ॥

ਫੇਰ ਫੌਜ ਨੇ ਇੱਸ ਬਾਤ ਪੁਰ ਏਕਾ ਕੀਤਾ, ਜੋ ਜੇ ਹੀਰਾ ਸਿੰਘ ਸਾਡੀਆਂ ਇਤਨੀਆਂ ਗੱਲਾਂ ਮੰਨ ਲਵੇ, ਤਾਂ ਅਸੀਂ ਇਸ ਦੀ ਅਧੀਨਤਾਈ ਵਿੱਚ ਰਹਾਂਗੇ, ਨਹੀਂ ਤਾਂ ਜੋ ਕਰਤਾਰ ਨੂੰ ਭਾਵੇ ਸੋ ਹੋਵੇਗਾ॥

ਓਹ ਗੱਲਾਂ ਏਹ ਹਨ:—

੧--ਪਸ਼ੌਰਾਸਿੰਘ ਅਤੇ ਕਸ਼ਮੀਰਾਸਿੰਘਨੂੰ ਦੁੱਖਨਾ ਦਿੱਤਾ ਜਾਵੇ ਅਤੇ ਓਹ ਲਹੌਰ ਵਿਖੇ ਬੁਲਾਏ ਜਾਣ ਅਰ ਫੌਜ ਸਿਆਲਕੋਟ ਤੇ ਮੋੜੀ ਜਾਵੇ॥

੨--ਪੰਡਤ ਜੱਲ੍ਹਾ ਦਰਬਾਰ ਵਿੱਚੋਂ ਕੱਢਿਆ ਜਾਵੇ ਯਾ ਸਾਡੇ ਹੱਥ ਪਕੜਾਇਆ ਜਾਵੇ॥

੩--ਮਿੱਸਰ ਬੇਲੀਰਾਮ ਜੋ ਪੁਰਾਣਾ ਖਜਾਨਚੀ ਸਾ, ਉਹ ਫੇਰ ਆਪਣੇ ਹੁੱਦੇ ਪੁਰ ਠਹਿਰਾਇਆ ਜਾਵੇ॥

੪--ਭਾਈ ਗੁਰਮੁਖ ਸਿੰਘ ਬੁਲਾਇਆ ਜਾਵੇ॥

੫--ਸਰਦਾਰ ਜੁਆਹਰ ਸਿੰਘ ਜੋ ਦਲੀਪ ਸਿੰਘ ਦਾ ਮਾਮਾ ਹੈ, ਉਹ ਕੈਦ ਤੇ ਛੱਡਿਆ ਜਾਵੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਗੱਲ ਮੰਨਕੇ ਸਿਆਲਕੋਟ ਨੂੰ ਹੀਰਾ ਸਿੰਘ ਨੇ ਚਿੱਠੀ ਭੇਜੀ ਜੋ ਉੱਥੋਂ ਫੌਜ ਹਟਿ ਆਵੇ।

ਦੂਜੀ ਗੱਲ ਵਿੱਚ ਉਸਨੇ ਕਿਹਾ, ਜੋ ਪੰਡਤ ਜਲ੍ਹਾ, ਮੇਰਾ ਨੌਕਰ ਹੈ, ਜੇ ਉਸ ਤੇ ਕੋਈ ਭੁੱਲ ਹੋਵੇਗੀ, ਤਾਂ ਮੈਂ ਉਸਨੂੰ ਦੰਡ ਦੇਊਂਗਾ, ਪਰ ਤੁਸੀਂ ਉਸਦੀ ਪਿਛਲੀ ਭੁੱਲ ਮਾਫ ਕਰੋ ਅਤੇ ਫੇਰ ਇਹਭੀ ਆਖ ਦਿੱਤਾ, ਜੋ ਚੰਗਾ ਉਹ ਹੁਣ ਤੇ ਨਾ ਤਾਂ ਦਰਬਾਰ ਵਿੱਚ ਆਊਗਾ ਅਰ ਨਾ ਰਾਜ ਕਾਜ ਦਿਆਂਕੰਮਾਂ ਵਿੱਚ ਉਹ ਸਲਾਹਕਾਰ ਹੋਊਗਾ।

ਤੀਜੀ ਚੌਥੀ ਗੱਲ ਵਿੱਚ ਆਖਿਆ, ਜੋ ਮਿਸ਼ਰ ਬੇਲੀਰਾਮ ਅਤੇ ਭਾਈ ਗੁਰਮੁਖਸਿੰਘ ਫੌਜ ਦੀ ਸਲਾਹ ਨਾਲ ਹੀ ਧੋਈ ਪੁਣੇ ਦੇ ਸਬੱਬ ਉਤਾਰੇ ਗਏ ਸੇ, ਪਰ ਅੱਛਾ ਤੁਸੀ ਜਾਣੋ॥

ਪੰਜਵੀ ਗੱਲ ਦੀ ਬਾਬਤ ਉਸੀ ਵੇਲੇ ਤਤਬੀਰ ਹੋ ਗਈ, ਜੋ ਜੁਆਹਰ ਸਿੰਘ ਨੂੰ ਕੈਦ ਵਿੱਚੋਂ ਛਡਕੇ ਦੋ ਹਜਾਰ ਰੁਪੈਯਾ ਉਸਦੇ ਲਈ ਅਤੇ ਦਸ ਹਜਾਰ ਰੁਪੈਯਾ ਫੌਜ ਦੇ ਖਰਚ ਲਈ ਦੇ ਦਿੱਤਾ॥

ਫੌਜ ਨੇ ਜੋ ਹੀਰਾਸਿੰਘ ਤੇ ਏਹ ਪੰਜ ਗੱਲਾਂ ਮਨਾਉਣੇ ਲਈ ਹਠ ਕੀਤਾ ਸਾ, ਇਸਤੇ ਸੁਚੇਤਸਿੰਘ ਨੇ ਜਾਤਾ, ਜੋ ਫੌਜ ਦੀ ਹੀਰਾਸਿੰਘ ਨਾਲ ਭੀ ਕੁਛ ਅਣਬਣ ਜਿਹੀ ਹੋ ਰਹੀ ਹੈ, ਫੇਰ ਉਸ ਨੇ ਝੱਟ ਲਹੌਰ ਵਿੱਚ ਆਉਣੇ ਦਾ ਇ-ਰਾਦਾ ਕੀਤਾ। ਜਦ ਸੁਚੇਤ ਸਿੰਘ ਲਹੌਰ ਵਿੱਚ ਆਇਆ, ਤਾਂ ਇਸਨੇ ਕੁਛ ਹੋਰ ਹਾਲ ਦੇਖਿਆ ਫੇਰ ਇਸਨੇ ਆਪਣੇ ਆਉਣੇ ਦਾ ਹਾਲ ਉਸ ਫੌਜਨੂੰ ਲਿਖ ਭੇਜਿਆ, ਜੋ ਜਿਸ ਨੇ ਇਸ ਨੂੰ ਜੰਮੂ ਵਿਖੇ ਅਣਬਣਤ ਦੀ ਖਬਰ ਕਰਕੇ ਬੁ-ਲਾਇਆ ਸਾ। ਉਸ ਫੌਜ ਨੇ ਆਖਿਆ ਹੁਣ ਹੀਰਾ ਸਿੰਘ ਨੇ ਸਾਡੀਆਂ ਸਭੇ ਗੱਲਾਂ ਮੰਨ ਲਈਆਂ ਹਨ, ਹੁਣ ਅਸੀਂ ਉਸ ਦੇ ਨਾਲ ਬਾਤ ਵਿਗਾੜਨੀ ਨਹੀਂ ਚਾਹੁੰਦੇ। ਸੋ ਹੁਣ ਤੁਹਾਨੂੰ ਇਹੋ ਜੋਗ ਹੈ, ਜੋ ਤੁਸੀਂ ਸ਼ਤਾਬੀ ਪਿਛਲੇ ਪੈਰੀਂ ਜੰਮੂ ਨੂੰ ਮੁੜ ਜਾਵੋ, ਕਿੰਉਂਜੋ ਜੇ ਤੁਸੀਂ ਇੱਥੇ ਰਹੋਗੇ, ਤਾਂ ਤੁਹਾਡਾ ਬਹੁਤ ਨੁਕਸਾਨ ਹੋਊਗਾ। ਉਹ ਇੱਸ ਗੱਲ ਨੂੰ ਸੁਣਕੇ ਬਹੁਤ ਸ਼ਰਮਿੰਦਾ ਹੋਇਆ ਅਤੇ ਗੁੱਸੇਨਾਲ ਭਰਕੇ ਇਰਾਦਾ ਕੀਤਾ ਜੋ ਹੁਣ ਮੈਂ ਆਪਣੇ ਪ੍ਰਾਣ ਦੇ ਦੇਊਂਗਾ। ਭਾਵੇਂ ਹੀਰਾਸਿੰਘ ਨੇ ਆਪ ਭੀ ਸੁਚੇਤਸਿੰਘ ਨੂੰ ਆਖ ਭੇਜਿਆ ਸਾ, ਜੋ ਜੇ ਤੂੰ ਜੰਮੂ ਨੂੰ ਹਟ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਵੇਂਗਾ, ਤਾਂ ਵੱਡਾ ਔਖਾ ਹੋਵੇਂਗਾ ਪਰ ਤਾਂ ਭੀ ਉਸਨੇ ਕੋਈਗੱਲਬਾਤ ਨਾ ਮੰਨੀ ਸਗੋਂ ਇਹ ਗੱਲ ਆਖੀ ਜੋ ਮੈਂ ਮਰਨੇ ਲੜਨੇ ਤੇ ਬਿਨਾ ਪਿੱਛੇ ਪੈਰ ਨਾ ਪਾਊਂਗਾ ॥

ਫੇਰ ਹੀਰਾਸਿੰਘ ਪੰਦਰਾਂਕੁ ਹਜਾਰ ਫੌਜ ਨਾਲ ਲੈਕੇ ਸੁਚੇਤ ਸਿੰਘ ਦੇ ਪਿੱਛੇ ਪਿਆ, ਉਸ ਵੇਲੇ ਸੁਚੇਤਸਿੰਘ ਇੱਕ ਮਸੀਤ ਵਿੱਚ ਉੱਤਰਿਆ ਹੋਇਆ ਸਾ ਅਰ ਉਸ ਦੇ ਸਭ ਨਾਲਦੇ ਲੋਕ ਉਸ ਵੇਲੇ ਗ੍ਰੰਥਸਾਹਿਬ ਸੁਣ ਰਹੇ ਸੇ। ਹੀਰਾਸਿੰਘ ਦੀ ਫੌਜ ਨੇ ਉਸੀ ਵੇਲੇ ਗੋਲੇ ਮਾਰਨੇ ਸ਼ੁਰੂ ਕਰ ਦਿੱਤੇ। ਪਰ ਸੁਚੇਤ-ਸਿੰਘ ਨੇ ਗ੍ਰੰਥ ਦਾ ਸੁਣਨਾ ਬੰਦ ਨਾ ਕੀਤਾ। ਜਾਂ ਮਾਰੇ ਤੋਪਾਂ ਦੇ ਮਸੀਤ ਦੀਆਂ ਕੰਧਾਂ ਢੈ ਗਈਆਂ, ਤਾਂ ਸੁਚੇਤਸਿੰਘ ਨੇ ਹੱਥ ਵਿੱਚ ਤਲਵਾਰ ਫੜੀ ਅਤੇ ਵੱਡੀ ਭਾਰੀ ਲੜਾਈ ਕੀਤੀ। ਉਸ ਵੇਲੇ ਸੁਚੇਤ ਸਿੰਘ ਦੇ ਨਾਲ ਨਿਰਾ ਦੋਕੁਸੌ ਆਦ-ਮੀ ਸਾ। ਉਸ ਵੇਲੇ ਸੁਚੇਤ ਸਿੰਘ ਦੀ ਥੋਹੜੀ ਜਿਹੀ ਹੀ ਫੌਜ ਨੇ ਅਜਿਹੀ ਲ-ੜਾਈ ਦਿਖਾਲੀ, ਜੋ ਆਪਣੇ ਮਾਲਕ ਦੇ ਥਾਂ ਸਭ ਮਾਰੇ ਗਏ। ਇਸ ਲੜਾਈ ਵਿੱਚ ਇੱਕ ਸੌ ਸੱਠ ਮਨੁੱਖ ਮਾਰੇ ਗਏ। ਲੜਾਈ ਤੇ ਪਿੱਛੋਂ ਜਾਂ ਹੀਰਾਸਿੰਘ ਲੜਾਈ ਦੀ ਜਗਾ ਵਿਚ ਆਇਆ ਅਤੇਰਾਇ ਕੇਸਰੀਸਿੰਘ ਨੂੰ ਘਾਇਲ ਪਿਆ ਹੋਇਆ ਦੇਖਿਆ, ਤਾਂ ਉਸ ਨੂੰ ਬਹੁਤ ਠੱਠੇ ਕੀਤੇ। ਫੇਰ ਉਹ ਕੇਸਰੀਸਿੰਘ ਪਾਨੀ ਤੇ ਤਿਹਾਇਆ ਹੀ ਮਰ ਗਿਆ। ਹੀਰਾਸਿੰਘ ਜਾਂ ਘਾਇਲਾਂ ਦੀਆਂ ਲੋਥਾਂ ਦੇਖਣ ਲੱਗਾ, ਤਾਂ ਓਨ੍ਹਾਂ ਵਿੱਚ ਓਹ ਅਪਣੇ ਚਾਚੇ ਦੀ ਲੋਥ ਦੇਖਕੇ ਬਹੁਤ ਰੋਣ ਲੱਗਾ, ਫੇਰ ਉਸ ਨੂੰ ਪਾਲਕੀ ਵਿੱਚ ਪਾਕੇ ਉਸ ਜਗਾ ਲਿਆਇਆ, ਕਿ ਜਿੱਥੇ ਗੁਲਾਬਸਿੰਘ ਦੇ ਵੱਡੇ ਪੁੱਤ ਊਧਮਸਿੰਘ ਦੀ ਸਮਾਧ ਸੀ ਅਰ ਉੱਥੇ ਆਕੇ ਉਸਨੂੰ ਭੀ ਦਾਹ ਦਿੱਤਾ ॥

ਜਾਂ ਲਹੌਰ ਵਿੱਚ ਏਹ ਉਪੱਦਰ ਹੁੰਦੇ ਸੇ, ਤਾਂ ਪਸ਼ੌਰਾਸਿੰਘ ਅਤੇ ਕਸ਼-ਮੀਰਾਸਿੰਘ ਲੁਕਦੇ ਛਿਪਦੇ ਫਿਰਦੇ ਸੇ। ਇਨ੍ਹਾਂ ਨੇ ਆਪਣੇ ਬਚਾਉ ਲਈ ਲ-ਚਾਰ ਹੋਕੇ ਭਾਈ ਬੀਰ ਸਿੰਘ ਦੀ ਓਟ ਲਈ, ਜੋ ਇੱਕ ਬੜਾ ਚੰਗਾ ਕਰਨੀ ਵਾਲਾ ਸੰਤ ਸਾ। ਇਹ ਭਾਈ ਬੀਰਸਿੰਘ ਜੀ ਮਾਝੇ ਦੇ ਦੇਸ ਵਿੱਚ ਝੜ੍ਹਾਵੇ ਅਤੇ ਕਾਰਾਂ ਭੇਟਾਂ ਲੈਂਦੇ ਲੈਂਦ ਬੜੇ ਦੌਲਤਮੰਦ ਹੋ ਗਏ ਸੇ। ਇੱਥੋਂ ਤਕ ਜੋ ਇਸ ਦੇ ਨਾਲ ਬਾਰਾਂ ਸੌ ਪਿਆਦਾ ਅਰ ਤਿੰਨਕੁ ਸੌ ਘੋੜਚੜ੍ਹਾ ਅਰ ਦੋ ਤੋਪਾਂ ਸਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੀਆਂ ਸੀਆਂ। ਜਿਤਨੇ ਸਰਦਾਰ ਲਹੌਰ ਦੇ ਦਰਬਾਰ ਵਿੱਚੋਂ ਕੱਢੇ ਜਾਂਦੇ ਸੇ, ਓਹ ਸਭ ਇਸ ਦੇ ਪਾਸ ਹੀ ਆਣ ਰਹਿੰਦੇ ਹੁੰਦੇ ਸੇ। ਹੀਰਾਸਿੰਘਨੇ ਇਹਭੀ ਪਰਗਟ ਕੀਤਾ ਸਾ, ਜੋ ਭਾਈ ਬੀਰਸਿੰਘ ਜੋ ਬਹੁਤ ਫੌਜ ਰੱਖਣ ਲੱਗ ਪਿਆ ਹੈ, ਇਸਦਾ ਇਰਾਦਾ ਲਹੌਰ ਦੀ ਗੱਦੀ ਲੈਣੇ ਦਾ ਹੈ। ਪਰ ਹੀਰਾਸਿੰਘ ਮਾਰੇ ਡਰਦੇ ਭਾਈ ਬੀਰਸਿੰਘ ਦੇ ਨਾਲ ਲੜਾਈ ਕਰਨ ਦਾ ਨਾਉਂ ਨਹੀਂ ਲੈ ਸੱਕਦਾ ਸਾ। ਕਿਉਂਜੋ ਸਿੱਖ ਲੋਗ ਉਸਪੁਰ ਅਜਿਹਾ ਨਿਸ੍ਚਾ ਰਖਦੇ ਸੇ, ਕਿ ਜੇ ਭੁੱਲ ਕੇ ਭੀ ਹੀਰਾਸਿੰਘ ਉਸਦੇ ਮਾਰਨੇ ਦਾ ਨਾਉਂ ਲੈ ਬੈਠਦਾ, ਤਾਂ ਓਹ ਉਸਨੂੰ ਉਸੀ ਵੇਲੇ ਵੱਢ ਸਿੱਟਦੇ। ਭਾਈ ਬੀਰਸਿੰਘ ਦੇ ਲੰਗਰ ਵਿੱਚ ਨਿੱਤ ਪੰਦਰਾਂਸੌ ਮਨੁੱਖ ਦੇ ਲਈ ਭੋਜਨ ਬਣਦਾ ਹੁੰਦਾ ਸਾ ॥

ਹੀਰਾਸਿੰਘ ਅਤੇ ਉਸਦੇ ਮਿਤ੍ਰ ਪੰਡਤ ਜੱਲ੍ਹੇ ਨੇ ਇਹ ਤਤਬੀਰ ਕੀਤੀ, ਜੋ ਕਿਸੀ ਤਰ੍ਹਾਂ ਬੀਰਸਿੰਘ ਨੂੰ ਅਜਿਹਾ ਮਾਰੀਏ, ਜੋ ਫੌਜ ਨੂੰ ਖਬਰ ਨਾ ਹੋਵੇ। ਅਤੇ ਇਹਭੀ ਸੋਚਿਆ ਜੋ ਉਸ ਦੇ ਮਾਰਨੇ ਦੀ ਬਦਨਾਮੀ ਭੀ ਸਾਡੇ ਜੰਮੇ ਨਾ ਆਵੇ। ਸੋਚਦੇ ਸੋਚਦੇ ਇਹ ਗੱਲ ਸਮਝ ਵਿੱਚ ਆਈ, ਜੋ ਉਸ ਨੂੰ ਪਹਿਲਾਂ ਇੱਕ ਸਲੂਕ ਦੀ ਚਿੱਠੀ ਭੇਜੀਏ, ਫੇਰ ਜੋ ਕੁਝ ਹੋਊਗਾ ਸੋ ਦੇਖਿਆ ਜਾਊਗਾ। ਇਨ੍ਹਾਂ ਦੋਹਾਂ ਨੇ ਬੀਰਸਿੰਘ ਨੂੰ ਲਿਖ ਭੇਜਿਆ, ਜੋ ਮਹਾਰਾਜ! ਤੁਸੀਂ ਸਾਡੇ ਲਈ ਕੋਈ ਵੱਡੀ ਚੰਗੀ ਅਰਦਾਸ ਕਰੋ। ਅਰ ਬਹੁਤ ਸਾਰੀਆਂ ਸੁਗਾਤਾਂ ਨਾਲ ਭੇਜਕੇ ਇਹ ਭੀ ਆਖ ਭੇਜਿਆ, ਜੋ ਜਦ ਆਪ ਆਖੋ, ਤਾਂ ਮੈਂ ਕੋਈ ਤੁਸਾਡੇ ਲਈ ਜਗੀਰ ਠਹਰਾ ਦੇਵਾਂ, ਕਿਉਂਜੋ ਆਪਦੇ ਲੰਗਰ ਵਿੱਚ ਖਰਚ ਬਹੁਤ ਹੁੰਦਾ ਰਹਿੰਦਾ ਹੈ। ਮਤਲਬ ਇਨ੍ਹਾਂ ਸਭਨਾਂ ਗੱਲਾਂ ਦਾ ਇਹ ਸਾ, ਜੋ ਬਾਬਾ ਬੀਰਸਿੰਘ ਇਸ ਵੱਲੋਂ ਕੁਝ ਭਰਮ ਨਾ ਰੱਖੇ। ਹੁਣ ਹੀਰਾ ਸਿੰਘ ਨੇ ਮਤਾਬ-ਸਿੰਘ ਮਜਠੀਏ ਨੂੰ ਆਪਣਾ ਸਲਾਹਕਾਰ ਕੀੱਤਾ, ਅਤੇ ਹਰ ਤਰ੍ਹਾਂ ਉਸ ਦੀ ਖਾਤਰਦਾਰੀ ਕਰਨ ਲੱਗਾ, ਅਰ ਉਸ ਨੂੰ ਬਹੁਤ ਸਾਰੇ ਰੁਪੈਯੇ ਦਿੱਤੇ। ਫੇਰ ਉਸ ਨੇ ਮਤਾਬਸਿੰਘ ਨੂੰ ਕਿਹਾ, ਕਿ ਮੈਨੂੰ ਹਿੰਦੁਸਤਾਨ ਤੇ ਖਬਰ ਆਈ ਹੈ, ਜੋ ਸਰਦਾਰ ਅਤਰਸਿੰਘ ਸੰਧਾਂਵਾਲੀਏ ਨੇ ਅੰਗਰੇਜਾਂ ਨਾਲ ਕੁਝ ਮੇਲ ਕਰਕੇ ਸਿੱਖਾਂ ਨਾਲ ਲੜਨਾ ਚਾਹਿਆ ਹੈ। ਨਾਲੇ ਇਹ ਭੀ ਸੁਣਿਆ ਹੈ, ਜੋ ਉਸ ਨੇ ਸਤਲੁਜ ਤੇ ਪਾਰਲੇ ਸਰਦਾਰਾਂ ਨੂੰ ਆਪਣੇ ਨਾਲ ਹੀ ਰਲਾ ਲਿਆ ਹੈ। ਸੋ ਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਤੁਹਾਨੂੰ ਆਪਣੇ ਮਿਤ੍ਰ ਜਾਣ ਕੇ ਸਲਾਹ ਪੁੱਛਦਾਹਾਂ, ਜੋ ਕੀ ਕਰਨਾ ਚਾਹੀਏ? ਮੈਨੂੰ ਉਮੇਦ ਹੈ, ਜੋ ਜੇ ਤੁਸੀਂ ਮੇਰੀ ਇਸ ਮਾਮਲੇ ਵਿੱਚ ਕੁਝ ਕੁੰਮਕ ਕਰੋ, ਤਾਂ ਸਭ ਕੰਮ ਪੂਰਾ ਹੋ ਜਾਊਗਾ। ਮਤਾਬਸਿੰਘ ਨੇ ਉਸਦੇ ਪਿਆਰ ਵਿੱਚ ਉਲਝ ਕੇ ਉੱਤਰ ਦਿੱਤਾ, ਜੋ ਮੈਂ ਸਭ ਤਰ੍ਹਾਂ ਤੁਸਾਡੇ ਸੰਗ ਹਾਂ। ਹੀਰਾਸਿੰਘ ਨੇ ਉਸ ਨੂੰ ਆਪਣਾ ਕੁੰਮਕੀ ਸਮਝਕੇ ਕਿਹਾ, ਜੋ ਤੁਸੀਂ ਆਪਣੀ ਪਲਟਣ ਲੈਕੇ ਅੰਮ੍ਰਿਤਸਰ ਨੂੰ ਜਾਓ, ਅਤੇ ਉੱਥੇ ਤੇ ਇੱਕ ਚਿੱਠੀ ਅਤਰਸਿੰਘ ਨੂੰ ਇਸ ਤਰ੍ਹਾਂ ਦੀ ਲਿਖ ਭੇਜੋ, ਜੋ ਸਾਰੀਆਂ ਫੌਜਾਂ ਅਤੇ ਅਫਸਰ ਤੁਸਾਡੇ ਮਿੱਤ੍ਰ ਹਨ, ਅਰ ਇਹ ਭੀ ਜੁਗਤ ਕਰੋ, ਜੋ ਚਿੱਠੀ ਦੇ ਪੜ੍ਹਦਿਆਂ ਸਾਰ ਹੀ ਓਹ ਭਾਈ ਬੀਰਸਿੰਘ ਦੇ ਡੇਰੇ ਵਿੱਚ ਆ ਜਾਵੇ, ਕਿਉਂ ਜੋ ਭਾਈ ਸਾਹਿਬ ਦੇ ਰਾਹੀਂ ਮੇਰੀ ਉਸਦੇ ਨਾਲ ਮੁਲਾਕਾਤ ਹੋ ਜਾਊਗੀ। ਇਹ ਗੱਲ ਸੁਣਕੇ ਮਤਾਬਸਿੰਘ ਜਰਨੈਲ ਰਾਜੀ ਹੋਇਆ ਅਰ ਉਸੀ ਵੇਲੇ ਅੰਮ੍ਰਿਤਸਰ ਨੂੰ ਚਲਿਆ ਗਿਆ। ਉਸ ਨੇ ਤੁਰਨੇ ਦੇ ਵੇਲੇ ਇਹ ਭੀ ਕਿਹਾ, ਜੋ ਮੈਂ ਤੁਹਾਨੂੰ ਨਿਰਾ ਇਸ ਕੰਮ ਦੇ ਵਾਸਤੇ ਹੀ ਨਹੀਂ ਭੇਜਦਾ ਸਗੋਂ ਮੇਰਾ ਇਹ ਭੀ ਇਰਾਦਾ ਹੈ, ਜੋ ਜੇ ਗੁਆਲਿਅਰ ਦੀ ਲੜਾਈ ਵਿੱਚ ਅੰਗਰੇਜ਼ਾਂ ਦੀ ਹਾਰ ਹੋ ਜਾਵੇ, ਤਾਂ ਮੈਂ ਸਾਰੀ ਫੌਜ ਲੈਕੇ ਸਤਲੁਜ ਦੇ ਦਰਿਆਓਂ ਤੇ ਪਾਰ ਹੋਕੇ ਅੰਗਰੇਜ਼ਾਂ ਦੀ ਹੱਦੀ ਪੁਰ ਹੱਲਾ ਕਰਾਂਗਾ॥

ਹੀਰਾਸਿੰਘ ਦੇ ਕਹਿਣੇ ਅਨੁਸਾਰ ਜਾਂ ਮਤਾਬਸਿੰਘ ਨੇ ਅਤਰਸਿੰਘ ਨੂੰ ਲਿਖਿਆ, ਤਾਂ ਉਹ ਭਾਈ ਬੀਰਸਿੰਘ ਦੇ ਡੇਰੇ ਜਾ ਰਿਹਾ, ਹੀਰਾਸਿੰਘ ਨੇ ਇਹ ਗੱਲ ਸੁਣਕੇ ਭਾਈ ਬੀਰਸਿੰਘ ਨੂੰ ਆਖ ਭੇਜਿਆ, ਜੋ ਤੁਸੀਂ ਜੋ ਹੁਣ ਬਹੁਤ ਸਾਰਿਆਂ ਸਿੱਖਾਂ ਨੂੰ ਆਪਣੇ ਪਾਸ ਰੱਖਦੇ ਜਾਂਦੇ ਹੋ ਇਹ ਗੱਲ ਚੰਗੀ ਨਹੀਂ। ਸੋ ਚੰਗਾ,ਹੋਰਨਾਂ ਸਰਦਾਰਾਂ ਨੂੰ ਤਾਂ ਮੈਂ ਕੁਝ ਨਹੀਂ ਆਖਦਾ, ਪਰ ਇੱਕ ਅਤਰਸਿੰਘ ਨੂੰ ਆਪਣੇ ਡੇਰਿਓਂ ਕੱਢ ਦੇਓ। ਬੀਰਸਿੰਘ ਨੇ ਆਖ ਭੇਜਿਆ, ਜੋ ਅਸੀਂ ਫਕੀਰ ਹਾਂ, ਆਏ ਨੂੰ ਜਵਾਬ ਨਹੀਂ ਦਿੰਦੇ ਅਤੇ ਜਾਂਦੇ ਨੂੰ ਰੋਕਦੇ ਨਹੀਂ। ਹੀਰਾ ਸਿੰਘ ਇਹ ਸੁਣਕੇ ਗੁੱਸੇ ਵਿੱਚ ਆਇਆ, ਅਤੇ ਬਹੁਤ ਸਾਰੀਆਂ ਫੌਜਾਂ ਭੇਜਕੇ ਸਭਨਾਂ ਸਰਦਾਰਾਂ ਸਣੇ ਭਾਈ ਬੀਰਸਿੰਘ ਦੇ ਡੇਰੇ ਨੂੰ ਘੇਰ ਲਿਆ। ਉੱਥੇ ਜਾਕੇ ਸਿੰਘਾਂ ਨੇ ਅਜਿਹੇ ਗੋਲੇ ਮਾਰੇ, ਜੋ ਭਾਈ ਬੀਰਸਿੰਘ ਦੀ ਇੱਕ ਟੰਗ ਵਿੱਚ ਗੋਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਗਾ। ਉਹ ਉਸਦੇ ਲੱਗਣੇ ਨਾਲ ਮਰ ਗਿਆ ਅਰ ਉਸਦੀ ਲੋਥ ਨੂੰ ਦਰਿ-ਆਉ ਵਿੱਚ ਰੁੜ੍ਹਾ ਦਿੱਤਾ॥

ਫੇਰ ਹੀਰਾਸਿੰਘ ਅਮਨਚੈਨ ਨਾਲ ਲਹੌਰ ਵਿੱਚ ਰਾਜ ਕਰਨ ਲੱਗਾ। ਫੇਰ ਕੋਈ ਦਿਨ ਪਿੱਛੋਂ ਇੱਕ ਬਾਰ ਹੀਰਾਸਿੰਘ ਕਿਸੀ ਸਬੱਬ ਨਾਲ ਆਪਣੇ ਦੇਸ ਵੱਲ ਨੂੰ ਚੱਲਿਆ ਸਾ, ਉਸ ਵੇਲੇ ਸਿੱਖਾਂ ਨੂੰ ਇਹ ਭਰਮ ਹੋਇਆ, ਜੋ ਇਹ ਲਹੌਰ ਦਾ ਖਜਾਨਾ ਕੱਢਕੇ ਜੰਮੂ ਨੂੰ ਲੈ ਚੱਲਿਆ ਹੈ। ਸਿੱਖਾਂ ਨੇ ਬਹੁਤ ਸਾਰੀ ਫੌਜ ਨਾਲ ਲੈਕੇ ਦਰਿਆਉ ਤੇ ਪਾਰ ਉਸਨੂੰ ਜਾ ਘੇਰਿਆ। ਫੇਰ ਵੱਡੀ ਲੜਾਈ ਤੇ ਪਿੱਛੋਂ ਸਰਦਾਰ ਜੁਆਹਰਸਿੰਘ ਨੇ ਜੋ ਦਲੀਪਸਿੰਘ ਦਾ ਮਾਮਾ ਸਾ, ਹੀਰਾ ਸਿੰਘ ਅਤੇ ਪੰਡਿਤ ਜਲ੍ਹੇ ਨੂੰ ਮਾਰ ਸਿੱਟਿਆ। ਫੇਰ ਜੁਆਹਰਸਿੰਘ ਵਜੀਰੀ ਕਰਨ ਲੱਗਾ। ਇਹ ਮਨੁੱਖ ਬਹੁਤ ਬਿਕਾਰੀ ਅਤੇ ਕਾਮੀ ਸਾ, ਸਿੱਖਾਂ ਨੇ ਉਸਨੂੰ ਬੁਰਾ ਜਾਨਕੇ ਇੱਕ ਦਿਨ ਆਖ ਭੇਜਿਆ ਜੋ ਜੁਵਾਹਰ ਸਿੰਘ ਦਿਲੀਪ ਸਿੰਘ ਨੂੰ ਨਾਲ ਲੈਕੇ ਮਾਈ ਜਿੰਦਾ ਸਮੇਤ ਖਾਲਸੇ ਜੀਦੇ ਡੇਰੇ ਵਿਚ ਆਣਕੇ ਗੁਰੁਗ੍ਰੰਥ ਸਾਹਿਬ ਅੱਗੇ ੫੦੦ ਮੋਹਰ ਅਰਦਾਸ ਕਰਾਏ। ਜਾਂ ਇਹ ਅਰਦਾਸ ਲੈਕੇ ਪੰਥ ਦੇ ਡੇਰੇ ਵਿੱਚ ਗਿਆ ਅਤੇ ਅਚਾਣਕ ਮੀਆਂਮੀਰ ਦੇ ਮਦਾਨ ਵਿੱਚ ਮਾਰ ਸਿੱਟਿ-ਆ। ਉਸ ਤੇ ਪਿੱਛੋਂ ਫੇਰ ਰਾਜਾ ਲਾਲਸਿੰਘ ਵਜੀਰ ਬਣਿਆ। ਉਸ ਦੇ ਅਮਲੇ ਫੈਲੇ ਵਿੱਚ ਫੌਜਾਂ ਬੇਮੁਹਾਰ ਹੋ ਗਈਆਂ, ਅਰ ਲਹੌਰ ਵਿੱਚ ਬਹੁਤ ਲੁੱਟਾਂ ਮਚਣ ਲੱਗ ਗਈਆਂ। ਉਸ ਵੇਲੇ ਲਹੌਰ ਵਿੱਚ ਅਜਿਹੀ ਵਿਪਤਾ ਪਈ, ਜੋ ਕੋਈ ਆਦਮੀ ਅਰਾਮ ਨਾਲ ਨੀਂਦ ਭਰਕੇ ਨਹੀਂ ਸੌਂਦਾ ਸਾ। ਫੇਰ ਜੋ ਕੋਈ ਫੌਜ ਨੂੰ ਰੋਕਣਵਾਲਾ ਨਾ ਰਿਹਾ, ਅਰ ਆਪਹੁਦਰੀਆਂ ਗੱਲਾਂ ਹੋਣ ਲੱਗ ਗਈਆਂ, ਲਹੌਰ ਦਿਆਂ ਸਾਰਿਆਂ ਹਿੰਦੂਆਂ ਮੁਸਲਮਾਨਾਂ ਰਾਜਾ ਦੀਨਾਨਾਥ, ਸ਼ੇਖ ਇਮਾਮੁਦੀਨ, ਰਾਜਾ ਤੇਜਾਸਿੰਘ ਆਦਿਕਾਂ ਸਭਣਾਂ ਵਡਿਆਂ ੨ ਰੁਕਨਾਂ ਨੇ ਸ਼ਾਹਲਾਬਾਗ ਵਿੱਚ ਬੈਠਕੇ ਗੁਰਮਤਾ ਕੀੱਤਾ ਜੋ ਹੁਣ ਇਹ ਸਿੰਘ ਸਾਡੇ ਕਾਬੂ ਵਿੱਚ ਨਹੀਂ ਰਹੇ ਅਤੇ ਇਨ੍ਹਾਂ ਬੜੀ ਲੁੱਟ ਮਾਰ ਮਚਾਈ ਹੈ, ਅਰ ਇਸ ਬੁਰਛਾ ਗਰਦੀ ਤੋਂ ਕਿਵੇਂ ਬਚੀ-ਏ। ਸੋ ਜਿਵੇਂ ਕਿਵੇਂ ਇਨ੍ਹਾਂਦਾ ਮੱਥਾ ਅੰਗਰੇਜਾਂ ਨਾਲ ਭੇੜੀਏ ਮੁੜ ਵੇਖੀ ਜਾਇਗੀ। ਸੋ ਪੰਥ ਦਿਆਂ ਵਡਿਆਂ ੨ ਸਰਦਾਰਾਂ ਨੂੰ ਬੁਲਾਕੇ ਇਹ ਗੱਲ ਸਮਝਾਈ ਜੋ ਖਾਲਸਾ ਜੀ! ਫਿਰੰਗੀਆਂ ਦਾ ਜੋ ਸਿੰਘ ਸਰਕਾਰ ਨਾਲ ਐਹਦ ਨਾਮਾ ਸੀ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰ ਹੁਣ ਨਹੀਂ ਤੁਰਦੇ ਅਤੇ ਆਪਣਾ ਪੈਰ ਵਧਾਈ ਆਉਂਦੇ ਹਨ ਖਾਲਸਾ ਸਰਕਾਰ ਨੂੰ ਕੁਝ ਨਹੀਂ ਸਮਝਦੇ ਸੋ ਹੁਣ ਇਨ੍ਹਾਂ ਨੂੰ ਹੱਥ ਵਖਾਓਣੇ ਚਾਹੀਦੇ ਹਨ। ਇਹ ਗੱਲ ਸੁਣਕੇ ਸਾਰੀ ਫੌਜ ਕੱਠੀ ਹੋਕੇ ਅੰਗਰੇਜ਼ਾਂ ਨਾਲ ਲੜਾਈ ਕਰਨ ਜਾ ਪਈ। ਏਸ ਵੇਲੇ ਫੌਜ ਦੇ ਤਿੰਨ ਤੁਮਨਬਣੇ, ਇੱਕ ਦਾ ਅਫਸਰ ਤੇਜਾਸਿੰਘ ਦੂਜੇ ਦਾ ਲਾਲਸਿੰਘ ਤੀਜੇ ਦਾ ਸ਼ੇਰਸਿੰਘ ਅਟਾਰੀ ਵਾਲਾ ਸੀ। ਅਰ ਬਿਨਾ ਕਿਸੀ ਝਗੜੇ ਅਰ ਮਾਮਲੇ ਤੇ ਲੁਦਿਹਾਣੇ ਦੀ ਛਾਉਣੀ ਨੂੰ ਫੂਕ ਸਿੱਟਿਆ, ਅਤੇ ਅੰਗਰੇਜਾਂ ਦੇ ਢੇਰ ਨੁਕਸਾਨ ਕੀਤੇ ਅਰ ਬਹੁਤ ਸਾਰੀਆਂ ਤੋਪਾਂ ਮੇਗਜ਼ੀਨ ਲੁੱਟ ਲਿਆ, ਅਰ ਅੱਗੇ ਨੂੰ ਵਧੇ ਅੰਗਰੇਜਾਂ ਨੂੰ ਡਰਾ ਦਿੱਤਾ। ਪਰ ਰਾਜੇ ਗੁਲਾਬਸਿੰਘ ਅਤੇ ਰਾਜਾ ਤੇਜਾ ਸਿੰਘ ਅਤੇ ਲਾਲ ਸਿੰਘ ਨੇ ਜੋ ਢੇਰਪਿੱਛਾ ਦਿੱਤਾ, ਤਾਂ ਇਸਤੇ ਪਿੱਛੋਂ ਅੰਗਰੇਜ਼ਾਂ ਨੇ ਅਜਿਹਾ ਜੋਰ ਮਾਰਿਆ, ਜੋ ਸਿੱਖਾਂ ਨੂੰ ਪਿੱਛੇ ਭਜਾ ਦਿੱਤਾ। ਫੇਰ ਕੈਈਆਂ ਲੜਾਈਆਂ ਤੇ ਪਿੱਛੋਂ ਜਾਂ ਸਿੱਖਾਂ ਦੀ ਹਾਰ ਹੁੰਦੀ ਰਹੀ, ਤਾਂ ਰਾਜੇ ਗੁਲਾਬਸਿੰਘ ਨੇ ਜਾਕੇ ਕੁਝ ਦੇਣਾ ਲੈਣਾ ਕਰਕੇ ਅੰਗਰੇਜਾਂ ਨਾਲ ਫੇਰ ਕੁਝ ਠੱਪਚੰਡ ਕਰ ਲਈ॥

ਜਾਂ ਗੁਲਾਬਸਿੰਘ ਅਜੇ ਉੱਥੇ ਹੀ ਸਾ, ਤਾਂ ਇੱਥੇ ਲਹੌਰ ਵਿੱਚ ਮਾਈ ਜਿੰਦਾਂ ਨੇ ਖਿਆਲ ਕੀੱਤਾ, ਜੋ ਸਿੱਖ ਜੋ ਹੁਣ ਬਹੁਤ ਭੂਹੇ ਚੜ੍ਹੇ ਹਏ, ਅਤੇ ਆਪ ਮੁਹਾਰੇ ਹੋ ਰਹੇ ਹਨ, ਨਾ ਜਾਣੀਏ ਅੰਗਰੇਜਾਂ ਵੱਲੋਂ ਹਟਕੇ ਕੁਝ ਮੈਨੂੰ ਦੁੱਖ ਆਣ ਦੇਣ, ਅਰ ਇਨ੍ਹਾਂ ਦਾ ਜੋ ਕੋਈ ਹੁਣ ਸਿਰਕੋਪ ਨਹੀਂ, ਇਸ ਤੇ ਮਲੂਮ ਹੁੰਦਾ ਹੈ, ਜੋ ਇਹ ਭੂਤਮੰਡਲੀ ਜੇ ਮੇਰੇ ਦਲੀਪਸਿੰਘ ਨਾਲ ਭੀ ਬਿਗਾੜ ਲਵੇ, ਤਾਂ ਕੁਝ ਦੂਰ ਨਹੀਂ। ਅਹੀਆਂ ਜਿਹੀਆਂ ਕੈਈ ਗੱਲਾਂ ਸੋਚਕੇ ਇਹ ਤਤਬੀਰ ਕੀੱਤੀ, ਜੋ ਮੈਂ ਲਹੌਰ ਦੀ ਗੱਦੀ ਦੀ ਰਛਿਆ ਅਤੇ ਦਲੀਪਸਿੰਘ ਦੀ ਕੁੰਮਕ ਵਾਸਤੇ ਅੰਗ੍ਰੇਜ਼ਾਂ ਨੂੰ ਆਪਣੇ ਕੋਲ ਬੁਲਾ ਲਵਾਂ। ਕਿਉਂ ਜੋ ਉਨ੍ਹਾਂ ਤੇ ਬਿਨਾਂ ਅੱਜ ਬੁਰਛਿਆਂ ਨਾਲ ਸਾਹਮਣਾਂ ਕਰਨਵਾਲਾ ਕੋਈ ਨਹੀਂ। ਉਨ੍ਹਾਂ ਦੇ ਆਇਆਂ ਤੇ ਭਾਵੇਂ ਪਰਗਟ ਵਿੱਚ ਤਾਂ ਮੇਰੇ ਕੈਈ ਨੁਕਸਾਨ ਹਨ, ਪਰ ਅਸਲ ਵਿੱਚ ਮੈਨੂੰ ਉਨ੍ਹਾਂ ਦਾ ਬਹੁਤ ਅਰਾਮ ਹੋਵੇਗਾ। ਇਉਂ ਸੋਚਕੇ ਮੰਗਲਾਂ ਨਾਮੇ ਆਪਣੀ ਵਹਿਲਣ ਨੂੰ ਕਿਹਾ, ਜੋ ਤੂੰ ਦਲੀਪਸਿੰਘ ਨੂੰ ਨਾਲ ਲੈਕੇ ਅੰਗਰੇਜਾਂ ਪਾਸ ਜਾਹ ਅਤੇ ਮੇਰੀ ਵੱਲੋਂ ਇਹ ਆਖ, ਜੋ ਜਦ ਤੇ ਮਹਾਰਾਜੇ ਸ਼ੇਰਸਿੰਘ ਦਾ ਸੁਰਗਬਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਹੈ, ਤਦ ਤੇ ਲਹੌਰ ਵਿੱਚ ਵੱਡੇ ਭਾਰੇ ਧੋਹ ਹੋਣ ਲੱਗ ਪਏ ਹਨ,ਕਿਉ ਜੋ ਸਿੱਖਾਂ ਦੀ ਫੌਜ ਦਾ ਕੋਈ ਮਾਲਕ ਨਹੀਂ ਰਿਹਾ । ਜੋ ਸਰਦਾਰ ਇਨ੍ਹਾਂ ਨੂੰ ਕੁਝ ਧਨ ਪਦਾਰਥ ਦੇ ਦਿੰਦਾ ਹੈ, ਉਸੀ ਦੀ ਵੱਲ ਹੋਕੇ ਹੋਰਨਾਂ ਨੂੰ ਮਾਰਨ ਲੱਗ ਪੈਂਦੇ ਹਨ। ਵੇਖੋ ਇਨ੍ਹਾਂ ਨੇ ਕੈਈ ਸਰਦਾਰ ਅਜਿਹੇ ਮਾਰੇ ਹਨ, ਜੋ ਲਹੌਰ ਦੀ ਗੱਦੀ ਦੀ ਰੱਛਿਆ ਵਾਸਤੇ ਆਪਣੇ ਪ੍ਰਾਣ ਦੇਣੇ ਨੂੰ ਤਿਆਰ ਸੇ । ਅਰ ਫੇਰ ਇਨ੍ਹਾਂ ਨੇ ਮੇਰੇ ਭਰਾਉ ਨੂੰ ਨਹੱਕ ਮਾਰ ਸਿੱਟਿਆ ਅਰ ਤੁਸਾਡੇ ਨਾਲ ਮੱਥਾ ਆਣ ਡਾਹਿਆ। ਮੈਂ ਇਨ੍ਹਾਂ ਤੇ ਬਹੁਤ ਡਰਦੀ ਹਾਂ, ਜੋ ਖਬਰ ਨਹੀਂ, ਜੋ ਹੋਰ ਕੀ ਕੀ ਕਰਨਗੇ। ਏਹ ਦੋਵੇਂ ਅੰਗਰੇਜ਼ਾਂ ਦੇ ਕੋਲ ਗਏ, ਅਰ ਜਿੰਦਾਂ ਦੇ ਕਹੇ ਅਨੁਸਾਰ ਸਭ ਕੁਝ ਪਰਗਟ ਕੀਤਾ, ਜੋ ਮਹਾਰਾਣੀ ਜਿੰਦ ਕੌਰ ਆਪਣੀ ਸਹਾਇਤਾ ਵਾਸਤੇ ਤੁਹਾਨੂੰ ਲਹੌਰ ਵਿੱਚ ਬੁਲਾਉਂਦੀ ਹੈ। ਇਹ ਗੱਲ ਸੁਣਕੇ ਅੰਗਰੇਜਾਂ ਨੇ ਸੋਚਿਆ, ਜੋ ਇਸ ਗੱਲ ਵਿੱਚ ਕੁਝ ਹੋਰ ਮਤਲਬ ਤਾਂ ਨਹੀਂ ? ਫੇਰ ਜਾਂ ਅੱਛੀ ਤਰ੍ਹਾਂ ਮਲੂਮ ਹੋਇਆ, ਜੋ ਮਹਾਰਾਣੀ ਜਰੂਰ ਸਿੱਖਾਂ ਵੱਲੋਂ ਦੁਖੀ ਹੋਈ ਹੋਈ ਹੈ। ਅਰ ਹੁਣ ਜੋ ਉਸਦਾ ਸਾਨੂੰ ਬੁਲਾਵਾ ਹੈ, ਏਹ ਭੀ ਸੱਚਾ ਹੈ ।ਤਾਂ ਉਸੀ ਵੇਲੇ ਕੁਝ ਸੋਚ ਸਮਝਕੇ ਉਨ੍ਹਾਂ ਨੇ ਲਹੌਰ ਨੂੰ ਤਿਆਰੀ ਕੀਤੀ। ਇਸ ਜਗਾ ਦਾ ਸਾਰਾ ਹਾਲ ਲਿਖਣ ਤੋਂ ਕੁਝ ਲਾਭ ਨਹੀਂ, ਕਿਉਂ ਜੋ ਹੋਰਨਾ ਪੋਥੀਆਂ ਵਿੱਚ ਬਹੁਤ ਕੁਝ ਲਿਖਿਆ ਹੋਇਆ ਹੈ, ਪਰ ਇਤਨਾ ਜਾਣ ਲੈਣਾ ਜਰੂਰ ਚਾਹੀਦਾ ਹੈ, ਜੋ ਮਾਈ ਜਿੰਦਾਂ ਦੇ ਬੁਲਾਉਣੇ ਅਨੁਸਾਰ ਅੰਗਰੇਜ਼ ਬਹਾਦਰ ਸੰਮਤ ੧੯੦੨ ਫੱਗਣ ਦੇ ਮਹੀਨੇ ਲਹੌਰ ਵਿੱਚ ਆਣ ਵੜੇ। ਫੇਰ ਹੌਲੀ ਹੌਲੀ ਇਨ੍ਹਾਂ ਦਾ ਪ੍ਰਤਾਪ ਅਜਿਹਾ ਵਧਿਆ, ਜੋ ਸਭ ਕੁਝ ਹੁਕਮ ਹਾਸਲ ਲਹੌਰ ਵਿੱਚ ਤਾਂ ਕੀ ਸਗੋਂ ਸਾਰੇ ਪੰਜਾਬ ਵਿਖੇ ਇਨ੍ਹਾਂ ਦਾ ਹੀ ਹੋਗਇਆ। ਪਰਮੇਸੁਰ ਨੇ ਇਨ੍ਹਾਂ ਨੂੰ ਦਿਨੋਂ ਦਿਨ ਪ੍ਰਤਾਪ ਅਤੇ ਵਡਿਆਈ ਬਖ਼ਸ਼ੀ, ਅਰ ਸਿੱਖ ਦਿਨੋਂ ਦਿਨ ਹੀ ਘਟ ਦੇ ਗਏ। ਫੇਰ ਥੋਹੜੇ ਦਿਨਾਂ ਪਿੱਛੋਂ ਮਾਈ ਜਿੰਦਾਂ ਤੇ ਜੋ ਅੰਗ੍ਰੇਜਾਂ ਦੀ ਫੌਜ ਫਾੜਕੇ ਆਪਣੇ ਨਾਲ ਰਲਾਉਣੇ ਦੀ ਭੁੱਲ ਹੋ ਗਈ, ਅਰ ਮਹਾਰਾਜੇ ਦਲੀਪਸਿੰਘ ਅਤੇ ਜਿੰਦਾਂ ਨੂੰ ਜੋ ਇਸ ਮੁਲਖ ਵਿੱਚ ਕੇਈ ਤਰ੍ਹਾਂ ਦੇ ਝਗੜੇ ਮਾਮਲਿਆਂ ਦੀਆਂ ਤਤਬੀਰਾਂ ਸੁੱਝਦੀਆਂ ਸੀਆਂ, ਇਸ ਸਬੱਬ ਸਰਕਾਰ ਅੰਗਰੇਜੀ ਨੇ ਤਿਨਾਂ ਦੋਹਾਂ ਜਣਿਆਂ ਨੂੰ ਲੈਕੇ ਵੱਡੀ ਰੱਛਿਆ ਨਾਲ ਆਪਣੀ ਵਲਾਇਤ ਵਿੱਚ ਪੁਚਾ ਦਿੱਤਾ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਹਰਾ

ਸਦਾ ਜਗਤ ਵਿੱਚ ਆਇਕੇ, ਥਿਰ ਨਹਿੰ ਰਹਿੰਦਾ ਕੋਇ।
ਦੋ ਦਿਨ ਲੰਮੀ ਤਾਣਕੇ, ਸਭ ਕੋ ਰਹਿੰਦਾ ਸੋਇ॥

ਚੌਪਈ

ਦੇਖੋ ਏਸ ਜਗਤ ਦੀ ਖੇਲ। ਚਾਰ ਦਿਨਾਂ ਸਭ ਜਗ ਦਾ ਮੇਲ॥
ਰਾਜੇ ਪਰਜੇ ਧਨੀ ਗਰੀਬ। ਬਿਰਛ ਪਖਾਣ ਜੰਤ ਅਰ ਜੀਬ॥
ਜੋਜੋ ਏਸਜਗਤਪੁਰ ਆਇਆ। ਸੋ ਸਦੀਪ ਨਹਿੰ ਰੈਹਣਾ ਪਾਇਆ॥
ਇਹਜਗਰਾਹਸੜਕਦਾਭਾਈ। ਲੰਘਦੀ ਜਾਂਦੀ ਸਭੀ ਲੁਕਾਈ॥
ਜੋ ਕੁਛ ਅੱਜ ਹਈ ਉਹ ਫੇਰ। ਨਜਰ ਨਾ ਆਵੇ ਸੰਝ ਸੁਵੇਰ॥
ਜਿਨ੍ਹਾਂ ਨਾਲ ਸੀ ਫੌਜ ਅਨੰਤ। ਅਰ ਜੋ ਪੰਡਤ ਸਾਧੂ ਸੰਤ॥
ਸੋ ਸਭ ਗਏ ਨਾਮ ਨਹਿੰ ਜਾਦ। ਪੀਰ ਪਕੰਬਰ ਸਭ ਬਰਬਾਦ॥
ਜੋ ਜਨ ਇੱਥੇ ਰਹੇ ਉਦਾਸ। ਸੋ ਸੁਖ ਪਾਵੇ ਦੁਖ ਦਾ ਨਾਸ॥

ਦੋਹਰਾ

ਜੋ ਛੋਟਾ ਸੋ ਬਡਾ ਹੈ, ਵਡਾ ਜੁ ਛੋਟਾ ਹੋਇ।
ਧਨੀ ਹੋਇ ਕੰਗਾਲ ਫਿਰ, ਕੰਗਲ ਧਨ ਵਿਚ ਸੋਇ॥

ਚੌਪਈ

ਜੋ ਜਨ ਸੇ ਪਹਿਲਾਂ ਕੰਗਾਲ। ਫੇਰ ਭਰੇ ਓਹ ਧਨ ਦੇ ਨਾਲ॥
ਫਿਰ ਹੋਏ ਓਹ ਧਨ ਤੇ ਹੀਨ। ਘਟਨ ਵਧਨ ਭਗਵਾਨ ਅਧੀਨ॥
ਜਿਨ੍ਹਾਂ ਚਲਾਏ ਹੁਕਮ ਘਨੇਰੇ। ਪਰਗਟ ਹੋਏ ਗਿਰਦ ਚੁਫੇਰੇ॥
ਓਹ ਦੇਖੇ ਹਨ ਫੇਰ ਭਿਖਾਰੀ। ਪਰਮੇਸੁਰ ਦੀ ਗਤੀ ਨਿਆਰੀ॥
ਜਿਸ ਨੂੰ ਚਾਹੇ ਓਹ ਕਰਤਾਰ। ਉਸ ਨੂੰ ਕੋਈ ਨ ਸੱਕੇ ਮਾਰ॥
ਜਿਹਨੂੰ ਆਪ ਮਾਰਨਾ ਚਹੇ। ਉਹ ਨ ਬਚਾਇਆ ਬਚਿਆ ਰਹੇ॥
ਦੇਖੋ ਮਹਾਂ ਸਿੰਘ ਸਰਦਾਰ। ਥੋਹੜਾ ਸਾ ਉਸ ਨੂੰ ਅਧਿਕਾਰ॥
ਪਰ ਰਣਜੀਤਸਿੰਘ ਜਦ ਭਿਆ। ਥੋਹੜੇ ਦਿਨਾਂ ਵਿੱਚ ਵਧ ਗਿਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਹਰਾ

ਬਹੁਤ ਮੁਲਖ ਅਰ ਮਿਲਖ ਧਨ, ਹੋਏ ਉਸਦੇ ਸੰਗ।
ਬਹੁਤ ਸ਼ਿਤਾਬੀ ਪ੍ਰਭੂ ਨੇ, ਕਈ ਦਿਖਾਏ ਰੰਗ॥

ਚੌਪਈ

ਤਾਬੇ ਹੋਇਆ ਸਭੀ ਪੰਜਾਬ। ਜੋ ਅੜਿਆ ਸੋ ਭਯਾ ਖਰਾਬ॥
ਭਾਂਤ ਭਾਂਤ ਦੇ ਕੀਤੇ ਕਾਜ। ਆਪਣੇ ਹੱਥੀਂ ਪਾਇਆ ਰਾਜ॥
ਕਿਨੇ ਨ ਉਸਦੀ ਡਿੱਠੀ ਪੀਠ। ਸਭਨੀਂ ਦੇਸੀਂ ਗਏ ਵਸੀਠ॥
ਹੁਕਮ ਚਲਾਇਆ ਉਸ ਨੇ ਖਰਾ। ਪਰ ਓੜਕ ਨੂੰ ਉਹ ਭੀ ਮਰਾ॥
ਤਿਸ ਤੇ ਪਿੱਛੋਂ ਬਹੁ ਸਰਦਾਰ। ਕਰ ਚੁੱਕੇ ਬਹੁ ਮਦ ਹੰਕਾਰ॥
ਪਰ ਤਿਸ ਵਰਗਾ ਦੂਜਾ ਕੋਇ। ਜ਼ੋਰ ਨਾਲ ਨਾ ਸਕਿਆ ਹੋਇ॥
ਸੋ ਇਹ ਸੱਤ ਬਾਤ ਹੈ ਭਾਈ। ਜਿਸ ਨੂੰ ਪ੍ਰਭੂ ਦੇਵੇ ਵਡਿਆਈ॥
ਤਿਸ ਸਮਾਨ ਨਾ ਕੋਈ ਹੋਵੇ। ਜੋ ਹੋਵੇ ਤਿਸ ਨੂੰ ਪ੍ਰਭੁ ਖੋਵੇ॥

ਦੋਹਰਾ

ਪਰਮੇਸਰ ਦੀ ਵਾਰਤਾ, ਕੁਝ ਲਖੀ ਨਹਿੰ ਜਾਇ।
ਲੱਖ ਬਰਸ ਦੇ ਰਚੇ ਨੂੰ, ਪਲ ਵਿੱਚ ਦੇ ਮਿਟਾਇ॥

ਚੌਪਈ

ਸਭ ਨੂੰ ਸਾ ਇਹ ਵਡਾ ਅਕੀਨ। ਸਿੱਖੀ ਰਾਜ ਨ ਹੋਸੀ ਹੀਨ॥
ਰਣਜੀਤਸਿੰਘ ਦਾ ਜੋ ਪਰਤਾਪ। ਦਿਨ ਦਿਨ ਵਧਦਾ ਹੈ ਜੋ ਆਪ॥
ਸੋ ਹੁਣ ਕਦੀ ਨ ਹੋਸੀ ਦੂਰ। ਇਸੀ ਤਰ੍ਹਾਂ ਇਹ ਰਹੂ ਜ਼ਰੂਰ॥
ਪਰ ਜਾਂ ਪਰਮੇਸੁਰ ਨੂੰ ਭਾਇਆ। ਇੱਕਘੜੀਵਿੱਚਸਰਬਮਿਟਾਇਆ॥
ਸੋ ਹੇ ਪੁਸਤਕ ਪੜ੍ਹਨੇਹਾਰੇ। ਏਸ ਗੱਲ ਨੂੰ ਸੋਚ ਕਿਨਾਰੇ॥
ਵਧਨ ਘਟਨ ਹੈ ਜਗ ਦਾ ਰਾਹ। ਪਰਮੇਸੁਰ ਪੁਰ ਰੱਖ ਨਿਗਾਹ॥
ਇਤਿ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਕਾਂਡ ॥

ਪੰਜਾਬ ਦੇਸ ਦੀਆਂ ਸਭਨਾਂ ਜ਼ਾਤਾਂ ਦੀਆਂ ਰੀਤ ਰਸਮਾਂ ਅਤੇ ਗੀਤਾਂ ਅਰ ਕਹਾਉਤਾਂ ਦੇ ਬਿਆਨ ਵਿਖੇ।

ਸ਼ਾਸਤ੍ਰ ਦੇ ਕਹਿਣੇ ਅਨੁਸਾਰ ਹਿੰਦ ਵਿੱਚ ਅੱਠ ਪਰਕਾਰ ਦੀਆਂ ਜ਼ਾਤਾਂ ਮਸ਼ਹੂਰ ਹਨ। ਉਨ੍ਹਾਂ ਵਿੱਚ ਚਾਰ, ਅਰਥਾਤ ਬ੍ਰਾਹਮਣ, ਛੱਤ੍ਰੀ, ਵੈਸ਼, ਸ਼ੂਦਰ, ਏਹ ਬਰਣ ਕਹਾਉਂਦੇ ਹਨ। ਅਰ ਚਾਰ, ਅਰਥਾਤ ਗਿਰਿਸਤ, ਬ੍ਰਹਮ-ਚਾਰੀ, ਬਾਣਪ੍ਰਸਤ, ਸੰਨਿਆਸ, ਏਹ ਆਸ਼ਰਮ ਕਹਾਉਂਦੇ ਹਨ। ਇਨ੍ਹਾਂ ਅੱਠਾਂ ਦੇ ਵਿੱਚੋਂ ਹੋਰ ਜੋ ਕੈਈ ਪਰਕਾਰ ਦੀਆਂ ਜ਼ਾਤਾਂ ਅਤੇ ਭੇਖ ਬਣ ਗਏ, ਸੋ ਪੰਜਾਬ ਦੇਸ਼ ਵਿਖੇ ਬਹੁਤ ਹਨ।

ਹੁਣ ਬ੍ਰਾਹਮਣ ਦਾ ਐਉਂ ਬਿਆਨ ਹੈ-ਕਿ ਇਸ ਨੂੰ ਬ੍ਰਹਮਾ ਦੀ ਮੁੱਖ ਉਲਾਦ ਆਖਦੇ ਹਨ, ਸਭ ਬ੍ਰਾਹਮਣ ਦਸ ਪਰਕਾਰ ਦੇ ਹੁੰਦੇ ਹਨ, ਉਨ੍ਹਾਂ ਵਿੱਚੋਂ ਸਾਰਸੁਤ, ਕਾਨਕੁਬਜ, ਗੌੜ, ਉਤਕਲ, ਮੈਥਲ, ਏਹ ਪੰਜ ਤਾਂ ਪੰਚਗੌੜ ਕਹਾਉਂਦੇ ਅਰ ਦ੍ਰਾਬੜ, ਤੈਲੰਗ, ਮਹਾਰਾਸ਼ਟਰ, ਗੁਰਜਰ, ਕਾਰ ਨਾਟਕ, ਏਹ ਪੰਚਦ੍ਰਾਬੜ ਕਹਾਉਂਦੇ ਹਨ, ਇਨ੍ਹਾਂ ਦਸਾਂ ਵਿੱਚੋਂ ਇਸ ਪੰਜਾਬ ਦੇਸ ਵਿਖੇ ਸਾਰਸੁਤ ਬ੍ਰਾਹਮਣ ਬਹੁਤ ਵਸਦੇ ਹਨ, ਭਾਵੇਂ ਸਾਰਸੁਤ ਬ੍ਰਾਹਮਣ ਸੱਭੇ ਇੱਕੋ ਹਨ, ਪਰ ਜੁਦੇ ਜੁਦੇ ਗੋਤ ਹੋਣੇ ਦੇ ਸਬੱਬ ਆਪਸ ਵਿੱਚੀਂ ਸਾਕ ਨਾਤੇ ਨਹੀਂ ਕਰਦੇ, ਸਾਰਿਆਂ ਗੋਤਾਂਦਾ ਲਿਖਣਾ ਤਾਂ ਇੱਥੇ ਬਹੁਤ ਕਠਣ ਹੈ, ਪਰ ਇੱਕ ਦੋ ਗੱਲਾਂ ਦਾ ਲਿਖਣਾ ਜ਼ਰੂਰੀ ਹੈ, ਕਿਉਂਜੋ ਜੇ ਓਹ ਨਾ ਲਿਖਾਂ, ਤਾਂ ਬਿਆਹ ਅਰ ਮੰਗਣੇ ਦੀ ਰੀਤ ਮਲੂਮ ਨਹੀਂ ਹੋਵੇਗੀ। ਬ੍ਰਾਹਮਣਾਂ ਵਿੱਚੋਂ ਕੈਈ ਲੋਕ ਜੋ ਬਾਹਰੀ ਸਦਾਉਂਦੇ ਹਨ, ਸੋ ਬਾਰਾਂ ਜਾਤਾਂ ਵਿੱਚ ਹੀ ਬਿਆਹ ਕਰਦੇ ਕਰਾਉਂਦੇ ਹਨ, ਅਰ ਜੋ ਬੁਜਾਹੀ ਕਹਾਉਂਦੇ ਹਨ, ਸੋ ਬਬਿੰਜਾ ਜਾਤਾਂ ਅਰਥਾਤ ਗੋਤਾਂ ਵਿੱਚ ਕੁੜੀਆਂ ਦਾ ਦੇਣ ਲੈਣ ਕਰਦੇ ਹਨ, ਇਸ ਤੇ ਬਾਹਰ ਉਨ੍ਹਾਂ ਦਾ ਲੈਣ ਦੇਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੈ। ਬਾਹਰੀਆਂ ਦੀਆਂ ਬਾਰਾਂ ਜਾਤਾਂ ਅਰ ਬੁਜਾਹੀਆਂ ਦੀਆਂ ਬਵਿੰਜਾ ਗੋਤ ਇੱਥੇ ਲਿਖਣੇ ਤੇ ਵਿਸਤਾਰ ਹੋਵੇਗਾ, ਪਰ ਇੱਕ ਤਰ੍ਹਾਂ ਦੇ ਸਾਰਸੁਤ ਬ੍ਰਾਹਮਣ ਜੋ ਅਠਵੰਸ ਕਹਾਉਂਦੇ ਹਨ, ਉਨ੍ਹਾਂ ਦੀਆਂ ਅੱਠ ਜਾਤਾਂ ਏਹ ਹਨ। ਜੋਸੀ, ਕੁਰਲ, ਸੰਡ, ਪਾਠਕ, ਭਾਰਦੁਆਜੀ, ਸੋਰੀ, ਤਿਬਾੜੀ, ਏਹ ਅੱਠੋ ਆਪਸ ਵਿੱਚੀਂ ਕੁੜੀਆਂ ਦਿੰਦੇ ਲੈਂਦੇ ਹਨ, ਹੋਰ ਕਿਸੇ ਨਾਲ ਬੁਹਾਰ ਨਹੀਂ ਰੱਖਦੇ,। ਜੋਸੀ ਦੋ ਤਰ੍ਹਾਂ ਦੇ ਹੁੰਦੇ ਹਨ, ਇੱਕ ਮਰੂੜ, ਦੂਜੇ ਮੁਲੱਮੇ, ਇਸ ਪ੍ਰਕਾਰ ਏਹ ਸਭ ਅਠਵੰਸ ਸਦਾਉਂਦੇ ਹਨ। ਹੋਰਨਾਂ ਬ੍ਰਾਹਮਣਾਂ ਦੀ ਕੁੜਮਾਈ ਕਰਨ ਨਾਈ ਅਥਵਾ ਪਰੋ-ਹਤ ਜਾਂਦਾ ਹੈ, ਪਰ ਇਨ੍ਹਾਂ ਦੇ ਸਾਕ ਨਾਤੇ ਜੋ ਥੋਹੜੇ ਗੋਤ ਹੋਣੇ ਦੇ ਸਬੱਬ ਪੰਜਾਬ ਦੇ ਸਭਨਾਂ ਅਠਵੰਸਾਂ ਨੂੰ ਜਾਣਦੇ ਹਨ, ਆਪਸ ਵਿੱਚੀਂ ਖਬਰਸਾਰ ਭੇਜਕੇ ਹੀ ਕੁੜਮਾਈ ਕਰ ਲੈਂਦੇ ਹਨ। ਪੰਜਾਬ ਵਿੱਚ ਕੁੜਮਾਈ ਦੀ ਇਹ ਰੀਤ ਹੈ, ਜੋ ਧੀ ਵਾਲਾ ਆਪਣੇ ਨਾਈ ਦੇ ਹੱਥ ਸੱਤ ਛੁਆਰੇ ਅਰ ਇੱਕ ਰੁਪੈਯਾ ਦੇਕੇ ਮੁੰਡੇ ਵਾਲੇ ਦੇ ਘਰ ਭੇਜਦਾ ਹੈ, ਜਾਂ ਨਾਈ ਪੁਤੇਤੇ ਵਾਲੇ ਦੇ ਘਰ ਪਹੁੰਚੇ, ਤਾਂ ਘਰ ਵਾਲੇ ਆਪਣੇ ਬੂਹੇ ਦੀਆਂ ਦੋਹਾਂ ਮੁੱਖਾਂ ਪੁਰ ਤੇਲ ਚੋਕੇ ਨਾਈ ਨੂੰ ਅੰਦਰ ਲੈ ਜਾਂਦੇ ਹਨ, ਉਸਦੀ ਖਾਤਰਦਾਰੀ ਤੇ ਪਿੱਛੋਂ ਨੱਗਰ ਦੇ ਪੰਚ ਅਰ ਭਾਈਚਾਰੇ ਦੇ ਲੋਕ ਕੱਠੇ ਹੋਕੇ ਘਰ ਦੇ ਪਾਂਧੇ ਤੇ ਅੱਟੇ ਦਾ ਚੌਂਕ ਪੁਰਾਉਂਦੇ ਹਨ, ਜਾਂ ਪਾਂਧਾ ਵੇਦ ਦੀ ਰੀਤ ਅਨੁਸਾਰ ਬਾਲਕ ਤੇ ਚੌਂਕ ਦੀ ਪੂਜਾ ਕਰ ਚੁੱਕਦਾ ਹੈ, ਤਾਂ ਨਾਈ ਓਹ ਛੁਆਰੇ ਅਤੇ ਰੁਪੈਯਾ ਮੁੰਡੇ ਦੀ ਝੋਲੀ ਪਾਕੇ ਮੱਥੇ ਟਿੱਕਾ ਲਾ ਦਿੰਦਾ ਹੈ, ਅਰ ਮੁਖ ਤੇ ਇਹ ਬਚਨ ਮੁੰਡੇ ਦੇ ਪਿਉ ਨੂੰ ਆਖਦਾ ਹੈ, ਜੋ ਵਧਾ-ਈਆਂ ਮਹਾਰਾਜ! ਫੇਰ ਮੁੰਡੇ ਦਾ ਪਿਉ ਆਪਣੀ ਸਰਧਾ ਅਨੁਸਾਰ ਬ੍ਰਾਹਮਣਾਂ ਅਤੇ ਨਾਈਆਂ ਨੂੰ ਰੁਪੈਯੇ ਪੈਸੇ ਅਤੇ ਭਾਈਚਾਰੇ ਨੂੰ ਸ਼ੱਕਰ ਜਾਂ ਪਤਾਸੇ ਵੰਡਦਾ ਹੈ। ਫੇਰ ਸਭ ਲੋਕ ਮੁੰਡੇ ਦੇ ਪਿਉ ਨੂੰ ਵਧਾਈਆਂ ਦੇਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਇਸ ਰੀਤ ਦਾ ਨਾਉਂ ਸਗਨੀ ਜਾਂ ਕੁੜਮਾਈ ਆਖਦੇ ਹਨ। ਫੇਰ ਜਾਂ ਬਿਆਹ ਦਾ ਦਿਨ ਨੇੜੇ ਆਉਂਦਾ ਹੈ, ਤਾਂ ਧੇਤੇ ਲੋਕ ਨਾਈ ਦੇ ਹੱਥ ਇੱਕ ਚਿੱਠੀ ਭੇਜਕੇ ਪੁਤੇਤਿਆਂ ਨੂੰ ਖਬਰ ਦਿੰਦੇ ਹਨ। ਉਸ ਚਿੱਠੀ ਦਾ ਨਾਉਂ ਸਾਹੇ ਚਿੱਠੀ ਆਖਦੇ, ਅਰ ਉਸੀ ਤਰ੍ਹਾਂ ਭਾਈਚਾਰਾ ਅਰ ਪੈਂਚ ਕੱਠੇ ਹੋਕੇ ਉਹ ਚਿੱਠੀ ਮੁੰਡੇ ਦੇ ਪੱਲੇ ਪਾਉਂਦੇ ਹਨ। ਉਸ ਚਿੱਠੀ ਤੇ ਹੀ ਮਲੂਮ ਹੋ ਜਾਂਦਾ ਹੈ, ਜੋ ਧ੍ਰੇੱਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਜਨੇਤ ਵਿੱਚ ਕਿਤਨੀਆਂ ਗੱਡੀਆਂ ਅਰ ਕਿਤਨੇ ਮਨੁੱਖ ਸੱਦੇ, ਅਰ ਕਿਸ ਦਿਨ ਦਾ ਬਿਆਹ ਹੈ। ਜਾਂ ਸੱਤ ਦਿਨ ਬਿਆਹ ਵਿੱਚ ਰਹਿਣ ਤਾਂ ਮੁੰਡੇ ਕੁੜੀ ਦੇ ਮਾਤਾ ਪਿਤਾ ਮੁੰਡੇ ਕੁੜੀ ਨੂੰ ਵਟਣਾ, ਜਿਸਨੂੰ ਮਾਈਆਂ ਭੀ ਆਖਦੇ ਹਨ, ਲਾਉਂਦੇ ਹਨ। ਫੇਰ ਜਾਂ ਮੁੰਡਾ ਆਪਣੇ ਸਾਹੁਰਿਆਂ ਦੇ ਘਰ ਪਹੁੰਚੇ, ਤਾਂ ਉਸਨੂੰ ਬਹੁਤ ਸੁੰਦਰ ਭੂਖਣ ਵਸਤਰ ਪਹਿਨਾਕੇ ਸਿਰ ਪੁਰ ਚਾਂਦੀ ਸੋਨੇ ਦਾ ਮੁਕਟ ਅਰ ਮੱਥੇ ਪੁਰ ਤਿੱਲੇ ਦਾ ਸੇਹਰਾ ਬੰਨ੍ਹਦੇ ਹਨ। ਫੇਰ ਜੋ ਵੇਲਾ ਬਿਆਹ ਦਾ ਵੇਦ ਦੀ ਰੀਤ ਅਨੁਸਾਰ ਪੰਡਤਾਂ ਨੇ ਠਹਰਾਇਆ ਹੋਵੇ, ਉਸ ਵਿੱਚ ਅੱਗ ਬਾਲਕੇ ਅਰ ਪੂਜਾ ਕਰਕੇ ਮੁੰਡੇ ਕੁੜੀ ਨੂੰ ਅੱਗਦੇ ਦੁਆਲੇ ਚਾਰ ਬਾਰੀ ਫਿਰਾਉਂਦੇ ਹਨ। ਇਨ੍ਹਾਂ ਘੁਮੇਟਣੀਆਂ ਦਾ ਨਾਉਂ ਲੋਕ ਲਾਵਾਂ ਕਰਕੇ ਆਖਦੇ ਹਨ। ਜਾਂ ਕੰਨਿਆਂ ਨੂੰ ਅੱਗ ਦੇ ਗਿਰਦੇ ਫੇਰ ਲੈਨ, ਤਾਂ ਉਸਨੂੰ ਫੇਰ ਦੂਜੀ ਬਾਰ ਕੋਈ ਨਹੀਂ ਬਿਆਹ ਸਕਦਾ। ਫੇਰ ਦੂਜੇ ਦਿਨ ਧੇਤੇ ਲੋਕ ਜਨੇਤੀਆਂ ਨੂੰ ਬੁਲਾਕੇ ਭਾਂਤ ਭਾਂਤ ਦੀਆਂ ਮਿਠਿਆਈਆਂ ਖੁਲਾਉਂਦੇ ਅਰ ਗੀਤ ਗਾਉਂਦੇ ਹਨ, ਇਸ ਦਿਨ ਦੀ ਮਿਜਮਾਨੀ ਦਾ ਨਾਉਂ ਮਿੱਠਾ ਭੱਤ ਅਤੇ ਜੋ ਇਸ ਤੇ ਦੂਜੇ ਦਿਨ ਹੁੰਦੀ ਹੈ, ਉਸ ਦਾ ਨਾਉਂ ਖੱਟਾ ਭੱਤ ਆਖਦੇ ਹਨ। ਜੋ ਅਠਵੰਸ ਲੋਕ ਪਿੱਛੇ ਲਿਖੇ ਸੇ, ਹੋਰ ਤਾਂ ਸਭ ਕਾਰਜ ਬਿਆਹ ਵਿੱਚ ਤਿਨ੍ਹਾਂ ਦੇ ਹੋਰਨਾਂ ਬ੍ਰਾਹਮਣਾਂ ਵਾਂਙ ਹੀ ਹੁੰਦੇ ਹਨ, ਪਰ ਮਿੱਠੇ ਭੱਤ ਦੇ ਦਿਨ ਓਹ ਲੋਕ ਮਿਠਿਆਈ ਨਹੀਂ ਖੁਲਾਉਂਦੇ, ਨਿਰਾ ਭਾਂਤ ਭਾਂਤ ਦਾ ਮੇਵਾ ਚਾਦਰ ਪੁਰ ਪਰੋਸਦੇ ਅਤੇ ਦੁੱਧ ਦੇ ਕਟੋਰੇ ਪਲਾਉਂਦੇ ਹਨ। ਫੇਰ ਆਪਣੀ ਸਰਧਾ ਅਨੁਸਾਰ ਕਪੜੇ ਭਾਂਡੇ ਅਤੇ ਰੁਪੈਯੇ ਪੁਤੇਤਿਆਂ ਨੂੰ ਦੇਕੇ ਚੌਥੇ ਦਿਨ ਜਨੇਤ ਨੂੰ ਵਿਦਿਆ ਕਰਦੇ ਹਨ। ਇਸ ਪ੍ਰਕਾਰ ਬਿਆਹ ਤੇ ਇੱਕ, ਤਿਨ ਜਾਂ ਪੰਜ ਵਰ੍ਹੇ ਪਿੱਛੋਂ ਫੇਰ ਜੋ ਮੁੰਡਾ ਆਪਣੀ ਬਹੁਟੀ ਨੂੰ ਲੈਣੇ ਲਈ ਸਾਹੁਰਿਆਂ ਦੇ ਘਰ ਜਾਂਦਾ ਹੈ, ਇਸ ਰੀਤ ਦਾ ਨਾਉਂ ਮੁਕਲਾਵਾ ਹੈ। ਮੁਕਲਾਵੇ ਵਿੱਚ ਭੀ ਉਸੀ ਤਰ੍ਹਾਂ ਪਾਂਧੇ ਨੂੰ ਬੁਲਾਕੇ ਚੌਂਕ ਪੁਰਾਉਣੇ ਅਤੇ ਕੁੜੀ ਨੂੰ ਤੋਰਨੇ ਦੇ ਵੇਲੇ ਸਰਧਾ ਅਨੁਸਾਰ ਭਾਂਡੇ ਕਪੜੇ ਰੁਪੈਯੇ ਦੇਣੇ ਦਾ ਦਸਤੂਰ ਹੈ। ਬਿਆਹ ਮੁਕਲਾਵੇ ਵਿੱਚ ਜੋ ਕਪੜੇ ਭਾਂਡੇ ਪੁਤੇਤਿਆਂ ਨੂੰ ਦਿੱਤੇ ਜਾਂਦੇ ਹਨ, ਉਸ ਦਾ ਨਾਉਂ ਖੱਟ ਆਖਦੇ ਹਨ। ਜਾਂ ਧੀ ਵਾਲਾ ਪਹਿਲਾਂ ਕਿਸੇ ਦੇ ਘਰ ਕੁੜਮਾਈ ਭੇਜਦਾ ਹੈ, ਤਾਂ ਪਹਿਲਾਂ ਮੁੰਡੇ ਦੀਆਂ ਚਾਰ ਗੱਲਾਂ ਪੁਛਾਉਂਦਾ ਹੈ। ਜੇ ਉਨ੍ਹਾਂ ਚੌਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚੋਂ ਕੋਈ ਮਾੜੀ ਹੋਵੇ, ਤਾਂ ਕੁੜਮਾਈ ਨਹੀਂ ਕਰਦਾ। ਓਹ ਚਾਰ ਗੱਲਾਂ ਏਹ ਹਨ। ਮੁੰਡੇ ਦਾ ਗੋਤ ਅਰ ਮੁੰਡੇ ਦੇ ਪਿਉ ਦੇ ਨਾਨਕਿਆਂ ਦਾ ਗੋਤ ਅਤੇ ਮੁੰਡੇ ਦੇ ਨਾਨਕਿਆਂ ਦਾ ਗੋਤ ਅਰ ਮੁੰਡੇ ਦੀ ਮਾਂ ਦੇ ਨਾਨਕਿਆਂ ਦਾ ਗੋਤ, ਜੇ ਇਨ੍ਹਾਂ ਚੌਹੁੰ ਗੱਲਾਂ ਵਿੱਚ ਕੁਝ ਖੋਟ ਹੋਵੇ,ਅਥਵਾ ਕੁੜੀ ਦੀ ਜਾਤ ਨਾਲ ਇਨ੍ਹਾਂ ਵਿੱਚੋਂ ਕੋਈ ਜਾਤ ਮਿਲ ਜਾਵੇ, ਤਾਂ ਸਾਕ ਨਹੀਂ ਹੋ ਸੱਕਦਾ। ਅਠਵੰਸ ਬ੍ਰਾਹਮਣ ਜੋ ਬਹੁਤ ਥੋਹੜੇ ਹੀ ਗੋਤ ਹਨ, ਓਹ ਮੁੰਡੇ ਕੁੜੀ ਦਾ ਕੁਛ ਗੋਤ ਮਿਲ ਜਾਣੇ ਤੇ ਭੀ ਸਾਕ ਕਰ ਲੈਂਦੇ ਹਨ ॥

ਫੇਰ ਜਾਂ ਕੋਈ ਬਾਲਕ ਜੰਮੇ ਤਾਂ ਪਿਤਾ ਉਸੀ ਦਿਨ ਪੰਡਤ ਨੂੰ ਪੁੱਛਕੇ ਜਨਮਪੱਤ੍ਰੀ ਲਿਖਾਉਂਦਾ ਹੈ। ਬ੍ਰਾਹਮਣ ਲੋਕ ਜਨਮ ਤੇ ਲੈਕੇ ਯਾਰਾਂ ਦਿਨਾਂ ਤੱਕ ਆਪ ਨੂੰ ਸੂਤਕੀ ਮੰਨਦੇ ਹਨ। ਸੂਤਕ ਅਪਵਿਤ੍ਰਤਾਈ ਦਾ ਨਾਉਂ ਹੈ, ਜਿਸ ਦੇ ਘਰ ਸੂਤਕ ਹੁੰਦਾ ਹੈ, ਯਾਰਾਂ ਦਿਨ ਤੱਕ ਕੋਈ ਉਸਦੇ ਨਾਲ ਖਾਨ ਪਾਨ ਨਹੀਂ ਕਰਦਾ। ਫੇਰ ਚਾਲੀ ਦਿਨ ਪਿੱਛੋਂ ਤੀਮੀਂ ਅਸ਼ਨਾਨ ਕਰਦੀ ਅਰ ਭਾਈ ਚਾਰੇ ਦੇ ਲੋਕ ਪਾਂਧੇ ਨੂੰ ਬੁਲਾਕੇ ਮੁੰਡੇ ਦਾ ਨਾਉਂ ਰਖਾਉਂਦੇ ਹਨ। ਇਸ ਰੀਤਦਾ ਨਾਉਂ ਨਾਮਕਰਨ ਕਰਕੇ ਮਸ਼ਹੂਰ ਹੈ। ਫੇਰ ਪੰਜ ਬਰਸ ਕੋਈ ਤਿੰਨ ਬਰਸ ਭਾਈਂ ਮੁੰਡੇ ਦੇ ਸਿਰ ਦੇ ਬਾਲ ਨਹੀਂ ਮੁਨਾਉਂਦਾ, ਜਾਂ ਵੱਡਿਆਂ ਦਾ ਠਹਰਾਇਆ ਹੋਇਆ ਦਿਨ ਆਵੇ, ਤਾਂ ਕਿਸੇ ਤੀਰਥ ਅਥਵਾ ਜੁਆਲਾਮੁਖੀ ਵਰਗੇ ਛੇਤ੍ਰ ਪੁਰ ਜਾਕੇ ਬਾਲ ਉਤਾਰਦੇ, ਅਰ ਇਸ ਰੀਤ ਦਾ ਨਾਉਂ ਭੱਦਣ ਆਖਦੇ ਹਨ। ਫੇਰ ਜਾਂ ਬਾਲਕ ਅੱਠਾਂ ਬਰਸਾਂ ਦਾ ਹੋਵੇ, ਤਾਂ ਉਸਦਾ ਸਿਰ ਮੁੰਨਕੇ ਅਰ ਸ਼ਾਸਤ੍ਰ ਰੀਤ ਅਨੁਸਾਰ ਬ੍ਰਹਮਚਾਰੀ ਦਾ ਸਾਂਗ ਬਣਾਕੇ ਗੁਰੂ ਤੇ ਜਨੇਊ ਪੁਆਉਂਦੇ ਹਨ ॥

ਫੇਰ ਜਾਂ ਕੋਈ ਬ੍ਰਾਹਮਣ ਮਰ ਜਾਵੇ, ਤਾਂ ਉਸਦੇ ਪੁੱਤ ਪੋਤੇ ਵੱਡਾ ਸੁੰਦਰ ਆਪਣੀ ਸਰਧਾ ਅਨੁਸਾਰ ਬਿਮਾਣ ਬਣਾਕੇ ਅਰ ਮੁਰਦੇ ਨੂੰ ਉੱਪਰ ਪਾਕੇ ਦੁਸ਼ਾਲੇ ਅਥਵਾ ਕੋਈ ਹੋਰ ਰੇਸ਼ਮੀ ਕਪੜੇ ਭਨਾਉਦੇ ਹਨ। ਅਰ ਭਾਵੇਂ ਸਿਰ ਤਾਂ ਸਾਰੇ ਪੁਤ ਮੁਨਾਉਂਦੇ ਹੈਨ, ਪਰ ਵੱਡਾ ਪੁਤ੍ਰ ਸਿਰ ਮੁਨਾਕੇ ਸ਼ਾਸਤ੍ਰ ਰੀਤ ਅਨੁਸਾਰ ਕਰਮ ਕਿਰਿਯਾ ਕਰਾਉਣੇ ਲਈ ਕੁਸ਼ਾ ਅਰਥਾਤ ਦਿੱਭ ਦੇ ਪਵਿਤ੍ਰੇ ਜੋ ਵੇਦ ਰੀਤ ਅਨੁਸਾਰ ਬਣਾਏ ਜਾਂਦੇ ਹਨ, ਹੱਥਾਂ ਵਿੱਚ ਪਹਿਨਕੇ ਤਿੰਨ ਆਦਮੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਆਪਣੇ ਨਾਲ ਲੈਕੇ ਮੁਰਦੇ ਨੂੰ ਚੱਕਦਾ ਹੈ। ਹੋਰ ਘਰ ਦੇ ਲੋਕ ਮੁਰਦੇ ਉੱਪਰ ਫੁੱਲ ਪਤਾਸੇ ਅਤੇ ਪੈਸੇ ਰੁਪੈਯੇ ਲੁਟਾਉਂਦੇ ਅਰ "ਸ਼੍ਰੀਰਾਮਨਾਮਸੱਤਹੈ" ਇਹ ਬਚਨ ਬੋਲਦੇ ਹੋਏ ਚਿਖਾ ਦੀ ਜਗਾ ਤੱਕ ਚਲੇ ਜਾਂਦੇ ਹਨ, ਚਿਖਾ ਤੇ ਉਰੇ ਇੱਕ ਜਗਾ ਮੁਰਦੇ ਨੂੰ ਰੱਖਕੇ ਪਿੰਡਦਾਨ ਦਿੰਦੇ ਅਰ ਚਾਰੋਂ ਪਾਸੇ ਮੁਰਦੇ ਦੇ ਪਾਣੀ ਦੀ ਧਾਰ ਛੱਡਕੇ ਇੱਕ ਭਾਂਡਾ ਭੰਨਦੇ ਹਨ। ਫੇਰ ਜਾਂ ਚਿਖਾ ਪੁਰ ਪਹੁੰਚੇ ਤਾਂ ਕੋਈ ਦੁਸ਼ਾਲਿਆਂ ਸਮੇਤ ਅਰ ਕੋਈ ਉਤਾਰਕੇ ਮੁਰਦੇ ਨੂੰ ਚਿਖਾ ਪੁਰ ਰੱਖ ਦਿੰਦੇ ਹਨ, ਫੇਰ ਚੌਥੇ ਦਿਨ ਉਸ ਦੇ ਅਸਤ ਅਰਥਾਤ ਹੱਡੀਆਂ ਚੁਗਕੇ ਗੰਗਾ ਜੀ ਨੂੰ ਭੇਜ ਦਿੰਦੇ ਹਨ। ਉਸ ਸਮੇ ਗਿਆਰਾਂ ਦਿਨ ਜੋ ਬ੍ਰਾਹਮਣ ਵਦ ਰੀਤੀ ਅਨੁਸਾਰ ਕਰਮ ਕਿਰਿਯਾ ਕਰਾਉਂਦਾ ਅਤੇ ਦਾਨ ਲੈਂਦਾ ਹੈ, ਉਸ ਨੂੰ ਅਚਾਰਜ ਅਰ ਮਹਾਬ੍ਰਾਹਮਣ ਆਖਦੇ ਹਨ। ਇਸ ਅਚਾਰਜ ਦੇ ਨਾਲ ਕੋਈ ਖਾਣ ਪੀਣ ਅਰ ਸਾਕ ਨਾਤਾ ਨਹੀਂ ਕਰਦਾ। ਇਹ ਸਭਲੋਕ ਆਪਨੀ ਜੁਦੀ ਜ਼ਾਤ ਰਖਦੇ ਹਨ। ਜਿਸਦੇ ਘਰ ਮੁਰਦਾ ਮਰੇਓਹ ਗਿਆਰਾਂ ਦਿਨ ਆਪਨੂੰ ਪਾਤਕੀ ਅਰਥਾਤ ਅਪਵਿਤ੍ਰ ਮੰਨਦਾ ਹੈ ਅਰ ਹੋਰ ਲੋਕ ਤਿਸਦੇ ਨਾਲ ਖਾਂਨ ਪਾਨ ਨਹੀਂ ਕਰਦੇ। ਗਿਆਰਵੇਂ ਦਿਨ ਬਹੁਤਸਾਰੇ ਭਾਂਡੇ ਕਪੜੇ ਰੁਪੈਯੇ ਅਚਾਰਜ ਨੂੰ ਦੇਕੇ ਕਿਰਿਆ ਕਰਾਉਂਦੇ ਅਰ ਫੇਰ ਜਾਂ ਮੁਰਦੇ ਮਰੇ ਨੂੰ ਤਿੰਨ ਚਾਰ ਵਰ੍ਹੇ ਹੋ ਜਾਨ, ਅਰ ਚੌਥਾ ਚੜ੍ਹੇ ਤਾਂ ਹਰ ਵਰ੍ਹੇ ਉਸਦੇ ਨਾਉਂ ਦਾ ਸ੍ਰਾਧ ਕਰਾਕੇ ਬ੍ਰਾਹਮਣਾਂ ਨੂੰ ਭਾਂਤ ਭਾਂਤ ਦੇ ਭੋਜਨ ਛਕਾਉਂਦੇ ਹਨ॥

ਛੱਤ੍ਰੀਆਂ ਦਾ ਵਿਰਤਾਂਤ ਐਉਂ ਹੈ—ਸ਼ਾਸਤ੍ਰ ਵਿਖੇ ਜੋ ਛੱਤ੍ਰੀ ਲਿਖੇ ਹਨ, ਸੋ ਖਤ੍ਰੀ ਲੋਕਾਂ ਦਾ ਹੀ ਨਾਉਂ ਹੈ। ਸ਼ਾਸਤ੍ਰ ਵਿੱਚ ਛੱਤ੍ਰੀ ਛੱਤਰਧਾਰੀ ਅਰਥਾਤ ਰਾਜੇ ਨੂੰ ਆਖਦੇ ਹਨ, ਸੋ ਸਾਰਾ ਜਗਤ ਜੋ ਰਾਜਾ ਨਹੀਂ ਹੋ ਸੱਕਦਾ, ਇਸ ਸਬੱਬ ਓਹ ਲੋਕ ਬੁਹਾਰ ਬਪਾਰ ਜੋ ਅਸਲ ਵਿੱਚ ਵੈਸ ਅਰਥਾਤ ਬਾਣੀਯੇ ਦਾ ਕੰਮ ਸਾ, ਆਪਣੀ ਉਪਜੀਵਕਾ ਵਾਸਤੇ ਕਰਨ ਲੱਗ ਪਏ। ਪੰਜਾਬ ਦੇਸ ਵਿੱਚ ਸੁਖਾਲਾ ਬੋਲਣੇ ਦੇ ਸਬੱਬ ਛੱਤ੍ਰੀ ਨੂੰ ਹੀ ਖੱਤ੍ਰੀ ਆਖਣ ਲੱਗ ਗਏ ਹਨ। ਇਨ੍ਹਾਂ ਖਤ੍ਰੀਆਂ ਦੀਆਂ ਜੰਮਣ ਮਰਨ ਅਤੇ ਕੁੜਮਾਈ ਮੁੰਨਣ ਆਦਕ ਅਤੇ ਬਿਆਹ ਦੀਆਂ ਰੀਤਾਂ ਰਸਮਾਂ ਹੋਰ ਤਾਂ ਬ੍ਰਾਹਮਣਾਂ ਦੇ ਬਰਾਬਰ ਹੀ ਹਨ, ਪਰ ਇਤਨਾ ਭੇਦ ਹੈ, ਕਿ ਏਹ ਸੂਤਕ ਪਾਤਕ ਤੇਰਾਂ ਦਿਨ ਮੰਨਦੇ ਹਨ। ਇਨ੍ਹਾਂ ਵਿੱਚ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਹਰੀ ਅਰ ਬੁਜਾਹੀ ਲੋਕ ਹੁੰਦੇ ਅਰ ਆਪਸ ਵਿੱਚੀਂ ਸਾਕਨਾਤੇ ਕਰਦੇ ਹਨ। ਜਿੱਕੁਰ ਬ੍ਰਾਹਮਣਾਂ ਵਿੱਚ ਅਠਵੰਸ ਹਨ, ਉਸੀ ਤਰ੍ਹਾਂ ਖਤ੍ਰੀਆਂ ਵਿੱਚ ਢਾਈਘਰ ਹਨ, ਓਹ ਢਾਈਆਂ ਘਰਾਂ ਵਾਲੇ ਖਤ੍ਰੀਆਂ ਵਿਖੇ ਸਾਕਨਾਤੇ ਕਰਦੇ ਅਰ ਆਪਣੀ ਨਾਨਕੀ ਜ਼ਾਤ ਵਿੱਚੋਂ ਕੁੜੀ ਲੈਣੇ ਨੂੰ ਭੀ ਬੁਰਾ ਨਹੀਂ ਮੰਨਦੇ ॥

ਵੈਸ--ਬਾਣੀਯੇ ਨੂੰ ਆਖਦੇ ਹਨ, ਪਰ ਹੁਣ ਸ਼ਾਸਤ੍ਰ ਤੇ ਉਲਟੀਆਂ ਜੋ ਕਾਇਥ ਅਰ ਸੂਦ ਅਰ ਭਾਬੜੇ ਆਦਿਕ ਜਾਤਾਂ ਹਨ, ਓਹ ਭੀ ਆਪਣੇ ਜਾਣੇ ਵੈਸ ਹੀ ਬਣੇ ਬੈਠੇ ਹਨ, ਜੇ ਠੀਕ ਵਿਚਾਰੇ ਜਾਣ, ਤਾਂ ਓਹ ਸਭ ਸੂਦ ਜਾਤ ਵਿੱਚੋਂ ਹਨ। ਬਾਣੀਆਂ ਦੇ ਗੋਤ ਤਾਂ ਕੈਈ ਹਨ, ਪਰ ਸੱਭੋ ਦੋ ਤਰ੍ਹਾਂ ਦਾ ਧਰਮ ਰੱਖਦੇ ਹਨ। ਇੱਕ ਵੈਸ਼ਨੋ ਤੇ ਦੂਜਾ ਸਰਾਉਗੀ। ਜੋ ਵੈਸ਼ਨੋ ਬਾਣੀਯੇ ਹਨ, ਓਹ ਜੰਮਣ ਮਰਨ ਜਨੇਊ ਬਿਆਹ ਦੀਆਂ ਰੀਤਾਂ ਤਾਂ ਸਭ ਖੱਤ੍ਰੀਆਂ ਵਿਲੋਮਾਂ (ਸਿੱਧੇ ਦੋਗਲਿਆਂ) ਅਰ ਅਨਲੋਮਾਂ (ਪੁੱਠੇ ਦੋਗਲਿਆਂ) ਬ੍ਰਾਹਮਣਾਂ ਵਰਗੀਆਂ ਹੀ ਕਰਦੇ ਹਨ, ਪਰ ਬਿਆਹ ਦੇ ਮਿੱਠੇ ਭੱਤ ਅਰ ਹੋਰ ਖਾਣ ਖੁਆਉਣ ਦੀ ਰੀਤ ਵਿੱਚ ਕੁਝ ਜੁਦੇ ਹਨ। ਸਰਾਉਗੀ ਬਾਣੀਯੇ ਵੇਦ ਅਰ ਸ਼ਾਸਤ੍ਰ ਅਰ ਤਿਨ੍ਹਾਂ ਦੇ ਕਹੇ ਹੋਏ ਦੇਵੀ ਦੇਵਤਿਆਂ ਅਰ ਧਰਮਾਂ ਕਰਮਾਂ ਨੂੰ ਨਹੀਂ ਮੰਨਦੇ। ਅਰ ਮਰਨ ਦੇ ਸਮੇ ਜੋ ਕਿਰਿਯਾ ਕਰਮ ਕਰਨੇ ਚਾਹੀਦੇ ਹਨ, ਓਹ ਕੁਝ ਨਹੀਂ ਕਰਦੇ। ਇਸੀ ਸਬੱਬ ਵੈਸ਼ਨੋ ਬਾਣੀਯੇ ਪਹਿਲਾਂ ਤਾਂ ਉਨ੍ਹਾਂ ਨਾਲ ਸਾਕਨਾਤੇ ਭੀ ਨਹੀਂ ਕਰਦੇ ਸੇ, ਪਰ ਹੁਣ ਥੋਹੜੇ ਚਿਰ ਤੇ ਕੈਈ ਲੋਕ ਸਾਕ ਨਾਤੇ ਕਰਨ ਲੱਗ ਭੀ ਪਏ ਹਨ। ਜਿੱਕੁਰ ਖੱਤ੍ਰੀ ਲੋਕ ਸਾਰਸੁਤ ਬ੍ਰਾਹਮਣ ਨੂੰ ਪ੍ਰੋਹਤ ਕਰਕੇ ਮੰਨਦੇ ਅਰ ਦਾਨ ਦਿੰਦੇ ਹਨ, ਤਿਕੁਰ ਹੀ ਏਹ ਬਾਣੀਯੇ ਲੋਕ ਗੌੜ ਬ੍ਰਾਹਮਣ ਨੂੰ ਪ੍ਰੋਹਤ ਕਰਕੇ ਮੰਨਦੇ ਹਨ। ਖੱਤ੍ਰੀ ਲੋਕ ਤਾਂ ਬਾਜੇ ਬਾਜੇ ਮਾਸ ਮਦਰਾ ਭੀ ਖਾ ਪੀ ਲੈਂਦੇ ਹਨ, ਪਰ ਬਾਣੀਯੇ ਇਨ੍ਹਾਂ ਚੀਜਾਂ ਦੇ ਨਾਉਂ ਲੈਣ ਨੂੰ ਭੀ ਪਾਪ ਜਾਣਦੇ ਹਨ। ਇੱਕ ਜਾਤ ਜੋ ਢੂਸਰ ਕਰਕੇ ਮਸ਼ਹੂਰ ਹੈ, ਭਾਵੇਂ ਕਰਮ ਧਰਮ ਤਾਂ ਉਨ੍ਹਾਂ ਦੇ ਭੀ ਬਾਣੀਯਾਂ ਦੇ ਬਰਾਬਰ ਹੀ ਹੁੰਦੇ ਹਨ, ਪਰ ਬਾਣੀਏ ਲੋਕ ਓਨ੍ਹਾਂ ਨਾਲ ਸਾਕ ਨਾਤੇ ਨਹੀਂ ਕਰਦੇ। ਇਹ ਢੂਸਰ ਲੋਕ ਬਹੁਤ ਹਿੰਦੁਸਤਾਨ ਵਿੱਚ ਹੀ ਰਹਿੰਦੇ ਹਨ, ਹੁਣ ਤਕ ਪਜਾਬ ਵਿਚ ਇਨ੍ਹਾਂ ਦਾ ਕਿਤੇ ਇੱਕ ਘਰ ਭੀ ਨਹੀ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਦਰ—ਨਾਈ, ਛੀਂਬੇ, ਕਲਾਲ, ਘੁਮਾਰ, ਤਖਾਣਆਦਕ ਛੋਟੀਆਂ ਜਾਤਾਂ ਨੂੰ ਆਖਦੇ ਹਨ। ਇਨ੍ਹਾਂ ਲੋਕਾਂ ਦੇ ਜੰਮਣ ਮਰਨ ਅਤੇ ਬਿਆਹ ਦਾ ਦਸਤੂਰ ਹੋਰ ਤਾਂ ਸਭ ਪਿਛਲਿਆਂ ਤਿੰਹਾਂ ਵਰਗਾ ਹੈ, ਪਰ ਖਾਣ ਖੁਲਾਉਣ ਅਰ ਸੂਤਕ ਪਾਤਕ ਵਿੱਚ ਬਹੁਤ ਭੇਦ ਹੈ। ਇਨ੍ਹਾਂ ਦੇ ਸੂਤਕ ਪਾਤਕ ਸਵਾ ਮਹੀਨਾ ਰਹਿੰਦਾ ਹੈ, ਅਰ ਏਹ ਲੋਕ ਜਨੇਊ ਨਹੀਂ ਰੱਖਦੇ। ਇਸੀ ਸਬੱਬ ਖਤ੍ਰੀ ਬ੍ਰਾਹਮਣ ਲੋਕ ਇਨ੍ਹਾਂ ਦੇ ਘਰ ਦੀ ਰੋਟੀ ਖਾਣੀ ਤਾਂ ਇੱਕ ਵੱਲ ਰਹੀ, ਸਗੋਂ ਪਾਣੀ ਸਾਰਖਾ ਭੀ ਨਹੀਂ ਪੀਂਦੇ। ਭਾਵੇਂ ਜੱਟ ਲੋਕ ਭੀ ਸੂਦਰਾਂ ਵਿੱਚੋਂ ਹਨ, ਪਰ ਇਨ੍ਹਾਂ ਦੇ ਹੱਥੋਂ ਪਾਣੀ ਸਭ ਖੱਤ੍ਰੀ ਬ੍ਰਾਹਮਣ ਪੀ ਲੈਂਦੇ ਹਨ। ਝੀਉਰ ਭੀ ਭਾਵੇਂ ਸੂਦਰ ਹੀ ਹੈ, ਪਰ ਪਾਣੀ ਇਸ ਦੇ ਹੱਥ ਦਾ ਭੀ ਸਭ ਕੋਈ ਪੀ ਲੈਂਦਾ ਹੈ। ਜਿੱਕੁਰ ਖੱਤ੍ਰੀ ਬ੍ਰਾਹਮਣ ਅਸਰਾਫ ਲੋਕ ਧੀਆਂ ਦਾ ਮੁੱਲ ਲੈਣ ਅਰ ਧੀ ਦੇ ਸਾਹੁਰਿਆਂ ਨੂੰ ਮਿਲਨ ਗਿਲਨ ਅਰ ਕਰੇਬਾ ਕਰਨੇ ਨੂੰ ਅੱਤ ਬੁਰਾ ਜਾਣਦੇ ਹਨ, ਸੂਦਰ ਲੋਕ ਤਿਸਨੂੰ ਬੁਰਾ ਨਹੀਂ ਜਾਣਦੇ,ਸਗੋਂ ਨਸੰਗ ਪਰਗਟ ਹੋਕੇਇਨ੍ਹਾਂਗੱਲਾਂ ਨੂੰ ਕਰ ਲੈਂਦੇ ਹਨ। ਅਰ ਜੇ ਕੋਈ ਇਸਤ੍ਰੀ ਕਿਤੇ ਪ੍ਰਾਪਤ ਹੋ ਜਾਵੇ, ਤਾਂ ਵੇਦ ਦੀ ਰੀਤ ਤੇ ਵਿਰੁੱਧ ਚਾਦਰ ਸਿੱਟਕੇ ਭੀ ਆਪਣੇ ਘਰ ਬਸਾ ਲੈਂਦੇ ਹਨ। ਸੂਦਰਾਂ ਵਿੱਚੋਂ ਨਾਈ ਛੀਂਬੇ ਆਦਕ ਕੈਈ ਜਾਤਾਂ ਆਪਣਿਆਂ ਵੱਡਿਆਂ ਤੇ ਬਿਨਾ ਜੋ ਪਰਮੇਸੁਰ ਦੇ ਪਿਆਰੇ ਗੁਜਰੇ ਹਨ, ਹੋਰ ਕਿਸੇ ਨੂੰ ਨਹੀਂ ਪੂਜਦੇ। ਜਿਹਾਕੁ ਨਾਈ ਲੋਕ ਸੈਨ ਭਗਤ ਅਰ ਛੀਂਬੇ ਬਾਬੇ ਨਾਮ ਦੇਉ ਨੂੰ ਪੂਜਦੇ ਅਰ ਉਨ੍ਹਾਂ ਤੇ ਬਿਨਾ ਹੋਰ ਕਿਸੇ ਨੂੰ ਚੰਗਾ ਨਹੀਂ ਜਾਣਦੇ। ਰਜਪੂਤ ਲੋਕ ਭਾਵੇਂ ਹੁਣ ਪੰਜਾਬ ਵਿੱਚ ਜੱਟਾਂ ਵਾਂਙੂ ਖੇਤੀ ਕਰਦੇ ਹਨ, ਪਰ ਏਹ ਅਸਲ ਵਿੱਚ ਸੂਦਰ ਨਹੀਂ, ਬਲਕਿ ਠੇਠ ਛੱਤ੍ਰੀ ਹਨ, ਕਿਉਂ ਜੋ ਇਨ੍ਹਾਂ ਦੀ ਨਸਲ ਸੂਰਜਵੰਸੀ ਛੱਤ੍ਰੀਆਂ ਵਿੱਚੋਂਹੈ, ਜੋ ਸ੍ਰੀ ਰਾਮਚੰਦ ਜੀ ਦੀ ਜਾਤ ਸਦਾਉਂਦੇ ਹਨ। ਇਨ੍ਹਾਂ ਦਾ ਬੁਹਾਰ ਜੰਮਣ ਮਰਨ ਬਿਆਹ ਆਦਕ ਵੇਦ ਦੀ ਰੀਤ ਅਨੁਸਾਰ ਹੈ। ਏਹ ਲੋਕ ਜਨੇਊ ਰੱਖਦੇ ਅਰ ਸੰਧਿਆ ਗਾਇਤ੍ਰੀ ਭੀ ਜਪਦੇ ਹਨ॥

ਹੁਣ ਚੌਹਾਂ ਆਸ਼ਰਮਾਂ ਦਾ ਬਿਆਨ ਐਉਂ ਹੈ:—

੧—ਗਿਰਿਸਤੀ ਲੋਕ ਸਭਨਾਂ ਦੁਨੀਆਦਾਰਾਂ ਦਾ ਨਾਉਂ ਹੈ, ਆਪਣੀ ਆਪਣੀ ਜਾਤ ਦੇ ਧਰਮ ਅਨੁਸਾਰ ਜੋ ਦੁਨੀਆਂ ਵਿੱਚ ਰਹਿੰਦੇ ਹਨ, ਵੇਦ ਉਨ੍ਹਾਂ ਨੂੰ ਗਿਰਿਸਤੀ ਆਖਦਾ ਹੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨—ਬ੍ਰਹਮਚਾਰੀ ਇੱਕ ਭੇਖ ਦਾ ਨਾਉਂ ਹੈ, ਪਹਿਲਾਂ ਤਾਂ ਸਭ ਲੋਕ ਬਾਲਕਪੁਣੇ ਵਿੱਚ ਵਿੱਦਿਆ ਪੜ੍ਹਨੇ ਦੇ ਵੇਲੇ ਬ੍ਰਹਮਚਾਰ ਕਬੂਲ ਕਰਦੇ ਅਰ ਫੇਰ ਬਿਆਹ ਕਰਾਕੇ ਗਿਰਿਸਤ ਭੋਗਦੇ ਸੇ, ਪਰ ਹੁਣ ਬ੍ਰਹਮਚਾਰੀ ਮਤ ਦੀ ਇੱਕ ਫਕੀਰੀ ਤੁਰ ਪਈ ਹੈ। ਏਹ ਲੋਕ ਸਿਰ ਮੂੰਹ ਮੁਨਾਕੇ ਫਕੀਰ ਹੋ ਜਾਂਦੇ ਅਰ ਜਨੇਊ ਬੋਦੀ ਰੱਖਦੇ ਹਨ, ਬ੍ਰਹਮਚਾਰੀ ਚਾਰ ਪ੍ਰਕਾਰ ਦੇ ਹੁੰਦੇ ਹਨ। ਇਨ੍ਹਾਂ ਸਭਨਾਂ ਦੇ ਨਾਉਂ ਦੇ ਅੰਤ ਵਿੱਚ ਨੰਦ ਅਤੇ ਪਰਗਾਸ ਆਦਕ ਪਦ ਆਉਂਦੇ ਹਨ। ਜਿੱਕੁਰ ਰਾਮਾਨੰਦ, ਸਿਆਮਾਨੰਦ, ਸੁਖ ਪ੍ਰਗਾਸ ਹੈ, ਇਨ੍ਹਾਂ ਦੇ ਮਰਨੇ ਪਿੱਛੋਂ ਸਭ ਕਿਰਿਆ ਕਰਮ ਵੇਦ ਦੀ ਰੀਤ ਅਨੁਸਾਰ ਹੁੰਦੇ ਹਨ, ਮੁਰਦੇ ਨੂੰ ਅੱਗ ਵਿੱਚ ਫੂਕਕੇ ਸਮਾਧ ਬਣਾ ਦਿੰਦੇ ਹਨ, ਅਰ ਗੁਰੂ ਦੇ ਮਰਨੇ ਪਿੱਛੋਂ ਵੱਡਾ ਚੇਲਾ ਗੱਦੀ ਪੁਰ ਬੈਠਦਾ ਹੈ ॥

੩—ਬਾਣਪਰਸਤ ਭੀ ਇੱਕ ਪ੍ਰਕਾਰ ਦੀ ਫਕੀਰੀ ਦਾ ਨਾਉਂ ਹੈ। ਏਹ ਲੋਕ ਘਰਬਾਰ ਛੱਡਕੇ ਬਣ ਵਿੱਚ ਜਾਕੇ ਤਪ ਕਰਦੇ ਅਰ ਕੈਈ ਪ੍ਰਕਾਰ ਦੀ ਭੁੱਖ ਦੁੱਖ ਸਿਰ ਪੁਰ ਧਰਦੇ ਹਨ ॥

੪—ਸੰਨਿਆਸ ਇਹ ਭੀ ਇੱਕ ਪ੍ਰਕਾਰ ਦੀ ਫਕੀਰੀ ਦਾ ਨਾਉਂ ਹੈ, ਕਿ ਜਿਸ ਦਾ ਬਹੁਤ ਫਲਾਉ ਸੁਆਮੀ ਸ਼ੰਕਰਾਚਾਰਜ ਅਤੇ ਦੱਤਾਤ੍ਰੇਇ ਜੀ ਤੇ ਹੈ। ਸੰਨਿਆਸੀ ਦਸ ਪ੍ਰਕਾਰ ਦੇ ਹੁੰਦੇ ਹਨ, ਅਰਥਾਤ, ਬਣ, ਭਾਰਤੀ, ਅਰੰਨ, ਗਿਰਿ, ਪੁਰੀ, ਪਰਬਤ, ਸਰਸੁਤੀ, ਤੀਰਥ, ਸਾਗਰ, ਆਸ਼੍ਰਮ, ਇਨ੍ਹਾਂ ਦਸਾਂ ਪ੍ਰਕਾਰਾਂ ਨੂੰ ਦਸਨਾਮ ਕਰਕੇ ਸੱਦਦੇ ਹਨ ॥

ਏਹ ਸਾਰੇ ਪਦ ਸੰਨਿਆਸੀਆਂ ਦੇ ਨਾਉਂ ਦੇ ਅੰਤ ਵਿੱਚ ਲੱਗਦੇ ਹਨ, ਜਿਹਾਕੁ ਰਾਮਬਣ, ਗੁਪਾਲ ਭਾਰਤੀ, ਸਿਬਾਰੰਨ, ਦੇਵਗਿਰਿ ਆਦਕ ਨਾਉਂ ਪ੍ਰਸਿੱਧ ਹਨ। ਜੋ ਸੰਨਿਆਸੀ ਜਿਸ ਨਾਮ ਦਾ ਹੁੰਦਾ ਹੈ, ਸੋਈ ਪਦ ਤਿਸ ਦੇ ਨਾਉਂ ਦੇ ਅੱਗੇ ਲੱਗਦਾ ਹੈ। ਏਹ ਲੋਕ ਪਹਿਲਾਂ ਤਾਂ ਸਭ ਵੇਦ ਅਰ ਵੇਦਾਂਤ ਨੂੰ ਮੰਨਦੇ ਸੇ, ਪਰ ਹੁਣ ਪਰਮਹੰਸ ਲੋਕਾਂ ਤੇ ਬਿਨਾ ਹੋਰ ਸਭ ਸੰਨਿਆਸੀ ਜੋ ਗੁਸਾਈਂ ਸਦਾਉਂਦੇ ਹਨ, ਬਾਲਾਸੁੰਦਰੀ ਨਾਮੇ ਦੇਵੀ ਦੇ ਮਤ ਨੂੰ ਮੰਨਣ ਲੱਗ ਪਏ ਹਨ। ਇਸ ਮਤ ਅਰ ਬਾਮ ਮਾਰਗ ਵਿੱਚ, ਜਿਸ ਨੂੰ ਸ਼ਾਕਤ ਧਰਮ ਭੀ ਕਹਿੰਦੇ ਹਨ, ਕੁਝ ਬਹੁਤ ਫਰਕ ਨਹੀਂ। ਨਿਰਾ ਇਤਨਾ ਹੀ ਫਰਕ ਹੈ, ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਕਤਕ ਲੋਕ ਸ਼ਾਸਤ੍ਰ ਰੀਤ ਅਨੁਸਾਰ ਮੰਤ੍ਰ ਅਰ ਸਲੋਕ ਪੜ੍ਹਕੇ ਪੂਜਾ ਪਾਠ ਕਰਦੇ ਅਰ ਏਹ ਦੇਸ ਭਾਖਾ ਵਿੱਚ ਬਣਾਏ ਹੋਏ ਸ਼ਬਦ ਅਤੇ ਮੰਤ੍ਰ ਪੜ੍ਹਕੇ ਦੇਵੀ ਨੂੰ ਪੂਜਦੇ ਹਨ। ਹੋਰ ਜੋ ਮਾਸ, ਮਦਰਾ, ਮਿੱਥਿਆ, ਮੈਥੁਨ,ਮੁਦ੍ਰਾ ਏਹ ਪੰਜ ਮੰਮੇ ਸ਼ਾਕਤਕ ਵਰਤਦੇ ਹਨ, ਸੋਈ ਏਹ ਵਰਤਦੇ ਹਨ, ਕੁਝ ਫਰਕ ਨਹੀਂ। ਇਨ੍ਹਾਂ ਗੁਸਾਈਆਂ ਦੇ ਸੰਗ ਕਰਕੇ ਹੋਰ ਲੋਕ ਭੀ ਬੋਹੁਤ ਇਸ ਮਤ ਵਿੱਚ ਆਗਏ ਹਨ, ਇਸ ਮਤ ਦਾ ਨਾਉਂ ਕੂੰਡਾਪੰਥ ਕਰਕੇ ਆਖਦੇ ਹਨ। ਇਨ੍ਹਾਂ ਗੁਸਾਈਆਂ ਦਾ ਇਹ ਦਸਤੂਰ ਹੈ, ਜੋ ਏਹ ਜਨੇਊ ਬੋਦੀ ਨਹੀਂ ਰੱਖਦੇ,ਅਰ ਸ੍ਰਾਧ ਖਿਆਹ ਕਿਰਿਆ ਕਰਮ ਗਿਰਿਸਤੀਆਂ ਵਾਂਙੂ ਕੁਝ ਨਹੀਂ ਕਰਦੇ। ਰੁਦਰਾਸ਼ ਦੀ ਮਾਲਾ ਅਰ ਭਗਵੇ ਕੱਪੜੇ ਅਰ ਭਬੂਤ ਮਲਨੀ ਇਨ੍ਹਾਂ ਦੀ ਨਸ਼ਾਨੀ ਹੈ। ਏਹ ਮੁਰਦੇ ਨੂੰ ਫੂਕਦੇ ਨਹੀਂ, ਸਗੋਂ ਇੱਕ ਵੱਡੇ ਡੂੰਘੇ ਟੋਏ ਵਿੱਚ ਲੂਣ ਭਰਕੇ ਉਸ ਵਿੱਚ ਦੱਬ ਦਿੰਦੇ ਹਨ, ਫੇਰ ਉਸਪੁਰ ਸਮਾਧ ਬਣਾਕੇ ਨਿੱਤ ਉਸ ਦੀ ਪੂਜਾ ਕਰਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕੈਈ ਤਾਂ ਨਾਂਗੇ ਅਰ ਕੈਈ ਘਰਬਾਰੀ ਅਤੇ ਕੈਈ ਵਿੱਦਿਆ ਪੜ੍ਹਕੇ ਪਰਮਹੰਸ ਹੋ ਜਾਂਦੇ ਹਨ, ਪਰ ਏਹ ਸਭ ਦੇ ਸਭ ਸੰਨਿਆਸੀ ਕਹਾਉਂਦੇ ਹਨ ॥

ਜਿੱਕੁਰ ਸੰਨਿਆਸੀਆਂ ਦੇ ਦਸ ਨਾਮ ਕਹੇ ਸੇ, ਤਿੱਕੁਰ ਜੋਗੀਆਂ ਦੇ ਬਾਰਾਂ ਪੰਥ ਹਨ। ਏਹ ਸਭੇ ਪੰਥ ਨਾਥ ਕਰਕੇ ਕਹਾਉਂਦੇ ਹਨ। ਜੋਗ ਮਾਰਗ ਜੋ ਪਤੰਜਲ ਸ਼ਾਸਤ੍ਰ ਵਿੱਚ ਲਿਖਿਆ ਹੈ,ਉਸਨੂੰ ਤਾਂ ਹੁਣ ਕੋਈ ਨਹੀਂ ਵਰਤਦਾ, ਪਰ ਕੂੰਡਾਪੰਥ ਜੋ ਗੁਸਾਈਆਂ ਵਿੱਚ ਤੁਰਿਆ ਹੋਇਆ ਹੈ,ਬਹੁਤ ਕਰਕੇ ਹੁਣਦੇ ਜੋਗੀ ਉਸੀ ਮਤ ਪੁਰ ਚੱਲਦੇ ਹਨ। ਏਹ ਲੋਕ ਭੈਰੋਂ ਅਰ ਕਾਲੀ ਨੂੰ ਭੀ ਬਹੁਤ ਮੰਨਦੇ ਹਨ। ਇਨ੍ਹਾਂ ਦਾ ਇਹ ਦਸਤੂਰ ਹੈ, ਜੋ ਕੰਨ ਪਾੜਕੇ ਮੁੰਦਰਾਂ ਅਤੇ ਗਲ ਵਿੱਚ ਇੱਕ ਸਿੰਙੀ ਅਤੇ ਇੱਕ ਉੱਨ ਦਾ ਜਨੇਊ ਰੱਖਦੇ ਹਨ। ਜਦ ਕੋਈ ਜੋਗੀ ਮਰ ਜਾਵੇ, ਤਾਂ ਗੁਸਾਈਆਂ ਵਾਂਙੂ ਇਸ ਨੂੰ ਭੀ ਦੱਬ ਦਿੰਦੇ ਹਨ। ਏਹ ਲੋਕ ਸ਼ਾਸਤ੍ਰ ਵੇਦ ਕੁਝ ਨਹੀਂ ਪੜ੍ਹਦੇ, ਨਿਰਾ ਗੋਰਖਨਾਥ ਦੇ ਵੇਲੇ ਦੇ ਉਚਰੇ ਹੋਏ ਸ਼ਬਦਾਂ ਨੂੰ ਪੜ੍ਹ ਪੜ੍ਹ ਹੀ ਖੁਸ਼ੀ ਹੁੰਦੇ ਹਨ। ਇਨ੍ਹਾਂ ਵਿੱਚੋਂ ਜੋ ਕੋਈ ਕੰਨ ਪੜਾਕੇ ਮੁੰਦਰਾਂ ਪਹਿਨਦਾ ਹੈ, ਸੋ ਦਰਸ਼ਣੀ ਅਰ ਜੋ ਕੰਨ ਨਹੀਂ ਪੜਾਉਂਦਾ ਸੋ ਔਘੜ ਕਹਾਉਂਦਾ ਹੈ। ਇਨ੍ਹਾਂ ਨੂੰ ਗੋਰਖਨਾਥਨੇ ਜੋ ਇਸ ਪੰਥ ਦੇ ਤੋਰਨੇ ਵਾਲਾ ਸਾ, ਆਪਣੇ ਉਪਦੇਸ਼ ਨਾਲ ਬਿਆਹ ਕਰਾਉਣੇ ਅਤੇ ਘਰਬਾਰੀ ਬਣਨੇ ਤੇ ਮਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਹੋਇਆ ਹੈ, ਨਿਰਾ ਗਿਰਿਸਤੀਆਂ ਦੇ ਮੁੰਡਿਆਂ ਨੂੰ ਚੇਲੇ ਮੁੰਨ ਕੇ ਆਪ-ਣੀ ਨਸਲ ਤੋਰਦੇ ਅਰ ਓੜਕ ਚੇਲੇ ਨੂੰ ਗੱਦੀ ਦੇਕੇ ਮਰ ਜਾਂਦੇ ਹਨ ॥

ਇਸ ਮੁਲਖ ਵਿਖੇ ਜੋ ਬਰਾਗੀ ਸਾਧ ਹਨ, ਉਨ੍ਹਾਂ ਦਾ ਐਉਂ ਬਿਆਨ ਹੈ। ਜੋ ਇਨ੍ਹਾਂ ਦਾ ਪੰਥ ਰਾਮਾਨੰਦ ਨੇ, ਕਿ ਜਿਸਨੂੰ ਸਾਸਤ੍ਰ ਵਿੱਚ ਰਾਮਾਨੁਜ ਕਰਕੇ ਆਖਦੇ ਹਨ, ਤੋਰਿਆ ਹੈ। ਏਹ ਲੋਕ ਜਨੇਊ ਬੋਦੀ ਰੱਖਦੇ ਅਰ ਸ੍ਰਾਧ ਖਿਆਹ ਕਿਰਿਆਕਰਮ ਆਦਕ ਵੇਦਦੇ ਸਭਨਾਂ ਧਰਮਾਂ ਨੂੰ ਮੰਨਦੇ ਹਨ । ਜੇ ਕੋਈ ਬਰਾਗੀ ਮਰ ਜਾਵੇ, ਤਾਂ ਉਸਨੂੰ ਗਿਰਿਸਤੀਆਂ ਵਾਂਙੂ ਅਗਨ ਵਿੱਚ ਦਾਹਾ ਕਰਦੇ ਅਰ ਫੇਰ ਚੌਥੇ ਦਿਨ ਅਸਤ ਚੁਗਕੇ ਗੰਗਾ ਨੂੰ ਭੇਜਦੇ ਹਨ । ਇਨ੍ਹਾਂ ਦਾ ਇਹ ਦਸਤੂਰ ਹੈ, ਜੋ ਇਹ ਵਿਸ਼ਨੁਭਗਵਾਨ ਅਰ ਤਿਸਦੇ ਰਾਮ ਕ੍ਰਿਸ਼ਨ ਆਦਕ ਅਵਤਾਰਾਂ ਨੂੰ ਮੰਨਦੇ ਅਰ ਤਿਸ ਤੇ ਬਿਨਾਂ ਹੋਰਨਾਂ ਦੇਵੀ ਦੇਵਤਿਆ ਪੁਰ ਤਿਹੀ ਜਹੀ ਪ੍ਰੀਤਿ ਨਹੀਂ ਰੱਖਦੇ ਹਨ । ਗਲ ਵਿੱਚ ਤੁਲਸੀ ਦੀ ਮਾਲਾ ਪਾਉਣੀ ਅਰ ਉੱਚਾ ਟਿੱਕਾ ਲਾਉਣਾ ਅਰ ਸੁਫੈਦ ਕਪੜੇ ਰੱਖਣੇ ਇਹ ਉਨ੍ਹਾਂ ਦਾ ਬਾਣਾ ਹੈ। ਜਦੋਂ ਤਕ ਕੋਈ ਬਰਾਗੀ ਦੁਆਰਕਾ ਜਾਕੇ ਮੋਢਿਆਂ ਪੁਰ ਤਪੇ ਹੋਏ ਸੰਖ ਚੱਕ੍ਰ ਦਾ ਦਾਗ ਨਾ ਦੁਆ ਆਵੇ, ਤਦ ਤੱਕ ਹੋਰ ਬਰਾਗੀ ਤਿਸ ਨੂੰ ਚੌਂਕੇ ਵਿੱਚ ਨਹੀਂ ਵੜਨ ਦਿੰਦੇ। ਏਹ ਲੋਕ ਹੋਰ ਕਿਸੇ ਦੇ ਹੱਥ ਦੀ ਪੱਕੀ ਹੋਈ ਰੋਟੀ ਨਹੀਂ ਖਾਂਦੇ। ਅਰ ਪਰਹੇਜਗਾਰੀ ਅਤੇ ਸੁੱਚਮ ਵਿੱਚ ਅਜਿਹੇ ਪੱਕੇ ਹਨ, ਜੋ ਕਿਸੀ ਦੇ ਨਾਲ ਛੁਹਣੇ ਤੱਕ ਨੂੰ ਭੀ ਬੁਰਾ ਮੰਨਦੇ ਹਨ। ਏਹ ਲੋਕ ਪਹਿਲਾਂ ਤਾਂ ਬਿਆਹ ਨਹੀਂ ਕਰਾਉਂਦੇ ਸੇ, ਪਰ ਹੁਣ ਬਹੁਤ ਘਰਬਾਰੀ ਬਣਦੇ ਜਾਂਦੇ ਹਨ। ਇਨ੍ਹਾਂ ਦੇ ਗਿਰਿਸਤੀ ਲੋਕ ਭੀ ਚੇਲੇ ਬਣਕੇ ਵਿਸ਼ਨੁ ਦਾ ਧਿਆਨ ਕਰਦੇ ਹਨ। ਬਰਾਗੀ ਲੋਕ ਜੋ ਵਿਸ਼ਨੁ ਦੇ ਭਗਤ ਅਰ ਤਿਸਤੇ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਦੇ ਹਨ, ਇਸੀ ਕਰਕੇ ਇਸ ਪੰਥ ਦਾ ਨਾਉਂ ਵੈਸ਼ਨੋ ਧਰਮ ਪੈ ਗਿਆ ਹੈ। ਏਹ ਲੋਕ ਮਾਸ ਮਦਿਰਾ ਆਦਕ ਕੁਭੱਖ ਚੀਜਾਂ ਤੇ ਅਜਿਹੀ ਘਿਣ ਕਰਦੇ ਹਨ, ਜੋ ਸੁਪਨੇ ਵਿੱਚ ਭੀ ਨਾਉਂ ਨਹੀਂ ਲੈਂਦੇ ॥

ਹੁਣ ਉਦਾਸੀਆਂ ਦਾ ਹਾਲ ਐਉਂ ਹੈ,ਜੋ ਏਹ,ਲੋਕ ਆਪਣੇਤਾਈਂ ਨਾਨਕ ਪੰਥੀ ਮੰਨਦੇ ਅਰ ਉੱਸੇ ਦੀ ਰੀਤ ਰਸਮ ਪੁਰ ਚਲਦੇ ਹਨ। ਬਾਬਾ ਸਿਰੀਚੰਦ ਜੋ ਗੁਰੂ ਨਾਨਕ ਜੀ ਦਾ ਵੱਡਾ ਪੁੱਤ ਸਾ,ਉਸਨੇ ਇਹ ਪੰਥ ਤੋਰਿਆ,ਅਰ ਪਿਛਲੇ ਜੋਗੀਆਂ ਸੰਨਿਆਸੀਆਂ ਤੇ ਵੱਖਰੀਆਂ ਰੀਤਾਂ ਸ਼ੁਰੂ ਕੀਤੀਆਂ ਹਨ। ਭਾਵੇਂ ਇਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਧੂਣੇ ਤਾਂ ਚਾਰ ਹਨ, ਪਰ ਸੱਭੇ ਮਿਲਕੇ ਉਦਾਸੀ ਹੀ ਸਦਾਉਂਦੇ ਹਨ। ਇਨ੍ਹਾਂ ਲੋਕਾਂ ਦਾ ਇਹ ਦਸਤੂਰ ਹੈ, ਕਿ ਜਾਂ ਗਿਰਿਸਤ ਵਿੱਚੋਂ ਨਿਕਲਕੇ ਸਾਧ ਹੋ ਜਾਂਦੇ ਹਨ, ਫੇਰ ਬਿਆਹ ਨਹੀਂ ਕਰਾਉਂਦੇ। ਕੋਈ ਇਨ੍ਹਾਂ ਵਿੱਚੋਂ ਸਿਰ ਪੁਰ ਕੇਸ ਰੱਖਦਾ ਅਰ ਕੋਈ ਬਾਮਰੀਆਂ, ਅਰ ਕਿਸੇਨੂੰ ਜੜਾਉ ਰਖਣੇ ਦੀ ਬਾਣ ਅਤੇ ਕੋਈ ਸਿਰ ਮੂੰਹ ਮੁਨਾਉਣੇ ਨੂੰ ਹੀ ਚੰਗਾ ਜਾਣਦਾ ਹੈ। ਏਹ ਲੋਗ ਹੋਰ ਜੰਮਣ ਮਰਨ ਖਿਆਹ ਸ੍ਰਾਧ ਤਾਂ ਸਭ ਕੁਝ ਵੇਦ ਰੀਤ ਅਨੁਸਾਰ ਕਰਦੇ ਹਨ, ਪਰ ਜਨੇਊ ਬੋਦੀ ਨਹੀਂ ਰੱਖਦੇ। ਹਿਰਮਚੀ ਵਿੱਚ ਰੰਗੇ ਹੋਏ ਕਪੜੇ ਰੱਖਣੇ ਅਤੇ ਮੱਥੇ ਪੁਰ ਉੱਚਾ ਟਿੱਕਾ ਲਾਉਣਾ ਅਤੇ ਗ੍ਰੰਥ ਸਾਹਿਬ ਦਾ ਪੜ੍ਹਨਾ ਇਨ੍ਹਾਂ ਦਾ ਚਿੰਨ੍ਹ ਹੈ। ਭਾਂਵੇਂ ਮੁਰਦੇ ਨੂੰ ਤਾਂ ਇਹ ਫੂਕ ਹੀ ਦਿੰਦੇ ਹਨ, ਪਰ ਜੋਗੀਆਂ ਸੰਨਿਆਸੀਆਂ ਵਾਂਙੂ ਉੱਪਰ ਸਮਾਧ ਜਰੂਰ ਬਣਾ ਦਿੰਦੇ ਹਨ। ਭਾਂਵੇਂ ਪਹਿਲਾਂ ਤਾਂ ਏਹ ਲੋਕ ਪਰਮੇਸੁਰ ਦੀ ਭਗਤੀ ਵਿੱਚਹੀ ਲੀਨ ਰਹਿੰਦੇਸੇ, ਪਰ ਬਾਜੇ ਬਾਜੇ ਹੁਣ ਦੁਨੀਆਂਦਾਰਾਂ ਤੇ ਭੀ ਵਧੀਕ ਖੇਤੀਵਾੜੀ ਅਰ ਗੱਦੀਆਂ ਅਤੇ ਡੇਰਿਆਂ ਅਰ ਖੂਹਿਆਂ ਜਮੀਨਾਂ ਦੇ ਝਗੜੇ ਮਾਮਲੇ ਕਰਦੇ ਰਹਿੰਦੇ ਹਨ। ਅਲਬੱਤਾ ਕਿਸੀ ਕਿਸੀ ਜਗਾ ਇਨ੍ਹਾਂ ਵਿੱਚੋਂ ਉੱਤਮ ਸਾਧ ਭੀ ਬਹੁਤ ਹਨ, ਪਰ ਓਹ ਡੇਰੇਦਾਰ ਨਹੀਂ, ਬਿਹੰਗਮ ਲੋਕ ਮਧੂਕੜੀ ਮੰਗਕੇ ਗੁਜਰਾਨ ਤੋਰਨ ਵਾਲੇ ਹਨ। ਉਦਾਸੀ ਦੇ ਮਰਨੇ ਪਿੱਛੋਂ ਭੀ ਗੱਦੀ ਵੱਡੇ ਚੇਲੇ ਨੂੰ ਹੱਥ ਆਉਂਦੀਹੈ, ਹੋਰ ਕੋਈ ਚੇਲਾ ਦਾਵਾ ਨਹੀਂ ਕਰ ਸੱਕਦਾ। ਕੋਈ ਕੋਈ ਲੋਕ ਇਨ੍ਹਾਂ ਵਿੱਚ ਅ-ਜਿਹੇ ਕਰੜੇ ਭੀ ਹਨ, ਜੋ ਆਪਣੀ ਇੰਦ੍ਰੀ ਵਿੱਚ ਛੇਕ ਕਰਕੇ ਵੱਡਾ ਭਾਰੀ ਲੋਹੇ ਅਥਵਾ ਪਿੱਤਲ ਦਾ ਕੜਾ ਪਾ ਛੱਡਦੇ ਹਨ, ਭਈ ਅਸੀਂ ਬਿਭਚਾਰ ਤੇ ਬਚੇ ਰਹੀਏ। ਏਹ ਲੋਕ ਆਪਸ ਵਿੱਚੀਂ ਭਾਈ ਜੀ ਸਦਾਉਂਦੇ, ਅਰ ਸੰਝ ਸਵੇਰੇ ਸਰੰਦਿਆਂ ਅਤੇ ਰਬਾਬਾਂ ਨੂੰ ਬਜਾਕੇ ਪਰਮੇਸੁਰ ਦਾ ਭਜਨ ਕੀਰਤਨ ਗਾਉਂਦੇ ਹਨ॥

ਨਾਨਕ ਪੰਥੀਆਂ ਦੇ ਜੋ ਕੈਈ ਪੰਥ ਹਨ, ਉਨ੍ਹਾਂ ਵਿੱਚੋਂ ਇੱਕ ਪੰਥ ਦੇ ਲੋਕਾਂ ਦਾ ਨਾਉਂ ਸੁਥਰਾ ਹੈ। ਏਹ ਲੋਕ ਪਹਿਲਾਂ ਤਾਂ ਚੰਗੇ ਹੁੰਦੇ ਹੋਣਗੇ, ਪਰ ਹੁਣ ਤਾਂ ਜੋ ਮਨੁੱਖ ਸ਼ਰਾਬੀ ਕਬਾਬੀ ਜੂਏਬਾਜ ਅਤੇ ਲੁੱਚੇ ਲੰਗਵਾੜੇ ਘਰਾਂ ਵਿੱਚ ਖਰਚਪੱਠੇ ਤੇ ਤੰਗ ਰਹਿੰਦੇ ਹਨ, ਓਹ ਘਰ ਬਾਹਰ ਛੱਡਕੇ ਸੁਥਰਿਆਂ ਦੇ ਵਿੱਚ ਜਾ ਰਲਦੇ ਹਨ। ਇਸ ਫ਼ਕੀਰੀ ਦੇ ਲੋਕ ਭਜਨ ਬੰਦਗੀ ਤਾਂ ਕੁਝ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣਦੇ, ਪਰ ਚਰਸ ਭੰਗ ਪੀਣ ਅਰ ਐਬ ਕਰਨੇ ਨੂੰ ਵੱਡੇ ਸੁਚੇਤ ਹਨ। ਪਹਿਲਾਂ ਜੋ ਇਨ੍ਹਾਂ ਦਾ ਵੱਡਾ ਕੋਈ ਚੰਗਾ ਫਕੀਰ ਅਤੇ ਸਤਪੁਰਖ ਹੋਇਆ ਹੈ, ਉਸ ਨੇ ਪਿਛਲੇ ਪਾਤਸ਼ਾਹਾਂ ਤੇ ਇਹ ਲਿਖਾ ਲਿਆ ਸਾ, ਜੋ ਮੇਰਾ ਫਕੀਰ ਜਿਸ ਹੱਟੀ ਪੁਰ ਜਾਵੇ, ਹੱਟੀ ਵਾਲਾ ਉਸ ਨੂੰ ਇੱਕ ਪੈਸਾ ਨਜਰ ਕਰੇ, ਸੋ ਏਹ ਲੋਕ ਹਮੇਸ਼ ਬਜਾਰਾਂ ਵਿੱਚ ਡੰਡੇ ਬਜਾਕੇ ਹਰੇਕ ਹੱਟੀ ਤੇ ਪੈਸਾ ਪੈਸਾ ਮੰਗਦੇ ਅਰ ਆਪਣੇ ਐਬ ਪੂਰੇ ਕਰਦੇ ਹਨ। ਇਨ੍ਹਾਂ ਦੇ ਸਿਰ ਅਰ ਗਲ ਵਿੱਚ ਇੱਕ ਕਾਲੀ ਉੱਨ ਦੀ ਸੇਲ੍ਹੀ ਅਰ ਮੱਥੇ ਪੁਰ ਕਾਲਖ ਦਾ ਟਿੱਕਾ ਅਰ ਦੋ ਡੰਡੇ ਹੱਥ ਵਿੱਚ ਹੁੰਦੇ ਹਨ। ਏਹ ਲੋਕ ਸ਼ਾਸਤ੍ਰ ਰੀਤ ਅਨੁਸਾਰ ਜੰਮਣ ਮਰਨ ਅਰ ਸ੍ਰਾਧ ਕਿਰਿਆ ਤਾਂ ਕਰਦੇ ਹਨ, ਪਰ ਹੋਰ ਕੁਝ ਪੂਜਾ ਪਾਠ ਭਗਤੀ ਨਹੀਂ ਕਰਦੇ। ਜਦ ਸੁਥਰਾ ਮਰ ਜਾਵੇ, ਤਾਂ ਤਿਸ ਨੂੰ ਸ਼ਾਸਤ੍ਰ ਰੀਤ ਅਨੁਸਾਰ ਜਾਲਕੇ ਉੱਪਰ ਸਮਾਧ ਬਣਾ ਦਿੰਦੇ ਅਰ ਅਸਤ ਚੁਗਕੇ ਗੰਗਾ ਜੀ ਵਿੱਚ ਪਾਇ ਆਉਂਦੇਹਨ। ਏਹ ਸਭ ਲੋਕ ਸ਼ਾਹ ਕਹਾਉਂਦੇ ਅਤੇ ਆਪਣੇ ਨਾਉਂ ਦੇ ਅੱਗੇ ਸ਼ਾਹ ਪਦ ਜਰੂਰ ਜੋੜਦੇ ਹਨ। ਜਿਹਾਕੁ ਰਵੇਲਸ਼ਾਹ ਚੰਬੇਲੀਸ਼ਾਹ ਅਤੇ ਸ਼ੀਰਨੀਸ਼ਾਹ ਹੈ। ਏਹ ਲੋਕ ਨਾਨਕ ਦੀ ਬਾਣੀ ਅਰ ਦੇਵੀ ਦੀ ਉਸਤੁਤ ਤੇ ਬਿਨਾ ਹੋਰ ਕੁਝ ਨਹੀਂ ਪੜ੍ਹਦੇ, ਅਰ ਜਿੱਥੇ ਨਾਨਕ ਤੇ ਲੈਕੇ ਦਸਾਂ ਗੁਰੂਆਂ ਦੇ ਅਸਥਾਨ ਅਤੇ ਦੇਹਰੇ ਹਨ, ਉੱਥੇ ਜਾਕੇ ਭੇਟ ਪੂਜਾ ਝੜਾਉਂਦੇ, ਅਤੇ ਦਰਸਨ ਕਰਦੇ ਹਨ। ਏਹ ਲੋਕ ਹਰੇਕ ਬੁਰੀ ਭਲੀ ਗਲ ਨੂੰ ਬੇਸ਼ਰਮਾਂ ਵਾਂਙੂ ਪਰਗਟ ਆਖ ਦੇਣੇ ਨੂੰ ਸਚਿਆਈ ਅਤੇ ਸਫਾਈ ਜਾਣਦੇ ਹਨ। ਜੋ ਕੋਈ ਇਨ੍ਹਾਂ ਦੀ ਸੰਗਤ ਕਰਦਾ ਹੈ,ਉਹ ਬੇਹਿਯਾਈ ਅਰ ਲੁੱਚਪੁਣੇ ਵਿੱਚ ਡਾਢਾ ਪੱਕਾ ਹੋ ਜਾਂਦਾ ਹੈ। ਪੰਜਾਬ ਵਿੱਚ ਅਜਿਹਾ ਸ਼ਹਿਰ ਕੋਈ ਨਹੀਂ, ਜੋ ਜਿੱਥੇ ਸੁਥਰਿਆਂਦਾ ਡੇਰਾ ਨਹੀਂ,ਇਨ੍ਹਾਂ ਦੀ ਦਯਾ ਤੇ ਸ਼ਹਿਰਾਂ ਦੇ ਮੁੰਡੇ ਬਹੁਤ ਖਰਾਬ ਹੋ ਜਾਂਦੇ ਹਨ। ਇਨ੍ਹਾਂ ਵਿੱਚ ਭਾਵੇਂ ਗੁਰੂ ਚੇਲੇ ਦਾ ਦਰਜਾ ਭੀ ਹੈ, ਪਰ ਦੋਹਾਂ ਵਿੱਚ ਅਦਬ ਬੇਅਦਬੀ ਦਾ ਕੁਝ ਖਿਆਲ ਨਹੀਂ, ਗੁਰੂ ਆਪਣੇ ਚੇਲੇ ਦੇ ਸਾਹਮਣੇ ਬੈਠਕੇ ਕੰਚਨੀਆਂ ਨਾਲ ਹੱਸਦਾ ਅਤੇ ਚੇਲਾ ਆਪਣੇ ਗੁਰੂ ਦੇ ਅੱਗੇ ਬੈਠਕੇ ਸ਼ਰਾਬ ਪੀਂਦਾ ਹੈ। ਗੱਲ ਕਾਹਦੀ ਪੰਜਾਬੀ ਜੁਬਾਨ ਵਿੱਚ ਸੁਥਰਾ ਚੰਗੇ ਦਾ ਨਾਉਂ ਹੈ, ਏਹ ਲੋਕ ਉਸਤੇ ਉਲਟੇ ਤਨ ਮਨ ਤੇ ਬੁਰੇ ਬਣੇ ਰਹਿੰਦੇ ਹਨ। ਖਬਰ ਨਹੀਂ ਪਿਛਲੇ ਪਾਤਸ਼ਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਇਨ੍ਹਾਂ ਦੀ ਕੀ ਅਛਿਆਈ ਦੇਖਕੇ ਲੋਕਾਂ ਪੁਰ ਇਨ੍ਹਾਂ ਦਾ ਕਰਜ ਠੈਹਰਾ ਦਿੱਤਾ ਸਾ। ਮੇਰੀ ਸਮਝ ਵਿੱਚ ਜੇ ਇਨ੍ਹਾਂ ਨੂੰ ਪੈਸਾ ਹੱਟੀ ਦੇਣਾ ਹਟ ਜਾਵੇ, ਅਰ ਇਹ ਮਿਹਨਤ ਕਰਕੇ ਯਾ ਹੋਰਨਾਂ ਫਕੀਰਾਂ ਵਾਂਙੂ ਆੱਟਾ ਰੋਟੀ ਮੰਗਕੇ ਗੁਜਰਾਨ ਤੋਰਨ ਲੱਗ ਪੈਣ, ਤਾਂ ਭਲੇ ਮਾਣਸਾਂ ਦੇ ਮੁੰਡੇ ਕਦੀ ਇਸ ਫਕੀਰੀ ਨੂੰ ਕਬੂਲ ਨ ਕਰਨ॥

ਇਸ ਦੇਸ ਵਿੱਚ ਜੋ ਇੱਕ ਦਿਵਾਨੇ ਸ਼ਾਧ ਰਹਿੰਦੇ ਹਨ, ਏਹ ਭੀ ਨਾਨਕ ਪੰਥੀ ਹੀ ਸਦਾਉਂਦੇ ਹਨ, ਇਨ੍ਹਾਂ ਵਿੱਚ ਕੋਈ ਕੋਈ ਫਕੀਰ ਚੰਗਾ ਹੁੰਦਾ ਅਤੇ ਪਰਮੇਸੁਰ ਦਾ ਭਜਨ ਭੀ ਕਰਦਾ ਹੈ। ਏਹ ਲੋਕ ਹੋਰਨਾਂ ਸਿੱਖਾਂ ਵਾਂਙੂ ਸਿਰ ਪੁਰ ਕੇਸ ਰੱਖਦੇ ਅਰ ਗਲ ਵਿਖੇ ਸੰਖ ਦੀ ਮਾਲਾ ਧਾਰਦੇ ਹਨ। ਬਹੁਤ ਕਰਕੇ ਇਸ ਪੰਥ ਨੂੰ ਜੱਟ ਅਰ ਚੁਮਾਰ ਕਬੂਲ ਕਰਦੇ ਹਨ। ਇਨ੍ਹਾਂ ਦੇ ਸਿਰ ਪੁਰ ਇੱਕ ਵੱਡਾ ਸਾਰਾ ਕਲਗਾ ਹੁੰਦਾ ਹੈ, ਅਰ ਆਪਸ ਵਿੱਚੀਂ ਸੱਤਨਾਮ ਦਾ ਸ਼ਬਦ ਬੋਲਦੇ ਹਨ। ਇਨ੍ਹਾਂ ਵਿੱਚ ਬਹੁਤ ਲੋਕ ਤਾਂ ਬਿਆਹੇ ਹੋਏ, ਅਰ ਕੋਈ ਕੋਈ ਛੜੇ ਭੀ ਹੁੰਦੇ ਹਨ। ਇਨ੍ਹਾਂ ਦੇ ਸਭ ਬ੍ਯੁਹਾਰ ਸਿੱਖਾਂ ਅਰ ਉਦਾਸੀਆਂ ਵਰਗੇ ਹੁੰਦੇ ਅਰ ਏਹ ਗ੍ਰੰਥਸਾਹਬ ਨੂੰ ਮੰਨਦੇ ਹਨ॥

ਨਾਨਕ ਪੰਥੀਆਂ ਵਿੱਚੋਂ ਇੱਕ ਨਿਰਮਲੇ ਸਾਧੂ ਕਹਾਉਂਦੇ ਹਨ। ਅਸਲ ਵਿੱਚ ਤਾਂ ਏਹ ਲੋਕ ਗੁਰੂ ਗੋਵਿੰਦਸਿੰਘ ਦੇ ਪੰਥ ਵਿੱਚੋਂ ਹਨ, ਪਰ ਕਦੀਮੀ ਨਸਲ ਦੇ ਸਬੱਬ ਏਹ ਭੀ ਨਾਨਕ ਪੰਥੀ ਹੀ ਕਹੇ ਜਾਂਦੇ ਹਨ। ਏਹ ਲੋਕ ਵੱਡੇ ਪੱਕੇ ਸਿੱਖ ਅਰ ਤਨ ਮਨ ਤੇ ਗੁਰੂ ਦੇ ਗ੍ਰੰਥ ਪੁਰ ਨਿਹਚਾ ਰੱਖਦੇ ਹਨ। ਪਹਿਲਾਂ ਤਾਂ ਏਹ ਗੋਵਿੰਦਸਿੰਘ ਦੀ ਆਗਿਆ ਅਨੁਸਾਰ ਸਿੱਖੀ ਧਰਮ ਤੇ ਬਿਨਾ ਹੋਰ ਨੂੰ ਨਹੀਂ ਮੰਨਦੇ ਸੇ, ਪਰ ਹੁਣ ਕੈਈ ਲੋਕ ਵੇਦਾਂਤ ਸ਼ਾਸਤ੍ਰ ਨੂੰ ਪੜ੍ਹ ਪੜ੍ਹਕੇ ਪਰਮਹੰਸ ਬਣ ਬੈਠੇ ਹਨ, ਅੱਗੇ ਇਨ੍ਹਾਂ ਦਾ ਦਸਤੂਰ ਸਾ, ਜੋ ਏਹ ਸੁਫੈਦ ਕਪੜਿਆਂ ਤੇ ਬਿਨਾ ਕੋਈ ਹੋਰ ਰੰਗ ਨਹੀਂ ਪਹਿਨਦੇ ਸੇ, ਪਰ ਹੁਣ ਵੇਦਾਂਤ ਦੀ ਆਗਿਆ ਦੇ ਕਾਰਨ ਭਗਵੇ ਵਸਤ੍ਰ ਰੱਖਣ ਲੱਗ ਪਏ ਹਨ। ਏਹ ਲੋਕ ਪਹਿਲਾਂ ਗੋਵਿੰਦਸਿੰਘ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਅਰ ਮੁਕਤਸਰ ਆਦਕ ਤੀਰਥਾਂ ਪੁਰ ਬਹੁਤ ਕਰਕੇ ਬਾਸਾ ਕਰਦੇ ਸੇ, ਪਰ ਹੁਣ ਸੰਨਿਆਸੀ ਪਰਮਹੰਸਾਂ ਨੂੰ ਦੇਖਕੇ ਗੰਗਾ ਜਮਨਾ ਅਤੇ ਕਾਂਸ਼ੀ ਆਦਕ ਅਸਥਾਨਾਂ ਵਿੱਚ ਬਹੁਤ ਰਹਿਣ ਲੱਗ ਪਏ ਹਨ। ਏਹ ਲੋਕ ਸਭ ਜੰਮਣ ਮਰਨ ਸ਼ਾਸਤ੍ਰ ਰੀਤ ਅਨੁਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਅਰ ਮੁਰਦੇ ਨੂੰ ਅੱਗ ਵਿੱਚ ਫੂਕਦੇ ਹਨ, ਪਰ ਬਿਆਹ ਆਦਕ ਕਰਮ ਵਿੱਚ ਵੇਦੀ ਗੱਡਣੀ ਅਤੇ ਵੇਦ ਦੇ ਮੰਤ੍ਰਾਂ ਅਨੁਸਾਰ ਵਿਆਹ ਕਰਨੇ ਨੂੰ ਚੰਗਾ ਨਹੀਂ ਜਾਣਦੇ ॥

ਇਸ ਦੇਸ ਵਿੱਚ ਨਾਨਕਪੰਥੀਆਂ ਵਿੱਚੋਂ ਜੋ ਇੱਕ ਪੰਥ ਥੋਹੜੇ ਚਿਰ ਤੇ ਗੁਲਾਬਦਾਸੀਆਂ ਦਾ ਤੁਰਿਆ ਹੈ, ਉਨ੍ਹਾਂ ਦਾ ਐਉਂ ਹਾਲ ਹੈ। ਜੋ ਏਹ ਪਰਮੇਸੁਰ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਨਹੀਂ ਮੰਨਦੇ। ਏਹ ਲੋਕ ਨਾਸਤਿਕ ਅਰ ਅੱਤ ਬੁਰੇ ਹੁੰਦੇ ਹਨ। ਏਹ ਆਖਦੇ ਹਨ, ਜੋ ਇਹ ਸਾਰਾ ਜਗਤ ਪੰਜਾਂ ਤੱਤਾਂ ਦੀ ਤਸੀਰ ਤੇ ਆਪਣੇ ਆਪ ਹੀ ਬਣ ਗਿਆ ਹੈ, ਅਰ ਸ਼ਾਸਤ੍ਰਾਂ ਵਿੱਚ ਜੋ ਨਰਕ ਸੁਰਗ ਅਤੇ ਬੰਧ ਮੁਕਤਿ ਦਾ ਬਿਆਨ ਹੈ, ਉਹ ਸਭ ਝੂਠਾ ਹੈ, ਕਿਂਉਂ ਜੋ ਜਦ ਮਨੁੱਖ ਮਰ ਜਾਂਦਾ ਹੈ, ਤਦ ਉਸਦਾ ਸਾਰਾ ਸ਼ਰੀਰ ਇੱਥੇ ਹੀ ਰਹਿ ਜਾਂਦਾ ਅਰ ਫੇਰ ਟੁੱਟ ਫੁੱਟਕੇ ਤੱਤ ਤੱਤਾਂ ਵਿੱਚ ਰਲ ਜਾਂਦੇ ਹਨ, ਨਰਕ ਸੁਰਗ ਨੂੰ ਕੋਈ ਨਹੀਂ ਜਾਂਦਾ। ਭਾਵੇਂ ਓਹ ਲੋਕ ਆਪਣੇ ਤਾਈਂ ਵੇਦਾਂਤੀ ਪਰਗਟ ਕਰਦੇ ਹਨ, ਪਰ ਵੇਦਾਂਤੀਆਂ ਦਾ ਅਰ ਇਨ੍ਹਾਂ ਦਾ ਵੱਡਾ ਫਰਕ ਹੈ, ਕਿਉਂ ਜੋ ਵੇਦਾਂਤੀ ਲੋਕ ਆਤਮਾ ਨੂੰ ਸ਼ਰੀਰ ਤੇ ਜੁਦਾ ਮੰਨਦੇ ਅਰ ਏਹ ਸ਼ਰੀਰ ਤੇ ਪਰੇ ਹੋਰ ਜੁਦਾ ਕੁਝ ਨਹੀਂ ਮੰਨਦੇ। ਸਗੋਂ ਐਉਂ ਆਖਦੇ ਹਨ, ਕਿ ਪੰਜਾਂ ਤੱਤਾਂ ਦੀ ਤਸੀਰ ਤੇ ਇੱਕ ਚੀਜ ਸ਼ਰੀਰ ਨੂੰ ਤੋਰਨ ਫੇਰਨ ਵਾਲੀ ਬਣ ਗਈ ਹੈ, ਹੋਰ ਆਤਮਾ ਕੋਈ ਨਹੀਂ। ਏਹ ਲੋਕ ਭਾਵੇਂ ਦੁਨੀਆਂ ਦੇ ਖੌਫ ਤੇ ਉੱਪਰੋਂ ਤਾਂ ਹਿੰਦੂਆਂ ਵਰਗੀ ਰਹਿਤ ਰੱਖਦੇ ਅਰ ਜਾਤ ਪਾਤ ਨੂੰ ਭੀ ਮੰਨਦੇ ਹਨ, ਪਰ ਅੰਦਰ ਤੇ ਇਨ੍ਹਾਂ ਦੇ ਦਿਲ ਵਿੱਚ ਕੋਈ ਜਾਤ ਪਾਤ ਨਹੀਂ ਹੁੰਦੀ। ਏਹ ਲੋਕ ਕਿਸੀ ਵੇਦ ਪੁਰਾਣ ਅਰ ਕਿਤਾਬ ਨੂੰ ਨਹੀਂ ਮੰਨਦੇ। ਅਰ ਕਿਸੀ ਬੁਰੇ ਕੰਮ ਤੇ ਇਨ੍ਹਾਂ ਨੂੰ ਡਰ ਨਹੀਂ, ਜੋ ਕੁਝ ਮਰਜੀ ਹੋਵੇ ਸੋ ਕਰ ਲੈਂਦੇ ਹਨ। ਇਨ੍ਹਾਂ ਦਾ ਇਹ ਚੱਲਨ ਹੈ, ਕਿ ਖਾਣੇ ਪਹਿਨਣੇ ਦੇ ਅਨੰਦ ਨੂੰ ਹੀ ਦੁਰਲੱਭ ਜਾਣਦੇ ਹਨ। ਭਾਵੇਂ ਏਹ ਅਜਿਹੇ ਬੁਰੇ ਅਰ ਵਿਕਾਰੀ ਹਨ, ਪਰ ਤਾਂ ਭੀ ਆਪਣੇ ਤਾਂਈ ਸੰਤ ਅਖਾਉਂਦੇ ਹਨ। ਇਨ੍ਹਾਂ ਦਾ ਪੰਥ ਭਾਵੇਂ ਗੁਲਾਬਦਾਸ ਨੇ ਜੋ ਪਹਿਲਾਂ ਇੱਕ ਉਦਾਸੀ ਫਕੀਰ ਸਾ ਤੋਰਿਆ ਹੈ, ਅਰ ਉਹ ਆਪ ਭੀ ਅਜਿਹਾ ਹੀ ਆਪਹੁਦਰਾ ਅਰ ਨਾਸਤਿਕ ਸਾ, ਜੋ ਉਸ ਨੂੰ ਲੋਕ ਪਰਲੋਕ ਦਾ ਕੁਝ ਖੌਫ ਨਹੀਂ ਸਾ, ਅਰ ਉਹ ਕਸੂਰ ਸ਼ਹਿਰ ਦੇ ਇਲਾਕੇ ਚੱਠਿਆਂ ਵਾਲੇ ਪਿੰਡ ਵਿਖੇ ਸੁਰਗ ਵਾਸ ਹੋਗਿਆ ਸਾ। ਉਸਦੇ ਸੰਗ ਤੇ ਹਜਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਮੀਆਂ ਦੇ ਮਨ ਵਿਗੜਕੇ ਨਾਸਤਿਕ ਹੋਗਏ ਸੇ। ਅਰ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਿਖਾਲਣੇ ਲਈ ਹੁਣ ਕੈਈਕੁ ਆਪਣੇ ਮਤ ਦੇ ਗ੍ਰੰਥ ਭੀ ਰਚ ਲਏ ਹਨ। ਉਨ੍ਹਾਂ ਦੇ ਮਰਨ ਜੰਮਨ ਦੀਆਂ ਰੀਤਾਂ ਕੁਝ ਕਿਸੀ ਕਤਾਬ ਅਤੇ ਪੋਥੀ ਅਨੁ-ਸਾਰ ਠਹਰਾਈਆਂ ਹੋਈਆਂ ਨਹੀਂ, ਜਿਸ ਵੇਲੇ ਜਿਹਾ ਮੌਕਾ ਦੇਖਦੇ ਹਨ, ਤਿਹਾ ਹੀ ਬਿਹਾਰ ਵਰਤ ਲੈਂਦੇ ਹਨ। ਗੱਲ ਕਾਹਦੀ ਏਹ ਲੋਕ ਇਸ ਦੇਸ ਵਿੱਚ ਲੋਕਾਂ ਨੂੰ ਆਪਣੇ ਉਪਦੇਸ਼ ਨਾਲ ਬਹੁਤ ਖਰਾਬ ਕਰ ਰਹੇ ਹਨ। ਇਸ ਮੁਲਖ ਦੇ ਹੋਰ ਸਿੱਖ ਜੋ ਉਨ੍ਹਾਂ ਦੇ ਪੰਥ ਨੂੰ ਜਾਣਦੇ ਹਨ, ਉਨ੍ਹਾਂ ਨੂੰ ਖਾਣੇ ਪੀਣੇ ਦੀ ਪੰਗਤ ਵਿੱਚ ਨਹੀਂ ਬੈਠਣ ਦਿੰਦੇ। ਅਤੇ ਹੋਰ ਭੀ ਸਭ ਲੋਕ ਉਨ੍ਹਾਂ ਨਾਲ ਵਰਤਣੇਂ ਤੇ ਬਹੁਤ ਘਿਣ ਕਰਦੇ ਹਨ, ਕੋਈ ਉਨ੍ਹਾਂ ਦਾ ਜਲ ਪੀਣਾ ਨਹੀਂ ਚਾਹੁੰਦਾ। ਇਨ੍ਹਾਂ ਦੇ ਮਤ ਨੂੰ ਸ਼ਾਸਤ੍ਰ ਵਿਖੇ ਚਾਰਬਾਕ ਕਰਕੇ ਆਖਦੇ ਹਨ॥

ਹੁਣ ਇਸ ਮੁਲਖ ਵਿੱਚ ਜੋ ਸਰਾਉਗੀ ਲੋਕ ਹਨ, ਉਨ੍ਹਾਂ ਦਾ ਐਉਂ ਬਿਆਨ ਹੈ, ਜੋ ਏਹ ਲੋਕ ਜੈਨੀ ਸਦਾਉਂਦੇ ਅਰਥਾਤ ਜਿਨ ਨਾਮੇ ਇੱਕ ਆਪਣੇ ਜੇਹੇ ਪੁਰਖ ਦੇ ਧਰਮ ਪੁਰ ਚੱਲਦੇ ਹਨ। ਏਹ ਲੋਕ ਆਪਣੇ ਸਿਰ ਦੇ ਸਭ ਵਾਲ ਛੇਈਂ ਮਹੀਨੀਂ ਆਪਣੇ ਹੱਥਾਂ ਨਾਲ ਪੱਟ ਸਿੱਟਦੇ ਅਰ ਮੁਖ ਪੁਰ ਇੱਕ ਸੁਫੈਦ ਲੀਰ ਦੀ ਪੱਟੀ ਸਦਾ ਹੀ ਬੱਨ੍ਹ ਛੱਡਦੇ ਹਨ। ਇਨ੍ਹਾਂ ਦੇ ਪਾਸ ਇੱਕ ਸੁਫੈਦ ਉੱਨ ਦਾ ਝਾੜੂ ਹੁੰਦਾ ਹੈ, ਜਿਸ ਨੂੰ ਏਹ ਆਪਣੀ ਬੋਲੀ ਵਿੱਚ ਰਜੋਹਣਾ ਆਂਹਦੇ ਹਨ, ਜਿੱਥੇ ਏਹ ਬੈਠਣਾ ਚਾਹੁਣ ਉੱਥੇ ਪਹਿਲਾਂ ਉਸ ਰਜੋਹਣੇ ਨਾਲ ਜਗਾ ਸਾਫ ਕਰ ਲੈਂਦੇ ਹਨ, ਭਈ ਕੋਈ ਸਾਡੇ ਹੇਠ ਆਕੇ ਜੀਵ ਨਾ ਮਰ ਜਾਵੇ। ਏਹ ਲੋਕ ਕੁਝ ਬਹੁਤ ਪਦਾਰਥ, ਕਪੜਾ, ਭਾਂਡਾ, ਪੈਸਾ, ਰੁਪੈਯਾ ਆਪਣੇ ਪਾਸ ਨਹੀਂ ਰੱਖਦੇ, ਵੱਡੇ ਭਾਰੀ ਤਿਆਗੀ ਅਤੇ ਵੈਰਾਗੀ ਹੁੰਦੇ ਹਨ। ਏਹ ਲੋਕ ਵਰਤ ਅਜਿਹੇ ਕਰੜੇ ਰੱਖਦੇ ਹਨ, ਕਿ ਮਹੀਨਾ ਮਹੀਨਾ ਭਰ ਅੰਨ ਮੂੰਹ ਨਹੀਂ ਲਾਉਂਦੇ। ਏਹ ਲੋਕ ਜਦ ਭਿਖ ਮੰਗਣ ਵਾਸਤੇ ਜਾਂਦੇ ਹਨ, ਤਦ ਕੈਈ ਗੱਲਾਂ ਬਚਾਕੇ ਜੋ ਅੱਤ ਔਖੀਆਂ ਹਨ ਰੋਟੀ ਲੈਂਦੇ ਹਨ। ਹੋਰ ਲੋਕ ਤਾਂ ਉਨ੍ਹਾਂ ਨੂੰ ਅੰਨ ਜਲ ਦੇਣੇ ਦੀ ਰੀਤ ਨਹੀਂ ਜਾਣਦੇ, ਪਰ ਭਾਬੜੇ ਲੋਕ ਜੋ ਉਨ੍ਹਾਂ ਦੇ ਚੇੱਲੇ ਅਰ ਤਿਨ੍ਹਾਂ ਦੇ ਸਭ ਬੁਹਾਰ ਜਾਣਦੇ ਹਨ, ਡਾਢੀ ਪ੍ਰੀਤ ਨਾਲ ਸੇਵਾ ਕਰਦੇ ਹਨ। ਏਹ ਲੋਕ ਜੀਵ ਦੀ ਹਿੰਸਾ ਨੂੰ ਵੱਡਾ ਭਾਰਾ ਪਾਪ ਜਾਣਦੇ ਹਨ, ਜੀਵ ਮਰ ਜਾਣੇ ਦੇ ਡਰ ਤੇ, ਓਹ ਲੋਕ ਕੱਚਾ ਪਾਣੀ ਨਹੀਂ ਪੀਂਦੇ, ਗਰਮ ਕੀੱਤਾ ਹੋਇਆ ਅਤੇ ਲੋਕਾਂ ਦੇ ਭਾਂਡਿਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੋਣਧਾਣ ਅਥਵਾ ਆਟੇ ਵਾਲਾ ਪਾਣੀ ਜੇ ਕਿਤੋਂ ਮੰਗਣੇ ਤੇ ਲੱਭ ਪਵੇ, ਤਾਂ ਪੀਕੇ ਗੁਜ਼ਾਰਾ ਤੋਰਦੇ ਹਨ, ਆਪ ਖੂਹੇ ਅਥਵਾ ਨਦੀ ਤੇ ਭਰਕੇ ਨਹੀਂ ਪੀਂਦੇ। ਜੀਵ ਦੇ ਮਰਨੇ ਦੇ ਸਬੱਬ ਏਹ ਪੈਰੀਂ ਜੋੜਾ ਅਰ ਸਿਰ ਪੁਰ ਕਪੜਾ ਨਹੀਂ ਰੱਖਦੇ । ਇਨ੍ਹਾਂ ਨੇ ਜੋ ਇਹ ਜਾਣ ਛੱਡਿਆ ਹੈ, ਜੋ ਪਾਣੀ ਵਿਖੇ ਜੀਵ ਮਰਦੇ ਹਨ, ਇਸ ਕਾਰਨ ਅਸ਼ਨਾਨ ਬਹੁਤ ਘੱਟ ਕਰਦੇ ਹਨ, ਸਗੋਂ ਪਾਣੀ ਖਰਚ ਹੋਣੇਦੇ ਸਬੱਬ ਕਪੜੇ ਲੀੜੇ ਅਰ ਆਪਣੇ ਸ਼ਰੀਰ ਨੂੰ ਸਦਾ ਮੈਲਾ ਰੱਖਦੇ ਹਨ। ਇੱਕ ਕੇਹੀ ਅਚਰਜ ਦੀ ਗੱਲ ਹੈ, ਜੋ ਏਹ ਲੋਕ ਕਰਮ ਤਾਂ ਬਹੁਤ ਕਠਨ ਅਰ ਦੁਖਦਾਈ ਕਰਦੇ ਹਨ, ਪਰ ਪਰਮੇਸੁਰ ਨੂੰ ਨਹੀਂ ਮੰਨਦੇ। ਇਨ੍ਹਾਂ ਦਾ ਇਹ ਵਿਚਾਰ ਹੈ, ਕਿ ਇਹ ਸਾਰਾ ਜਗਤ ਅਨਾਦ ਕਾਲ ਤੇ ਆਪੇ ਬਣਦਾ ਮਿਟਦਾ ਆਉਂਦਾ ਹੈ, ਕੋਈ ਇਸ ਦਾ ਸਿਰਜਣਹਾਰ ਨਹੀਂ ਹੈ । ਇੱਕ ਹੋਰ ਕੇਹੀ ਅਚੰਭੇ ਦੀ ਗੱਲ ਹੈ, ਜੋ ਏਹ ਜਗਤ ਦਾ ਕਰਤਾ ਅਰ ਸੁਖ ਦੁਖ ਦਾਤਾ ਤਾਂ ਕਿਸੇ ਨੂੰ ਨਹੀਂ ਮੰਨਦੇ, ਪਰ ਤਾਂ ਭੀ ਆਪਣੇ ਧਰਮ ਅਨੁਸਾਰ ਚੌਬੀਆਂ ਅਉਤਾਰਾਂ ਦੀ ਪੂਜਾ ਸੇਵਾ ਕਰਦੇ ਰਹਿੰਦੇ ਹਨ। ਉਨ੍ਹਾਂ ਚੌਬੀਆਂ ਵਿੱਚੋਂ ਜੋ ਇੱਕ ਪਾਰਸੁਨਾਥ ਹੈ, ਉਸ ਦੀ ਪੂਜਾ ਨੂੰ ਅੱਤ ਉੱਤਮ ਜਾਣਦੇ ਹਨ। ਇਨ੍ਹਾਂ ਚੌਬੀਆਂ ਅਉਤਾਰਾਂ ਨੂੰ ਏਹ ਲੋਕ ਆਪਣੀ ਬੋਲੀ ਵਿੱਚ ਤਿਥੰਕਰ ਆਖਦੇ ਹਨ। ਇਨ੍ਹਾਂ ਲੋਕਾਂ ਵਿੱਚ ਬਾਜੇ ਤਾਂ ਤਿਥੰਕਾਰਾਂ ਦੀਆਂ ਮੂਰਤਾਂ ਬਣਾਕੇ ਆਪਣਿਆਂ ਮੰਦਰਾਂ ਵਿਖੇ ਪੂਜਦੇ ਹਨ, ਅਰ ਕੈਈ ਮੂਰਤੀਆਂ ਦੇ ਪੂਜਣੇ ਨੂੰ ਬੁਰਾ ਜਾਣਦੇ ਹਨ । ਇਨ੍ਹਾਂ ਸਰਾਉਗੀਆਂਦੇ ਦੋ ਭੇਦ ਹਨ, ਇੱਕ ਤਾਂ ਜੋ ਮੁਖ ਪੁਰ ਟੱਲੀ ਰੱਖਦੇ ਅਰ ਸਿਰ ਦਿਆਂ ਬਾਲਾਂ ਨੂੰ ਪੱਟ ਸਿੱਟਦੇ ਹਨ, ਸੋ ਢੂੰਡੀਏ ਕਹਾਉਂਦੇ ਹਨ। ਦੂਜੇ ਜੋ ਨਾ ਟੱਲੀ ਰੱਖਦੇ ਅਰ ਨਾ ਵਾਲ ਪੁੱਟਦੇ ਹਨ, ਸੋ ਜਤੀ ਕਹਾਉਂਦੇ ਹਨ। ਓਹ ਜੋ ਢੂੰਡੀਏ ਕਹਾਉਂਦੇ ਹਨ, ਸੋ ਘਰ ਬਾਹਰ ਅਰ ਕੰਧ ਕੋਠਾ ਪੈਸਾ ਰੁਪੈਯਾ ਆਪਣੇ ਪਾਸ ਕੁਝ ਨਹੀਂ ਰੱਖਦੇ, ਅਰ ਜਤੀ ਲੋਕ ਲੱਖਾਂ ਰੁਪੈਯੇ ਅਰ ਮਿਲਖ ਮੁਲਖ ਆਦਕ ਚੀਜਾਂ ਸਭ ਕੁਝ ਰੱਖਦੇ ਹਨ । ਭਾਵੇਂ ਇਨ੍ਹਾਂ ਦੇ ਚਾਲ ਚੱਲਨ ਅਰ ਰਹਿਤ ਬਹਿਤ ਵਿੱਚ ਤਾਂ ਬਹੁਤ ਫਰਕ ਹੈ, ਪਰ ਮਤ ਦੋਹਾਂ ਦਾ ਇੱਕੋ ਹੈ। ਏਹ ਲੋਕ ਵੇਦ ਪੁਰਾਣ ਨੂੰ ਨਹੀਂ ਮੰਨਦੇ ਅਰ ਨਾ ਕੋਈ ਸ਼ਾਸਤ੍ਰ ਦਾ ਕਿਹਾ ਹੋਇਆ ਤੀਰਥ ਵਰਤ ਹੀ ਮੰਨਦੇ ਹਨ। ਇਨ੍ਹਾਂ ਲੋਕਾਂ ਦੇ ਜੋ ਸ਼ਾਸਤ੍ਰ ਵੇਦ ਹਨ, ਸੋ ਸੰਸਕ੍ਰਿਤ ਬੋਲੀ ਵਿਖੇ ਨਹੀਂ, ਸਗੋਂ ਪ੍ਰਾਕ੍ਰਿਤ ਵਿੱਚ ਹਨ, ਜੋ ਇੱਕ ਵੱਡੀ ਪੁਰਾਣੀ ਬੋਲੀ ਹੈ । ਭਾਵੇਂ ਬੋਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਪ੍ਰਾਕ੍ਰਿਤ ਹੈ, ਪਰ ਇਨ੍ਹਾਂ ਦੇ ਅੱਖਰ ਕੋਈ ਵੱਖਰੇ ਨਹੀਂ, ਸਭ ਅਪਣੇ ਗ੍ਰੰਥ ਪੁਸਤਕ ਸ਼ਾਸਤ੍ਰੀ ਅੱਖਰਾਂ ਵਿੱਚ ਹੀ ਲਿਖਦੇ ਹਨ । ਇਨ੍ਹਾਂ ਦਾ ਵਿਆਹ ਤਾਂ ਹੁੰਦਾ ਹੀ ਨਹੀਂ, ਪਰ ਮਰਨੇ ਦੀ ਰੀਤ ਵਿੱਚ ਮੁਰਦੇ ਨੂੰ ਫੂਕ ਦੇਣੇ ਵਿਖੇ ਹੋਰਨਾਂ ਹਿੰਦੂਆਂ ਦੇ ਬਰਾਬਰ ਹਨ। ਇਨ੍ਹਾਂ ਲੋਕਾਂ ਦਾ ਜੋ ਕੋਈ ਦੁਨੀਆਂਦਾਰ ਸਿੱਖ ਸੇਵਕ ਬਣਦਾ ਹੈ, ਉਹ ਸਰਾਉਗੀ ਸਦਾਉਂਦਾ ਹੈ । ਭਾਵੇਂ ਬ੍ਰਾਹਮਣ ਖੱਤ੍ਰੀ ਭੀ ਇਨ੍ਹਾਂ ਦਾ ਸਤਸੰਗ ਕਰਕੇ ਕੋਈ ਟਾਮੇ ਟਾਮੇ ਸਰਾਉਗ ਧਰਮ ਨੂੰ ਮੰਨਦੇ ਹਨ, ਪਰ ਬਹੁਤ ਕਰਕੇ ਭਾਬੜੇ ਲੋਕ ਅਰ ਬਾਣੀਏਂ ਲੋਕ ਇਸ ਧਰਮ ਨੂੰ ਮੰਨਦੇ ਹਨ। ਜੋ ਭਾਬੜੇ ਅਰ ਬਾਣੀਏਂ ਇਸ ਧਰਮ ਵਿੱਚ ਹਨ, ਸੋ ਬੋਦੀ ਤਾਂ ਸਿਰ ਪੁਰ ਰੱਖਦੇ ਹਨ, ਪਰ ਗਲ ਵਿਖੇ ਜਨੇਊ ਨਹੀਂ ਰੱਖਦੇ । ਅਰ ਏਹ ਲੋਕ ਵੇਦ ਪੁਰਾਣ ਦੀ ਰੀਤ ਅਨੁਸਾਰ ਸ੍ਰਾਧ ਵਿਆਹ ਅਰ ਕਰਮ ਕਿਰਿਆ ਭੀ ਕੁਝ ਨਹੀਂ ਕਰਾਉਂਦੇ। ਇਨ੍ਹਾਂ ਸਰਾਉਗੀ ਲੋਕਾਂ ਦਾ ਇਹ ਚੱਲਨ ਹੈ, ਜੋ ਏਹ ਅਜਿਹਾ ਕਾਰ ਰੁਜਗਾਰ ਅਰ ਸੌਦਾ ਪੱਤਾ ਕੋਈ ਨਹੀਂ ਕਰਦੇ,ਜੋ ਜਿਸ ਵਿਖੇ ਜੀਵਘਾਤ ਹੋਵੇ। ਜੋ ਕੋਈ ਸੌਦਾ ਪੱਤਾ ਅਰ ਹੱਟੀ ਪਟੜੀ ਕਰਦਾ ਭੀ ਹੈ, ਤਾਂ ਅਜਿਹੀਆਂ ਮੋਟੀਆਂ ਅਰ ਸੁੱਕੀਆਂ ਚੀਜ਼ਾਂ ਬੇਚਦਾ ਹੈ, ਜੋ ਜਿਸ ਵਿੱਚ ਜੀਵ ਜੰਤ ਨਹੀ ਆ ਸੱਕਦਾ। ਜਿੱਕੁਰ ਕੈਈ ਇਨ੍ਹਾਂ ਵਿੱਚ ਬਜਾਜੀ ਸਰਾਫੀ ਅਤੇ ਕੈਈ ਬਸਾਤੀ ਦਾ ਕੰਮ ਕਰਦੇ ਅਰ ਅਨੇਕ ਕਸੇਰੇ ਬਣਕੇ ਗੁਜਰਾਨ ਤੋਰਦੇ ਹਨ । ਗਿੱਲੀ ਚੀਜ ਅਰ ਚੀਕੁਣੀ ਅਤੇ ਮਿੱਠੀ ਵਸਤੂ ਏਹ ਕੋਈ ਨਹੀਂ ਬੇਚਦੇ। ਇੱਕ ਜਾਤ ਉਸਵਾਰ ਨਾਂਉਂ ਕਰਕੇ ਸਰਾਉਗੀਆਂ ਦੀ ਹੋਰ ਭੀ ਹੈ, ਪਰ ਉਸ ਨੂੰ ਇਸ ਪੰਜਾਬ ਦੇਸ ਵਿੱਚ ਕੋਈ ਨਹੀਂ ਜਾਣਦੇ, ਓਹ ਲੋਕ ਬਹੁਤ ਕਰਕੇ ਮਾਰਵਾੜ ਦੀ ਧਰਤੀ, ਅਰਥਾਤ ਬੀਕਾਨੇਰ ਅਰ ਜੈਪੁਰ ਜੋਧਪੁਰ ਦੇ ਇਰਦੇ ਗਿਰਦੇ ਬਸਦੇ ਹਨ। ਇਨ੍ਹਾਂ ਸਭਨਾਂ ਸਰਾਉਗੀਆਂ ਦਾ ਧਰਮ ਦਯਾ ਧਰਮ ਧੀਰਜ ਸੰਤੋਖ ਦੇ ਲੇਖੇ ਤਾਂ ਬਹੁਤ ਚੰਗਾ ਹੈ, ਪਰ ਏਹ ਜੋ ਪਰਮੇਸਰ ਨੂੰ ਸਿਰਜਣਹਾਰ ਨਹੀਂ ਮੰਨਦੇ, ਇਸ ਕਰਕੇ ਲੋਕ ਇਨ੍ਹਾਂ ਨੂੰ ਨਾਸਤਿਕ ਅਰ ਖੋਟੇ ਸਮਝਦੇ ਹਨ।

ਇਸ ਦੇਸ ਵਿੱਚ ਦਾਦੂ ਪੰਥੀਏ ਸਾਧ ਜੋ ਰਹਿੰਦੇ ਹਨ, ਉਹ ਦਾਦੂਰਾਮ ਨਾਮੇ ਇੱਕ ਪੇਂਜੇ ਦਾ ਤੋਰਿਆ ਹੋਇਆ ਧਰਮ ਹੈ। ਏਹ ਲੋਕ ਬਹੁਤ ਉੱਤਮ ਅਰ ਭਗਤਿਮਾਨ ਪਰਮੇਸੁਰ ਦੇ ਪਿਆਰੇ ਹੁੰਦੇ ਹਨ, ਏਹ ਵੇਦ ਸ਼ਾਸਤ੍ਰ ਅਤੇ ਪੁਰਾਣ ਪੁਰ ਨਿਹਚਾ ਕਰਕੇ ਹੋਰ ਤਾਂ ਸਭ ਰੀਤਾਂ ਮੰਨਦੇ ਹਨ, ਪਰ ਜਨੇਊ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦੀ ਦੇ ਅਧਿਕਾਰੀ ਨਹੀਂ ਬਣਦੇ। ਪਹਿਲਾਂ ਤਾਂ ਮਲੂਮ ਹੁੰਦਾ ਹੈ, ਜੋ ਦਾਦੂਰਾਮ ਨੇ ਇਨ੍ਹਾਂ ਨੂੰ ਭਗਤੀ ਦਾ ਉਪਦੇਸ਼ ਕੀੱਤਾ ਹੋਣਾ ਹੈ, ਪਰ ਹੁਣ ਕੈਈ ਲੋਕ ਸੰਸਕ੍ਰਿਤ ਵਿਦਿਆ ਪੜ੍ਹਕੇ ਵੇਦਾਂਤੀ ਭੀ ਬਣ ਗਏ ਹਨ। ਇਨ੍ਹਾਂ ਵਿੱਚੋਂ ਕੈਈ ਤਾਂ ਭਿੱਛਿਆ ਮੰਗਕੇ ਗੁਜਰਾਨ ਤੋਰਦੇ ਅਤੇ ਕੈਈ ਫੌਜਾਂ ਵਿੱਚ ਨੌਕਰੀ ਚਾਕਰੀ ਕਰਕੇ ਉਪਜੀਉਕਾ ਕਰਦੇ ਹਨ। ਇਨ੍ਹਾਂ ਵਿੱਚੋਂ ਵਿਆਹ ਕੋਈ ਨਹੀਂ ਕਰਾਉਂਦਾ ਨਿਰੇ ਚੇਲੇ ਮੁੰਨਕੇ ਆਪਣੀ ਨਸਲ ਨੂੰ ਵਧਾਉਂਦੇ ਹਨ। ਏਹ ਲੋਕ ਪ੍ਰੇਮ ਭਾਉ ਵਿਖੇ ਬਹੁਤ ਅੱਛੇ ਅਰ ਜਿਤਨਾਕੁ ਬਣ ਸੱਕੇ ਪਰਮੇਸ਼ੁਰ ਵੱਲ ਭੀ ਲੱਗੇ ਰਹਿੰਦੇ ਹਨ॥

ਹੁਣ ਇਸ ਦੇਸ ਦੇ ਸਭਨਾਂ ਹਿੰਦੂਆਂ ਦਾ ਹਾਲ ਐਉਂ ਹੈ, ਜੋ ਇਨ੍ਹਾਂ ਦਾ ਕਿਸੀ ਇੱਕ ਬਾਤ ਪੁਰ ਨਿਹਚਾ ਬਹੁਤ ਥੋਹੜਾ ਹੈ, ਕੋਈ ਦੇਵੀ ਦੇਵਤਿਆਂ ਅਰ ਮੜ੍ਹੀਆਂ ਮਸਾਂਣਾਨੂੰ ਮੰਨਦਾ ਅਤੇ ਕੋਈ ਵੇਦ ਸ਼ਾਸਤ੍ਰ ਦੇ ਧਰਮਨੂੰ ਜੋ ਸਭਨਾਂ ਹਿੰਦੂਆਂ ਦਾ ਸਨਾਤਨ ਧਰਮ ਹੈ, ਛੱਡਕੇ ਸਰਵਰ ਸੁਲਤਾਨ ਅਰ ਭੂਤਾਂ ਪ੍ਰੇਤਾਂ ਦੀ ਪੂਜਾ ਕਰਦਾ ਹੈ। ਅਜਿਹੇ ਬਹੁਤ ਹੀ ਥੋਹੜੇ ਹਨ, ਜੋ ਆਪਣੇ ਸਨਾਤਨ ਧਰਮ ਅਨੁਸਾਰ ਆਪਣੇ ਹਰਤਾ ਕਰਤਾ ਸਿਰਜਣਹਾਰ ਪਰਮੇਸੁਰ ਨੂੰ ਮੰਨਦੇ ਹਨ। ਦੇਖੋ ਹੋਰਨਾਂ ਧਰਮਾਂ ਵਾਲੇ ਲੋਕ ਕੇਹੇ ਪੱਕੇ ਹਨ। ਜੋ ਆਪਣੇ ਧਰਮ ਨੂੰ ਛੱਡਕੇ ਹਿੰਦੂਆਂ ਦੇ ਧਰਮ ਪੁਰ ਕਦੀ ਨਹੀਂ ਤੁਰਦੇ, ਪਰ ਹਿੰਦੂ ਲੋਕ ਅਜਿਹੇ ਕੱਚੇ ਹਨ, ਜੋ ਜੇ ਇੱਟਾਂ ਦੀ ਭੀ ਕਿਤੇ ਤਰੀਫ ਸੁਣ ਲੈਣ, ਤਾਂ ਦੁੱਧ ਪੁੱਤ ਦੀ ਲੋੜ ਵਾਸਤੇ ਨੱਕ ਰਗੜਨ ਲੱਗ ਪੈਂਦੇ ਹਨ। ਕੈਈ ਬ੍ਰਾਹਮਣ ਭੀ ਅਜਿਹੇ ਨਜਰੀ ਆਉਂਦੇ ਹਨ, ਜੋ ਆਪਣੇ ਧਰਮ ਦੀ ਕਦਰ ਕੁਝ ਨਹੀਂ ਜਾਣਦੇ, ਜਿੱਥੇ ਕਿਤੇ ਕਿਸੀ ਪੀਰ ਦੀ ਖਾਨਗਾਹ ਅਥਵਾ ਕੋਈ ਪੁਰਾਣੀ ਕਬਰ ਹੋਵੇ, ਉੱਥੇ ਹੀ ਦੀਵੇ ਬਾਲਣ ਅਤੇ ਫੁੱਲ ਝੜਾਉਣ ਲੱਗ ਪੈਂਦੇ ਹਨ, ਇਹ ਨਹੀਂ ਜਾਣਦੇ, ਜੋ ਬਿਨਾ ਪਰਮੇਸੁਰ ਤੇ ਸਾਨੂੰ ਹੋਰ ਕੋਈ ਸੁਖ ਦੇਣੇ ਵਾਲਾ ਨਹੀਂ। ਇਸੀ ਤਰ੍ਹਾਂ ਕੋਈ ਖੱਤ੍ਰੀ ਭੀ ਸਾਰਾ ਦਿਨ ਤਾਂ ਵਿਸ਼ਨੁ ਦੀ ਪਰਸਿੰਨਤਾਈ ਵਾਸਤੇ ਏਕਾਦਸ਼ੀ ਦਾ ਵਰਤ ਰੱਖਦੇ, ਅਰ ਜੇ ਉਸੀ ਦਿਨ ਵੀਰਵਾਰ ਦਾ ਦਿਨ ਹੋਵੇ, ਤਾਂ ਸਰਵਰ ਸੁਲਤਾਨ ਜੋ ਮੁਲਤਾਨ ਦੇ ਇਲਾਕੇ ਵਿੱਚ ਕੋਈ ਮੁਸਲਮਾਨ ਹੋਇਆ ਹੈ, ਉਸ ਦੀ ਪਰਸਿੰਨਤਾਈ ਵਾਸਤੇ ਰਾਤ ਨੂੰ ਭੁੰਏ ਸੌਂਕੇ ਚੌਂਕੀ ਭਰਦੇ ਹਨ। ਇਹ ਨਹੀਂ ਦੇਖਦੇ, ਜੋ ਸ਼ਾਸਤ੍ਰ ਰੀਤ ਅਨੁਸਾਰ ਵਿਸ਼ਨੁ ਜੀ ਦੀ ਪੂਜਾ ਕਰਨੀ ਤਾਂ ਸਾਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਗ ਹੈ, ਪਰ ਸੁਲਤਾਨ ਜੋ ਕੋਈ ਮੁਸਲਮਾਨ ਹੋਇਆ ਹੈ, ਉਹ ਸਾਡੇ ਸ਼ਾਸਤ੍ਰ ਵਿੱਚ ਨਹੀਂ ਲਿਖਿਆ, ਫੇਰ ਅਸੀਂ ਇਸਨੂੰ ਕਿਉਂ ਪੂਜੀਏ ? ਇਸੀ ਤਰ੍ਹਾਂ ਇਸ ਦੇਸ ਦੇ ਲੋਕਾਂ ਦੇ ਅਕੀਦੇ ਅਣਗਿਣਤ ਹੋ ਰਹੇ ਹਨ। ਆਪਣੇ ਧਰਮ ਪੁਰ ਹਜ਼ਾਰਾਂ ਵਿੱਚੋਂ ਕਿਸੀ ਇੱਕ ਦਾ ਹੀ ਨਿਹਚਾ ਹੈ, ਨਹੀਂ ਤਾਂ ਹੋਰ ਸਭ ਉੱਪਰ ਤੇ ਭਾਵੇਂ ਹਿੰਦੂ ਕਹਾਉਂਦੇ ਹਨ, ਪਰ ਅੰਦਰੋਂ ਕੈਈ ਤਰ੍ਹਾਂ ਦੇ ਧਰਮ ਰੱਖਦੇ ਹਨ, ਕਿਸੀ ਇੱਕ ਬਾਤ ਪੁਰ ਭਰੋਸਾ ਨਹੀਂ ਹੈ॥

ਹੁਣ ਇਸ ਦੇਸ ਦੇ ਗੀਤਾਂ ਦਾ ਐਉਂ ਬਿਆਨ ਹੈ, ਕਿ ਜੋ ਸ਼ਾਸਤ੍ਰ ਰੀਤ ਅਨੁਸਾਰ ਛੇ ਰਾਗ ਸਭਨਾਂ ਮੁਲਖਾਂ ਵਿੱਚ ਮਸ਼ਹੂਰ ਹਨ, ਸੋਈ ਇਸ ਪੰਜਾਬ ਵਿਖੇ ਗਾਵੀਂਦੇ ਹਨ। ਸ਼ਾਸਤ੍ਰ ਰੀਤ ਅਨੁਸਾਰ ਛੇ ਰਾਗ ਏਹ ਹਨ। ਇੱਕ ਭੈਰੋ, ਦੂਜਾ ਮਾਲਕੌਂਸ, ਤੀਜਾ ਹਿੰਡੋਲ, ਚੌਥਾ ਦੀਪਕ ਅਰ ਪੰਜਵਾਂ ਸਿਰੀ, ਅਤੇ ਛੇਵਾਂ ਮੇਘ, ਰਾਗ ਕਰਕੇ ਉੱਘਾ ਹੈ। ਇਨ੍ਹਾਂ ਛੇਆਂ ਰਾਗਾਂ ਦੀਆਂ ਪੰਜ ਪੰਜ ਇਸਤ੍ਰੀਆਂ ਅਤੇ ਅੱਠ ਅੱਠ ਪੁਤ੍ਰ ਹਨ, ਓਹ ਸਭ ਜੁਦੀ ਜੁਦੀ ਡੌਲ ਨਾਲ ਗਾਵੇਂ ਜਾਂਦੇ ਅਤੇ ਜੁਦੀ ਜੁਦੀ ਸੋਭਾ ਪਾਉਂਦੇ ਹਨ। ਏਹ ਛੇਈ ਰਾਗ ਹਰ ਵੇੱਲੇ ਨਹੀਂ ਗਾਵੀਂਦੇ, ਕੋਈ ਸਵੇਰ ਨੂੰ ਅਰ ਕੋਈ ਤਕਾਲਾਂ ਦੇ ਵੇਲੇ ਗਾਵੀਂਦਾ ਹੈ। ਜਿਹਾਕੁ ਭੈਰੋ ਪਹਿਰ ਦੇ ਤੜਕੇ ਅਤੇ ਮਾਲਕੌਂਸ ਅੱਧੀ ਰਾਤ ਨੂੰ ਅਤੇ ਹਿੰਡੋਲ ਪਹਿਰ ਦਿਨ ਚੜ੍ਹੇ ਤੇ, ਤੇ ਦੀਪਕ ਠੀਕ ਦੁਪਹਿਰ ਦੇ ਵੇਲੇ ਸੋਭਾ ਪਾਉਂਦਾ ਹੈ, ਪੰਜਵਾਂ ਜੋ ਸਿਰੀ ਰਾਗ ਹੈ, ਸੋ ਤਕਾਲਾਂ ਨੂੰ ਅਤੇ ਮੇਘ ਰਾਗ ਵਰਖਾ ਦੇ ਵੇਲੇ ਗਾਉਂਦੇ ਹਨ। ਇਹ ਸਭ ਭੇਦ ਰਾਗਮਾਲਾ ਨਾਮੇ ਪੁਸਤਕ ਵਿੱਚ ਲਿਖਿਆ ਹੋਇਆ, ਜਿਸ ਨੇ ਬਹੁਤ ਵੇਖਣਾ ਹੋਵੇ, ਸੋ ਉਸ ਵਿੱਚੋਂ ਦੇਖ ਲਵੇ। ਏਹ ਛੇਈ ਰਾਗ ਸੱਤਾਂ ਸੁਰਾਂ ਵਿੱਚ ਗਾਵੇਂ ਜਾਂਦੇ ਹਨ, ਜਿਸ ਨੂੰ ਸੱਤਾਂ ਸੁਰਾਂ ਦਾ ਗਿਆਨ ਨਹੀਂ, ਉਹ ਰਾਗ ਰਾਗਣੀ ਦਾ ਸਰੂਪ ਠੀਕ ਪਰਗਟ ਨਹੀਂ ਕਰ ਸਕਦਾ। ਸੱਤਾਂ ਸੁਰਾਂ ਦੇ ਨਾਉ ਏਹ ਹਨ। ਪਹਿਲਾ ਖਰਜ, ਦੂਜਾ ਰਿਖਭ, ਤੀਜਾ ਗੰਧਾਰ ਅਤੇ ਚੌਥਾ ਮੱਧਮ ਸੁਰ ਕਹਾਉਂਦਾ ਹੈ, ਪੰਜਵੇਂ ਦਾ ਨਾਉਂ ਪੰਚਮ ਅਤੇ ਛੇਵਾਂ ਧੈਵਤ ਅਰ ਸੱਤਵਾਂ ਨਿਖਾਦ ਕਰਕੇ ਆਖੀਦਾ ਹੈ। ਇਨ੍ਹਾਂ ਵਿੱਚੋਂ ਕਿਸੀ ਰਾਗ ਵਿੱਚ ਤਾਂ ਸੱਤੇ ਸੁਰ ਲੱਗਦੇ ਅਰ ਕਿਸੀ ਵਿੱਚ ਛੇ, ਚਾਰ, ਪੰਜ ਭੀ ਲੱਗਦੇ ਹਨ, ਜੋ ਨਾਮ ਰਾਗ ਰਾਗਣੀ ਜਗਤ ਵਿੱਚ ਹੈ, ਸੋ ਇਨ੍ਹਾਂ ਸੱਤਾਂ ਸੁਰਾਂ ਤੇ ਬਾਹਰ ਨਹੀਂ ਸੁਰ ਅਵਾਜ ਦਾ ਨਾਉਂ ਹੈ, ਅਵਾਜ਼ ਦੇ ਲੰਬਾਉ ਝੜਾਉ ਅਤੇ ਬਰੀਕੀ ਮੁਟਿਆਈ ਵਿੱਚ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਰਕ ਹੈ, ਇਸੀ ਸਬੱਬ ਉਨ੍ਹਾਂ ਦੇ ਸਰੂਪ ਸੱਤ ਪ੍ਰਕਾਰ ਦੇ ਹੋ ਗਏ ਹਨ। ਪੰਜਾਬ ਤੇ ਬਿਨਾਂ ਹੋਰਨਾਂ ਵਲਾਇਤਾਂ ਵਿੱਚ ਭੀ ਜੋ ਕੁਝ ਗਾਵਿਆਂ ਜਾਂਦਾ ਹੈ, ਸੋ ਇਨ੍ਹਾਂ ਸੱਤਾਂ ਸੁਰਾਂ ਤੇ ਬਾਹਰ ਨਹੀਂ। ਫੇਰ ਜੋ ਕੁਝ ਰਾਗ ਰਾਗਣੀ ਗਾਵੀਂ ਜਾਵੇ, ਜੇ ਉਸ ਦਾ ਤਾਲ ਠੀਕ ਨਾ ਹੋਵੇ, ਤਦ ਬੁੱਧਮਾਨ ਲੋਕ ਉਸ ਨੂੰ ਚੰਗੀ ਨਹੀਂ ਜਾਣ ਦੇ। ਸ਼ਾਸਤ੍ਰ ਰੀਤ ਵਿੱਚ ਤਾਲ ਬਾਰਾਂ ਤਰ੍ਹਾਂ ਦਾ ਹੈ, ਪਰ ਹੁਣ ਇਸ ਮੁਲਖ ਵਿੱਚ ਸਭ ਨਹੀਂ ਵਰਤੇ ਜਾਂਦੇ। ਇਨ੍ਹਾਂ ਵਿੱਚੋਂ ਜੋ ਉੱਘੇ ਹਨ, ਸੋ ਰਾਗੀ ਲੋਕ ਗਾਉਣੇ ਦੇ ਵੇਲੇ ਵਰਤਦੇ ਹਨ। ਜਿਹਾਕੁ ਤਿੰਨ ਤਾਲ ਅਰ ਚਾਰ ਤਾਲ ਅਤੇ ਯੱਕਾ ਥੱਥਾ ਨਾਮੇਂ ਤਾਲ ਸੂਲਫਾਕਤਾ ਅਤੇ ਢਾਈਆ ਤਾਲ ਹੁਣ ਬਹੁਤ ਵਰਤਿਆ ਜਾਂਦਾਹੈ। ਤਾਲ ਥਾਪੀ ਦਾ ਨਾਉਂ ਹੈ, ਜਾਂ ਰਾਗੀ ਲੋਕ ਕੁਝ ਮੁਖ ਤੇ ਗਾਉਣ ਲਗਦੇ ਹਨ, ਤਾਂ ਹੱਥ ਨਾਲ ਅਥਵਾ ਕਿਸੀ ਬੱਜੇ ਨਾਲ ਰਾਗ ਦੇ ਵਜਨ ਪੁਰ ਤਾਲ ਦਿੰਦੇ ਜਾਂਦੇ ਹਨ। ਜੋ ਕੋਈ ਤਾਲ ਅਤੇ ਸੁਰ ਨੂੰ ਨਹੀਂ ਜਾਣਦਾ, ਉਹ ਰਾਗ ਗਾਉਣੇ ਦਾ ਸੁਆਦ ਨਹੀਂ ਪਾਉਂਦਾ। ਬਾਜੇ ਸਾਰੇ ਜਗਤ ਵਿਖੇ ਰਾਗੀ ਲੋਕਾਂ ਨੇ ਸਾਵੇ ਤਿੰਨ ਠਹਿਰਾਏ ਹੋਏ ਹਨ। ਇੱਕ ਤਾਂ ਤਾਰ ਦਾ ਬੱਜਾ, ਜੋ ਜਿਸ ਵਿੱਚ ਸਤਾਰ, ਤੰਬੂਰਾ, ਸਾਰੰਗੀ, ਬੀਨ ਆਦਕ ਆ ਜਾਂਦੇ ਹਨ। ਦੂਜਾ ਬਾਜਾ ਫੂਕ ਦਾ, ਜੋ ਜਿਸ ਵਿੱਚ ਬੰਸਰੀ, ਨਫੀਰੀ ਆਦਕ ਸਭ ਕੁਝ ਆ ਜਾਂਦਾ ਹੈ। ਤੀਜਾ ਬੱਜਾ ਖੱਲ ਦਾ, ਜੋ ਜਿਸ ਵਿੱਚ ਤਬਲੇ, ਨਗਾਰੇ, ਢੋਲ, ਢੋਲਕੀ ਅਤੇ ਖੰਜਰੀ ਆਦਕ ਸਭ ਕੁਝ ਆ ਜਾਂਦਾ ਹੈ। ਅੱਧਾ ਬਾਜਾ ਤਾਲ ਦਾ, ਜੋ ਨਿਰਾ ਹੱਥਾਂ ਨਾਲ ਅਥਵਾ ਕਿਸੀ ਹੋਰ ਚੀਜ਼ ਨਾਲ ਜਾਂ ਚੁਟਕੀ ਨਾਲ ਬਜਾਕੇ ਰਾਗ ਦਾ ਵਜਨ ਪੂਰਾ ਕੀਤਾ ਜਾਂਦਾ ਹੈ। ਇਸਨੂੰ ਅੱਧਾ ਇਸ ਵਾਸਤੇ ਗਿਣਿਆਂ ਹੈ, ਜੋ ਇਸ ਵਿੱਚ ਨਿਰਾ ਖੜਕਾ ਹੀ ਹੁੰਦਾ ਹੈ, ਕੋਈ ਸੁਰ ਇਸ ਵਿੱਚੋਂ ਪ੍ਰਗਟ ਨਹੀਂ ਹੁੰਦਾ, ਹੋਰ ਜਿਤਨੇ ਬੱਜੇ ਹਨ ਤਿਨ੍ਹਾਂ ਤੇ ਸੱਤਾਂ ਵਿੱਚੋਂ ਕੋਈ ਨਾ ਕੋਈ ਸੁਰ ਭੀ ਪਰਗਟ ਹੋ ਸੱਕਦਾ ਹੈਂ। ਗੱਲ ਕਾਹਦੀ ਰਾਗੀ ਲੋਕ ਜੋ ਕੁਝ ਗਾਉਂਦੇ ਹਨ, ਸੋ ਇਨ੍ਹਾਂ ਛੇਆਂ ਰਾਗਾਂ ਵਿੱਚ ਪਾਕੇ ਗਾਂਉਂਦੇ ਹਨ॥

ਰਾਗ, ਰਾਗਣੀ, ਤਾਂ ਨਿਰੀ ਗਾਉਣੇ ਦੀ ਲੈ ਅਤੇ ਸੁਰਾਂ ਦੇ ਠਾਠ ਦਾ ਨਾਉਂ ਹੈ, ਪਰ ਰਾਗ ਰਾਗਣੀ ਵਿੱਚ ਪਾਕੇ ਜੋ ਪਦ ਗਾਵੇਂ ਜਾਂਦੇ ਹਨ, ਸੋ ਕੈਈ ਪ੍ਰਕਾਰ ਦੇ ਹਨ। ਜਿਹਾਕੁ ਧੁਰਪਦ, ਕਬਿੱਤ, ਛੰਦ, ਸਰਗਮ, ਖਿਆਲ, ਟੱਪਾ, ਤਰਾਨਾ, ਆਦਕ ਏਹ ਸਭ ਪਦ ਰਾਗ ਵਿੱਚ ਪਾਕੇ ਗਾਵੇਂ ਜਾਂਦੇ ਹਨ। ਏਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਪਦ ਜੁਦੇ ਜੁਦੇ ਰਾਗਾਂ ਅਤੇ ਰਾਗਣੀਆਂ ਵਿੱਚ ਪਾਕੇ ਗਾਉਣੇ ਤੇ ਜੁਦਾ ਜੁਦਾ ਰਸ ਅਤੇ ਜੁਦਾ ਜੁਦਾ ਸਰੂਪ ਦਿਖਾਲਦੇ ਹਨ। ਏਹ ਧੁਰਪਦ ਆਦਕ ਪਦ ਜੋ ਉੱਪਰ ਲਿਖੇ ਹਨ, ਸੋ ਨਿਰੀ ਪੰਜਾਬੀ ਬੋਲੀ ਵਿੱਚ ਹੀ ਨਹੀਂ ਹੁੰਦੇ, ਸਗੋਂ ਪੰਜਾਬੀ ਲੋਕ ਭੀ ਜਦ ਗਾਉਂਦੇ ਹਨ ਤਦ ਬ੍ਰਿਜਭਾਸਾ ਅਤੇ ਹਿੰਦੀ ਭਾਸਾ ਵਿੱਚ ਹੀ ਜੋ ਸੰਸਕ੍ਰਿਤ ਸ਼ਬਦਾਂ ਨਾਲ ਮਿਲੀ ਹੋਈ ਹੁੰਦੀ ਹੈ ਗਾਉਂਦੇ ਹਨ॥

ਧੁਰਪਦ, ਇਸ ਪ੍ਰਕਾਰ ਦੇ ਪਦ ਦਾ ਨਾਉਂ ਹੈ ਜਿਹਾਕੁ-- (ਕਹੀਓ ਹੇ ਊਧੋ ਤੁਮਨੇ ਜੋ ਬੀਜਾ ਬਿਯੋਗ ਮਨ, ਕੀਨੋ ਮੱਧਮ ਬਿਰਵਾ ਲਗਾ ਰਾਧਾ ਕੇ ਮਨ। ਦ੍ਰਿਗ ਤਾਲਨ ਕੂਪ ਕੀਨੋ ਅਸੂਆਂ, ਜਲ ਭਰ ਭਰ ਪਲਕਾਨ ਸਿੰਚ ਸਿੰਚ ਤਾਂਤੇ ਰੇ ਭਯੇ ਬਿਰਹਾ ਸਕਲ ਬਨ। ਹੂਆ ਵਿਰਾਗ ਹਿਰਦੇ ਜਾਰ ਪਾਂਧੀ ਰੋਮ ਰੋਸ ਪਾਂਚ ਬਾਨ ਰਚ ਹੀਯੇਂ,ਕਚ ਕੁਚ ਰਿਸ ਭਰ ਲੀਯੇਂ ਲਾਜ ਭਰੇ ਨੈਨਾ। ਰਸ ਕੇ ਪ੍ਰਭੂ ਪ੍ਰੀਤਮ ਫਲ ਫੂਲ ਨਗ ਔਰ ਬੇਗ ਦਰਸ ਦੀਜੋ ਜੀ ਧਨ ਮਨ।)

ਅਰਥ ਇਸਦਾ ਇਹ ਹੈ, ਜੋ ਇੱਕ ਬਾਰ ਊਧੋ ਨਾਮੇ ਭਗਤਦੀ ਜੁਬਾ-ਨੀ ਗੋਪੀਆਂ ਨੇ ਕ੍ਰਿਸ਼ਨ ਜੀ ਨੂੰ ਆਪਣੇ ਵਿਛੋੜੇ ਦਾ ਦੁੱਖ ਆਖ ਭੇਜਿਆ, ਜੋ ਹੇ ਊਧੋ ਤੂੰ ਉਸ ਨੂੰ ਜਾਕੇ ਐਉਂ ਆਖੀਂ, ਜੋ ਤੁਸੀਂ ਜੋ ਵਿਛੋੜਾ ਬੀਜਿਆ ਹੈ, ਇਹ ਰਾਧਾ ਜੀ ਦੇ ਮਨ ਵਿੱਚ ਇੱਕ ਰੁੱਖ ਲੱਗ ਪਿਆ, ਅਰ ਮਨ ਮੱਧਮ ਹੋ-ਗਿਆ ਹੈ। ਫੇਰ ਇਹ ਆਖੀਂ ਜੋ ਸਾਡੇ ਨੈਣਾਂ ਨੇ ਰੋਕੇ ਹੰਜੂਆਂ ਦੇ ਜਲ ਨਾਲ ਤਾਲ ਅਤੇ ਖੂਹੇ ਭਰੇ ਅਤੇ ਸਾਡੀਆਂ ਅੱਖਾਂ ਦੀਆਂ ਪਲਕਾਂ ਨੇ ਰੋਣੇ ਦੇ ਪਾਣੀ ਨੂੰ ਸਿੰਜ ਸਿੰਜਕੇ ਬਿਰਿਹੋਂ ਦੇ ਰੁੱਖਾਂ ਦਾ ਬਣ ਲਾ ਦਿੱਤਾ। ਫੇਰ ਕਹੀਂ ਤੇਰੇ ਵਿ-ਰਾਗ ਦੇ ਧੂੰਏਂ ਨੇ ਸਾਡਾ ਹਿਰਦਾ ਜਾਲ ਸੁੱਟਿਆ ਅਤੇ ਸਾਡਿਆਂ ਪਾਪੀਆਂ ਰੋਮਾਂ ਨੇ ਦੁਖੀ ਹੋਕੇ ਰੋਸ ਮਚਾਇਆ ਹੈ, ਅਰ ਕਾਮਦੇਵ ਨੇ ਪੰਜ ਬਾਣ ਸਾਡੇ ਹਿਰਦੇ ਵਿੱਚ ਰਚੇ ਹਨ। ਕਚ ਕਹੀਏ ਸਿਰ ਦੇ ਵਾਲ ਅਰ ਕੁਚ, ਰਿਸ ਕਹੀਏ ਕ੍ਰੋਧ ਨਾਲ ਭਰੇ ਰਹਿੰਦੇ ਹਨ, ਫੇਰ ਸਾਡੇ ਨੈਣ ਜੋ ਲਾਜ ਨਾਲ ਭਰੇ ਹੋਏ ਹਨ, ਇਸ ਕਾਰਨ ਅਸੀਂ ਆਪਣਾ ਹਾਲ ਕਿਸੀ ਨੂੰ ਨਹੀਂ ਸੁਣਾ ਸੱਕਦੀਆਂ। ਇਸ ਧੁਰਪਦ ਦੇ ਰਚਣੇ ਵਾਲੇ ਰਸ ਨਾਮੇ ਕਬੀ ਨੇ ਗੋਪੀਆਂ ਵੱਲੋਂ ਕਿਹਾ ਹੈ, ਹੇ ਰਸ ਦੇ ਪ੍ਰਭੁ ਕ੍ਰਿਸ਼ਨ ਜੀ! ਬੇਗ ਕਹੀਏ ਛੇਤੀ ਦਰਸ਼ਨ ਦੇਓ,ਤੁਸੀਂ ਮੇਰਾ ਧਨ ਅਰ ਮਨ ਹੋ, ਤੁਸੀ ਮੇਰੇ ਫੁੱਲ ਅਰ ਫਲ ਅਤੇ ਤੁਸੀਂ ਮੇਰੇ ਹਰੇ ਬਿਰਛ ਅਤੇ ਤੁਸੀਂ ਹੀ ਪ੍ਰੀਤਮ ਕਹੀਏ ਪਿਆਰੇ ਹੋ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਬਿੱਤ, ਇਸ ਤਰ੍ਹਾਂ ਦੇ ਪਦ ਦਾ ਨਾਉਂ ਹੈ,ਜਿਹਾਕੁ— (ਜਬਤੇ ਪਧਾਰੇ ਪ੍ਰਾਣ ਪਿਆਰੇ ਸੁਖ ਦੇਨਵਾਰੇ ਅੱਖੀਆਂ ਪਨਾਰੇ ਬਹ ਰਹੀ ਹਾਇ ਹੀਯਰਾ। ਕਾਂ ਸੋ ਮਨ ਪੀਰ ਧਰ ਧੀਰ ਕੋ ਸੁਨਾਊਂ ਆਲੀ ਬਿਰਹੋਂ ਜਰਾਈ ਹੌਂ ਨ ਹੋਇ ਤਨਾ ਸੀਯਰਾ। ਜੋ ਪੈ ਸੁਧ ਪਾਤੀ ਤੋ ਨ ਅੱਖੀਆਂ ਲਗਾਤੀ ਭੂਲ ਅਬ ਜੋ ਉਕਲਾਤ ਹੌਂ ਨ ਬੁਝੇ ਪ੍ਰੀਤ ਦੀਯਰਾ। ਆਵੇ ਘਨ ਸ਼ਯਾਮ ਮਿਟੇ ਬਿਰਿਹੋਂ ਵਿਥਾ ਕੀ ਘਾਮ-ਬਿਨਾ ਹਰਿ ਆਏ ਸੁਖ ਪਾਵੇ ਨਾਂਹਿ ਜੀਯਰਾ।)

ਅਰਥ ਇਸ ਦਾ ਇਹ ਹੈ, ਇੱਕ ਵਾਰ ਸ੍ਰੀ ਕ੍ਰਿਸ਼ਨ ਜੀ ਦੇ ਵਿਛੋੜੇ ਵਿਖੇ ਦੁਖੀ ਹੋਕੇ ਰਾਧਾ ਆਖਣ ਲਗੀ,ਹੇ ਸਹੇਲੀਓ ! ਜਿਸ ਦਿਨ ਤੇ ਪ੍ਰਾਣਤੇ ਪਿਆਰੇ ਅਰ ਸੁਖ ਦੇਣ ਵਾਲੇ ਸ੍ਰੀ ਕ੍ਰਿਸ਼ਨ ਜੀ ਚਲੇ ਗਏ ਹਨ, ਮੇਰੀਆਂ ਅੱਖਾਂ ਪਰ-ਨਾਲਿਆਂ ਵਾਂਗੂ ਬਗ ਰਹੀਆਂ ਹਨ, ਹਾਇ ਹਾਇ ਮੇਰਿਆ ਜੀਆ ਹੁਣ ਮੈਂ ਕੀ ਕਰਾਂ ! ਫੇਰ ਆਖਿਆ ਹੇ ਸਖੀ ! ਮੈਂ ਧੀਰਜ ਧਰਕੇ ਆਪਣੇ ਮਨ ਦੀ ਪੀੜ ਕਿਸ ਨੂੰ ਸੁਣਾਵਾਂ ? ਹਾਇ ਹਾਇ ਮੈਂ ਬਿਰਹੋਂ ਨੇ ਜਾਲ ਸਿੱਟੀ,ਮੇਰਾ ਤਨ ਠੰਢਾ ਨਹੀ ਹੁੰਦਾ ! ਜੇ ਮੈਂ ਇਹ ਜਾਣਦੀ, ਕਿ ਪ੍ਰੀਤ ਵਿੱਚ ਬਹੁਤ ਦੁੱਖ ਹੈ, ਤਾਂ ਭੁੱਲ ਕੇ ਭੀ ਪ੍ਰੀਤ ਦੀਆਂ ਅੱਖਾਂ ਨਾ ਜੋੜਦੀ, ਅਰ ਹੁਣ ਜੋ ਮੈਂ ਉਕਤਾਉਂਦੀ ਅਰ ਘਬਰਾਉਂਦੀ ਹਾਂ, ਪ੍ਰੀਤ ਦਾ ਦੀਵਾ ਮੇਰੇ ਦਿਲ ਵਿੱਚੋਂ ਨਹੀਂ ਬੁਝਦਾ। ਸੋ ਜੇਤਾਂ ਘਨ ਸ਼ਯਾਮ ਕਹੀਏ ਕ੍ਰਿਸ਼ਨ ਜੀ ਆ ਜਾਵੇ, ਤਾਂ ਬਿਰਹੋਂ ਦੀ ਪੀੜਦੀ ਜੋ ਧੁੱਪ ਹੈ, ਸੋ ਮਿਟ ਜਾਵੇ ਅਰ ਜੇ ਨਾ ਆਵੇ ਤਾਂ ਤਿਸ ਤੇ ਬਿਨਾ ਮੇਰਾ ਜੀਉ ਸੁਖ ਨਹੀ ਪਾਵੇਗਾ। ਇਸ ਪਦ ਵਿਖੇ ਕਬੀਸ਼ਰ ਨੇ ਇਕ ਇਹ ਚਤੁਰਾਈ ਰੱਖੀ ਹੈ, ਭਈ ਜਾਂ ਧੁੱਪਦੇ ਅੱਗੇ ਕਾਲੀ ਘੱਟਾ ਆ ਜਾਵੇ, ਤਾਂ ਠੰਢ ਪੈ ਜਾਂਦੀ ਹੈ, ਸੋ ਘਨਸਯਾਮਾਂ ਨਾਮ ਸਿਆਮ ਘਟਾ ਦਾ ਹੈ, ਭਈ ਸਿਆਮ ਘਟਾ ਦੇ ਨਾਮ ਵਾਲੇ ਜੋ ਸ੍ਰੀ ਕ੍ਰਿਸ਼ਨ ਜੀ ਹਨ, ਜਦ ਉਹ ਆਉਣ ਤਦ ਮੇਰੀ ਬਿਰਹੋਂ ਦੀ ਧੁੱਪ ਦੂਰ ਹੋ ਜਾਵੇਗੀ॥

ਛੰਦ, ਇਸ ਤਰ੍ਹਾਂ ਦੇ ਪਦ ਦਾ ਨਾਉਂਹੈ ਜਿਹਾਕੁ-(ਜਨਮ ਜਾਤ ਹੈ ਬ੍ਰਿਥਾ ਪੀਆ ਬਿਨ ਕਾਂਸੋ ਕਹੂੰ ਪੁਕਾਰ। ਦਿਵਸ ਰੈਨ ਕਲ ਪਰਤ ਨ ਮੋਕੋ ਨੈਨ ਬਹਿਤ ਜਲ ਧਾਰ। ਸੁਖ ਕੋ ਰੁਖ ਕਾਟ ਦੁਖ ਬੋਯੋ ਅਬ ਹੂ ਲੇਹੁ ਸੰਭਾਰ। ਕੈ ਦੁਖ ਹਰੋ ਮਿਰਤ ਮੁਖ ਡਾਰੋ ਹੇ ਪੂਰਨ ਕਰਤਾਰ।)

ਅਰਥ ਇਸਦਾ ਇਹ ਹੈ, ਕਿ ਕੋਈ ਤੀਮੀਂ ਆਪਣੇ ਭਰਤੇ ਦੇ ਬਿਛੋੜੇ ਵਿੱਚ ਕਹਿੰਦੀ ਹੈ, ਜੋ ਮੇਰਾ ਜਨਮ ਪੀਆ ਤੇ ਬਿਨਾ ਬਿਰਥਾ ਜਾਂਦਾ ਹੈ, ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੱਖ ਮੈਂ ਪੁਕਾਰ ਕੇ ਕਿਹਨੂੰ ਆਖਾਂ। ਦੇਖੋ ! ਮੈਨੂੰ ਦਿਨੇ ਰਾਤੀਂ ਚੈਨ ਨਹੀਂ ਪੈਂਦੀ, ਮੇਰੀਆਂ ਅੱਖੀਆਂ ਰੋਂਦੀ ਰੋਂਦੀ ਦੀਆਂ ਜਲ ਦੀ ਧਾਰ ਅਰਥਾਤ ਦਰਿਆਉ ਵਾਂਙੂ ਵੱਗਦੀਆਂ ਹਨ। ਫੇਰ ਆਪਣੇ ਭਰਤੇ ਦਾ ਧਿਆਨ ਧਰਕੇ ਆਖਣ ਲੱਗੀ, ਜੋ ਹੇ ਪਿਆਰੇ ! ਤੈਂ ਸੁਖ ਦਾ ਰੁੱਖ ਪੁੱਟਕੇ ਮੇਰੇ ਦਿਲ ਵਿੱਚ ਦੁੱਖ ਬੀਜ ਦਿੱਤਾ ਹੈ, ਇਸ ਕਰਕੇ ਮੈਂ ਹੁਣ ਬਹੁਤ ਲਚਾਰ ਹੋ ਗਈ ਹਾਂ, ਜੇ ਅਜੇ ਭੀ ਮੇਰੀ ਸੁੱਧ ਲੈ ਲਵੇਂ, ਤਾਂ ਅੱਛਾ, ਨਹੀਂ ਤਾਂ ਫੇਰ ਮੈਂਨੂੰ ਜੀਉਂਦੀ ਨਾ ਦੇਖੇਂਗਾ। ਫੇਰ ਪਰਮੇਸ਼ੁਰ ਵੱਲ ਮਨ ਲਾਕੇ ਬੋਲੀ, ਹੇ ਪੂਰਨ ਕਰਤਾਰ ! ਜਾਂ ਤਾਂ ਮੇਰੇ ਭਰਤੇ ਨੂੰ ਮੇਲਕੇ ਮੇਰਾ ਦੁੱਖ ਹਰੋ, ਨਹੀਂ ਤਾਂ ਮੈਨੂੰ ਮੌਤ ਦੇਵੋ, ਪਰ ਅਜਿਹੇ ਦੁੱਖ ਵਿੱਚ ਜੀਉਣਾ ਮੈਂਨੂੰ ਮਨਜ਼ੂਰ ਨਹੀਂ ॥

ਸਰਗਮ, ਇਸ ਪ੍ਰਕਾਰ ਦੇ ਪਦ ਦਾ ਨਾਉਂ ਹੈ ਜਿਹਾਕੁ-- (ਨਿਸਗਮਾ ਪਪਾ ਧਾਮਾ ਪਮਾ ਗੱਗਾ ਮਮਾ ਧਧਾ ਨੀਨੀ ਧਮਾ ਪਮਾ ਗਾ। ਧਾਨੀ ਸਾਸਾ ਸਰੇ ਨੀਨੀ ਧਧਾ ਮਮਾ ਧਧਾ ਨੀਨੀ ਧਮਾ ਪਮਾ ਗਾ। ਧਾਨੀ ਧਮਕ ਧਮਕ ਧਾਨੀ ਸਾ ਸਾ ਨੀਨੀ ਸਾ ਸਾਨੀ ਸਰਿਗ ਸਰ ਨੀਨੀ ਧਧਾ ਮਮਾ ਧਧਾ ਨੀਨੀ ਧਮਾ ਪਮਾ ਗਾ ॥

ਮਤਲਬ ਇਸ ਦਾ ਇਹ ਹੈ, ਕਿ ਇਸ ਪਦ ਦਾ ਅਰਥ ਕੁਝ ਨਹੀਂ ਹੁੰਦਾ, ਨਿਰੇ ਸੁਰਾਂ ਦੇ ਕੱਠੇ ਕਰਨੇ ਦਾ ਨਾਉਂ ਸਰਗਮ ਹੈ। ਓਹ ਜੋ ਪਿੱਛੇ ਖ਼ਰਜ, ਰਖਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਖਾਦ, ਏਹ ਸੱਤ ਸੁਰ ਆਖੇ ਸੇ, ਉਨ੍ਹਾਂ ਸਭਨਾਂ ਦਾ ਜੋ ਪਹਿਲਾ ਅੱਖਰ ਲੈਕੇ ਕੱਠੇ ਕਰੀਏ,ਤਾਂ "ਸਰਗਮਪਧਨੀ" ਏਹ ਸੱਤ ਅੱਖਰ ਹੋ ਜਾਂਦੇ ਹਨ। ਮਤਲਬ ਇਹ ਹੈ ਜੋ ਇਨ੍ਹਾਂ ਸੱਤਾਂਸੁਰਾਂਵਿੱਚੋਂ ਜੇ ਕਿਸੀ ਇੱਕ ਸੁਰਦਾ ਨਾਉਂ ਲੈਣਾ ਹੋਵੇ, ਤਾਂ ਉੱਥੇ ਇੱਕ ਅੱਖਰ ਆਖ ਦੇਣੇ ਨਾਲ ਸਾਰਾ ਨਾਉਂ ਸਮਝ ਲਈ ਦਾ ਹੈ; ਜਿਹਾਕੁ ਖ ਕਹੇ ਤੇ ਖਰਜ, ਰਿ ਕਹੇ ਤੇ ਰਿਖਭ, ਗ ਕਹੇ ਤੇ ਗੰਧਾਰ, ਮ ਕਹੇ ਤੇ ਮੱਧਮ, ਪ ਕਹੇ ਤੇ ਪੰਚਮ, ਧ ਕਹੇ ਤੇ ਧੈਵਤ, ਨੀ ਕਹੇ ਤੇ ਨਿਖਾਦ, ਇਸ ਤਰ੍ਹਾਂ ਏਹ ਸੱਤ ਸੁਰਾਂ ਦੇ ਸੱਤ ਅੱਛਰ ਹਨ। ਜਿਸ ਰਾਗ ਦੀ ਸਰਗਮ ਵਿਖੇ ਜੋ ਅੱਖਰ ਪਹਿਲਾ ਆਵੇ ਉਸ ਤੇ ਜਾਣਨਾ ਚਾਹੀਏ, ਜੋ ਇਸ ਰਾਗਨੂੰ ਇਹ ਸੁਰ ਪਹਿਲਾਂ ਲੱਗਦਾ ਹੈ, ਜਿੱਕੁਰ ਇਸ ਪਿਛਲੀ ਸਰਗਮ ਵਿਖੇ ਪਹਿਲਾਂ ਨਿਸਗਮ ਆਦਕ ਅੱਖਰ ਚੱਲਦੇ ਹਨ, ਸੋ ਜਾਣ ਲੈਣਾ ਚਾਹੀਏ, ਜੋ ਇਸ ਰਾਗ ਨੂੰ ਪਹਿਲਾਂ ਨਿਖਾਦ ਫੇਰ ਖਰਜ, ਫੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੰਧਾਰ ਅਤੇ ਉਸ ਤੇ ਪਿੱਛੋਂ ਮੱਧਮ ਸੁਰ ਲਗਦਾ ਹੈ। ਅਰ ਜਿਸ ਰਾਗ ਰਾਗਣੀ ਵਿਖੇ ਪਹਿਲਾਂ ਏਹ ਸੁਰ ਲੱਗਣ, ਉਸਦਾ ਨਾਉਂ ਕਮਾਚ ਰਾਗਣੀ ਹੁੰਦਾ ਹੈ, ਇਸੀ ਤਰ੍ਹਾਂ ਸਾਰੇ ਹੀ ਜਾਣ ਲੈਣਾ ਚਾਹੀਯੇ। ਸ਼ਾਸਤ੍ਰੀ ਬੋਲੀ ਵਿਖੇ ਖੱਖੇ ਦੇ ਥਾਂ ਸੱਸਾ ਬੋਲਦੇ ਹਨ, ਇਸ ਕਾਰਨ ਖਰਜ ਸੁਰਦਾ ਆਦ ਅੱਖਰਸੱਸਾ ਲਿਖਿਆਹੈ॥

ਖਿਆਲ, ਇਸ ਤਰ੍ਹਾਂ ਦੇ ਪਦ ਦਾ ਨਾਉਂ ਹੈ ਜਿਹਾਕੁ—(ਉਮਡ ਘਮਡ ਘਨ ਆਇਓਰੀ ਮਾਈ ਬਰਖਾ ਰੁਤ ਅਪਨੀ ਗਰਜ ਗਰਜ ਚਹੂੰ ਓਰ ਬਰਸ ਬੂੰਦਾਂ ਝਰਲਗਾਈ। ਪਵਨ ਪਰਵਾਈਂ ਬਦਰੀਆ ਚਮਕਤ ਭੀਗ ਭੀਗ ਹਮਰੀ ਚੁਨਰੀਆ। ਕੈਸੇ ਕਰ ਆਊਂਰੀ ਮੈਂ ਪੀਆ ਕੋ ਸਮਝਾਉਂ। ੧)

ਅਰਥ ਇਹ ਦਾ ਇਹ ਹੈ, ਜੋ ਇੱਕ ਤੀਮੀਂ ਬਰਖਾ ਦੇ ਸਮੇ ਆਪਣੇ ਭ-ਰਤਾ ਦੇ ਬਿਛੋੜੇ ਵਿੱਚ ਆਪਨੀ ਸੱਸ ਨੂੰ ਇਹ ਗੱਲ ਲਿਖ ਭੇਜਦੀ ਹੈ, ਜੋ ਹੇਮਾਈ! ਮੈਂ ਤੇਰੇ ਘਰ ਕਿਸਤਰ੍ਹਾਂ ਆਵਾਂ,ਕਿਉਂ ਜੋ ਚਵਾਂ ਪਾਸਿਆਂ ਤੇ ਉੱਲਰ ਉੱਲਰਕੇ ਘਟਾ ਆਈਆਂ ਹੋਈਆਂ ਹਨ। ਅਤੇ ਬਰਖਾ ਦੀ ਰੁੱਤਆਪਣੀਗਰਜ ਨਾਲ ਗਰਜ੨ ਕੇ ਚੌਹੀਂ ਪਾਸੀਂ ਬੂੰਦਾਂ ਦੇ ਝੜ ਲਾਉਂਦੀਹੈ। ਅਤੇ ਇਸ ਸਮੇ ਜੋ ਪੁਰੇ ਦੀ ਪੌਣ ਚੱਲਦੀ ਅਰ ਬੱਦਲ ਚਮਕਦੇ ਹਨ, ਮੇਰੀ ਚੂੰਨੀ ਇਸ ਵਿੱਚ ਭਿੱਜ ਗਈ ਹੈ। ਮੈਂ ਇਸ ਵੇਲੇ ਕਿੱਕੁਰ ਆਵਾਂ ਅਤੇ ਹੇ ਸੱਸੂ ਮੈਂ ਆਪਣੇ ਪੀਆ ਨੂੰ ਕ੍ਰੋਧ ਤੇ ਹਟਾਕੇ ਕਿੱਕੁਰ ਸਮਝਾਵਾਂ? ਮਤਲਬ ਇਸ ਦਾ ਇਹ ਹੈ, ਜੋ ਉਸਦਾ ਭਰਤਾ ਘਰ ਵਿੱਚ ਗੁੱਸੇ ਸਾ, ਉਸ ਦੀ ਮਾਤਾ ਨੇ ਲਿਖਕੇ ਤਿਸ ਦੀ ਤੀਮੀਂ ਨੂੰ ਭੇਜਿਆ, ਜੋ ਤੂੰ ਆਕੇ ਆਪਣੇ ਭਰਤੇ ਨੂੰ ਸਮਝਾਉ, ਉਸ ਇਸਤ੍ਰੀ ਨੇ ਆਪਣੀ ਸੱਸ ਨੂੰ ਤਿਸ ਦੇ ਉੱਤਰ ਵਿੱਚ ਇਹ ਪਦ ਲਿਖ ਭੇਜਿਆ ਸਾ॥

ਟਪਾ, ਇਸ ਪ੍ਰਕਾਰ ਦੇ ਪਦ ਦਾ ਨਾਉਂ ਹੈ ਜਿਹਾਕੁ—(ਰੇ ਜਾਨੇਵਾਲੇ ਸਾਈਂ ਦੀ ਕਸਮ ਫੇਰਆਉ ਨੈਣਾਵਾਲੇ। ਆਉਂਦੇ ਜਾਂਦੇ ਤੁਸੀਂ ਦਿਲ ਲੈ ਜਾਂਦੇ ਆਉ ਸਜਨ ਗਲ ਲੱਗ ਸ਼ਾਹਨਸ਼ਾਹ ਮਤਵਾਲੇ।)

ਮਤਲਬ ਇਸ ਦਾ ਇਹ ਹੈ, ਜੋ ਇਹ ਜੋ ਟੱਪਾ ਨਾਮੇ ਪਦ ਹੈ, ਇਹ ਪੰਜਾਬੀ ਅਰ ਮਾਂਝੇ ਦੀ ਅਤੇ ਸਿੰਧ ਦੀ ਬੋਲੀ ਤੇ ਬਿਨਾ ਕਿਸੀ ਹੋਰ ਬੋਲੀ ਵਿੱਚ ਨਹੀਂ ਹੁੰਦਾ, ਕੋਈ ਕੋਈ ਟੱਪਾ ਅਜਿਹਾ ਭੀ ਹੁੰਦਾ ਹੈ, ਜੋ ਉਸ ਨੂੰ ਲੋਕ ਸੁਕੇਤ ਮੰਡੀ ਦੇ ਪਹਾੜ ਦੀ ਬੋਲੀ ਵਿਖੇ ਗਾਉਂਦੇ ਹਨ। ਅਰਥ ਇਸ ਦਾ ਇਹ ਹੈ, ਜੋ ਸ਼ਾਹਨਸ਼ਾਹ ਨਾਮੇ ਕਵੀ ਨੇ ਕਿਸੀ ਤੀਮੀਂ ਵੱਲੋਂ ਆਖਿਆ ਹੈ; ਜੋ ਹੇ ਜਾਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਿਆ ਸੱਜਣਾ ਤੈਨੂੰ ਸਾਈਂ ਦੀ ਸੁਗੰਦ ਇੱਕ ਵਾਰ ਫੇਰ ਆਉ। ਅਰ ਫੇਰ ਕਿਹਾ ਹੇ ਸੁੰਦਰ ਅੱਖਾਂ ਵਾਲਿਆ ਤੂੰ ਆਉਂਦਾ ਜਾਂਦਾ ਮੇਰਾ ਦਿਲ ਹਰਕੇ ਲੈ ਜਾਂਦਾ ਹੈਂ, ਸੋ ਹੁਣ ਹੇ ਮਤਵਾਲਿਆ ਮਿਤ੍ਰਾ ਆਕੇ ਮੇਰੇ ਗਲ ਲੱਗ ਜਾਹ॥

ਤਰਾਨਾ, ਇਸ ਤਰ੍ਹਾਂ ਦੇ ਪਦ ਦਾ ਨਾਉਂ ਹੈ, ਜਿਹਾਕੁ--(ਤਰਦੀਮ ਤਾਨਾ ਦੀਮ ਨਾਦਾਨੀ ਰੇ ਤਾਦਾਨੀ। ਉਦੇਦਾਨਾ ਦਿਰਨਾ ਤਨੂੰ ਦਿਰਨਾ ਤਨੂੰ ਦਿਰਨਾ ਤਾਨਾ ਦਿਰਨਾ। ਤਾ ਮਗਰ ਹਮਚੂੰ ਸਬਾ ਬਾਜ ਬਜੁਲਫੇਤੁ ਰਸਮ। ਹਾਸਲਮ ਦੋਸਤ ਬਜੁਜ ਨਾਲ ਹੇ ਸਬਰਗੀਰਨ ਬੂਦ।)

ਇਸ ਤਰਾਂਨੇ ਨਾਮੇ ਪਦ ਵਿੱਚ ਅਰਥ ਕੁਝ ਨਹੀਂ ਹੁੰਦਾ, ਨਿਰਾ ਸਰ-ਗਮ ਵਾਂਙੂ ਸੁਰਾਂ ਦੇ ਠਾਠ ਦਾ ਨਾਉਂ ਹੀ ਤਰਾਨਾ ਹੈ। ਪਰ ਸਰਗਮ ਅਰ ਤਰਾਨੇ ਦਾ ਗਾਉਣਾ ਬਹੁਤ ਕਠਣ ਹੈ, ਚੰਗਿਆਂ ਗਵੱਈਆਂ ਤੇ ਬਿਨਾਂ ਇਨ੍ਹਾਂ ਨੂੰ ਹੋਰ ਕੋਈ ਨਹੀਂ ਗਾਉਂ ਸੱਕਦਾ। ਇਸ ਦੇ ਦੋ ਪਦ ਤਾਂ ਤਾਨਾਦੀਮ ਤਾਨਾ-ਦੀਮ ਆਦਕ ਪਦਾਂ ਵਿੱਚ ਹੁੰਦੇ ਹਨ, ਅਰ ਤਿਨ੍ਹਾਂ ਤੇ ਬਾਦ ਕੋਈ ਫਾਰਸੀ ਦੀ ਬੈਂਤ ਜਿਹੀਕੁ ਪਿਛੇ ਲਿਖੀ ਹੈ, ਤਿਸ ਦੇ ਗੱਭੇ ਗਾਉਂਦੇ ਹਨ, ਅਰ ਉਸ ਤੇ ਪਿੱਛੋਂ ਫੇਰ ਉਹੀ ਤਾਨਾਦੀਮ ਸੁਰੂ ਕਰਦੇ ਹਨ। ਇਸ ਤਰਾਨੇ ਨੂੰ ਸੁਣਕੇ ਬਜੰਤ੍ਰੀ ਲੋਕ ਜੋ ਰਾਗ ਦੇ ਨਾਲ ਢੋਲਕੀ ਤਬਲੇ ਬਜਾਕੇ ਤਾਲ ਦਿੰਦੇ ਹਨ, ਬਹੁਤ ਚਕਿਤ ਹੁੰਦੇ ਹਨ, ਕਿੰਉਂ ਜੋ ਸਰਗਮ ਅਰ ਤਰਾਨੇ ਦੀ ਰਾਗਣੀ ਨਾਲ ਤਾਲ ਦੇਣਾ ਬਹੁਤ ਔਖਾ ਹੈ, ਕਿਸੀ ਚੰਗੇ ਬਜੰਤ੍ਰੀ ਤੇ ਬਿਨਾਂ ਹੋਰ ਕੋਈ ਬੱਜਾ ਨਹੀਂ ਵਜਾ ਸੱਕਦਾ। ਕੋਈ ਲੋਕ ਸਰਗਮ ਤਰਾਂਨੇ ਨੂੰ ਅਜਿਹੀ ਰੀਤ ਨਾਲ ਗਾਉਂਦੇ ਹਨ, ਜੋ ਬਜੰਤ੍ਰੀ ਦਾ ਹੱਥ ਬੱਜਾ ਬਜਾਉਣੇ ਤੇ ਬੰਦ ਹੋਕੇ ਤਾਲ ਉੱਕ ਜਾਂਦਾ ਹੈ॥

ਵਿਸਨਪਦਾ, ਇਸ ਪਦ ਦਾ ਨਾਉਂ ਹੈ, ਜਿਹਾਕੁ--(ਗੋਵਿੰਦਨਾਮ ਸੁਧਾ ਰਸ ਪੀਜੇ। ਆਲਸ ਤਯਾਗ ਜਾਗਕਰ ਮਾਨਸ ਜਨਮ ਸੁਫਲ ਕਰ ਲੀਜੇ॥ ਗੋਵਿੰਦ॥ ਛਿਨ ਛਿਨ ਹੋਕਰ ਔਧ ਸਿਰਾਨੀ ਜਥਾ ਖ਼ਾਮ ਘਟ ਪਾਨੀ। ਬਾਲੂ ਭੀਤ ਸਮਾਨ ਦੇਹ ਸੁਖ ਤਾ ਮੋ ਮਨ ਨਹਿੰ ਦੀਜੇ॥ ਗੋਵਿੰਦ ॥ ਵਿਖਯਨ ਮੋਂਬਹੁ ਜਨਮ ਬਿਹਾਨੈ ਨਹੀਂ ਰਾਮਸੁਧ ਲੀਨੀ। ਆਨ ਅਚਾਨਕ ਜਮ ਲੇ ਪਕਰੋ ਦੇਖਤ ਹੀ ਸੁਖ ਛੀਜੇ॥ ਗੋਵਿੰਦ॥ ਮਾਤ ਪਿਤਾ ਸੁਤ ਬਨਤਾ ਬਾਂਧਵ ਨੇਹ ਬੰਧੇ ਖ ਪਾਵੇ। ਸਰਧਾ ਸਾਂਤ ਨ ਪਾਵੇ ਕੋਈ ਬਿਨਾ ਰਾਮ ਰਸ ਭੀਜੇ।)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਇਸ ਦਾ ਇਹ ਹੈ, ਕਿ ਸਰਧਾਰਾਮ ਨਾਮੇ ਕਵੀ ਨੇ ਇਸ ਦੇਸ ਦੀ ਰਸਮ ਅਨੁਸਾਰ ਸਭਨਾਂ ਲੋਕਾਂ ਨੂੰ ਉਪਦੇਸ਼ ਕੀਤਾ ਹੈ, ਭਈ ਹੇ ਲੋਕੋ ਪਰਮੇਸੁਰ ਦੇ ਨਾਉਂ ਦਾ ਅੰਮਰਤ ਰਸ ਪੀਓ। ਆਲਸ ਛੱਡਕੇ ਅਤੇ ਅਗਿਆਨ ਦੀ ਨੀਂਦ ਤੇ ਜਾਗਕੇ ਆਪਣੇ ਮਾਣਸਜਨਮ ਨੂੰ ਸੁਫਲ ਕਰਲਵੋ। ਦੇਖੋ ਮਨੁੱਖ ਦੀ ਉਮਰ ਛਿਨ ਛਿਨ ਹੋਕੇ ਬੀਤਦੀ ਜਾਂਦੀ ਹੈ, ਜਿੱਕੁਰ ਕੱਚੇ ਘੜੇ ਵਿੱਚੋਂ ਪਾਣੀ ਚੋਂਦਾ ਮਲੂਮ ਨਹੀਂ ਹੁੰਦਾ, ਤਿੱਕੁਰ ਹੀ ਉਮਰ ਦਿਨੋ ਦਿਨ ਚੋਂਦੀ ਜਾਂਦੀ ਹੈ। ਸ਼ਰੀਰ ਨੂੰ ਰੇਤੇ ਦੀ ਕੰਧ ਵਾਂਙੂ ਸ਼ਤਾਬੀ ਢੈ ਪੈਣੇ ਵਾਲਾ ਜਾਣਕੇ, ਤਿਸ ਵਿੱਚ ਮਨ ਨਾ ਦੇਵੋ। ਫੇਰ ਕਿਹਾ ਹੇ ਲੋਕੋ ਵਿਖਿਆਂ ਵਿੱਚ ਬਹੁਤ ਜਨਮ ਬੀਤ ਗਏ ਹਨ, ਪਰਮੇਸ਼ੁਰ ਵੱਲ ਦੀ ਸੁਧ ਨਹੀਂ ਲਈ, ਸੋ ਵਿਚਾਰੋ ਜਦ ਜਮ ਅਚਾਨਕ ਆਕੇ ਫੜ ਲਵੇਗਾ, ਤਦ ਸਾਰੇ ਸੁਖ ਛਿੱਜ ਜਾਣਗੇ। ਮਾਤਾ, ਪਿਤਾ,ਤੀਮੀ,ਪੁੱਤ ਅਤੇ ਹੋਰਨਾਂ ਸਰਬੰਧੀਆਂ ਦੇ ਨੇਹ ਵਿੱਚ ਬਨ੍ਹਿਆ ਹੋਇਆ ਇਹ ਪ੍ਰਾਣੀ ਦੁੱਖ ਪਾਉਂਦਾ ਹੈ। ਸਰਧਾਰਾਮ ਨਾਮੇ ਕਵੀ ਆਖਦਾ ਹੈ, ਜਿਤਨਾ ਚਿਰ ਕੋਈ ਪਰਮੇ-ਸੁਰ ਦੇ ਰਸ ਵਿੱਚ ਨਹੀਂ ਭਿੱਜਦਾ ਕਦੀ ਸ਼ਾਂਤਿ ਨਹੀਂ ਪਾਉਂਦਾ॥

ਵਿਸਨਪਦੇ ਕੇਈਆਂ ਤਰ੍ਹਾਂ ਦੇ ਹੁੰਦੇ ਹਨ,ਕੋਈ ਤਾਂ ਪਰਮੇਸੁਰਦੀ ਵਡਿ-ਆਈ ਅਤੇ ਆਪਣੇ ਦਾਸ ਭਾਵ ਵਿੱਚ ਹੁੰਦਾ ਅਤੇ ਕੋਈ ਕ੍ਰਿਸ਼ਨ ਜੀ ਅਤੇ ਰਾਮ ਜੀ ਦੀ ਲੀਲਾ ਵਿਖੇ ਅਰ ਕੋਈ ਵਿਰਾਗ ਵਿਖੇ ਹੁੰਦਾ ਹੈ। ਭਾਵੇਂ ਹਰੇਕ ਵਿਸਨ-ਪਦ ਅੱਠਾਂ ਪਦਾਂ ਅਥਵਾ ਚੌਹੁੰ ਪਦਾਂ ਦਾ ਹੀ ਹੁੰਦਾ ਹੈ, ਪਰ ਜੇ ਕੋਈ ਇਸ ਤੇ ਘੱਟ ਵੱਧ ਭੀ ਹੋਵੇ, ਤਾਂ ਕੋਈ ਦੋਸ਼ ਨਹੀਂ ਲਾਉਂਦਾ। ਜੋ ਤੁੱਕ ਵਿਸਨਪਦ ਦੇ ਆਦ ਵਿੱਚ ਹੁੰਦੀ ਹੈ, ਸੋ ਗਾਉਣੇ ਦੇ ਵੇਲੇ ਹਰੇਕ ਪਦ ਤੇ ਪਿੱਛੋਂ ਮੋੜ ਘੇੜ ਕੇ ਗਾਵੀਂ ਜਾਂਦੀ ਹੈ। ਕੋਈ ਕੋਈ ਲੋਕ ਵਿਸਨਪਦਿਆਂ ਨੂੰ ਸ਼ਬਦ ਭੀ ਆਖਦੇ ਹਨ, ਜਿਹਾਕੁ ਨਾਨਕ ਜੀ ਦੇ ਗ੍ਰੰਥ ਵਿੱਚ ਜੋ ਵਿਸਨਪਦੇ ਲਿਖੇ ਹਨ, ਓਹ ਸਭ ਸ਼ਬਦ ਹੀ ਕਹਾਉਂਦੇ ਹਨ। ਪੂਰਬ ਵਿਖੇ ਜੋ ਲੋਕ ਵਿਸਨਪਦੇ ਗਾਉਂਦੇ ਹਨ, ਓਹ ਤਿਨ੍ਹਾਂ ਨੂੰ ਭਜਨ ਨਾਮ ਕਰਕੇ ਆਖਦੇ ਹਨ॥

ਪੰਜਾਬ ਦੇਸ ਅਰ ਹਿੰਦੁਸਤਾਨ ਵਿੱਚ ਜਿਤਨੇ ਗੀਤ ਹਨ, ਸੋ ਸਭ ਇਸ਼ਕ ਮੁਸ਼ਕ ਦੇ ਬਿਆਨ ਵਿੱਚ ਹੀ ਹਨ,ਕੋਈ ਤਾਂ ਤੀਮੀਆਂ ਵੱਲੋਂ ਮਨੁੱਖਾਂ ਦੇ ਬਿਛੋੜੇ ਦਾ ਦੁੱਖ ਗਾਉਂਦਾ ਅਰ ਕੇਈ ਮਨੁੱਖਾਂ ਵੱਲੋਂ ਤੀਮੀਆਂ ਦੇ ਗੀਤ ਸੁਣਾਉਂਦਾ ਹੈ। ਗੱਲ ਕਾਹਦੀ, ਟੱਪਾ, ਖਿਆਲ, ਧਰਪਦ ਆਦਕ ਜੋ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਵਿਆਂ ਜਾਂਦਾ ਹੈ, ਸਭ ਇਸ਼ਕ ਵਿੱਚ ਭਰਿਆ ਹੋਇਆ ਹੁੰਦਾ ਹੈ। ਹਾਂ, ਜੇ ਕੋਈ ਵਿਸਨਪਦ ਗਾਵਿਆਂ ਜਾਵੇ, ਤਾਂ ਭਾਵੇਂ ਕਿਸੇ ਮਤ ਦਾ ਹੋਵੇ, ਪਰ ਪਰਮੇਸੁਰ ਦੀ ਭਗਤੀ ਉਸ ਵਿੱਚ ਜਰੂਰ ਬਿਆਨ ਹੁੰਦੀ ਹੈ। ਅਰ ਉਸ ਨੂੰ ਸੁਣਕੇ ਲੋਕਾਂ ਦਾ ਪ੍ਰੇਮ ਕੁਝ ਨਾ ਕੁਝ ਪਰਮੇਸੁਰ ਵੱਲ ਜਰੂਰ ਲੱਗ ਜਾਂਦਾ ਹੈ ॥

ਇਸ ਦੇਸ ਵਿਖੇ ਚੰਗੇ ਲੋਕ ਤਾਂ ਸਭ ਇਸੀ ਤਰ੍ਹਾਂ ਦੇ ਰਾਗ ਅਤੇ ਰਾਗਣੀਆਂ ਗਾਉਂਦੇ ਹਨ, ਪਰ ਗੁਆਰ ਲੋਕ ਜੋ ਰਾਗ ਵਿੱਦਿਆ ਨੂੰ ਨਹੀਂ ਜਾਣਦੇ, ਉਨ੍ਹਾਂ ਦੇ ਗੀਤ ਅਤੇ ਪਦ ਬਹੁਤ ਮੋਟੇ ਅਰ ਨਿਰਾਲੇ ਹਨ। ਗੀਤ ਜੋ ਇਸ ਦੇਸ ਦੇ ਸਾਰੇ ਲੋਕਾਂ ਵਿੱਚ ਗਾਵੇਂ ਜਾਂਦੇ ਹਨ, ਭਾਵੇਂ ਓਹ ਅੱਤ ਬੇਹਿਆਈ ਦੇ ਭਰੇ ਹੋਏ ਹੋਣੇ ਦੇ ਸਬੱਬ ਇੱਥੇ ਲਿਖਣੇ ਜੋਗ ਨਹੀਂ, ਪਰ ਕੋਈ ਕੋਈ ਪਦ ਜੋ ਪਰਗਟ ਵਿੱਚ ਬੁਰਾ ਨਹੀਂ ਇੱਥੇ ਲਿਖਦਾ ਹਾਂ। ਇਸ ਦੇਸ ਵਿੱਚ ਜਿਤਨੇ ਗੀਤ ਹਨ, ਓਹ ਨਿਰੇ ਇਸ਼ਕਮੁਸ਼ਕ ਦੀਆਂ ਗੱਲਾਂ ਨਾਲ ਲੱਦੇ ਹੋਏ ਹਨ। ਬਹੁਤ ਲੋਕ ਇਸ ਦੇਸ ਵਿੱਚ ਪੰਜਾਬੀ ਬੋਲੀ ਵਿਖੇ ਬੈਂਤਾਂ ਗਾਉਂਦੇ ਹਨ, ਕਿ ਜੋ ਅਲਫ ਤੇ ਲੈਕੇ ਯੇ ਤਕ ਫਾਰਸੀ ਅਖਰਾਂ ਪੁਰ ਰਚੀਆਂ ਹੋਈਆਂ ਹੁੰਦੀਆਂ ਹਨ। ਇਸ ਬੈਂਤ ਨਾਮੇ ਛੰਦ ਦੇ ਚਾਰ ਪਦ ਹੁੰਦੇ ਹਨ । ਜਿਹਾਕੁ—(ਅਲਫ ਆਉ ਪਿਆਰੇ ਦੇਖੀਂ ਹਾਲ ਮੇਰਾ ਮੈਂ ਤਾਂ ਕੂੰਜ ਵਾਂਙੂ ਕੁਰਲਾਉਂਦੀ ਹਾਂ। ਮੇਰੇ ਨੈਣ ਤਰਸਣ ਤੇਰੇ ਦੇਖਣੇ ਨੂੰ ਦਿਨੇ ਰਾਤ ਮੈਂ ਕਾਗ ਉਡਾਉਂਦੀ ਹਾਂ। ਤੇਰੇ ਰਾਹ ਦੀ ਵੱਲ ਮੈਂ ਖੜੀ ਦੇਖਾਂ ਅੱਠੇ ਪਹਿਰ ਮੈਂ ਔਸੀਆਂ ਪਾਉਂਦੀ ਹਾਂ। ਕਦੀ ਆਉ ਜਾਨੀ ਗਲ ਲਗ ਮੇਰੇ ਤੇਰੇ ਨਾਮ ਨੂੰ ਸਦਾ ਧਿਆਉਂਦੀ ਹਾਂ।)

ਅਰਥ ਇਸ ਦਾ ਪਰਗਟ ਹੈ, ਜੋ ਕਿਸੀ ਤੀਮੀਂ ਨੇ ਆਪਣੇ ਭਰਤੇ ਦੇ ਵਿਛੋੜੇ ਵਿੱਚ ਆਪਣਾ ਦੁੱਖ ਫੋਲਿਆ ਹੈ ॥

ਬੈਂਤਾਂ ਭਾਵੇਂ ਕੈਈ ਤਰ੍ਹਾਂ ਦੀਆਂ ਹੁੰਦੀਆਂ ਹਨ, ਪਰ ਇਕ ਡੂਢੀ ਬੈਂਤ ਹੁਣ ਪੰਜਾਬ ਵਿੱਚ ਬਹੁਤ ਗਾਵੀਂ ਜਾਂਦੀ ਹੈ; ਜਿਹਾਕੁ—(ਅਲਫ ਅਸਾਨੂੰ ਆ ਮਿਲ ਜਾਨੀਂ ਕਿਉਂ ਮੈਂ ਮਨੋ ਭੁਲਾਈ, ਸੁਧ ਬਿਸਰਾਈ। ਓਸ ਘੜੀ ਨੂੰ ਮੈਂ ਪਛਤਾਵਾਂ ਜਦ ਮੈਂ ਪ੍ਰੀਤ ਲਗਾਈ, ਹੋਇ ਸੁਦਾਈ। ਮੇਰੀ ਜਾਨ ਦੁਖਾਂ ਨੇ ਘੇਰੀ ਜਦ ਤੇ ਬਣੀ ਜੁਦਾਈ, ਅਤ ਦੁਖਦਾਈ । ਮੈਂ ਬਲਿਹਾਰ ਆਉ ਘਰ ਮੇਰੇ ਹੁਣ ਨਾ ਕਰੀਂ ਪਰਾਈ, ਜੋ ਲੜ ਲਾਈ।)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਇਸ ਦਾ ਪਰਗਟ ਹੈ, ਭਈ ਇੱਕ ਤੀਮੀਂ ਨੇ ਆਪਣੇ ਗੁੱਸੇ ਹੋਏ ਹੋਏ ਭਰਤੇ ਨੂੰ ਆਖ ਭੇਜਿਆ ਹੈ, ਕਿ ਮੈਂਨੂੰ ਸ਼ਤਾਬੀ ਆ ਮਿਲ ॥

ਇਸ ਮੁਲਖ ਵਿੱਚ ਇੱਕ ਢੋਲਾ ਨਾਮੇ ਗੀਤ ਹੈ; ਜਿਹਾਕੁ—(ਮੇਰੀ ਕੱਤਣੀ ਦੇ ਵਿੱਚ ਚੌਂਕ ਹੈ। ਮੈਂਨੂੰ ਪੀਆ ਦੇ ਮਿਲਨ ਦਾ ਸ਼ੌਂਕ ਹੈ। ਜਿੰਦ ਪਈ ਤਰਸਦੀ ਢੋਲਾ ॥)

ਢੋਲਾ ਕੋਈ ਕੋਈ ਅਜਿਹਾ ਭੀ ਹੁੰਦਾ ਹੈ, ਜੋ ਉਸ ਦਾ ਅਰਥ ਕੁਝ ਸਮਝ ਨਹੀਂ ਪੈਂਦਾ ਨਿਰਾ ਲੰਬੀ ਲੈ ਨਾਲ ਗਾਉਂਣੇ ਦੇ ਸਬਬ ਗਾਉਂਣੇ ਦੇ ਵੇਲੇ ਚੰਗਾ ਲਗਦਾ ਹੈ ॥

ਫੇਰ ਇਸ ਦੇਸ ਵਿੱਚ ਇੱਕ ਸੱਦ ਨਾਮ ਕਰਕੇ ਗੀਤ ਉੱਘਾ ਹੈ। ਜਿ-ਮੀਂਦਾਰਾਂ ਦੇ ਮੁੰਡੇ ਇਸ ਨੂੰ ਬਹੁਤ ਗਾਉਂਦੇ ਹਨ, ਇਹ ਗੀਤ ਬਹੁਤ ਕਰਕੇ ਸੱਸੀ ਪੁੰਨੂੰ ਅਤੇ ਮਿਰਜ਼ਾ ਸਾਹਬਾਂ ਦੇ ਹਾਲ ਵਿੱਚ ਗਾਵਿਆਂ ਜਾਂਦਾ ਹੈ, ਜੋ ਇਸ ਮੁਲਖ ਦੇ ਨੇੜੇ ਤੇੜੇ ਹੀ ਆਸ਼ਕ ਮਸ਼ੂਕ ਬਣਕੇ ਪ੍ਰਾਣ ਖੋ ਗਏ ਹਨ। ਸੱਦ ਇਸ ਨੂੰ ਆਖਦੇ ਹਨ; ਜਿਹਾਕੁ—(ਸੁਣ ਪੁੰਨੂੰ ਦੇ ਦੁੱਖ ਨੂੰ ਸੱਸੀ ਨੀ ਮੈਂ ਆਪੇ ਮੌਤ ਕਬੂਲੀ। ਪੀ ਸ਼ਰਾਬ ਮੈਂ ਕੇਚਮ ਪਹੁੰਚਾਂ ਮੇਰੀ ਸੁਧ ਬੁਧ ਸੱਭੋ ਭੂਲੀ। ਦੇਹ ਦਿਦਾਰ ਹੁਣ ਡੁੱਬਦੇ ਮੈਂਨੂੰ ਇਸ਼ਕ ਅਨ੍ਹੇਰੀ ਝੂਲੀ। ਮੈਂ ਅਣਜਾਣ ਨ ਬੋਲਣ ਜਾਣਾ ਮੈਂਨੂੰ ਇਸ਼ਕ ਚੜ੍ਹਾਇਆ ਸੂਲੀ)।

ਇਸ ਦਾ ਇਹ ਮਤਲਬ ਹੈ, ਜੋ ਸੱਸੀ ਨਾਮੇ ਇੱਕ ਸ਼ਾਹਜ਼ਾਦੀ ਦੇ ਪਾਸ ਪੁੰਨੂੰ ਨਾਮੇ ਇੱਕ ਕੇਚਮ ਸ਼ਹਿਰ ਦਾ ਬਲੋਚ ਜੋ ਸੱਸੀ ਦਾ ਮਿਤ੍ਰ ਸਾ ਆ ਰਿਹਾ। ਉਸ ਦੇ ਭਰਾਵਾਂ ਨੇ ਸ਼ਰਾਬ ਦੇ ਨਸ਼ੇ ਨਾਲ ਬਿਹੋਸ਼ ਕਰਕੇ ਉਸ ਨੂੰ ਕੇਚਮ ਸ਼ਹਿਰ ਲੈ ਆਂਦਾ ਸਾ, ਜਾਂ ਪੁੰਨੂੰ ਨੂੰ ਸੁਧ ਆਈ, ਤਾਂ ਰੋ ਰੋਕੇ ਸੱਸੀ ਵੱਲ ਨੱਠਾ,ਅਰ ਉਸ ਤਰ੍ਹਾਂ ਦਾ ਗੀਤ ਜੋ ਉੱਪਰ ਲਿਖਿਆ ਹੈ ਗਾਉਂਣ ਲੱਗਾ। ਓੜਕ ਰਸਤੇ ਵਿੱਚ ਆਕੇ ਇੱਕ ਥਾਂ, ਕਿ ਜਿੱਥੇ ਸੱਸੀ ਦੀ ਕਬਰ ਹੋ ਗਈ ਸੀ ਮਰ ਗਿਆ ਸਾ ॥

ਮਿਰਜ਼ੇ ਸਾਹਬਾਂ ਦੀਆਂ ਸੱਦਾਂ ਇਸ ਤਰ੍ਹਾਂ ਹਨ; ਜਿਹਾਕੁ—(ਬਸ ਬੇ ਭਾਈਓ ਕਮਲਿਓ ਮੇਰੇ ਮਿਰਜ਼ੇ ਨੂੰ ਨਾ ਮਾਰੋ। ਮਿਰਜ਼ਾ ਮੇਰਾ ਹੱਥ ਟੁੰਡੇ ਦਾ ਇਸ ਦਾ ਮਰਨਾ ਮਨ ਨਾ ਧਾਰੋ। ਜੇ ਮਿਰਜ਼ੇ ਨੂੰ ਮਾਰਨ ਲੱਗੋ ਤਾਂ ਪਹਿਲਾਂ ਮੈਂਨੂੰ ਕੋਹੋ। ਮੈਂ ਸਾਈਂ ਵੱਲ ਤੇ ਬਰ ਪਾਇਆ ਮੇਰਾ ਦਿਲੀ ਸੁਹਾਗ ਨਾ ਖੋਹੋ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਤਲਬ ਇਸ ਦਾ ਇਹ ਹੈ, ਕਿ ਮਿਰਜ਼ਾ ਨਾਮੇ ਕੋਈ ਮਨੁੱਖ ਆਪਣੀ ਸਾਹਬਾਂ ਨਾਮੇ ਸਹੇਲੀ ਨੂੰ ਘਰੋਂ ਕੱਢਕੇ ਨੱਠ ਗਿਆ ਸਾ। ਜਾਂ ਰਸਤੇ ਵਿੱਚ ਆਕੇ ਇੱਕ ਜੰਡ ਦੇ ਹੇਠ ਸੁੱਤਾ ਅਰ ਸਾਹਬਾਂ ਆਪਣੇ ਕੋਲ ਬਠਾਲੀ,ਤਾਂ ਪਿੱਛੋਂ ਸਾਹਬਾਂ ਦੇ ਭਿਰਾ ਆਕੇ ਮਿਰਜ਼ੇ ਨੂੰ ਜਾਨੋਂ ਮਾਰਨ ਲੱਗੇ। ਉਸ ਵੇਲੇ ਸਾਹਬਾਂ ਨੇ ਆਪਣੇ ਭਰਾਵਾਂਨੂੰ ਇਹ ਗੱਲ ਆਖੀ,ਜੋ ਲੋਕ ਉਸ ਉੱਪਰਲੀਸੱਦ ਵਿੱਚ ਗਾਉਂਦੇ ਹਨ॥

ਬਹੁਤ ਲੋਕ ਇਸ ਮੁਲਖ ਵਿੱਚ ਹੀਰ ਰਾਂਝੇ ਦੇ ਗੀਤ ਗਾਉਂਦੇ ਹਨ; ਜਿਹਾਕੁ—(ਨੀ ਮਾਏ ਇੱਕ ਨੌਕੁਰ ਰਹਿੰਦਾ ਤੂੰ ਆਖੇਂ ਤਾਂ ਰੱਖ ਲਈਏ। ਨਾ ਕੰਮਚੋਰ ਨਾ ਸਖ਼ਤ ਜੁਬਾਨੋ ਜੋ ਕਹੀਏ ਸੋ ਕਹੀਏ। ਮੰਝੀਂ ਚਾਰੇ ਜਾਇ ਕਨਾਰੇ ਉਹਦੀ ਮਿੰਨਤ ਮੂਲ ਨਾ ਕਰੀਏ। ਲਾਖ ਟਕਾ ਕੁਰਬਾਨ ਮਾਹੀ ਪੁਰ ਸਿਰ ਸੱਦਕ ਕਰ ਧਰੀਏ)।

ਅਰਥ ਇਸਦਾ ਇਹ ਹੈ, ਕਿ ਰਾਂਝਾ ਨਾਮੇ ਜੱਟ ਇੱਕ ਹੀਰ ਨਾਮੇ ਜੱਟੀ ਦਾ ਸਹੇਲਾ ਸਾ, ਓਹ ਦੋਵੇਂ ਆਪਸ ਵਿੱਚੀਂ ਸਦਾ ਇੱਕ ਜਗਾ ਕੱਠੇ ਰਹਿਣਾ ਚਾਹੁੰਦੇ ਸੇ, ਇੱਕ ਦਿਨ ਹੀਰ ਨੇ ਆਪਣੀ ਮਾਂ ਨੂੰ ਆਖਿਆ, ਕਿ ਹੇ ਮਾਈ ਇੱਕ ਆਦਮੀ ਸਾਡੇ ਘਰ ਨੌਕੁਰ ਰਹਿਣਾ ਚਾਹੁੰਦਾ ਹੈ, ਜੇ ਤੂੰ ਆਖੇਂ ਤਾਂ ਉਸ ਨੂੰ ਰੱਖ ਲਈਏ। ਫੇਰ ਉਸ ਦੀ ਵਡਿਆਈ ਕਰਨ ਲੱਗੀ, ਕਿ ਉਹ ਨੌਕਰ ਨਾ ਤਾਂ ਕੰਮਚੋਰ ਹੈ, ਅਰ ਨਾ ਕਦੀ ਕਿਸੀ ਨੂੰ ਕੁਝ ਆਪਣੀ ਜੀਭ ਤੇ ਕਰੜਾ ਵਾਕੁ ਆਖਦਾ ਹੈ, ਸਗੋਂ ਉਹ ਅਜਿਹਾ ਨਰਮ ਹੈ, ਕਿ ਅਸੀਂ ਭਾਵੇਂ ਜੋ ਚਾਹੀਏ ਸੋ ਤਿਸ ਨੂੰ ਆਖ ਲਈਏ, ਪਰ ਉਹ ਬੁਰਾ ਨਹੀਂ ਮੰਨਦਾ। ਫੇਰ ਕਿਹਾ ਉਹ ਕਿਤੇ ਕਨਾਰੇ ਜਾਕੇ ਸਾਡੀਆਂ ਮਹੀਆਂ ਆਪੇ ਚਾਰ ਲਿਆਇਆ ਕਰੇਗਾ, ਹੋਰਨਾਂ ਨੌਕੁਰਾਂ ਵਾਂਙੂ ਉਸਦੀ ਮਿੰਨਤ ਕਰਨੀ ਨਹੀਂ ਪਵੇਗੀ। ਅਜਿਹੇ ਚੰਗੇ ਨੌਕੁਰ ਪੁਰ ਜੇ ਲੱਖ ਟਕਾ ਕੁਰਬਾਨ ਕਰਕੇ ਭੀ ਆਪਣੇ ਪਾਸ ਰੱਖੀਏ ਤਾਂ ਚੰਗਾ ਹੈ, ਕਿਉਂਜੋ ਉਹਦੇ ਵਿੱਚ ਖੋਟ ਕਾਈ ਨਹੀਂ, ਤਨ ਮਨ ਤੇ ਟਹਿਲ ਕਰਨ ਵਾਲਾ ਹੈ॥

ਬਹੁਤ ਲੋਕ ਇਸ ਦੇਸ ਵਿੱਚ ਹਿੰਦੂ ਹੋਣ ਭਾਵੇਂ ਮੁਸਲਮਾਨ ਪਰ ਸੁਲ-ਤਾਨ ਦੀ ਵਡਿਆਈ ਵਿੱਚ ਭੀ ਜੋ ਲੱਖਦਾਤਾ ਕਹਾਉਂਦਾ ਹੈ, ਕੈਈ ਤਰ੍ਹਾਂ ਦੇ ਗੀਤ ਗਾਉਂਦੇ ਹਨ;ਜਿਹਾਕੁ—(ਹੱਥ ਕਟੋਰਾ ਤੇਲ ਦਾ, ਮੇਰਾ ਪੀਰ ਪੀਰਾਂ ਵਿੱਚ ਖੇਲਦਾ, ਮੈਂ ਵਾਰੀ ਪੀਰਾ ਹੇ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਤਲਬ ਇਸ ਦਾ ਇਹ ਹੈ, ਜੋ ਇਸ ਦੇ ਗਾਉਣੇ ਵਾਲੇ ਲੋਕ, ਹੱਥ ਕਟੋਰਾ ਤੇਲ ਦਾ, ਆਦਕ ਪਦ ਜੋੜਕੇ ਜੋ ਜਿਨ੍ਹਾਂ ਦਾ ਮਤਲਬ ਕੁਝ ਨਹੀਂ ਨਿੱਕਲਦਾ ਕੋਈ ਨਾ ਕੋਈ ਮਨ ਭਾਉਂਦਾ ਪਦ ਉਸ ਦੇ ਨਾਲ ਮੇਲਕੇ ਇੱਕ ਲੰਬੀ ਹੇਕ ਨਾਲ ਗਾਉਣੇ ਲਾਇਕ ਗੀਤ ਜਿਹਾ ਬਣਾ ਲੈਂਦੇ ਹਨ, ਪਰ ਹੋਰ ਬਰੀਕ ਅਰਥ ਇਸ ਵਿੱਚੋਂ ਕੁਝ ਨਹੀਂ ਨਿੱਕਲਦਾ। ਇਸੀ ਤਰ੍ਹਾਂ ਹੋਰ ਭੀ ਜਿੱਥੇ ਕਿਤੇ ਕੋਈ ਕਿਸੀ ਪੀਰ ਫਕੀਰ ਦੀ ਖਾਨਗਾਹ ਹੋਵੇ, ਉੱਥੇ ਜਾਕੇ ਇਹੋ ਜਿਹੇ ਹੀ ਮਨਕਥੇ ਗੀਤ ਜੋੜ ਲੈਂਦੇ ਹਨ; ਜਿਹਾਕੁ—(ਪੀਰ ਤੇਰੇ ਰੌਜੇ ਪਰ ਅਜਬ ਬਹਾਰ ਹੈ। ਜੋ ਕੋਈ ਤੇਰੇ ਮੇਲੇ ਆਵੇ ਉਹ ਦਾ ਬੇੜਾ ਪਾਰ ਹੈ। ਪੀਰ ਤੇਰੇ ਰੌਜੇ ਪੁਰ ਘੁੱਗੀਆਂ ਦਾ ਜੋੜਾ। ਜੋ ਕੋਈ ਤੇਰੇ ਮੇਲੇ ਆਵੇ ਤਿਸ ਨੂੰ ਕਾਹਦਾ ਤੋੜਾ। ਪੀਰ ਤੇਰੇ ਰੌਜੇ ਪੁਰ)॥

ਜੋ ਲੋਕ ਇਸ ਦੇਸ ਵਿੱਚੋਂ ਜੁਆਲਾ ਮੁਖੀ ਆਦਕ ਦੇਵੀਆਂ ਦੇ ਦਰਸਣ ਨੂੰ ਜਾਂਦੇ ਹਨ, ਓਹ ਜੋ ਕੁਝ ਦੇਵੀ ਜੀ ਦੀ ਵਡਿਆਈ ਵਿਖੇ ਗੀਤ ਗਾਉਂਦੇ ਹਨ, ਉਸ ਗੀਤ ਨੂੰ ਦੇਵੀ ਦੀ ਭੇਟ ਆਖਦੇ ਹਨ। ਜਿਹਾਕੁ—(ਮੈਂ ਆਵਾਂ ਚਰਨਾਂ ਪਾਸ, ਹੱਥ ਜੋੜਕੇ ਕਰਾਂ ਬੇਨਤੀ ਸੁਣ ਮੇਰੀ ਅਰਦਾਸ। ਵਿੱਚ ਪਹਾੜਾਂ ਆਸਣ ਤੇਰਾ ਸੰਤ ਬੋਲਣ ਜੈ ਜੈ ਕਾਰੇ । ਸਭ ਦੀ ਕਰੇਂ ਭਾਉਣੀ ਪੂਰੀ ਭਰੇ ਰਹਿਣ ਭੰਡਾਰੇ। ਮੈਂ ਆਵਾਂ ਚਰਨਾਂ ਪਾਸ। ਗਰੀ ਛੁਹਾਰੇ ਧਜਾ ਲਲੇਰਾ ਪਹਿਲੀ ਭੇਟ ਚੜ੍ਹਾਵਾਂ। ਆਦ ਕੁਆਰੀ ਦੁਰਗੇ ਹੈਂ ਤੂੰ ਤੈਨੂੰ ਸੀਸ ਨਿਵਾਵਾਂ। ਮੈਂ ਆਵਾਂ ਚਰਨਾਂ ਪਾਸ। ਨੰਗੀਂ ਪੈਰੀਂ ਤੇਰੇ ਅਕਬਰ ਆਇਆ ਤਿਸ ਦਾ ਮਾਣ ਘਟਾਇਆ। ਹੱਥ ਜੋੜਕੇ ਚਰਣੀਂ ਲੱਗਾ ਸੋਨੇ ਛਤਰ ਚੜ੍ਹਾਇਆ। ਮੈਂ ਆਵਾਂ ਚਰਨਾਂ ਪਾਸ)।

ਅਰਥ ਇਸ ਦਾ ਪਰਗਟ ਹੈ, ਦੇਵੀ ਦੀਆਂ ਜਿਤਨੀਆਂ ਭੇਟਾਂ ਹਨ, ਸਭ ਦਾ ਪਹਿਲਾ ਪਦ ਵਿਸਨਪਦਿਆਂ ਵਾਂਙੂ ਹਰੇਕ ਪਦ ਦੇ ਪਿੱਛੋਂ ਬਾਰ ਬਾਰ ਗਾਵੀਂ-ਦਾ ਹੈ; ਜਿਹਾਕੁ—(ਮੈਂ ਆਵਾਂ ਚਰਨਾਂ ਪਾਸ)ਇਹ ਪਦ ਬਾਰ ਬਾਰ ਲਿਖਿਆ ਹੈ॥

ਹਿੰਦੂ ਲੋਕ ਜੋ ਪੂਜਾ ਤੇ ਪਿੱਛੋਂ ਆਪਣਿਆਂ ਦੇਵਤਿਆਂ ਦੇ ਸਾਹਮਣੇ ਬਹੁਤ ਬਾਜੇ ਬਜਾਕੇ ਕੁਝ ਗੀਤ ਗਾਉਂਦੇ ਹਨ, ਸੋ ਗੀਤ ਆਰਤੀ ਨਾਮ ਕਰਕੇ ਪਰਗਟ ਹੈ, ਅਤੇ ਓਹ ਲੋਕ ਹਰੇਕ ਦੇਵਤੇ ਦੀ ਆਰਤੀ ਜੁਦੀ ਜੁਦੀ ਗਾਉਂਦੇ ਹਨ, ਜਿਹਾਕੁ ਗੰਗਾ ਜੀ ਦੀ ਆਰਤੀ ਇਹ ਹੈ; ਕਿ—(ਜੈ ਗੰਗਾ ਮਾਈ । ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨ ਤੇਰਾ ਦਰਸਨ ਪਾਵੇ ਪਾਪ ਨਾ ਰਹਿਸੀ ਰਾਈ । ਜੈ ਗੰਗਾ ਮਾਈ। ਤਨ ਮਨ ਧਨ ਤੇ ਸਿਮਰਾਂ ਤੈਨੂੰ ਤੂੰ ਜਗ ਵਿੱਚ ਸੁਖਦਾਈ। ਜੋ ਜਨ ਤੇਰਾ ਧਿਆਨ ਕਰਤ ਹੈ, ਮਿਟੇ ਪਾਪ ਕੀ ਛਾਈ। ਜੈ ਗੰਗਾ ਮਾਈ। ਬ੍ਰਹਮਾ ਵਿਸਨ ਮਨਾਵੇ ਤੈਨੂੰ ਸ਼ੰਕਰ ਸੀਸ ਟਿਕਾਈ। ਸਰਬ ਜਗਤ ਦੇ ਪਾਪ ਹਰਨ ਨੂੰ ਤੂੰ ਧਰਤੀ ਪੁਰ ਆਈ। ਜੈ ਗੰਗਾ ਮਾਈ। ਹੋਰ ਪਾਪ ਸਭ ਦੁੱਖ ਨਿਵਾਰੋ ਮਨ ਦੀ ਹਰੋ ਬੁਰਾਈ। ਦਿਨ ਦਿਨ ਤੇਰੇ ਚਰਨ ਕਮਲ ਵਿੱਚ ਭਗਤੀ ਵਧੀ ਸੁਆਈ। ਜੈ ਗੰਗਾ ਮਾਈ)।

ਅਰਥ ਇਸ ਦਾ ਪਰਗਟ ਹੈ, ਪਰ ਅਜਿਹੀਆਂ ਆਰਤੀਆਂ ਬਹੁਤ ਕਰਕੇ ਤੀਮੀਆਂ ਗਾਉਂਦੀਆਂ ਹੁੰਦੀਆਂ ਹਨ॥

ਹੁਣ ਜੱਟ ਲੋਕ ਜੋ ਨਗੋਜਿਆਂ ਵਿੱਚ ਗਾਉਂਦੇ ਹਨ, ਓਹ ਗੀਤ ਏਹ ਹਨ; ਜਿਹਾਕੁ—(ਤੇਰੀ ਭਰੀ ਜੁਆਨੀ ਬੇ ਰੰਝੇਟਿਆ ਜਿਉਂ ਗੰਨੇ ਦੀ ਪੋਰੀ। ਹੋਈ ਤੇਰੀ ਮੇਰੀ ਬੇ ਰੰਝੇਟਿਆ ਹੀਰੇ ਲਾਲਾਂ ਦੀ ਜੋੜੀ। ਮੈਂ ਪਈ ਉਡੀਕਾਂ ਬੇ ਰੰਝੇਟਿਆ ਪਈ ਪ੍ਰੀਤ ਦੀ ਡੋਰੀ। ਤੇਰੇ ਬਲਬਲ ਜਾਵੇ ਬੇ ਰੰਝੇਟਿਆ ਪਲਪਲ ਰਾਧਾਂ ਗੋਰੀ)।

ਅਰਥ ਇਹ ਹੈ ਕਿ ਕੋਈ ਆਖਦਾ ਹੈ, ਇਹ ਗੀਤ ਹੀਰ ਵੱਲੋਂ ਰੰਝੇਟੇ ਅਰਥਾਤ ਰਾਂਝੇ ਨੂੰ ਕਿਹਾ ਗਿਆ ਹੈ। ਅਰ ਕੈਈ ਲੋਕ ਕਹਿੰਦੇ ਹਨ, ਕਿ ਇਹ ਰਾਧਾਂ ਵਲੋਂ ਸ੍ਰੀ ਕ੍ਰਿਸ਼ਨ ਜੀ ਨੂੰ ਆਖਿਆ ਹੋਇਆ ਹੈ॥

ਹੋਰ ਰਾਗ ਜੱਟਾਂ ਦਾ ਇਹ ਹੈ; ਜਿਹਾਕੁ—(ਕੱਚੇ ਤਲਾਓ ਦੀਆਂ ਪੱਕੀਆ ਪੌੜੀਆਂ ਗੜਵਾ ਭਰ ਲਿਆ ਪਾਣੀ ਦਾ। ਜਾਂਦੇ ਫਕੀਰ ਨੇ ਕੁਝ ਨਾ ਦੇਖਿਆ ਜੋਬਨ ਲੁੱਟ ਲਿਆ ਨਿਆਣੀ ਦਾ)॥

ਹੋਰ ਰਾਗ ਜੱਟਾਂ ਦਾ ਜੋ ਮੁੰਡੇ ਗਾਉਂਦੇ ਹਨ; ਜਿਹਾਕੁ—(ਛੱਡੀਂ ਛੱਡੀਂ ਬੇ ਮਹਿਰਮਾਂ ਲੜ ਮੇਰਾ। ਮੈਂ ਤਾਂ ਕਦੀ ਨਾ ਡਿੱਠੜਾ ਦਰ ਤੇਰਾ। ਨਾ ਮੈਂ ਜਾਣਦੀ ਨਾ ਮੈਂ ਪਛਾਣਦੀ ਤੈਂ ਕਿੱਥੋਂ ਆਣਕੇ ਪਾਇਆ ਝੇੜਾ। ਛੱਡੀਂ ਛੱਡੀ ਬੇ ਮਹਿਰਮਾਂ ਲੜ ਮੇਰਾ)॥

ਹੋਰ ਰਾਗ ਜੱਟਾਂ ਦਾ ਇਹ ਹੈ; ਜਿਹਾਕੁ—(ਵਗਦੀ ਵਗਦੀ ਰਾਵੀ ਵਿੱਚ ਘੁੱਗੀਆਂ ਦਾ ਜੋੜਾ। ਇਕ ਘੁੱਗੀ ਉੱਡ ਗਈ ਪੈ ਗਿਆ ਵਿਛੋੜਾ)॥

ਹੋਰ ਗੀਤ ਜੋ ਜੱਟ ਲੋਕ ਮੇਲਿਆਂ ਵਿਚ ਗਾਉਂਦੇ ਹਨ ਇਹ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹਾਕੁ—(ਮੈਂ ਰਮਜਾਂ ਤੇਰੀਆਂ ਸਮਝਾਂ ਡਰਦੀ ਨਾ ਕੁੰਡਾ ਖੋਲਦੀ। ਘੜੀਘੜੀ ਆਵੇਂ ਤੂੰ ਫੇਰੀਆਂ ਪਾਵੇਂ ਤੈਨੂੰ ਡਰ ਨਹੀਂ ਰਾਈ। ਜੇ ਮੈਂ ਆਖਾਂ ਆਪਣੇ ਕੌਂਤ ਨੂੰ ਸਭ ਭੁੱਲ ਜਾਵੇ ਚਤੁਰਾਈ। ਮੈਂ ਰਮਜਾਂ ਤੇਰੀਆਂ ਸਮਝਾਂ ਡਰਦੀ ਨਾ ਕੁੰਡਾ ਖੋਲਦੀ)॥

ਇਸਦਾ ਅਰਥ ਇਹ ਹੈ ਕਿ ਕਿਸੀ ਤੀਮੀਂ ਦੇ ਪਾਸ ਕੋਈ ਬੁਰਾ ਆਦਮੀ ਜਾਕੇ ਆਖਣ ਲੱਗਾ,ਕਿ ਕੁੰਡਾ ਖੋਲ। ਉਸ ਨੇਕ ਤੀਮੀਂ ਨੇ ਤਿਸਦੀ ਇਹ ਗੱਲ ਸਮਝਕੇ, ਕਿ ਖਰੂਦ ਪਾਉਂਣਾ ਚਾਹੁੰਦਾ ਹੈ, ਆਖਿਆ ਕਿ ਮੈਂ ਤੇਰੀਆਂ ਰਮਜਾਂ ਨੂੰ ਸਮਝਦੀ ਹਾਂ, ਇਸੀ ਸਬੱਬ ਡਰਦੀ ਕੁੰਡਾ ਨਹੀਂ ਖੋਲਦੀ। ਤੂੰ ਜੋ ਘੜੀ ਘੜੀ ਆਕੇ ਫੇਰੀਆਂ ਪਾਉਂਦਾ ਹੈਂ, ਕਿਆ ਤੈਨੂੰ ਕਿਸੀ ਦਾ ਡਰ ਨਹੀਂ ਲੱਗਦਾ ਹੈ? ਵੇਖ! ਜੇ ਮੈਂ ਆਪਣੇ ਭਰਤੇ ਪਾਸ ਤੇਰੀ ਕਰਤੂਤ ਦੱਸਾਂਗੀ, ਤਾਂ ਉਹ ਤੈਨੂੰ ਅਜਿਹਾ ਮਾਰੂਗਾ, ਜੋ ਤੇਰੀ ਸਬ ਚਤੁਰਾਈ ਭੁੱਲ ਜਾਵੇਗੀ॥

ਹੋਰ ਗੀਤ ਜੋ ਤੀਮੀਆਂ ਗਾਉਂਦੀਆਂ ਹਨ ਇਹ ਹੈ; ਜਿਹਾਕੁ--(ਪਿੱਪਲ ਦਿਆ ਪੱਤਾ ਬੇ ਕੇਹੀ ਖੜ ਖੜ ਲਾਈ। ਮੇਰਾ ਕੌਂਤ ਪਰਦੇਸੀ ਬੇ ਕੁਝ ਖਬਰ ਨਾ ਆਈ। ਮੈਂ ਪਈ ਉਡੀਕਾ ਬੇ ਉਨ ਖਬਰ ਨਾ ਘੱਲੀ। ਮੈਂ ਬਹੁਤ ਸਮਝਾਇਆ ਬੇ ਪਰ ਵਾਹ ਨਾ ਚੱਲੀ। ਤੂੰ ਘਰ ਆਵੀਂ ਕੌਂਤਾ ਬੇ ਮੈਂ ਖੜੀ ਉਡੀਕਾਂ। ਮੇਰਿਆਂ ਦੁਸ਼ਮਣਾਂ ਨੇ ਮੈਨੂੰ ਲਾਈਆਂ ਲੀਕਾਂ। ਬੇ ਮੈਂ ਬਲ ਬਲ ਜਾਂਦੀ ਤੇਰੇ ਲਵਾਂ ਸੱਦ-ਕੇ। ਘਰ ਆ ਜਾਹ ਸੱਜਣਾਂ ਤੇਰੇ ਰਸਤੇ ਤੱਕੇ। ਬੇ ਮੈਂ ਛੇਜ ਬਿਛਾਵਾਂ ਕਦੀ ਆਵੇ ਜਾਨੀ। ਬੇ ਮੈਂ ਮਾਰ ਗੁਆਈ ਤੇਰੇ ਨੈਣਾਂ ਦੀ ਕਾਨੀ। ਬੇ ਮੈ ਦੁੱਖੀਂ ਘੇਰੀ ਮੈਂ ਨੂੰ ਸੁਧ ਨਾ ਕਾਈ। ਪਿੱਪਲ ਦਿਆ ਪੱਤਾ ਬੇ ਕੇਹੀ ਖੜ ਖੜ ਲਾਈ) ।

ਅਰਥ ਇਸ ਦਾ ਪਰਗਟ ਹੈ,ਪਰ ਇਸ ਸਬੱਬ ਜੋ ਇਸ ਦੇ ਕਹਿਣੇ ਦਾ ਮਤਲਬ ਸਮਝ ਵਿੱਚ ਆ ਜਾਵੇ ਕੁਝ ਲਿਖਦਾ ਹਾਂ। ਇੱਕ ਤੀਮੀਂ ਆਪਣੇ ਭਰਤੇ ਦੇ ਬਿਛੋੜੇ ਵਿੱਚ ਬੈਠੀ ਸੀ,ਕਿ ਇਤਨੇ ਵਿੱਚ ਪੌਣ ਨਾਲ ਪਿੱਪਲ ਦੇ ਪੱਤੇ ਖੜਕੇ ਉਹ ਪੱਤ੍ਰਾਂ ਨੂੰ ਆਖਣ ਲੱਗੀ, ਕਿ ਮੇਰਾ ਦਿਲ ਤਾਂ ਪਹਿਲਾਂ ਹੀ ਕੌਂਤ ਦੇ ਬਿਛੋੜੇ ਨਾਲ ਫੋੜੇ ਵਾਂਙੂ ਅੰਬਿਆ ਹੋਇਆ ਹੈ, ਹੇ ਪਿੱਪਲ ਦਿਆ ਪੱਤਿਆ ਹੁਣ ਤੂੰ ਕਿਉਂ ਖੜ ਖੜ ਕਰਕੇ ਮੇਰੇ ਜੀ ਨੂੰ ਖਿਝਾਉਂਦਾ ਹੈਂ? ਫੇਰ ਕਿਹਾ ਮੇਰਾ ਕੌਂਤ ਜੋ ਪਰਦੇਸਾਂ ਵਿੱਚ ਹੈ, ਉਸ ਦੀ ਕੁਝ ਖਬਰ ਨਹੀਂ ਆਈ,ਅਰ ਮੈਂ ਪਈ ਉਡੀਕਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੀ ਹਾਂ, ਕੁਝ ਖਬਰ ਨਹੀਂ ਘੱਲੀ। ਅਤੇ ਇਹ ਭੀ ਕਿਹਾ, ਕਿ ਮੈਂ ਉਸ ਨੂੰ ਤੁਰਨੇ ਦੇ ਵੇਲੇ ਬਹੁਤ ਸਮਝਾਇਆ, ਪਰ ਮੇਰੀ ਕੁਝ ਵਾਹ ਨਹੀਂ ਚੱਲੀ ਹੈ। ਮੈਂ ਹਰਦਮ ਆਖਦੀ ਹਾਂ ਜੋ ਘਰ ਆਉ, ਏਹ ਜੋ ਤੈਨੂੰ ਤੇਰੇ ਮਿੱਤ੍ਰ ਘਰ ਨਹੀਂ ਆ-ਉਂਣ ਦਿੰਦੇ, ਸੋ ਮੇਰੇ ਦੁਸ਼ਮਣ ਬਣਕੇ ਮੈਨੂੰ ਲੀਕਾਂ ਲਾਉਂਦੇ ਹਨ। ਮੈਂ ਤੇਰੇ ਰਸਤੇ ਤੱਕਦੀ ਅਤੇ ਬਲਿਹਾਰਨੇ ਜਾਂਦੀ ਅਰ ਸੱਦਕੇ ਲੈਂਦੀ ਹਾਂ, ਤੂੰ ਕਦੀ ਘਰ ਆ ਜਾਹ। ਮੈਂ ਜੋ ਤੇਰਿਆਂ ਨੈਣਾਂ ਦੀ ਕਾਨੀ ਨਾਲ ਵਿੰਨ੍ਹੀ ਹੋਈ ਹਾਂ, ਇਸ ਕਾਰਨ ਛੇਜ ਬਿਛਾਕੇ ਆਖਦੀ ਹਾਂ, ਜੋ ਹੇ ਮੇਰਿਆ ਜਾਨੀਆਂ! ਸ਼ਤਾਬੀ ਆਓ। ਫੇਰਕਿਹਾ ਹੇ ਪਿੱਪਲ ਦਿਆ ਪੱਤਾ! ਮੈਂ ਅੱਗੇ ਹੀ ਦੁੱਖਾਂ ਨਾਲ ਘੇਰੀ ਹੋਈ ਹਾਂ, ਤੂੰ ਖੜ ਖੜ ਲਾਕੇ ਕਿਉਂ ਖਿਝਾਉਂਦਾ ਹੈਂ?॥

ਉਹ ਗੀਤ ਜੋ ਤੀਮੀਆਂ ਸਾਉਣ ਦੇ ਮਹੀਨੇ ਝੜੀ ਵਿੱਚ ਗਾਉਂਦੀਆਂ ਹਨ, ਸੋ ਇਹ ਹੈ; ਜਿਹਾਕੁ—(ਚੜ੍ਹੀ ਘਟਾ ਘਨਘੋਰ ਸਾਵਣ ਆਇਆ। ਪੌਣ ਸਰਕੇ ਘਟਾ ਬਰਸੇ ਚੰਮਕ ਬਿਜਲੀ ਆਈ। ਕੌਂਤ ਬਿਨਾਂ ਡਰ ਪਾਵਾਂ ਸਜਣੀ ਨੈਣ ਨੀਂਦ ਨਾ ਪਾਈ। ਸਾਵਣ ਆਇਆ। ਪੀਂਘਾਂ ਖਾਣ ਹੁਲਾਰੇ ਮੇਰੇ ਬਰਸਣ ਨੈਣ ਫੁਹਾਰੇ। ਪੀਆ ਬਿਨਾ ਸਭ ਸੁਖ ਦੁਖਿਆਰੇ ਰੋ ਰੋ ਸਮਾ ਬਤਾਇਆ। ਸਾਵਣ ਆਇਆ। ਹੋਰਨਾਂ ਸਖੀਆਂ ਧੜੀ ਗੁੰਦਾਈ ਮੌਲੀ ਮਹਿੰਦੀ ਬਿੰਦੀ ਲਾਈ ਮੈਨੂੰ ਫੜਿਆ ਬਿਰਹੁੰ ਕਸਾਈ ਪ੍ਰੇਮ ਬੱਦਲ ਚੜ੍ਹ ਧਾਇਆ। ਸਾਵਣ ਆਇਆ।)

ਅਰਥ ਇਹ ਹੈ, ਕਿ ਇੱਕ ਤੀਮੀਂ ਭਰਤੇ ਦੇ ਵਿਛੋੜੇ ਵਿੱਚ ਅਕਾਸ ਨੂੰ ਦੇਖਕੇ ਆਖਣ ਲੱਗੀ, ਹਾਇ ਰੱਬਾ ਹੁਣ ਤਾਂ ਸੌਣ ਦਾ ਮਹੀਨਾ ਭੀ ਜੋ ਬਰਖਾ ਦੇ ਸਬੱਬ ਸਭ ਕਿਸੇ ਨੂੰ ਠੰਢ ਪਾਉਂਦਾ ਹੈ ਆ ਗਿਆ ਹੈ, ਪਰ ਮੇਰਾ ਕੌਂਤ ਅਜੇ ਨਹੀਂ ਆਇਆ, ਭਈ ਤਿਸਦਾ ਮੂੰਹ ਦੇਖਕੇ ਮੈਨੂੰ ਬਰਖਾ ਰੁੱਤ ਸੋਹਣੀ ਲੱਗੇ। ਦੇਖੋ, ਘਟਾ ਚੜ੍ਹੀ ਅਤੇ ਪੌਣ ਸਰਕਦੀ ਅਰ ਬਿਜਲੀ ਚੰਮਕਦੀ ਹੈ, ਸੋ ਹੁਣ ਮੈਂ ਭਰਤੇ ਤੇ ਬਿਨਾ ਸੁਖੀ ਕਿੱਕੁਰ ਹੋਵਾਂ, ਮੈਨੂੰ ਡਰਦੀ ਨੂੰ ਨੀਂਦ ਸਾਰਖੀ ਭੀ ਨਹੀਂ ਆਈ, ਪੀਂਘਾਂ ਹੁਲਾਰੇ ਖਾਂਦੀਆਂ ਅਤੇ ਮੇਰੇ ਨੈਣ ਰੋਣੇ ਦੇ ਸਬੱਬ ਫੁਹਾਰਿਆਂ ਵਾਂਙੂ ਬਰਸਦੇ ਹਨ। ਅਰ ਸਭ ਸੁਖ ਦੁੱਖਦਾਈ ਭਾਸਦੇ ਹਨ, ਹੋਰ ਸਖੀਆਂ ਐਸ ਵੇਲੇ ਅਨੰਦ ਵਿੱਚ ਹਨ, ਮੈਂ ਰੋਂਦੀ ਨੇ ਸਮਾ ਬਿਹਾਇਆ ਹੈ। ਹੋਰਨਾਂ ਸਖੀਆਂ ਨੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੜੀ ਅਰਥਾਤ ਸਿਰਦੀ ਚੋਟੀ ਗੁੰਦਾਈ ਅਤੇ ਮੌਲੀ ਮਹਿੰਦੀ ਅਰ ਬਿੰਦੀ ਲਾਕੇ ਆਪਣੇ ਆਪ ਨੂੰ ਸਜਾਇਆ ਹੈ ਅਤੇ ਮੈਂ ਅਭਾਗਨ ਨੂੰ ਬਿਰਹੁੰ ਅਰਥਾਤ ਬਿਛੋੜਾ ਨਾਮੇ ਕਸਾਈ ਕੋਂਹਦਾ ਅਤੇ ਪ੍ਰੀਤ ਦੇ ਬੱਦਲ ਨੇ ਝੜ ਲਾਇਆ ਹੋਯਾ ਹੈ, ਸੋ ਹਾਇ ਹਾਇ ! ਇਸ ਦੁੱਖ ਵਿੱਚ ਮੇਰਾ ਜੀਉਣਾ ਕਿੱਕੁਰ ਹੋਵੇ ?

ਓਹ ਗੀਤ ਜੋ ਤੀਮੀਆਂ ਬਿਆਹਾਂ ਵਿੱਚ ਗਾਉਂਦੀਆਂ ਹਨ, ਕੈਈ ਪ੍ਰਕਾਰ ਦੇ ਹੁੰਦੇ ਹਨ,ਪਰ ਉਨ੍ਹਾਂ ਵਿੱਚੋਂ ਤਿੰਨ ਗੀਤ ਜੋ ਸਿੱਠਣੀਆਂ ਅਤੇ ਘੋੜੀ-ਆਂ ਅਤੇ ਲਾਮਾਂ ਕਰਕੇ ਪ੍ਰਗਟ ਹਨ,ਇੱਥੇ ਲਿਖਦਾ ਹਾਂ;ਪਹਿਲਾਂ ਸਿੱਠਣੀਆਂ ਜੋ ਮਸ਼ਕਰੀ ਦੀ ਡੌਲ ਪੁਰ ਜਨੇਤੀਆਂ ਅਤੇ ਹੋਰਨਾਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ,ਇਸ ਤਰ੍ਹਾਂ ਹਨ; ਜਿਹੀਕੁ--(ਕੁੜਮੇ ਜੋਰੋ ਜਾਰਨੀ ਜਾਰਨੀ ਅਸੀਂ ਨਹੀਂ ਪੁਕਾਰਨੀਂ ਪੁਕਾਰਨੀਂ,ਜੋਰੋ ਕਹਿੰਦੀ ਕੁੜਮੇ ਤਾਈਂ,ਮੈਂ ਕੀਤਾ ਹੈ ਜੱਟਨੂੰ ਸਾਈਂ, ਤੂੰ ਨਾ ਸਾਡੇ ਵੇਹੜੇ ਆਈਂ, ਕੇਹੀ ਪਈ ਬਗਾਰ ਨੀਂ ਬਗਾਰ ਨੀਂ । ਕੁੜਮੇ ਜੋਰੋ ਜਾਰਨੀਂ ਜਾਰਨੀਂ)॥

ਮਤਲਬ ਇਹ ਹੈ ਜੋ ਤੀਮੀਆਂ ਕੁੜਮ ਨੂੰ ਆਖਦੀਆਂ ਹਨ, ਤੇਰੀ ਜੋਰੋ ਜਾਰਨੀ ਹੈ,ਪਰ ਅਸੀਂ ਨਹੀਂ ਆਖਣੀ । ਉਹ ਆਪੇ ਤੈਂਨੂੰ ਕਹਿੰਦੀ ਹੈ, ਭਈ ਮੈਂ ਕਿਸੇ ਜੱਟ ਨੂੰ ਖਸਮ ਬਣਾ ਲਿਆ ਹੈ,ਅਰ ਤੂੰ ਹੁਣ ਸਾਡੇ ਘਰ ਨਾ ਆਵੀਂ।ਸੁਣ ਤਾਂ ਤੂੰ ਜੋ ਘੜੀ ਮੁੜੀ ਸਾਡੇ ਘਰ ਆਉਂਦਾ ਹੈਂ,ਇਹ ਸਾਨੂੰ ਕੇਹੀ ਬਗਾਰਪਈ ਹੈ?)।

ਹੋਰ ਸਿੱਠਣੀ ਜੋ ਆਮ ਲੋਕਾਂ ਨੂੰ ਦਿੱਤੀ ਜਾਂਦੀ ਹੈ; ਜਿਹੀਕੁ--(ਫੁਲਾਨੇ ਜੋਰੋ ਛਿਨਾਰ ਸਾਨੂੰ ਛੱਲੇ ਘੜਾ ਦਿਹ। ਕੀ ਦਮੜੀ ਦੇ ਚਾਰ ਸਾਨੂੰ ਛੱਲੇ ਘੜਾ ਦਿਹ। ਛੱਲੇ ਘੜਾ ਦਿਹ ਛਾਪਾਂ ਘੜਾ ਦਿਹ ਨਾਲ ਘੜਾ ਦਿਹ ਹਾਰ, ਸਾਨੂੰ ਛੱਲੇ ਘੜਾ ਦਿਹ)॥

ਮਤਲਬ ਇਹ ਹੈ ਜੋ ਇਸ ਗੀਤ ਵਿੱਚ ਨਿਰਾ ਆਮ ਲੋਕਾਂ ਨੂੰ ਮਸ਼ਕਰੀ ਕਰ ਦੇਣੇ ਦੀ ਜਰੂਰਤ ਹੈ, ਹੋਰ ਕੋਈ ਅਰਥ ਨਹੀਂ ਨਿੱਕਲ ਦਾ ॥

ਘੋੜੀਆਂ ਇਸ ਤਰ੍ਹਾਂ ਗਾਵੀਆਂ ਜਾਂਦੀਆਂ ਹਨ; ਜਿਹਾਕੁ--(ਬਰਸਨ ਲਾਗੜਾ ਰੂਪ ਅਬੇਹਾ। ਕਿਹ ਦਾ ਤੂੰ ਭਾਈ ਮੱਲਾ ਕਿਹ ਦਾ ਜੁਆਈ ਕਿਸ ਗੋਰੀ ਦਾ ਤੂੰ ਕੰਤਾ ਬੇ। ਨ੍ਹਾਇ ਧੋਇਕੇ ਘੋੜੀ ਚੜ੍ਹਿਆ ਕਦੀ ਨਾ ਡਿੱਠੜਾ ਦਰਸਨ ਅਜੇਹਾ)॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਇਹ ਹੈ ਕਿ ਜਾਂ ਬਿਆਹ ਦੇ ਸਮੇ ਮੁੰਡਾ ਨ੍ਹਾ ਧੋਕੇ ਘੋੜੀ ਪੁਰ ਚੜ੍ਹਦਾ ਹੈ,ਤਾਂ ਤੀਮੀਆਂ ਗੀਤ ਵਿੱਚ ਆਖਦੀਆਂ ਹਨ, ਕਿ ਤੇਰੇ ਰੂਪ ਦੀ ਅਜਿਹੀ ਬਰਖਾ ਹੋਣ ਲੱਗੀ ਹੈ, ਜੋ ਅਸੀਂ ਤਰੀਫ ਨਹੀਂ ਕਰ ਸੱਕਦੀਆਂ। ਹੇ ਮੱਲ ਜੀ ਤੂੰ ਕਿਹਦਾ ਭਰਾਉ ਅਤੇ ਕਿਹਦਾ ਜੁਆਈ ਹੈਂ ਅਰ ਸਾਨੂੰ ਇਹ ਭੀ ਦੱਸ, ਜੋ ਤੂੰ ਕਿਸ ਗੋਰੀ ਦਾ ਕੌਂਤ ਹੈਂ, ਕਿਂਉਜੋ ਨ੍ਹਾ ਧੋਕੇ ਜਿਹਾਕੁ ਤੇਰੇ ਪੁਰ ਰੂਪ ਆਇਆ ਹੈ,ਅਜਿਹਾ ਦਰਸ਼ਨ ਅਸੀਂ ਕਦੀ ਕਿਸੀ ਦਾ ਨਹੀਂ ਕੀੱਤਾ। ਗੱਲ ਕਾਹਦੀ ਤੂੰ ਘੋੜੀ ਪੁਰ ਚੜ੍ਹਿਆ ਹੋਇਆ ਬਹੁਤ ਸਜਦਾ ਹੈਂ ॥

ਲਾਮਾਂ ਇਸ ਤਰ੍ਹਾਂ ਗਾਵੀਆਂ ਜਾਂਦੀਆਂ ਹਨ; ਜਿਹੀਕੁ--(ਪਹਿਲੜੀ ਲਾਉਂ ਸਿਰੀਰਾਮ ਮਨਾਈਯੇ। ਜਿਸ ਦੇ ਮੰਨਣੇ ਸਭ ਦੁੱਖ ਜਾਣ ਅਤੇ ਫਲ ਪਾਈਯੇ। ਦੂਜੜੀ ਲਾਉਂ ਹਰਿ ਬਿਆਹਣ ਆਇਆ। ਤਨ ਮਨ ਧਨ ਸੁਖ ਚਾਉ ਸਰੂਪ ਸੁਆਇਆ)॥

ਇਸ ਤਰ੍ਹਾਂ ਸੱਤ ਲਾਮਾਂ ਗਾਵੀਆਂ ਜਾਂਦੀਆਂ ਹਨ, ਕਿਂਉਂ ਜੋ ਸੱਤ ਬਾਰ ਅਥਵਾ ਚਾਰ ਬਾਰ ਹਿੰਦੂ ਲੋਕ ਅੱਗ ਦੇ ਦੁਆਲੇ ਵਹੁਟੀ ਲਾੜੇ ਨੂੰ ਫੇਰਦੇ ਹਨ, ਉਸ ਵੇਲੇ ਜੋ ਗੀਤ ਗਾਵੇਂ ਜਾਣ, ਸੋ ਲਾਮਾਂ ਕਹਾਉਂਦੀਆਂ ਹਨ॥

ਇਸ ਮੁਲਖ ਵਿੱਚ ਕੈਈ ਲੋਕ ਦੋਹਰੇ ਗਾਉਂਦੇ ਹਨ, ਅਰ ਓਹ ਲੋਕ ਦੋਹਰਿਆਂ ਨੂੰ ਦੋਹੜੇ ਕਰਕੇ ਆਖਦੇ ਹਨ; ਜਿਹਾਕੁ--(ਆਓ ਮੇਰੇ ਸੱਜਣੋ ਬੈਠੋ ਮਨ ਚਿਤ ਲਾਇ। ਸੰਝ ਪਈ ਘਰ ਜਾਵਣਾ ਆਪੋ ਅਪਣੇ ਦਾਇ)॥

ਅਰਥ ਇਹ ਹੈ ਕਿ ਕੋਈ ਉੱਤਮ ਲੋਕ ਆਖਦਾ ਹੈ, ਕਿ ਮੇਰੇ ਸੱਜਣੋ ਮਨ ਚਿੱਤ ਲਾਕੇ ਬਠ ਲਵੋ, ਕਿਂਉਂਕਿ ਫੇਰ ਸੰਝ ਪਈ ਤੇ ਅਰਥਾਤ ਮੌਤ ਦੇ ਵੇਲੇ ਆਪਣੇ ਘਰ ਅਰਥਾਤ ਪਰਲੋਕਨੂੰ ਆਪੋ ਆਪਣੇ ਰਸਤੇ ਚਲੇ ਜਾਣਾਹੈ॥

ਫੇਰ ਇਸ ਮੁਲਖ ਵਿੱਚ ਬਹੁਤ ਲੋਕ ਝੁੰਝੋਟੀਆਂ ਗਾਉਂਦੇ ਹਨ। ਝੁੰਝੋਟੀ ਇੱਕ ਤਰ੍ਹਾਂ ਦੇ ਗੀਤ ਦਾ ਨਾਉਂ ਹੈ,ਜੋ ਪਹਾੜਾਂ ਵਿੱਚ ਗਾਂਵਿਆਂ ਜਾਂਦਾ ਹੈ। ਭਾਵੇਂ ਅਸਲ ਵਿੱਚ ਤਾਂ ਉਹ ਪੰਜਾਬ ਦੇ ਨਾਲ ਲਗਦਿਆਂ ਪਹਾੜਾਂ ਵਿੱਚ ਹੀ ਗਾਵਿਆਂ ਜ਼ਾਂਦਾ ਹੈ, ਪਰ ਹੁਣ ਉਸ ਦੀ ਲੈ ਅਤੇ ਤਾਨ ਦੇ ਪਿਆਰੇ ਲੱਗਣੇ ਦੇ ਸਬੱਬ ਕੈਈ ਪੰਜਾਬੀ ਭੀ ਉਸ ਨੂੰ ਗਾਂਉਣ ਲੱਗ ਪਏ ਹਨ। ਜਿਹਾਕੁ--(ਕੌਲਾਂ ਦੇ ਚਿੱਠੂ ਮੈਂ ਕੀ ਦੇਈ ਜਾਹ ਬੇ ਮਾਹਣੂਆਂ,ਕੌਲਾਂ ਦੇ ਚਿੱਠੂ ਮੈਂ ਕੀ ਦੇਈ ਜਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇ,--ਟਿੱਕਲੂ ਬਿੰਦਲੂ ਮੈਂ ਤੁਸਾਂ ਕੀ ਦੇਨੀ ਹਾਂ ਹੋਰ ਗਲਾਂ ਦੀ ਹੱਸੀ । ਚਿੱਠੂਆਂ ਦੇ ਪੱਜੂ ਮੈਂ ਕੀ ਮਿਲੀ ਜਾਹ ਬੇ ਸੱਜਣਾ ਤੁਸਾਡੀ ਸੂਰਤ ਅਸਾਂ ਮਨ ਬੱਸੀ। ਕੌਲਾਂ ਦੇ ਚਿੱਠੂ ਮੈਂ ਕੀ। ਤੁਸਾਂ ਜੋ ਅਸਾਡੜੇ ਦਿਲਾਂ ਜੋ ਤਰਸਾਂਦੇ ਹੋ ਸੂਰਤ ਦਾ ਮਾਣ ਘਨੇਰਾ। ਮਤੇ ਛੈਲਾ ਮਿਜੋ ਛਾਤੀਆਂ ਜੋ ਲਾਈ ਲੈ ਜੀਆ ਤਰੱਸਦਾ ਮੇਰਾ। ਕੌਲਾਂ ਦੇ ਚਿੱਠੂ)॥

ਅਰਥ ਇਹ ਹੈ ਕਿ ਕੋਈ ਤੀਮੀਂ ਕਿਸੀ ਜੁਆਨ ਨੂੰ ਆਖਦੀ ਹੈ, ਜੋ ਸਾਨੂੰ ਕੌਲ ਡੋਡਿਆਂ ਦੇ ਚਿੱਠੂ ਅਰਥਾਤ ਛਿੱਕੂ ਦੇ ਜਾਹ ਅਰ ਮੈਂ ਇਨ੍ਹਾਂ ਦੇ ਬਦਲੇ ਤੈਨੂੰ ਆਪਣੇ ਮੱਥੇ ਦਾ ਟਿੱਕਾ ਜੋ ਸੋਨੇ ਦਾ ਬਣਿਆ ਹੋਇਆ ਹੁੰਦਾ ਹੈ, ਅਤੇ ਮੱਥੇ ਦੀ ਬਿੰਦੀ ਅਰ ਗਲ ਦੀ ਹੱਸੀ ਦਿੰਦੀ ਹਾਂ। ਮਤਲਬ ਇਹ ਹੈ ਕਿ ਉਹ ਜੋ ਉਸ ਦੀ ਸੂਰਤ ਪੁਰ ਮੋਹੀ ਹੋਈ ਸੀ, ਇਸ ਕਾਰਨ ਚਾਹੁੰਦੀ ਸੀ, ਜੋ ਇਹ ਕਿਵੇਂ ਕੌਲਾਂ ਦੇ ਪੱਜ ਮੇਰੇ ਪਾਸ ਆਵੇ । ਫੇਰ ਆਖਿਆ ਹੇ ਮਾਹਣੂਆਂ! ਅਰਥਾਤ ਮਨੁੱਖਾ ਅਤੇ ਸੱਜਣਾ ਤੁਸਾਡੀ ਸੂਰਤ ਮੇਰੇ ਮਨ ਵਿੱਚ ਬਸ ਰਹੀ ਹੈ, ਹੁਣ ਜੋ ਤੁਸੀਂ ਮੇਰੇ ਮਨ ਨੂੰ ਤਰਸਾਉਂਦੇ ਹੋ, ਤੁਸਾਨੂੰ ਆਪਣੀ ਸੂਰਤ ਦਾ ਘਮੰਡ ਹੈ। ਸੋ ਹੇ ਮਤੇ ਛੈਲਾ ਅਰਥਾਤ ਹੇ ਬਹੁਤ ਸੋਹਣਿਆ ! ਮੈਨੂੰ ਛਾਤੀ ਨਾਲ ਲਾ ਲੈ, ਕਿਉਂ ਜੋ ਮੇਰਾ ਮਨ ਬਹੁਤ ਤਰਸਦਾ ਹੈ॥

ਹੋਰ ਝੰਝੋਟੀ ਜੋ ਲੋਕ ਗਾਉਂਦੇ ਹਨ, ਇਹ ਹੈ; ਜਿਹੀਕੁ—(ਹੀਰਾਸਿੰਘਾ ਸਰਦਾਰਾ ਬੇ ਰਾਤੀ ਡੇਰੇ ਨਾ ਆਇਆ। ਡੇਰੇ ਨਾ ਆਇਆ ਕੁਥੂੰ ਮਨ ਪਰਚਾਇਆ ਲਾੜੀਆ ਕੀ ਕੀਹਾਂ ਭੁਲਾਇਆ। ਹੀਰਾਸਿੰਘਾ ਸਰਦਾਰਾ ਬੇ। ਅਸਾਂ ਕੀ ਤੁਸਾਡੀ ਸੂਰਤ ਨਾ ਬਿਸਰੇ ਦਿਨੇ ਰਾਤੀਂ ਬਸੇ ਮਨ ਮੈਂ। ਤੁਸਾਂ ਜੋ ਅਸਾਡੜਾ ਮਿਲਨਾ ਨਾਂ ਭਾਵੇ ਮਰਸਾਂ ਮੈਂ ਤੇਰੀ ਲਗਣ ਮੈਂ ॥ ਹੀਰਾਸਿੰਘਾ ਸਰਦਾਰਾ ਬੇ।) ਅਰਥ ਪ੍ਰਗਟ ਹੈ ਕਿ ਕਿਸੀ ਹੀਰਾ ਸਿੰਘ ਨਾਮੇ ਸਰਦਾਰ ਦੀ ਲਾੜੀਆ ਅਰਥਾਤ ਬਹੁਟੀ ਨੇ ਤਿਸ ਨੂੰ ਉਲਾਂਭਾ ਦਿੱਤਾ ਹੈ, ਕਿ ਤੂੰ ਰਾਤੀਂ ਘਰ ਕਿਉ ਨਹੀਂ ਆਇਆ ?॥

ਇਸ ਮੁਲਖ ਵਿੱਚ ਜੋ ਆਮ ਗੁਆਰ ਲੋਕ ਗੀਤ ਗਾਉਂਦੇ ਹਨ, ਸੋ ਅਜਿਹੇ ਹੁੰਦੇ ਹਨ, ਕਿ ਉਨ੍ਹਾਂ ਵਿੱਚੋਂ ਕਿਸੀ ਦਾ ਕੁਝ ਅਰਥ ਅਤੇ ਛੰਦ ਸਮਝ ਵਿੱਚ ਆਉਂਦਾ ਹੈ, ਅਤੇ ਕਿਸੇ ਕਿਸੇ ਗੀਤ ਦੇ ਪਦ ਤਾਂ ਠੀਕ ਸਿੱਧੇ ਸਾਦੇ ਸਮ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝਣੇ ਲਾਇਕ ਹੁੰਦੇ ਹਨ, ਪਰ ਇੱਕ ਪਦ ਦਾ ਮਤਲਬ ਦੂਜੇ ਨਾਲ ਕੁਝ ਮੇਲ ਨਹੀਂ ਰੱਖਦਾ ਅਤੇ ਨਾ ਕੁਝ ਮਤਲਬ ਹੀ ਸਮਝ ਵਿੱਚ ਆਉਂਦਾ ਹੈ, ਜਿਹਾਕੁ ਸਮਝਦਾਰ ਗੀਤ ਤਾਂ ਇਹ ਹੈ, ਕਿ--(ਓ ਬੇਲੀਆ ਮੇਰਿਆ ਮਹਿਰਮਾ ਓਏ। ਕੋਈ ਦਿਨ ਮਾਣ ਲੈ ਠੰਢੀਆਂ ਛਾਮਾਂ ਜੱਟਾ ਓਏ। ਅਖਰ ਚੱਲਣਾ ਥਿਰ ਨਹੀਂ ਰਹਿਣਾਹੂ) ॥

ਅਰਥ ਇਸ ਦਾ ਪਰਗਟ ਹੈ ॥

ਹੋਰ ਗੀਤ ਜਿਸ ਦਾ ਕੁਝ ਸਮਝਣਾ ਔਖਾ ਅਤੇ ਇੱਕ ਪਦ ਦਾ ਭਾਉ ਦੂਜੇ ਨਾਲ ਨਹੀਂ ਮਿਲਦਾ; ਜਿਹਾਕੁ--(ਨੈਣਾਂ ਦੇ ਵਿੱਚ ਕੱਜਲਾ ਨੀ ਅੜੀਏ ਤੇਰੇ ਜੱਟ ਬਕੈਣਾ ਲਾਵੇ। ਤੁੱਕੇ ਵਾਂਙੂ ਬਿਨ੍ਹ ਗਿਆ ਮੈਂਨੂੰ ਤੇਰਾ ਮੱਖਣ ਕਲੇਜਾ ਨਜਰੀ ਆਵੇ। ਲੁੱਟ ਲਈ ਓਏ ਮਹਿਰਮਾ ਮਿੱਤਰਾ ਓਏ)

ਅਰਥ ਇਸਦਾ ਮੈਂ ਤਾਂ ਕੀ ਲਿਖਾਂ ਬਲਕ ਉਮੈਦ ਹੈ, ਜੋ ਇਸ ਗੀਤ ਦੇ ਕਵੀਸੁਰ ਨੂੰ ਭੀ ਨਹੀ ਆਉਂਦਾ ਹੋਣਾ॥

ਹੋਰ ਗੀਤ ਗੁਆਰੂ ਇਹ ਹੈ, ਜਿਹਾਕੁ--(ਤੇਰੀ ਮੇਰੀ ਯਾਰੀ ਹੈ ਨੱਥਾ-ਸਿੰਹਾਂ। ਜੱਗ ਵਿੱਚ ਖੁਆਰੀ ਹੈ ਨੱਥਾਸਿੰਹਾਂ। ਚੱਲ ਮੇਰੇ ਘਰ ਤੂੰ ਦੇਖ ਮੇਰੇ ਦਰ ਨੂੰ। ਆਵੀਂ ਬੇ ਤੂੰ ਸੱਜਣਾ। ਤੈਨੂੰ ਲੈਕੇ ਭੱਜਣਾ ਨੱਥਾਸਿੰਹਾਂ)

ਅਰਥ ਇਹ ਦਾ ਪਰਗਟ ਹੈ। ਇਸੀ ਤਰ੍ਹਾਂ ਦੇ ਗੀਤ ਇਸ ਮੁਲਖ ਵਿੱਚ ਗਾਵੇਂ ਜਾਂਦੇ ਹਨ॥

ਹੁਣ ਇਸ ਦੇਸ ਵਿਖੇ ਜੋ ਮੌਕੇ ਮੌਕੇ ਪੁਰ ਲੋਕ ਕਹਾਉਤਾਂ ਬੋਲਦੇ ਹਨ, ਉਨ੍ਹਾਂ ਦਾ ਬਿਆਨ ਕਰਨਾ ਭੀ ਜਰੂਰ ਚਾਹੀਦਾ ਹੈ; ਜਿਹਾਕੁ--

ਆਉ ਬੈਲ ਮੁਝੇ ਮਾਰ।

ਅਰਥ ਇਸ ਦਾ ਇਹ ਹੈ, ਜੋ ਕਿਸੀ ਮੂਰਖ ਨੇ ਇੱਕ ਭਲੇਮਾਣਸ ਨੂੰ ਕਿਹਾ, ਜੋ ਤੁਸੀਂ ਮੈਂਨੂੰ ਆਪਣੇ ਪਾਸ ਰੱਖ ਲਓ। ਉਸ ਨੇ ਕਿਹਾ ਭਾਈ ਤੈਨੂੰ ਉਹ ਆਪਣੇ ਕੋਲ ਰੱਖੇ, ਜੋ ਐਉਂ ਆਖੇ ਜੋ ਆਉ ਬੈਲ ਮੁਝੇ ਮਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਉ ਸਿਆਣਿਆਂ ਇੱਕੋ ਮੱਤ ਕਮਲਿਆਂ ਆਪੋ ਆਪਣੀ।

ਅਰਥ ਇਸ ਦਾ ਇਹ ਹੈ, ਕਿ ਸਿਆਣਾ ਭਾਵੇਂ ਸਉ ਕੱਠਾ ਹੋਵੇ, ਉਨ੍ਹਾਂ ਸਭਨਾਂ ਦੀ ਮੱਤ ਇੱਕੋ ਜਿਹੀ ਨਿੱਕਲੇਗੀ ; ਪਰ ਜੇ ਮੂਰਖ ਸਉ ਕੱਠਾ ਕਰੀਏ, ਤਾਂ ਸਉ ਦੀ ਹੀ ਮੱਤ ਜੁਦੀ ਜੁਦੀ ਨਿੱਕਲੇਗੀ, ਕਿਉਂ ਜੋ ਓਹ ਮੂਰਖ ਲੋਕ ਜੋ ਕੁਝ ਕੰਮ ਕਰਦੇ ਹਨ, ਸੋ ਬਿਨਾ ਸੋਚੇ ਸਮਝੇ ਕਰਦੇ ਹਨ ॥

ਜਿਸਦਾ ਕੰਮ ਉਸੀਨੂੰ ਸਾਜੇ, ਹੋਰਕਰੇ ਤਾਂ ਠੀਂਗਾ ਬਾਜੇ।

ਇੱਕ ਧੋਬੀ ਦੇ ਘਰ ਚੋਰ ਪਏ, ਤਾਂ ਉਸ ਦੇ ਇੱਕ ਗਧੇ ਨੇ ਰੌਲੀ ਪਾਈ, ਜਾਂ ਧੋਬੀ ਉਸਦੇ ਬੋਲਣੇ ਨੂੰ ਨਾ ਸਮਝਿਆ, ਤਾਂ ਖਿਝਕੇ ਤਿਸ ਦੇ ਇੱਕ ਠੀਂਗਾ ਮਾਰਿਆ। ਇਸ ਤਰ੍ਹਾਂ ਜੋ ਕੋਈ ਮੂਰਖ ਆਪਣੇ ਕੰਮ ਨੂੰ ਛੱਡਕੇ ਦੂਜੇ ਦਾ ਕੰਮ ਕਰਨ ਲੱਗ ਪੈਂਦਾ ਹੈ, ਓਸਨੂੰ ਨਫਾ ਨਹੀਂ ਹੁੰਦਾ, ਸਗੋਂ ਮਾਰ ਪੈਂਦੀ ਹੈ। ਕਿਉਂ ਜੋ ਚੋਰ ਦੇ ਆਏ ਤੇ ਰੌਲੀ ਪਾਉਣੀ ਕੁੱਤੇ ਦਾ ਕੰਮ ਸਾ, ਗਧੇ ਨੇ ਓਸ ਦਾ ਕੰਮ ਸਮ੍ਹਾਲਕੇ ਫੈਦਾ ਨਾ ਪਾਇਆ ॥

ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ।

ਜਿਹਾਕੁ ਗੰਜੀ ਤੀਮੀਂ ਕੰਘੀਆਂ ਰੱਖਦੀ ਚੰਗੀ ਨਹੀਂ ਲੱਗਦੀ, ਤਿਹਾ ਹੀ ਬੁਢਿਆ ਹੋਇਆ ਮਨੁੱਖ ਸਰਦਿਆਂ ਜਿਹੇ ਕੰਮ ਕਰਦਾ ਠੱਠੇ ਦੀ ਜਾਗਾ ਠਹਿਰਦਾ ਹੈ ॥

ਸਿਰੋਂ ਗੰਜਾ ਤੇ ਭੱਖੜਿਆਂ ਵਿੱਚ ਕਲਾਬਾਜੀਆਂ।

ਜਿਹਾਕੁ ਗੰਜਾ ਮਨੁੱਖ ਭੱਖੜਿਆਂ ਵਿੱਚ ਕਲਾਬਾਜੀਆਂ ਖਲਦਾ ਦੁੱਖ ਪਾਉਂਦਾ ਹੈ, ਤਿਹਾਹੀ ਹੋਛਾ ਮਨੁੱਖ ਆਪਣੇ ਬਿਤ ਤੇ ਬਾਹਰ ਕੰਮ ਕਰਕੇ ਦੁਖੀ ਹੁੰਦਾ ਹੈ ॥

ਅੱਲ੍ਹੜ ਬੱਛਾ, ਬਛੀਕ ਦਾ ਮੋਹਰੀ।

ਜੇ ਕੋਈ ਅੱਲ੍ਹੜ ਬੱਛਾ ਬਛੀਕ ਦਾ ਮੋਹਰੀ ਕਰਕੇ ਤੋਰੀਏ, ਤਾਂ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਹੀ ਸਿੱਧੇ ਰਾਹ ਤੁਰਨ ਨਹੀਂ ਜਾਣਦਾ ਫੇਰ ਬਛੀਕ ਨੂੰ ਸਿੱਧਾ ਰਾਹ ਕਿੱਕੁਰ ਦਿਖਾਲੇਗਾ। ਇਸੀ ਤਰ੍ਹਾਂ ਜੋ ਆਪ ਹੀ ਅਣਜਾਣ ਹਨ, ਉਨ੍ਹਾਂ ਦੇ ਪਿੱਛੇ ਤੁਰਕੇ ਹੋਰਨਾਂ ਨੂੰ ਕੀ ਲਾਹ ਲੱਭਣਾ ਹੈ॥

ਬੁਰਾ ਕੁੱਤਾ, ਖਸਮੇ ਗਾਲ।

ਜਿਸ ਕਿਸੀ ਦਾ ਬੁਰਾ ਕੁੱਤਾ ਪਾਲਿਆ ਹੋਇਆ ਹੋਵੇ, ਉਹ ਕੁੱਤਾ ਬਗਾਨੇ ਕੰਮ ਬਿਗਾੜਕੇ ਸਦਾ ਆਪਣੇ ਖਸਮ ਨੂੰ ਗਾਲਾਂ ਕਢਾਉਂਦਾ ਹੈ। ਇਸੀ ਤਰ੍ਹਾਂ ਜੋ ਕੋਈ ਮਾੜੇ ਆਦਮੀ ਨੂੰ ਆਪਣੇ ਪਾਸ ਰੱਖਦਾ ਹੈ, ਉਹ ਲੋਕਾਂ ਵਿੱਚ ਮਾੜਾ ਠਹਿਰਦਾ ਹੈ॥

ਘਰ ਨਾ ਬਾਰ, ਮੀਆਂ ਮਹੱਲੇਦਾਰ।

ਕਿਸੀ ਮੀਏਂ ਦਾ ਘਰਬਾਰ ਕੋਈ ਨਾ ਸਾ, ਉਹ ਇੱਕ ਦਿਨ ਕਿਸੇ ਦੂਜੇ ਪਿੰਡ ਜਾਕੇ ਆਪਣੀ ਵਡਿਆਈ ਲਈ ਆਖ ਆਇਆ, ਜੋ ਮੈਂ ਫੁਲਾਨੇ ਥਾਂ ਦਾ ਮਹੱਲੇ ਦਾਰ ਹਾਂ। ਜਾਂ ਕਿਸੀਨੇ ਆਕੇ ਕਦੀ ਉਸ ਪਿੰਡ ਦੇ ਲੋਕਾਂ ਤੇ ਪੁੱਛਿਆ ਜੋ ਫੁਲਾਨੇ ਦਾ ਘਰ ਕਿੱਥੇ ਹੈ, ਤਾਂ ਲੋਕਾਂ ਨੇ ਉਸਦਾ ਨਾਉਂ ਲੈ ਲੈ ਬਹੁਤ ਠੱਠੇ ਕੀਤੇ। ਇਸੀ ਤਰ੍ਹਾਂ ਜੋ ਲੋਕ ਕਿਸੀ ਗੱਲ ਦੇ ਜੋਗ ਨਹੀਂ, ਜੇ ਉਹ ਕਿਸੀ ਪਾਸ ਆਪਣੀ ਲਾਇਕੀ ਜਿਤਾ ਆਉਣ, ਤਾਂ ਓੜਕ ਉਨ੍ਹਾਂ ਨੂੰ ਠੱਠੇ ਹੁੰਦੇ ਚਨ॥

ਅੰਨ੍ਹਾਂ ਗਿਆ ਕੁੜਮਾਈ ਨੂੰ, ਆਪ ਨੂੰ ਲੋਚੇਕੇ ਭਾਈ ਨੂੰ।

ਜੇ ਅੰਨ੍ਹੇ ਨੂੰ ਭਰਾਉ ਦੀ ਕੁੜਮਾਈ ਵਾਸਤੇ ਭੇਜੀਏ, ਤਾਂ ਉਹ ਪਹਿਲਾਂ ਆਪਣੇ ਵਾਸਤੇ ਬਾਨ੍ਹਣੂ ਬੰਨ੍ਹਦਾ ਹੈ, ਭਰਾਉ ਦਾ ਫਿਕਰ ਨਹੀਂ ਕਰਦਾ। ਇਸੀ ਤਰ੍ਹਾਂ ਜੇ ਕਿਸੀ ਥਿੜੇ ਹੋਏ ਨੂੰ ਕਿਸੀ ਦਾ ਕੰਮ ਕਰਨ ਭੇਜੀਏ, ਤਾਂ ਉਹ ਉਸ ਦਾ ਕੰਮ ਬਿਗਾੜ ਕੇ ਆਪਣਾ ਕੰਮ ਸੁਧਾਰ ਆਉਂਦਾ ਹੈ। ਇਸੀ ਪੁਰ ਉੱਪਰਲੀ ਕਹਾਉਤ ਲੱਗਦੀ ਹੈ, ਕਿ ਅੰਨ੍ਹਾਂ ਗਿਆ ਕੁੜਮਾਈ ਨੂੰ ਆਪ ਨੂੰ ਲੋਚੇ ਕੇ ਭਾਈ ਨੂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਗਤਿਆਂ ਕੋਲੋਂ ਮੰਗਣਾ, ਲਾਣਤੀਆਂ ਦਾ ਕੰਮ।

ਕੋਈ ਮਨੁਖ ਆਪਹੀ ਭਿੱਖ ਮੰਗ ਕੇ ਗੁਜਰਾਨ ਤੋਰਦਾ ਸਾ, ਉਸ ਦੇ ਘਰ ਕੋਈ ਹੋਰ ਮੰਗਤਾ ਜਾਕੇ ਭਿਖ ਮੰਗਣ ਲੱਗਾ । ਘਰ ਵਾਲੇ ਮੰਗਤੇ ਨੇ ਉਸਨੂੰ ਲਾਣਤ ਪਾਕੇ ਆਖਿਆ, ਜੋ ਤੇਰਾ ਤਾਂ ਉਹੋ ਹਾਲ ਹੈ, ਜੋ ਜਿਹਾ ਕਿਸੇ ਸਿਆਣੇ ਨੇ ਕਿਹਾ ਹੈ, ਕਿ ਮੰਗਤਿਆਂ ਕੋਲੋਂ ਮੰਗਣਾ ਲਾਣਤੀਆਂ ਦਾ ਕੰਮ ॥ ਸੋ ਜੋ ਕੋਈ ਅਣਸ਼ਰਦੇ ਪਾਸ ਜਾਕੇ ਕੁਝ ਮੰਗਣ ਲੱਗ ਪਵੇ, ਉਸ ਨੂੰ ਲਾਣਤ ਤੇ ਬਿਨਾ ਹੋਰ ਕੀ ਲੱਭ ਪੈਣਾ ਹੈ ॥

ਸੱਦੀ ਨਾ ਬੁਲਾਈ, ਮੈ ਲਾੜੇ ਦੀ ਭੂਆ।

ਇੱਕ ਤੀਮੀਂ ਕਿਸੇ ਬਿਆਹਵਾਲੇ ਘਰ ਜਾਕੇ ਆਖਣ ਲੱਗੀ, ਜੋ ਮੈਨੂੰ ਭੀ ਕੁਝ ਸਲਾਹ ਪੁੱਛੋ, ਕਿੰਉਂ ਜੋ ਮੈ ਲਾੜੇ ਦੀ ਭੂਆ ਹਾਂ। ਲੋਕਾਂ ਨੇ ਤਿਸ ਨੂੰ ਫੜਕੇ ਘਰੋਂ ਬਾਹਰ ਕੱਢਿਆ ਅਤੇ ਆਖਿਆ, ਇਹ ਤਾਂ ਉਹੋ ਹੋਈ ਜੋ ਕਹਾ-ਉਤ ਹੈ, ਜੋ ਸੱਦੀ ਨਾ ਬੁਲਾਈ ਮੈਂ ਲਾੜੇ ਦੀ ਭੂਆ । ਇਸੀ ਤਰ੍ਹਾਂ ਜੋ ਲੋਕ ਬਿਨਾ ਪੁੱਛੇ ਕਿਸੀ ਦੂਜੇ ਆਦਮੀ ਦੀ ਗੱਲ ਵਿੱਚ ਬੋਲਦੇ ਅਥਵਾ ਕੁਝ ਸਲਾਹ ਦੇਣ ਲੱਗ ਪੈਂਦੇ ਹਨ, ਓਹ ਓੜਕ ਨੂੰ ਸ਼ਰਮਿੰਦੇ ਹੁੰਦੇ ਹਨ ॥

ਢੇਰਾਂ ਪੁਰ ਸੌਣਾਂ ਤੇ ਸੀਸ ਮਹਿਲਾਂ ਦੇ ਸੁਫਨੇ।

ਕੋਈ ਆਦਮੀ ਰੂੜੀ ਪੁਰੋਂ ਸੁੱਤਾ ਉੱਠਕੇ ਆਖਣ ਲੱਗਾ, ਜੋ ਮੈਂਨੂੰ ਰਾਤੀ ਸੀਸ ਮਹਿਲ ਵਿੱਚ ਅਰਾਮ ਲੱਭਾ। ਸੁਣਨ ਵਾਲੇ ਨੇ ਠੱਠਾ ਕਰਕੇ ਆਖਿਆ, ਕਿ ਹਾਂ ਸਚ ਹੈ ਭਾਈ। ਇਸੀ ਤਰ੍ਹਾਂ ਜੋ ਲੋਕ ਅਸਲ ਤੇ ਕੰਗਾਲ ਹਨ, ਜੇ ਓਹ ਅਮੀਰਾਂ ਜਿਹੀਆਂ ਗੱਲਾਂ ਕਰਨ, ਤਾਂ ਲੋਕ ਉਨ੍ਹਾਂ ਨੂੰ ਠੱਠੇ ਕਰਨ ਲੱਗ ਪੈਂਦੇ ਹਨ। ਅਰ ਆਖਦੇ ਹਨ, ਜੋ ਢੇਰਾ ਪੁਰ ਸੌਣਾ ਤੇ ਸੀਸ ਮਹਿਲਾਂ ਦੇ ਸੁਫਨੇ ॥

ਕੋਲਿਆਂ ਦੀ ਦਲਾਲੀ, ਮੂੰਹ ਸਿਰ ਕਾਲਾ।

ਜੋ ਕੋਈ ਕੋਲਿਆਂ ਦੀ ਦਲਾਲੀ ਕਰਦਾ ਹੈ, ਓੜਕ ਮੂੰਹ ਕਾਲਾ ਹੁੰਦਾ ਹੈ। ਸੋ ਜੇ ਕੋਈ ਭਲਾਮਾਣਸ ਕੋਈ ਖੋਟਾ ਕੰਮ ਜਾਣ ਬੁੱਝਕੇ ਕਰ ਬੈਠੇ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਤ ਵਿੱਚ ਉਸਨੂੰ ਕਾਲੇ ਮੂੰਹ ਤੇ ਬਿਨਾ ਹੋਰ ਕੀ ਲਾਭ ਹੋਣਾ ਹੈ। ਅਰ ਉਹੀ ਉਪੱਰਲੀ ਕਹਾਉਤ ਆਖੀ ਜਾਂਦੀ ਹੈ॥

ਨੌ ਸਉ ਚੂਹਾ ਖਾਕੇ ਬਿੱਲੀ ਹੱਜ ਨੂੰ ਚੱਲੀ।

ਕੋਈ ਬਿੱਲੀ ਜੋ ਸਾਰੀ ਉਮਰ ਚੂਹੇ ਖਾਂਦੀ ਰਹੀ, ਜੇ ਉਹ ਆਪਣੇ ਪਾਪ ਉਤਾਰਨ ਤੁਰ ਪਵੇ ਅਥਵਾ ਹੋਰਨਾਂ ਬਿੱਲੀਆਂ ਨੂੰ ਉਪਦੇਸ਼ ਕਰਨ ਲੱਗ ਪਵੇ, ਤਾਂ ਲੋਕ ਉਸਨੂੰ ਇਹੋ ਆਖਦੇ ਹਨ, ਜੋ ਨੌ ਸਉ ਚੂਹਾ ਖਾਕੇ ਬਿੱਲੀ ਹੱਜ ਨੂੰ ਚੱਲੀ। ਇਸੀ ਤਰ੍ਹਾਂ ਜੇ ਕੋਈ ਆਪ ਚੋਰ ਯਾਰ ਹੋਕੇ ਦੂਜੇ ਨੂੰ ਉਪਦੇਸ਼ ਕਰੇ, ਤਾਂ ਉਸ ਦੀ ਕੋਈ ਨਹੀਂ ਮੰਨਦਾ,ਅਰ ਜੇ ਉਹ ਖੋਟੇ ਕੰਮ ਕਰਦਾ ਕਰਦਾ ਕਦੀ ਵਿੱਚ ਕੁਝ ਲੋਕਾਂ ਦੇ ਦਿਖਾਲਣ ਲਈ ਚੰਗੀ ਗੱਲ ਭੀ ਕਰਨ ਲੱਗ ਜਾਵੇ, ਤਾਂ ਲੋਕ ਉਸ ਨੂੰ ਇਹੀ ਆਖਣਗੇ, ਜੋ ਨੌ ਸਉ ਚੂਹਾ ਖਾਕੇ ਬਿੱਲੀ ਹੱਜ ਨੂੰ ਚੱਲੀ॥

ਮਰ ਮਰ ਬੁੱਢੜੀ ਗੀਤੜੇ ਗਾਵੇ, ਲੋਕ ਤਮਾਸ਼ੜੇ ਆਵੇ

ਕੋਈ ਬੁੱਢੜੀ ਆਪਣੇ ਬਾਲਕ ਦੇ ਪਰਚਾਉਣੇ ਲਈ ਮਰ ਪਿੱਟਕੇ ਅੱਤ ਔਖੀ ਹੁੰਦੀ ਹੋਈ ਕੁਝ ਗੀਤ ਗਾ ਰਹੀ ਸੀ, ਉਸ ਨੂੰ ਸੁਣ ਕੇ ਜਾਂ ਲੋਕ ਤਮਾਸ਼ਾ ਦੇਖਣ ਆਏ, ਤਾਂ ਉਸ ਨੇ ਕਿਹਾ ਮੈਂ ਮਰ ਮਰਕੇ ਆਪਣੇ ਬਾਲਕ ਨੂੰ ਪਰਚਾਉਂਦੀ ਹਾਂ ਅਰ ਤੁਸੀਂ ਤਮਾਸ਼ਾ ਦੇਖਣ ਆਉਂਦੇ ਹੋ ? ਇਸੀ ਤਰ੍ਹਾਂ ਜੋ ਲੋਕ ਆਪਣੇ ਕੰਮ ਕਾਰ ਕਰਦੇ ਕਰਦੇ ਨੌਕਰ ਚਾਕਰਨੂੰ ਹੋਰ ਭੀ ਅਕਾਉਂਦੇ ਰਹਿੰਦੇ ਹਨ, ਉਨ੍ਹਾਂ ਪੁਰ ਉਹ ਉੱਪਰਲੀ ਹੀ ਕਹਾਉਤ ਲੱਗਦੀ ਹੈ, ਜੋ ਮਰ ਮਰ ਬੁੱਢੜੀ ਗੀਤੜੇ ਗਾਵੇ ਲੋਕ ਤਮਾਸ਼ੜੇ ਆਵੇ ॥

ਮਾੜਾ ਸ਼ਾਹ, ਮਨ ਦੀਆਂ ਖੇਪਾਂ।

ਜਿੱਕਰ ਨਿਰਧਨ ਅਤੇ ਮਾੜਾ ਸ਼ਾਹ ਮਨ ਦੀਆਂ ਖੇਪਾਂ ਭਰਦਾ ਰਹਿੰਦਾ ਹੈ, ਤਿੱਕੁਰ ਹੀ ਜੋ ਲੋਕ ਦਲਿੱਦਰੀ ਰਹਿਕੇ ਕੁਝ ਕੰਮਕਾਰ ਨਹੀਂ ਕਰਦੇ ਅਤੇ ਮਨ ਵਿੱਚ ਕੇਈ ਉਮੈਦਾਂ ਅਰ ਮੁਰਾਦਾਂ ਧਾਰ ਛੱਡਦੇ ਹਨ, ਉਨ੍ਹਾਂ ਪੁਰ ਉਹ ਉੱਪਰਲੀ ਹੀ ਕਹਾਉਤ ਲੱਗਦੀ ਹੈ। ਮਾੜਾ ਸ਼ਾਹ ਮਨ ਦੀਆਂ ਖੇਪਾਂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ।

ਧੋਬੀ ਦਾ ਕੁੱਤਾ ਘਰੋਂ ਨਿੱਕਲਕੇ ਘਾਟ ਪੁਰ ਜਾਂਦਾ ਹੈ, ਜਾਂ ਧੋਬੀ ਰੋਟੀ ਖਾਣ ਲੱਗੇ, ਤਾਂ ਇਹ ਖਿਆਲ ਕਰਕੇ, ਜੋ ਘਰ ਤੇ ਇਸ ਨੂੰ ਰੋਟੀ ਮਿਲੀ ਹੋਵੇਗੀ, ਕੁੱਤੇ ਨੂੰ ਕੁਝ ਬੀ ਨਹੀਂ ਖੁਲਾਉਂਦਾ। ਅਰ ਜਾਂ ਘਰ ਆਉਂਦਾ ਹੈ, ਤਾਂ ਧੋਬਣ ਇਹ ਖਿਆਲ ਕਰਦੀ ਹੈ, ਜੋ ਇਹ ਘਾਟ ਪੁਰੋਂ ਰੋਟੀ ਖਾ ਆਇਆ ਹੋਣਾ ਹ, ਇਸੀ ਤਰ੍ਹਾਂ ਉਹ ਦੋਹਾਂ ਥਾਵਾਂ ਤੇ ਭੁਖਾ ਰਹਿੰਦਾ ਹੈ। ਸੋ ਐਵੇਂ ਹੀ ਜੋ ਲੋਕ ਕੋਈ ਇੱਕ ਕੰਮ ਅਥਵਾ ਇੱਕ ਥਾਉਂ ਪੱਕਾ ਕਰਕੇ ਨਹੀਂ ਫੜ ਛੱਡਦੇ, ਓਹ ਧੋਬੀ ਦੇ ਕੁਤੇ ਵਾਂਙੂ ਸਭਨਾਂ ਥਾਮਾਂ ਤੇ ਖਾਲੀ ਰਹਿੰਦੇ ਹਨ॥

ਦੇਸ ਕਸਲੀ ਗਧਾ, ਕੁਰੇਸ਼ਾਨੀ ਬੋਲੀ।

ਕੋਈ ਆਦਮੀ ਥੋਹੜੇ ਦਿਨ ਕਿਸੇ ਦੂਜੇ ਮਲਖ ਵਿੱਚ ਰਹਿਕੇ ਆਇਆ ਸਾ। ਉਹ ਜਾਂ ਆਪਣੇ ਦੇਸ ਦੇ ਲੋਕਾਂ ਨਾਲ ਕੁਝ ਗੱਲ ਬਾਤ ਕਰਦਾ ਸਾ, ਤਾਂ ਦੂਜੇ ਦੇਸ ਦੀ ਬੋਲੀ ਵਿਖੇ ਕਰਦਾ ਸਾ। ਸੋ ਲੋਕ ਉਸ ਤੇ ਖਿਝਕੇ ਇਹ ਉੱਪਰਲੀ ਕਹਾਉਤ ਬੋਲਦੇ ਸੇ। ਇਸੀ ਤਰ੍ਹਾਂ ਜੋ ਲੋਕ ਆਪਣੀ ਚਤੁਰਾਈ ਪਰਗਟ ਕਰਨੇ ਲਈ ਆਪਣੇ ਮੁਲਖ ਦੇ ਲੋਕਾਂ ਨਾਲ ਦੂਜੇ ਮੁਲਖ ਦੀ ਬੋਲੀ ਬੋਲਦੇ ਹਨ ਸੋ ਤਿਸੀ ਜਿਹੇ ਹਨ॥

ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ।

ਕਿਸੀ ਕੰਗਾਲ ਨੂੰ ਸੋਨੇ ਦੇ ਵਾਲੇ ਲੱਭ ਪਏ, ਜਾਂ ਉਸ ਨੇ ਆਪਣੀ ਕੰਨੀ ਪਾਏ, ਤਾਂ ਓਹ ਭਾਰੇ ਹੋਣ ਦੇ ਸਬੱਬ ਉਸਦੇ ਕੰਨਾਂ ਨੂੰ ਚੀਰਨ ਲੱਗ ਪਏ। ਜਾਂ ਬਹੁਤ ਦੁਖੀ ਹੋਇਆ, ਤਾਂ ਕਿਸੀ ਸਿਆਣੇ ਨੇ ਕਿਹਾ ਤੂੰ ਜੇਕਰ ਇਨ੍ਹਾਂ ਨੂੰ ਕੰਨਾਂ ਤ ਨਹੀਂ ਉਤਾਰੇਂਗਾ, ਤਾਂ ਬਹੁਤ ਦੁਖ ਪਾਵੇਂਗਾ। ਉਸ ਨੇ ਕਿਹਾ ਮੈਂ ਅਜਿਹੀ ਅਮੋਲਕ ਚੀਜ ਕੰਨਾਂ ਤੇ ਕਿਉਂ ਉਤਾਰਾਂ? ਫੇਰ ਉਸ ਸਿਆਣੇ ਨੇ ਉਹ ਉੱਪਰਲੀ ਕਹਾਉਤ ਪੜ੍ਹਕੇ, ਉਸ ਦੇ ਵਾਲੇ ਉਤਰਾਏ। ਸੋ ਜੋ ਮੂਰਖ ਥੋਹੜੇ ਜਿਹੇ ਸੁਖ ਦੇ ਵਾਸਤੇ ਬੇਸ਼ੁਮਾਰ ਦੁਖ ਪਾਉਂਦੇ ਅਤੇ ਉਸ ਦੁੱਖ ਤੇ ਛੁਟ ਨਹੀਂ ਸੱਕਦੇ, ਉਨ੍ਹਾਂ ਪੁਰ ਇਹੀ ਕਹਾਉਤ ਲੱਗਦੀ ਹੈ, ਜੋ ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਬਰ ਕੰਜਰ ਦੀ, ਉਛਾੜ ਬਾਫਤੇ ਦਾ।

ਇੱਕ ਕੰਜਰ ਦੀ ਕਬਰ ਪੁਰ ਬਾਫਤੇ ਦਾ ਉਛਾੜ ਦੇਖਕੇ, ਕਿਸੀ ਸਿਆਣੇ ਨੇ ਦਿਲ ਵਿੱਚ ਆਖਿਆ, ਜੋ ਇਹ ਕੇਹੀ ਧੋਖੇ ਦੀ ਗੱਲ ਹੈ। ਐਕੁਰ ਹੀ ਜੋ ਲੋਕ ਅੰਦਰ ਤੇ ਬੁਰੇ ਅਰ ਉੱਪਰ ਤੇ ਬਹੁਤ ਚੰਗੇ ਭਲੇਮਾਣਸਾਂ ਜਿਹੇ ਬਣੇ ਰਹਿੰਦੇ ਹਨ, ਉਨ੍ਹਾਂ ਨੂੰ ਦੇਖਕੇ ਸਿਆਣੇ ਲੋਕ ਇਹੀ ਆਖਦੇ ਹਨ, ਜੋ ਕਬਰ ਕੰਜਰ ਦੀ ਤੇ ਉਛਾੜ ਬਾਫਤੇ ਦਾ ॥

ਬਖਤੋਂ ਖੁੰਝੀ ਡੂਮਣੀ, ਢੂੰਡੇ ਆਲ ਪਤਾਲ।

ਜਾਂ ਡੂੰਮਣੀ ਗਾਉਣ ਲੱਗੀ ਹੋਈ ਤਾਲ ਤੇ ਉੱਕ ਜਾਂਦੀ ਹੈ, ਤਾਂ ਉੱਪਰ ਹੇਠ ਦੇਖਣ ਲੱਗ ਜਾਂਦੀ ਹੈ, ਫੇਰ ਉਹ ਵੇਲਾ ਹੱਥ ਨਹੀਂ ਆਉਂਦਾ। ਇਸੀ ਤਰ੍ਹਾਂ ਜੋ ਲੋਕ ਆਪਣਾ ਕੰਮ ਕਾਰ ਪਹਿਲਾਂ ਹੀ ਸੋਚ ਸਮਝਕੇ ਨਹੀਂ ਸੁਧਾਰ ਛੱਡਦੇ, ਓਹ ਵੇਲੇ ਸਿਰ ਆਕੇ ਚੁੱਕ ਜਾਂਦੇ ਅਰ ਵੱਡੀ ਸ਼ਰਮਿੰਦਗੀ ਉਠਾਉਂਦੇ ਹਨ। ਅਥਵਾ ਜੋ ਲੋਕ ਸਭ ਕੁਝ ਜਾਣਦੇ ਬੁੱਝਦੇ ਹਨ, ਪਰ ਵੇਲੇ ਪੁਰ ਆਕੇ ਆਪਣੇ ਮੌਕੇ ਤੇ ਉੱਕ ਜਾਂਦੇ ਹਨ, ਸੋ ਬਹੁਤ ਸ਼ਰਮਿੰਦੇ ਹੁੰਦੇ ਹਨ ॥

ਆਪ ਨੂੰ ਥਾਉਂ ਨਹੀਂ ਪੰਜ ਪੀਰ ਸਾਥ।

ਇੱਕ ਨਥਾਵਾਂ ਆਦਮੀ ਪੰਜਾਂ ਪੀਰਾਂ ਨੂੰ ਆਪਣੇ ਘਰ ਵਿੱਚ ਉਤਾਰਨ ਲਈ ਲੈਕੇ ਜਾਂਦਾ ਸਾ, ਲੋਕ ਉਸ ਦੀ ਇਹ ਚਾਲ ਦੇਖਕੇ ਦਿਲ ਵਿੱਚ ਠੱਠੇ ਕਰਦੇ ਸੇ। ਇੱਕੁਰ ਹੀ ਜੋ ਆਦਮੀ ਕੰਗਾਲ ਹੋਕੇ ਅੰਮੀਰਾਂ ਦੇ ਦਾਵੇ ਬੱਨ੍ਹੇ ਓੜਕ ਨੂੰ ਸ਼ਰਮਿੰਦਾ ਹੁੰਦਾ ਹੈ ॥

ਕੱਖਾਂ ਦੀ ਕੁੱਲੀ, ਹਾਥੀ ਦੰਦ ਦਾ ਪਰਨਾਲਾ।

ਜਿਸ ਕਿਸੀ ਨੇ ਕੱਖਾਂ ਦੀ ਕੁੱਲੀ ਪੁਰ ਹਾਥੀ ਦੇ ਦੰਦ ਦਾ ਪਰਨਾਲਾ ਲਾਇਆ ਹੋਇਆ ਹੋਵੇ, ਉਸ ਨੂੰ ਸਭ ਲੋਕ ਠੱਠੇ ਕਰਦੇ ਰਹਿੰਦੇ ਹਨ। ਐਵੇਂ ਹੀ ਜੋ ਹੋੱਛੇ ਲੋਕ ਪੇਟੋਂ ਭੁੱਖੇ ਮਰਦੇ ਹਨ ਅਰ ਜਿੰਉਂ ਤਿੰਉਂ ਔਖੇ ਹੋਕੇ ਕੋਈ ਗਹਿਣਾ ਘੜਾਕੇ ਜਰੂਰ ਪਹਿਨ ਲੈਂਦੇ ਹਨ, ਉਨ੍ਹਾਂ ਪੁਰ ਉਹੀ ਕਹਾਉਤ ਲੱਗਦੀ ਹੈ, ਕਿ ਕੱਖਾਂ ਦੀ ਕੁੱਲੀ ਹਾਥੀ ਦੰਦ ਦਾ ਪਰਨਾਲਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਉਜਾੜਿਆ ਚੌਧਰੀਆਂ, ਵਸਾਉਣ ਵਾਲਾ ਕੌਣ।

ਜੇ ਚੌਧਰੀ ਹੀ ਪਿੰਡ ਨੂੰ ਉਜਾੜਨ ਲੱਗ ਜਾਣ, ਤਾਂ ਉਸਨੂੰ ਕੋਈ ਵਸਾਇ ਨਹੀਂ ਸੱਕਦਾ, ਇਸੀ ਤਰ੍ਹਾਂ ਜੇ ਭਲੇ ਲੋਕ ਹੀ ਜੋ ਸਭਨਾਂ ਨੂੰ ਉਪਦੇਸ਼ ਕਰਦੇ ਹਨ ਆਪ ਕੁਝ ਖੋਟੇ ਕੰਮ ਕਰਣ ਲੱਗ ਪੈਣ, ਤਾਂ ਭਲਿਆਈ ਕੌਣ ਕਰ ਸੱਕੇਗਾ॥

ਆਪ ਕੁਚੱਜੀ, ਵੇਹੜੇ ਨੂੰ ਦੋਸ।

ਇੱਕ ਤੀਮੀਂ ਵੱਡੀ ਲੜਾਕੀ ਅਤੇ ਚਲਾਕ ਸੀ, ਜਾਂ ਉਸ ਤੇ ਕੋਈ ਕਸੂਰ ਹੋ ਜਾਂਦਾ, ਤਾਂ ਵੇਹੜੇ ਵਿਚਲੇ ਲੋਕਾਂ ਨੂੰ ਦੋਸ਼ ਲਾਕੇ ਆਪ ਸੱਚੀ ਬਣ ਬੈਠਦੀ ਸੀ। ਇਸੀ ਤਰ੍ਹਾਂ ਜੋ ਲੋਕ ਆਪਣੇ ਕਸੂਰ ਨੂੰ ਕਿਸੀ ਹੋਰ ਦੇ ਸਿਰ ਲਾਕੇ ਆਪ ਸੱਚੇ ਬਣ ਜਾਂਦੇ ਹਨ, ਉਨ੍ਹਾਂ ਪੁਰ ਉਹੀ ਕਹਾਉਤ ਆਉਂਦੀ ਹੈ। ਆਪ ਕੁਚੱਜੀ ਵੇਹੜੇ ਨੂੰ ਦੋਸ॥

ਪੰਚਾਂ ਦਾ ਕਹਿਣਾ ਸਿਰ ਮੱਥੇ ਪਰ ਪਰਨਾਲਾ ਉੱਥੇ ਹੀ।

ਇੱਕ ਮਨੁੱਖ ਨੂੰ ਪਿੰਡ ਦੀ ਪੰਚੈਤ ਨੇ ਸਮਝਾਇਆ, ਜੋ ਤੂੰ ਇੱਥੇ ਪਰ-ਨਾਲਾ ਨਾ ਰੱਖ ਕਿਉਂ ਜੋ ਇਸ ਵਿੱਚ ਬਹੁਤਿਆਂ ਲੋਕਾਂ ਦਾ ਨੁਖਸਾਨ ਹੈ। ਉਸ ਨੇ ਸਭ ਦੀ ਗੱਲ ਨੂੰ ਸਿਰ ਪੁਰ ਧਰਕੇ ਅਤੇ ਸੱਤ ਬਚਨ ਮਹਾਰਾਜ ਆਖਕੇ ਭੀ ਓੜਕ ਉਹੀ ਕੰਮ ਕੀਤਾ, ਜਿਸਤੇ ਓਹ ਮਨੇ ਕਰਦੇ ਸੇ। ਇਸੀ ਤਰ੍ਹਾਂ ਜੋ ਮੂਰਖ ਲੋਕ ਵਿੱਦਿਆ ਪੜ੍ਹਕੇ ਅਰ ਸਿਆਣਿਆਂ ਦੇ ਉਪਦੇਸ਼ਾਂ ਨੂੰ ਸੁਣਕੇ ਭੀ ਆਪਣੇ ਦਿਲ ਨੂੰ ਮੰਨਣੇ ਵੱਲ ਨਹੀਂ ਲਾਉਂਦੇ, ਉਨ੍ਹਾਂ ਨੂੰ ਇਹੀ ਆਖਣਾ ਚਾਹੀਦਾ ਹੈ ਜੋ ਉੱਪਰਲੀ ਕਹਾਉਤ ਵਿੱਚ ਲਿਖਿਆ ਹੋਇਆ ਹੈ, ਜੋ ਪੰਚਾਂ ਦਾ ਕਹਿਣਾ ਸਿਰ ਮੱਥੇ ਪਰ ਪਰਨਾਲਾ ਉਥੇ ਹੀ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਮਸਾਖੀ ਵਿੱਚੋਂ ਵੀਹ ਕਥਾਂ ॥

॥ ੧ ॥ ਸਾਖੀ ਗੁਪਾਲ ਪਾਂਧੇ ਨਾਲ ॥

ਜਾਂ ਨਾਨਕ ਜੀ ਬਰਸਾਂ ਸੱਤਾਂ ਦਾ ਹੋਇਆ, ਤਾਂ ਕਾਲੂ ਨਾਨਕ ਨੂੰ ਪਾਂਧੇ ਪਾਸ ਲੈ ਗਿਆ,ਤਾਂ ਕਾਲੂ ਜਾਇ ਕਹਿਆ,ਪਾਂਧਾ ਜੀ ਮਹੂਰਤ ਦੇਖ,ਨਾਨਕ ਨੂੰ ਤੇਰੇ ਪਾਸ ਪੜ੍ਹਨੇ ਪਾਂਦੇ ਹਾਂ,ਤੂੰ ਨਾਨਕ ਨੂੰ ਪੜ੍ਹਾਇ। ਤਾਂ ਗੁਪਾਲ ਪਾਂਧੇ ਕਹਿਆ ਭਲਾ ਜੀ ਪੜ੍ਹਾਵਾਂਗਾ। ਹੁਣ ਮਹੂਰਤ ਚੰਗਾ ਹੈ। ਤਾਂ ਟਿੱਕਾ ਚਾਵਲ ਸੁਪਾਰੀ ਦੱਖਣਾਂ ਘਰੋਂ ਅਣਵਾਇ ਲਈ, ਤਾਂ ਪਾਂਧੇ ਦੇ ਪਾਇਆ। ਤਾਂ ਪਾਂਧੇ ਪੱਟੀ ਲਿਖ ਦਿੱਤੀ, ਤੇ ਕਹਿਆ ਨਾਨਕ ਤੂੰ ਪੜ੍ਹ। ਤਾਂ ਇੱਕ ਦਿਨ ਪੜ੍ਹਿਆ ਫੇਰ ਚੁੱਪ ਕਰ ਰਹਿਆ। ਤਾਂ ਪਾਂਧੇ ਕਹਿਆ ਨਾਨਕ ਤੂੰ ਪੜ੍ਹਦਾ ਕਿਉਂ ਨਹੀਂ? ਤਾਂ ਬਾਬੇਨਾਨਕ ਜੀ ਕਹਿਆ, ਹੇ ਪਾਂਧਾ ਤੂੰ ਕੁਝ ਆਪ ਭੀ ਪੜ੍ਹਿਆ ਹੈਂ ? ਤਾਂ ਪਾਂਧੇ ਕਹਿਆ, ਹੇ ਨਾਨਕ ਮੈਂ ਸਭ ਕੁਝ ਪੜ੍ਹਿਆ ਹਾਂ, ਓਂਨਮਾਸਿੱਧ, ਬਾਰਾਂਖੜੀ, ਜਿਮੀਂ ਕੱਛਣ ਦਾ ਹਿਸਾਬ, ਜਮਾਂ ਖਰਚ, ਸਭ ਕੁਝ ਪੜ੍ਹਿਆ ਹੈ ਜੀ। ਪਟਵਾਰੀ ਦਾ ਫੇਰ ਘੇਰ ਪੇਚ ਜਿੱਥੇ ਲਗ ਹੈ, ਮੈਂ ਸਭ ਕੁਝ ਪੜ੍ਹਿਆ ਹਾਂ। ਤਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਇੱਕ ਸ਼ਬਦ ਉਠਾਯਾ। ਸ੍ਰੀ ਰਾਗ ਵਿੱਚ ਸਰੀਅਤ ਦੇ ਘਰ ਕਹਿਆ। ਜਾਲ ਮੋਹ ਘਸ ਮੱਸ ਕਰ, ਮਤਿ ਕਾਗਤ ਕਰ ਸਾਰ ॥ ਭਾਉ ਕਲਮ ਕਰ, ਚਿੱਤ ਲਿ-ਖਾਰੀ, ਗੁਰੂ ਪੁੱਛ ਲਿਖ ਬੀਚਾਰ ॥ ਲਿਖ ਨਾਮ, ਸਲਾਹਿ ਲਿਖ, ਲਿਖ ਅੰਤ ਨ ਪਾਰਾ ਵਾਰ ॥ ਬਾਬਾ ਇਹ ਲੇਖਾ ਲਿਖ ਜਾਣ ॥ ਜਿੱਥੇ ਲੇਖਾ ਮੰਗੀਐ ਤਿੱਥੇ ਹੋਇ ਸੱਚਾ ਨੀਸ਼ਾਨ ॥ ੧ ॥ ਇਸ ਦਾ ਅਰਥ, ਸ੍ਰੀ ਬਾਬੇ ਨਾਨਕ ਜੀ ਕਹਿਆ ਹੈ, ਹੇ ਪਾਂਧਾ ਜੀ ! ਸੁਣ, ਉਸ ਅਪਾਰ ਪੁਰਖ ਦੀ ਅਪਾਰ ਹੀ ਸੋਭਾ ਹੈ। ਜੋ ਇਹ ਤੂੰ ਜਾਣਦਾ ਹੈਂ,ਤਾਂ ਤੂੰ ਪੜ੍ਹ ਅਤੇ ਮੈਨੂੰ ਭੀ ਪੜ੍ਹਾਉ। ਅਤੇ ਜੇ ਤੂੰ ਇਹ ਸੱਚ ਦਾ ਪੜ੍ਹਨਾਂ ਨਹੀਂ ਜਾਣਦਾ, ਤਾਂ ਨਾ ਪੜ੍ਹ ਅਤੇ ਨਾ ਪੜ੍ਹਾਉ। ਸੁਣ ! ਇਹ ਸੱਚ ਦਾ ਪੜ੍ਹਨਾ ਕਹਿਆ ਹੈ। ਜੇ ਨਾਹੀਂ ਜਾਣਦਾ ਤਾਂ ਅਸਾਂ ਪਾਸੋਂ ਸੁਣ ਕਰ ਸਿੱਖ ਲੈ, ਕੁਮਾਇਆ ਕਰਃ — ਤੇਰੇ ਜਨਮ ਦਾ ਫਾਹ ਕਟੀਐ, ਅਨੂਪ ਜਿਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਭਾ ਹੈ। ਜੇ ਤੂੰ ਇਹ ਪੜ੍ਹਿਆ ਹੈਂ, ਤਾਂ ਏਹ ਸੱਭੋ ਲਿਖਿਆ ਕਰ, ਪੜ੍ਹਿਆ ਕਰ, ਪੜ੍ਹਾਇਆ ਕਰ, ਜਿਤੁ ਪੜ੍ਹਿਆਂ ਲੇਖੇ ਤੇ ਛੁੱਟੀਐ। ਜਿੱਥੇ ਲੇਖਾ ਮੰਗੀਐ ਗਾ ਤਿੱਥੇ ਤੇਰੇ ਹੱਥ ਸੱਚੇ ਦੇ ਸਿਮਰਣ ਦਾ ਨਿਸ਼ਾਨ ਹੋਵੇਗਾ। ਅੱਗੇ ਤੇ ਲੇਖਾ ਮੰਗਿਐ ਨਾਹੀਂ। ਇਹ ਜੋ ਸਿਮਰਣ ਇੱਥੇ ਸਿਮਰੀ ਦਾ ਹੈ,ਇਹ ਸੱਚੀ ਦਰਗਾਹ ਦਾ ਨੀਸ਼ਾਨ ਹੈ। ਜੇ ਤੂੰ ਸੱਚੀ ਦਰਗਾਹ ਵਿੱਚ ਛੁੱਟਿਆ ਚਾਂਹਦਾ ਹੈਂ, ਤਾਂ ਇਹ ਲੇਖਾ ਪੜ੍ਹਿਆਕਰ। ਸੁਣ ਪੰਡਿਤਜੀ ! ਜਿਸਦੇ ਮਸਤਕ ਲੇਖਾ ਲਿਖਿਆ ਹੋਵੇਗਾ ਓਸ ਨੂੰ ਨਾਮ ਪ੍ਰਾਪਤ ਹੋਵੇਗਾ। ਸੁਣ ਪਾਂਧਾ ਗੱਲੀਂ ਸ੍ਰੀ ਪਰਮੇਸੁਰ ਜੀ ਨਹੀ ਪਾਇਆ ਜਾਂਦਾ, ਗੱਲਾਂ ਦੀ ਜੋ ਬਾਤ ਹੈ, ਸੋ ਗੱਲਾਂ ਹੀ ਹਨ, ਗੱਲਾਂ ਦੀ ਬਾਤ ਝੂਠ ਹੈ, ਗੱਲੀਂ ਕੁਝ ਨਹੀਂ ਪਾਈਦਾ। ਸੋਈ ਪਾਵੇ ਜਿਸਨੂੰ ਮੇਹਰ ਸ੍ਰੀ ਪਰਮੇਸੁਰ ਜੀ ਦੀ ਹੋਵੇ, ਸੋਈ ਇਹ ਨਾਮ ਪਾਵੇਗਾ, ਤਾਂ ਫੇਰ ਸ੍ਰੀ ਗੁਰੂ ਜੀ ਕਹਿਆ, ਸੁਣ ਪੰਡਤਾ ਬਿਨਾ ਸ੍ਰੀ ਪਰਮੇਸ਼ੁਰ ਜੀ ਦੇ ਨਾਮ ਹੋਰ ਸਭ ਪੜ੍ਹਨਾ ਵਾਦ ਹੈ। ਤਾਂ ਗੁਪਾਲ ਪੰਡਤ ਕਹਿਆ, ਹੇ ਨਾਨਕ ਜੀ ਹੋਰ ਪੜ੍ਹਨਾ ਤੂੰ ਮੈਨੂੰ ਦੱਸ ਜਿਤੁ ਪੜ੍ਹਿਆਂ ਮੈਂ ਭੀ ਛੁੱਟਾਂ ਜੀ। ਤਾਂ ਸ੍ਰੀ ਗੁਰੂ ਜੀ ਕਹਿਆ, ਸੁਣ ਪੰਡਿਤ ਜੀ, ਇਹ ਜੋ ਸੰਸਾਰ ਦਾ ਪੜ੍ਹਨ ਹੈ, ਸੋ ਐਸਾ ਹੈ, ਜੋ ਮੱਸ ਦੀਵੇ ਦੀ, ਕਾਗਤ ਸਣ ਦੇ, ਕਲਮ ਕਾਨੇ ਦੀ, ਮਨਲਿਖਣ ਹਾਰਾ। ਇਨ੍ਹਾਂ ਨਾਲ ਲਿਖਿਆ,ਸੋ ਕਿਆ ਲਿਖਿਆ?--ਮਾਇਆ ਦਾ ਜੰਜਾਲ ਲਿਖਿਆ, ਜਿਤੁ ਲਿਖੇ ਸੱਭੇ ਵਿਕਾਰ ਹੋਣ। ਅਰੁ ਉਹ ਸੱਚ ਦਾ ਪੜ੍ਹਨਾ ਐਸਾ ਹੈ, ਮਾਇਆ ਦਾ ਮੋਹ ਜਾਲਕੇ ਮੱਸੁ ਕਰੀਐ, ਤਪੱਸਿਆ ਕਾਗਤ ਕਰੀਏ, ਅਰ ਇਸ ਦੇ ਅੰਦਰ ਜੋ ਕੁਝ ਭਾਉ ਹੈ ਤਿਸਦੀ ਕਲਮ ਕਰੀਐ, ਅਰ ਚਿੱਤ ਲਿਖਣਹਾਰਾ ਕਰੀਐ;—ਅਰ ਲੇਖਾ ਐਸਾ ਕਿਆ ਲਿਖੀਐ?—ਸ੍ਰੀ ਪਰਮੇਸ਼ੁਰ ਜੀ ਦਾ ਨਾਮ ਲਿਖੀਐ,ਸੋਭਾ ਸਲਾਹ ਲਿਖੀਐ, ਜਿਤੁ ਲਿਖੇ ਸੱਭੇ ਵਿਕਾਰ ਮਿਟ ਜਾਣ, ਅਰ ਤਨ ਸੁਖੀ ਹੋਵੇ; ਪਰ ਉਸ ਦਾ ਅੰਤ ਕੁਝ ਪਾਇਆ ਨਹੀਂ ਜਾਂਦਾ। ਪੰਡਤਾ ਜੇ ਤਾਂ ਇਹ ਸੱਚ ਦਾ ਲੇਖਾ ਪੜ੍ਹਿਆ ਹੈਂ, ਤਾਂ ਤੂੰ ਭੀ ਪੜ੍ਹ ਅਤੇ ਮੈਨੂੰ ਭੀ ਪੜ੍ਹਾਉ। ਜੇ ਤਾਂ ਇਹ ਸੱਚ ਦਾ ਲੇਖਾ ਨਾਹੀਂ ਪੜ੍ਹਿਆ, ਤਾਂ ਨਾ ਤੂੰ ਪੜ੍ਹ ਨਾ ਤੂੰ ਪੜ੍ਹਾਇ। ਸੁਣ ਪੰਡਤਾ ਜਿੱਥੇ ਤੇਰਾ ਜੀਉ ਜਾਏਗਾ, ਤਿੱਥੇ ਇਹ ਸੱਚ ਦਾ ਪੜ੍ਹਨਾਂ ਤੇਰੇ ਹੱਥ ਸੱਚ ਦਾ ਨੀਸ਼ਾਨ ਹੋਵੇਗਾ। ਤੇਰੇ ਨਜੀਕ ਕਾਲ ਭੀ ਨਾ ਆਵੇਗਾ। ਤਾਂ ਪੰਡਤ ਕਹਿਆ, ਨਾਨਕ ਜੀ ਏਹ ਬਾਤਾਂ ਤੈਂ ਕਿੱਥੋਂ ਪਾਈਆਂ ਹਨ ? ਪਰ ਸੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਜੀ ਜੋ ਇੱਥੇ ਹੁਣ ਸ੍ਰੀ ਪਰਮੇਸੁਰ ਜੀ ਦਾ ਨਾਉਂ ਲੈਂਦੇ ਹਨ, ਤਿਨ੍ਹਾਂ ਨੂੰ ਕਿਆ ਫਲ ਲੱਗਦਾ ਹੈ ਜੀ ? ਤਾਂ ਸ੍ਰੀ ਬਾਬੇ ਨਾਨਕ ਜੀ ਦੂਜੀ ਪਉੜੀ ਕਹੀ॥ ਜਿੱਥੇ ਮਿਲਣ ਵਡਿਆਈਆਂ, ਸਦ ਖੁਸ਼ੀਆਂ ਸਦ ਚਾਉ । ਤਿਨ ਮੁਖ ਟਿੱਕੇ ਨਿੱਕਲੇ, ਜਿਨ ਮੁਖ ਸੱਚਾ ਨਾਉਂ । ਕਰਮ ਮਿਲੇ ਤਾਂ ਪਾਈਐ ਨਾਹੀਂ ਗੱਲੀਂ ਵਾਉ ਦੁਵਾਉ ॥ ਤਿਸਦਾ ਪਰਮਾਰਥ ॥ ਸੁਣ ਪੰਡਤਾ ਜਿੱਥੇ ਤੇਰਾ ਜੀਉ ਜਾਵੇਗਾ, ਉੱਥੇ ਸ੍ਰੀ ਪਰਮੇਸੁਰ ਜੀ ਦੇ ਸਿਮਰਣੇ ਦਾ ਪੁੰਨ ਹੋਵੇਗਾ। ਸਦਾ ਸਦਾ ਖੁਸ਼ੀਆਂ ਹੋਵਣਗੀਆਂ। ਨਿੱਤ ੨ ਨਿਧਾਨ ਅਨੰਦ ਮੰਗਲ ਤੈਨੂੰ ਪ੍ਰਾਪਤ ਹੋਵਨਗੇ । ਪਰ ਜਿਨ੍ਹਾਂ ਇੱਕ ਮਨ ਕਰ ਸਿਮਰਿਆ ਹੈ, ਤਿਨ੍ਹਾਂ ਨੂੰ ਸੱਚੀ ਦਰਗਾਹ ਵਿੱਚ ਵੱਡਾ ਪਰਤਾਪ ਹੋਵੇਗਾ। ਅਰ ਉਪਾਇ ਕਰ, ਗੱਲੀਂ ਸ੍ਰੀ ਪਰਮੇਸ਼ੁਰ ਨਾਹੀਂ ਪਾਇਆ ਜਾਂਦਾ। ਇਹ ਗੱਲ ਸੁਣ ਕਰ ਪੰਡਤ ਬਹੁਤ ਭੈਮਾਨ ਹੋਇਆ । ਤਾਂ ਫੇਰ ਪੰਡਤ ਕਹਿਆ ਹੇ ਨਾਨਕ ਜੀ ਜੋ ਪਰਮੇਸ਼ੁਰ ਜੀ ਦਾ ਨਾਉਂ ਲੈਂਦੇ ਹਨ, ਤਿਨ੍ਹਾਂ ਨੂੰ ਤਾਂ ਕੋਈ ਜਾਣਦਾ ਭੀ ਨਹੀਂ ਅਰ ਉਨ੍ਹਾਂ ਨੂੰ ਰੋਟੀ ਭੀ ਨਹੀਂ ਜੁੜ ਆਂਵਦੀ। ਅਰ ਜੋ ਇੱਕ ਪਾਦਸ਼ਾਹੀਆਂ ਕਰਦੇ ਹਨ, ਅਰ ਵੱਡੇ ੨ ਸੁਖ ਭੋਗਦੇ ਹਨ, ਅਰ ਓਹ ਸ੍ਰੀ ਪਰਮੇਸ਼ੁਰ ਜੀ ਤੇ ਭੀ ਨਾਹੀਂ ਡਰਦੇ, ਦੇਖਾਂ ਉਨ੍ਹਾਂ ਦਾ ਕੌਨ ਹਵਾਲ ਹੋਵੇਗਾ ਜੀ ਸੱਚੀ ਦਰਗਾਹ ਵਿੱਚ ? ਤਾਂ ਗੁਰੂ ਬਾਬੇ ਤੀਜੀ ਪਉੜੀ ਕਹੀ । ਇੱਕ ਆਵਹਿ ਇੱਕ ਜਾਂਹਿ ਉਠ, ਰਖੀਅਹਿ ਨਾਉਂ ਸਲਾਰ। ਇੱਕ ਉਪਾਏ ਮੰਗਤੇ ਇਕਨਾਂ ਵਡੇ ਦਰਬਾਰ। ਅੱਗੇ ਗਏ ਜਾਣੀਅਹਿ, ਵਿਣ ਨਾਵੇ ਵੇਕਾਰ ॥ ਇਸ ਦਾ ਪਰਮਾਰਥ—ਸੁਣ ਪੰਡਤਜੀ ਇੱਕ ਆਂਵਦੇ ਹਨ,ਇੱਕ ਉੱਠ ਰਾਹੀ ਹੁੰਦੇ ਹਨ, ਇੱਕ ਸਿਪਾਹ ਸਾਲਾਰ ਕਹਾਉਂਦੇ ਹਨ, ਇੱਕ ਮੰਗਤੇ ਭਿੱਖਿਆ ਮੰਗ ੨ ਖਾਂਦੇ ਹਨ, ਇੱਕ ਪਾਦਸ਼ਾਹ ਦਰਬਾਰ ਲਾਵਣਹਾਰੇ ਉਪਾਏ ਹਨ, ਜੋ ਸ੍ਰੀ ਪਰਮੇ-ਸੁਰ ਨੂੰ ਨਹੀਂ ਸਿਮਰਦੇ ਤਿਨ੍ਹਾਂ ਨੂੰ ਅੱਗੇ ਅਜੇਹੀ ਸਜਾਇ ਮਿਲੇਗੀ, ਜਿਹੀ ਧੋਬੀ ਕੱਪੜੇ ਨੂੰ ਦਿੰਦਾ ਹੈ, ਜਿਹੀ ਚੱਕੀ ਦਾਣਿਆਂ ਨੂੰ ਦਿੰਦੀ ਹੈ, ਜਿਹੀ ਤੇਲੀ ਤਿਲਾਂ ਨੂੰ ਦਿੰਦਾ ਹੈ। ਅਰ ਇੱਥੇ ਜੋ ਸ੍ਰੀ ਪਰਮੇਸ਼ੁਰ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਪਰਮੇ-ਸ਼ੁਰ ਦੀ ਦਰਗਾਹ ਵਿੱਚ ਵਡਿਆਈ ਮਿਲੇਗੀ। ਇਹ ਗੱਲ ਸੁਣਕੇ ਪੰਡਤ ਭੈ-ਮਾਨ ਹੋਇਆ, ਡਰ ਗਿਆ। ਤਾਂ ਫੇਰ ਪੰਡਤ ਕਹਿਆ ਇਹ ਕੋਈ ਵੱਡਾ ਮਹਾਂ-ਪੁਰਖ ਹੈ। ਤਾਂ ਫੇਰ ਪੰਡਤ ਕਹਿਆ ਏ ਨਾਨਕ ਜੀ ! ਤੂੰ ਅਜੇਹੀਆਂ ਗੱਲਾਂ ਕਰੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈਂ ? ਅਜਾਂ ਤਾਂ ਤੂੰ ਬਾਲਕ ਹੈਂ, ਕੁਝ ਮਾਤਾ ਪਿਤਾ ਦਾ, ਇਸਤ੍ਰੀ ਕੁਟੰਬ ਦਾ ਸੁਖ ਦੇਖ। ਦੇਖਾਂ ਅਜਾਂ ਤੇਰੀ ਕਿੱਥੇ ਓੜ ਹੈ?ਤਾਂ ਸ੍ਰੀ ਗੁਰੂ ਬਾਬੇ ਜੀ ਚਉਥੀ ਪਉੜੀ ਆੱਖੀ। ਭੈ ਤੇਰੇ ਡਰ ਅਗਲਾ, ਖਪ ਖਪ ਛਿੱਜੇ ਦੇਹਿ। ਨਾਉਂ ਜਿਨ੍ਹਾਂ ਸੁਲਤਾਨ ਖਾਨ ਹੁੰਦੇ ਡਿੱਠੇ ਖੇਹਿ। ਨਾਨਕ ਉੱਠੀ ਚੱਲਿਆ, ਸਭ ਕੂੜੇ ਤੁੱਟੇ ਨੇਹ॥ ਤਿਸ ਦਾ ਪਰਮਾਰਥ–ਸ੍ਰੀ ਗੁਰੂ ਜੀ ਕਹਿਆ, ਸੁਣ ਹੇ ਪੰਡਤ ! ਉਸ ਸਾਹਬ ਦਾ ਮੈਨੂੰ ਡਰ ਐਸਾ ਹੈ, ਜੋ ਉਸਦੇ ਡਰ ਤੇ ਮੇਰੀ ਦੇਹ ਭੀ ਬਹੁਤ ਭੈਮਾਨ ਹੋਰਹੀ ਹੈ। ਜੋ ਇੱਥੇ ਸੁਲਤਾਨ ਖਾਨ ਕਹਾਉਂਦੇ ਸੇ, ਓਹ ਭੀ ਸਭ ਮਰ ਖਾਕ ਹੋਇ ਗਏ ਹਨ। ਜਿਨ੍ਹਾਂ ਦੇ ਡਰ ਪਿਰਥੀ ਭੀ ਭੈਮਾਨ ਹੁੰਦੀ ਸੀ ਅਰ ਜਿਨ੍ਹਾਂ ਦਾ ਅਮਰ ਮੰਨੀਦਾ ਸਾ, ਤੇ ਭੀ ਇੱਥੇ ਤੇ ਉੱਠ ਉੱਠ ਗਏ ਹਨ। ਸੁਣ ਪੰਡਤ ਜੀ ਮੈਂ ਕੂੜਾ ਨੇਹੁ ਕਿਸ ਨਾਲ ਕਰਾਂ ਜੀ ? ਅਸੀਂ ਭੀ ਇਸ ਜਾਮੇ ਨੂੰ ਛੱਡ ਜਾਵਾਂਗੇ, ਇਹ ਜਾਮਾ ਖਾਕ ਦਰ ਖਾਕ ਹੋਇ ਜਾਇਗਾ। ਅਸੀਂ ਤਿਸ ਦੀ ਬੰਦਗੀ ਕਰਾਂਗੇ ਜੋ ਜੀਆਂਨੂੰ ਛੁਡਾਇ ਲਏਗਾ। ਇਸ ਕੂੜੇ ਸੰਸਾਰ ਨਾਲ ਕਿਆ ਨੇਹੁ ਕਰੀਏ। ਤਾਂ ਪੰਡਤ ਨੇ ਨਮਸਕਾਰ ਕੀੱਤਾ, ਕਹੇ ਇਹ ਕੋਈ ਬੜਾ ਮਹਾ ਪੁਰਖ ਹੈ ॥ ੧॥

॥ ੨ ॥ ਸਾਖੀ ਜਨੇਊ ਦੀ ॥

ਜਾਂ ਸ੍ਰੀ ਬਾਬਾ ਜੀ ਬਰਸਾਂ ਨਵਾਂ ਦਾ ਹੋਇਆ, ਤਾਂ ਸ੍ਰੀ ਬਾਬੇ ਜੀ ਨੂੰ ਜਨੇਊ ਪਾਉਣ ਲੱਗੇ, ਤਾਂ ਬ੍ਰਾਹਮਣ ਚੌਂਕਾ, ਸੰਧਿਆ, ਗਾਇਤ੍ਰੀ, ਤਰਪਣ ਲੱਗਾ ਸਿਖਾਵਣ। ਸ਼ਿਖਾ, ਸੂਤ, ਧੋਤੀ, ਜਨੇਊ, ਮਾਲਾ, ਤਿਲਕ ਲੱਗਾ ਖਟ ਕਰਮ ਸਿਖਾਵਣ। ਤਾਂ ਫੇਰ ਸ੍ਰੀ ਬਾਬੇ ਜੀ ਨੂੰ ਨੁਹਾਲਿਆ। ਫੇਰ ਚੌਂਕੇ ਵਿੱਚ ਬਿਠਾਇਆ। ਤਾਂ ਫੇਰ ਬ੍ਰਾਹਮਣ ਲੱਗਾ ਜਨੇਊ ਪਾਉਣ, ਤਾਂ ਸ੍ਰੀ ਗੁਰੂ ਬਾਬੇ ਜੀ ਕਹਿਆ, ਸੁਣ ਪਰੋਹਤਾ ਤੂੰ ਜਨੇਊ ਜੋ ਪਾਂਵਦਾ ਹੈਂ, ਇਸ ਜਨੇਊ ਪਾਏ ਦਾ ਕੌਣ ਧਰਮ ਹੁੰਦਾ ਹੈ ? ਤਾਂ ਪਰੋਹਤ ਕਹਿਆ ਸੁਣ ਨਾਨਕ ! ਇਸ ਜਨੇਊ ਪਾਏ ਦਾ ਇਹ ਵਿਚਾਰ ਹੈ, ਜੋ ਖੱਤਰੀ ਬ੍ਰਾਹਮਣ ਦਾ ਇਹ ਧਰਮ ਹੈ, ਜੋ ਇਸ ਜਨੇਊ ਪਾਏ ਬਿਨਾਂ ਭ੍ਰਿਸ਼ਟ ਹੈ, ਤਾਂ ਕੁਚੀਲ ਵਸਤ ਦੇ ਨੇੜੇ ਨਾਹੀਂ ਜਾਂਦਾ, ਜਨੇਊ ਹੋਏ ਕੁਚੀਲ ਨਹੀਂ ਰਹਿੰਦਾ। ਅਰ ਬਿਨਾਂ ਨ੍ਹਾਤੇ ਚੌਂਕੇ ਜਾਣਾ ਭਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਹੀਂ। ਜਾਂ ਇਸ ਨੂੰ ਜਨੇਊ ਪਵੇ ਤਾਂ ਬ੍ਰਾਹਮਣ, ਖੱਤ੍ਰੀ ਦੇ ਧਰਮ ਵਿੱਚ ਆਵੇ। ਗਾਇਤ੍ਰੀ, ਸੰਧਿਆ, ਤਰਪਣ ਖਟ ਕਰਮ ਕਰੇ, ਅਰ ਭਲੀ ਜੁਗਤ ਵਿੱਚ ਰਹੇ। ਇਸ ਨਮਿੱਤ ਬ੍ਰਾਹਮਣ ਖੱਤਰੀ ਨੂੰ ਜਨੇਊ ਪਾਈਦਾ ਹੈ। ਬਿਨਾਂ ਜਨੇਊ ਬ੍ਰਾਹ-ਮਣ ਖੱਤਰੀ ਦਾ ਧਰਮ ਰਹਿੰਦਾ ਨਹੀਂ। ਤਾਂ ਫੇਰ ਬਾਬੇ ਨਾਨਕ ਜੀ ਕਹਿਆ, ਹੇ ਪੰਡਤ ਜੀ ਤੂੰ ਸੁਣ ! ਬ੍ਰਾਹਮਣ ਖੱਤਰੀ ਦਾ ਧਰਮ ਜਨੇਊ ਤੇ ਰਹਿੰਦਾ ਹੈ ਜਾਂ ਭਲੇ ਕਰਮਾਂ ਤੇ ਰਹਿੰਦਾ ਹੈ ? ਸੁਣ ਪੰਡਤ, ਜੇ ਜਨੇਊ ਪਾਵੇ ਅਰ ਬੁਰੇ ਕਰਮ ਕਰੇ, ਤਾਂ ਉਹ ਬ੍ਰਾਹਮਨ ਖੱਤਰੀ ਰਹਿੰਦਾ ਹੈ, ਯਾ ਚੰਡਾਲ ਹੁੰਦਾ ਹੈ ? ਜਾਂ ਇਹ ਗੱਲ ਸ੍ਰੀ ਗੁਰੂ ਬਾਬੇ ਜੀ ਕਹੀ, ਤਾਂ ਜਿਤਨੇ ਲੋਕ ਬੈਠੇ ਸੇ ਸਭ ਹੈਰਾਨ ਹੋ ਗਏ, ਤਾਂ ਕਹਿਣ ਲੱਗੇ, ਏ ਸ੍ਰੀ ਪਰਮੇਸ਼ੁਰ ਜੀ ! ਅਜਾਂ ਇਹ ਬਾਲਕ ਹੈ, ਅਤੇ ਕੇਹੀਆਂ ਗੱਲਾਂ ਕਰਦਾ ਹੈ। ਤਾਂ ਬ੍ਰਾਹਮਣ ਕਹਿਆ, ਜੀ ਉਹ ਕੌਣ ਜਨੇਊ ਹੈ, ਜਿਸ ਜਨੇਊ ਪਾਏ ਤੇ ਇਸ ਦਾ ਧਰਮ ਰਹਿੰਦਾ ਹੈ ? ਤਾਂ ਸ੍ਰੀ ਬਾਬੇ ਜੀ ਇੱਕ ਸਲੋਕ ਕਹਿਆ। ਦਇਆ ਕਪਾਹ, ਸੰਤੋਖ ਸੂਤਿ, ਜਤੁ ਗੰਢੀਂ ਸਤਿ ਵੱਟੁ। ਏਹੁ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ। ਨਾ ਇਹੁ ਤੁਟੈ, ਨਾ ਮਲੁ ਲਗੈ ਨਾ ਇਹੁ ਜਲੈ, ਨ ਜਾਇ। ਧੰਨ ਸੋ ਮਾਣਸ ਨਾਨਕਾ, ਜੋ ਗਲੁ ਚੱਲੈ ਪਾਇ ॥

ਅਰਥ–ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ, ਸੁਣ ਪੰਡਤਾ ਇਸਦਾ ਧਰਮ, ਇਸ ਜਨੇਊ ਪਾਏ ਤੇ ਇਉਂ ਰਹਿੰਦਾ ਹੈ, ਜੋ ਦਇਆ ਦੀ ਕਪਾਹ ਕਰੇ, ਸੰਤੋਖ ਦਾ ਸੂਤ ਕਰੇ, ਸਤ ਦਾ ਵੱਟ ਚੜ੍ਹਾਵੇ, ਜਤ ਦੀਆਂ ਗੰਢੀਂ ਦੇਵੇ। ਜਾਂ ਇਸ ਦੇ ਅੰਦਰ ਦਇਆ ਸੰਤੋਖ ਦਾ ਜਨੇਊ ਪਵੇ, ਤਾਂ ਪਵਿਤ੍ਰ ਭੀ ਹੋਵੇ ਅਰ ਪਰਵਾਣ ਭੀ ਹੋਵੇ। ਏ ਪੰਡਤਾ! ਇਸ ਕਪਾਹ ਦਾ ਜਨੇਊ ਮੇਰੇ ਕਿਤੇ ਕੰਮ ਨਾਹੀਂ। ਕਪਾਹ ਦਾ ਸੂਤ ਵੱਟ ਕਰ ਕਿਉਂ ਗਵਾਈਐ। ਇਸ ਕਪਾਹ ਦਾ ਸੂਤ ਅੱਗ ਵਿੱਚ ਪਾ-ਇਆਂ ਜਲ ਜਾਂਦਾ ਹੈ, ਅਰ ਗਲ ਪਾਏ ਤੇ ਮੈਲ ਲੱਗਕੇ ਪੁਰਾਣਾ ਹੋਇਕੇ ਤੁੱਟ ਪੌਂਦਾ ਹੈ। ਅਰ ਉਹ ਜੋ ਦਇਆ ਸੰਤੋਖ ਜਤ ਸੱਤ ਦਾ ਜਨੇਊ ਹੈ, ਉਸ ਨੂੰ ਨਾ ਕਦੀ ਮੈਲ ਲੱਗਦੀ ਹੈ, ਅਤੇ ਨਾ ਕਦੀ ਪੁਰਾਣਾ ਹੁੰਦਾ ਹੈ, ਅਤੇ ਨਾ ਕਦੇ ਤੱਟ-ਦਾ ਹੈ, ਅਤੇ ਨਾ ਕਦੇ ਜਲਦਾ ਹੈ। ਸੁਣ ਪੰਡਤਾ ਧੰਨ ਓਹ ਪੁਰਖ ਹਨ, ਜਿਨ੍ਹਾਂ ਦਇਆ, ਸੰਤੋਖ, ਜਤ, ਸਤ ਦਾ ਜਨੇਊ ਪਾਇਆ ਹੈ। ਸੁਣ ਪੰਡਤਾ ਹੋਰ ਜ-ਨੇਊ ਸਭ ਝੂਠੇ ਹਨ। ਜੇ ਤਾਂ ਉਹ ਜਨੇਊ ਤੇਰੇ ਪਾਸ ਹੈ, ਤਾਂ ਮੈਨੂੰ ਪਾਉ, ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਨਾ ਪਾਉ। ਇਹ ਕਪਾਹ ਦਾ ਜਨੇਊ ਕੁਝ ਨਹੀਂ। ਤਾਂ ਬ੍ਰਾਹਮਣ ਨੇ ਕਹਿਆ ਏ ਨਾਨਕ ਜੀ! ਇਹ ਜਨੇਊ ਅਸੀਂ ਅੱਜ ਥਾਪਿਆ ਨਹੀਂ। ਇਹ ਅਸਾਡਾ ਕੀੱਤਾ ਹੋਇਆ ਹੈ? ਜੇ ਤਾਂ ਅਸਾਡਾ ਕੀੱਤਾ ਜਨੇਊ ਹੈ,ਤਾਂ ਅਸਾਂ ਨੂੰ ਮਨੇ ਕਰ। ਪਰ ਇਹ ਪਿੱਛੇ ਭੀ ਹੋਇਆ ਹੈ। ਤਾਂ ਸ੍ਰੀ ਬਾਬੇ ਜੀ ਕਹਿਆ, ਹੇ ਪੰਡਤਾ ਇਹ ਕੱਚਾ ਜਨੇਊ ਹੈ, ਇਹ ਇੱਥੇ ਹੀ ਰਹ ਜਾਏਗਾ, ਅੱਗੇ ਨਾਲ ਨਾਹੀਂ ਚੱਲ-ਦਾ। ਤਾਂ ਪਾਂਧੇ ਕਹਿਆ,ਏ ਨਾਨਕ ਜੀ! ਇਹ ਜਨੇਊ ਜੋ ਮੈਂ ਕਹਿੰਦਾ ਹਾਂ,ਇਸ ਜਨੇਊ ਨੂੰ ਪਿੱਛੇ ਭੀ ਆਦ ਅੰਤ ਸਨਕਾਦਕਾਂ ਤੇ ਆਦਿ ਲੈਕੇ ਪਹਿਰਦੇ ਆਏ ਹਨ। ਏ ਨਾਨਕ ਜੀ ਤੂੰ ਕਿਉਂ ਮਨੇ ਕਰਦਾ ਹੈਂ? ਤਾਂ ਸ੍ਰੀ ਬਾਬੇਜੀ ਹੋਰ ਸਲੋਕ ਕਹਿਆ। ਚਉਕੜ ਮੁੱਲ ਅਣਾਇਆ, ਬਹਿ ਚੌਕੇ ਪਾਇਆ। ਸਿਖਾ ਕੰਨ ਚੜ੍ਹਾ-ਈਆ, ਗੁਰ ਬ੍ਰਾਹਮਣੁ ਥਿਆ। ਓਹੁ ਮੁਆ ਓਹ ਝੜ ਪਇਆ ਵੇਤਗਾ ਗਇਆ। ਲਖ ਚੋਰੀਆ, ਲਖ ਜਾਰੀਆ, ਲਖ ਕੂੜੀਆ ਲਖ ਗਾਲ। ਲਖ ਠਗੀਆ, ਪਹਿਨਾਮੀਆ, ਰਾਤ ਦਿਨਸੁ ਜੀਅ ਨਾਲਿ॥ ਅਰਥ—ਗੁਰੂ ਨਾਨਕ ਜੀ ਕਿਹਾ ਸੁਣ ਹੇ ਪੰਡਤਾ! ਇਹ ਐਵੇਂ ਗੱਲ ਹੈ। ਇਨ੍ਹਾਂ ਮਨੁੱਖਾਂ ਹੀ ਨੇ ਸੱਭੇ ਗੱਲਾਂ ਥਾਪੀਆਂ ਹਨ। ਕਪਾਹ ਦਾ ਜਨੇਊ ਮੁੱਲ ਆਂਦਾ, ਆਪੇ ਮਨੁੱਖ ਨੇ ਗੋਬਰ ਆਂਦਾ, ਆਪੇ ਚੌਂਕਾ ਪਾਇਆ। ਤਾਂ ਫੇਰ ਮਨੁੱਖ ਨੂੰ ਆਪੇ ਚੌਂਕੇ ਵਿੱਚ ਬੈਠਾਇਆ ਅਰ ਬ੍ਰਾਹਮਣ ਬਹਾਲ ਕਰ ਸਮਝਾਇਆ। ਸਿੱਖ ਦੇ ਕੰਠ ਜਨੇਊ ਪਾਇਆ, ਤਾਂ ਉਸ ਬ੍ਰਾਹਮਣ ਨੂੰ ਗੁਰੂ ਕਰ ਸਮਝਾਇਆ। ਕਹੇ ਇਹ ਮੇਰਾ ਗੁਰੂ ਹੋਇਆ, ਜਿਨ ਦੀਖਿਆ ਦੇਕਰ ਜਨੇਊ ਪਾਇਆ ਹੈ। ਸੁਣ ਪਾਂਧਾ ਜਾਂ ਉਹ ਮਨੁੱਖ ਮੋ-ਇਆ, ਤਾਂ ਉਹ ਜਨੇਊ ਝੜ ਪਇਆ, ਇਹ ਜੀਉ ਅੱਗੇ ਵੇਤੱਗ ਗਿਆ। ਜਿਤ-ਨੀਆਂ ਸੰਸਾਰ ਨੇ ਵਸਤੂ ਥਾਪੀਆਂ ਹਨ, ਤੇ ਸਭ ਇੱਥੇ ਹੀ ਰਹਿ ਜਾਣਗੀਆਂ। ਤਿਨ੍ਹਾਂ ਦੀ ਸੋਭਾ ਇੱਥੇ ਹੀ ਸੰਸਾਰ ਵਿੱਚ ਰਹਿ ਜਾਇਗੀ। ਪਰ ਉਨ੍ਹਾਂ ਦੀ ਸੋਭਾ ਸ੍ਰੀ ਪਰਮੇਸ਼ੁਰ ਜੀ ਦੀ ਦਰਗਾਹ ਵਿੱਚ ਨਾਹੀਂ ਹੁੰਦੀ। ਅਰ ਜਿਤਨੀਆਂ ਵਸਤੂ ਸ੍ਰੀ ਪਰਮੇਸ਼ੁਰ ਜੀ ਨੇ ਥਾਪੀਆਂ ਹਨ, ਤੇ ਵਸਤੂ ਸੰਸਾਰ ਨੂੰ ਨਹੀਂ ਭਾਉਂ-ਦੀਆਂ। ਜੇ ਕੋਈ ਸ੍ਰੀ ਪਰਮੇਸ਼ੁਰ ਜੀ ਦੀਆਂ ਵਸਤੂ ਕਮਾਵੇਗਾ, ਤਿਸ ਨੂੰ ਸ੍ਰੀ ਪਰਮੇਸ਼ੁਰ ਜੀ ਦੇ ਦਰ ਸੋਭਾ ਹੋਵੇਗੀ। ਹੇ ਪੰਡਤ ਜੀ ਅਸਾਂ ਸ੍ਰੀ ਪਰਮੇਸ਼ੁਰ ਜੀ ਨਾਲ ਮੁੱਦਾ ਹੈ। ਸੰਸਾਰ ਨਾਲ ਅਸਾਨੂੰ ਕੁਝ ਪਰੋਜਨ ਨਾਹੀਂ। ਤੂੰ ਜੋ ਅਸਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੀਆਂ ਗੱਲਾਂ ਦ੍ਰਿੜਾਉਂਦਾ ਹੈਂ, ਸੋ ਅਸਾਡੇ ਕਿਤੇ ਕੰਮ ਨਹੀਂ। ਏਹ ਗੱਲਾਂ ਜਿਨ੍ਹਾਂ ਨੇ ਸੁਣੀਆਂ ਤੇ ਵਾਹੁ ਵਾਹੁ ਕਰ ਉੱਠੇ! ਕਹਿਣ, ਹੇ ਸ੍ਰੀ ਪਰਮੇਸ਼ੁਰ ਜੀ ਤੈਂ ਇਤਨੇ ਬਾਲਕ ਨੂੰ ਕਿਆ ਕਿਰਪਾ ਕੀੱਤੀ ਹੈ! ਤਾਂ ਉਸ ਬ੍ਰਾਹਮਣ ਕਹਿਆ ਹੇ ਨਾਨਕ ਜੀ ਇਸ ਤੇਰੇ ਜਨੇਊ ਪਾਉਣੇ ਪੁਰ ਕਾਲੂ ਨੇ ਇਤਨਾ ਧਨ ਲਾਇਆ ਹੈ, ਅਰ ਇਤਨੇ ਲੋਕ ਤੇਰੇ ਜਨੇਊ ਅਰਥ ਆਇ ਇਕੱਠੇ ਹੋਏ ਹਨ, ਜੇ ਤੂੰ ਹੁਣ ਜਨੇਊ ਨਾ ਪਾਵੇਂਗਾ, ਤਾਂ ਜਿਤਨਾ ਕੁਝ ਜੱਗ ਪਰ ਲੱਗਿਆ ਹੈ, ਅਰ ਜਿਤਨੇ ਆਦਮੀ ਆਏ ਹਨ ਸਬ ਬਿਰਥੇ ਜਾਣਗੇ। ਪਰ ਹੁਣ ਇਹ ਜਨੇਊ ਤੂੰ ਪਾਉ, ਅੱਗੇ ਜਿਉਂ ਤੇਰੇ ਦਿਲ ਲੱਗੇਗੀ ਤਿਵੇਂ ਕਰੀਂ। ਤਾਂ ਸ੍ਰੀ ਬਾਬੇ ਜੀ ਹੋਰ ਸਲੋਕ ਕਹਿਆ ॥ ਤਗੁ ਕਪਾਹਹੁ ਕਤੀਐ, ਬ੍ਰਾਹਮਣੁ ਵੱਟੇ ਆਇ। ਕੁਹਿ ਬਕਰਾ ਰਿੰਨਿ ਖਾਇਆ, ਸਭ ਕੋ ਆਖੈ ਪਾਇ। ਹੋਇ ਪੁਰਾਣਾ ਸੁਟੀਐ, ਭੀ ਫਿਰਿ ਪਾਈਐ ਹੋਰੁ। ਨਾਨਕ ਤਗ ਨ ਤੁਟਈ, ਜੇ ਤਗਿ ਹੋਵੈ ਜੋਰੁ ॥ ਤਿਸ ਦਾ ਪਰ-ਮਾਰਥ—ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ ਹੈ। ਹੇ ਪੰਡਤ ਜੀ! ਸੰਸਾਰ ਕਹਿੰਦਾ ਹੈ, ਇਸਦਾ ਤੱਗੁ ਤੁੱਟਾ ਹੈ ਇਹ, ਭ੍ਰਸ਼ਟ ਹੋਇਆ ਹੈ। ਹੇ ਸੁਆਮੀ! ਇਹ ਜਨੇਊ ਤਾਂ ਹੀ ਘੱਤ, ਜਾਂ ਤੁੱਟੇ ਨਾਹੀਂ, ਕਪਾਹੁ ਕੱਤ ਕਰਸੂਤ ਕਰੀਦਾ ਹੈ ਤਾਂ ਫੇਰ ਤੱਗ ਕਰੀਦਾ ਹੈ। ਜਾਂ ਤੱਗ ਤੁੱਟੇ ਤਾਂ ਤਗ ਨਾ ਪਾਈਐ। ਇਸ ਤਗ ਪਾਏ ਦਾ ਕਿਆ ਗੁਣ ਹੋਇਆ? ਫੇਰ ਫੇਰ ਬ੍ਰਾਹਮਣ ਵੱਟੇ ਅਰ ਫੇਰ ਫੇਰ ਪਾਵੇ? ਜੇ ਇਸ ਜਨੇਊ ਨੂੰ ਜੋਰ ਹੋਵੇ, ਤਾਂ ਕਾਸਨੂੰ ਤੁੱਟੇ? ਜਿਸ ਤੱਗ ਨੂੰ ਜੋਰ ਹੈ, ਸੋ ਤੱਗ ਸ੍ਰੀ ਪਰਮੇਸੁਰ ਜੀ ਨੇ ਅਸਾਂ ਨੂੰ ਪਾਇਆ ਹੈ, ਹੋਰ ਤੱਗ ਭਾਵੇਂ ਤੂੰ ਕਿਤਨੇ ਪਾਉ। ਤਾਂ ਸ੍ਰੀ ਬਾਬੇ ਜੀ ਨੂੰ ਧਿਙਾਣੇ ਜਨੇਊ ਪਾਇਆ। ਤਾਂ ਫੇਰ ਬ੍ਰਾਹ-ਮਣ ਨੇ ਕਹਿਆ, ਏ ਬਾਬਾ ਜੀ ਇਹ ਜਨੇਊ ਜੋ ਅਸਾਡਾ ਹੈ, ਸੋ ਸੰਸਾਰ ਦਾ ਦਿਖਾਵਾ ਹੈ, ਪਰ ਜੀ ਜਿਉਂ ਤੂੰ ਕਹਿੰਦਾ ਹੈਂ ਗੱਲ ਤਿਵੇਂ ਹੀ ਹੈ ਜੀ। ਪਰ ਜੀ ਜਿਸ ਤਰ੍ਹਾਂ ਦੇ ਤੱਗ ਨੂੰ ਜੋਰ ਹੈ, ਅਰ ਕਦੀ ਮੈਲਾ ਨਹੀਂ ਹੁੰਦਾ ਅਰ ਕਦੀ ਤੁੱਟਦਾ ਨਾਹੀਂ ਅਰ ਧੁਰ ਪਹੁੰਚਦਾ ਹੈ, ਤਿਸ ਤੱਗਨੂੰ ਸੁਣਾਈਐ ਜੀ। ਤਾਂ ਸ੍ਰੀਗੁਰੂ ਬਾਬੇ ਨਾਨਕ ਜੀ ਹੋਰ ਸਲੋਕ ਕਹਿਆ। ਨਾਇ ਮੰਨਿਐ ਪਤ ਊਪਜੈ ਸਾਲਾਹੀ ਸੱਚੁ ਸੂਤਿ ॥ ਦਰਗਹਿ ਅੰਦਰਿ ਪਾਈਐ, ਤਗੁ ਨ ਤੂਟਸ ਪੂਤ ॥ ਤਿਸ ਦਾ ਅਰਥ ॥ ਸ੍ਰੀ ਪਰਮੇਸੁਰ ਜੀ ਦੇ ਨਾਉਂ ਲਇਆਂ ਇਸ ਮਨੁੱਖ ਦੀ ਪਤ ਉਪ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੀ ਹੈ। ਅਰ ਪਰਮੇਸੁਰ ਦੀ ਬੰਦਗੀ ਕਰਨਾ ਹੀ ਸੱਚ ਦਾ ਸੂਤ ਹੈ। ਪਰਮੇ-ਸੁਰ ਦੀ ਦਰਗਾਹ ਵਿੱਚ ਇਹ ਸੱਚ ਦਾ ਜਨੇਊ ਜਾਂਦਾ ਹੈ, ਅਤੇ ਇਸ ਪਵਿਤ੍ਰ ਜਨੇਊ ਦਾ ਤੱਗ ਨਹੀਂ ਤੁਟਦਾ। ਤਾਂ ਪੰਡਤ ਨੇ ਸੁਣਕੇ ਵਾਹ ਵਾਹ ਕੀੱਤੀ॥

॥ ੩ ॥ ਸਾਖੀ ਬੈਦ ਨਾਲ।

ਗੁਰੂਨਾਨਕ ਜੀ ਮਸਤਾਨਾ ਹੋਇਕੇ ਪੈ ਰਹਿਆ, ਸਭ ਕੁਟੰਬ ਵੇਦੀਆਂ ਦਾ ਦਲਗੀਰ ਹੋਇ ਕਰ ਝੁਰਨ ਲੱਗਾ, ਤੇ ਸਭ ਕਹਿਣ ਲੱਗੇ, ਇਹ ਵੱਡਾ ਅਮਸੋਸ ਹੋਇਆ ਹੈ, ਜੋ ਕਾਲੂ ਦਾ ਪੁੱਤ ਨਾਨਕ ਦੀਵਾਨਾ ਹੋਇਆ ਹੈ। ਤਾਂ ਸ੍ਰੀਬਾਬਾਜੀ ਚੁੱਪ ਕਰ ਰਹਿਆ ਮਹੀਨੇ ਤਿੰਨ ਅੰਦਰ ਪੈ ਰਹਿਆ,ਖਾਵੇ ਪੀਵੇ ਕੁਝ ਨਾਹੀਂ। ਤਾਂ ਸਾਰਾ ਪਰਵਾਰ ਵੇਦੀਆਂ ਦਾ ਓਦਰ ਗਿਆ, ਤਾਂ ਸੱਭੇ ਕਾਲੂ ਨੂੰ ਕਹਿਣ ਲੱਗੇ, ਤੂੰ ਹੁਣ ਕਿਉਂ ਬੈਠਾ ਹੈਂ, ਜਿਸ ਦਾ ਪੁੱਤ ਪਇਆ ਰਹਿੰਦਾ ਹੈ? ਤੂੰ ਕੋਈ ਬੈਦ ਸੱਦਕੇ ਇਸ ਦਾ ਇਲਾਜ ਕਰਾਇ, ਮਤ ਸ੍ਰੀ ਪਰਮੇਸੁਰ ਜੀ ਕੱਖ ਦੇ ਓਲ੍ਹੇ ਲੱਖ ਭੀ ਕਰਦਾ ਹੋਵੇ। ਅਤੇ ਤੈਂਨੂੰ ਜਗਤ ਆਖੇਗਾ, ਜੋ ਪੈਸਿਆਂ ਦੇ ਵਾਸਤੇ ਕਾਲੂ ਪੁੱਤ ਦਾ ਇਲਾਜ ਨਹੀਂ ਕਰਾਉਂਦਾ। ਸੁਣ ਕਾਲੂ, ਪੈਸੇ ਕਿਤਨੇ ਜਾਂ ਪੁੱਤ ਸਲਾਮਤ ਹੋਵੇਗਾ। ਤਾਂ ਕਾਲੂ ਉੱਠ ਖੜਾ ਹੋਇਆ, ਤੇ ਜਾਕੇ ਬੈਦ ਨੂੰ ਸੱਦ ਲਿਆਇਆ। ਬੈਦ ਆਇ ਖੜਾ ਹੋਇਆ, ਤੇ ਬਾਬੇ ਜੀ ਦੀ ਬਾਂਹਿ ਲੱਗਾ ਪਕੜਨ, ਤਾਂ ਬਾਬੇ ਜੀ ਬਾਂਹਿ ਖਿੱਚ ਲਈ, ਤੇ ਉੱਠ ਬੈਠਾ ਅਰ ਬੋਲਿਆ, ਹੇ ਬੈਦ! ਤੂੰ ਕੀ ਕਰਦਾ ਹੈਂ? ਬੈਦ ਕਹਿਆ ਜੋ ਤੇਰੇ ਅੰਦਰ ਰੋਗਹੈ ਸੋ ਮੈਂ ਦੇਖਦਾ ਹਾਂ। ਤਾਂ ਸ੍ਰੀ ਬਾਬੇ ਜੀ ਬੈਦ ਦੇ ਸਾਮ੍ਹਣੇ ਇੱਕ ਸ਼ਬਦ ਬੋਲਿਆਃ-ਬੈਦ ਬੁਲਾ-ਇਆ ਬੈਦਗੀ, ਪਕੜ ਢੰਡੋਲੇ ਬਾਂਹਿ। ਭੋਲਾ ਬੈਦ ਨ ਜਾਣਈ, ਕਰਕੁ ਕਲੇਜੇ ਮਾਂਹਿ ॥ ੧ ॥ ਜਾਹਿ ਬੈਦ ਘਰ ਆਪਣੇ, ਮੇਰੀ ਆਹਿ ਨ ਲੇਹੁ। ਹਮ ਰੱਤੇ ਸ਼ਹੁ ਆਪਣੇ, ਤੂੰ ਕਿਸ ਦਾਰੂ ਦੇਹ। ਬੈਦਾ ਬੈਦ ਸੁਜਾਣ ਤੂੰ, ਪਹਿਲਾਂ ਰੋਗ ਪਛਾਣ। ਐਸਾ ਦਾਰੂ ਲੋੜ ਲਹੁ, ਜਿਤ ਵੰਞੇਂ ਰੋਗਾਂ ਘਾਣ। ਦੁੱਖ ਲੱਗੇ ਦਾਰੂ ਘਣਾ, ਬੈਦ ਖੜੋਇਆ ਆਇ। ਕਾਂਇਆਂ ਰੋਵੇ, ਹੰਸ ਪੁਕਾਰੇ, ਬੈਦ ਨ ਦਾਰੂ ਲਾਇ ॥ ੨ ॥ ਜਾਇ ਬੈਦਾ ਘਰ ਆਪਣੇ, ਜਾਣੇ ਕੋਇ ਮਕੋਇ। ਜਿਨ ਕਰਤੇ ਦੁੱਖ ਲਾਇਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਲਾਹੇ ਸੋਇ ॥ ੩ ॥ ਇੱਕ ਸ਼ਬਦ ਹੋਰ ਹੋਇਆ। ਰਾਗ ਮਲ੍ਹਾਰ ਵਿੱਚ। ਭੋਲੇ ਬੈਦ ਨ ਦਾਰੂ ਲਾਇ। ਇਸ ਮਨ ਅਪਨੇ ਕਉ ਮਿਲੇ ਸਜਾਇ । ਦਰਦ ਹੋਵੇ ਦੁੱਖ ਰਹੇ ਸਰੀਰ। ਐਸਾ ਦਾਰੂ ਲਗੇ ਨ ਬੀਰ ॥ ੧ ॥ ਦੁੱਖ ਮਹੁਰਾ, ਮਾਰਣ ਹਰਿ ਨਾਮ। ਸਿਲਾ ਸੰਤੋਖ , ਪੀਸਣ ਹੱਥ ਦਾਨ। ਨਿਤ ਨਿੰਤ ਲੇਹੁ ਨ ਛੀਜੈ ਦੇਹੁ। ਅੰਤਕਾਲ ਜਮ ਮਾਰੇ ਠੇਹੁ॥ ੨ ॥ ਐਸਾ ਦਾਰੂ ਖਾਹਿ ਗਵਾਰ ॥ ਜਿਤ ਖਾਧੇ ਤੇਰੇ ਜਾਂਹਿ ਵਿਕਾਰ॥ ਰਹਾਉ ॥ ਰਾਜੁ ਮਾਲ ਜੋਬਨ ਸਭ ਛਾਂਵ । ਰਥ ਫਿਰੰਦੇ ਦੀਸਹਿ ਥਾਂਉ। ਦੇਹ ਨ ਨਾਉਂ ਨ ਹੋਵੇ ਜਾਤ। ਉੱਥੇ ਦਿਹੁੰ ਐਥੇ ਸਭ ਰਾਤ॥ ੩ ॥ ਸਾਧ ਕਰ ਸਮਧਾਂ, ਤ੍ਰਿਸ਼ਨਾ ਘੇਉ ਤੇਲੁ । ਕਾਮ ਕਰੋਧ ਅਗਨ ਸਿਉ ਮੇਲ। ਹੋਮ, ਜੱਗ ਅਰ ਪਾਠ, ਪੁਰਾਣ। ਜੋ ਤਿਸ ਭਾਵੇ ਸੋ ਪਰਵਾਣ ॥੪॥ ਤਪ ਕਾਗਤ, ਤੇਰਾ ਨਾਮ ਨੀਸ਼ਾਣ। ਜਿਨ ਕਉ ਲਿਖਿਆ ਇਹੁ ਨਿਧਾਨ । ਸੇ ਧਨਵੰਤ ਦਿਸੇ ਦਰ ਜਾਇ॥ ਨਾਨਕ ਜਨਨੀ ਧੰਨੀ ਮਾਇ ॥ ੫ ॥ ਜਾਂ ਇਹ ਸ਼ਬਦ ਬੈਦ ਨੇ ਸੁਣਿਆ, ਤਾਂ ਹਟ ਖੜਾ ਹੋਇਆ, ਤੇ ਕਹਿਆ ਭਾਈ ਜੀ ਇਸ ਨੂੰ ਤਾਂ ਰੋਗ ਕਾਈ ਨਹੀਂ। ਤੁਸਾਂ ਚਿੰਤਾ ਨਹੀਂ ਕਰਨੀ ॥ ੩ ॥

॥ ੪ ॥ ਸਾਖੀ ਮੋਦੀ ਖਾਨੇ ਦੀ।

ਇੱਕ ਹਜਾਰ ਰੁਪਈਆ ਰੋਕ ਦਿਵਾਇਆ । ਤਾਂ ਬਾਲੇ ਸੰਧੂ ਆਖਿਆ, ਭਾਈ ਨਾਨਕਜੀ ਤੈਂ ਤਾਂ ਮੋਦੀਖਾਨਾ ਲੀਤਾ, ਹੁਣ ਤਾਂ ਅਸਾਂ ਨੂੰ ਵਿਦਿਆ ਦੇਹੁ। ਗੁਰੂ ਨਾਨਕ ਜੀ ਕਹਿਆ, ਭਾਈ ਬਾਲਾ ਕੱਚੀ ਪ੍ਰੀਤ ਕੀੱਤੀਆ ? ਜੀਂਵਦਿਆਂ ਹੀ ਛੱਡ ਚੱਲਿਓਂ ? ਤਾਂ ਮੈਂ ਆਖਿਆ, ਜੀ ਤੂੰ ਤਾਂ ਖੱਤ੍ਰੀ ਦਾ ਪੁੱਤ ਸੇਂ, ਤੈਂ ਤਾਂ ਆਪਣੀ ਕਿਰਤ ਕੀੱਤੀਆ, ਮੈਂ ਭੀ ਤਾਂ ਆਪਣੀ ਕਿਰਤ ਕਰਾਂ ? ਤਾਂ ਗੁਰੂ ਨਾਨਕ ਜੀ ਆਖਿਆ, ਭਾਈ ਬਾਲਾ, ਕੋਈ ਦਿਨ ਛੱਟ ਵਪਾਣ ਦੇਹ, ਅਸਾਂ ਇਹ ਕਸਬ ਕੀ ਕਰਨਾ ਹੈ ? ਜੋ ਅਸਾਡੀ ਕਿਰਤ ਹੈ ਸਾਈ ਕਰਾਂਗੇ। ਤੂੰ ਨਿਰੰਕਾਰ ਦਾ ਤਮਾਸਾ ਦੇਖ, ਦੇਖਾਂ ਨਿਰੰਕਾਰ ਕਿਆ ਕਿਆ ਕਰਦਾ ਹੈ । ਰਹੁ, ਅਸਾਂ ਹੀ ਨਾਲ ਗੁਜਰਾਨ ਕਰ। ਤਾਂ ਮੈਂ ਆਖਿਆ ਭਲਾ ਜੀ, ਤੁਸਾਡੀ ਹੀ ਖੁਸ਼ੀ ਲੋੜੀ ਦੀ ਹੈ। ਜੋ ਤੁਸੀਂ ਆਖੋਗੇ ਸੋ ਕਰਾਂਗਾ। ਤਾਂ ਮੈਂ ਭੀ ਗੁਰੂ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ ਰਹਿਣ ਲੱਗਾ, ਤਾਂ ਲੱਗਾ ਕਿਰਤ ਕਰਨ। ਜਾਂ ਕਿਰਤ ਕਰਦਿਆਂ ਕਰ-ਦਿਆਂ ਦੁਇ ਵਰ੍ਹੇ ਗੁਜਰੇ, ਤਾਂ ਮਹਤਾ ਕਾਲੂ ਖਬਰ ਨੂੰ ਆਇਆ, ਆਇ ਗੁਰੂ ਨਾਨਕ ਜੀ ਨੂੰ ਮਿਲਿਆ! ਤਾਂ ਗੁਰੂ ਨਾਨਕ ਜੀ ਉੱਠਦੇ ਹੀ, ਕਾਲੂ ਦੇ ਪੈਰਾਂ ਤੇ ਪਇਆ। ਤਾਂ ਮਹਤੇ ਕਾਲੂ ਮੱਥਾ ਚੁੰਮਿਆਂ ਅਤੇ ਗਲ ਵਿੱਚ ਲਿਓਸੁ। ਲੱਗਾ ਪੁੱਛਣ, ਪੁੱਤ ਨਾਨਕ! ਤੈਨੂੰ ਦੋਇ ਵਰ੍ਹੇ ਘੱਲਿਆਂ ਹੋਏ ਹਨ, ਕੀ ਖੱਟਿਓ,ਕਾ ਖਾਧੋ? ਅੱਗੋਂ ਗੁਰੂ ਨਾਨਕ ਜੀ ਆਖਿਆ, ਪਿਤਾ ਬਹੁਤ ਕੁਝ ਖੱਟਿਆ ਅਤੇ ਬਹੁਤ ਖਾਧਾ, ਪਰ ਅਸਾਂ ਪਾਸ ਦਮੜੀ ਟਿਕਦੀ ਨਾਹੀਂ। ਤਾਂ ਮਹਤਾ ਕਾਲੂ ਬਾਲੇ ਨਾਲ ਲੜਨ ਲੱਗਾ, ਤੇ ਦੁਰ ਬਚਨ ਬੋਲਣ ਲੱਗਾ। ਤਾਂ ਗੁਰੂ ਨਾਨਕ ਜੀ ਬਾਲੇ ਨੂੰ ਸਾਰਤ ਕੀਤੀ, ਜੋ ਭਾਈ ਬਾਲਾ ਕਾਲੂ ਨਾਲ ਬੋਲਣਾਂ ਨਹੀਂ, ਤਾਂ ਮੈਂ ਚੁੱਪ ਕਰ ਰਹਿਆ। ਤਾਂ ਕਾਲੂ ਲੱਗਾ ਆਖਣ ਜੋ ਮੈਂ ਤਾਂ ਜਾਤਾ ਸੀ ਜੋ ਨਾਨਕ ਕਿਰਤ ਲੱਗਾ ਹੈ, ਜੋ ਕੁਝ ਮੇਰਾ ਗਵਾਇਆ ਹੈਸੁ ਸੋ ਮੈਨੂੰ ਦੇਸੀ। ਏਹੋ ਜੇਹੀਆਂ ਗੱਲਾਂ ਕਰੇ ਕਿ ਜੇਹੀਆਂ ਕਾਲੂ ਦੀਆਂ ਆਹੀਆਂ। ਫੇਰ ਨਾਨਕੀ ਅਤੇ ਜੈਰਾਮ ਨੂੰ ਮਿਲਿਆ, ਮਿਲਕੇ ਲੱਗਾ ਆਖਣ, ਤੁਸਾਂ ਕੀ ਕੀਤਾ? ਕੁਝ ਇਸ ਦੀ ਖਬਰ ਸਾਰ ਲੈਂਦੇ ਰਹੇ ਆ? ਨਾ ਤੁਸਾਂ ਖਬਰ ਸਾਰ ਕਿਰਤ ਦੀ ਲੀਤੀ, ਨਾ ਤੁਸਾਂ ਕਹਾਣੀ ਕੀਤੀ? ਤੁਸਾਂ ਕੁਹੁ ਨਾ ਕੀਤਾ। ਤਾਂ ਬੇਬੇ ਨਾਨਕੀ ਬੋਲੀ, ਪਿਤਾ ਜੀ ਇਥੇ ਜੋ ਆਇਆ ਹੈ, ਸੋ ਕੁਝ ਤੁਸਾਡਾ ਗਵਾਇਆ ਤਾਂ ਨਾਹੀਂ, ਸ਼ੁਕਰ ਨਹੀਂ ਕਰਦੇ ਜੋ ਪਰਚਿਆ ਹੈ? ਕਿਰਤ ਲੱਗਾ ਹੈ? ਇੱਕ ਦਿਨ ਖੱਟ ਭੀ ਰਹਸੀ। ਅਤੇ ਕਥਾ ਕਹਾਣੀ ਦੀ ਭੀ ਢੋਲ ਹੈ, ਅੱਜ ਕੱਲ੍ਹ ਕਿਤੇ ਵੱਲ ਹੋਇ ਪੌਂਦੀ ਹੈ, ਕੁਝ ਅਸਾਡਾ ਗਵਾਇੰਦਾ ਤਾਂ ਨਹੀਂ। ਅਤੇ ਪਿਉ ਜੀ ਤੇਰੇ ਪਾਸੋਂ ਹੋਇ ਆਂਵਦੀ ਹੈ, ਤਾਂ ਤੂੰਹੇਂ ਕਰ। ਅਤੇ ਜੇਹਾ ਸਾਨੂੰ ਦਰਦ ਹੈ ਤੇ ਹਾਂ ਅਸਾਥੋਂ ਦੂਣਾ ਤੈਨੂੰ ਦਰਦ ਹੈ। ਪੁੱਤ ਧੀਆ ਨਾਨਕੀ, ਜੇ ਮੇਰੇ ਪਾਸੋਂ ਹੋਇ ਆਵੇਗੀ, ਤਾਂ ਹੋਰ ਕੀ ਚਾਹੀਦਾ ਹੈ? ਅਤੇ ਧੀਆ ਜੇ ਕਰੋਗੇ ਤਾਂ ਭਲੀ ਥਾਂਇ ਖੱਤ੍ਰੀ ਦੇਖਕੇ ਕਰਨੀ, ਜੇਹੀ ਕੇਹੀ ਥਾਇ ਨਾ ਹੋਵੇ। ਅਸੀਂ ਮਿੰਨਤ ਨਾਹੀਂ ਲਾਉਣੀ। ਮੂਲਾ ਚੋਣਾ ਹੈ, ਪੱਖੋਕੇ ਰੰਧਾਵਿਆਂ ਦਾ ਪਟਵਾਰੀ ਹੈ, ਪੁੰਨ ਅਰਥ ਕਹਾਣੀ ਕਰਦਾ ਹੈ, ਅਸਾਂ ਉੱਥੇ ਕਹਾਣੀ ਦੀ ਟੋਲ ਹੈ, ਅੱਗੇ ਕਰਤੇ ਭਾਵੇਗੀ ਸੋ ਹੋਵੇਗੀ। ਮਹਤਾ ਜੀ ਤੁਸਾਂ ਚਿੱਤ ਥਾਂਇ ਰੱਖੋ, ਰਾਮ ਭਲੀ ਕਰਸੀ। ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਲੂ ਕਹਿਆ ਪੁੱਤ ਜੈਰਾਮ ਸ਼ਰਮਾਂ ਅਜਿਹੀਆਂ ਪੁੱਤਾਂ ਅਤੇ ਜਵਾਈਆਂ ਨੂੰ ਹੁੰਦੀਆਂ ਹਨ। ਮੈਂ ਆਖਦਾਂ ਸਾ ਆਪਣੇ ਜੀ ਵਿੱਚ, ਜੋ ਬੀਬੀ ਨਾਨਕੀ ਦਾ ਸੁਖ ਡਿੱਠਾ, ਅੱਖੀਆਂ ਠੰਢੀਆਂ ਹੋਈਆਂ ਹਨ। ਹੁਣ ਨਾਨਕ ਦਾ ਸੁਖ ਮੁਰਾਦ ਜੀਂਵਦਾ ਦੇਖਾਂ, ਤਾਂ ਮੇਰਾ ਮਨ ਠੰਢਾ ਹੋਵੇ। ਜੈਰਾਮ ਕਹਿਆ ਮਹਿਤਾ ਜੀ ਤੁਸੀਂ ਇੱਥੇ ਹੀ ਰਹੋ, ਅਤੇ ਅੰਮਾ ਬੀਬੀ ਨੂੰ ਭੀ ਸਦਾਇ ਲੈਂਦੇ ਹਾਂ । ਤਾਂ ਕਾਲੂ ਕਹਿਆ ਪੁੱਤ ਜੈਰਾਮ ਮੇਰਾ ਇੱਥੇ ਰਹਿਣਾ ਭਾਰੀ ਹੈ, ਮੇਰਾ ਇੱਥੇ ਰਹਿਣਾ ਬਣ-ਦਾ ਨਹੀਂ, ਅਤੇ ਉੱਥੇ ਮੈਂ ਰੁੱਧਾ ਹੋਇਆ ਹਾਂ। ਤਾਂ ਜੈਰਾਮ ਕਹਿਆ, ਮਹਤਾ ਜੀ ਤੂੰ ਮੇਰੇ ਪਰਮਾਨੰਦ ਦੀ ਜਗਾ ਹੈਂ, ਤੂੰ ਮੇਰਾ ਪਿਤਾ ਹੈਂ। ਕਾਲੂ ਕਹਿਆ ਦੇਖ ਜੈਰਾਮ ਜਿਸ ਵਕਤ ਨਾਨਕ ਜੀ ਦੀ ਕੁੜਮਾਈ ਹੋਈ ਓਸ ਵੇਲੇ ਮੈਨੂੰ ਤੁਰਤ ਖਬਰ ਕਰਨੀ। ਅਤੇ ਪੁੱਤ ਨਾਨਕ ਨੂੰ ਨਜ਼ਰ ਵਿੱਚ ਰੱਖਣਾ ਕੋਈ ਪੈਸਾ ਟਕਾ ਕਿਤੇ ਵੱਲ ਗਵਾਵੇ ਨਾਹੀਂ ਤਾਂ ਬੇਬੇ ਨਾਨਕੀ ਆਖਿਆ ਪਿਉਜੀ ਤੂੰ ਸ਼ੁਕਰ ਨਾਹੀਂ ਕਰਦਾ ਜੋ ਰਾਜੀ ਰਹੇ। ਤੂੰ ਦਿਹਾੜੀ ਦਿਹਾੜੀ ਆਖਦਾ ਆ ਹੈਂ ਜੋ ਅੱਜ ਇਹ ਗਵਾਇ ਆਇਆ ਹੈ, ਅਜ ਇਹ ਗਵਾਇ ਆਇਆ ਹੈ ? ਪਿਉ ਜੀ ਇਹ ਫਕੀਰਾਂ ਨੂੰ ਖਵਾਉਂਦਾ ਹੈ, ਤਾਂ ਅਸਾਡਾ ਜੀਉ ਕੰਬਦਾ ਹੈ, ਜੋ ਸਰਕਾਰਦੇ ਪੈਸੇ ਘਟ ਨਾ ਜਾਵਣ, ਕਿਵੇਂ ਅਸੀਂ ਸਰਕਾਰ ਵੱਲੋਂ ਸੁਰਖਰੂ ਹੋਵੀਏ। ਪਰ ਪਿਉ ਜੀ ਜਦ ਲੇਖਾ ਕਰ ਦਿੰਦਾ ਹੈ ਸਰਕਾਰ ਦਾ, ਤਦ ਕੁਝ ਵਾਧਾ ਹੀ ਨਿੱਕਲਦਾ ਹੈ। ਇਹ ਕੋਈ ਨਿਰੰਕਾਰ ਦਾ ਰੂਪ ਹੈ । ਤਾਂ ਜੈਰਾਮ ਕਹਿਆ ਮਹਤਾ ਜੀ, ਇਸ ਵਾਸਤੇ ਅਸੀਂ ਆਖ ਨਹੀਂ ਸਕਦੇ । ਤਾਂ ਫੇਰ ਕਾਲੂ ਕਹਿਆ ਪੁੱਤ ਜੈਰਾਮ ਫਿਰ ਲੇਖਾ ਕਰੋਗੇ ਅਤੇ ਜੇ ਕੁਛ ਵਧੇਗਾ, ਤਾਂ ਤੁਸਾਂ ਆਪਣੀ ਵਲ ਛਿਕ ਲੈਣਾ, ਭਲਾ ਕਰੋਗੇ ਅਤੇ ਉਸਦੇ ਭਾਣੇ ਲੱਖ ਕੱਖ ਬਰਾਬਰ ਹੈ, ਅਤੇ ਬਾਲੇ ਨੂੰ ਭੀ ਸੱਦਕੇ ਸਮਝਾਵੋ। ਤੁਸੀਂ ਭੀ ਅਤੇ ਮੈਂ ਭੀ ਬਹੁਤ ਆਖਦਾ ਹਾਂ। ਤਾਂ ਜੈਰਾਮ ਆਦਮੀ ਭੇਜਕੇ ਬਾਲੇ ਨੂੰ ਸਦਾਇਆ, ਤਾਂ ਬਾਲਾ ਆਇਆ। ਤਾਂ ਜੈਰਾਮ ਕਹਿਆ, ਭਾਈ ਬਾਲਾ ਤੂੰ ਨਾਨਕ ਦਾ ਖਾਸਾ ਹਾਜਰੀ ਯਾਰ ਹੈਂ ਅਸੀਂ ਤੈਨੂੰ ਜਾਣਦੇ ਹਾਂ,ਜੇਹਾ ਨਾਨਕ, ਤੇਹਾ ਤੂੰ, ਪਰ ਨਾਨਕ ਦਾ ਖਬਰਦਾਰ ਰਹੇਂ। ਟਕਾ ਪੈਸਾ ਕਿਸੇ ਐਰ ਗੈਰ ਜਾਹਗਾ ਗਵਾਏ ਨਾਹੀਂ । ਤਾਂ ਫੇਰ ਕਾਲੂ ਕਹਿਆ, ਪੁੱਤ ਬਾਲਾ ! ਨਾਲ ਰਹਿਆਂ ਦੀ ਸ਼ਰਮ ਹੁੰਦੀ ਹੈ। ਜੈਰਾਮ ਦਾ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਬੁਰਾ ਨਹੀਂ ਲੱਗਦਾ, ਪਰ ਕਾਲੂ ਦਾ ਕਹਿਆ ਮੈਨੂੰ ਬੁਰਾ ਲੱਗਾ। ਤਾਂ ਮੈਂ ਕਾਲੂ ਨੂੰ ਕਹਿਆ, ਮਹਿਤਾ ਜੀ! ਮਤ ਕੋਈ ਜੀਉ ਤੇ ਗੁਮਾਨ ਹੋਵੀ, ਜੋ ਬਾਲਾ ਨਾਨਕ ਦੇ ਨਾਲ ਰਹਿੰਦਾ ਹੈ, ਕੁਝ ਫਜੂਲੀ ਕਰਦਾ ਹੋਸੀ, ਸੋ ਮਹਤਾ ਅਸਾੜੇ ਭਾਣੇ ਘਿਉ ਭੀ ਬੁਰੀ ਵਸਤ ਹਈ। ਅਤੇ ਹੋਰ ਕੋਈ ਲਾਲਚ ਭੀ ਬੁਰੀ ਵਸਤ ਹਈ। ਅਸੀਂ ਜੋ ਨਾਨਕ ਜੀ ਦੇ ਨਾਲ ਰਹਿੰਦੇ ਆਹੇ, ਸੋ ਆਪਣੇ ਭਲੇ ਨੂੰ ਰਹਿੰਦੇ ਆਹੇ, ਅਸਾਂ ਨੂੰ ਨਾਨਕ ਪਰਮੇਸੁਰ ਹੀ ਨਜਰੀਂ ਆਂਵਦਾ ਹੈ, ਸੁਣ ਮਹਤਾ ਕਾਲੂ, ਤੈਨੂੰ ਪੈਸਿਆਂ ਦੀ ਭੁਖ ਹੈ, ਅਤੇ ਅਸਾ ਨੂੰ ਇਹ ਭੁਖ ਹੈ, ਜੋ ਉਹ ਕਰੇ ਸੋ ਉਹ ਕਰੇ, ਅਸੀਂ ਅੱਗੇ ਉਜਰ ਨ ਕਰੀਏ। ਜੋ ਕੁਝ ਹੱਥ ਆਵੀ, ਸੋ ਲੈਂਦਾ ਜਾਹਿ, ਇਕੱਠਾ ਕਰਦਾ ਜਾਇ। ਅਸਾਂ ਥੋਂ ਕੁਝ ਹੁੰਦਾ ਨਾਹੀਂ, ਜੋ ਅਸੀਂ ਉਸ ਨੂੰ ਕੁਝ ਆਖੀਏ ਅਤੇ ਤੈਥੋਂ ਕੁਝ ਹੁੰਦਾ ਹੈ, ਤਾਂ ਆਇ ਕਰ। ਤਾਂ ਜੈਰਾਮ ਬੋਲਿਆ ਮਹਤਾ ਜੀ, ਭਾਈ ਬਾਲਾ ਸੱਚ ਆਖਦਾ ਹੈ। ਨਾਨਕ ਤਾਂ ਆਦਮੀ ਨਾਹੀਂ, ਕੁਝ ਹੋਰ ਹੀ ਨਜਰ ਆਂਵਦਾ ਹੈ। ਪਰ ਭਲਾ ਮਹਤਾ ਜੀ ਤੁਸੀਂ ਸਿਧਾਰੋ, ਜਿਤ ਵਕਤ ਨਾਨਕ ਦੀ ਕੁੜਮਾਈ ਹੋਈ ਤਿਤ ਘੜੀ ਅਸਾਂ ਸ਼ਤਾਬ ਹੀ ਕਾਜ ਕਰਨਾ ਹੈ, ਫੇਰ ਕਬੀਲੇ ਨਾਲ ਮੋਹ ਪੈ ਜਾਵੇਗਾ, ਆਪੇਹੀ ਸਮਝੇਗਾ। ਤਾਂ ਕਾਲੂ ਆਪਣੇ ਘਰ ਗਇਆ। ਜਾਂ ਇੱਕ ਮਹੀਨਾ ਬੀਤਿਆ, ਤਾਂ ਨਾਨਕ ਜੀ ਉੱਤੇ ਇਕਸ ਆਦਮੀ, ਭਲੇ ਸ੍ਰੇਸਟ, ਜੈਰਾਮ ਪਾਸ ਚੁਗਲੀ ਖਾਧੀ, ਸੁਣ ਜੈਰਾਮ ਤੇਰਾ ਸਾਲਾ ਮੋਦੀ ਹੈ, ਤੂੰ ਉਸ ਨੂੰ ਸਮਝਾਇੰਦਾ ਨਾਹੀਂ? ਜਾਣਦਾ ਹੈਂ, ਜੋ ਪਠਾਣਾਂ ਦੀ ਖੋਇ ਕੈਸੀ ਹੈ? ਤਾਂ ਜੈਰਾਮ ਸੁਣਕੇ ਗੱਮ ਖਾਧਾ, ਗਮ ਖਾਇਕੇ ਘਰ ਆਇਆ, ਆਇਕੇ ਨਾਨਕੀ ਨੂੰ ਇਕੰਤ ਲੈ ਬੈਠਾ ਆਖਣ ਲੱਗਾ, ਸੁਣ! ਪਰਮੇਸੁਰ ਦੀ ਬੰਦੀ, ਅੱਜ ਫਲਾਨੇ ਸ਼ਖਸ ਮੈਨੂੰ ਆਖਿਆ ਹੈ, ਜੋ ਜੈਰਾਮ ਤੇਰਾ ਸਾਲਾ ਮੋਦੀ ਹੈ ਪੈਸੇ ਖੋਂਇਦਾ ਹੈ, ਤੂੰ ਉਸ ਨੂੰ ਸਮਝਾਇੰਦਾ ਨਾਹੀਂ? ਪਠਾਣਾਂ ਦੀ ਖੋਇ ਜਾਣਦਾ ਹੈਂ ਕਿ ਨਾਹੀਂ? ਸੋ ਬਹੂ ਜੀ ਮੈਂ ਕਿਆ ਕਰਾਂ? ਜੋ ਕੁਝ ਕਹੋ ਸੋ ਮੈਂ ਕਰਾਂ? ਤਾਂ ਨਾਨਕੀ ਕਹਿਆ ਜੀ, ਜੋ ਕੁਝ ਤੁਸਾਡੇ ਜੀ ਆਂਵਦੀ ਹੈ, ਸੋ ਕਰੋ ਮੈਂ ਕਿਆ ਆਖਣਾ ਹੈ? ਮੈਂ ਭੀ ਤੁਸਾਡੇ ਆਖੇ ਚੱਲਣਾ ਹੈ। ਤਾਂ ਜੈਰਾਮ ਕਹਿਆ ਬਹੂ ਜੀ, ਤੁਸੀਂ ਸਲਾਹ ਦੇਵੋ, ਸੋ ਮੈਂ ਕਰਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕੀ ਕਹਿਆ ਜੀ ਤੁਸਾਂ ਨੂੰ ਪਰਤੀਤ ਅਜੇ ਤੋੜੀ ਨਾਹੀਂ ਆਂਵਦੀ। ਤੁਸੀਂ ਜਾਣਦੇ ਹੋਵੋਗੇ, ਜੋ ਭਿਰਾਉ ਦੀ ਰੱਖਣੀ ਕਰਦੀ ਹੈ, ਅਤੇ ਜਿੱਥੇ ਤੋੜੀਂ ਸੰਸਾਰ ਦੀ ਮਾਇਆ ਦੌਲਤ ਹੈ, ਨਾਨਕ ਜੀ ਦੇ ਹੱਥਾਂ ਵਿੱਚੋਂ ਨਿੱਕਲਦੀ ਹੈ। ਪਰ ਭਲਾ ਜੀ ਤੁਸਾਡੇ ਜੀ ਵਿੱਚ ਵਰਤੀ ਹੈ, ਤੁਸੀਂ ਇਹ ਕੰਮ ਕਰੋ, ਹੁਣ ਤਾਂ ਤੁਸੀਂ ਇੱਕ ਬਾਰੀਂ ਲੇਖਾ ਸਮ੍ਹਾਲੋ। ਜੇ ਤਾਂ ਲੇਖਾ ਪੂਰਾ ਹੋਇਆ, ਭਾਵੇਂ ਵਧੇ ਘੱਟੇ ਕੁਝ ਨਾਹੀਂ, ਤਾਂ ਤੁਸਾਂ ਕਿਸੇ ਦੇ ਕਹੇ ਸੁਣੇ ਤੇ ਭਟਕਣਾਂ ਨਾਹੀਂ। ਤਾਂ ਜੈਰਾਮ ਕਹਿਆ, ਜੀ ਮੈਂ ਨਾਹੀਂ ਸਮ੍ਹਾਲਦਾ, ਜੋ ਤੁਸਾਂ ਨੂੰ ਪਰਤੀਤ ਹੈ, ਮੈਂ ਕਿਆ ਕਰਨਾ ਹੈ ? ਨਾਨਕੀ ਕਹਿਆ ਜੀ, ਹੁਣ ਤੁਸੀਂ ਗਈ ਨਾ ਕਰੋ, ਮੈਂ ਭਾਈ ਨਾਨਕ ਨੂੰ ਸਦਾਇੰਦੀ ਹਾਂ। ਤਾਂ ਬੇਬੇ ਨਾਨਕੀ, ਤੁਲਸਾਂ ਲੌਂਡੀ ਨੂੰ ਭੇਜਕੇ, ਨਾਨਕ ਜੀ ਨੂੰ ਸਦਾਇਆ। ਕਹੁ ਭਾਈ ਜੀ ਤੁਸੀਂ ਮਿਹਰਵਾਨਗੀ ਕਰਕੇ ਅਸਾ ਨੂੰ ਦਰਸਣ ਦੇ ਜਾਵੋ। ਤਾਂ ਤੁਲਸਾਂ ਲੌਂਡੀ ਗਈ, ਜਾਇ ਸਲਾਮ ਕੀੱਤਾ। ਤਾਂ ਅੱਗੋਂ ਨਾਨਕ ਜੀ ਕਹਿਆ, ਕਿਂਉਂ ਤੁਲਸਾਂ ਅੱਜ ਤੂੰ ਕਿਂਉਂ ਆਈ ਹੈਂ ? ਤੁਲਸਾਂ ਕਹਿਆ ਠਾਕੁਰ ਜੀ, ਬਹੂ ਜੀ ਨੇ ਕਹਿਆ ਹੈ, ਜੋ ਮੇਰੇ ਭਾਈ ਜੀ ਨੂੰ ਜਾਇ ਕਹੁ, ਜੋ ਮੈਨੂੰ ਆਪਣਾ ਦਰਸਨ ਦੇ ਜਾਵੋ, ਇਸ ਵਾਸਤੇ ਆਈ ਹਾਂ ਜੀ। ਤਾਂ ਗੁਰੂ ਨਾਨਕ ਜੀ ਕਹਿਆ, ਚੱਲ ਤੁਲਸਾਂ ਆਂਵਦਾ ਹਾਂ। ਤਾਂ ਤੁਲਸਾਂ ਘਰ ਗਈ, ਜਾਇ ਕਰ ਕਹਿਆ, ਬਹੂ ਜੀ, ਕਹਿੰਦਾ ਹੈ ਮੈਂ ਆਂਵਦਾ ਹਾਂ॥

ਪਿੱਛੇ ਗੁਰੂ ਨਾਨਕ ਜੀ ਕਹਿਆ, ਭਾਈ ਬਾਲਾ ਮੈਨੂੰ ਬੇਬੇ ਜੀ ਕਿਂਉਂ ਸੱਦਿਆ ਹੈ? ਤਾਂ ਮੈਂ ਕਹਿਆ,ਜੀ ਕਿਸੇ ਵਾਸਤੇ ਸੱਦਿਆ ਹੋਸੀ। ਤਾਂਗੁਰੂਨਾਨਕ ਜੀ ਕਹਿਆ, ਭਾਈ ਬਾਲਾ ਮੇਰਾ ਜੀਉ ਉਗਾਹੀ ਦਿੰਦਾ ਹੈ, ਜੋ ਮੇਰੇ ਉੱਤੇ ਕਿਸੇ ਚੁਗਲੀ ਖਾਧੀ ਹੈ। ਤਾਂ ਮੈਂ ਕਹਿਆ ਜੀ ਤੇਰੇ ਉੱਤੇ ਕਿਸੇ ਕਿਆ ਚੁਗਲੀ ਕਰਨੀ ਹੈ ? ਤੂੰ ਕਿਆ ਕਰਦਾ ਹੈਂ ? ਗੁਰੂ ਨਾਨਕ ਜੀ ਬੋਲੇ, ਭਾਈ ਬਾਲਾ ਪਤਾਸਿਆਂ ਦਾ ਭਾਂਡਾ ਕੱਢ ਲੈ ਆਉ। ਤਾਂ ਮੈਂ ਭਾਂਡਾ ਪਤਾਸਿਆਂ ਦਾ ਲੈ ਆਇਆ,ਤਾਂ ਗੁਰੂ ਨਾਨਕ ਜੀ ਝੋਲੀ ਅੱਡੀ। ਜੋ ਕੁਝ ਪਤਾਸੇ ਭਾਂਡੇ ਵਿੱਚ ਆਹੇ, ਸੋ ਸਭ ਪਵਾਇ ਲੀਤੇ, ਸੇਰ ਅਢਾਈ ਪਤਾਸੇ ਭਾਂਡੇ ਵਿੱਚ ਆਹੇ ਸੋ ਸਭ ਪਵਾਇ ਲੀਤੇ ਤੇ ਲੈਕੇ ਗੁਰੂ ਨਾਨਕ ਜੀ ਬੇਬੇ ਨਾਨਕੀ ਪਾਸ ਆਇਆ। ਅੱਗੋਂ ਬੇਬੇ ਨਾਨਕੀ ਉੱਠ ਖੜੀ ਹੋਈ, ਆਓ ਭਾਈ ਜੀ ਤਾਂ ਪੀੜ੍ਹਾ ਡਾਹ ਦਿੱਤਾ, ਨਾਨਕ ਜੀ ਪੀੜ੍ਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਬੈਠੇ। ਮੈਂ ਬਾਲਾ ਭੀ ਨਾਲ ਆਹਾ। ਬੇਬੇ ਜੀ ਮੈਨੂੰ ਭੀ ਪੀੜ੍ਹੀ ਦਿੱਤੀ। ਤਾਂ ਗੁਰੂ ਨਾਨਕ ਜੀ ਪੁੱਛਿਆ, ਬੇਬੇ ਜੀ ਮੈਨੂੰ ਕਿਉਂ ਸੱਦਿਆ ਹੈ? ਭਾਈ ਜੀ ਬਹੁਤ ਦਿਨ ਹੋਏ ਆਹੇ ਤੁਸਾਡਾ ਮੂੰਹ ਡਿੱਠਿਆਂ, ਦੇਖਣ ਦੀ ਸਿੱਕ ਆਹੀ, ਇਸ ਵਾਸਤੇ ਸੱਦਿਆ ਸੀ, ਜੋ ਤੁਲਸਾਂ ਭਾਈ ਜੀ ਨੂੰ ਸੱਦ ਲਿਆਉ; ਤਾਂ ਫੇਰ ਗੁਰੂ ਨਾਨਕ ਜੀ ਕਹਿਆ, ਬੇਬੇ ਜੀ ਮੈਨੂੰ ਵਿਸਵਾਸ ਹੋਇ ਰਹਿਆ ਹੈ, ਜੋ ਕਿਉਂ ਸੱਦਿਆ ਹਈ? ਤਿਸੇ ਤਰ੍ਹਾਂ ਆਖ! ਤਾਂ ਅੱਗੇ ਬੇਬੇਜੀ ਕਹਿਆ ਭਾਈਜੀ ਤੈਨੂੰ ਸਭ ਕੁਝ ਮਲੂਮ ਹੈ, ਆਖਿਆ ਨਹੀਂ ਜਾਂਦਾ। ਤਾਂ ਗੁਰੂ ਨਾਨਕ ਜੀ ਕਿਹਾ, ਬੇਬੇ ਜੀ, ਮੈਂ ਆਪਣੇ ਦਿਲੋਂ ਜਾਣਦਾ ਹਾਂ, ਜੋ ਮੇਰੇ ਉੱਤੇ ਕਿਸੇ ਚੁਗਲੀ ਖਾਧੀ ਹੈਸੁ, ਮੈਂ ਭੀ ਆਖਦਾ ਹਾਂ ਜੋ ਮੈਥੋਂ ਲੇਖਾ ਲਵੇ। ਤਾਂ ਬੇਬੇ ਨਾਨਕੀ ਦਿਲਾਸਾ ਦਿੱਤਾ, ਤਾਂ ਗੁਰੂ ਨਾਨਕ ਜੀ ਆਖਿਆ, ਨਾ ਬੇਬੇ ਜੀ ਇਹ ਗੱਲ ਲੇਖੇ ਦੀ ਹੈ, ਇੱਥੇ ਸ਼ਰਮ ਮੁਲਾਹਜ਼ਾ ਕਿਸੇਦਾ ਨਹੀਂ। ਤਾਂ ਬੇਬੇ ਨਾਨਕੀ ਆਖਿਆ ਭਲਾ ਭਾਈ ਜੀ॥

ਸੰਮਤ ੧੫੪੩ ਪੰਦ੍ਹਾਂ ਸੈ ਤਿਰਤਾਲੀ, ਮਿਤੀ ਮੱਘਰ ਸੁਦੀ ਪੰਚਮੀ ਲੇਖਾ ਕੀੱਤਾ, ਹਿਸਾਬ ਦਿੱਤਾ, ਮਹੀਨਿਆਂ ਤ੍ਰਿਹੁ ਦਾ। ਇੱਕ ਸੌ ਪੈਂਤੀ ਰੁਪਈਏ ਖਾਇ ਪੀ, ਲੈਣੇ ਵਧੇ। ਨਾਨਕ ਜੀ ਨੇ ਭਾਈਏ ਜੈਰਾਮਨੂੰ ਆਖਿਆ, ਲਵੋ ਜੀਜਾ ਜੀ, ਹੁਣ ਤਾਂ ਤੇਰਾ ਮੂੰਹ ਸੁਰਖਰੂ ਹੋਇਆ? ਕਿਉਂ ਜੀ? ਇਹ ਮੋਦੀਖਾਨਾ ਕਿਸੇ ਹੋਰਸ ਨੂੰ ਸੌਂਪੋ। ਅਸਾਡਾ ਕਰਤਾਰ ਹਈ। ਤਾਂ ਜੈਰਾਮ ਪੈਰਾਂ ਤੇ ਢਹਿ ਪਇਆ, ਅਤੇ ਬੇਬੇ ਨਾਨਕੀ ਲੱਗੀ ਰੋਵਣ, ਤੇ ਆਖਣ ਜੀ ਪਹਿਲੋਂ ਮੈਨੂੰ ਮਾਰ ਪਿੱਛੋਂ ਭਾਵੇਂ ਕਿਧਰੇ ਜਾਹੁ। ਤਾਂ ਗੁਰੂਨਾਨਕਜੀ ਕਹਿਆ, ਜੀ ਹੁਣ ਤਾਂ ਲੇਖਾ ਪੂਰਾ ਉੱਤਰਿਆ ਹੈ, ਅਤੇ ਜੇ ਘੱਟ ਵਧ ਜਾਵੇ, ਤਾਂ ਤੁਸੀਂ ਕਿਉਂ ਜੰਜਾਲ ਵਿੱਚ ਪੌਂਦੇ ਹੋ? ਤਾਂ ਜੈਰਾਮ ਕਹਿਆ ਭਾਈ ਨਾਨਕ ਜੀ, ਅੱਗੇ ਕੁਝ ਮੈਂ ਜਾਣਦਾ ਆਹਾ, ਕੁਝ ਨਾਹੀ ਜਾਣਦਾ, ਪਰ ਹੁਣ ਮੈਨੂੰ ਦੋਵੇਂ ਸਿਰੇ ਪਰਤੀਤ ਆਈ ਹੈ, ਤੂੰ ਮੈਨੂੰ ਇਹ ਗੁਨਾਹ ਬਖ਼ਸ਼, ਮੈਂ ਭੁੱਲਾ ਹਾਂ ਜੋ ਮੈਂ ਚੁਗਲੀ ਸੁਣੀ, ਅਤੇ ਬਹੂ ਜੀ ਦਾ ਕਹਿਆ ਮੈਂ ਖਾਤਰ ਤੇ ਨਾ ਲਿਆਇਆ, ਤਾਂ ਬੇਬੇ ਜੀ ਕਹਿਆ, ਭਾਈ ਜੀ ਜੇ ਕੁਝ ਘਟੇਗਾ, ਤਾਂ ਮੈਂ ਜਬਾਬ ਕਰਾਂਗੀ, ਜਿੱਥੋਂ ਕਿੱਥੋਂ। ਤਾਂ ਮੈਂ ਬਾਲੇ ਕਹਿਆ ਨਾਨਕ ਜੀ ਤੂੰ ਕੋਈ ਜਾਹਿਰਾ ਪੀਰ ਹੈਂ। ਅੱਗੋਂ ਹੀ ਕਿਂਉਂਕਰ ਖਬਰ ਹੋਇ ਜਾਂਦੀ ਹੈ? ਭਲਾ ਨਾਨਕ ਜੀ ਤੈਨੂੰ ਭੈਣ ਅਤੇ ਭਣਵਈਆ ਦੋਵੇਂ ਮਿੰਨਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਹਨ, ਤੁਸੀਂ ਕਰਤਾਰ ਵੱਲੋਂ ਦੇਖੋ, ਗੁਰੂ ਜੀ ਮੇਰੇ ਉੱਤੇ ਮਿਹਰ ਕੀਜੇ। ਤਾਂ ਗੁਰੂ ਨਾਨਕ ਜੀ ਕਹਿਆ ਭਲਾ ਭਾਈ ਬਾਲਾ ਤੇਰਾ ਭੀ ਆਖਿਆ ਮੈਥੋਂ ਫੇਰਿਆ ਨਾਹੀਂ ਜਾਂਦਾ। ਤਾਂ ਮੈਂ ਬਾਲੇ ਮੱਥਾ ਟੇਕਿਆ। ਫੇਰ ਬੇਬੇ ਨਾਨਕੀ ਅਤੇ ਭਾਯਾ ਜੈਰਾਮ ਮੈਨੂੰ ਆਖਣ ਲੱਗੇ, ਭਾਈ ਬਾਲਾ ਅੱਜ ਤੂੰ ਨਾਨਕ ਅਸਾਨੂੰ ਨਵੇਂ ਸਿਰੇ ਦਿੱਤਾ। ਇੱਕ ਸੌ ਪੈਂਤੀ ਰੁਪਈਏ ਨਾਨਕ ਜੀ ਨੂੰ ਚੁਕਾਏ ਮਿਲੇ। ਅਤੇ ਸਤਾਰਾਂ ਸੈ ਰੁਪਈਆ ਹੋਰ ਮਿਲਿਆ; ਲੈਕਰ ਨਾਨਕ ਜੀ ਮੋਦੀਖਾਨੇ ਜਾਇ ਬੈਠੇ। ਜਿਤਨੇ ਕਾਰਖਾਨੇ ਵਾਲੇ ਆਹੇ ਸੋ ਸੱਭੇ ਨਾਨਕ ਜੀ ਨੂੰ ਮੁਮਾਰਖ ਅਤੇ ਵਧਾਈਆਂ ਦੇਵਣ ਲੱਗੇ। ਹਿੰਦੂ ਅਤੇ ਮੁਸਲਮਾਨ ਦੋਵੇਂ ਖੁਸ਼ੀ ਹੋਏ ॥ ੪ ॥

॥ ੫ ॥ ਸਾਖੀ ਨਾਨਕ ਦੀ ਕੁੜਮਾਈ ਦੀ।

ਸੰਮਤ ੧੫੪੪ ਪੰਦ੍ਰਾਂ ਸੈ ਚੌਤਾਲੀ ਮਿਤੀ ਮੰਘਰ ਸੁਦੀ ਪੰਚਮੀ ਨਾਨਕ ਦੀ ਕੁੜਮਾਈ ਹੋਈ, ਮੂਲੇ ਚੋਣੇ ਦੇ ਘਰ, ਪੱਖੋਕੇ ਰੰਧਾਵੇ। ਤਾਂ ਜੈਰਾਮ ਅਤੇ ਬੇਬੇ ਨਾਨਕੀ ਮਹਤੇ ਕਾਲੂ ਨੂੰ ਅਤੇ ਅੰਮਾਂ ਬੀਬੀ ਨੂੰ ਖਬਰ ਅਤੇ ਵਧਾਈ ਦਿਵਾਏ ਭੇਜੀ, ਸਦਾਏ ਭੇਜੇ ਜੋ ਤੁਸੀਂ ਆਵੋ, ਤਾਂ ਚਉਕੜ ਖਰਚੀਏ। ਤਾਂ ਕਾਲੂ ਸੁਣਕੇ ਬਹੁਤ ਖੁਸ਼ੀ ਹੋਇਆ, ਅਤੇ ਅੰਮਾਂ ਬੀਬੀ ਭੀ ਬਹੁਤ ਖੁਸ਼ੀ ਹੋਈ, ਜੋ ਖਬਰ ਲੇਗਇਆ ਸਾ, ਤਿਸ ਦਾ ਮੂੰਹ ਖੰਡ ਨਾਲ ਆਪਣੀ ਹੱਥੀਂ ਭਰਿਆ। ਭਰਕੇ ਲੱਗੀ ਆਖਣ, ਮੈਂ ਵਾਰ ਵਾਰ ਸੁੱਟੀ ਤੇਰੇ ਮੂੰਹਤੋਂ, ਜਿਸ ਮੈਨੂੰ ਨਾਨਕ ਦੀ ਵਧਾਈ ਦੀ ਖਬਰ ਦਿੱਤੀ। ਰਾਤੀਂ ਜਿਤਨਾ ਪਰਿਵਾਰ ਕਬੀਲਾ ਵੇਦੀਆਂ ਦਾ ਆਹਾ, ਤਾਂ ਸੱਭੇ ਗਾਵਣ ਆਇ ਬੈਠੀਆਂ, ਆਖਣ ਲੱਗੀਆਂ ਜੋ ਨਾਨਕ ਕੋਈ ਅਸਾਡੀ ਕੁਲ ਵਿੱਚ ਭਲਾ ਜੀਉ ਪੈਦੇ ਹੋਇਆ ਹੈ; ਕਿਉਂ ਜੋ ਧਰਮ ਕੁੜਮਾਈ ਹੋਈ ਹੈ, ਅਸਾਡੀ ਕੁਲ ਨਿਰਮਲ ਕੀੱਤੀ ਹੈਸੁ। ਅਤੇ ਅੰਮਾਂ ਬੀਬੀ ਆਪਣੇ ਪੇਕਿਆਂ ਨੂੰ ਮਾਝੇ ਵਧਾਈ ਭੇਜੀ। ਰਾਮਾ ਝੰਗੜ ਬੀਬੀ ਦਾ ਪਿਉ ਸੀ, ਨਾਨਕ ਜੀ ਦੇ ਨਾਨੀ ਨਾਨਾ ਸੇ ਅਤੇ ਕਾਲੂ ਦੇ ਸੱਸੁ ਸੌਹਰਾ ਸੇ। ਤਾਂ ਅੰਮਾਂ ਬੀਬੀ ਖਬਰ ਉਨ੍ਹਾਂ ਨੂੰ ਦਿਵਾਇਭੇਜੀ ਅਤੇ ਆਖਿਆ ਜੋ ਆਵੋ, ਤਾਂ ਸੁਲਤਾਨਪੁਰ ਚੱਲੀਏ ਚਉਕੜ ਖਰਚੀਏ। ਤਾਂ ਉੱਥੋਂ ਭਿਰਾਈ ਨਾਨੀ ਆਈ ਅਤੇ ਰਾਮਾ ਨਾਨਾ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ਼ਨਾ ਮਾਮਾ ਤ੍ਰੁਏ ਸੁਣਕੇ ਖੁਸ਼ੀ ਹੋਏ। ਤਲਵੰਡੀ ਆਏ ਕਾਲੂ ਨੂੰ ਮਿਲੇ। ਤਾਂ ਤਲਵੰਡੀਓਂ ਇਕੱਠੇ ਹੋਇਕੇ ਚੱਲੇ। ਕਾਲੂ ਲਾਲੂ ਵੇਦੀ ਅੰਮਾਂ ਬੀਬੀ ਅਤੇ ਰਾਮਾ ਕਿਸ਼ਨਾ ਝੰਗੜ ਨਾਨੀ ਭਿਰਾਈ ਛੇ ਆਦਮੀ ਤਿਆਰ ਹੋਏ। ਦੋਇ ਨਫ਼ਰ ਰਾਮੇ ਨਾਲ ਸੱਭੇ ਬਾਰਾਂ ਆਦਮੀ ਹੋਏ। ਪਰ ਰਾਮੇ ਝੰਗੜ ਬਹੁਤ ਕੁਝ ਨਾਲ ਲੀਤਾ ਸੀ। ਜਦ ਚੱਲਣ ਤੇ ਹੋਏ ਤਾਂ ਰਾਇ ਬੁਲ੍ਹਾਰ ਪਾਸ ਵਿਦਾ ਹੋਵਣ ਗਏ। ਰਾਇ ਅੱਗੇ ਕਾਲੂ ਜਾਇ ਖੜਾ ਹੋਇਆ, ਤਾਂ ਰਾਇ ਕਹਿਆ ਕਿਉਂ ਕਾਲੂ ? ਤਾਂ ਕਾਲੂ ਕਹਿਆ ਜੀ ਨਾਨਕ ਤੁਸਾਡੇ ਗੁਲਾਮ ਦੀ ਕਹਾਣੀ ਹੋਈ ਹੈ। ਚਉਕੜ ਖਰਚਣ ਜਾਂਦੇ ਆਹੇ, ਪੱਖੋਕੇ ਰੰਧਾਵੇ ਅਸਾਨੂੰ ਰਜਾਇ ਹੋਵੇ ਜੀ। ਤਾਂ ਰਾਇ ਕਹਿਆ ਕਾਲੂ ਅੱਗੇ ਨਾਨਕ ਹਈ ਖਬਰਦਾਰ ਹੋਵੀਂ, ਤਾਂ ਕਾਲੂ ਕਹਿਆ ਰਾਇ ਜੀ ਮੈਂਨੂੰ ਵਿਸਵਾਸ ਘੱਤਿਓ ! ਤਾਂ ਰਾਇ ਕਹਿਆ ਨ ਕਾਲੂ ਮੈਂ ਹੋਰ ਵਾਸਤੇ ਆਖਿਆ ਹਈ, ਉਹ ਅੱਗੇ ਸਾਧ ਹੈ ਮਤ ਕੋਈ ਬੋਲ ਵਿਗਾੜ ਕਰਦਾ ਹੋਵੇਂ। ਤਾਂ ਕਾਲੂ ਕਹਿਆ ਨ ਰਾਇ ਜੀ ਇਹ ਤਾਂ ਮੇਰੀ ਮੁਰਾਦ ਹੈ। ਅਤੇ ਰਾਇ ਜੀ ਤੁਸੀਂ ਪਰਮੇਸੁਰ ਜੋਗ ਕੀੱਤੇ ਹੋ,ਤੁਸੀਂ ਮਿਹਰਵਾਨਗੀ ਕਰਕੇ ਆਖੋ। ਤਾਂ ਰਾਇ ਕਹਿਆ ਜਾਹਿ ਕਾਲੂ ਤੇਰਾ ਖੁਦਾਇ ਕੰਮ ਰਾਸ ਕਰਸੀ। ਅਸਾਂ ਭੀ ਭਾਉ ਹੈ। ਪਰ ਕਾਲੂ ਨਾਨਕ ਜੀ ਦਾ ਮੱਥਾ ਚੁੰਮੇਂ ਮੇਰਾ ਹੁੰਦਾ। ਅਤੇ ਪੈਰਾਂ ਤੇ ਹੱਥ ਲਾਵੇਂ ਅਤੇ ਜੈਰਾਮ ਨੂੰ ਮੇਰੀ ਬੰਦਗੀ ਕਹੇਂ। ਜਾਹਿ ਸਾਈਂ ਦੀ ਪਨਾਹਿ ਹਈ। ਤਾਂ ਕਾਲੂ ਛਕੜੇ ਤੇ ਅਸਵਾਰ ਹੋਇਆ, ਪੰਜਵੇਂ ਦਿਨ ਸੁਲਤਾਨਪੁਰ ਆਇ ਵੜੇ। ਵੀਰਵਾਰ ਆਇ ਪਰਮਾਨੰਦ ਪਲਤੇ ਦੇ ਘਰ ਵੜੇ ਅਤੇ ਵਧਾਈਆਂ ਮਿਲਣ ਲੱਗੀਆਂ। ਤਾਂ ਨਾਨਕ ਜੀ ਨੂੰ ਖਬਰ ਹੋਈ ਜੋ ਮਾਉਂ ਪਿਉ ਆਏ ਹਨ। ਚਾਚਾ, ਨਾਨੀ, ਨਾਨਾ, ਮਾਮਾ ਅਤੇ ਮਰਦਾਨਾ ਡੂਮੇਟਾ ਭੀ ਆਇਆ ਹੈ। ਤਾਂ ਨਾਨਕ ਜੀ ਸੁਣਦੇ ਹੀ ਉਠ ਦੌੜਿਆ, ਜਾਂਦੋ ਹੀ ਕਾਲੂ ਦਿਆਂ ਪੈਰਾਂ ਤੇ ਢਹਿ ਪਇਆ। ਕਾਲੂ ਮੱਥਾ ਚੁੰਮਿਆਂ। ਤਾਂ ਨਾਨਕ ਜੀ ਆਖਿਆ ਪਿਉ ਜੀ ਰਾਇ ਜੀ ਤਾਜੇ ਸਨ ? ਤਾਂ ਕਾਲੂ ਕਹਿਆ ਪੁੱਤ ਭਲਾ ਯਾਦ ਦਿਲਾਇਓ। ਰਾਇ ਤੇਰਾ ਮੱਥਾ ਚੁੰਮਣਾਂ ਆਖਿਆ ਸੀ ਅਸਾਨੂੰ ਵਿੱਸਰ ਗਇਆ ਸੀ। ਫਿਰ ਗੁਰੂ ਨਾਨਕ ਜੀ ਅੰਮਾਂ ਬੀਬੀ ਦੇ ਪੈਰਾਂ ਤੇ ਪਇਆ ਚਾਚੇ ਲਾਲੂ ਦੇ ਪੈਰਾਂ ਤੇ ਪਇਆ। ਲਾਲੂ ਗਲ ਵਿੱਚ ਲੀਤਾ ਤੇ ਆਖਿਓਸ ਪੁੱਤ ਤੂੰ ਅਸਾਡਾ ਕੁਲ ਨਿਰਮਲ ਕੀੱਤਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗੇ ਦੀ ਖਬਰ ਪਰਮੇਸੁਰ ਜਾਣੇ, ਪਰ ਇੱਥੇ ਤਾਂ ਨਿਰਮਲ ਕੀਤਾ। ਫੇਰ ਨਾਨਕ ਜੀ ਨਾਨੇ ਰਾਮੇਂ ਦੇ ਪੈਰਾਂ ਤੇ ਪਇਆ। ਤਾਂ ਰਾਮੇ ਨਾਨੇ ਗਲ ਲਾਇਆ ਗਲ ਵਿੱਚੋਂ ਛੱਡੇ ਨਾਹੀਂ। ਜਾਂ ਰਾਮਾਂ ਦੇਖੇ ਤਾਂ ਮੰਗਤਾ ਭੀ ਕੋਈ ਨਾਹੀ ਤਾਂ ਨਾਨੀ ਭਿਰਾਈ ਆਖਿਆ ਛੱਡ ਏਸ ਨੂੰ ਗਲ ਵਿੱਚੋਂ। ਤਾਂ ਰਾਮੇ ਭਿਰਾਈ ਨੂੰ ਆਖਿਆ ਮੇਰੀ ਸਿੱਕ ਪੂਰੀ ਹੋਵੇਗੀ ਤਾਂ ਮੈਂ ਗਲ ਵਿੱਚੋਂ ਛੱਡਾਂਗਾ। ਜਾਂ ਮੈਂ ਵੀਹ ਰੁਪਈਏ ਨਾਨਕ ਦੇ ਸਿਰ ਤੋਂ ਵਾਰ ਸੁੱਟਾਂਗਾ, ਤਾਂ ਮੇਰੀ ਸਿੱਕ ਪੂਰੀ ਹੋਵੇਗੀ। ਭਿਰਾਈ ਆਖਿਆ ਵਾਰ ਸੁੱਟ। ਰਾਮੇ ਆਖਿਆ ਕੋਈ ਮੰਗਤਾ ਭੀ ਹੋਵੇ ਲੈਣ-ਵਾਲਾ? ਤਾਂ ਨਾਨਕੀ ਆਖਿਆ ਜਾਹਿ ਤੁਲਸਾਂ ਕੋਈ ਮੰਗਤੇ ਹੈਨੀਂ ਤਾਂ ਸੱਦ ਲਿਆਓ। ਤੁਲਸਾਂ ਗਈ ਤੇ ਸੱਦ ਲਿਆਈ। ਨਾਨਕੀ ਆਖਿਆ ਨਾਨਾ ਜੀ ਵੀਹ ਰੁਪਈਏ ਰੋਕ ਵਾਰੋਗੇ ਕਿ ਟਕੇ ਮੰਗਾਓਗੇ? ਤਾਂ ਰਾਮੇ ਆਖਿਆ ਧੀਏ ਜੋ ਤੂੰ ਆਖੇਂਗੀ ਸੋ ਕਰੀਏਂਗੇ। ਤਾਂ ਨਾਨਕੀ ਆਖਿਆ ਨਾਨਾ ਜੀ ਟਕੇ ਮੰਗਾਵੋ। ਤਾਂ ਰਾਮੇ ਪੁੱਤ ਕਿਸ਼ਨੇ ਨੂੰ ਆਖਿਆ ਵੀਹਾਂ ਰੁਪਈਯਾਂ ਦੇ ਟਕੇ ਲੈ ਆਉ। ਭਿਰਾਈ ਆਖਿਆ ਪੁੱਤ ਦਸਾਂ ਰੁਪਈਆਂ ਦੇ ਮੇਰੇ ਭੀ ਲੈ ਆਉ। ਪੰਜ ਰੁਪਈਏ ਕਿਸ਼ਨੇ ਪਾਏ ਸਭ ਪੈਂਤੀਆਂ ਰੁਪਈਆਂ ਦੇ ਟਕੇ ਮੰਗਾਏ। ਵੀਹਾਂ ਰੁਪਈਆਂ ਦੇ ਰਾਮੇ ਆਪਣੇ ਵਾਰੇ, ਦਸਾਂ ਦੇ ਨਾਨੀ, ਪੰਜਾਂ ਦੇ ਮਾਮੇ ਕਿਸ਼ਨੇਂ॥

ਸੰਮਤ ੧੫੪੪ ਪੰਦ੍ਰਾ ਸੈ ਚੌਤਾਲੀ, ਮਿਤੀ ਮੱਘਰ ਸੁਦੀ ਵੀਰਵਾਰ ਸੁਲਤਾਨਪੁਰੋਂ ਚੱਲੇ, ਭਲੇ ਮਹੂਰਤ ਵਿਚਾਰ ਕਰ। ਕੌਣ ਕੌਣ ਚੱਲੇ? ਕਾਲੂ, ਲਾਲੂ, ਰਾਮਾਂ, ਕਿਸ਼ਨਾ, ਪਰਮਾਨੰਦ ਪਲਤਾ, ਜੈਰਾਮ, ਹੋਰ ਨਫਰ ਚਾਕਰ। ਅਤੇ ਅੱਗੇ ਨਿੱਧਾ ਬਾਹਮਣ ਭੇਜਿਆ ਸੀ, ਗਿਰਾਂਇ ਪੱਖੋ ਕੇ ਰੰਧਾਵੇ, ਮੂਲਾ ਚੋਣਾਂ ਤਿਸ ਦਾ ਪਟਵਾਰੀ ਸਾ। ਜਾਂ ਨਿੱਧੇ ਬਾਹਮਨ ਮੂਲੇ ਨੂੰ ਖਬਰ ਦਿੱਤੀ, ਮਹਤਾ ਮੂਲਾ ਸੁਖੀ ਰਹੁ। ਤਾਂ ਮਹਤੇ ਮੂਲੇ ਆਖਿਆ ਨਮਸ-ਕਾਰ ਪਾਂਧਾ ਜੀ। ਆਓ ਜੀ, ਕਿੱਥੋਂ ਆਏ ਹੋ? ਤਾਂ ਨਿੱਧੇ ਕਹਿਆ ਜੀ ਸੁਲ-ਤਾਨਪੁਰੋਂ ਆਇਆ ਹਾਂ। ਤਾਂ ਮੂਲੇ ਕਹਿਆ, ਪਾਂਧਾ, ਕਿਂਉਂਕਰ ਆਵਣਾ ਹੋਇਆ? ਤਾਂ ਨਿੱਧੇ ਕਹਿਆ ਭਈਏ ਜੈਰਾਮ ਅਤੇ ਕਾਲੂ ਵੇਦੀ, ਜੈਰਾਮ ਦਾ ਸਹੁਰਾ ਆਇਆ ਹੈ, ਚੌਕੜ ਖਰਚਣ ਦੇ ਵਾਸਤੇ, ਤੇ ਜੈਰਾਮ ਕਹਿਆ, ਮੂਲੇ ਨੂੰ ਖਬਰ ਕਰ ਆਓ, ਇਸ ਵਾਸਤੇ ਆਇਆ ਹਾਂ ਜੀ। ਤਾਂ ਮੂਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਿਆ, ਆਉਣ, ਮੇਰੇ ਸਿਰ ਮੱਥੇ ਤੇ ਆਵਣ। ਤਾਂ ਆਇਤਵਾਰ ਦਸਮੀਂ; ਪਹਿਰ ਦਿਨ ਚੜ੍ਹੇ ਆਇ ਵੜੇ। ਅੱਗੇ ਮੂਲੇ ਸਮਾਨ ਕਰ ਰੱਖਿਆ ਸੀ। ਤਾਂ ਜਾਇ ਪਰਮਾਨੰਦ ਪਲਤੇ ਆਪਣੇ ਹੱਥੀਂ ਚੌਕੜ ਖਰਚਿਆ; ਵਧਾਈ ਲੈ ਦੇਇ ਜੋ ਕੁਝ ਰਾਹੁ ਰੌਂਸ ਸੀ ਸਭ ਹੋਈ ਦੋਹਾਂ ਵੱਲੋਂ। ਤਾਂ ਕਾਲੂ ਵੇਦੀ ਕਹਿਆ ਪਰਮਾਨੰਦ ਨੂੰ, ਭਈਯਾ ਜੀ, ਤੁਸੀਂ ਸਾਹਾ ਭੀ ਮੰਗੋ। ਤਾਂ ਪਰਮਾਨੰਦ ਮੂਲੇ ਨੂੰ ਇਕੰਤ ਲੈ ਬੈਠਾ, ਬੈਠਾਇਕੇ ਗੱਲ ਸਾਰੀ ਸਰੀਕੀ ਦੀ ਕੀਤੀ, ਦੇਖੋ ਮਹਤਾ ਜੀ ਨੀਂਗਰ ਭੀ ਜੁਆਨ ਹੈ ਅਤੇ ਕੱਕੀ ਭੀ ਵੱਡੀ ਸੁਣੀਦੀ ਹੈ, ਤੁਸੀਂ ਸਾਹਾ ਭੀ ਦੇਵੋ, ਤਲਵੰਡੀਓਂ ਸਭ ਆਏ ਹਨ, ਝੰਗੜ ਨਾਨਕੇ ਨੀਂਗਰ ਦੇ ਭੀ ਮਾਝਿਓਂ ਆਏ ਹਨ। ਤਾਂ ਮੂਲੇ ਅੱਗੋਂ ਜਬਾਬ ਦਿੱਤਾ, ਭਈਯਾ ਜੀ ਤੁਸੀਂ ਖਾਤਰ ਜਮਾ ਰੱਖੋ, ਇੱਕ ਵਾਰੀ ਅਸਾਂ ਨੂੰ ਮੁਹਲਤ ਦੇਹੋ, ਫੇਰ ਚੰਗਾ ਸਾਹਾ ਤੁਸਾਂ ਨੂੰ ਸੁਧਾਇ ਗਿਣਾਇਕੇ ਲਿਖ ਭੇਜਾਂਗੇ। ਤਾਂ ਭਲੀ ਪ੍ਰਕਾਰ ਇੱਜਤ ਪਤ ਨਾਲ ਸੁਲਤਾਨਪੁਰ ਆਇ ਵੜੇ। ਤਾਂ ਵਧਾਈਆਂ ਮਿਲਣ ਲੱਗੀਆਂ, ਬੇਬੇ ਨਾਨਕੀ ਸਰੀਕਨੀਆਂ ਸੱਦਕੇ ਗਾਵਣ ਬਹਾਈਆਂ। ਜਾਂ ਚੌਥੇ ਦਿਨ ਵਿਦਾ ਹੋਣ ਲੱਗੇ, ਤਾਂ ਮਰਦਾਨੇ ਡੂਮੇਟੇ ਆਖਿਆ, ਨਾਨਕ ਜੀ ਕੁਝ ਆਪਣੀ ਵਧਾਈ ਦੇਹਿ। ਤਾਂ ਗੁਰੂ ਨਾਨਕ ਜੀ ਕਹਿਆ, ਮਰਦਾਨਿਆਂ ਕੀ ਲੈਂਦਾ ਹੈਂ ? ਅਸਾਂ ਤੇਰੇ ਨਾਲ ਕੰਮ ਹੈ। ਤਾਂ ਮਰਦਾਨੇ ਕਹਿਆ ਜੀ, ਮੈਂਨੂੰ ਕਾਈ ਭਲੀ ਵਸਤੁ ਦੇਹ ਜੀ। ਤਾਂ ਗੁਰੂ ਨਾਨਕ ਜੀ ਕਹਿਆ, ਮਰਦਾਨਾ ਭਲੀ ਵਸਤੁ ਲੈਂਦਾ ਹੈਂ, ਪਰ ਭਲੀ ਵਸਤੁ ਤੇ ਰੰਜ ਹੋਇ ਜਾਸੇਂ। ਮਰਦਾਨੇ ਕਹਿਆ ਜੀ ਤੂੰ ਭਲੀ ਵਸਤੁ ਦੇਹਿੰਗਾ, ਤਾਂ ਮੈਂ ਰੰਜ ਕਿਉਂ ਹੋਵਾਂਗਾ ? ਤਾਂ ਗੁਰੂ ਨਾਨਕ ਜੀ ਆਖਿਆ, ਮਰਦਾਨਿਆਂ ਤੁਸੀਂ ਮਿਰਾਸੀ ਲੋਕ ਹੋ, ਅਗਲੀ ਗੱਲ ਜਾਣਦੇ ਨਾਹੀਂ। ਤਾਂ ਮਰਦਾਨੇ ਆਖਿਆ, ਨਾਨਕ ਜੀ ਜੋ ਕਾਈ ਭਲੀ ਵਸਤੁ ਜਾਣਦੇ ਹੋ ਸਾਈ ਅਸਾਨੂੰ ਦੇਵੋ। ਤਾਂ ਗੁਰੂ ਨਾਨਕ ਜੀ ਕਹਿਆ, ਮਰਦਾਨਿਆਂ ਅਸਾਂ ਤੈਂਨੂੰ ਤਾਰ ਦਾ ਗੁਣ ਦਿੱਤਾ, ਇਹ ਅਸਾਨੂੰ ਲੋੜੀਦਾ ਆਹਾ। ਤਾਂ ਮਰ-ਦਾਨੇ ਉੱਠ ਕਰ ਖੜੇ ਹੋਇ ਤਜੀਮ ਕੀਤੀ। ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਇੱਕ ਅਸਾਡਾ ਬਚਨ ਮੰਨ। ਤਾਂ ਮਰਦਾਨੇ ਆਖਿਆ ਜੀ ਫੁਰ-ਮਾਈਏ ? ਮਰਦਾਨਿਆਂ ਤੂੰ ਵੇਦੀਆਂ ਦਾ ਮਿਰਾਸੀ ਹੈਂ, ਤੂੰ ਹੋਰ ਥੋਂ ਨਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਗਣਾਂ। ਤਾਂ ਮਰਦਾਨੇ ਆਖਿਆ ਜੀ ਮੈਂ ਇਹ ਗੱਲ ਮੰਨੀ, ਪਰ ਜੀ ਤੁਸੀਂ ਅਸਾਡੀ ਸਾਰ ਵਿੱਚ ਰਹਿਓ। ਤਾਂ ਗੁਰੂ ਨਾਨਕ ਜੀ ਕਹਿਆ, ਸੁਣ ਮਰਦਾ-ਨਿਆਂ ਕਰਤਾਰ ਸਭਨਾਂ ਦੀ ਸਾਰ ਵਿੱਚ ਹੈਗਾ। ਤਾਂ ਫੇਰ ਸੱਭੇ ਘਰਾਂ ਨੂੰ ਵਿਦਿਆ ਹੋਏ, ਮਿਲ ਗਿਲ ਸੁਖ ਸਾਂਦ ਨਾਲ ਗਏ। ਤਾਂ ਗੁਰੂ ਨਾਨਕ ਜੀ ਦੀ ਚਾਲੀ ਓਹਾ ਜੋ ਕਦੀਮ ਦੀ ਆਹੀ; ਕੋਈ ਆਵੇ ਖਾਲੀ ਕਿਸੇ ਨੂੰ ਛੱਡੇ ਨਾਹੀਂ, ਲੋਕਾਂ ਵਿੱਚ ਗੱਲਾਂ ਪਈਆਂ ਹੋਵਣ, ਜੋ ਨਾਨਕ ਅੱਜ ਕਲ੍ਹ ਕਿਤੇ ਨੱਸਦਾ ਹੈ, ਆਇ ਨਾਨਕੀ ਅਤੇ ਜੈਰਾਮ ਨੂੰ ਸੁਣਾਵਣ। ਤਾਂ ਨਾਨਕੀ ਜੈਰਾਮ ਨੂੰ ਆਖਿਆ, ਦੇਖੇਂ ਮਤ ਲੋਕਾਂ ਦੇ ਆਖੇ ਵੇਖੇ ਭਰਮਦਾ ਹੋਵੇਂ। ਜੈਰਾਮ ਅੰਦਰੋਂ ਗਿਣਤੀ ਖਾਵੇ, ਪਰ ਬਾਹਰੋਂ ਸਾਹ ਨਾ ਕੱਢੇ। ਇੱਕ ਦਿਨ ਨਾਨਕ ਜੀ ਆਪੇ ਹੀ ਆਖਿਆ, ਜੀਜਾ ਜੀ ਹਿਸਾਬ ਸਰਕਾਰ ਦਾ ਦਿਵਾਈਏ, ਬਹੁਤ ਦਿਨ ਹੋਏ ਹਨ। ਤਾਂ ਜੈਰਾਮ ਨਬਾਬ ਪਾਸ ਅਰਜ ਕੀਤੀ, ਨਬਾਬ ਸਲਾਮਤ ਨਾਨਕ ਮੋਦੀ ਕਹਿੰਦਾ ਹੈ, ਜੋ ਨਬਾਬ ਹਿਸਾਬ ਲਏ ਤਾਂ ਭਲਾ ਹੋਵੇ। ਨਬਾਬ ਕਹਿਆ, ਜੈਰਾਮ ਮੋਦੀ ਨੂੰ ਬੁਲਾਇ। ਤਾਂ ਜੈਰਾਮ ਨਿੱਧੇ ਬਾਹਮਣ ਨੂੰ ਭੇਜਕੇ ਨਾਨਕ ਜੀ ਨੂੰ ਸਦਾਇਓ। ਨਾਨਕ ਜੀ ਵਹੀ ਲੈਕੇ ਖੁਸ਼ੀ ਹੋਇ ਕਰ ਚੱਲਿਆ, ਅੱਗੇ ਲੋਕ ਨਬਾਬ ਦੇ ਕੰਨ ਭਰਦੇ ਸੇ, ਜੋ ਨਬਾਬ ਸਲਾਮਤ! ਮੋਦੀ ਪੈਸੇ ਲੁਟਾਂਵਦਾ ਹੈ। ਜਾਂ ਨਾਨਕ ਜੀ ਵਹੀ ਲੈ ਕਰ ਆਇ ਨਬਾਬ ਨੂੰ ਸਲਾਮ ਕੀੱਤਾ, ਤਾਂ ਨਬਾਬ ਕਹਿਆ, ਰੇ ਮੋਦੀ! ਤੇਰਾ ਨਾਉਂ ਕਿਆ ਹੈ? ਗੁਰੂ ਨਾਨਕ ਜੀ ਕਹਿਆ! ਮੇਰਾ ਨਾਉਂ ਨਾਨਕ ਨਿਰੰਕਾਰੀ ਹੈ। ਤਾਂ ਨਬਾਬ ਕਹਿਆ, ਅਰੇ ਜੈਰਾਮ! ਮੈਂ ਤਾਂ ਕੁਝ ਨਾ ਸਮਝਿਆ? ਮੋਦੀ ਨੇ ਕਿਆ ਕਿਹਾ ਹੈ? ਤਾਂ ਜੈਰਾਮ ਫਾਰਸੀ ਵਿੱਚ ਨਬਾਬ ਦੀ ਨਿਸ਼ਾ ਕੀੱਤੀ; ਤੁਸੀਂ ਕਹਿੰਦੇ ਹੋ "ਬੇਚੂਨ ਬੇਚਗੁਨ ਬੇਸੁਬਹਿ ਬੇਨਮੂਨ।" ਉਸ ਸਿਫਤ ਦੀ ਜੋ ਗੱਲ ਹੈ ਤਿਸ ਦਾ ਮੈਂ ਬੰਦਾ ਹਾਂ। ਤਾਂ ਨਬਾਬ ਹੱਸਿਆ, ਹੱਸ ਕਰ ਕਹਿਆ, ਏ ਜੈਰਾਮ, ਮੋਦੀ ਬਿਆਹਿਆ ਹੈ? ਜੈਰਾਮ ਕਹਿਆ, ਨਹੀਂ ਬਿਆਹਿਆ। ਨਬਾਬ ਕਹਿਆ, ਹੁਣ ਮੈਂ ਸਮਝਿਆ ਹੈ ਜੋ ਬਿਆਹਿਆ ਹੈ, ਜੋ ਐਸੀਆਂ ਬਾਤਾਂ ਸਮਝੀਆਂ ਹੈਨਗੀਆ। ਤਾਂ ਨਬਾਬ ਕਹਿਆ ਸੁਣ ਨਾਨਕ ਮੈਂ ਸੁਣਿਆਂ ਹੈ ਜੋ ਮੇਰੇ ਪੈਸੇ ਤੂੰ ਲੁਟਾਂਦਾ ਹੈਂ? ਤੂੰ ਜਾਣ, ਜੋ ਮੈਂ ਦੌਲਤਖਾਂ ਲੋਦੀ ਹਾਂ। ਤਾਂ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਜੀ ਬੋਲਿਆ, ਨਬਾਬ ਸਲਾਮਤ! ਹਿਸਾਬ ਲਈਯੇ । ਅਰ ਜੋ ਕੁਝ ਫਕੀਰਾਂ ਦਾ ਨਿੱਕਲੇ ਤਾਂ ਖੁਸ਼ੀ ਆਵੇ ਤਾਂ ਦੇਈਯੇ, ਨਹੀਂ ਤਾਂ ਨਾ ਦੇਈਯੇ। ਤਾਂ ਨਬਾਬ ਕਹਿਆ, ਅਰੇ ਜੈਰਾਮ! ਮੋਦੀ ਕਿਸ ਰੌਂਸ ਬੋਲਦਾ ਹੈ ? ਜੈਰਾਮ ਕਹਿਆ, ਨਬਾਬ ਸਲਾਮਤ! ਮੋਦੀ ਸੱਚਾ ਹੈ, ਮੋਦੀ ਖਤਾਵੰਦ ਨਾਹੀਂ । ਤਾਂ ਨਬਾਬ ਕਹਿਆ, ਬੁਲਾਵੋ ਜਾਦੋਰਾਇ ਨਿਵੀਸਿੰਦੇ ਨੂੰ । ਤਾਂ ਜਾਦੋ ਰਾਇ ਨਿਵੀਸਿੰਦੇ ਆਇ ਸਲਾਮ ਕੀਤਾ । ਨਬਾਬ ਕਹਿਆ, ਅਰੇ ਜਾਦੋ ਰਾਇ ! ਨਾਨਕ ਪਾਸੋਂ ਹਿਸਾਬ ਲਵੋ। ਤਾਂ ਲੱਗੇ ਹਿਸਾਬ ਕਰਨ। ਪੰਜ ਦਿਨ ਅਤੇ ਪੰਜ ਰਾਤੀਂ ਹਿਸਾਬ ਹੋਇਆ। ਜਾਦੋ ਰਾਇ ਨਿਵੀਸਿੰਦੇ ਬਹੁਤ ਅੜਾਂਵਣੀਆਂ ਪਾਈਆਂ, ਪਰ ਪਰਮੇਸੁਰ ਨਾਲ ਅਤੇ ਸੱਚ ਨਾਲ ਚੱਲੇ ਕੁਛ ਨਾਹੀਂ । ਤ੍ਰੈ ਸੈ ਇੱਕੀ ਰੁਪਈਏ ਨਾਨਕ ਜੀ ਦੇ ਵੱਧਾ ਨਿਕਲੇ। ਤਾਂ ਜੈਰਾਮ ਖੁਸ਼ੀ ਹੋਇਆ ਤੇ ਆਇ ਨਬਾਬ ਨੂੰ ਮੁਜਰਾ ਕੀਤਾ। ਨਬਾਬ ਕਹਿਆ, ਕਿਉਂ ਜੈਰਾਮ, ਹਿਸਾਬ ਹੋਇਆ ? ਜੈਰਾਮ ਕਹਿਆ, ਨਬਾਬ ਸਲਾਮਤ ! ਜਾਦੋ ਰਾਇ ਨੂੰ ਬੁਲਾਵੋ। ਤਾਂ ਜਾਦੋ ਰਾਇ ਬੁਲਾਇਆ । ਤਾਂ ਨਬਾਬ ਨੂੰ ਜਾਦੋਰਾਇ ਆਇ ਮੁਜਰਾ ਕੀਤਾ। ਨਬਾਬ ਕਹਿਆ, ਅਰੇ ਜਾਦੋ ਰਾਇ ਹਿਸਾਬ ਲੀਤਾ ? ਜਾਦੋ ਰਾਇ ਕਹਿਆ, ਨਬਾਬ ਸਲਾਮਤ, ਹਿਸਾਬ ਲਇਆ ਹੈ ਤੇ ਤਿੰਨ ਸੈ ਇੱਕੀ ਰੁਪੀਏ ਨਾਨਕ ਦੇ ਜਾਫਾ ਉੱਠੇ ਹਨ ਨਬਾਬ ਨੇ ਕਹਿਆ "ਹਮਾਰੇ ਯਾ ਉਸਕੇ,, ਜਾਦੋ ਰਾਇ ਕਹਿਆ, ਨਬਾਬ ਸਲਾਮਤ, ਨਾਨਕ ਦੇ ਸਰਕਾਰ ਵਿੱਚ ਨਿਕਲੇ। ਨਬਾਬ ਕਹਿਆ, ਅਰੇ ਲੋਕ ਤਾਂ ਕਹਿੰਦੇ ਸੇ ਜੋ ਨਾਨਕ ਪੈਸੇ ਲੁਟਾਂਵਦਾ ਹੈ ? ਤਾਂ ਜੈਰਾਮ ਅਰਜ ਕੀਤੀ, ਨਬਾਬ ਸਲਾਮਤ, ਲੋਕ ਦੁਸ਼ਮਨੀ ਬਹੁਤ ਕਰਦੇ ਹਨ। ਨਬਾਬ ਕਹਿਆ, ਭਵਾਨੀ ਦਾਸ ਖਜਾਨਚੀ ਨੂੰ ਬੁਲਾਵੋ। ਤਾਂ ਭਵਾਨੀ ਦਾਸ ਖਜਾਨਚੀ ਆਇ ਸਲਾਮ ਕੀਤਾ। ਤਾਂ ਨਬਾਬ ਕਹਿਆ, ਅਰੇ ਭਵਾਨੀ ਦਾਸ, ਨਾਨਕ ਦੇ ਜੋ ਪੈਸੇ ਆਂਵਦੇ ਹਨ, ਸੋ ਹੁਣੇ ਅਦਾ ਕਰੋ, ਅਰ ਤਿੰਨ ਹਜਾਰ ਰੁਪਈਆ ਹੋਰ ਦੇਹੁ। ਤਾਂ ਭਵਾਨੀ ਦਾਸ ਤਿੰਨ ਸੈ ਇੱਕੀ ਰੁਪਈਏ ਪਿਛਲੇ ਚੁਕਾਇ ਦਿੱਤੇ, ਅਤੇ ਤਿੰਨ ਹਜਾਰ ਰੁਪਈਆ ਹੋਰ ਦਿੱਤਾ। ਤਾਂ ਨਾਨਕ ਜੀ ਥੈਲੀਆਂ ਲੈਕੇ ਘਰ ਆਏ। ਤਿਨ੍ਹਾਂ ਵਿੱਚੋਂ ਕੁਛ ਹੱਟ ਲੈ ਗਇਆ, ਅਤੇ ਬਹੁਤੇ ਬੇਬੇ ਜੀ ਪਾਸ ਰੱਖੇ। ਤਾਂ ਜੈਰਾਮ ਬਹੁਤ ਖੁਸ਼ੀ ਹੋਇਆ, ਖੁਸ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇ ਘਰ ਆਇ ਵੜਿਆ । ਅੱਗੋਂ ਨਾਨਕੀ ਪੁੱਛਿਆ, ਕਿਉਂਕਰ ਹਿਸਾਬ ਹੋਇਆ ਜੀ ? ਤਾਂ ਜੈਰਾਮ ਕਹਿਆ, ਸੁਣ ! ਪਰਮੇਸੁਰ ਦੀ ਪਿਆਰੀ, ਮੈਂ ਅਜਬ ਹੈਰਾਨ ਹਾਂ, ਜੋ ਨਾਨਕ ਸਰੀਹਣ ਪੈਸੇ ਲੁਟਾਂਵਦਾ ਹੈ, ਅਤੇ ਹਿਸਾਬ ਹੁੰਦਾ ਹੈ, ਤਾਂ ਹੱਥੋਂ ਵੱਧਾ ਨਿੱਕਲਦਾ ਹੈ । ਤਾਂ ਨਾਨਕੀ ਕਹਿਆ ਜੀ, ਅੱਜ ਕਿਆ ਵੱਧਾ ਨਿੱਕਲਿਆ ਹੈ ? ਜੈਰਾਮ ਕਹਿਆ ਤ੍ਰੈ ਸੈ ਇੱਕੀ ਰੁਪਈਏ ਵਾਧਾ ਨਿੱਕਲਿਆ ਹੈ, ਖਾਂਦਿਆਂ ਪੀਂਦਿਆਂ ਲੁਟਾਂਵਦਿਆਂ । ਤਾਂ ਨਾਨਕੀ ਕਹਿਆ ਜੀ, ਇਸ ਪਾਸੋਂ ਰਾਇ ਬੁਲ੍ਹਾਰ ਜੋ ਵਰਸਾਣਾ ਹੈ, ਤਿਤਨਾ ਹੋਰ ਕੋਈ ਨਾ ਵਰਸਾਵੇਗਾ । ਤਾਂ ਜੈਰਾਮ ਕਹਿਆ, ਸੁਣ ! ਪਰਮੇਸੁਰ ਦੀ ਪਿਆਰੀ, ਹਾਇ ਕਿਤਨਾਕੁ ਵਰਸਾਣਾ ਹੈ ਇਸ ਪਾਸੋਂ ਬਹੁਤ ਲੋਕ ਵਰਸਾਵਣਗੇ । ਤਾਂ ਨਾਨਕੀ ਬਹੁਤ ਖੁਸ਼ੀ ਹੋਈ ॥ ੫ ॥

॥ ੬ ॥ ਸਾਖੀ ਨਾਨਕ ਜੀ ਦੇ ਬਿਆਹ ਦੀ ॥

ਸੰਮਤ ੧੫੪੪ ਪੰਦਰਾਂ ਸੈ ਚੌਤਾਲੀ ਹਾੜ੍ਹ ਸੁਦੀ ਸੱਤਵੀਂ ਨੂੰ ਗੁਰੂ ਨਾਨਕ ਜੀ ਦਾ ਸਾਹਾ ਲਿਖਿਆ ਆਇਆ । ਤਾਂ ਬੇਬੇ ਨਾਨਕੀ ਘਰ ਵਧਾਈ ਕੀੱਤੀ ਅਤੇ ਨ੍ਰਿਧੇ ਬਾਹਮਣ ਦੇ ਹੱਥ ਚਿੱਠੀ ਲਿਖ ਭੇਜੀ ਕੁੰਗੂ ਨਾਲ ਛਿੜਕਕੇ । ਪਤਾਸੇ ਅਤੇ ਲਾਚੀ ਦਾਣੇ ਪੰਜ ਰੁਪਈਏ ਰੋਕ ਤਲਵੰਡੀ ਕਾਲੂ ਦੇ ਘਰ ਭੇਜ ਦਿੱਤੇ । ਤਾਂ ਕਾਲੂ ਦੇ ਘਰ ਅਨੰਦ ਮੰਗਲਾਚਾਰ ਲੱਗੇ ਹੋਵਣ । ਕਾਲੂ ਆਪਣੇ ਸਹੁਰੇ, ਮਾਝੇ, ਆਦਮੀ ਭੇਜ ਦਿੱਤਾ ਉੱਥੇ ਭੀ ਵਧਾਈ ਹੋਈ, ਲੱਗੇ ਭਾਜੀਆਂ ਵੰਡਣ । ਆਪਣੀ ਜਾਹਿਗਾ ਰਾਇ ਬੁਲਾਰ ਪਾਸ ਕਾਲੂ ਗਇਆ, ਤਾਂ ਜਾਇਕੇ ਕਹਿਆ ਰਾਇ ਜੀ ਮੁਮਾਰਖ ! ਤਾਂ ਰਾਇ ਕਹਿਆ ਕਾਲੂ ਕੇਹੀ ? ਕਾਲੂ ਕਹਿਆ ਜੀ ਨਾਨਕ ਤੁਸਾਡੇ ਗੁਲਾਮ ਦਾ ਸਾਹਾ ਲਿਖਿਆ ਆਇਆ ਹੈ । ਤਾਂ ਰਾਇ ਕਹਿਆ ਕਾਲੂ ਨਾਨਕ ਜੀ ਨੂੰ ਬੱਸ ਅਸਾਡਾ ਗੁਲਾਮ ਨਾ ਆਖੇਂ, ਫੇਰ ਅਸੀਂ ਰੰਜ ਹੋਵਾਂਗੇ । ਤਾਂ ਕਾਲੂ ਕਹਿਆ ਜੀ ਅਸਾਨੂੰ ਅਦਬ ਹੀ ਲੋੜੀਦਾ ਹੈ । ਭਲਾ ਕਾਲੂ ਹੋਰ ਗੱਲਾਂ ਅਦਬ ਦੀਆਂ ਥੋੜੀਆਂ ਨਾਹੀਂ, ਭਲਾ ਜੀ ਇਹ ਗੁਨਾਹ ਅਸਾਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਖ਼ਸ਼ੋ ਅਸੀਂ ਭੁੱਲੇ ਹਾਂ । ਤਾਂ ਰਾਇ ਕਹਿਆ ਭਲਾ ਕਾਲੂ ਜਾਹਿ ਖ਼ੁਦਾਇ ਬਖ਼ਸ਼ੇਗਾ, ਜਾਹਿ ਤੇਰੀ ਮੁਰਾਦ ਹਾਸਲ ਹੋਵੇਗੀ, ਮੇਰਾ ਨਾਨਕ ਜੀ ਨੂੰ ਸਲਾਮ ਆਖੇਂ । ਸਾਹੇ ਉੱਪਰ ਕੌਣ ਕੌਣ ਚੱਲੇ ? ਕਾਲੂ, ਲਾਲੂ, ਪਰਸਰਾਮ, ਇੰਦ੍ਰਸੈਨ ਫਿਰੰਦਾ, ਜਗਤਮੱਲ, ਲਾਲਚੰਦ, ਜਗਤ ਰਾਇ ਜੱਟ ਮੱਲ, ਜਿਤਨੇ ਵੇਦੀ ਆਹੇ ਸਭ ਤਿਆਰ ਹੋਇ ਰਹੇ । ਜਾਂ ਭਾਦ੍ਰੋਂ ਦੀ ਸੰਗਰਾਂਦ ਚੜ੍ਹੀ ਤੇ ਸੱਤ ਦਿਨ ਗੁਜਰੇ ਤਾਂ ਤਲਵੰਡੀਓਂ ਚੱਲੇ । ਮਾਂਞਿਓਂ ਨਾਨਾ ਰਾਮਾ ਭੀ ਆਇਆ, ਮਾਮਾ ਕਿਸ਼ਨਾ ਭੀ ਆਇਆ, ਆਇ ਸੁਲਤਾਨਪੁਰ ਵੜੇ ਤੇ ਪਰਮਾਨੰਦ ਪਲਤੇ ਅਤੇ ਜੈਰਾਮ ਦੇ ਘਰ ਆਇ ਅਰੰਭ ਕੀੱਤਾ । ਜਾਂ ਪੰਜ ਦਿਨ ਸਾਹੇ ਵਿੱਚ ਰਹੇ, ਤਾਂ ਸੁਲਤਾਨਪੁਰੋਂ ਚੱਲੇ, ਭਲੇ ਮਹੂਰਤ ਨਾਲ, ਤਾਂ ਜਾਇ ਸਾਹੇ ਉੱਪਰ ਖਲੇ ਹੋਏ । ਪਰਮਾਨੰਦ ਪਲਤੇ ਜੈਰਾਮ ਦੇ ਪਿਉ ਨਿੱਧੇ ਬਾਹਮਣ ਨੂੰ ਘਰ ਭੇਜਿਆ, ਨਿੱਧਾ ਜਾਇਕੇ ਮੂਲੇ ਨੂੰ ਖਬਰ ਕਰ । ਜੋ ਵੇਦੀਆਂ ਦੀ ਜੰਞ ਆਈ ਹੈ, ਤੁਸਾਨੂੰ ਮਲੂਮ ਹੋਵੇ । ਤਾਂ ਮੂਲੇ ਚੋਣੇ ਨੂੰ ਨਿੱਧੇ ਬਾਹਮਣ ਜਾਇ ਖਬਰ ਕੀਤੀ ਅਸੀਰ ਵਾਦ ਜਾਇ ਕੀਤੋਸੁ ਆਖਿਓਸੁ ਜਿਜਮਾਨ ਸੁਖੀ ਰਹੁ । ਤਾਂ ਮੂਲੇ ਕਾਹਿਲੇ ਕਹਿਆ ਪਾਂਧਾ ਨਮੱਸਕਾਰ । ਤਾਂ ਨਿੱਧੇ ਕਹਿਆ ਜਿਜਮਾਨ ਜੀ ਜੰਞ ਬਾਗ ਵਿੱਚ ਆਇ ਉਤਰੀ ਹੈ । ਤੁਸਾਨੂੰ ਖਬਰ ਕਰਨ ਦੇ ਵਾਸਤੇ ਮੈਨੂੰ ਭੇਜਿਆ ਹੈ, ਭਈਏ ਪਰਮਾਨੰਦ ਕਹਿਆ ਜਾਹਿ ਮਹਤੇ ਮੂਲੇ ਨੂੰ ਖਬਰ ਕਰ ਆਉ । ਅੱਗੋਂ ਮੂਲੇ ਆਪਣੇ ਭਿਰਾਉ ਭਾਈ ਇਕੱਠੇ ਕੀਤੇ ਅਤੇ ਹਿੱਤੇ ਰੰਧਾਵੇ ਪਾਸ ਜਾਇ ਖੜਾ ਹੋਇਆ, ਲੱਗਾ ਆਖਣ ਚੌਧਰੀ ਜੀ ਵੇਦੀਆਂ ਦੀ ਜੰਞ ਬਾਗ ਵਿੱਚ ਆਇ ਉਤਰੀ ਹੈ । ਤਾਂ ਹਿੱਤੇ ਰੰਧਾਵੇ ਆਖਿਆ ਪੁੱਤ ਅਜਿਤਿਆ ਤੂੰ ਮੂਲੇ ਨਾਲ ਜਾਹਿ ਜੋ ਕੁਛ ਮੂਲਾ ਆਖੇ, ਸੋ ਸਰਬਰਾਹੁ ਕਰ ਦੇਹੁ ਅਤੇ ਆਪ ਭੀ ਨਾਲੇ ਹੋਵੇਂ । ਸੁਣ ਮੂਲਾ ਮੇਰੀ ਦੇਹਿ ਵੱਡੀ ਹੋਈ ਹੈ, ਨਾਹੀਂ ਤਾਂ ਤੇਰੇ ਨਾਲ ਮੈਂਹੀਂ ਹੋਵਾਂ । ਭਲਾ ਚੌਧਰੀ ਜੀ ਤੁਸਾਡਾ ਹੁਕਮ ਜੋ ਹੈ ਸੋ ਤੁਸੀਂ ਹੀ ਹੋ । ਸੁਣ ਮੂਲਾ ਭਲੇ ਲੋਕ ਤੇਰੇ ਘਰ ਢੁੱਕੇ ਹੈਨੀ, ਕੁਛ ਸ਼ਰਮ ਨੂੰ ਲੋਚੀਂ ਅਤੇ ਜੀਭ ਨੂੰ ਰੋਕ ਦੇਵੇਂ, ਅਸਾਡਾ ਆਖਿਆ ਇਹ ਹਈ । ਮੈਂ ਸੁਣਦਾ ਸਾਂ ਜੋ ਕਾਲੂ ਵੇਦੀ ਭੱਟੀਆਂ ਦਾ ਪਟਵਾਰੀ ਹੈ, ਪਰ ਬੁਰਾ ਬੋਲਦਾ ਹੈ ਅਤੇ ਤੂੰ ਭੀ ਜੀਭ ਦਾ ਕਰੜਾ ਹੈਂ, ਪਰ ਪਰਮਾਨੰਦ ਜੇਹੇ ਭਲੇ ਆਦਮੀ ਵਿੱਚ ਆਖੀਦੇ ਹਨ, ਪਰ ਭਲਾ ਆਪਣੀ ਵੱਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਦਬ ਕਰਨਾ। ਤਾਂ ਮੂਲੇ ਆਖਿਆ ਭਲਾ ਚੌਧਰੀ ਜੀ ਤੁਸੀਂ ਅਸਾਡੀ ਪੁਸ਼ਤ ਪਨਾਹ ਹੋ, ਅਸਾਨੂੰ ਤੁਸਾਡੀ ਓਟ ਹੈ, ਇੱਕੋ ਪਰਮੇਸ਼ੁਰ ਦੀ ਓਟ ਹੈ। ਭਲਾ ਮੂਲਾ ਜਾਹਿ ਅੱਗਾ ਲੈਇ। ਤਾਂ ਮੂਲੇ ਪੰਚ ਜੋੜ ਕਰ ਭਲੀ ਬਟੇਹਰੀ ਭੇਜੀ। ਅਜਿੱਤਾ ਰੰਧਾਵਾ ਨਾਲ ਸੀ। ਭਲਾ ਆਦਰ ਭਾਉ ਕੀਤਾ। ਤਾਂ ਰਾਤੀਂ ਜੰਞ ਚੜ੍ਹੀ, ਭਲੇ ਬਾਜੇ ਗਾਜੇ ਨਾਲ ਅੰਦਰ ਜਾਇ ਵੜੇ। ਭਾਦ੍ਰੋਂ ਦੀ ਵੀਹਵੀਂ ਬਿਆਹ ਲੱਗਾ ਹੋਣ। ਅੰਮ੍ਰਿਤ ਵੇਲੇ ਪੰਜ ਘੜੀਆਂ ਰਾਤ ਰਹਿੰਦੀ ਲਾਂਵਾਂ ਹੋਣ ਲੱਗੀਆਂ॥

ਰਾਮ ਪਹਿਲੜੀ ਲਾਉ ਸਤਿਗੁਰ ਸਤਿਜੁਗ ਸਾਜਿਆ ਬਲਿ ਰਾਮ ਜੀਉ। ਤ੍ਰੈਗੁਣ ਬਿਸਥਾਰ ਅਨਹਦ ਵਾਜਿਆ ਬਲਿ ਰਾਮ ਜੀਉ। ਬਜਾਇਆ ਅਨਹਦ ਸਮੁੰਦ ਮਥਿਆ ਲਛ ਕਉਲਾ ਨਿਕਲੀ। ਤੇਤੀਸ ਕਰੋੜੀ ਛੱਡ ਕੈ ਆਇ ਠਾਕੁਰ ਕਉ ਮਿਲੀ। ਬਿਆਹ ਠਾਕੁਰ ਚਰਨ ਲਾਈ ਓੜ ਭਗਤ ਨਿਬਾਹੀਆ। ਅਰਦਾਸ ਨਾਨਕ ਲਾਂਉ ਪਹਿਲੀ ਭਲਾ ਸਤਿਜੁਗ ਸਤਿਗੁਰ ਸਾਜਿਆ॥ ੧॥

ਰਾਮ ਦੂਸਰੀ ਲਾਂਉ ਤ੍ਰੇਤਾ ਜੁਗ ਵਰਤਾਇਆ ਬਲ ਰਾਮ ਜੀਉ। ਧੰਨ ਧੰਨ ਸੰਤ ਪਿਆਰੇ ਜਿਨ ਹਰਿ ਨਾਮੁ ਧਿਆਇਆ ਬਲ ਰਾਮ ਜੀਉ। ਸੰਤ ਜਪਤੇ ਨਾਮ ਹਰਿ ਕਾ ਮਿਲੇ ਰਾਮ ਪਿਆਰਿਆ। ਗੰਡੀਵ ਧਨਖ ਰਘੁਪਤ ਚੜ੍ਹਾਇਆ ਪਰਸਰਾਮ ਕਾ ਬਲ ਹਾਰਿਆ। ਬਿਆਹ ਸੀਤਾ ਗ੍ਰਿਹ ਮਾਹਿ ਆਣੀ ਓੜਭਗਤਿ ਨਿਬਾਹੀਆ। ਅਰਦਾਸ ਨਾਨਕ ਲਾਉਂ ਦੂਜੀ ਸੀਤਾ ਰਾਮ ਬਿਆਹੀਆ॥ ੨॥

ਰਾਮ ਤੀਜੀ ਲਾਉਂ ਜੁਗ ਦੁਆਪੁਰ ਵਰਤਾਇਆ ਬਲ ਰਾਮ ਜੀਉ। ਰੁਕਮਣੀ ਮੰਗਲ ਗਾਇਆ ਸਹਿਜ ਸੇਤੀ ਸਸਪਾਲ ਰਾਜਾ ਮਾਰਿਆ ਬਲ ਰਾਮ ਜੀਉ। ਬਚਨ ਪੂਰੇ ਦੋਸ ਧਰਿਆ ਚਕਰ ਸੰਖ ਬਿਦਾਰਿਆ। ਬਿਆਹ ਰੁਕਮਣੀ ਗ੍ਰਿਹ ਮੇਂ ਆਣੀ ਓਟ ਭਗਤ ਨਿਬਾਹੀਆ। ਅਰਦਾਸ ਨਾਨਕ ਲਾਉਂ ਤੀਜੀ ਰੁਕਮਣੀ ਕਿਸ਼ਨ ਜੀ ਵਰ ਪਾਇਆ॥ ੩॥

ਰਾਮ ਚੌਥੀ ਲਾਉਂ ਕਰਤੈ ਕਲਜੁਗ ਪ੍ਰਗਟਾਇਆ ਬਲ ਰਾਮ ਜੀਉ। ਜਿਨਾਂ ਹਰਿ ਸਿਉ ਪ੍ਰੀਤ ਨਾਹੀਂ ਤੇ ਸੰਗ ਭਰਮੇ ਮਾਇਆ ਬਲਿ ਰਾਮ ਜੀਉ। ਮਾਇਆ ਤ ਲਾਗੇ ਭਰਮ ਜਾਗੇ ਸਗਲ ਵਜਹੁ ਤਿਨ ਘਾਟਿਆ। ਨਾਮ ਦਾਨ ਇਸ਼ਨਾਨ ਨਹੀਂ ਕੀਆ ਜਮਕਾ ਪੰਥ ਨ ਕਾਟਿਆ। ਨਿਹ ਕਲੰਕੀ ਆਪ ਹੋਆ ਛਪਹਿ ਨਾਹਿ ਛਪਾਇਆ। ਅਰਦਾਸ ਨਾਨਕ ਲਾਉਂ ਚੌਥੀ ਪ੍ਰਭ ਸਭਨਾ ਮਾਹਿ ਸਮਾਇਆ॥ ੪॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਆਹ ਹੋਇਆ ਵੱਡਾ ਰਸ ਰਹਿਆ, "ਤਾਂ ਮੈਂ ਬਾਲੇ ਆਖਿਆ ਗੁਰੂ ਜੀ ਏਹ ਜੋ ਗੱਲਾਂ ਮੈਂ ਆਖਦਾ ਹਾਂ, ਸੋ ਆਪਣੀ ਅੱਖੀਂ ਡਿਠੀਆਂ ਆਖਦਾ ਹਾਂ," ਸੁਣੀਆਂ ਗੱਲਾਂ ਨਹੀਂ ਆਖਦਾ। ਤਾਂ ਗੁਰੂ ਅੰਗਦ ਜੀ, ਬਾਜੀਆਂ ਗੱਲਾਂ ਸੁਣਕੇ ਬਿਗਸਦਾ ਹੈ, ਅਤੇ ਬਾਜੀਆਂ ਗੱਲਾਂ ਸੁਣਕੇ ਰੰਗ ਵਿੱਚ ਬੈਰਾਗ ਕਰਦਾ ਹੈ। ਲਾਵਾਂ ਦੇ ਵੇਲੇ ਗੁਰੂ ਨਾਨਕ ਜੀ ਕਹਿਆ, ਬਾਲਿਆ ਤੂੰ ਮੇਰੇ ਹੀ ਪਾਸ ਰਹੁ। (ਜੋ ਕੁਛ ਗੁੱਝਾ ਖਰਚ ਆਹਾ, ਸੋ ਮੇਰੇ ਹੀ ਪਾਸ ਆਹਾ) ਮੈਂ ਆਖਿਆ ਭਲਾ ਜੀ ਤੁਸਾਡੇ ਹੀ ਪਾਸ ਹਾਂ ਜੀ। ਗੁਰੂ ਜੀ ਭਲਾ ਰਸ ਰਹਿਆ। ਤ੍ਰੈ ਦਿਨ ਜੰਞ ਰਹੀ, ਚੌਥੇ ਦਿਨ ਵਿਦਿਆ ਹੋਈ। ਡੋਲੀ ਲੈਕਰ ਸੁਲਤਾਨਪੁਰ ਆਇ ਵੜੇ। ਤਾਂ ਕਾਲੂ ਲਾਲੂ ਤੇ ਜੈਰਾਮ ਆਖਣ ਜੋ ਮੁੰਡਾ ਤੇ ਵਹੁਟੀ ਇੱਥੇ ਹੀ ਰਹਿਣ, ਕਿਉਂ ਜੋ ਮੋਦੀ ਖ਼ਾਨੇ ਦਾ ਕੰਮ ਹੈ, ਪਿੱਛੇ ਕੌਣ ਚਲਾਵੇਗਾ ? ਤਾਂ ਕਾਲੂ ਆਖੇ ਪੁੱਤ ਨਾਨਕ, ਤੇਰੀ ਮਾਉਂ ਭੀ ਉਡੀਕਦੀ ਬੈਠੀ ਹੈ, ਉਸ ਦੀ ਸੁਖ ਮੁਰਾਦ ਹੈ, ਇਹ ਝਗੜਾ ਹੋਇਆ ਸਾ। ਜੋ ਪਿੱਛੇ ਮੂਲਾ ਆਇਆ ਸਾ। ਤਾਂ ਮੂਲੇ ਚੋਣੇ ਆਖਿਆ, ਜੋ ਕੁੜੀ ਗੱਭਰੂ ਇੱਥੇ ਹੀ ਰਹਿਣ, ਤਲਵੰਡੀ ਭੇਜੋ ਨਾਹੀਂ, ਤਾਂ ਇਹ ਝਗੜਾ ਕੀਤੋਨੇ। ਪਰਮਾਨੰਦ ਕਹਿਆ, ਮੂਲਚੰਦ ਹੁਣ ਪਹਿਲੀ ਵਾਰੀ ਹੈ, ਨੀਂਗਰ ਦੀ ਮਾਉਂ ਦੀ ਭੀ ਸਿੱਕ ਮੁਰਾਦ ਹੈ, ਆਪਣੇ ਘਰ ਜਾਵਨ, ਆਇ ਕਰ ਫੇਰ ਇੱਥੇ ਹੀ ਰਹਿਣਗੇ। ਕਿਰਤ ਮੋਦੀਖਾਨੇ ਦੀ ਭੀ ਏਥੇ ਹੀ ਹੈ, ਇਨ੍ਹਾਂ ਦਾ ਰਹਿਆ ਕਿਉਂਕਰ ਬਣਦਾ ਹੈ? ਬਣਦੀ ਏਸੇ ਤਰ੍ਹਾਂ ਹੈ, ਜੋ ਡੋਲੀ ਘਰ ਲੈ ਜਾਵਣ। ਤਾਂ ਨਾਨਕ ਜੀ ਅਤੇ ਮਾਤਾ ਚੋਣੀ ਦੀ ਡੋਲੀ, ਤਲਵੰਡੀ ਲੈ ਗਏ, ਜਾਂ ਨਾਨਕ ਜੀ ਤਲਵੰਡੀ ਨੂੰ ਚੱਲੇ, ਤਾਂ ਮੈਨੂੰ ਆਖਿਆ, ਭਾਈ ਬਾਲਾ ਅਸਾਂ ਆਂਵਦਿਆਂ ਤੋੜੀ ਕੰਮ ਚਲਾਏਂ। ਮੈਂ ਆਖਿਆ ਗੁਰੂ ਜੀ ਮੈਂ ਤਾਂ ਜੱਟ ਹਾਂ, ਮੈਥੋਂ ਕਿੱਥੋਂ ਕੰਮ ਚੱਲਦਾ ਹੈ। ਤਾਂ ਫੇਰ ਗੁਰੂ ਜੀ ਆਖਿਆ, ਭਾਈ ਬਾਲਾ ਕੰਮ ਕਰਤਾਰ ਚਲਾਵੇਗਾ, ਤੁਸੀਂ ਵਿੱਚ ਖੜੇ ਰਹੋ, ਇੱਕ ਮਹੀਨੇ ਨੂੰ ਅਸੀਂ ਜ਼ਰੂਰ ਆਇ ਜਾਵਾਂਗੇ, ਹੁਣ ਤੁਸੀਂ ਕੰਮ ਚਲਾਵੋ। ਤਾਂ ਮੈਂ ਆਖਿਆ ਭਲਾ ਗੁਰੂ ਜੀ, ਜੋ ਕੁਛ ਤੁਸੀਂ ਕੰਮ ਆਖੋਗੇ, ਸੋ ਕਰਸਾਂ ਜੀ। ਤਾਂ ਸੱਭੇ ਤਲਵੰਡੀ ਨੂੰ ਗਏ। ਗੁਰੂ ਜੀ ਓਥੇ ਦੀ ਮੈਨੂੰ ਕਾਈ ਖਬਰ ਨਹੀਂ, ਦਿਖਾ ਤਲਵੰਡੀ ਵਿੱਚ ਗੁਰੂ ਜੀ ਕਿਆ ਕਿਆ ਚੋਜ ਕੀਤੇ, ਕਿਉਂਕਰ ਹੋਇ ਵਰਤੀ। ਤਾਂ ਫੇਰ ਗੁਰੂ ਨਾਨਕ ਜੀ ਤਲਵੰਡੀਓਂ ਆਇ ਸੁਲਤਾਨਪੁਰ ਵਿੱਚ ਵੜੇ, ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਇ ਨਾਨਕੀ ਭੈਣ ਨੂੰ ਮਿਲੇ, ਅਤੇ ਜੈਰਾਮ ਨੂੰ ਮਿਲੇ। ਤਾਂ ਮਾਤਾ ਚੋਣੀ ਭੀ ਆਇ ਨਿਨਾਣ ਦੀ ਪੈਰੀ ਪਈ, ਅੱਗੋਂ ਬੇਬੇ ਨਾਨਕੀ ਆਖਿਆ, ਠੰਡੜੀ ਹੋਵੇਂ। ਮਾਤਾ ਚੋਣੀ ਦਾ ਮੱਥਾ ਚੁੰਮਿਓਸੁ, ਤੇ ਗਲ ਨਾਲ ਲਾਇਕੇ ਪਾਸ ਲੈ ਬੈਠੀ। ਤਾਂ ਅਗਲੇ ਦਿਨ, ਗੁਰੂ ਨਾਨਕ ਜੀ ਮੋਦੀਖਾਨੇ ਆਇ ਬੈਠੇ, ਅਤੇ ਮਾਤਾ ਚੋਣੀ ਪੇਕੇ ਗਈ ਮੂਲਾ ਆਇਕੇ ਲੈ ਗਇਆ। ਤਾਂ ਗੁਰੂ ਨਾਨਕ ਜੀ ਮੋਦੀਖਾਨੇ ਆਇਕਰ ਲੱਗੇ ਕੰਮ ਚੱਲਾਵਣ। ਅੱਗੇ ਕਾਲੂ ਕਹਿਆ ਆਹਾ, ਜੋ ਉੱਤੋਂ ਮੂਲਾ ਮਿਲਿਆ, ਜੋ ਗੁਰੂ ਨਾਨਕਜੀ ਦੀ ਚਾਲੀ ਆਹੀ, ਸੋ ਚਲੀ ਜਾਵੇ, ਅਤੇ ਕਬੀਲੇ ਨਾਲ ਮੋਹ ਭੀ ਥੋੜਾ ਕਰੇ, ਅਤੇ ਮਾਤਾ ਚੋਣੀ ਗੁੱਸੇ ਹੋਇਕੇ ਛਿੱਥੀ ਹੋਵੇ, ਗੁਰੂ ਜੀ ਦੀ ਉਸਨੂੰ ਖੁਸ਼ੀ ਹੋਵੇ ਨਾਹੀਂ, ਗੁਰੂ ਜੀ ਉਸਨੂੰ ਮੂੰਹ ਲਾਵੇ ਨਾਹੀਂ, ਦੁਇ ਮਹੀਨੇ, ਗੁਜ਼ਰ ਜਾਵਨ, ਘਰ ਵੜੇ ਨਾਹੀਂ। ਅਤੇ ਜਦ ਮੂਲਾ ਧੀ ਨੂੰ ਮਿਲਣ ਆਵੇ, ਤਾਂ ਧੀ ਮੂਲੇ ਨੂੰ ਆਖੇ, ਪਿਉਜੀ ਤੂੰ ਮੈਂਨੂੰ ਕਿੱਥੇ ਦਿੱਤਾ ਹੈ? ਇਹ ਤਾਂ ਲੋਕਾਂ ਨੂੰ ਖਵਾਂਇਦਾ ਹੈ ਅਤੇ ਘਰ ਦੀ ਪੀੜ ਕਾਈ ਨਹੀਂ ਕਰਦਾ। ਤਾਂ ਮੂਲਾ ਜੈਰਾਮ ਥੇ ਆਵੇ, ਆਇਕਰ ਖੌਰੂ ਕਰੇ, ਅਤੇ ਆਖੇ, ਤੁਸਾਂ ਮੈਨੂੰ ਅਤੇ ਮੇਰੀ ਧੀ ਨੂੰ ਪਾਇ ਬੋੜਿਆ। ਅਤੇ ਨਾਨਕ ਨੂੰ ਆਖੇ, ਅਵੇ ਤੂੰ ਕਿੱਥੋਂ ਪੈਦੇ ਹੋਇਆ ਹੈਂ? ਮੇਰੀ ਜਿੰਦ ਨੂੰ ਲਿਖਿਆ ਲੱਧਾ ਆਹੋ? ਤਾਂ ਗੁਰੂ ਨਾਨਕ ਜੀ ਅੱਗੋਂ ਬੋਲੇ ਨਾਹੀਂ। ਉਹ ਝੱਖ ਝੱਖ ਉੱਠ ਜਾਵੇ॥

ਅਤੇ ਮਾਤਾ ਚੋਣੀ ਸੱਦੀ ਦੀ ਆਹੀ, ਜੋ ਗੁਰੂ ਜੀ ਦੇ ਘਰ ਆਈ ਆਹੀ ਅਤੇ ਉਹ ਨਿਤਾਪ੍ਰਤ ਖੌਰੂ ਕਰ ਜਾਵਨ, ਮਹੀਨੇ ਦੇ ਮਹੀਨੇ ਝੱਸ ਕਰ ਜਾਵਨ। ਚੰਦੋ ਰਾਣੀ ਗੁਰੂ ਨਾਨਕ ਜੀ ਦੀ ਸੱਸੁ ਦਾ ਨਾਉਂ ਆਹਾ, ਧੀ ਮਾਉ ਪਾਸ ਰੁੰਨੀ। ਤਿਸਨੇ ਬਹੁਤ ਗੁੱਸਾ ਖਾਧਾ, ਗੁੱਸਾ ਖਾਇਕੇ ਨਾਨਕੀ ਨੂੰ ਲੜਨ ਅਤੇ ਆਖਣ ਲੱਗੀ, ਕਿਉਂ ਜੀ ਤੁਸਾਂ ਅਜੇਹੀਆਂ ਹੁਕੂਮਤਾਂ ਲੱਗੇ ਕਰਨ? ਤੁਸਾਨੂੰ ਪਰਮੇਸੁਰ ਦਾ ਭਉ ਨਾਹੀਂ? ਤੂੰ ਭਿਰਾਉ ਨੂੰ ਨਹੀਏਂ ਸਮਝਾਂਵਦੀ? ਨਾ ਤੂੰ ਭਰਜਾਈ ਦੀ ਖਬਰ ਲੈਂਦੀ ਹੈ? ਨਾ ਭਣਵਈਯਾ, ਸਾਲੇ ਨੂੰ ਸਮਝਾਂਵਦਾ ਹੈ? ਤੁਸਾਡੇ ਜੀਉ ਵਿੱਚ ਕੀ ਆਈ ਹੈ? ਤਾਂ ਬੇਬੇ ਨਾਨਕੀ ਆਖਿਆ ਸੁਣ ਮਾਸੀ, ਭਿਰਾਉ ਨੂੰ ਜੋ ਮੈਂ ਸਮਝਾਵਾਂ, ਸੋ ਕੀ ਸਮਝਾਵਾਂ? ਭਿਰਾਉ ਮੇਰਾ ਚੋਰ ਨਾਹੀਂ, ਯਾਰ ਨਾਹੀਂ, ਜੁਆਰੀਆ ਨਾਹੀਂ, ਕੋਈ ਬੁਰਾ ਕੰਮ ਨਾਹੀਂ ਕਰਦਾ? ਆਪਣੀ ਕਮਾਈ ਵਿੱਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵੇਂ ਸੋ ਕਰੇ। ਤੁਸੀਂ ਉਲ੍ਹਾਮਾਂ ਤਾਂ ਦੇਵੋ, ਜਾਂ ਤੁਸਾਡੀ ਧੀ ਨੰਗੀ ਭੁੱਖੀ ਰਹਿੰਦੀ ਹੋਵੇ ਅਤੇ ਚੰਗੇ ਭਲੇ ਖਾਂਦਿਆਂ ਪੀਂਦਿਆਂ ਸਾਨੂੰ ਖੁਆਰ ਕਰੇ, ਤਾਂ ਤੁਸੀਂ ਜਾਣੋ। ਅਸਾਡਾ ਤਾਂ ਮੂੰਹ ਸੁਆਦ ਨਾਹੀਂ ਦੇਂਦਾ, ਜੋ ਅਸੀਂ ਇਸ ਮੂੰਹ ਤੁਸਾਨੂੰ ਕੁਝ ਆਖੀਏ। ਗਹਿਣੇ ਦੀ ਜਾਹਿਗਾ ਗਹਿਣਾ ਹੈ, ਕੱਪੜੇ ਦੀ ਜਾਹਿਗਾ ਕੱਪੜਾ ਹੈ, ਅੰਨ ਸੋ ਭੁੱਖ ਕਾਈ ਨਹੀਂ। ਅਤੇ ਮੈਂ ਆਸਤ ਆਸਤ ਪਈ ਕਰਦੀ ਹਾਂ। ਭਾਬੀ ਬਿਨਾ ਮੈਂ ਇਸ ਮੂੰਹੋਂ ਕਦੀ ਨਾਹੀਂ ਸੱਦਿਆ, ਅਤੇ ਤੁਸੀਂ ਅਸਾਨੂੰ ਅਤੇ ਖੱਤ੍ਰੀ ਦੇ ਪੁੱਤ ਨੂੰ ਅਨਕੱਥੇ ਨੱਕ ਖੁਆਰ ਕਰੋ, ਤਾਂ ਅਸਾਡਾ ਕਿਆ ਵੱਸ ਹੈ? ਤੁਸਾਡੀ ਖੁਸ਼ੀ ਅਸੀਂ ਤਾਂ ਤੁਸਾਨੂੰ ਕੁਝ ਨਾਹੀਂ ਆਖਦੇ। ਹਾਲੇ ਸੇਰਾ ਹੈ। ਤਾਂ ਚੰਦੋ ਰਾਣੀ ਚੁੱਪ ਕਰ ਗਈ, ਆਖ ਸੱਕੇ ਕੁਝ ਨਾਹੀਂ, ਸ਼ਿਰਮਿੰਦੀ ਹੋਇਕੇ ਉੱਠ ਗਈ। ਤਾਂ ਧੀ ਪਾਸ ਆਈ ਤੇ ਆਖਿਓਸੁ, ਸੁਣ ਬੇਟੀ ਸੁਲੱਖਣੀ (ਮਾਤਾ ਚੋਣੀ ਦਾ ਪੇਉਕਾ ਨਾਉਂ ਸੁਲੱਖਣੀ ਆਹਾ) ਤੇਰੀ ਨਿਣਾਨ ਤਾਂ ਮੈਂਨੂੰ ਹੱਥੋਂ ਸ਼ਿਰਮਿੰਦਾ ਕੀੱਤਾ, ਮੈਨੂੰ ਜਬਾਬ ਕੋਈ ਨਾ ਆਇਆ। ਦੇਖ ਬੇਟੀ ਤੂੰ ਭੀ ਕੁਛ ਨਿੰਵ ਚੱਲਿਆ ਕਰ। ਤਾਂ ਸੁਲੱਖਣੀ ਆਖਿਆ, ਅੰਮਾਂ ਮੈਂ ਕੁਝ ਭੁੱਖੀ ਨੰਗੀ ਨਾਹੀਂ ਰਹਿੰਦੀ, ਗਹਿਣੇ ਕੱਪੜੇ ਖਾਵਣ ਪੀਵਣ ਨੂੰ ਸੱਭੋ ਕੁਝ ਹੈਗਾ। ਬੇਟੀ ਜੋ ਸੱਭੋ ਕੁਛ ਹੈ, ਤਾਂ ਖੱਤ੍ਰੀ ਦੇ ਪੁੱਤ ਨੂੰ ਖੁਆਰ ਬਦਨਾਉਂ ਕਿਉਂ ਕਰਦੀ ਹੈਂ? ਅੱਗੋਂ ਮਾਤਾ ਚੋਣੀ ਆਖਿਆ, ਅੰਮਾਂ ਮੈਂ ਕੀ ਕਰਾਂ ਮੈਂਨੂੰ ਮੂੰਹ ਨਾਹੀਂ ਲਾਂਵਦਾ। ਅਤੇ ਮੇਰੇ ਨਾਲ ਸਿਧੇ ਮੂੰਹੋਂ ਬੋਲਦਾ ਭੀ ਨਾਹੀਂ, ਮੈਂ ਕਿਆ ਕਰਾਂ? ਕਿਸ ਅੱਗੇ ਆਖਾਂ? ਤਾਂ ਚੰਦੋ ਰਾਣੀ ਫੇਰ ਬੇਬੇ ਨਾਨਕੀ ਪਾਸ ਆਈ, ਆਇਕਰ ਆਖਣ ਲੱਗੀ, ਬੇਟੀ ਨਾਨਕੀ ਮੈਂ ਤੇਰੀ ਭਰਜਾਈ ਸੁਲੱਖਣੀ ਨੂੰ ਬਹੁਤ ਸਮਝਾਇਆ ਹੈ, ਅੱਗੋਂ ਆਖਣ ਲੱਗੀ, ਮੈਂ ਤਾਂ ਅੰਮਾਂ ਭੁੱਖੀ ਨੰਗੀ ਨਾਹੀਂ ਰਹਿੰਦੀ, ਮੈਂਨੂੰ ਗਹਿਣੇ ਕੱਪੜੇ ਬਹੁਤ ਹਨ, ਪਰ ਮੇਰੇ ਨਾਲ ਸਿੱਧੇ ਮੂੰਹੋਂ ਬੋਲਦਾ ਭੀ ਨਾਹੀਂ, ਮੈਨੂੰ ਮੂੰਹ ਲਾਇੰਦਾ ਨਾਹੀਂ, ਮੈਂ ਕੀ ਕਰਾਂ? ਤਾਂ ਬੇਬੇ ਨਾਨਕੀ ਆਖਿਆ ਮਾਸੀ ਚੰਦੋ ਰਾਣੀ ਸੁਣ ਤੂੰ ਭਾਬੀ ਦੀ ਤਰ੍ਹਾਂ ਖਰੀ ਕਰੜੀ ਹੈਂ, ਜੇ ਕਦੀ ਮੈਂ ਭੀ ਸੱਦ ਭੇਜਦੀ ਹਾਂ, ਤਾਂ ਕਦੇ ਆਂਵਦੀ ਹੈ ਅਤੇ ਕਦੇ ਨਹੀਂ ਭੀ ਆਂਵਦੀ। ਪਰ ਕੇਹੀ ਜੇਹੀ ਆਂਵਦੀ ਹੈ? ਲੋਹੀ ਲਾਖੀ ਆਂਵਦੀ, ਤਾਂ ਮੈਂ ਇਹੁ ਜੀ ਵਿੱਚ ਨਾਹੀਂ ਕਰਦੀ ਜੋ ਇਹ ਮੈਂਥੋਂ ਛੋਟੀ ਹੈ, ਮੈਂ ਆਖਦੀ ਹਾਂ ਕਿਵੇਂ ਰਾਜੀ ਰਹੇ, ਕਿਉਂ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਅਸੀਂ ਗੋਦੀ ਪਾਇ ਆਂਦੀ ਹੈ, ਅਤੇ ਭਲੇ ਖੱਤ੍ਰੀ ਦੀ ਧੀ ਹੇ, ਭਲਾ ਆਪੇ ਸਿਆਣੀ ਹੋਵੇਗੀ, ਅਸਾਂ ਕਿਸੇ ਨੂੰ ਮਿੰਨਤ ਨਾਹੀਂ ਲਾਵਣੀ। ਅਸਾਨੂੰ ਕੋਈ ਗੰਢ ਨਹੀਂ ਆਇ ਲੱਗਾ। ਤਾਂ ਚੰਦੋ ਰਾਣੀ ਕਹਿਆ, ਭਲਾ ਬੇਟੀ ਨਾਨਕੀ ਕਮੀਂ ਤਾਂ ਕਿਸੇ ਗੱਲ ਦੀ ਨਾਹੀਂ, ਪਰ ਤੂੰ ਆਪੇ ਹੀ ਜਾਣਦੀ ਹੈਂ ਨਾਂ,ਤ੍ਰੀਮਤਾਂ ਦਾ ਭੀ ਵਰ-ਤਨ ਲੋੜੀਏ। ਤਾਂ ਬੇਬੇ ਨਾਨਕੀ ਆਖਿਆ ਭਲਾ ਮਾਸੀ ਤੂੰ ਭੀ ਸੱਚੀ ਹੈਂ ਅਤੇ ਉਹ ਭੀ ਸੱਚੀ ਹੈ, ਪਰ ਪਰਮੇਸ਼ੁਰ ਭਲੀ ਹੀ ਕਰਸੀ, ਤੂੰ ਧੀ ਦਾ ਦਿਲਾਸਾ ਹੀ ਕਰ ਅਤੇ ਸਮਝਾਉ ਭੀ, ਮਾਸੀ ਤੂੰ ਜਾਣਦੀ ਹੋਵੇਂਗੀ ਜੋ ਭਿਰਾਉ ਦੀ ਰੱਖਣੀ ਕਰਦੀ ਹੈ। ਭਲਾ ਮਾਸੀ ਹੁਣ ਤਾਂ ਤੂੰ ਜਾਹੁ ਪਰਮੇਸ਼ੁਰ ਭਾਵੇਗਾ, ਤਾਂ ਮੈਂ ਭਾਬੀ ਨੂੰ ਬਹੁਤ ਦਿਲਾਸਾ ਦਿਵਾਵਾਂਗੀ। ਤਾਂ ਚੰਦੋ ਰਾਣੀ ਆਪਣੇ ਘਰ ਗਈ। ਇੱਕ ਦਿਨ ਗੁਰੂ ਨਾਨਕ ਜੀ ਜੈਰਾਮ ਨੂੰ ਮਿਲਨ ਆਇਆ ਅਤੇ ਬੇਬੇ ਨਾਨਕੀ ਨੂੰ ਭੀ ਮਿਲਿਆ, ਅੱਗੋਂ ਬੇਬੇ ਨਾਨਕੀ ਆਖਿਆ ਅੱਜ ਮੇਰੇ ਉੱਤੇ ਪਰਮੇਸ਼ੁਰ ਬਹੁਤ ਮੇਹਰਵਾਨ ਹੋਇਆ ਹੈ, ਜੋ ਤੁਸਾਂ ਅਸਾਨੂੰ ਦਰਸ਼ਨ ਦਿੱਤਾ ਹੈ। ਗੁਰੂ ਨਾਨਕ ਜੀ ਕਹਿਆ, ਬੇਬੇ ਜੀ, ਮੈਂ ਤੁਸਾਡਾ ਗੁਲਾਮ ਹਾਂ, ਤੂੰ ਵੱਡੀ ਹੈਂ। ਤਾਂ ਬੇਬੇ ਜੀ ਆਖਿਆ, ਭਾਈ ਜੀ, ਦਿਨਾਂ ਵਿੱਚ ਵੱਡੀ ਹਾਂ, ਕਰਮਾਂ ਵਿੱਚ ਵੱਡੀ ਨਹੀਂ, ਭਾਈ ਜੀ ਵੱਡਾ ਸੋ, ਜੋ ਕਰਮਾਂ ਵਿੱਚ ਵੱਡਾ ਹੋਵੇ। ਗੁਰੂ ਜੀ ਕਹਿਆ, ਬੇਬੇ ਜੀ, ਇਹ ਪਰਮੇਸ਼ੁਰ ਤੁਧੇ ਨੂੰ ਬੁਝਾਈ ਹੈ। ਤੇਰੇ ਉੱਤੇ ਪਰਮੇ-ਸ਼ੁਰ ਮੇਹਰਵਾਨ ਹੈ। ਤਾਂ ਬੇਬੇ ਜੀ ਆਖਿਆ, ਭਾਈ ਜੀ, ਪਰਮੇਸ਼ੁਰ ਮੇਰੇ ਉੱਤੇ ਮੇਹਰਵਾਨ ਤਾਂ ਜਾਣਾਂਗੀ, ਜਾਂ ਤੂੰ ਮੇਰਾ ਆਖਿਆ ਮੰਨੇਂਗਾ। ਤਾਂ ਗੁਰੂ ਨਾਨਕ ਜੀ ਖੁਸ਼ੀ ਹੋਇ ਕਰ ਕਹਿਆ, ਆਖ ਬੇਬੇ ਜੀ, ਜੋ ਕੁਛ ਤੂੰ ਆਖੇਂਗੀ ਸੋ ਮੈਂ ਮੰਨਾਂਗਾ। ਤੂੰ ਮੇਰੀ ਵੱਡੀ ਭੈਣ ਹੈਂ, ਆਖ, ਜੋ ਤੂੰ ਇਸ ਮੂੰਹੋਂ ਆਖੇਂ ਸੋ ਮੰਨਾਂਗਾ। ਤਾਂ ਬੇਬੇ ਨਾਨਕੀ ਆਖਿਆ, ਭਾਈ ਜੀ ਅਸੀਂ ਬਹੁਤ ਸ਼ਿਰਮਿੰਦੇ ਹੁੰਦੇ ਆਹੇ, ਤੂੰ ਭਾਬੀ ਨੂੰ ਦਿਲਾਸਾ ਨਾਹੀਂ ਦਿੰਦਾ। ਅਤੇ ਜੀ, ਭਲਿਆਂ ਭ੍ਰਿਰਾਵਾਂ ਦੀਆਂ ਧੀਆਂ ਗੋਦੀ ਪਾਇ ਲਿਆਈਦੀਆਂ ਹਨ। ਅਤੇ ਉਨ੍ਹਾਂ ਦਾ ਦਿਲਾਸਾ ਨਾਹੀਂ ਹੁੰਦਾ, ਤਾਂ ਬਹੁਤ ਸ਼ਿਰਮਿੰਦਾ ਹੋਈਦਾ ਹੈ। ਤੂੰ ਸਾਧ ਹੈਂ, ਆਪਣੇ ਜੀ ਵਿੱਚ ਤੂੰ ਵਿਚਾਰ ਦੇਖ, ਤੂੰ ਅਸਾਡਾ ਆਖਿਆ ਮੰਨ। ਤਾਂ ਬਾਬੇ ਨਾਨਕ ਜੀ ਆਖਿਆ, ਕਿਉਂ ਬੇਬੇ ਜੀ ਕਿਸੇ ਗੱਲੋਂ ਵਿਰਵੀ ਰਹਿੰਦੀ ਹੈ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਜੀ, ਕਿਉਂ ਵਿਰਵੀ ਰਹੇ, ਜੋ ਸੱਭੋ ਕੁਛ ਪਰਮੇਸੁਰ ਦਾ ਦਿੱਤਾ ਹਾਜਰ ਹੈ ਪਰ ਇੱਕ ਮੂੰਹ ਦਾ ਦਿਲਾਸਾ ਸਭਨਾਂ ਗੱਲਾਂ ਥੋਂ ਵੱਡਾ ਹੈ। ਭਾਵੇਂ ਹੋਰ ਕੁਛ ਨਾ ਹੋਵੇ, ਇੱਕ ਮੂੰਹ ਦਾ ਦਿਲਾਸਾ ਹੋਵੇ, ਤਾਂ ਤ੍ਰੀਮਤਾਂ ਦੀ ਜਾਤ ਨੂੰ ਇਹ ਗੱਲ ਲੋੜੀਦੀ ਹੈ। ਤਾਂ ਬਾਬੇ ਜੀ ਆਖਿਆ, ਬੇਬੇ ਜੀ ਤੂੰ ਇਸ ਗੱਲ ਦਾ ਮਨ ਤੇ ਸੰਤੋਖ ਕਰ ਜੋ ਤੂੰ ਆਖੇਂਗੀ, ਸੋ ਮੈਂ ਕਰਾਂਗਾ। ਹੁਣ ਤੂੰ ਇਹ ਗੱਲ ਛੱਡ ਦੇਹੁ। ਕਾਈ ਹੋਰ ਗੱਲ ਕਰ। ਤਾਂ ਬੇਬੇ ਨਾਨਕੀ ਆਖਿਆ ਭਾਈ ਜੀ, ਮੇਰੇ ਮਨ ਤੇ ਇਹ ਗੱਲ ਹੈ ਜੋ ਤੇਰੀ ਔਲਾਦ ਦੇਖਾਂ, ਅਤੇ ਅਪਣੇ ਕੁਛੜ ਖਿਡਾਵਾਂ। ਤਾਂ ਗੁਰੂ ਨਾਨਕ ਜੀ ਆਖਿਆ, ਭਲਾ ਬੇਬੇ ਜੀ ਜੋ ਕੁਛ ਤੂੰ ਮੰਗਦੀ ਹੈਂ, ਸੋ ਭੀ ਹੋਸੀ। ਤਾਂ ਆਖਕੇ ਚੱਲਦਾ ਰਹਿਆ, ਅਖਿਆ ਮੰਨਿਉਸ। ਲੱਗੇ ਘਰ ਵਾਸ ਕਰਨ ॥ ੬ ॥

॥ ੭ ॥ ਸਾਖੀ ਸਾਮੇ ਪੰਡਿਤ ਨਾਲ ॥

ਸਾਮੇ ਪੰਡਿਤ ਕਹਿਆ ਚੱਲ ਦੇਖਾਂ ਮੂਲਾ ਨਾਨਕ ਕਿੱਥੇ ਹੈ ? ਮੂਲੇ ਕਹਿਆ ਜੀ ਉਹ ਗੋਰਾਂ ਵਿੱਚ ਬਹੁਤ ਬੈਠਦਾ ਹੈ। ਮੂਲਾ ਅਤੇ ਸਾਮਾ ਦੋਵੇਂ ਨਾਨਕ ਜੀ ਪਾਸ ਆਏ। ਨਾਨਕਜੀ ਗੋਰਾਂ ਯਾ ਜੰਗਲਾਂ ਵਿੱਚ ਬੈਠਾ ਆਹਾ। ਸਾਮੇ ਪੰਡਿਤ ਕਹਿਆ ਨਾਨਕਜੀ ਇਹ ਕਿਆ ਰੰਗ ਬਣਾਇਆ ਹਈ? ਕਿਆ ਕੱਚੀਆਂ ਗੱਲਾਂ ਕਰਦਾ ਹੈਂ, ਚੱਲਕੇ ਕੁਛ ਕਿਰਤ ਕਾਰ ਕਰ। ਤਦੋਂ ਰੁੱਤ ਬਸੰਤ ਦੀ ਆਹੀ। ਗੁਰੂ ਨਾਨਕ ਨੂੰ ਰਾਗ ਬਸੰਤ ਵਿੱਚ ਸ਼ਬਦ ਪਰਾਪਤ ਹੋਇਆ। ਰਾਜਾ ਬਾਲਕ ਨਗਰੀ ਕਾਚੀ ਦੁਸ਼ਟਾਂ ਨਾਲ ਪਿਆਰੋ। ਦੁਇ ਮਾਈ ਦੁਇ ਬਾਪਾ ਪੜ੍ਹੀਅਹਿ ਪੰਡਿਤ ਕਰੋ ਬਿਚਾਰੋ। ਸੁਆਮੀ ਪੰਡਿਤਾ ਤੁਮ ਦੇਹੁ ਮਤੀ। ਕਿਸ ਬਿਧ ਪਾਵੋ ਪ੍ਰਾਣਪਤੀ ॥ ਅਰਥ ॥ ਕਾਇਆਂ ਕਾਚੀ ਨਗਰੀ ਹੈ, ਮਨ ਬਾਲਕ ਰਾਜਾ ਹੈ। ਕਾਮ ਕਰੋਧ ਲੋਭ ਮੋਹ ਹੰਕਾਰ ਪੰਜੇ ਦੁਸ਼ਟ ਹਨ। ਦੁਇ ਮਾਈ ਅੱਖਿਆਂ ਹਨ, ਦੁਇ ਬਾਪ ਕੰਨ ਹਨ, ਦੇਖ ਕਰ ਅਤੇ ਸੁਣ ਕਰ ਭਟਕਦੇ ਹਨ। ਤਾਂ ਫੇਰ ਮੂਲਾ ਸਹੁਰਾ ਬੋਲਿਆ ਜੋ ਇਹ ਅੱਗ ਲੱਗੀ ਆਹੀ, ਤਾਂ ਟੱਬਰ ਵਧਾਇਕੇ ਅਬੇਜਾਰ ਹੋਇ ਨੱਠੋਂ। ਤਾਂ ਗੁਰੂ ਨਾਨਕ ਜੀ ਦੂਜੀ ਪਉੜੀ ਆਖੀ। ਭੀਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗਨ ਬਨਾਸਪਤ ਮਉਲੀ ਸਾਗਰ ਪਿੰਡੇ ਪਾਇਆ। ਚੰਦ ਸੂਰਜ ਦੁਇ ਘਟ ਹੀ ਭੀਤਰ ਐਸਾ ਗਿਆਨ ਨ ਪਾਇਆ॥ ਤਿਸ ਦਾ ਅਰਥ ॥ ਅੰਤਰ ਅਗਨ ਜੋ ਹੈ ਸੋ ਤ੍ਰਿਸ਼ਨਾਹੈ, ਬਨਾਸਪਤਿ ਜੋ ਹੈ, ਸੋਪੁਤ, ਧੀਆ, ਜੋਰੂ, ਧਨ, ਰੁਜਗਾਰ, ਹੈ। ਕੁੜਮ, ਜਵਾਈ, ਗੁਰੂ, ਸੁਆਮੀ ਸੋ ਪੰਡਿਤ ਜੀ ਤੁਸੀਂ ਹੋ। ਚੰਦ ਦਾ ਚਾਨ-ਣਾ ਨਾਭ ਕਮਲ ਵਿਚ ਹੈ। ਉਹ ਚਾਂਦਨਾ ਤਾਂ ਜਾਗੇ, ਜਾਂ ਗੁਰੂ ਪੂਰਾ ਮਿਲੇ। ਸਾਂਮਾ ਪੰਡਿਤ ਬੋਲਿਆ, ਹੇ ਨਾਨਕ ਜੀ ਘਰ ਹੀ ਵਿੱਚ ਰਾਮ ਸਿਮਰ ਅਤੇ ਕਿ-ਰਤ ਕਰ। ਰਾਮ ਸਭਨਾਂ ਦੀ ਸਾਰ ਲੈਂਦਾ ਹੈ। ਤਾਂ ਨਾਨਕ ਜੀ ਤੀਜੀ ਪਉੜੀ ਆਖੀ। ਰਾਮ ਰਵੰਤਾ ਜਾਣੀਐ ਇਕ ਮਾਈ ਭੋਗ ਕਰੇਇ। ਤਾਂਕੇ ਲੱਖਣ ਜਾ-ਣੀਐ ਖਿਮਾ ਧਨ ਸੰਗ ਰਹੇਇ॥ ਤਿਸ ਦਾ ਅਰਥ॥ ਰਾਮ ਸਭਨਾਂ ਦੀ ਸਾਰ ਵਿੱਚ ਹੈ, ਪਰ ਕਿਰਪਾ ਤਿਸੇ ਉੱਪਰ ਹੈ, ਜਿਸ ਨੂੰ ਪ੍ਰੇਮ ਅਤੇ ਧੀਰਜ ਹੈ। ਜਿਸ ਨੂੰ ਇਹ ਬਖਸ਼ਿਆ ਹੈ, ਸੁ ਤਿਸੇ ਪੁਰ ਕਿਰਪਾ ਹੈ। ਮੂਲਾ ਬੋਲਿਆ, ਅਜੀ ਇਹ ਤਾਂ ਸਿਰੜੀ ਹੋਇਆ ਹੈ। ਕਿਸੇ ਦਾ ਆਖਿਆ ਨਹੀਂ ਮੰਨਦਾ। ਫੇਰ ਸਾਂਮਾ ਪੰਡਿਤ ਬੋਲਿਆ, ਨਾਨਕ ਜੀ, ਕਿਸੇ ਦਾ ਆਖਿਆ ਮੰਨੀਦਾ ਹੁੰਦਾ ਹੈ। ਤਾਂ ਗੁਰੂ ਨਾਨਕ ਜੀ, ਭੋਗ ਦੀ ਪਉੜੀ ਆਖੀ॥ ਕਹਿਆ ਸੁਣੇ ਨਾ ਆਖਿਆ ਮਾਨੈ ਤਿਨ ਹੀਂ ਸੇਤੀ ਵਾਸਾ। ਪ੍ਰਣਵਤ ਨਾਨਕ ਦਾਸਨ ਦਾਸਾ, ਖਿਨ ਤੋਲਾ ਖਿਨ ਮਾਸਾ॥ ੪॥ ਤਿਸ ਦਾ ਅਰਥ॥ ਇਹ ਜੋ ਰਸਨਾ ਹੈ, ਸੋ ਕਿਸੇ ਦੇ ਕਹੇ ਵਿੱਚ ਨਾਹੀਂ, ਉਸਤਤ ਨਿੰਦਿਆ ਕਰਦੀ ਹੈ। ਖਾਜ, ਅਖਾਜ, ਜਾਣਦੀ ਨਹੀਂ। ਫਿੱਕਾ, ਮਿੱਠਾ, ਬੋਲਦੀ ਹੈ, ਅਤੇ ਅੱਠੇ ਪਹਿਰ ਇਸ ਨਾਲ ਵਾਸਾ ਹੈ। ਸੁਣ ਸਾਮਾ ਪੰਡਿਤ, ਜੇ ਕਰਤਾਰ ਮੇਹਰਵਾਨ ਹੋਵੇ, ਤਾਂ ਇਹ ਰਸਨਾ ਬਿਖਿਆਂ ਅਤੇ ਰਸਾਂ ਤੇ ਹਟੇ। ਇਹ ਸੁਣ ਕਰ, ਸਾਂਮੇ ਪਡਿਤ ਦੀ ਨਿਸ਼ਾ ਹੋ ਗਈ॥ ੭॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

॥ ੯ ॥ ਸਾਖੀ ਨਬਾਬ ਦੌਲਤ ਖਾਂ ਨਾਲ ॥

ਤਾਂ ਮੂਲਾ ਚੋਣਾ ਗੁਰੂ ਨਾਨਕ ਦਾ ਸਹੁਰਾ, ਨਬਾਬ ਸਾਹਿਬ ਪਾਸ ਫਰਿਆਦੀ ਹੋਇਆ। ਨਬਾਬ ਦੌਲਤ ਖਾਂ ਲੋਦੀ ਕਹਿਆ, ਅਰੇ ਯਾਰ ਖਾਂ, ਇਹ ਕੌਣ ਹੈ ? ਕਿਸ ਪਰ ਫਰਿਆਦੀ ਹੈ ? ਯਾਰ ਖਾਂ, ਮੂਲੇ ਨੂੰ ਪੁੱਛਿਆ, ਤੂੰ ਕੌਣ ਹੁੰਦਾ ਹੈਂ ? ਕਿਸ ਪਰ ਫਰਿਆਦੀ ਹੈਂ ? ਮੂਲੇ ਕਹਿਆ ਜੀ, ਮੈਂ ਨਾਨਕ ਮੋਦੀ ਦਾ ਸਹੁਰਾ ਹਾਂ, ਅਤੇ ਨਾਨਕ ਉੱਤੇ ਫਰਿਆਦੀ ਹਾਂ। ਯਾਰ ਖਾਂ ਨਬਾਬ ਪਾਸ ਕਹਿਆ, ਨਬਾਬ ਸਲਾਮਤ, ਇਹ ਨਾਨਕ ਦਾ ਸਹੁਰਾ ਹੈ, ਅਰ ਨਾਨਕ ਪਰ ਫਰਿਆਦੀ ਹੈ। ਨਬਾਬ ਕਹਿਆ, ਯਾਰ ਖਾਂ, ਇਸ ਨੂੰ ਅੱਗੇ ਲਿਆਉ। ਯਾਰ ਖਾਂ ਮੂਲੇ ਨੂੰ ਨਜੀਕ ਲੇ ਗਿਆ। ਨਬਾਬ ਮੂਲੇ ਨੂੰ ਪੁੱਛਿਆ, ਕਿਉਂ ਰੇ ਨਾਨਕ ਪੁਰ ਫਰਿਆਦੀ ਹੈਂ ? ਮੂਲੇ ਅਰਜ ਕੀਤੀ। ਨਬਾਬ ਸਲਾਮਤ, ੭੬੦) ਸੱਤ ਸੈ ਸੱਠ ਰੁਪਈਏ ਜੋ ਨਾਨਕ ਦੇ ਬਾਕੀ ਨਿਕਲੇ ਹਨ, ਸੋ ਨਾਨਕ ਦੇ ਕਬੀਲੇ ਨੂੰ ਮਿਲਣ। ਨਬਾਬ ਕਹਿਆ, ਅਰੇ ਮੂਲਾ, ਨਾਨਕ ਤਾਂ ਕਹਿੰਦਾ ਹੈ, ਫਕੀਰਾਂ ਨੂੰ ਦੇਓ। ਫੇਰ ਮੂਲੇ ਕਹਿਆ, ਨਬਾਬ ਸਲਾਮਤ, ਨਾਨਕ ਤਾਂ ਸਿਰੜੀ ਹੋਇਆ ਹੈ! ਤਾਂ ਨਬਾਬ ਕਹਿਆ, ਹੱਕ ਤਾਂ ਇਨ੍ਹਾਂ ਦਾ ਭੀ ਹੈ, ਪਰ ਨਾਨਕ ਨੂੰ ਮੁੱਲਾਂ ਲਗਾਵੇ। ਤਾਂ ਗੁਰੂ ਨਾਨਕ ਜੀ ਨੂੰ ਮੁੱਲਾਂ ਜਾਇਕੇ ਲੱਗੇ ਝਾੜਾਂ ਪਾਉਣ। ਤਾਂ ਗੁਰੂ ਨਾਨਕ ਜੀ ਮਗਨ ਹੋਇ ਬੈਠੇ। ਜਾਂ ਨਾਨਕ ਜੀ ਦੇ ਨੱਕ ਵਿੱਚ ਪਲੀਤੇ ਸਾੜਕੇ ਦੇਣ ਲੱਗੇ, ਤਾਂ ਗੁਰੂ ਜੀ ਬੋਲੇ॥ ਸਲੋਕ ॥ ਖੇਤੀ ਜਿਨਕੀ ਉਜੜੀ ਖਲਵਾੜੇ ਨਾਹੀਂ ਥਾਉਂ। ਧ੍ਰਿਗ ਤਿਨ੍ਹਾਂ ਦਾ ਜੀਵਿਆ ਜੋ ਲਿਖ ਲਿਖ ਬੇਚਣ ਨਾਉਂ॥ ੧ ॥ ਫਿਰਮੁੱਲਾਂ ਕਹਿਨ ਲੱਗੇ, ਤੂੰ ਕੌਣ ਹੈਂ ? ਤੂੰ ਅਸਾਂ ਨੂੰ ਆਪਨਾ ਨਾਉਂ ਦੱਸ। ਤਾਂ ਗੁਰੂ ਨਾਨਕਜੀ ਰਾਗ ਮਾਰੂ ਵਿੱਚ ਸ਼ਬਦ ਕਹਿਆ। ਕੋਈ ਆਖੇ ਭੂਤਨਾ, ਕੋਈ ਕਹੇ ਬੇਤਾਲਾ। ਕੋਈ ਆਖੇ ਆਦਮੀ ਨਾਨਕ ਬੇਚਾਰਾ ॥ ੧ ॥ ਭਇਆ ਦਿਵਾਨਾ ਸਾਹੁਕਾ ਨਾਨਕ ਬੌਰਾਨਾ। ਹਉ ਹਰਿ ਬਿਨ ਅਵਰ ਨਾ ਜਾਨਾ ॥ ੧ ॥ ਰਹਾਉ ॥ ਤਉ ਦਿਵਾਨਾ ਜਾਣੀਐ ਜਾਂ ਭੈਇ ਦਿਵਾਨਾ ਹੋਇ। ਏਕੀ ਸਾਹਿਬ ਬਾਹਿਰਾ ਦੂਜਾ ਅਵਰ ਨ ਜਾਣੈ ਕੋਇ ॥ ੨ ॥ ਤਉ ਦਿਵਾਨਾ ਜਾਣੀਐ ਜਾਂ ਏਕਾ ਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਮਾਇ। ਹੁਕਮ ਪਛਾਣੇ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥ ਤਉ ਦਿਵਾਨਾ ਜਾਣੀਐ ਜਾਂ ਸਾਹਿਬ ਧਰੇ ਪਿਆਰ। ਮੰਦਾ ਜਾਣੇ ਆਪ ਕਉ ਅਵਰ ਭਲਾ ਸੰਸਾਰ ॥ ੪ ॥ ਮੁੱਲਾਂ ਦੀ ਨਿਸ਼ਾ ਹੋ ਗਈ। ਲੱਗੇ ਸਿਫਤ ਕਰਨ। ਨਬਾਬ ਸਲਾਮਤ, ਨਾਨਕ ਖਪਤੀ ਤਾਂ ਨਹੀਂ ਹੋਇਆ, ਉਸ ਨੂੰ ਕੋਈ ਔਲੀਆ ਮਿਲਿਆ ਹੈ, ਉਹ ਖਬਰਦਾਰ ਹੈ। ਨਬਾਬ ਕਹਿਆ, ਜੈਰਾਮ ਨੂੰ ਬੁਲਾਵੋ। ਜੈਰਾਮ ਆਇ ਸਲਾਮ ਕੀਤੀ। ਅਰੇ ਜੈਰਾਮ ਕੀ ਕਰੀਏ, ਅਸਾਂ ਤਾਂ ਨਾਨਕ ਦੇ ਪੈਸੇ ਰੱਖਣੇ ਨਾਹੀਂ, ਨਾਨਕ ਕਹਿਆ ਹੈ, ਫਕੀਰਾਂ ਨੂੰ ਦੇਵੋ। ਅਰ ਉਸਦਾ ਸਹੁਰਾ ਉਸ ਪਰ ਫਰਿਆਦੀ ਹੈ। ਮੁੱਲਾਂ ਨੇ ਕਹਿਆ ਹੈ, ਜੋ ਨਾਨਕ ਖਬਰਦਾਰ ਹੈ, ਜੋ ਤੂੰ ਕਹੇਂ, ਸੋ ਕਰੀਏ। ਜੈਰਾਮ ਨਾਨਕ ਪਾਸੋਂ ਬਹੁਤ ਡਰਦਾ ਆਹਾ, ਚੁੱਪ ਕਰ ਰਹਿਆ। ਨਬਾਬ ਪੁੱਛਿਆ, ਜੈਰਾਮ ਤੂੰ ਜਬਾਬ ਕਿਉਂ ਨਾਹੀਂ ਦਿੰਦਾ? ਉੱਤਰ ਦਿੱਤੋਸੁ, ਨਬਾਬ ਸਲਾਮਤ, ਆਪ ਸਭ ਕੁਛ ਜਾਣਦੇ ਹੋ, ਮੈਂ ਕੀ ਜਬਾਬ ਦੇਵਾਂ? ਨਬਾਬ ਕਹਿਆ, ਜੈਰਾਮ ਹੱਕ ਕਬੀਲੇ ਦਾ ਭੀ ਹੈ। ਜੈਰਾਮ ਕਹਿਆ ਨਬਾਬ ਸਲਾਮਤ, ਨਾਨਕ ਭੀ ਹਾਜਰ ਹੈ, ਕਿਤੇ ਜੀ ਦੂਰ ਨਹੀਂ ਗਇਆ। ਨਬਾਬ ਕਹਿਆ, ਨਾਨਕ ਜੀ ਨੂੰ ਬੁਲਾਵੋ। ਨਾਨਕ ਜੀ ਨੂੰ ਆਦਮ। ਬੁਲਾਵਣ ਗਇਆਂ, ਨਾਨਕ ਜੀ ਆਵੇ ਨਹੀਂ, ਆਦਮੀ ਫਿਰ ਆਇਆ ਆਇ ਕਹਿਓਸ, ਉਹ ਨਹੀਂ ਆਂਵਦਾ। ਨਬਾਬ ਦੌਲਤ ਖਾਂ ਗੁੱਸਾ ਖੱਧਾ, ਕਹਿਆ ਜਾਕੇ ਪਕੜ ਲਿਆਵੋ। ਆਦਮੀਆਂ ਜਾਇ ਕਹਿਆ, ਹੇ ਨਾਨਕ ਜੀ ਨਬਾਬ ਬਹੁਤ ਗਿਲਾਵੰਦ ਹੋਇਆ ਹੈ। ਨਾਨਕ ਜੀ ਉੱਠ ਖੜਾ ਹੋਇਆ, ਆਇ ਨਬਾਬ ਨੂੰ ਸਲਾਮ ਕੀਤੋਸ। ਨਬਾਬ ਗੁਸਾ ਖਾਇਕੇ ਕਹਿਆ, ਅਰੇ ਨਾਨਕ ਆਂਵਦਾ ਕਿਉਂ ਨਾ ਸਾ? ਨਾਨਕ ਜੀ ਕਹਿਆ, ਸੁਣ ਨਬਾਬ! ਜਦ ਤੇਰੇ ਚਾਕਰ ਸੇ, ਤਦ ਤੇਰੇ ਪਾਸ ਆਂਵਦੇ ਸੇ। ਹੁਣ ਤੇਰੇ ਚਾਕਰ ਨਹੀਂ, ਹੁਣ ਖੁਦਾਇਦੇ ਚਾਕਰ ਹਾਂ। ਤਾਂ ਨਬਾਬ ਕਹਿਆ "ਜੀ ਤੁਮ ਐਸੇ ਹੂਏ ਹੋ, ਤੋ ਹਮਾਰ ਸਾਥ ਚੱਲਕਰ ਨਿਮਾਜ ਪੜ੍ਹੋ, ਜੁਮੇ ਕਾ ਰੋਜ ਹੈ?" ਤਾਂ ਨਾਨਕ ਕਹਿਆ, ਚੱਲੋ ਜੀ ਭਲੀ ਬਾਤ ਹੈ। ਤਾਂ ਨਬਾਬ, ਨਾਲੇ ਕਾਜੀ, ਨਾਲੇ ਨਾਨਕ ਜੀ, ਤੇ ਹੋਰ ਬਾਹਲੇ ਲੋਕ, ਕਿੱਥੇ ਤੱਕ ਗਿਣੀਏ ਜਾਇ ਜੁਮਾ ਮਸੀਤ ਵਿੱਚ ਖੜੇ ਹੋਏ। ਜਿਤਨੇ ਲੋਕ ਮਸੀਤ ਵਿੱਚ ਆਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਤਨੇ ਸਭ ਆੱਖਣ ਲੱਗੇ, ਜੋ ਅੱਜ ਨਾਨਕ ਇਸ ਫਿਰਕੇ ਵਿੱਚ ਆ ਜਾਏ-ਗਾ। ਸਭਨਾਂ ਹਿੰਦੂਆਂ ਵਿੱਚ ਡੰਡ ਪੈ ਗਈ, ਜੈਰਾਮ ਖਰਾ ਦਿਲਗੀਰ ਹੋ ਕਰ, ਘਰ ਆਇ ਵੜਿਆ। ਜਾਂ ਨਾਨਕੀ ਦੇਖੇ, ਜੋ ਮੇਰਾ ਖਾਵਿੰਦ ਅੱਜ ਬਹੁਤ ਦਿਲਗੀਰ ਹੈ, ਉੱਠ ਖੜੀ ਹੋਈ, ਆਖਿਓਸ ਜੀ, ਅੱਜ ਕਿਆ ਵਾਸਤਾ ਹੈ, ਜੋ ਤੁਸੀਂ ਐਸੇ ਦਿਲਗੀਰ ਹੋਏ ਹੋ ? ਜੈਰਾਮ ਕਹਿਆ, ਸੁਣ ਪਰਮੇਸੁਰ ਦੀ ਲੋਕਣੀ, ਤੇਰੇ ਭਿਰਾਉ ਨਾਨਕ ਅੱਜ ਕੀ ਕੀੱਤਾ ਹੈ! ਨਬਾਬ ਨਾਲ ਜੁਮੇ ਮਸੀਤ ਵਿੱਚ ਨਮਾਜ ਪੜ੍ਹਨ ਗਇਆ ਹੈ। ਅਤੇ ਸਾਰੇ ਸ਼ਹਿਰ ਹਿੰਦੂਆਂ ਮੁਸਲਮਾਨਾਂ ਵਿੱਚ ਡੰਡ ਪੈ ਗਈ ਹੈ, ਜੋ ਨਾਨਕ ਅੱਜ ਮੁਸਲਮਾਨ ਹੋਵੇਗਾ, ਮੈਂ ਕਿਉਂ ਨਾ ਦਿਲਗੀਰ ਹੋਵਾਂ ? ਅੱਗੋਂ ਨਾਨਕੀ ਕਹਿਆ, ਤੁਸੀਂ ਉੱਠ ਕਰ ਰਸੋਈ ਜੇਂਵੋਂ। ਤੁਸੀਂ ਨਾਨਕ ਜੀ ਵੱਲੋਂ ਕੋਈ ਧੋਖਾ ਨਾ ਕਰੋ, ਅਚਿੰਤ ਰਹੋ। ਨਾਨਕ ਜੋ ਮੇਰਾ ਭਿਰਾਉ ਹੈ, ਡਾਢਾ ਉਸ ਦਾ ਹਿਮਾਇਤੀ ਹੈ, ਨਾਨਕ ਜੀ ਵੱਲ ਕੋਈ ਬੁਰੀ ਨਜਰ ਨਾਹੀਂ ਦੇਖ ਸੱਕਦਾ। ਤੁਸੀਂ ਉੱਠਕੇ ਅਨੰਦ ਨਾਲ ਰਸੋਈ ਜੇਂਵੋਂ। ਇਤਨੀ ਗੱਲ ਕਰਦੇ ਆਹੇ, ਜੋ ਸ਼ੋਰ ਪਇਆ, ਅਤੇ ਨਿੱਧੇ ਬਾਹਮਣ ਨੂੰ ਜੈਰਾਮ, ਜਿਸੂਸ ਛਡਿਆ ਸਾ। ਓਵੇਂ ਨਿੱਧਾ ਬਾਹਮਣ ਭੀ ਆਇ ਪਹੁੰਚਿਆ, ਤੇ ਜੈਰਾਮ ਨੂੰ ਵਧਾਈ ਦਿੱਤੀ, ਜਿਜਮਾਨ ਸੁਖ ਅਨੰਦ ਹੋਇਆ ਹੈ, ਵਿਸਵਾਸ ਨਹੀਂ ਕਰਨਾ। ਜੈਰਾਮ ਅਤੇ ਨਾਨਕੀ ਪੁੱਛਣ ਲੱਗੇ, ਆਖ ਨਿੱਧਾ ਮਿੱਸਰ ਕਿੱਕੁਰ ਨਿੱਬੜੀ ? ਨਿੱਧੇ ਆਖਿਆ, ਜੀ, ਮੈਂ ਤਾਂ ਅੰਦਰ ਨਹੀਂ ਸਾ, ਪਰ ਤੁਰਕਾਂ ਦੇ ਮੂੰਹੋਂ ਸੁਣਿਆ ਹੈ, ਜੋ ਜਾਂ ਨਬਾਬ ਨਿਮਾਜ ਕੀੱਤੀ ਅਤੇ ਨਾਨਕ ਖੜਾ ਹੋਇਆ, ਤਾਂ ਨਬਾਬ ਨੇ ਨਾਨਕ ਨੂੰ ਕਹਿਆ, ਰੇ ਨਾਨਕ ਤੂੰ ਤਾਂ ਨਿਮਾਜ ਕਰਨ ਆਇਆ ਸਾ ? ਤੈਂ ਨਿਮਾਜ ਕਿਉਂ ਨਾ ਕੀੱਤੀ ? ਤਾਂ ਨਾਨਕ ਕਹਿਆ, ਮੈਂ ਕਿਸ ਨਾਲ ਨਿਮਾਜ ਕਰਦਾ ? ਤਾਂ ਨਬਾਬ ਕਹਿਆ, ਤੂੰ ਸਾਡੇ ਨਾਲ ਨਿਮਾਜ ਕਰਦਾ। ਗੁਰੂ ਨਾਨਕ ਕਹਿਆ, ਤੂੰ ਤਾਂ ਕੰਧਾਰ ਘੋੜੇ ਖਰੀਦਣ ਗਇਆ ਸਾ, ਮੈਂ ਨਿਮਾਜ ਕਿਸ ਨਾਲ ਕਰਦਾ ? ਤਾਂ ਦੌਲਤ ਖਾਂ ਕਹਿਆ ਅਰੇ ਨਾਨਕ ਤੂੰ ਇਤਨਾ ਝੂਠ ਬੋਲਦਾ ਹੈਂ ? ਮੈਂ ਤਾਂ ਇੱਥੇ ਹੀ ਖੜਾ ਹਾਂ! ਨਾਨਕ ਜੀ ਕਹਿਆ, ਸੁਣੋ ਖਾਂ ਜੀ, ਤੇਰੀ ਦੇਹੀ ਇੱਥੇ ਖੜੀ ਸੀ ਅਰ ਨਿਮਾਜ ਕਰਨਵਾਲਾ ਜੋ ਸਾ, ਸੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੋੜੇ ਖਰੀਦਨ ਕੰਧਾਰ ਗਇਆ ਸਾ । ਤਾਂ ਕਾਜੀ ਕਹਿਆ ਵੇਖੋ ਨਬਾਬ ਸਲਾਮਤ, ਹਿੰਦੂ ਕਿਤਨਾ ਝੂਠ ਬੋਲਦਾ ਹੈ । ਨਬਾਬ ਕਹਿਆ ਕਾਜੀ, ਨਾਨਕ ਸੱਚ ਕਹਿੰਦਾ ਹੈ । ਸਿਜਦੇ ਦੇ ਵਖਤ ਮੇਰਾ ਰੂਹ ਕੰਧਾਰ ਘੋੜੇ ਖਰੀਦ ਕਰਨ ਗਇਆ ਸਾ । ਫੇਰ ਕਾਜੀ ਚੁਗਲੀ ਖਾਧੀ, ਸੁਣੋ ਖਾਂ ਜੀ, ਹਮ ਤੋ ਕਹੀਂ ਨਾ ਗਏ ਸੇ ? ਹਮ ਸੇਤੀ ਨਿਮਾਜ ਕਰਦਾ ? ਨਬਾਬ ਕਹਿਆ, ਨਾਨਕ, ਤੂੰ ਕਾਜੀ ਸਾਥ ਨਿਮਾਜ ਕਰਦਾ ? ਨਾਨਕ ਕਹਿਆ ਨਬਾਬ ਸਾਹਿਬ, ਕਾਜੀ ਤਾਂ ਵਛੇਰੇ ਨੂੰ ਸਾਂਭਣ ਘਰ ਗਇਆ ਸਾ, ਮਤ ਵਛੇਰਾ ਖਾਤੇ ਵਿੱਚ ਪੌਂਦਾ ਹੋਵੇ। ਤਾਂ ਦੋਹਾਂ ਨੂੰ ਪਰਤੀਤ ਆਈ । ਭਈਆ ਜੀ, ਮੈਂ ਇੰਉਂ ਸੁਣ ਕਰ ਆਇਆ ਹਾਂ । ਫਿਰ ਬੇਬੇ ਨਾਨਕੀ ਬੋਲੀ, ਮਿੱਸਰ, ਭਾਈ ਨਾਨਕ ਕਿੱਥੇ ਛੱਡਿਓ । ਨਿੱਧੇ ਕਹਿਆ ਜਜਮਾਨਣੀ ਮੈਂ ਉੱਥੇ ਹੀ ਛੱਡ ਆਇਆ ਹਾਂ, ਜੈਰਾਮ ਨਿੱਧੇ ਨੂੰ ਲੜਨ ਲੱਗਾ, ਅਵੇ ਤੂੰ ਉੱਥੇ ਹੀ ਖੜਾ ਹੋਵੇਂ ਹਾਂ, ਨਾਨਕ ਨਿੱਕਲੇ ਹਾਂ, ਤਾਂ ਤੂੰ ਮਿਲਕੇ ਆਂਵੇਂ ਹਾਂ । ਤਾਂ ਨਿੱਧੇ ਕਹਿਆ ਜੀ, ਉਹ ਤਾਂ ਮਸੀਤ ਵਿੱਚ ਆਹਾ । ਅਤੇ ਜਿਤਨੇ ਲੋਕ ਆਹੇ ਤਿਤਨੇ ਘਰਾਂ ਨੂੰ ਫਿਰ ਗਏ । ਉਹ ਤਾਂ ਮੈਨੂੰ ਨਜਰ ਨਾ ਆਇਆ, ਕਿਆ ਜਾਪੇ ਕਿਧਰ ਗਇਆ । ਤਾਂ ਨਾਨਕੀ, ਜੈਰਾਮ ਦੀ ਨਿਸ਼ਾ ਕੀੱਤੀ । ਆਖਣ ਲੱਗੀ ਜੀ ਤੁਸੀਂ ਗਿਣਤੀ ਕਾਈ ਨਾ ਕਰੋ । ਨਾਨਕ ਜੀ ਹੁਣੇ ਆਂਵਦਾ ਹੈ । ਤਿੱਚਰ ਨੂੰ ਨਾਨਕ ਜੈਰਾਮ ਦੇ ਘਰ ਆਇ ਵੜਿਆ । ਤੁਲਸਾਂ ਲੌਂਡੀ ਹੇਠੋਂ ਕੂਕੀ, "ਭਾਈ ਜੀ ਆਇਆ ਹੈ" ਬਹੂ ਜੀ। ਤਾਂ ਬੇਬੇ ਨਾਨਕੀ ਇੱਕ ਥੀਂ ਚਾਰ ਹੋਇ ਬੈਠੀ । ਕਿੰਉਂ ਜੀ ਮੈਂ ਤਾਂ ਆਖਿਆ ਸੀ, ਜੋ ਭਾਈ ਨਾਨਕ ਦਾ ਡਾਢਾ ਹਿਮਾਇਤੀ ਹੈ । ਨਾਨਕ ਜੀ ਵੱਲ ਕੋਈ ਨਹੀਂ ਦੇਖ ਸੱਕਦਾ । ਜੈਰਾਮ ਬਹੁਤ ਖੁਸ਼ੀ ਹੋਇਆ । ਲੱਗਾ ਆਖਣ, ਬਹੂ ਜੀ, ਤੁਸਾਂ ਨੂੰ ਏਹੋ ਜੇਹੀ ਪਰਤੀਤ ਹੈ, ਅਤੇ ਨਾਨਕ ਜੀ ਨੂੰ ਲੱਗਾ ਪੁੱਛਣ, ਭਾਈ ਨਾਨਕ ਜੀ ਆਖੋ, ਕਿੰਉਂਕਰ ਮਜਕੂਰ ਹੋਇਆ, ਅਸਾਂ ਤਾਂ ਬਹੁਤ ਤੌਖਲਾ ਕੀੱਤਾ, ਤੁਸੀਂ ਆਪਣੀ ਕਹੋ । ਤਾਂ ਨਾਨਕ ਜੀ ਕਹਿਆ, ਜੀਜਾ ਜੀ, ਜੋ ਕੁਛ ਹੋਈ ਸੋ ਹੋਇ ਵਰਤੀ । ਤਾਂ ਫੇਰ ਜੈਰਾਮ ਕਹਿਆ, ਭਾਈ ਨਾਨਕ ਜੀ, ਜੇ ਕੋਈ ਅਸਾਨੂੰ ਪੁੱਛੇ, ਤਾਂ ਅਸੀਂ ਕਿਆ ਕਹੀਏ ? ਲੋਕਾਂ ਦੀ ਅਵਾਈ ਕੁਝ ਨਾਹੀਂ, ਤੁਸਾਡੇ ਮੂੰਹੋਂ ਸੁਣੀਏ, ਸੋ ਖਰੀ ਖਬਰ ਹੈ । ਤਾਂ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਜੀ ਕਹਿਆ, ਜੀਜਾ ਜੀ, ਦੌਲਤ ਖਾਂ ਨਿਮਾਜ ਕਰਨ ਲੱਗਾ, ਅਤੇ ਕਾਜ਼ੀ ਭੀ ਕਰਨ ਲੱਗਾ, ਅਸੀਂ ਪਾਸ ਖੜੇ ਹੋਇ ਰਹੇ । ਜਾਂ ਨਬਾਬ ਨਿਮਾਜ ਕਰ ਮੁੱਕਾ ਤਾਂ ਅਸਾਨੂੰ ਆਖਣ ਲੱਗਾ, ਅਰੇ ਨਾਨਕ ਤੂੰ ਤਾਂ ਨਿਮਾਜ ਕਰਨੇ ਆਇਆ ਸਾ ? ਤੈਂ ਨਿਮਾਜ ਕੀਤੀਓ ਨਹੀਂ ? ਅਸਾਂ ਕਹਿਆ । ਮੱਥਾ ਠੋਕੇ ਜ਼ਿਮੀਂ ਪੁਰ, ਦਿਲ ਉੱਡੇ ਅਸਮਾਨ । ਘੋੜੇ ਖਰੀਦ ਕੰਧਾਰ ਕਰਿ, ਦਊਲਤ ਖਾਂ ਪਠਾਣ । ਨਬਾਬ ਕਹਿਆ ਮੈਂ ਤਾਂ ਸਮਝਿਆ ਕੁਝ ਨਾਹੀਂ, ਤੈਂ ਕਿਆ ਕਹਿਆ ਹੈ, ਤਾਂ ਤੂੰ ਘੋੜੇ ਖਰੀਦਣ ਕੰਧਾਰ ਨੂੰ ਗਿਆ ਸੈਂ, ਅਸਾਂ ਨਿਮਾਜ ਕਿਸ ਨਾਲ ਕਰਨੀ ਆਹੀ ? ਤਾਂ ਕਾਜ਼ੀ ਕਹਿਆ, ਵੇਖੋ ਖਾਂ ਜੀ, ਹਿੰਦੂ ਕਿਤਨਾ ਝੂਠ ਬੋਲਦਾ ਹੈ । ਤਾਂ ਖਾਂ ਕਹਿਆ, ਕਾਜ਼ੀ, ਹਿੰਦੂ ਸੱਚਾ ਹੈ । ਜਿਸ ਵਕਤ ਅਸੀਂ ਸਿਜਦੇ ਨੂੰ ਗਏ ਸੇ, ਉਸ ਵਕਤ ਸਾਡਾ ਦਿਲ ਘੋੜਿਆਂ ਨੂੰ ਗਇਆ ਸਾ । ਤਾਂ ਫਿਰ ਕਾਜ਼ੀ ਕਹਿਆ ਜੀ ਤੁਸੀਤਾਂ ਘੋੜਿਆਂ ਨੂੰ ਗਏ ਸੇ, ਮੈਂ ਤਾਂ ਕਿਤੇ ਨਾ ਸਾ ਗਿਆ ? ਸਾਡੇ ਨਾਲ ਕਰਦਾ ? ਤਾਂ ਅਸਾਂ ਕਾਜ਼ੀ ਨੂੰ ਕਹਿਆ । ਕਾਜ਼ੀ ਜੁਮੇ ਮਸੀਤ ਵਿੱਚ ਅਕਣ ਖੱਟਿਆ ਖਾਤ । ਸਿਜਦਾ ਕੀਤਾ ਜਿਮੀ ਤੇ, ਰੂਹ ਵਛੇਰੇ ਪਾਸ । ਫੇਰ ਨਬਾਬ ਕਹਿਆ, ਨਾਨਕ, ਇਹ ਕਿਆ ਕਹਿਆ ? ਅਸਾਂ ਕਹਿਆ, ਖਾਂ ਜੀ, ਕਾਜ਼ੀ ਦੀ ਘੋੜੀ ਸੂਈ ਹੈ, ਵਛੇਰਾ ਜਣਿਆ ਹੈਸੁ, ਅਤ ਵੇਹੜੇ ਵਿੱਚ ਖਾਤਾ ਹੈ । ਕਾਜ਼ੀ ਸਿਜਦਾ ਕੀਤਾ ਜਿਮੀਂ ਤੇ ਅਤੇ ਰੂਹ ਕਾਜ਼ੀ ਦਾ ਵਛੇਰੇ ਵਿੱਚ ਜਾਇ ਰਹਿਆ ਹੈ, ਮਤ ਟੋਏ ਵਿੱਚ ਵਛੇਰਾ ਪੈ ਮਰਦਾ ਹੋਵੇ । ਮੈਂ ਇਹ ਕਹਿਆ ਹੈ ਖਾਂ ਜੀ । ਤਾਂ ਦੌਲਤ ਖਾਂ ਹੱਸਕੇ ਕਹਿਣ ਲੱਗਾ, ਕਿਉਂ ਕਾਜ਼ੀ, ਨਾਨਕ ਕਿਆ ਕਹਿੰਦਾ ਹੈ ? ਸੱਚ ਕਹੀਓ ? ਕਾਜ਼ੀ ਕਹਿਨ ਲੱਗਾ, ਖਾਂ ਜੀ, ਐਸੀ ਹੀ ਬਾਤ ਹੈ । ਨਬਾਬ ਕਹਿਆ, ਕਾਜ਼ੀ, ਨਾਨਕ ਤਾਂ ਕਾਮਲ ਫਕੀਰ ਹੋਇਆ, ਹੁਣ ਇਸ ਨਾਲ ਹਰਫ ਕੋਈ ਨਾਹੀਂ ਚੱਲਦਾ । ਫੇਰ ਨਬਾਬ ਕਹਿਆ, ਨਾਨਕ ਤੇਰੇ ਪੈਸੇ ਅਸਾਂ ਰੱਖਣੇ ਨਾਹੀਂ । ਅਤੇ ਤੇਰਾ ਸੌਹਰਾ ਫਰਿਆਦੀ ਹੋਇਆ ਹੈ, ਜੋ ਫਕੀਰਾਂ ਨੂੰ ਨਾ ਦੇਵੋ । ਕਹੁ, ਹੁਣ ਪੈਸੇ ਕਿਸ ਨੂੰ ਦੇਵਾਂ ? ਤਾਂ ਅਸਾਂ ਨਬਾਬ ਨੂੰ ਕਹਿਆ, ਮੈਂ ਤਾਂ ਤੁਸਾਂ ਨੂੰ ਕੋਹ ਚੁੱਕਿਆ ਹਾਂ, ਅੱਗੇ ਤੂੰ ਜਾਣ । ਤਾਂ ਨਬਾਬ ਕਹਿਆ, ਸੁਣ ਨਾਨਕ ਅੱਧੇ ਪੈਸੇ ਤੇਰੇ ਕਬੀਲੇ ਨੂੰ ਦਿੰਦੇ ਹਾਂ, ਅਰ ਅੱਧੇ ਆਪਣੀ ਹੱਥੀਂ ਫਕੀਰਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਹੁ। ਤਾਂ ਅਸਾਂ ਕਹਿਆ, ਅਸੀਂ ਕੁਝ ਨਹੀਂ ਜਾਣਦੇ, ਤੂੰ ਜਾਣ । ਇਹ ਗੱਲ ਅਸੀਂ ਕਰ ਆਏ ਹਾਂ। ਜੀਜਾ ਜੀ, ਅੱਗੇ ਤੁਸਾਡੇ ਦਿਲ ਭਾਵੇਂ ਭਲੀ ਲੱਗੇ, ਭਾਵੇਂ ਬੁਰੀ ਲੱਗੇ । ਤਾਂ ਜੈਰਾਮ ਕਹਿਆ, ਭਾਈ ਜੀ ਤੁਸਾਥੋਂ ਹੋਈ ਸੋ ਪੂਰੀ ਹੋਈ। ਤਾਂ ਫੇਰ ਨਾਨਕੀ ਆਖਿਆ, ਜੀ ਅਜੇ ਨਾਹੀਂ ਪਤੀਜਦਾ । ਉੱਠੋ ਰਸੋਈ ਜੇਂਵੋ । ਤਾਂ ਜੈਰਾਮ ਆਖਿਆ, ਬਹੂ ਜੀ, ਤੂੰ ਨਾਨਕ ਜੀ ਦੀ ਭੈਣ ਹੈਂ, ਤੈਨੂੰ ਭੀ ਇਸ ਦਾ ਕੁਝ ਅਸਰ ਹੈ। ਅਤੇ ਅਸੀਂ ਏਂਵੇਂ ਭਰਮ ਵਿੱਚ ਆਹੇ। ਧੰਨ ਪਰਮੇਸੁਰ ਹੈ, ਧੰਨ ਗੁਰੂ ਨਾਨਕ ਜੀ ਹੈ ਅਤੇ ਤੂੰ ਭੀ ਧੰਨ ਹੈਂ, ਜੋ ਇਸ ਦੀ ਭੈਣ ਹੈਂ, ਅਤੇ ਥੋੜੇ ਜਿਹੇ ਅਸੀਂ ਭੀ ਧੰਨ ਹੈਂ, ਜੋ ਤੇਰੇ ਨਾਲ ਅਸਾਡਾ ਸੰਗ ਹੈ। ਫੇਰ ਜੈਰਾਮ, ਨਾਨਕ ਜੀ, ਅਤੇ ਮੈਂ ਭੀ ਰਸੋਈ ਜੇਂਵੀਂ । ਰਸੋਈ ਜੇਂਵਕਰ ਬੈਠੇ ਆਹੇ, ਜੋ ਮੂਲਾ ਆਇਆ, ਅਤੇ ਨਾਲੇ ਚੰਦੋ ਰਾਣੀ ਭੀ ਆਹੀ । ਅੱਗੇ ਮੂਲਾ ਅਤੇ ਸਾਮਾ, ਦੋਵੇਂ ਝਗੜ ਗਏ ਆਹੇ। ਹੁਣ ਚੰਦੋ ਰਾਣੀ ਆਈ, ਨਾਨਕ ਦੀ ਸੱਸ, ਉਸ ਜੋ ਨਾਨਕ ਜੀ ਨੂੰ ਡਿੱਠਾ, ਸੋ ਕੜਕੀ, ਜਿਉਂ ਬਿਜਲੀ ਕੜਕਦੀ ਹੈ । ਆੱਖਣ ਲੱਗੀ, ਸੁਣਤਾਂ ਬੇ ਨਾਨਕ, ਇਸੇ ਗੱਲ ਨੂੰ ਬਿਆਹ ਕਰਦਾ ਆਹੋ ? ਜੋ ਟੱਬਰ ਵਧਾਇਕੇ ਛੱਡ ਨੱਠੋ ? ਨਾਨਕ ਜੀ ਨੂੰ ਸਬਦ ਪਰਾਪਤ ਹੋਇਆ, ਰਾਗਮਾਰੂ ਵਿੱਚ । ਮਿਲ ਮਾਤ ਪਿਤਾ ਪਿੰਡ ਕਮਾਇਆ । ਤਿਨ ਕਰਤੇ ਲੇਖ ਲਿਖਾਇਆ। ਲਿਖ ਦਾਤ ਜੋਤ ਵਡਿਆਈ। ਮਿਲ ਮਾਇਆ ਸੁਰਤ ਗਵਾਈ ॥ ੧ ॥ ਮੂਰਖ ਮਨ ਕਾਹੇ ਕਰ ਸਹਿ ਮਾਣਾ । ਉੱਠ ਚੱਲਣਾ ਖਸਮੇ ਭਾਣਾ ॥ ੧ ॥ ਰਹਾਉ ॥ ਤਜ ਸਾਦ ਸਹਿਜ ਸੁਖ ਹੋਈ । ਘਰ ਛੱਡਣੇ ਰਹੇ ਨ ਕੋਈ। ਕੁਛ ਖਾਈਏ ਕੁਛ ਧਰ ਜਾਈਏ। ਜੇ ਬਹੁੜ ਦੁਨੀਆ ਆਈਐ ॥ ੨ ॥ ਸਜ ਕਾਂਇਆਂ ਪੱਟ ਹੰਡਾਏ। ਫਰਮਾਇਸ ਬਹੁਤ ਚਲਾਏ। ਕਰ ਸੇਜ ਸੁਖਾਲੀ ਸੋਵੇ । ਹੱਥੀਂ ਪਾਉਂਦੀ ਕਹੇ ਰੋਵੇ ॥ ੩ ॥ ਘਰ ਘੁਮਣਵਾਣੀ ਭਾਈ। ਪਾਪ ਪਥਰ ਤਰਨ ਨਾ ਜਾਈ । ਭਾਉ ਬੇੜਾ ਜੀਉ ਚੜ੍ਹਾਊ। ਕਹੁ ਨਾਨਕ ਦੇਵੈ ਕਾਹੂ ॥ ੬ ॥ ਤਾਂ ਚੰਦੋ ਰਾਣੀ ਭੀ ਝੱਖ ਝੱਖ ਰਹੀ। ਫਿਰ ਆਪਣੀ ਧੀ ਨੂੰ, ਮੂਲਾ ਛੱਡੇ ਨਾਹੀਂ । ਲੱਖਮੀਦਾਸ ਕੁੱਛੜ ਆਹਾ। ਅਤੇ ਸਿਰੀ ਚੰਦ ਵਰ੍ਹਿਆਂ ਪੌਣਿਆਂ ਪੰਜਾਂ ਦਾ ਆਹਾ ॥ ੯ ॥

—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

॥ ੯ ॥ ਸਾਖੀ ਰਾਇ ਬੁਲ੍ਹਾਰ ਨਾਲ ॥

ਤਾਂ ਗੁਰੂ ਨਾਨਕ ਜੀ ਅਤੇ ਅਸੀਂ ਦੋਵੇਂ ਏਮਨਾਵਾਦੋਂ ਸੱਤਵੇਂ ਦਿਨ ਆਇ ਤਿਲਵੰਡੀ ਵੜੇ । ਤਾਂ ਰਾਇ ਜੀ ਨੂੰ ਖਬਰ ਹੋਈ ਜੋ ਬਾਲਾ ਅਤੇ ਮਰ-ਦਾਨਾ ਗੁਰੂ ਨਾਨਕ ਜੀ ਨੂੰ ਲੈ ਆਏ ਹਨ । ਕਾਲੂ ਅਤੇ ਲਾਲੂ ਅਤੇ ਅੰਮਾਂ ਬੀਬੀ ਤ੍ਰੈਏ ਇਕੱਠੇ ਹੋਇ ਬੈਠੇ । ਇਨ੍ਹਾਂ ਸੁਣਿਆ ਜੋ ਨਾਨਕ ਅਸਾਡਾ ਪੁੱਤ੍ਰ ਆਇਆ ਹੈਂ, ਪਰ ਕਿੱਥੇ ਹੈ ? ਚੰਦ੍ਰਭਾਨ ਸੰਧੂ ਦੇ ਖੂਹ ਉੱਤੇ ਹੈ । ਚੰਦ੍ਰਭਾਨ ਬਾਲੇ ਦੇ ਪਿਉ ਦਾ ਨਾਉਂ ਸੀ । ਏਹ ਤ੍ਰੈਏ ਇਕੱਠੇ ਹੋਇ ਆਏ । ਜਾਇ ਦੇਖਨ, ਤਾਂ ਗੁਰੂ ਨਾਨਕ ਜੀ ਦਾ ਰੂਪ ਕਿਆ ਦੇਖਨ, ਜੋ ਸਿਰ ਉੱਤੇ ਗਜਾਂ ਦੋ ਹਿੱਕ ਦਾ ਅੰਗੋਛਾ ਹੈ, ਅਤੇ ਇੱਕ ਚਾਦਰ ਉੱਪਰ ਹੈ, ਹੋਰ ਇੱਕ ਅੰਗੋਛਾ ਤੇੜ ਭੀ ਹੈ । ਤਾ ਕਾਲੂ ਇਹ ਰੂਪ ਦੇਖਕੇ ਕੁੜੀਲ ਹੋਇ ਗਇਆ । ਤਾਂ ਲਾਲੂ ਵੇਦੀ ਸਿਆਣਾਸੀ, ਪਰ ਕਾਲੂ ਥੋਂ ਛੋਟਾ ਸੀ । ਤਾਂ ਲਾਲੂ ਆਖਿਆ, ਭਾਈ ਕਾਲੂ ਅਸੀਂ ਸਿਉਰਾਮ ਵੇਦੀ ਦੇ ਪੁੱਤ੍ਰ ਆਹੇ, ਅਤੇ ਇਕਸੇ ਬਨਾਰਸੀ ਦੇ ਪੋਤੇਂ ਆਹੇ । ਤੇਰੀ ਅਤੇ ਮੇਰਾ ਸ਼ਰਮ ਇੱਕ ਹੈਂ, ਤੂੰ ਇਸ ਤਾਂਈ ਰਾਇ ਤੋੜੀ ਲੈ ਚੱਲੋ । ਤਾਂ ਕਾਲੂ ਚੁੱਪ ਕਰ ਰਿਹਾ । ਤਾਂ ਲਾਲੂ ਕਹਿਆ, ਪੁੱਤ੍ਰ ਨਾਨਕ, ਮੈਂ ਤੇਰਾ ਚਾਚਾ ਹਾਂ, ਅਤੇ ਮੇਰੇ ਵਿੱਚ ਤੇਰੇ ਵਿੱਚ ਥੋਹੜਿਆਂ ਵਰ੍ਹਿਆਂ ਦਾ ਫਰਕ ਹੈ । ਭਲਾ ਤੂੰ ਭਾਈ ਕਾਲੂ ਵੱਲੋਂ ਨਾ ਦੇਖ, ਅੰਮਾਂ ਬੀਬੀ ਵੱਲੋਂ ਅਤੇ ਮੇਰੀ ਵੱਲੋਂ ਦੇਖ । ਪਿਉ ਅਤੇ ਚਾਚੇ ਵਿੱਚ ਫਰਕ ਕੁਛ ਨਾਹੀਂ, ਤੂੰ ਘਰ ਚੱਲ । ਤਾਂ ਗੁਰੂ ਨਾਨਕ ਆਖਿਆ, ਅਜੀ ਅਸਾਂ ਇੱਕੋ ਘਰ ਮੱਲਿਆ ਹੈ । ਬਹੁਤੇ ਘਰ ਛੱਡੇ ਹਨ । ਤਾਂ ਅੰਮਾਂ ਬੀਬੀ ਪੈਰਾਂ ਤੇ ਢਹਿ ਪਈ । ਤਾਂ ਲਾਲੂ ਆਖਿਆ ਪੁੱਤ ਨਾਨਕ, ਤੂੰ ਸਾਧ ਹੈਂ । ਸਾਧਾਂ ਨੂੰ ਦਇਆ ਹੀ ਲੋੜੀਦੀ ਹੈ । ਭਲਾ ਇਹ ਤੇਰੀ ਮਾਉਂ ਹੈ ਅਤੇ ਮੈਂ ਤੇਰਾ ਚਾਚਾ ਹਾਂ ਅਤੇ ਭਾਈ ਕਾਲੂ ਤੇਰਾ ਪਿਤਾ ਹੈ । ਦੇਖ ਮੇਰਾ ਭਿਰਾਉ ਸ਼ਰੀਕ ਹੈ, ਮੈਂ ਇਸ ਵਾਸਤੇ ਇਸ ਅੱਗੇ ਹੁੱਤ ਨਾਹੀਂ ਕੱਢ ਸੱਕਦਾ । ਕਿੰਉਂ ਜੋ ਮੈਂਥੋਂ ਵੱਡਾ ਹੈ, ਮੇਰਾ ਪਿਤਾ ਹੈ । ਤਾ ਗੁਰੂ ਨਾਨਕ ਜੀ ਰਾਗ ਰਾਮਕਲੀ ਵਿੱਚ ਸਬਦ ਬੋਲਿਆ । ਖਿਮਾ ਹਮਾਰੀ ਮਾਤਾ ਕਹੀਐ, ਸੰਤੋਖ ਹਮਾਰਾ ਪਿਤਾ । ਸੱਤ ਹਮਾਰਾ ਚਾਚਾ ਕਹੀਐ, ਜਿਸ ਸੰਗ ਮਨੂਆ ਜਿਤਾ । ਸੁਣ ਲਾਲੂ ਗੁਣ ਐਸਾ । ਸਗਲੇ ਲੋਕ ਬੰਧਨਕੇ ਬਾਂਧੇ, ਸੋ ਗੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੀਐ ਕੈਸਾ ॥ ੧ ॥ ਭਾਉ ਭਾਈ ਸੰਗ ਹਮਾਰੇ, ਪ੍ਰੇਮਪੂਤ ਸੋ ਸਾਚਾ। ਧੀ ਹਮਾਰੀ ਧੀਰਜ ਕਹੀਐ, ਐਸੇ ਸੰਗ ਹਮ ਰਾਚਾ॥ ੨ ॥ ਸਾਂਤਿ ਹਮਾਰੀ ਸੰਗ ਸਹੇਲੀ, ਮੱਤ ਹਮਾਰੀ ਚੇਲੀ। ਏਹੁ ਕੁਟੰਬ ਹਮਾਰਾ ਕਹੀਐ, ਸਾਸ ਸਾਸ ਹਮ ਖੇਲੀ ॥੩ ॥ ਏਕੰਕਾਰ ਹਮਾਰਾ ਖਾਵੰਦ, ਜਿਸ ਹਮ ਬਣਤ ਬਣਾਈ। ਉਸ ਕਉ ਤਿਆਗ, ਅਵਰ ਕਉ ਲਾਗੇ, ਨਾਨਕ ਸੋ ਦੁਖ ਪਾਈ॥ ੪ ॥ ਤਾਂ ਫੇਰ ਲਾਲੂ ਕਹਿਆ, ਭਾਈ ਕਾਲੂ, ਇਹ ਅਸਾਂਥੋਂ ਰਹਿਆ, ਪਰਇਸ ਤਾਈਂ ਇੱਕ ਵਾਰੀ ਰਾਇ ਪਾਸ ਲੈ ਚੱਲਾਂ, ਤੇਰਾ ਭੀ ਅਰਮਾਨ ਨਾ ਰਹੇ। ਭਲਾ ਪੁੱਤ ਨਾਨਕ, ਰਾਇ ਪਾਸ ਤਾਂ ਚੱਲੋ। ਤਾਂ ਗੁਰੂ ਨਾਨਕ ਜੀ ਕਹਿਆ, ਭਲਾ ਜੀ ਚੱਲੋ। ਤਾਂ ਅੱਗੇ ਰਾਇ ਮੰਜੀ ਉੱਪਰ ਬੈਠਾ ਆਹ, ਪਰ ਦੇਹੁ ਵੱਡੀ ਆਹੀ ਜਿਉਂ ਰਾਇ ਨਾਨਕ ਜੀ ਨੂੰ ਡਿੱਠਾ, ਤਾਂ ਉੱਠਣ ਲੱਗਾ, ਤਾਂ ਨਾਨਕ ਜੀ ਜਾਂਦਿਆਂ ਹੀ ਮੰਜੀ ਤੇ ਥੰਮਿਆ। ਅਤੇ ਰਾਇ ਦਿਆਂ ਪੈਰਾਂ ਤੇ ਹੱਥ ਰੱਖਿਆ। ਤਾਂ ਰਾਇ ਕਹਿਆ, ਤਪਾ ਜੀ, ਵੱਡਾ ਜੁਲਮ ਕੀਤੋ ਹੀ। ਮੈਂ ਤੇਰੇ ਪੈਰ ਪੂਜਣ ਦੇ ਵਾਸਤੇ ਤੈਨੂੰ ਸਦਾਇਆ ਸੀ। ਤੂੰ ਮੈਨੂੰ ਮਾਰਿਆ। ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ ਤੁਸੀਂ ਵੱਡੇ ਹੋ ਅਸੀਂ ਤੁਸਾਡੇ ਨਫਰ ਹਾਂ। ਤਾਂ ਫੇਰ ਰਾਇ ਕਹਿਆ, ਤਪਾ ਜੀ ਤੂੰ ਮੈਨੂੰ ਬਖਸ਼ ਅਤੇ ਕਰਤਾਰ ਪਾਸੋਂ ਬਖਸ਼ਾਉ। ਤਾਂ ਗੁਰੂ ਨਾਨਕ ਜੀ ਬੋਲੇ, ਰਾਇ ਜੀ, ਤੁਸੀਂ ਧੁਰਦੇ ਬਖਸ਼ੇ ਹੋਇ ਹੋ। ਤਾਂ ਰਾਇ ਕਹਿਆ, ਤਪਾ ਜੀ, ਮੇਰੇ ਉੱਤੇ ਤੁਸੀਂ ਕੁਛ ਆਪਣੀ ਭੀ ਮੇਹਰ ਕਰੋ। ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ ਜਿੱਥੇ ਅਸੀਂ ਤਿੱਥੇ ਤੁਸੀਂ। ਤਾਂ ਰਾਇ ਕਹਿਆ, ਤਪਾ ਜੀ, ਮੇਰੀ ਪੂਰੀ ਤਾਂ ਪਵੇ ਜਾਂ ਤੂੰ ਪੈਰ ਆਪਣੇ ਮੇਰੇ ਸਿਰ ਤੇ ਰੱਖੇਂ। ਜਾਂ ਰਾਇ ਬਹੁਤ ਅਧੀਨ ਹੋਇਆ, ਤਾਂ ਗੁਰੂ ਨਾਨਕ ਜੀ ਮੰਜੀ ਉੱਤੇ ਬੈਠਾ। ਤਾਂ ਰਾਇ ਪੈਰਾਂ ਉੱਪਰ ਸਿਰ ਰੱਖਿਆ, ਅਤੇ ਬਹੁਤਆਪਣੇ ਆਪਮੇਂ ਬਿਗਸਿਆ, ਅਤੇ ਰਾਜ਼ੀ ਹੋਇਆ। ਤਾਂ ਫੇਰ ਰਾਇ ਆਖਿਆ, ਅਵੇ ਉਮੈਦਾ, ਸੁੱਧੈ ਬਾਹਮਣ ਨੂੰ ਸੱਦ ਲਿਆਉ। ਤਾਂ ਉਮੈਦਾ ਸੁੱਧੇ ਬਾਹਮਣ ਨੂੰ ਸੱਦ ਲਿਆਇਆ। ਸੁੱਧੇ ਆਇ ਅਸੀਰਵਾਦ ਦਿੱਤਾ, ਆਖਿਓਸ, ਰਾਇ ਜੀ ਸੁਖੀ ਰਹੋ। ਤਾਂ ਰਾਇ ਕਹਿਆ, ਸੁੱਧਾ, ਆਪਣੇ ਘਰ ਦੇ ਭਾਂਡੇ ਲੈ ਆਉ, ਅਤੇ ਰਸੋਈ ਕਰ; ਅਤੇ ਤਪੇ ਨੂੰ ਮੇਰੇ ਹਜ਼ੂਰ ਜਿਵਾਇ। ਤਾਂ ਰਾਇ ਪੁੱਛਿਆ, ਤਪਾ ਜੀ ਰਸੋਈ ਕੀ ਜੇਂਵਦੇ ਹੋ ? ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ, ਜੋ ਕਰਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਜਦਾ ਹੈ, ਸੋ ਜੇਂਵਦੇ ਆਹੇ। ਨਾ ਤਪਾ ਜੀ, ਮੈਂ ਹੋਰਸ ਵਾਸਤੇ ਪੁੱਛਿਆ ਹੈ, ਜੋ ਆਖੋ ਤਾਂ ਬੱਕਰਾ ਕਰਵਾਈਐ ? ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ ਉੱਥੇ ਫਰਮਾਇਸ ਕਰਨੇ ਦੀ ਜਾਗਾ ਨਹੀਂ, ਜੋ ਕੁਝ ਆਪਣੀ ਵੱਲੋਂ ਭੇਜਦਾ ਹ ਸੋ ਹੱਛਾ ਹੈ। ਤਾਂ ਰਾਇ ਆਖਿਆ, ਅਵੇ ਉਮੈਦਾ, ਬੱਕਰਾ ਝੱਬਦੇ ਸਵਾਰੋ, ਤੁਰਤ ਹੋ। ਤਾਂ ਸੁੱਧਾ ਬਾਹਮਣ ਭਾਂਡੇ ਲੇ ਆਇਆ । ਤਾਂ ਸੁੱਧੇ ਕਹਿਆ, ਰਾਇ ਜੀ, ਭਾਂਡੇ ਮੈਂ ਲੇ ਆਇਆ ਹਾਂ। ਤਾਂ ਰਾਇ ਕਹਿਆ,ਭਲਾ ਸੁੱਧਾ, ਪਹਿਲੇ ਕੁਝ ਮਿੱਠਾ ਕਰਲੇ, ਅਤੇ ਪਿੱਛੋਂ ਤੇ ਸਲੂਣਾ ਖਾਸਣ । ਤਾਂ ਗੁਰੂ ਨਾਨਕ ਜੀ ਸ਼ਬਦ ਬੋਲਿਆ ॥ਰਾਗ ਮਾਰੂ ਵਿੱਚ॥ ਮਿੱਠਾ ਮਰਨ,ਸਲੂਣਾ ਸੰਜਮ ਖੱਟਾ ਖਰਾ ਧਿਆਨ। ਐਸਾ ਭੋਜਨ ਜੋ ਜਨ ਅਚਵੈ ਸੋ ਮਾਣਸ ਪਰਧਾਨ ॥ ੧ ॥ ਰਹਾਉ ॥ ਰਾਇ ਜੀ, ਭੋਜਨ ਐਸਾ ਕਰੀਐ। ਅਉਰ ਸਗਲ ਪਰ ਹਰੀਐ। ਮੇਵਾ ਮਗਨ ਲੱਗਾ ਸੱਚ ਸੇਤੀ, ਜਿਸ ਖਾਧੇ ਤ੍ਰਿਪਤਾਵੇ। ਸਤ ਗੁਰੂ ਬਿਰਛ ਫਲਿਆ ਸਣਡਾਲੀ, ਸੋ ਫਲ ਚੁਗਚੁਗ ਖਾਵੇ। ਅੰਮ੍ਰਤ ਫਲ ਰਸਨਾ ਮਧ ਨੀਕਾ, ਸੋ ਪੀਵੇ ਜਿਸ ਦੇਵੇ। ਸਫਲਉ ਦਰਸਣ ਅਕਾਲ ਮੂਰਤ ਹੈ, ਤਾਂਕੇ ਰਿਦੇ ਸਮਾਵੈ ॥ ੨ ॥ ਕਹੁ ਨਾਨਕ ਸੁਖ ਰਾਸ ਸੁਆਦੀ, ਏਕੰਕਾਰ ਰਸ ਲੀਆ। ਅਵਰ ਸੁਆਦ ਸਭ ਫੀਕੇ ਲਾਗੇ, ਜਬ ਸਚ ਨਾਮ ਮੁਖ ਦੀਆ ॥ ੧ ॥ ਤਾਂ ਫੇਰ ਰਾਇ ਜੀ, ਕਾਲੂ ਨੂੰ ਪੁੱਛਿਆ, ਕਿਉਂ ਕਾਲੂ, ਕਿਉਂ ? ਤਾਂ ਲਾਲੂ, ਕਾਲੂਨੂੰ ਕਹਿਆ, ਭਾਈ ਤੇਰਾ ਕੰਮ ਨਾਹੀਂ ਬੋਲਣਦਾ। ਤਾਂ ਅੰਮਾਂ ਬੀਬੀ, ਘੁੰਡ ਕੱਢੀ ਰਾਇ ਦੇ ਪੈਰਾਂ ਤੇ ਢਹਿ ਪਈ, ਰਾਇ ਜੀ, ਅਸਾਡੀ ਹੋਰ ਜਾਗਾ ਕਾਈ ਨਾਹੀਂ। ਰਾਇ ਜੀ ਜਿਉਂ ਜਾਣੋਂ, ਤਿਉਂ ਨਾਨਕ ਨੂੰ ਆਪਣੇ ਪਾਸ ਰੱਖੋ। ਤਾਂ ਰਾਇ ਕਹਿਆ, ਤਪਾ ਜੀ ਮਾਉਂ ਤੁਸਾਡੀ ਬਹੁਤ ਬਿਰਲਾਪ ਕਰਦੀ ਹੈ,ਅਤੇ ਅਸੀਂ ਤੁਹਾਨੂੰ ਆਖ ਨਹੀਂ ਸੱਕਦੇ। ਤਾਂ ਗੁਰੂਨਾਨਕ ਜੀ ਆਖਿਆ, ਰਾਇ ਜੀ ਤੁਸੀਂ ਨਸੰਗ ਆਖੋ ਜੀ, ਜੋ ਤੁਸਾਂ ਆਖਣਾ ਹੋਵੇ। ਤਾਂ ਰਾਇ ਕਹਿਆ, ਤਪਾ ਜੀ, ਇਥੇ ਹੀ ਰਹੋ, ਅਤੇ ਖੇਤੀ ਕਰੋ, ਤੁਸਾਡੇ ਅੱਗੇ ਕਾਂਮੇ ਲਾਇ ਦਿੰਦੇ ਆਹੇ, ਅਤੇ ਨਾ ਹਾਲਾ ਨਾ ਪੱਤਾ। ਤਾਂ ਗੁਰੂ ਨਾਨਕ ਜੀ, ਸ਼ਬਦ ਬੋਲਿਆ। ਰਾਗ ਸੋਰਠ ਵਿੱਚ। ਮਨ ਹਾਲੀ, ਕਰਨੀ ਕਿਰਸਾਣੀ, ਸਰਮ ਪਾਣੀ, ਤਨ ਖੇਤ ॥ ਨਾਮ ਬੀਜ ਸੰਤੋਖ ਸੁਹਾਗਾ, ਰੱਖ ਗਰੀਬੀ ਵੇਸ । ਭਾਉ ਕਰਮ ਕਰਿ ਜੰਮਸੀ,ਸੇ ਘਰ ਭਾਗਠ ਦੇਖ। ਭੋਲਿਆ ਮਾਇਆ ਸਾਥ ਨ ਹੋਇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ ਮਾਇਆ ਜੱਗ ਮੋਹਿਆ, ਬਿਰਲਾ ਬੂਝੇ ਕੋਇ ॥ ੧ ॥ ਰਹਾਉ ॥ ਤਾਂ ਲਾਲੂ ਆਖਿਆ ਜੀ, ਹੱਟੀ ਆਖੇਂ ਤਾਂ ਹੱਟੀ ਹੀ ਬਹੇ ਤਾਂ ਫੇਰ ਗੁਰੂ ਨਾਨਕ ਜੀ, ਪਉੜੀ ਆਖੀ ॥ ਹਾਣਿ ਹੱਟਿ ਕਰ ਆਰਜਾ,ਸੱਚ ਨਾਮ ਕਰ ਵੱਥ। ਸੁਰਤ ਸਬਦ ਕਰ ਭਾਂਡ ਸਾਲ, ਤਿਸ ਵਿੱਚ ਤਿਸ ਨੂੰ ਰੱਖ । ਸੰਤਾਂ ਸੇਤੀ ਵਣਜ ਕਰ, ਲ ਲਾਹਾ ਮਨ ਹੱਸ ॥ ੨ ॥ ਤਾਂ ਫੇਰ ਲਾਲੂ, ਰਾਇ ਥੀਂ ਅਖਵਾਇਆ । ਰਾਇ ਜੀ, ਜੇ ਇਸ ਦਾ ਮਨ ਫਿਰਨ ਤੇ ਹੈ, ਤਾਂ ਘੋੜਿਆਂ ਦੀ ਸੌਦਾਗਰ। ਕਰੇ । ਤਾਂ ਫੇਰ ਗੁਰੂ ਨਾਨਕ ਜੀ, ਤੀਜੀ ਪਉੜੀ ਆਖੀ ॥ ਸੁਣ ਸਾਸਤਰ ਸਉਦਾਗਰੀ, ਸਤਿ ਘੋੜੇ ਲੈ ਚੱਲੁ । ਖਰਚ ਬੰਨ ਚੰਗਿਆਈਆਂ, ਮੱਤਿ ਮਨ ਜਾਣੇ ਕੱਲ । ਨਿਰੰਕਾਰ ਕੇ ਦੇਸ ਜਾਹਿ, ਤਾਂ ਸੁਖ ਲਹੇ, ਮਹਲ ॥ ੩ ॥ ਤਾਂ ਫੇਰ ਕਾਲੂ ਆਖਿਆ, ਕਿਸੇ ਦੀ ਚਾਕਰੀ ਹੀ ਕਰ । ਤਾਂ ਫੇਰ ਗੁਰੂ ਨਾਨਕ ਜੀ, ਚੋਗਦੀ ਪਉੜੀ ਆਖੀ ॥ ਲਾਇ ਚਿੱਤ ਕਰ ਚਾਕਰੀ, ਮੰਨ ਨਾਮ ਕਰ ਕੰਮ । ਬਨ ਬਦੀਆਂ ਕਰ ਧਾਵਣੀ, ਤਾਂਕੋ ਆਖੇ ਧੰਨ । ਨਾਨਕ ਨਾਮ ਅਰਾਧ ਤੂੰ, ਚੜ੍ਹੀ ਚਵੱਗਣ ਵੰਨ ॥ ੪ ॥ ੧ ॥ ਤਾਂ ਫੇਰ ਰਾਇ ਕਹਿਆ, ਤਪਾ ਜੀ, ਕੁਛ ਫੁਰਮਾਇਸ ਕਰੀਐ, ਜੋ ਅਸੀਂ ਕਬੂਲ ਪਾਈਏ । ਤਾਂ ਗੁਰੂ ਨਾਨਕ ਜੀ, ਰਾਗ ਸਾਰੰਗ ਵਿੱਚ, ਸ਼ਬਦ ਕਹਿਆ, । ਹਿੱਕੁ ਫੁਰਮਾਇਸ ਆਖੀਐ, ਜੇ ਮੰਨੇ ਸਾਈਂ । ਜਿਸਤੇ ਜੋਰ ਨ ਚੱਲਈ, ਕਰ ਜੋਰ ਧਿਆਈ । ਐਸਾ ਸਾਹਿਬ ਰਾਇ ਜੀ, ਕਿਸੇ ਹੱਥ ਨ ਆਵੇ । ਸਾਈ ਕਾਰ ਕਮਾਵਣੀ, ਜੋ ਉਸੇ ਭਾਵੇ ॥ ੧ ॥ ਰਹਾਉ ॥ ਹਿਕਮਤ ਹੁਕਮ ਨ ਚੱਲਈ, ਕੋਈ ਕਰ ਦੇਖੇ । ਸੇਖ, ਮਸਾਇਕ, ਸਿੱਧ, ਸਾਧ , ਸਭ ਲਿਖੀਐ ਲੇਖੇ ॥ ੨ ॥ ਦਸ ਅਉਤਾਰੀ ਆਇਆ, ਹੁਕਮ ਚਲਾਇਆ । ਅੰਤ ਕਾਲ ਧਰਤੀ ਪਏ, ਕੁਛ ਹੱਥ ਨ ਆਇਆ ॥ ੩ ॥ ਵੱਡੇ ਵੱਡੇ ਮਹਾਂ ਬਲੀ, ਜੋਧੇ ਅਰ ਸੂਰੇ । ਕਹੁ ਨਾਨਕ ਸਭ ਦੇਖਿਆ, ਸਭ ਧਰਤੀ ਧੂੜੇ ॥ ੪ ॥ ਤਾਂ ਫੇਰ ਰਾਇ ਕਹਿਆ, ਤਪਾ ਜੀ ਤੁਸੀਂ ਲੰਗਰ ਚਲਾਵੋ । ਤ੍ਰੈ ਖੂਹ, ਤੁਸਾਡੇ ਤਲਕ ਕਰ ਦੇਂਦੇ ਆਹੇ । ਨਾ ਹਾਲਾ ਨ ਪੱਤਾ। ਤੁਸੀਂ ਬੈਠੇ ਫਕੀਰਾਂ ਨੂੰ ਖੁਲਾਵੋ । ਤਾਂ ਗੁਰੂ ਨਾਨਕ ਜੀ ਰਾਗ ਆਸਾ ਵਿੱਚ, ਸ਼ਬਦ ਬੋਲਿਆ । ਲੰਗਰ ਏਕ ਖੁਦਾਇ ਦਾ, ਦੂਸਰ ਨਾਹੀਂ । ਦੂਸਰ ਲੰਗਰ ਨਾ ਚੱਲੇ, ਥਿਰ ਜੱਗ ਨ ਰਹਾਈ ॥ ੧ ॥ ਰਹਾਉ ॥ ਰਾਇ ਬੁਲਾਰ ਸੁਣ ਬੇਨਤੀ, ਇਕ ਅਰਜ ਹਮਾਰੀ । ਖਾਲਕ ਸੱਚਾ ਏਕ ਹੈ ਜਿਨ ਖਲਕ ਸਵਾਰੀ । ਦਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਰਹੀਮ ਹੈ, ਸਭ ਖਲਕ ਸਵਾਰੇ। ਦੇਵਣ ਕਉ ਆਪੇ ਧਨੀ, ਸਗਲਿਆਂ ਪ੍ਰਤਿਪਾਲੇ ॥ ੨ ॥ ਜੀਅ, ਪ੍ਰਾਣ, ਤਨ, ਧਨ ਦੀਨੇ ਰਸ ਭੋਗ। ਆਪੇ ਕਛੂ ਨ ਹੋਵਈ, ਕੀਨੇ ਸੰਜੋਗ ॥੩॥ ਸਭਨਾਂ ਕੇ ਸਿਰ ਏਕ ਹੈ, ਸਿੱਧ ਸਾਧਕ ਬੀਚਾਰੇ। ਨਾਨਕ ਮੰਗਤਾ ਸਭ ਕੋ ਦਾਤਾ ਸਿਰਜਣ ਹਾਰੇ ॥ ੪ ॥ ੧ ॥ ਤਾਂ ਰਾਇ ਆਖਿਆ ਤਪਾ ਜੀ! ਜੋ ਕੁਛ ਤੁਸਾਡੀ ਖੁਸ਼ੀ ਆਵੇ, ਸਾਈ ਕਰੇ ਜੀ। ਤਾਂ ਕਿਤਨੇ ਹਿੱਕ ਦਿਨ ਗੁਜਰੇ, ਤਾਂ ਗੁਰੂ ਨਾਨਕ ਜੀ ਕਹਿਆ ਭਾਈ ਬਾਲਾ ਅਤੇ ਮਰਦਾਨਾ, ਹੁਣ ਇੱਥੋਂ ਚੱਲੀਐ। ਤਾਂ ਅਸਾਂ ਆਖਿਆ, ਗੁਰੂ ਜੀ, ਰਜਾਇ ਤੁਸਾਡੀ ਲੋੜੀਦੀ ਹੈ। ਸੰਮਤ ਪੰਦ੍ਰਾਂ ਸੈ ਤ੍ਰਿਵੰਜਾ ੧੫੫੩, ਮਿਤੀ ਪੋਹ ਵਦੀ ਨੌਮੀਂ ਵੀਰ ਵਾਰ ਦੇ ਦਿਨ, ਗੁਰੂ ਨਾਨਕ ਜੀ ਤਲਵੰਡੀਓਂ ਲੱਗੇ ਚੱਲਣ। ਤਾਂ ਰਾਇ ਨੂੰ ਖਬਰ ਹੋਈ, ਜੋ ਨਾਨਕ ਤਪਾ ਜੀ, ਫਿਰ ਚੱਲੇ ਹਨ। ਤਾਂ ਕਾਲੂ ਤੇ ਲਾਲੂ, ਜਾਇ ਰਾਇ ਪਾਸ ਰੁੰਨੇ। ਤਾਂ ਰਾਇ ਉਮੈਦੇ ਨੂੰ ਭੇਜਿਆ, ਜੋ ਨਾਨਕ ਤਪੇ ਨੂੰ ਜਾਇਕੇ ਮੇਰੀ ਤਜੀਮ ਕਰਨੀ, ਅਤੇ ਕਹਿਣਾ, ਜੀ ਮੈਂਨੂੰ ਦਰਸਣ ਦੇਵੋ। ਤਾਂ ਉਮੈਦਾ ਨਫਰ ਰਾਇ ਜੀ ਦਾ ਸੀ, ਉਨ ਜਾਇ ਨਾਨਕਜੀ ਨੂੰ ਕਹਿਆ, ਤਪਾ ਜੀ! ਰਾਇ ਜੀ ਕਹਿਆ ਹੈ, ਅਤੇ ਬੇਨਤੀ ਕੀਤੀ ਹੈਸੁ, ਜੋ ਮੈਂਨੂੰ ਦਰਸਣ ਦੇਵਣ। ਤਾਂ ਉਮੈਦੇ ਦੇ ਆਖੇ, ਗੁਰੂ ਨਾਨਕ ਜੀ ਉਠ ਖੜੇ ਹੋਏ, ਤਾਂ ਆਇ ਰਾਇ ਜੀ ਨੂੰ ਦੁਆਇ ਆਖੀ। ਤਾਂ ਰਾਇ ਆਖਿਆ, ਤਪਾ ਜੀ! ਮੈਂਨੂੰ ਗੁਸਤਾਖੀ ਮਾਫ ਕਰਨੀ। ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ, ਤੁਸੀਂ ਦਰਗਾਹੋਂ ਮਾਫ ਹੋ। ਤਾਂ ਰਾਇ ਕਹਿਆ, ਤਪਾ ਜੀ! ਤੁਸੀਂ ਕਰੋ ਕੁਛ ਨਾਹੀਂ, ਬੈਠੇ ਹੀ ਰਹੋ। ਗੁਰੂ ਨਾਨਕ ਜੀ ਕਹਿਆ, ਰਾਇ ਜੀ! ਅਸਾਡੇ ਹੱਥ ਨਹੀਂ, ਜੋ ਅਸੀਂ ਇੱਥੇ ਰਹੀਏ ਜਿੱਥੇ ਕਰਤਾਰ ਰੱਖੇ ਤਿਥਾਉਂ ਰਹੀਏ। ਤਾਂ ਰਾਇ ਬਹੁਤ ਜਤਨ ਕੀਤੇ। ਤਾਂ ਗੁਰੂ ਨਾਨਕ ਜੀ ਉਥੋਂ ਹੋਇਆ ਖਲਾਸ। ਤਾਂ ਰਾਇ ਡਿੱਠਾ, ਜੋ ਰਹਿਣੇ ਦਾ ਨਾਹੀਂ। ਤਾਂ ਫੇਰ ਰਾਇ ਕਹਿਆ, ਤਪਾ ਜੀ, ਕਾਈ ਫਰਮਾਇਸ ਕਰੋ। ਤਾਂ ਗੁਰੂ ਨਾਨਕ ਜੀ ਕਹਿਆ, ਰਾਇ ਜੀ, ਅਸਾਡੀਫਰਮਾਇਸ ਇੱਕੋ ਝੱਲਣਵਾਲਾ ਹੈ। ਹੁਣ ਤੁਸੀਂ ਅਸਾਨੂੰ ਰਜਾਇ ਦੇਵੋ, ਤਾਂ ਰਾਇ ਬੋਲਿਆ, ਰਜਾਇ ਤੁਸਾਡੀ ਲੋੜੀਦੀ ਹੈ। ਤਾਂ ਗੁਰੂ ਨਾਨਕ ਜੀ, ਪਿਛਲੇ ਪਹਰ ਰਾਤ ਰਹਿੰਦੀ ਅਮ੍ਰਿਤਵੇਲੇ ਨਾਵਣ ਗਏ ਆਹੇ, ਜਾਂ ਦੇਖਣ, ਤਾਂ ਕੀ ਦੇਖਣ, ਜੋ ਖੂਹ ਵਹਿੰਦਾ ਕੋਈ ਨਹੀਂ। ਤਾਂ ਗੁਰੂ ਨਾਨਕ ਜੀ ਦੇ ਮੂਹੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਚਨ ਹੋਇਆ, ਜੋ ਇੱਥੇ ਟੋਆ ਭੀ ਕੋਈ ਨਹੀਂ ਇਹ ਗੱਲ ਰਾਇ ਸੁਣੀ, ਜੋ ਤਪੇ ਜੀ ਦੇ ਮੂੰਹੋਂ ਟੋਏ ਦੀ ਅਵਾਜ ਨਿੱਕਲੀ ਹੈ, ਅਸੀਂ ਨਿਹਾਲ ਹੋਏ । ਇੱਥੇ ਟੋਆ ਪੱਟੋ, ਪਰ ਤਪੇ ਜੀ ਦੇ ਨਾਉਂਦਾ । ਤਾਂ ਗੁਰੂ ਨਾਨਕ ਜੀ, ਅਤੇ ਮੈਂ ਬਾਲਾ ਅਤੇ ਮਰਦਾਨਾ ਰਬਾਬੀ ਭੀ, ਤ੍ਰੈ, ਭਾਈ ਲਾਲੋ ਦੇ ਘਰ ਵਤਿ ਆਇ । ਤਾਂ ਭਾਈ ਲਾਲੋ ਬਹੁਤ ਖੁਸ਼ੀ ਹੋਇਆ, ਅਤੇ ਬੋਲਿਆ, ਜੀ ਮੈਂ ਨਿਹਾਲ ਹੋਇਆ, ਜੋ ਤੁਸਾਂ ਮੈਨੂੰ ਦਰਸਣ ਦਿੱਤਾ ॥ ੯ ॥

॥ ੧੦ ॥ ਸਾਖੀ ਸਾਲਿਗਰਾਮ ਦੀ ॥

ਤਾਂ ਸ੍ਰੀ ਗੁਰੂ ਜੀ ਆਉਂਦੇ ਆਉਂਦੇ ਰਾਮਤੀਰਥ ਪੁਰ ਆਏ ਬੈਠੇ, ਅੱਗੇ ਚੇਤ ਚੌਦੇ ਦੇ ਨਾਉਣ ਨੂੰ, ਲੋਕ ਬਹੁਤ ਆਏ ਸੇ । ਤਾਂ ਸ੍ਰੀ ਗੁਰੂ ਜੀ ਦੇਖੇ, ਤਾਂ ਇੱਕ ਬ੍ਰਾਹਮਣ ਇਸਨਾਨ ਕਰਕੇ ਸਾਲਿਗਰਾਮ ਦੀ ਪ੍ਰਤਿਮਾ ਅੱਗੇ ਧਰੀ ਹੈਸੁ । ਤਿਸ ਨੂੰ ਤਿਲਕ ਲਗਾਇਆ ਹੈਸੁ, ਅਰ ਸੇਵਾ ਕਰਦਾ ਹੈ। ਇੱਕ ਧੋਤੀ ਪਹਨੀ ਹੈਸੁ, ਸਿਰ ਵਿਖੇ ਜੂੜਾ ਹੈਸੁ, ਦੁਆਦਸ ਤਿਲਕ ਲਗਾਏ ਹੈਨਸੁ, ਅਤੇ ਡੰਡੌਤ ਕਰਦਾ ਹੈ । ਬਹੁਤ ਭਗਲ ਕਰਕੇ ਲੋਕਾਂ ਨੂੰ ਦਿਖਾਂਵਦਾ ਹੈ । ਜਾਂ ਉਹ ਲੱਗਾ ਮਾਲਾ ਫੇਰਨ, ਅੱਖੀਂ ਮੀਟ ਕਰ ਧਿਆਨ ਲੱਗਾ ਕਰਨ, ਤਾਂ ਸ੍ਰੀ ਗੁਰੂ ਜੀ ਕਹਿਆ, ਏ ਸੁਆਮੀ ਦੇਉਤਾ, ਅੱਖੀਂ ਮੀਟ ਕਰ ਤੂੰ ਧਿਆਨ ਕਿਸ ਦਾ ਕਰਦਾ ਹੈਂ ? ਕਹੇ ਜੀ, ਮੈਂ ਸਾਲਿਗ੍ਰਾਮ ਦੀ ਸੇਵਾ ਕਰਦਾ ਹਾਂ । ਤੇ ਫੇਰ ਬਚਨ ਹੋਇਆ, ਏ ਸੁਆਮੀ ! ਇਹ ਜੋ ਮੂਰਤ ਹੈ ਸੋ ਤਾਂ ਤੇਰੇ ਅੱਗੇ ਸਵਾਧਾਨ ਧਰੀ ਹੋਈ ਹੈ ? ਅਰ ਤੂੰ ਜੋ ਧਿਆਨਅੱਖੀਂ ਮੀਟ ਕਰ ਕਰਦਾ ਹੈਂ, ਸੋ ਕਿਸ ਦਾ ਕਰਦਾ ਹੈਂ ? ਬ੍ਰਾਹਮਣ ਕਹਿਆ, ਤਪਾ ਜੀ ! ਧਿਆਨ ਕਰੇ ਤੇ, ਮੈਨੂੰ ਤਿੰਨ ਲੋਕ ਨਜਰੀ ਆਂਵਦੇ ਹੈਨ ਜੀ । ਤਾਂ ਬਚਨ ਹੋਇਆ, ਜੋ ਕੁਛ ਤਿੰਨ ਲੋਕ ਵਿੱਚ ਵਰਤਦਾ ਹੈ, ਸਭ ਤੈਨੂੰ ਨਜਰੀ ਆਂਵਦਾ ਹੈ ? ਬ੍ਰਾਹਮਣ ਕਹਿਆ ਜੀ, ਮੈਨੂੰ ਸਭ ਕੁਛ ਨਜਰੀ ਆਂਵਦਾ ਹੈ । ਜਾਂ ਬ੍ਰਹਮਣ ਨੇ ਇਹ ਗੱਲ ਕਹੀ, ਤਾਂ ਸ੍ਰੀ ਗੁਰੂ ਜੀ ਇੱਕ ਗੁਪਤ ਸਿੱਖ ਨੂੰ ਬਚਨ ਕੀਤਾ, ਇਸ ਦੇ ਅੱਗੇ ਤੇ ਸਾਲਿਗ੍ਰਾਮ ਦੀ ਪ੍ਰਤਿਮਾ ਸਭ ਉਠਾਇ ਲੈਜਾਹਿ । ਤਾਂ ਗੁਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖ ਉਸ ਦੇ ਅੱਗੇ ਤੇ ਸਾਲਿਗ੍ਰਾਮ ਦੀ ਪ੍ਰਿਤਮਾ ਸੱਭ ਉਠਾਇ ਲੈ ਗਿਆ। ਜਾਂ ਬ੍ਰਾਹਮਣ ਅੱਖੀਂ ਖੋਲ੍ਹੀਆਂ, ਤਾਂ ਕੀ ਦੇਖੇ, ਜੋ ਠਾਕੁਰ ਅੱਗੇ ਨਹੀ। ਤਾਂ ਲੱਗਾ ਬਿਲਾਪਤ ਕਰਨ। ਤਾਂ ਬਚਨ ਹੋਇਆ, ਕਿੰਉ ਸੁਆਮੀ ਦੇਉਤਾ? ਇਹ ਕਿਆ ਰੋਇਆ? ਤੂੰ ਕਿੰਉਂ ਰੋਂਦਾ ਹੈਂ? ਕਹੇ ਜੀ, ਕੋਈ ਠਾਕੁਰ ਅੱਗੇ ਤੇ ਲੈ ਗਇਆ ਹੈ ਜੀ। ਸੁਣ ਸੁਆਮੀ! ਤੈਨੂੰ ਤਾਂ ਧਿਆਨ ਕਰੇ ਤੇ ਤਿੰਨ ਲੋਕ ਨਜਰੀ ਆਂਵਦੇ ਹਨ, ਜਿੱਥੇ ਹੈਂਨ ਤਿੱਥੇ ਦੇਖ ਲੈ। ਤਾਂ ਬ੍ਰਾਹਮਣ ਨੇ ਆਪਣਾ ਸੱਚ ਮੰਨਿਆ, ਕਹੇ ਜੀ, ਬੈਂ ਪੇਟ ਦੇ ਲਈ ਝੂਠ ਬੋਲ ਬੋਲ, ਭਗਲ ਕਰ ਕਰ ਟੁਕੜਾ ਖਾਂਦਾ ਹਾਂ, ਤਪਾ ਜੀ, ਇਸ ਮੂਰਤ ਕਰ ਮੇਰਾ ਟੁਕੜਾ ਚਲਦਾ ਹੈ। ਸ੍ਰੀ ਗੋਬਿੰਦ ਜੀ ਅਰਥ, ਜਿਨ ਕਿਨੇ ਲੀਤਾ, ਤਿਸ ਤੇ ਦਿਵਾਇ ਦੇਹੁ। ਜਾਂ ਬ੍ਰਾਮਹਣ ਖਰਾ ਨਿਮਾਣਾ ਹੋਇਆ, ਤਾਂ ਲੱਗਾ ਬੇਨਤੀ ਕਰਨ। ਸ੍ਰੀ ਗੁਰੂ ਜੀ ਮੇਹਰਵਾਨ ਹੋਏ, ਤੇ ਉਸ ਬ੍ਰਾਹਮਣ ਨੂੰ ਕਹਿਆ ਏ ਦੇਉਤਾ ਸੁਆਮੀ! ਤੂੰ ਝੂਠ ਬੋਲਣਾ ਛੱਡ ਦੇਹੁ, ਤੂੰ ਰੋਟੀ ਦੇ ਨਿਮਿੱਤ ਝੂਠ ਬੋਲਦਾ ਹੈਂ, ਸੋ ਛੱਡ ਦੇਹੁ। ਜੋ ਸ੍ਰੀ ਪਰਮੇਸੁਰ ਜੀ ਤੈਨੂੰ ਏਵੇਂ ਰੋਟੀ ਪਹੁੰਚਾਵੇ, ਤਾਂ ਝੂਠ ਨਾ ਬੋਲਿਆ ਕਰ, ਰਾਮ ਨਾਮ ਸੁੱਧ ਆਤਮੇ ਜਪਿਆ, ਕਰ। ਤਾਂ ਬ੍ਰਾਮਹਣ ਕਹਿਆ, ਜੇ ਤੂੰ ਕਿਰਪਾਲ ਹੋਵੇਂ ਤਾਂ ਝੂਠ ਨਾ ਬੋਲਾਂਗਾ ਅਤੇ ਜੀ ਝੂਠ ਬਗੈਰ ਰੋਟੀ ਭੀ ਚੱਲਦੀ ਨਹੀਂ। ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ, ਏ ਸੁਆਮੀ ਤੂੰ ਝੂਠ ਕਿਉ ਆਖਦਾ ਹੈ? ਅੱਖੀਂ ਮੀਟਿਆਂ ਧਿਆਨ ਕਰੇ ਤੇ, ਤਿੰਨ ਲੋਕ ਨਜਰੀਂ ਆਉਂਦੇ ਹੈਨ? ਅਤੇ ਜਿੱਥੇ ਤੂੰ ਬੈਠਾ ਹੈਂ, ਅਰ ਤੇਰੇ ਮਗਰ ਪਿੱਛੇ ਮਾਲ ਧਨ ਦੱਬਿਆ ਪਇਆ ਹੈ, ਉਸ ਦੀ ਤੈਨੂੰ ਖਬਰ ਹੈ, ਕਿ ਨਾਹੀਂ? ਤਾਂ ਬ੍ਰਾਹਮਣ ਕਇਆ ਜੀ, ਮੈਂ ਕੀ ਜਾਣਾ? ਤਾਂ ਸ੍ਰੀ ਗੁਰੂ ਜੀ ਬਚਨ ਕੀੱਤਾ, ਏ ਸੁਆਮੀ, ਤੂੰ ਉੱਠ ਕਰ ਧਰਤੀ ਖੋਦ। ਤਾਂ ਬ੍ਰਾਹਮਣ ਧਰਤੀ ਖੋਦ ਕਰ, ਦੇਖੇ ਤਾਂ ਧਨ ਬਹੁਤ ਪਇਆ ਹੈ। ਤਾਂ ਬ੍ਰਾਹਮਣ ਧਨ ਦੇਖ ਕਰ ਬਹੁਤ ਹੈਰਾਨ ਹੋਇ ਰਹਿਆ। ਤਾਂ ਆਇ ਸ੍ਰੀ ਗੁਰੂ ਜੀ ਦੇ ਚਰਨਾਂ ਪਰ ਮੱਥਾ ਟੇਕਿਆ। ਤਾਂ ਸ੍ਰੀ ਗੁਰੂ ਜੀ ਕਹਿਆ, ਹੱਸ ਕਰ ਬਾਣੀ ਬੋਲੇ। ਰਾਗ ਧਨਾਸਰੀ ਵਿੱਚ। ਕਾਲ ਨਾਹੀਂ, ਜੋਗ ਨਾਹੀਂ, ਨਾਹੀਂ ਸਤ ਕਾ ਢਬ। ਥਾਂ ਨਿਸਟ ਜਗ ਭਿਰਸਟ ਹੋਏ, ਡੂਬਤਾ ਇਵ ਜੱਗ। ਕਲਿ ਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਨਾਮ ਸਾਰ । ਅਖੀਂ ਤਾਂ ਮੀਟਹਿ, ਨਾਕ ਪਕੜੇ, ਠੱਗਣ ਕੂੰ ਸੰਸਾਰ ॥ ੨ ॥ ਤਿਸ ਦਾ ਪਰਮਾਰਥ । ਬਾਬੇ ਨਾਨਕ ਜੀ ਕਹਿਆ, ਹੇ ਸੁਆਮੀ ! ਤੂੰ ਜੋ ਸੇਵਾ ਕਰਦਾ ਹੈਂ ਇਸ ਪੱਥਰ ਦੀ ਮੂਰਤ ਦੀ, ਇਸ ਦੇ ਬਸ ਕਾਲ ਭੀ ਨਾਹੀਂ, ਜੋ ਮਰਣ ਤੇ ਰੱਖੇ ? ਅਰ ਇਹ ਭੀ ਨਾਹੀਂ ਅਣਸੇਵਾ ਮਾਰੇ ? ਅਰ ਸੇਵਾ ਕੀਤੀ ਪੁੰਨ ਹੈ ? ਪਰ ਸੁਆਮੀ, ਅੱਖੀਂ ਮੀਟਕਰ ਨੱਕ ਪਕੜੇ, ਸੰਸਾਰ ਨੂੰ ਠੱਗਣ ਲਈ, ਇਹ ਠੱਗੀ ਬਗੀ, ਇੱਕ ਦਿਨ ਤੇਰੇ ਗਲ ਪਵੇਗੀ । ਗਤ ਮੁਕਤ ਜੋ ਹੈ, ਸ੍ਰੀ ਰਾਮ ਨਾਮ ਸਿਮਰਣੇ ਵਿੱਚ ਹੈ, ਇਸ ਕਲਿ ਕਾਲ ਦੇ ਪਹਿਰੇ ਵਿੱਚ, ਸ੍ਰੀ ਰਾਮ ਨਾਮ ਸਾਰ ਵਸਤੁ ਹੈ, ਸੋ ਸਿਮਰਿਆ ਕਰ । ਸੁਣ ਸੁਆਮੀ, ਜੋ ਕੋਈ ਸੁੱਧ ਆਤਮੇ ਸ੍ਰੀ ਰਾਮ ਨਾਮ ਸਿਮਰੇਗਾ, ਸੋ ਮੁਕਤ ਹੋਵੇਗਾ, ਬਿਨਾ ਰਾਮ ਨਾਮ ਸਿਮਰੇ, ਹੋਰ ਸੇਵਾ ਪੂਜਾ ਤਪ ਤੀਰਥ ਦਿਵਾਲੇ ਦੀ ਹੈ ਅਤੇ ਸੱਭ ਬਾਦ ਹੈ। ਕਲਿ ਜੁਗ ਵਿੱਚ, ਜੇ ਕੋਈ ਮੁਕਤ ਚਾਹੇ, ਸੋ ਪੂਰੇ ਸਤਗੁਰ ਨੂੰ ਮਿਲਕਰ ਰਾਮ ਨਾਮ ਜਪੇ, ਸੋਈ ਤਰੇਗਾ । ਸੁਣ ਸੁਆਮੀ ਦੇਉਤਾ, ਤੂੰ ਜੋ ਪੂਜਾ ਕਰਦਾ ਹੈ, ਕਪਟ, ਭਗਲ, ਸੱਭ ਛੱਡ ਦੇਹੁ । ਤਾਂ ਬ੍ਰਾਹਮਣ ਫ਼ੇਰ ਬੇਨਤੀ ਕੀਤੀ, ਕਿ ਹੇ ਮਹਾਰਾਜ ਜੀ, ਇਹ ਜੋ ਧਨ ਤੁਸਾਂ ਮੈਂਨੂੰ ਦੱਸਿਆ ਹੈ, ਮਗਰ ਪਿੱਛੇ, ਇਹ ਤੁਸਾਂ ਧਰਿਆ ਹੋਇਆ ਸਾ ? ਯਾ ਕਿਸੇ ਦਾ ਧਰਾਇਆ ਹੋਇਆ ਸਾ ? ਤੁਸੀਂ ਕਿਉਂ ਕਰ ਜਾਣਦੇ ਆਹੇ ? ਜਿਉ ਹੈ, ਤਿਉਂ ਕਹੀਐ। ਤਾਂ ਸ੍ਰੀ ਗੁਰੂ ਜੀ ਕਹਿਆ, ਸੁਣ ਸੁਆਮੀ ॥ ਸਬਦ ॥ ਆਟ ਸੇਤੀ ਨਾਕ ਪਕੜੇ, ਸੂਝਤੇ ਤਿੰਨ ਲੋਇ । ਮਗਰ ਪਾਛੇ ਕਛੂ ਨ ਸੂਝੈ, ਏਹੁ ਪਦਮ ਅਲੋਇ ॥ ਅਰਥ ॥ ਸਾਹਿਬ ਕਹਿਆ ਹੈ । ਹੇ ਸੁਆਮੀ, ਤੂੰ ਜੋ ਕਹਿੰਦਾ ਸਾ ਤਿੰਨ ਲੋਕ ਮੈਂਨੂੰ ਸੁੱਝਦੇ ਨਜਰੀ ਆਂਵਦੇ ਹਨ, ਅਖੀਂ ਮੀਟਿਆਂ ਧਿਆਨ ਕਰਿਆਂ ਤੇ ? ਅਤੇ ਤੈਂਨੂ ਇਸ ਧਨ ਦੀ ਖਬਰ ਨਾ ਸੀ, ਜੋ ਧਨ ਮਗਰ ਪਿੱਛੇ ਸਾ ਤੂ ਝੂਠ ਕਿਉਂ ਕਹਿੰਦਾ ਸਾ ? ਤਾਂ ਬ੍ਰਾਹਮਣ ਕਹਿਆ ਜੀ, ਜੇ ਅਸੀਂ ਸੱਚੇ ਹੁੰਦੇ, ਤਾਂ ਅਸਾ ਨੂੰ ਸੁੱਝੇ, ਅਸੀਂ ਝੂਠੇ, ਅਸਾਡੀ ਕਰਤੂਤ ਭੀ ਝੂਠੀ ਹੈ, ਸਾਨੂੰ ਕਿਉਂ ਕਰ ਨਜਰੀ ਆਵੇ ਜੀ ? ਤਾਂ ਸ੍ਰੀ ਗੁਰੂ ਜੀ ਕਹਿਆ, ਹੇ ਸੁਆਮੀ, ਸੱਚੇ ਦਿਲਾਂ ਨੂੰ ਸਭ ਕੁਛ ਸੁੱਝਦਾ ਹੈ । ਝੂਠਿਆਂ ਨੂੰ ਕੁਛ ਨਹੀਂ ਸੁੱਝਦਾ । ਸੁਣ ਸੁਆਮੀ ਦੇਉਤਾ, ਇਸ ਦੁਨੀਆ ਵਿੱਚ ਜਿਤਨੀ ਮਾਇਆ ਹੈ,ਸੋ ਸੱਭੋ ਇਸ ਧਰਤੀ ਵਿੱਚਦੱਬੀ ਹੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਖਾ ਕੋਈ ਨਹੀਂ ਗਇਆ ਹੰਡਾਇ ਕੋਈ ਨਹੀਂ ਗਇਆ। ਚਹੁੰ ਜੁਗਾਂ ਦੀ ਮਾਇਆ ਸੱਭੇ ਇਕੱਠੀ ਕਰ ਕਰ ਦੱਬ ਦੱਬ ਗਏ ਹੈਨ। ਖਾਧਾ ਅੰਨ, ਪੀੱਤਾ ਪਾਣੀ, ਹੰਡਾਇਆ ਕੱਪੜਾ। ਨਾ ਕਿਸੇ ਸੋਨਾ ਖਾਧਾ, ਨਾ ਕਿਸੇ ਰੁੱਪਾ ਖਾਧਾ, ਨਾ ਕਿਸੇ ਤਾਂਬਾ ਖਾਧਾ। ਇਹ ਚੱਲਣ ਜਗਤ ਵਿੱਚ ਕਰ ਦਿੱਤਾ ਹੈ। ਇਉਂਕਰ ਬਿਉਹਾਰ ਚੱਲਦਾ ਹੈ। ਸੁਣ ਸੁਆਮੀ ਦੇਉਤਾ, ਜੋ ਸ੍ਰੀ ਪਰਮੇਸੁਰ ਜੀ ਦੇ ਭਗਤ ਹਨ, ਸੋ ਸੱਭੇ ਪਰ ਉਪਾਕਰੀ ਹਨ। ਸੋ ਮਾਇਆ ਤੇ ਰਹਿਤ ਹਨ। ਤਿਨ੍ਹਾਂ ਦੀ ਦਿੱਬ ਦਿਸਟ ਹੈ। ਉਨ੍ਹਾਂ ਦੀ ਚਰਮ ਦਿਸਟ ਨਹੀਂ। ਸੱਚਿਆਰਾਂ ਸਾਧਾਂ ਨੂੰ ਸਭ ਕੁਛ ਸੁੱਝਦਾ ਹੈ। ਸੁਣ ਸੁਆਮੀ, ਤੂੰ ਝੂਠ ਕਹਿੰਦਾ ਹੈਂ, ਜੋ ਅੱਖੀਂ ਮੀਟਿਆਂ ਮੈਂਨੂੰ ਤਿੰਨ ਲੋਕ ਸੁੱਝਦੇ ਹਨ, ਅਰ ਮਗਰ ਪਿੱਛੇ ਪਇਆ ਮਾਲ ਧਨ, ਤੈਂਨੂੰ ਨਜਰ ਨਾ ਸਾ ਆਉਂਦਾ। ਅਤੇ ਜੋ ਸ੍ਰੀ ਪਰਮੇਸੁਰ ਜੀ ਦੇ ਸਚਿ-ਆਰ ਸੰਤ ਹਨ, ਤਿਨ੍ਹਾਂ ਨੂੰ ਸੱਭ ਕੁਝ ਸੁੱਝਦਾ ਹੈ॥ ੧੦ ॥

॥੧੧॥ ਸਾਖੀ ਆਰਤੀ ਸੋਹਿਲੇ ਦੀ ॥

ਤਾਂ ਇੱਕ ਦਿਨ ਸ੍ਰੀ ਗੁਰੂ ਜੀ ਕੀ ਦੇਖਦੇ ਹਨ, ਜੋ ਸੰਸਾਰ ਨੂੰ ਕੁਛ ਖਬਰ ਨਹੀਂ, ਜੋ ਕਿਆ ਵਰਤਾਰਾ ਵਰਤਦਾ ਹੈ। ਸ੍ਰੀ ਪਰਮੇਸੁਰ ਜੀ ਦੀ ਦਰਗਾਹਿ ਵਿੱਚ, ਜਿਹੇ ਜਿਹੇ ਕਰਮ ਕਮਾਈਦੇ ਹਨ, ਤੇਹੇ ਤੇਹੇ ਦਾ ਬੀਚਾਰ ਹੁੰਦਾ ਹੈ। ਸ੍ਰੀ ਪਰਮੇਸੁਰ ਜੀ ਦੀ ਦਰਗਾਹਿ ਵਿੱਚ, ਪੁੰਨਾਂ ਅਤੇ ਪਾਪਾਂ ਦੇ ਦਫ-ਤਰ ਲਿਖੀਦੇ ਹਨ, ਪਾਪਾਂ ਨੂੰ ਸਜਾਇ ਲਿਖੀਦੀ ਹੈ, ਪੁੰਨਾਂ ਨੂੰ ਬਖਸ਼ ਲਿਖੀ ਹੈ, ਪਰ ਭਾਈ ਬਾਲਾ, ਸੰਸਾਰ ਪਾਪ ਹੀ ਨੂੰ ਲੱਗ ਰਹਿਆ ਹੈ। ਤਾਂ ਸ੍ਰੀ ਬਾਬੇ ਨਾਨਕ ਜੀ ਕਹਿਆ, ਏ ਸ੍ਰੀ ਪਾਰਬ੍ਰਹਮਜੀ, ਜੇਹੀ ਤੈਂ ਮੈਂਨੂੰ ਮੱਤ ਦਿੱਤੀ ਹੈ, ਤੇਹੀ ਮੈਂ ਕਹਿੰਦਾ ਹਾਂ, ਅੱਗੇ ਤੇਰੀ ਤੂੰ ਜਾਣੇ। ਤਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਮੱਥਾ ਟੇਕਿਆ, ਟੇਕਕੇ ਕਰਤੇ ਪੁਰਖ ਜੀ ਦੇ ਅੱਗੇ ਖੜਾ ਹੋਇਕੇ ਆਰਤੀ ਲੱਗਾ ਗਾਉਣ। ਸਬਦ, ਰਾਗ ਧਨਾਸਰੀ ਵਿੱਚ:–

ਗਗਨ ਮੈਂ ਥਾਲ, ਰਵਿ ਚੰਦ ਦੀਪਕ ਬਣੇ, ਤਾਰਕਾ ਮੰਡਲਾ ਜਨਕ ਮੋਤੀ॥ ਧੂਪ ਮਲ ਆਨਲੋ, ਪਉਣ ਚਉਰੋ ਕਰੈ, ਸਕਲ ਬਨ ਰਾਇ ਫੂਲੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਤੀ ॥ ੧ ॥ ਕਸੀ ਆਰਤੀ ਹੋਇ, ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਬਾਜੰਤ ਭੇਰੀ ॥ ਰਹਾਉ ॥ ਸਹੰਸ ਤਵ ਨੈਨ, ਨਨ, ਨੈਨ ਹੈ ਤੋਹਿ, ਕਉ ਸਹੰਸ ਮੂਰਤ, ਨਨਾ ਏਕ ਤੋਹੀ ॥ ਸਹੰਸ ਪਦ ਬਿਮਲ, ਨਨ, ਏਕ ਪਦ ਗੰਧ ਬਿਨ, ਸਹੰਸ ਤਵ ਗੰਧ, ਇਵ ਚਲਤ ਮੋਹੀ ॥ ਸਭ ਮੇਂ ਜੋਤ ਜੋਤ ਹੈ ਸੋਇ। ਤਿਸ ਦੇ ਚਾਨਣ ਸਭ ਮੇਂ ਚਾਨਣ ਹੋਇ। ਗੁਰੂ ਸਾਖੀ ਜੋਤ ਪਰ-ਗਟ ਹੋਇ। ਜੋ ਤਿਸ ਭਾਵੇ, ਸੋ ਆਰਤੀ ਹੋਇ ॥ ਹਰਿ ਚਰਣ ਕਵਲ ਮਕਰੰਦ ਲੋਭਤ ਮਨੋ, ਅਨਦਿਨੋ ਮੋਹਿ ਆਹੀ ਪਿਆਸਾ। ਕਿਰਪਾ ਜਲ ਦੇਹੁ ਨਾਨਕ ਸਾਰਿੰਗ ਕਉ, ਹੋਇ ਜਾਤੇ ਤੇਰੇ ਨਾਇ ਵਾਸਾ ॥ ਅਰਥ ॥ ਅਸਮਾਨ ਅਰ ਧਰਤੀ, ਏਹ ਦੋਨੋਂ ਮੰਡਲ ਤੇਰੇ ਥਾਲ ਹਨ ਜੀ। ਅਰ ਤਾਰੇ, ਤੇਰੇ ਥਾਲਾਂ ਵਿੱਚ ਮੋਤੀ ਹਨ। ਅਤੇ ਸੂਰਜ, ਚੰਦ੍ਰਮਾ, ਦੋਨੋਂ ਦੀਪਕ ਹਨ। ਧਰਤੀ ਦੀ ਬਾਸਨਾ, ਤੈਨੂੰ ਧੂਪ ਹੈ ਜੀ, ਅਰ ਪਉਣ, ਤੈਨੂੰ ਚਉਰ ਹੈ ਜੀ, ਅਰ ਜਿਤਨੀ ਬਨਰਾਇ ਹੈ, ਇਹੀ ਤੈਨੂੰ ਫੁੱਲ ਹਨ। ਜਿਤਨੇ ਜਗ ਜੀਵਾਂ ਦੇ ਮੁਖ ਹਨ, ਅਰ ਨੇਤ੍ਰ ਹਨ, ਇਨ੍ਹਾਂ ਨੇਤ੍ਰਾਂ ਦੀ ਜੋਤ ਵਿੱਚ, ਤੇਰੀ ਹੀ ਜੋਤ ਹੈ, ਅਰ ਤੇਰੀ ਹੀ ਜੋਤ ਤੇ ਉਨ੍ਹਾਂ ਨੂੰ ਉਜਾਲਾ ਹੈ। ਅਰ ਸਹੰਸ ਮੂਰਤਾਂ ਵਿੱਚ, ਇੱਕ ਤੂੰ ਹੀ ਮੂਰਤ ਸਮਾਇ ਰਹਿਆ ਹੈਂ, ਅਰ ਸਹੰਸ ਤੇਰੇ ਪਦ ਬਿਮਲ ਹਨ, ਅਰ ਗੰਧਰਬ ਜੋ ਹੈਂ ਦੇਉਤੇ ਤੇ ਭੀ ਤੇਰੇ ਹੀ ਪਦ ਨੂੰ ਧਿਆਉਂਦੇ ਹਨ, ਅਰ ਕੈਈ ਅਸੰਖ ਗੰਧਰਬ, ਤੇ ਹੋਰ ਸੁਰ, ਨਰ ਮੁਨਿ ਜਨ, ਇਸ ਤੇਰੇ ਚਲਤ ਸਾਥ ਮੋਹੇ ਗਏ ਹਨ। ਤੇਰੇ ਇੱਕ ਚਲਤ ਦਾ ਕੋਈ ਅੰਤ ਨਾਹੀਂ ਪਾਇ ਸੱਕ-ਦਾ, ਅਰ ਉਸਤਤ ਭੀ ਨਾਹੀਂ ਕਰ ਸੱਕਦਾ। ਮੈਂ ਤੇਰੀ ਆਰਤੀ ਕਿਉਂਕਰ ਕਰ ਸੱਕਾਂ ਜੀ। ਹੇ ਸ੍ਰੀ ਠਾਕੁਰ ਜੀ, ਜਿਤਨਿਆਂ ਜੀਆਂ ਵਿੱਚ ਜੋਤ ਹੈ, ਸੋ ਏਹੋ ਸ੍ਰੀ ਪਰਮੇਸੁਰ ਜੀ ਦਾ ਰੂਪ ਹੈ, ਸ੍ਰੀ ਪਰਮੇਸੁਰ ਜੀ ਦੀ ਜੋਤ, ਘਟ ਘਟ ਵਿਖੇ ਸਮਾਇ ਰਹੀ ਹੈ। ਓਸੇ ਦੀ ਜੋਤ ਨਾਲ, ਸਰਬ ਵਿੱਚ ਚਾਨਣਾ ਹੈ। ਹਰਿ ਜੀ ਦੇ ਜੋ ਚਰਣ ਕਮਲ ਹਨ, ਸੋਈ ਕਉਲ ਹਨ, ਅਰ ਮਕਰੰਦ ਜੋ ਹੈ, ਸੋ ਮੇਰਾ ਮਨ ਹੈ, ਮਕਰੰਦ ਕਹੀਏ ਚਰਨਾਂ ਦੀ ਰਜ, ਤਿਸ ਸਾਥ ਮੇਰਾ ਮਨ ਲੁਭਾਇ ਰਹਿਆ ਹੈ। ਜਿਉਂ ਕਉਲ ਨਾਲ ਭੌਰ ਲੁਭਾਇ ਰਹਿੰਦਾ ਹੈ, ਤਿਉਂ ਮੇਰਾ ਮਨ ਭੀ ਸ੍ਰੀ ਠਾਕੁਰ ਜੀ ਦੇ ਚਰਣ ਕਮਲਾਂ ਨਾਲ ਲੁਭਾਇ ਰਹਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਦਿਨ ਰੈਨ ਮੈਂਨੂੰ ਇਹ ਤ੍ਰਿਸਨਾ ਲੱਗ ਰਹੀ ਹੈ,ਪਰ ਇਸ ਦੀ ਨਿਆਈਂ? ਜਿਉਂ ਚਾਤ੍ਰਕ ਦਿਨ ਰੈਨ ਮੇਘ ਬੂੰਦ ਲਈ ਬਿਲਾਪਤ ਕਰਦਾ ਹੈ, ਤਿਉਂ ਮੇਰਾ ਮਨ ਭੀ ਸ੍ਰੀ ਠਾਕੁਰ ਜੀਦੇ ਨਾਮ ਦਾ ਪਿਆਸਾ ਬਿਲਾਪਤ ਕਰਦਾ ਹੈ। ਹੇ ਸ੍ਰੀ ਪਾਰ ਬ੍ਰਹਮਜੀ,ਤੂੰ ਆਪਣੀ ਕਿਰਪਾ ਕਰਕੇ ਆਪਣੇ ਨਾਮ ਦਾ ਜਲ ਮੈਂਨੂੰ ਦੇਹੁ ਜਿਸਦੇ ਪੀਣੇ ਤੇ ਮੇਰੀ ਤ੍ਰਿਸਨਾ ਦੀ ਪਿਆਸ ਬੁਝਕੇ ਤੇਰੇ ਨਾਮ ਵਿੱਚ ਮੇਰਾ ਨਿਵਾਸ ਹੋਵੇ ॥ ੧੧ ॥

॥੧੨॥ ਸਾਖੀ ਸੰਗਲਾ ਵਿੱਚ ਰਾਜੇ ਸ਼ਿਵ ਨਾਭ ਨਾਲ ॥

ਸੰਗਲਾ ਦੀਪ ਦੇ ਸ਼ਹਿਰ, ਰਾਜੇ ਸਿਵ ਨਾਭ ਦੀ ਨਗਰੀ ਵਿੱਚ, ਗੁਰੂ ਨਾਨਕ ਜੀ ਗਏ। ਉੱਥੋਂ ਦਾ ਰਾਜਾ ਸਿਵ ਨਾਭ ਕੇਹਾ ਆਹਾ, ਕਿ ਜੋ ਕੋਈ ਪੁੱਤ੍ਰ ਮੰਗੇ, ਤਾਂ ਪੁੱਤ੍ਰ ਦਿੰਦਾ ਸਾ, ਜੋ ਕੋਈ ਮੀਂਹ ਮੰਗੇ, ਤਾਂ ਮੀਂਹ ਦਿੰਦਾ ਸਾ, ਕ-ਲਾਵਾਨ ਆਹਾ। ਜਾਂ ਗੁਰੂ ਨਾਨਕ ਜੀ ਉੱਥੇ ਜਾਇ ਬੈਠੇ, ਤਾਂ ਕਲਾ ਉਸ ਦੀ ਹਿਰ ਗਈ, ਜੋ ਕੋਈ ਕੁਝ ਮੰਗੇ, ਸੋ ਹੋਵੇ ਨਾਹੀਂ। ਤਾਂ ਰਾਜਾ ਬਿਸਮਾਦ ਹੋਇਆ ਅਤੇ ਵਜੀਰ ਨੂੰ ਕਹਿਆ, ਅਰੇ ਪਰਸ ਰਾਮ ਇਹ ਕਿਆ ਹੋਇਆ ? ਅਸਾਡੀ ਨੱਗਰੀ ਵਿੱਚ ਕਿੰਨੀਂ ਕੁਝ ਪਾਪ ਕੀੱਤਾ ਹੈ ? ਤਾਂ ਪਰਸ ਰਾਮ ਕਹਿਆ ਰਾਜਾਜੀ ਪਾਪ ਤਾਂ ਕਿਨੇਂ ਨਾਹੀਂ ਕੀੱਤਾ,ਪਰ ਤੇਰੀ ਨੱਗਰੀ ਵਿੱਚ ਇੱਕ ਅਤੀਤ ਆਇਆ ਹੈ, ਉਸ ਦੇ ਨਾਲ ਦੋਇ ਚੇਲੇ ਹਨ, ਇਹ ਕੁਛ ਹੋਇਆ ਹੈ। ਰਾਜੇ ਕਹਿਆ ਏ ਪਰਸਰਾਮ ! ਉਨ੍ਹਾਂ ਦੀ ਖਬਰ ਲੇ। ਤਾਂ ਪਰਸ ਰਾਮ ਹੱਛੇ ਭੋਜਨ ਬਣਾਕੇ ਲੈ ਚੱਲਿਆ, ਜਾਇ ਗੁਰੂ ਨਾਨਕ ਜੀ ਦੇ ਅੱਗੇ ਰੱਖੇ। ਤਾਂ ਗੁਰੂ ਨਾਨਕ ਜੀ ਆ-ਖਿਆ ਕਿਆ ਹੈ ਭਾਈ ? ਤਾਂ ਵਜੀਰ ਪਰਸ ਰਾਮ ਕਹਿਆ, ਸਾਧ ਜੀ ਇਹ ਭੋਜਨ ਹੈ, ਤੁਸਾਨੂੰ ਰਾਜੇ ਸਿਵਨਾਭ ਭੇਜਿਆ ਹੈ। ਤਾਂ ਗੁਰੂ ਨਾਨਕ ਜੀ ਰਾਗ ਮਾਰੂ ਵਿੱਚ ਸ਼ਬਦ ਕਹਿਆ ॥ ਰਸ ਕਸ ਸੁਆਦ ਅਨੇਕ ਹੈਂ, ਬਿਖ ਫਲ ਮੀਠੇ ਚਾਖ। ਕ੍ਰਿਪਾ ਕਰੇ ਜਿਸ ਆਪਣੀ, ਤਾਂਕੋ ਆਖੇ ਰਾਸ ॥ ੧ ॥ ਪਰਸਰਾਮ ਭੋਜਣ ਫੇਰ ਲੈ ਗਿਆ। ਜਾਇ ਰਾਜੇ ਨੂੰ ਆਖਿਆ, ਰਾਜਾ ਜੀ ਉਹ ਭੋਜਨ ਖਾਂਦਾ ਨਾਹੀਂ। ਤਾਂ ਰਾਜੇ ਕਹਿਆ ਅਰੇ ਪਰਸ ਰਾਮ ਉਹ ਕਿਸ ਗੱਲਦਾ ਬੁਪਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ? ਤਾਂ ਪਰਸ ਰਾਮ ਕਹਿਆ, ਜੀ ਮੈਂ ਕਹਿ ਨਾਹੀਂ ਸੱਕਦਾ । ਜੇ ਹੁਕਮ ਹੋਵੇ ਤਾਂ ਮੈਂ ਅਪੱਛਰਾਂ ਬਣਾਇ ਲੈ ਜਾਵਾਂ ? ਤਾਂ ਰਾਜੇ ਕਹਿਆ, ਪਰਸਰਾਮ ਭਲੀ ਬਾਤ ਹੈ । ਪਰਸ ਰਾਮ ਅਪੱਛਰਾਂ ਬਣਾਇ ਲੇ ਆਇਆ, ਆਇਕੇ ਖੜੀਆਂ ਹੋਈਆਂ । ਕੈਸਾ ਬੁਪਾਰੀ ? ਪਰਸ ਰਾਮ ਸੁਣ ਬਾਤ ਹਮਾਰੀ । ਫੇਰ ਗੁਰੂ ਨਾ-ਨਕ ਪਉੜੀ ਆਖੀ ॥ ਏਹ ਬਿਖ ਭਰੀਆਂ ਗੰਦਲਾਂ, ਧਰੀਆਂ ਖੰਡ ਲਵਾੜ । ਸੁੰਦਰ ਰੂਪ ਅਪਾਰ ਹੈਂ ਦੇਤੀ ਜਨਮ ਵਿਗਾੜ ॥ ੨ ॥ ਤਾਂ ਫੇਰ ਪਰਸ ਰਾਮ ਰਾਜੇ ਪਾਸ ਜਾਇ ਕਹਿਆ, ਜੀ ਅਪੱਛਰਾਂ ਭੀ ਨਾਹੀਂ ਲੀਤੀਆਂ । ਰਾਜੇ ਕਹਿਆ, ਪਰਸ ਰਾਮ ਸੀਤਕਾਲ ਹੈ, ਭਲੇ ਬਸਤ੍ਰ ਲੈ ਜਾਹ । ਤਾਂ ਪਰਸ ਰਾਮ ਹੱਛੇ ਬਸਤ੍ਰ ਲੈ ਗਇਆ, ਆਣ ਗੁਰੁ ਨਾਨਕ ਜੀਦੇ ਅੱਗੇ ਰੱਖੇ। ਤਾਂ ਗੁਰੂ ਨਾਨਕ ਜੀ ਤੀੱਜੀ ਪਉੜੀ ਆਖੀ ॥ ਕਾਇਆਂ ਕੱਪੜ ਕੂੜ ਹੈ, ਇਸ ਕੋ ਦੇਖ ਨ ਭੂਲ । ਸੁਇਨਾ, ਰੁੱਪਾ, ਮਾਲ, ਧਨ, ਏਹੀ ਨਰਕ ਕੇ ਮੂਲ ॥ ੩ ॥ ਤਾਂ ਪਰਸ ਰਾਮ ਵਜੀਰ ਕਹਿਆ ਤੁਸੀਂ ਆਪਣਾ ਪਰੋਜਨ ਕਹੋ, ਤਾਂ ਗੁਰੂ ਜੀ ਚੌਥੀ ਪਉੜੀ ਆਖੀ ॥ ਅਪਣਾ ਹੁਕਮ ਨਿਵਾਰ ਤੂੰ, ਅਜਮਤ ਝੂਠੀ ਬਾਤ । ਭਾਣਾ ਮੰਨ ਕਰਤਾਰ ਦਾ, ਹਿਰਦੇ ਉਪਜੀ ਸਾਂਤ ॥ ੪ ॥ ਤਾਂ ਪਰਸ ਰਾਮ ਰਾਜੇ ਪਾਸ ਜਾਇ ਕਹਿਆ, ਰਾਜਾ ਜੀ ਉਹ ਕੁਝ ਹੋਰ ਹੀ ਬਚਨ ਕਰਦਾ ਹੈ । ਰਾਜਾ ਜੀ ਤੁਸਾਡੀ ਅਜਮਤ ਦੀ ਨਿੰਦਿਆ ਕਰਦਾ ਹੈ । ਰਾਜਾ ਖਬਰਦਾਰ ਆਹਾ, ਆਪ ਹੀ ਗੁਰੂ ਨਾਨਕ ਪਾਸ ਆਇਆ ਅਤੇ ਹੱਥ ਜੋੜ ਨਾਨਕ ਜੀ ਅੱਗੇ ਖੜਾ ਹੋਇਆ । ਤਾਂ ਗੁਰੁ ਨਾਨਕ ਭੋਗ ਦੀ ਪਉੜੀ ਆਖੀ । ਸੁਨ ਰਾਜਾ ਸਿਉ ਨਾਭ ਤੂੰ, ਮਤ ਬੁਧ ਤੇਰੀ ਰਾਸ । ਨਾਨਕ ਪੜਦਾ ਦੂਰ ਕਰ, ਹੋਵੇਂ ਦਾਸਨ ਦਾਸ ॥ ੫ ॥ ਰਾਜਾ ਸਿਵ ਨਾਭ ਗੁਰੂ ਨਾਨਕ ਦੇ ਚਰਣਾਂ ਤੇ ਢਹਿ ਪਇਆ । ਆੱਖਣ ਲੱਗਾ ਜੀ, ਮੈਂਨੂੰ ਕਿਰਤਾਰਥ ਕਰੋ । ਤਾਂ ਗੁਰੂ ਨਾਨਕ ਜੀ ਰਾਜੇ ਤੇ ਬਹੁਤ ਖੁਸ਼ੀ ਹੋਇਆ, ਇਹ ਹਕੀਕਤ ਸੁਣ ਕਰ ਗੁਰੂ ਅੰਗਦ ਜੀ ਨੂੰ ਰੰਗ ਚੜ੍ਹ ਗਇਆ । ਗੁਰੂ ਅੰਗਦ ਜੀ ਸਤਾਈ ਪਹਿਰ ਇੱਕ ਰੰਗ ਹੀ ਰਹੇ, ਐਸੀ ਲਾਲੀ ਚੜ੍ਹੀ, ਜੋ ਕੋਈ ਉਸ ਲਾਲੀ ਨੂੰ ਸਹੀ ਨਾ ਕਰ ਸੱਕੇ । ਜਾਂ ਫੇਰ ਗੁਰੂ ਅੰਗਦ ਜੀ ਅੱਖੀਂ ਖੋਲੀਆਂ ਦੇਹ ਵਿੱਚ ਆਏ, ਤਾਂ ਆਖਿਆ, ਆਖ ਭਾਈ ਬਾਲਾ ਤਾਂ ਭਾਈ ਬਾਲਾ ਲੱਗਾ ਲਿਖਾਵਣ । ਤਾਂ ਰਾਜਾ ਸ਼ਿਵ ਨਾਭ ਗੁਰੂ ਨਾਨਕ ਜੀ ਨੂੰ ਮੰਦਰਾਂ ਵਿੱਚ ਲੈ ਗਇਆ, ਤੇ ਲੱਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੱਛਣ ਜੀ ਤੁਸਾਡਾ ਨਾਉਂ ਕਿਆ ਹੈ? ਤੁਸੀਂ ਜੋਗੀ ਪੁਰਖ ਹੋ? ਤਾਂ ਗੁਰੂ ਨਾਨਕ ਜੀ ਰਾਗ ਮਾਰੂ ਵਿੱਚ ਸ਼ਬਦ ਬੋਲਿਆ ॥ ਜੋਗੀ ਜੁਗਤ ਨਾਮ ਨਿਰਮਾ-ਇਲ, ਤਾਂਕੇ ਮੈਲ ਨਾ ਰਾਤੀ। ਪਰੀਤਮ ਨਾਥ ਸਦਾ ਸਤਸੰਗੇ, ਜਨਮ ਮਰਨ ਗਤ ਬੀਤੀ। ਗੁਸਾਈਂ, ਤੇਰਾ ਕਵਨ ਨਾਮ, ਕੈਸੇ ਜਾਤੀ। ਜਬ ਘਟ ਭੀਤਰ ਮਹਲ ਬੁਲਾਵੇ, ਪੂਛੇ ਬਾਤ ਨਿਰੰਤੀ ॥ ੧ ॥ ਰਹਾਉ ॥ ਫੇਰ ਰਾਜੇ ਪੁੱਛਿਆ ਜੀ ਤੁਸੀਂ ਬ੍ਰਾਹਮਣ ਹੋ? ਗੁਰੂ ਨਾਨਕ ਜੀ ਦੂਜੀ ਪਉੜੀ ਆਖੀ ॥ ਬ੍ਰਾਹਮਣ ਸੋ ਜੋ ਬ੍ਰਹਮ ਬਿਚਾਰੇ, ਪੂਜੇ ਹਰਿ ਗੁਣ ਪਾਤੀ। ਏਕੋ ਨਾਮ ਹੋਕੇ ਨਾਰਾਇਣ, ਤ੍ਰਿਭਵਨ ਏਕਾ ਜੋਤੀ ॥ ੨ ॥ ਤਾਂ ਫੇਰ ਰਾਜੇ ਨੇ ਪੁੱਛਿਆ, ਜੀ ਤੁਸੀਂ ਖੱਤ੍ਰੀ ਹੋ? ਗੁਰੂ ਨਾਨਕ ਜੀ, ਤੀਜੀ ਪਉੜੀ ਆਖੀ। ਇਹਿ ਘਟ ਛਾਬਾ, ਜਿਹਵਾ ਡੰਡੀ, ਤੋਲੇ ਨਾਮ ਅਜਾਚੀ। ਏਕੋ ਹਾਟ ਸਾਹੁ ਸਭਨਾ ਸਿਰ, ਵਣਜਾਰੇ ਇਕ ਭਾਂਤੀ। ਦੋਵੇਂ ਸਿਰੇ ਸਤ ਗੁਰੂ ਨਬੇੜੇ, ਸੋ ਬੂਝੇ, ਜਿਸ ਟੇਕ ਲਿਵ ਲਾਗੀ। ਜੀਉ ਰਹੇ ਨਿਭਰਾਤੀ। ਸਬਦ ਵਸਾਏ ਭਸਮ ਚੁਕਾਏ, ਸਦਾ ਸੇਵਕ ਦਿਨ ਰਾਤੀ॥੩॥ ਫੇਰ ਰਾਜੇ ਪੁੱਛਿਆ ਜੀ ਤੁਸੀਂ ਗੋਰਖ ਹੋ? ਤਾਂ ਗੁਰੂ ਨਾਨਕ ਜੀ, ਭੋਗ ਦੀ ਪਉੜੀ ਆਖੀ ॥ ਊਪਰ ਗਗਨ, ਗਗਨ ਪਰ ਗੋਰਖ, ਤਾਂਕਾ ਅਗਮ ਰੂਪ ਨਿ-ਵਾਸੀ। ਗੁਰੂ ਬਚਨੀ ਬਾਹਰ ਘਰ ਏਕੋ, ਨਾਨਕ ਭਇਆ ਉਦਾਸੀ ॥ ੪ ॥ ਤਾਂ ਰਾਜਾ ਸਿਵ ਨਾਭ,ਗੁਰੂ ਨਾਨਕ ਜੀ ਦਾ ਸਿੱਖ ਹੋਇਆ, ਲੱਗਾ ਨਿਰੰਕਾਰ ਜਪਣ, ਅਤੇ ਨੱਗਰ ਦੇ ਲੋਕਾਂ ਨੂੰ ਲੱਗਾ ਜਪਾਵਣ। ਤਿੱਥੇ ਗੁਰੂ ਨਾਨਕ ਪ੍ਰਾਣ ਸੰਗਲੀ ਉਚਰੀ। ਇੱਕ ਸੌ ਤੇਰਾਂ ਧਿਆਇ ਬੋਲੇ। ਦੋਇ ਵਰ੍ਹੇ ਅਤੇ ਪੰਜ ਮਹੀਨੇ, ਰਾਜੇ ਸਿਵ ਨਾਭ ਪਾਸ ਗੁਰੂ ਨਾਨਕ ਰਹਿਆ। ਜਾਂ ਚੱਲਣ ਲੱਗੇ, ਤਾਂ ਰਾਜੇ ਕਹਿਆ ਗੁਰੂ ਜੀ ਇੱਥੇ ਹੀ ਰਹੋ। ਤਾਂ ਗੁਰੂ ਨਾਨਕ ਕਹਿਆ, ਭਾਈ ਸਿਵ ਨਾਭ, ਅਸਾਂ ਜਰੂਰ ਜਾਣਾ ਹੈ। ਰਾਜੇ ਮੱਥਾ ਟੇਕਿਆ। ਗੁਰੂ ਨਾਨਕ ਜੀ ਕਹਿਆ, ਭਾਈ ਤੈਂਨੂੰ ਕਰਤਾਰ ਚਿੱਤ ਆਵੇ। ਰਾਜੇ ਨੂੰ ਮੰਜੀ ਬੈਠਾਇਆ ॥ ੧੨ ॥

॥ ੧੩ ॥ ਸਾਖੀ ਮੀਏਂ ਮਿੱਠੇ ਨਾਲ ॥

ਤਾਂ ਜਾਂਦੇ ਜਾਂਦੇ ਮੀਏਂ ਮਿੱਠੇ ਦੇ ਕੋਟਲੇ ਵਿੱਚ ਜਾਇ ਨਿੱਕਲੇ। ਤੇ ਉਸ ਦੇ ਬਾਗ ਵਿੱਚ ਜਾਇ ਬੈਠੇ। ਮੀਆਂ ਮਿੱਠਾ ਸਾਹਿ ਅਬਦੁਲ ਰਹਮਾਨ ਦਾ ਮੁਰੀਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾ। ਪਹਿਲਾਂ ਗੋਸਟ ਸ੍ਰੀ ਗੁਰੂ ਜੀ ਦੀ ਅਬਦੁਲ ਰਹਮਾਨ ਨਾਲ ਹੋਈ। ਸਾਹਿ ਅਬਦੁਲ ਰਹਮਾਨ, ਬਾਗ ਵਿੱਚ ਆਇ ਬੈਠਾ, ਅਤੇ ਅੱਗੇ ਮਰਦਾਨਾ ਬੈਠਾ ਹੈ ਤਾਂ ਆਪਸ ਵਿੱਚ ਬਹੁਤ ਪਰਚੇ। ਤਾਂ ਸਾਹਿ ਅਬਦੁਲ ਰਹਮਾਨ ਕਹਿਆ, ਹੇ ਨਾਨਕ ਜੀ! ਅਸਾਨੂੰ ਅੱਜ ਤੁਸੀਂ ਬਹੁਤ ਰਾਜ਼ੁਕੀਤਾਜੀ। ਤੁਸਾਡੀ ਅਸਾਂ ਉੱਪਰ ਬਹੁਤਮਿਹਰਵਾਨੀਹੋਈਹੈ।ਤੁਸਾਂ ਆਪਨਾ ਦੀਦਾਰਦਿੱਤਾ,ਅਰਮੇਰੀਬਹੁਤਸਹਾਇਤਾ ਹੋਈ, ਤੁਸਾਡੇ ਦੀਦਾਰ ਕਰਨ ਦੀ, ਤਾਂ ਫੇਰ ਸਾਹ ਅਬਦੁਲ ਰਹਮਾਨ, ਆਪਨੇ ਘਰ ਨੂੰ ਆਇਆ, ਤਾਂ ਅੱਗੋਂ ਮੀਆਂ ਮਿੱਠਾ, ਮੁਰੀਦ ਸਾਹਿ ਅਬਦੁਲ ਰਹਮਾਨ ਦਾ ਸਾ, ਤਾਂ ਰਾਹਿ ਵਿੱਚ ਮਿਲ ਗਇਆ, ਕਹੈ ਸ਼ਾਹਿ ਜੀ, ਅੱਜ ਤਾਂ ਤੁਸੀਂ ਬਹੁਤ ਲਾਲ ਰੰਗੀਨ ਹੋਇ ਆਇ ਹੋ। ਤਾਂ ਸਾਹਿ ਅਬਦੁਲ ਰਹਮਾਨ ਕਹਿਆ, ਅੱਜ ਅਸਾਨੂੰ ਇੱਕ ਖੁਦਾਇ ਦਾ ਪਿਆਰਾ ਮਿਲਿਆ ਹੈ, ਉਸ ਦੇ ਦੀਦਾਰ ਕਰਨ ਤੇ ਅਸੀਂ ਲਾਲ ਰੰਗੀਨ ਹੋਇ ਆਏ ਹਾਂ। ਤਾਂ ਮੀਏਂ ਮਿੱਠੇ ਕਹਿਆ ਉਸਦਾ ਨਾਉਂ ਕੀ ਹੈ, ਹਿੰਦੂ ਹੈ, ਯਾ ਮੁਸਲਮਾਨ ਹੈ। ਸਾਹਿ ਅਬਦੁਲ ਰਹਮਾਨ ਕਹਿਆ, ਉਹ ਤਾਂ ਹਿੰਦੂ ਹੈ, ਅਰ ਨਾਉਂ ਨਾਨਕ ਹੈ। ਜਾਹਿ, ਤੂੰ ਭੀ ਦੀਦਾਰ ਕਰਿ ਆਉ,ਕਿਛ ਤੂੰ ਭੀ ਫੈਜ ਨੂੰ ਪਹੁੰਚੇਗਾ, ਜਾਂ ਮੀਆਂ ਮਿੱਠਾ ਭੀ ਦੀਦਾਰ ਕਰਨ ਨੂੰ ਆਇਆ, ਅੱਗੇ ਮਰਦਾਨਾ ਸ੍ਰੀ ਰਾਗ ਵਿੱਚ ਸ਼ਬਦ ਗਾਉਂਦਾ ਸੀ, ਇਹ ਤੁੱਕ ਮਰਦਾਨੇ ਦੇ ਮੂੰਹ ਵਿੱਚ ਸੀ ॥ ਪੰਖੀ ਹੋਇਕੇ ਉਡਾਂ ਸੈ ਅਸਮਾਨੀ ਜਾਉਂ। ਜਾਂਦਾ ਨਜਰ ਨ ਆਵਈ, ਨਾ ਕਿਛੁ ਪੀਆਂ ਨ ਖਾਉਂ। ਭੀ ਤੇਰੀ ਕੀਮਤ ਨ ਪਵੇ ਹਉਂ ਕੇ ਵਡ ਆਖਾਂ ਨਾਉਂ। ਇਹ ਤੁਕ ਸੁਣਦਾ ਹੀ ਮੀਆਂ ਮਿੱਠਾ ਪੂੰਜੀ ਵਿੱਚ ਭੰਗ ਪਾਇ ਆਇਆ। ਗਇਆ ਸਾ ਲਾਹੇ ਨੂੰ, ਸਗਵਾਂ ਪੂੰਜੀ ਵਿੱਚ ਘਾਟਾ ਪਾਇ ਆਇਆ ਹੈ। ਤਾਂ ਪੀਰ ਨੇ ਪੁੱਛਿਆ, ਮੀਆਂ ਦੀਦਾਰ ਕੀਤਾ? ਕਹੈ ਪੀਰ ਜੀ, ਸਲਾਮਤ, ਮੈਂ ਕਿਆ ਦੀਦਾਰ ਕਰਾਂ ਜੀ ਓਥੇ ਤਾਂ ਸਭ ਕੁਫਰੋ ਹੀ ਕੁਫਰ ਆਖੀਦਾ ਹੈ, ਤਾਂ ਮੀਏਂ ਕਹਿਆ, ਕਹੁ ਦਿਖਾ ਉੱਥੇ, ਕਿਆ ਕੁਫਰ ਆਖੀਦਾ ਹੈ? ਤਾਂ ਮੀਏਂ ਕਹਿਆ, ਅੱਗੇ ਇਹ ਬੈਤ ਆਖੀਦੀਸੀ, "ਪੰਖੀ ਹੋਇਕੇ ਜੇ ਉਡਾਂ, ਸੈ ਅਸਮਾਨੀਂ ਜਾਉਂ। ਜਾਂਦਾ ਨਜਰ ਨ ਆਵਈ, ਨ ਕਿਛੁ ਪੀਆਂ ਨ ਖਾਉਂ। ਭੀ ਤੇਰੀ ਕੀਮਤ ਨਾ ਪਵੈ, ਹਉਂ ਕੇ ਵੱਡ ਆਖਾਂ ਨਾਉਂ।" ਸੁਣੋ ਪੀਰ ਜੀ, ਅਸਾਡੇ ਹਿਸਾਬ ਵਿੱਚ ਸਭ ਚੌਦਾਂ ਤਬਕ ਹਨ, ਅਤੇ ਇਹ ਕਿਤਨਾ ਕੁਫਰ, ਸੈ ਅਸਮਾਨਾਂ ਦੇ ਆਖਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ? ਅਤੇ ਜੀ ਸੈ ਅਸਮਾਨ ਕਿੱਥੇ ਹਨ ? ਸਭ ਚੌਦਾਂ ਤਾਂ ਤਬਕ ਹਨ, ਸਤ ਹੇਠ ਸੱਤ ਉੱਪਰ। ਤਾਂ ਪੀਰ ਕਹਿਆ, ਤੂੰ ਭੁੱਲਾ ਹੈਂ; ਕਿੰਉ ? ਅਸਾਨੂੰ ਚੌਦਾਂ ਹੀ ਅਸਮਾਨਾਂ ਦੀ ਖਬਰ ਹੈ, ਅਤੇ ਉਸ ਨੂੰ ਸੈ ਅਸਮਾਨਾਂ ਦੀ ਖਬਰ ਹੈ,ਤਾਂ ਆਖਦਾ ਹੈ "ਭੀ ਤੇਰੀ ਕੀਮਤ ਨ ਪਵੈ ਹਉਂ ਕੇ ਵੱਡ ਆਖਾਂ ਨਾਉਂ" ਹੁਣ ਤੂੰ ਮੇਰੇ ਨਾਲ ਚੱਲੁ, ਤੇਰਾ ਗੁਨਾਹਿ ਬਖਸ਼ਾਇ ਲਿਆਵਾਂ। ਤਾਂ ਸ਼ਾਹਿ ਅਬਦੁਲ ਰਹਮਾਨ ਮੀਏਂ ਮਿੱਠੇ ਨੂੰ, ਸ੍ਰੀ ਗੁਰੂ ਜੀ ਪਾਸ ਲੈ ਆਇਆ, ਆਣ ਪੈਰੀਂ ਪੁਵਾਇਆ। ਹੱਥ ਬਨ੍ਹਾਕੇ ਅਰਜ ਕਹਿ ਸੁਣਾਈ, ਕਹੇ ਹੇ ਬਾਬਾਜੀ,ਇਸਦਾ ਗੁਨਾਹ ਮਾਫ ਕਰੀਏ, ਦੋਸਤੀ ਆਪਣੇ ਖੁਦਾਇ ਦੀ। ਤਾਂ ਸ੍ਰੀ ਗੁਰੂ ਜੀ ਕਹਿਆ, ਸਾਹਿ ਜੀ, ਅਸਾਂ ਤਾਂ ਇਸ ਨੂੰ ਦੇਖਿਆ ਭੀ ਨਾਹੀਂ। ਤਾਂ ਸ਼ਾਹਿ ਅਬਦੁਲ ਰਹਮਾਨ ਕਹਿਆ,ਬਾਬਾ ਜੀ ਇਹ ਆਪਣੀ ਨੀਅਤ ਪਿੱਛੇ ਮਾਰਿਆ ਗਇਆ ਹੈ, ਵਾਸਤੇ ਸਾਹਿਬ ਦੇ ਇਸ-ਦੀ ਤਕਸੀਰ ਮਾਫ਼ ਕਰੋ, ਇਹ ਬਹੁਤ ਭੁੱਲਾ ਹੈ। ਤਾਂ ਬਚਨ ਹੋਇਆ, ਜੈਸੀ ਨੀਅਤ ਤੈਸੀ ਮੁਰਾਦ, ਜੈਸਾ ਕੋਈ ਕਰੇਗਾ ਤੈਸਾ ਹੀ ਪਾਵੇਗਾ। ਤਾਂ ਸ਼ਾਹਿ ਅਬ-ਦੁਲ ਰਹਮਾਨ ਕਹਿਆ ਜੀ, ਇਹ ਫੇਰ ਮਾਰਿਆ, ਇਸਦਾ ਬਰਾਇ ਖੁਦਾ, ਗੁਨਾਹ ਮਾਫ ਕਰੋ ਇਹ ਵੱਡਾ ਗੁਨਾਹਗਾਰ ਹੈ ਜੀ, ਸਰਣ ਪਏ ਦੀ ਲਾਜ ਰੱਖ-ਣੀ। ਆਪਣੀ ਮੇਹਰ ਦੀ ਨਜ਼ਰ ਪਰ ਆਵੋ। ਤਾਂ ਗੁਰੂ ਬਾਬੇ ਦੀ ਪੈਰੀਂ, ਫੇਰ ਆਣ ਪਇਆ, ਤਾਂ ਬਚਨ ਹੋਇਆ, ਮਰਦਾਨਿਆਂ ਰਬਾਬ ਬਜਾਉ। ਤਾਂ ਸ਼ਬਦ ਬੋਲਿਆ। "ਕੋਟ ਕੋਟੀਂ ਮੇਰੀ ਆਰਜਾ, ਪਉਣ ਪਾਣੀ ਅਪਿਆਉ। ਚੰਦ ਸੂਰਜ ਦੁਇ ਗੁਫੇ ਨ ਦੇਖਾਂ, ਸੁਪਨੇ ਸਉਣ ਨ ਥਾਉਂ। ਭੀ ਤਰੀ ਕੀਮਤ ਨ ਪਵੇ, ਹਉਂ ਕੇ ਵੱਡ ਆਖਾਂ ਨਾਉਂ॥ ੧ ॥ ਸਾਚਾ ਨਿਰੰਕਾਰ ਨਿਜ ਥਾਇ। ਸੁਣਿ ਸੁਣਿਆਖਣ ਆਖਣਾ, ਜੇ ਭਾਵੇ ਕਰੇ ਤਮਾਇ ॥ ੧ ॥ ਰਹਾਉ ॥ ਕੁੱਸਾਂ ਕੱਟੀਆਂ ਵਾਰ ਵਾਰ ਪੀਸਣ ਪੀਸਾਂ ਪਾਇ। ਅੱਗੀ ਸੇਤੀ ਜਾਲੀਆਂ, ਭਸਮ ਸੇਤੀ ਰਲ ਜਾਇ। ਭੀ ਤੇਰੀ ਕੀਮਤ ਨਾ ਪਵੇ, ਹਉਂ ਕੇ ਵੱਡ ਆਖਾ ਨਾਉਂ ॥੨॥ ਪੰਖੀਂ ਹੋਇਕੇ ਜੇ ਭਵਾਂ ਸੈ ਅਸਮਾਨੀਂ ਜਾਉਂ। ਨਜਰੀ ਕਿਸੇ ਨ ਆਵਉ ਨ ਕਿਛੁ ਪੀਆਂ ਨ ਖਾਉਂ। ਭੀ ਤੇਰੀ ਕੀਮਤ ਨਾ ਪਵੈ ਹਉਂ ਕੇ ਵੱਡ ਆਖਾਂ ਨਾਉਂ ॥ ੩ ॥ ਸੱਚਾ ਨਿਰੰਕਾਰ ਨਿਜ ਥਾਉਂ। ਨਾਨਕ ਕਾਗਦ ਲੱਖ ਮਣਾਂ, ਪੜ੍ਹਿ ਪੜ੍ਹਿ ਕੀਚੈ ਭਾਉ। ਮੱਸੁ ਤੋਟਿ ਨ ਆਵਈ, ਲਿੱਖਣ ਪਉਣ ਚਲਾਉ। ਭੀ ਤੇਰੀ ਕੀਮਤ ਨ ਪਵੈ ਹਉਂ ਕੇ ਵੱਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਾਂ ਨਾਉਂ। ਸੱਚਾ ਨਿਰੰਕਾਰ ਨਿਜ ਥਾਉਂ ॥ ਜਾਂ ਇਹ ਸ਼ਬਦ ਹੋਇਆ,ਤਾਂਭੀ ਮੀਏਂ ਮਿੱਠੇ ਵਿੱਚੋਂ ਗੁਮਰਾਹੀ ਜਾਵੇਨਾਹੀਂ। ਤਾਂ ਸ੍ਰੀ ਗੁਰੂ ਜੀ, ਇਸ ਦੇ ਦਿਲ ਦੀ ਬੁਝਲਈ। ਤਾਂ ਇਕ ਦਿਨ ਮੀਏਂ ਮਿੱਠੇ ਨੂੰ ਅਗਾਹ ਆਈ,ਤਾਂ ਉਨ ਕਹਿਆ ਨਾਨਕ ਜੀ ਭਲਾ ਫਕੀਰ ਹੈ! ਪਰ ਜੇ ਅਸਾਨੂੰ ਮਿਲੇਗਾ, ਤਾਂ ਅਸੀਂ ਇੰਉ ਨਿਚੋੜ ਲਵਾਂਗੇ, ਜਿੰਉਂ ਨਿੰਬੂ ਵਿੱਚੋਂ ਰਸ ਨਿਚੋੜ ਲਈਦਾ ਹੈ। ਤਾਂ ਸ੍ਰੀ ਗੁਰੂ ਜੀ ਭੀ ਕਹਿਆ, ਮਰਦਾਨਿਆਂ, ਸੇਖ ਮਿੱਠਾ ਕੀ ਕਹਿੰਦਾ ਹੈ ? ਤਾਂ ਮਰਦਾਨੇ ਕਹਿਆ ਜੀ, ਤੇਰਾ ਜੰਤ੍ਰ ਹੈ, ਵਜਾਇਆ ਵੱਜਦਾ ਹੈ। ਤਾਂ ਬਚਨ ਹੋਇਆ, ਮਰ-ਦਾਨਿਆਂ,ਮੀਆਂ ਮਿੱਠਾ ਅੱਸਾਨੂੰ ਮਿਲੇਗਾ, ਤਾਂ ਅਸੀਂ ਐਉਂ ਕਰਾਂਗੇ,ਜਿਉਂ ਗੰ-ਨਾਂ ਪੀੜ ਲਈਦਾ ਹੈ। ਤਾਂ ਮੀਏਂ ਮਿੱਠੇ ਕਹਿਆ, ਚੱਲੋ ਨਾਨਕਦਾ ਦੀਦਾਰ ਕਰ ਆਵੀਏ। ਤਾਂ ਮੁਰੀਦਾਂ ਨੇ ਅਰਜ ਕੀਤੀ, ਜੀ ਤੁਸਾਂਨੇ ਅੱਗੇ ਇਉਂ ਫੁਰਮਾਇਆ ਸੀ, ਜੇ ਨਾਨਕ ਸਾਨੂੰ ਮਿਲੇਗਾ, ਤਾਂ ਅਸੀਂ ਇਉਂ ਕਰਾਂਗੇ, ਜਿਉਂ ਨਿੰਬੂ ਵਿੱਚੋਂ ਰਸ ਨਿਚੋੜ ਲਈਦਾ ਹੈ! ਤਾਂ ਮੀਏਂ ਮਿੱਠੇ ਭੀ ਕਹਿਆ, ਅਸਾਨੂੰ ਭੀ ਉੱਥੋ ਜਬਾਬ ਆਇਆ ਹੈ,ਜੋ ਮੀਆਂ ਮਿੱਠਾ ਮਿਲੇਗਾ, ਤਾਂ ਅਸੀਂ ਭੀ ਇੰਉਂ ਕਰਾਂਗੇ ਜਿਉਂ ਗੰਨਾਂ ਪੀੜ ਲਈਦਾ ਹੈ। ਤਾਂ ਮੀਆਂ ਮਿੱਠਾ ਦੀਦਾਰ ਕਰਨ ਨੂੰ ਆਇਆ ਤਾਂ ਆਪਸ ਵਿੱਚ ਗੋਸਟ ਹੋਈ। ਤਾਂ ਪਹਿਲੋਂ ਮੀਏਂ ਮਿੱਠੇ ਸਲੋਕ ਕਹਿਆ, "ਅਵਲ ਨਾਉਂ ਖੁਦਾਇਦਾ, ਦੂਜਾ ਨਬੀ ਰਸੂਲ। ਨਾਨਕ ਕਲਮਾ ਜੇ ਪੜ੍ਹੇਂ ਤਾਂ ਦਰਗਹਿ ਪਵਹਿਂ ਕਬੂਲ ॥ ੧ ॥" ਤਾਂ ਗੁਰੂ ਬਾਬੇ ਨਾਨਕ ਜੀ ਕਹਿਆ, ਮੀਆਂ ਜੀ, ਉਸ ਦਰ ਦੂਜੇ ਦੀ ਠਉੜ ਨਾਹੀਂ। ਜੋ ਕੋਈ ਹੋਇਆ ਰਹਿੰਦਾ ਹੈ,ਸੋ ਇਕੋ ਹੋਇਆ ਰਹਿੰਦਾ ਹੈ। ਤਾਂ ਫੇਰ ਸੇਖ ਮਿੱਠੇ ਕਹਿਆ,ਕਿਵੇਂ ਤੇਲ ਬਿਨਾਭੀ ਦੀਵਾ ਬਲਦਾ ਹੈ ? ਤਾਂ ਸ੍ਰੀ ਗੁਰੂ ਜੀ, ਜਬਾਬ ਦਿੱਤਾ ॥ "ਕੁਰਾਨ ਕਤੇਬ ਕਮਾਈਏ। ਭਉ ਵੱਟੀ ਇਤ ਤਨ ਪਾਈਐ। ਬਿਨ ਤੇਲ ਦੀਵਾ ਇੰਉਂ ਜਲੇ। ਕਰ ਚਾਨਣ ਸਾਹਿਬ ਤਉ ਮਿਲੈ ॥ ੧ ॥ ਇਸ ਤਨ ਲਾਗੇ ਬਾਣੀਆਂ। ਇਹ ਦੁਨੀਆਂ ਆਵਣ ਜਾਣੀਆਂ ॥ ੨ ॥ ਵਿੱਚ ਦੁਨੀਆਂ ਸੇਵ ਕਮਾਈਏ। ਤਉ ਦਰਗਹਿ ਬੈਸਣ ਪਾਈਏ ॥ ੩ ॥ ਕਹੁ ਨਾਨਕ ਬਾਹਿ ਲੁਡਾਈਏ। ਅਣਹੁੰਦਾ ਆਪ ਵੰਡਾਈਏ ॥੪॥" ਤਾਂ ਸੇਖ ਅਰਜ ਕੀਤੀ, ਜੀ ਪੜ੍ਹੇ ਕਿਉਂ ਨਾਹੀਂ ਕਬੂਲ ਪੈਂਦੇ? ਅਰ ਉਹ ਕਤੇਬ ਕੁਰਾਣ ਕੌਣ ਹੈ ਜੀ, ਜਿਤ ਕਮਾਇ ਕਰ ਸਹੀ ਥੀਵੇ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਉਹ ਦਰਵੇਸ਼ ਕੌਣ ਹੈ, ਜੋ ਦਰ ਦੀ ਲਾਇਕ ਹੈ ? ਅਰ ਉਹ ਕਉਣ ਰੋੱਜਾ ਹੈ, ਜਿਸ ਤੇ ਦਿਲ ਥਾਂਇ ਰਹਿੰਦਾ ਹੈ ? ਅਰ ਉਹ ਕੌਣ ਨਿਮਾਜ ਹੈ, ਜਿਸ ਦੇ ਗੁਜਰੇ ਤੇ ਖੁਦਾ ਨਜਰ ਕਰੇ ਜੀ ? ਤਾਂ ਸ੍ਰੀ ਗੁਰੂ ਜੀ ਬਚਨ ਕੀੱਤਾ, ਮਰਦਾਨਿ-ਆਂ ਰਬਾਬ ਬਜਾਉ । ਰਾਗਮਾਰੂ ਵਿੱਚ ਸ਼ਬਦ ਕਹਿਆ, "ਅਲਹੁ ਅਗਮ ਖੁਦਾਈ ਬੰਦੇ । ਛੋਡ ਖਿਆਲ ਦੁਨੀਆਂ ਕੇ ਧੰਧੇ । ਹੋਇ ਪੈ ਖਾਕ ਫਕੀਰ ਮੁਸਾਫਰ, ਇਹ ਦਰਵੇਸ ਕਬੂਲ ਦਰਾ ॥ ੧ ॥ ਸੱਚ ਨਿਮਾਜ, ਯਕੀਨ ਮੁਸੱਲਾ । ਮਨਸਾ ਮਾਰ ਨਿਵਾਰੋ ਆਸਾ । ਦੇਹੁ ਮਸੀਤ, ਮਨ ਮਉਲਾਣਾ, ਕਲਮ ਖੁਦਾਈ ਪਾਕ ਖਰਾ । ਸ਼ਰਾ ਸ਼ਰੀਅਤ ਲੇ ਕਮਾਵੋ । ਤਰੀਕਤ, ਤਰਕ ਖੋਜ ਟੁਲਾਵੋ । ਮਾਰਫਤ ਮਨਾ ਮਾਰੋ ਅਬਦਾਲਾ । ਮਿਲਹੁ ਹਕੀਕੱਤ ਜਿਤੁ ਫਿਰ ਨਾ ਮਰਾ ॥ ੩ ॥ ਕੁਰਾਨ ਕਤੇਬ ਦਿਲ ਮਾਹਿ ਕਮਾਹੀ । ਦਸ ਅਉਰਾਤ ਰਾਖਹ ਬਦਰਾਈ । ਪੰਚ ਮਰਦ ਸਿਦਕ ਲੈ ਬਾਂਧੋ, ਖੈਰ ਸਬੂਰੀ ਕਬੂਲ ਪਰਾ ॥ ੪ ॥ ਮੱਕਾ ਮੇਹਰ, ਰੋੱਜਾ ਪੈ ਖਾਕਾ । ਭਿਸਤ ਪੀਰ ਲਵਜ ਕਮਾਇ ਅੰਦਾਜਾ । ਹੂਰ ਨੂਰ ਮੁਸਕ ਖੁਦਾਇਆ ਬੰਦਗੀ, ਅਲਹ ਅਲਾਹੁ ਜਰਾ ॥ ੫ ॥ ਸੱਚ ਕਮਾਵੈ ਸੋਈ ਕਾਜੀ, ਜੋ ਦਿਲ ਸੋਧੈ ਸੋਈ ਹਾਜੀ । ਸੋ ਮੁੱਲਾਂ ਮਲਊਨ ਨਿਵਾਰੇ, ਸੋ ਦਰਵੇਸ ਜਿਸ ਸਿਫਤ ਧਰਾ ॥ ੬ ॥ ਸਭੇ ਵਖਤ ਸਭੇ ਕਰ ਵੇਲਾ । ਖਾਲਿਕ ਯਾਦ ਦਿਲੈ ਮੈਂ ਮਉਲਾ । ਤਸਬੀ ਯਾਦ ਕਰੋ ਦਸ ਮਰਦਨ, ਸੁੰਨਤ ਸਾਲ ਬੰਧਾਨ ਦਰਾ ॥ ੭ ॥ ਦਿਲ ਮੈਂ ਜਾਨਉ ਸਭ ਫਿਲਹਾਲਾ । ਖਿਲ ਖਾਨਾ ਬਿਰਾਦਰ ਹਮੂ ਜੰਜਾਲਾ । ਪੀਰ ਮਲਕ ਉਮਰੇ ਫਨਾਇਆ । ਏਕ ਮੁਕਾਮ ਖੁਦਾਇ ਬਰਾ ॥੮॥ ਅੱਵਲ ਸਿਫਤ ਦੂਜੀ ਸਾਬੂਰੀ । ਤੀਜੀ ਹਲੀਮੀ ਚਉਥੇ ਖੈਰੀ । ਪੰਜਵੇਂ ਪੰਜੇ ਇਕਤ ਮੁਕਾਮੇ । ਏਹ ਪੰਜ ਵਖਤ ਤੇਰੇ ਅਪਰ ਪਰਾ ॥ ੯ ॥ ਸਗਲੀ ਜਾਨ ਕਰੋ ਮਉਦੀਫਾ । ਬਦ ਅਮਲ ਛੋਡ ਕਰੋ ਹੱਥ ਕੂਜਾ, ਖੁਦਾਇ ਏਕ ਬੁਝ ਦੇਵੋ ਬਾਂਗਾਂ ਬੁਰਗੂ ਬਰਖਰਦਾਰ ਖਰਾ ॥੧੦॥ ਹੱਕ ਹਲਾਲ ਬਖੋਰੋ ਖਾਣਾ । ਦਿਲ ਦਰੀਆਉ ਧੋਵਹੁ ਮੈਲਾਣਾ । ਪੀਰ ਪਛਾਣੈ ਭਿਸਤੀ ਸੋਈ । ਅਜਰਾਈਲ ਨ ਦੋਜਕ ਡਰਾ ॥੧੧॥ ਕਾਇਆਂ ਕਿਰ-ਦਾਰ, ਅਉਰਤ ਯਕੀਨਾ । ਰੰਗ ਤਮਾਸੇ ਮਾਣੇ ਕੀਨਾ । ਨਪਾਕ ਪਾਕ ਕਰ ਦੂਰ ਹਦੀਸਾ, ਸਾਬਤ ਸੂਰਤ ਦਸਤਾਰ ਸਿਰਾ ॥ ੧੨ ॥ ਮੁਸਲਮਾਨ ਮੋਮ ਦਿਲ ਹੋਵੇ । ਅੰਤਰ ਕੀ ਮਲ ਦਿਲ ਤੇ ਧੋਵੇ । ਦੁਨੀਆ ਰੰਗ ਨ ਆਵੇ ਨੇੜੇ, ਜਿੰਉ ਕੁਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਟ ਘਿਉ ਪਾਕ ਹਰਾ ॥ ੧੪ ॥ ਜਿਨਿ ਕਉ ਮੇਹਰ, ਮੇਹਰ ਮੇਹਰ ਵਾਨਾ ।ਸੋਈ ਮਰਦ, ਮਰਦ ਮਰਦਾਨਾ । ਸੋਈ ਸੇਖ, ਮਸਾਇਕ ਹਾਜੀ, ਸੋ ਬੰਦਾ ਜਿਸ ਨਜਰ ਨਰਾ ॥ ੧੫ ॥ ਕੁਦਰਤ ਕਾਦਰ ਕਰਣ ਕਰੀਮਾ । ਸਿਫਤ ਮੁਹੱਬਤ ਅਥਾਹ ਰਹੀਮਾ । ਹੱਕ ਹੁਕਮ ਸੱਚ ਖੁਦਾਇਆ, ਬੁੱਝ ਨਾਨਕ ਬੰਦ ਖਲਾਸ ਦਰਾ ॥੧੬॥ ਤਾਂ ਸਬਦ ਸੁਣ ਕਰ ਮੀਏਂ ਮਿੱਠੇ ਕਹਿਆ, ਜੀ ਤੁਸੀਂ ਜੋ ਏਕ ਨਾਮ ਦੀ ਸਿਫਤ ਕੀੱਤੀ ਹੈ, ਸੋ ਏਕ ਨਾਮ ਕੇਹਾ ਹੈ ? ਤਾਂ ਸ੍ਰੀ ਗੁਰੂ ਜੀ ਕਹਿਆ, ਮੀਆਂਜੀ, ਇੱਕ ਨਾਮ ਦੀ ਸਿਫਤ ਦੀ ਮਹਿਮਾ ਕਿਸ ਨੂੰ ਆਈ ਹੈ ? ਤਾਂ ਮੀਏਂ ਮਿੱਠੇ ਕਹਿਆ ਜੀ, ਮੇਹਰਵਾਨੀ ਕਰਕੇ ਦੱਸੀਏ । ਤਾਂ ਸ੍ਰੀ ਗੁਰੂ ਜੀ ਮੀਏਂ ਮਿੱਠੇ ਨੂੰ ਬਾਂਹ ਤੇ ਪਕੜਕੇ ਗੋਸ਼ੇ ਲੈ ਗਏ, ਤਾਂ ਸ੍ਰੀ ਗੁਰੂ ਜੀ ਕਹਿਆ, ਵਾਹ ਸਾਹਿਬ ! ਵਾਹ ਸਾਹਿਬ ! ਤਾਂ ਇਤਨੇ ਕਹਿਣੇ ਨਾਲ ਦੂਸਰਾ ਭਸਮ ਹੋਇ ਗਇਆ, ਸੇਖ ਮਿੱਠਾ ਦੇਖੇ ਤਾਂ ਇੱਕ ਮੁੱਠੀ ਭਸਮ ਦੀ ਪਈ ਹੋਈ ਹੈ । ਤਾਂ ਫੇਰ ਅਵਾਜ ਆਈ ਵਾਹ ਕਹਿਣ ਨਾਲ ਉੱਠ ਖੜਾ ਹੋਇਆ, ਤਾਂ ਸੇਖ ਮਿੱਠੇ ਆਇ, ਪੈਰ ਚੁੰਮੇ। ਤਾਂ ਸ੍ਰੀ ਗੁਰੂ ਜੀ, ਬਿਸਮਾਦ ਦੇ ਘਰ ਹੋਇਕੇ ਰਾਗ ਤਿਲੰਗ ਵਿੱਚ ਬੋਲੇ ॥ ਹਾਜਰਾਂ ਕਉ ਮੇਹਰ ਹੈ। ਬੇ ਹਾਜਰਾਂ ਕਉ ਬੇ ਮੇਹਰ ਹੈ। ਈਮਾਨ ਦੋਸਤ ਹੈ। ਬੇਈਮਾਨ ਕਾਫਰ ਹੈ। ਕੁਫਰ ਕਹਿਰ ਹੈ। ਗੁੱਸਾ ਹਰਾਮ ਹੈ । ਨਫਸ ਸ਼ੈਤਾਨ ਹੈ। ਗੁਮਾਨ ਕੁਫਰ ਹੈ। ਬੇਈਮਾਨ ਨਾਪਾਕ ਹੈ ।ਮੋਮਦਿਲ ਪਾਕ ਹੈ। ਇਲਮ ਹਲੀਮੀ ਹੈ। ਬੇਹਿਰਸ ਅਉਲੀਆ ਹੈ। ਬੇ ਦਿਆਨਤ ਨ ਸੁਰਖਰੂ ਹੈ। ਕਿਰਤਘਣ ਜਰਦਰੂ ਹੈ। ਸੱਚ ਭਿਸਤ ਹੈ। ਦਰੋਗ ਦੋਜ਼ਖ ਹੈ। ਜੋਰ ਜੁਲਮ ਹੈ । ਸਿਫਤ ਉਜੂ ਹੈ। ਬਾਂਗ ਬਿਲੇਲ ਹੈ। ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਹੈ। ਨ ਸਬੂਰੀ ਮਕਰੂਹ ਹੈ। ਰਾਹੁ ਪੀਰਾਂ ਹੈ। ਬੇ ਰਾਹੁ ਬੇਪੀਰਾਂ ਹੈ। ਇਆਨਤ ਦੋਸਤ ਹੈ। ਬੇਦਿਆਨਤ ਨਕਾਰਾ ਹੈ। ਤੇਗ ਮਰਦਾਂ ਹੈ। ਅਦਲ ਪਾਦਸ਼ਾਹਾਂ ਹੈ। ਏਤੇ ਵੋਲ ਜੋ ਜਾਨ ਜਨਾਵੇ। ਤਉ ਨਾਨਕ ਦਾਨਸ਼ਵੰਦ ਕਹਾਵੇ ॥ ੭ ॥ ਤਾਂ ਪੀਰ ਮਿੱਠਾ, ਸੁਣਕਰ ਆਇ ਕਦਮੀਂ ਲੱਗਾ ਕਹੈ ਜੀ, ਤੂੰ ਕੋਈ ਖੁਦਾਇਦਾ ਔਲੀਆ ਹੈਂ। ਅਸੀਂ ਇਵੇਂ ਭੁੱਲੇ ਫਿਰਦੇ ਸੇ। ਅਸਾਨੂੰ ਬਖਸ਼ਣਾ। ਤਾਂ ਮੀਏਂ ਮਿੱਠੇ ਪੁਰ ਖੁਸ਼ੀ ਹੋਈ, ਤੇ ਮੀਏਂ ਮਿੱਠੇ ਦਾ ਭਰਮ ਦੂਰ ਹੋਇ ਗਇਆ ॥ ੧੩ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

॥ ੧੪ ॥ ਸਾਖੀ ਸਿੱਧਾਂ ਨਾਲ ॥

ਤਾਂ ਸ੍ਰੀ ਗੁਰੂ ਨਾਨਕ ਜੀ, ਉੱਥੇ ਤੇ ਉੱਠ ਚੱਲੇ, ਰਾਹਿ ਵਿੱਚ ਦੇਖੇ ਤਾਂ ਸੱਭ ਸਿੱਧ ਬੈਠੇ ਹਨ। ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਜਾਇ ਕਹਿਆ, ਆਦੇਸ ਹੋ ਸਿੱਧੋ! ਤਾਂ ਗੋਰਖ ਕਹਿਆ, ਆਦ ਪੁਰਖ ਨੂੰ ਆਦੇਸ। ਆਉ ਨਾਨਕ ਤਪਾ! ਤਾਂ ਸਹਜ ਨਾਲ, ਫੇਰ ਗੋਰਖ ਬੋਲਿਆ, ਕਿਆ ਧਰਤੀ ਦਾ ਛਾਪਣ ? ਕਿਆ ਅਕਾਸ ਦੀ ਕੁੰਜੀ ? ਕੈ ਅਕਾਸ ਵਿੱਚ ਤਾਰੇ? ਕਲਿ ਵਿੱਚਦੇਉ ਕੇਤੇ ਹੋ ਪੁਰਖਾ? ਇੰਦ੍ਰ ਬਰਸੇ ਕੈ ਧਾਰੇ ? ॥ ੩ ॥ ਚਾਰ ਉਂਗਲ ਅਕਾਸ ਹੋ ਪੁਰਖਾ, ਦੋਇ ਮੰਡਲ ਮੈਂ ਤਾਰੇ ? ਕਲਿ ਮੈਂ ਦੇਉ ਕੇਤੇ ਹੋ ਪੁਰਖਾ, ਇੰਦ੍ਰ ਬਰਸੇ ਨਉ ਧਾਰੇ ॥ ੪ ॥ ਤਾਂ ਫੇਰ ਸਿੱਧਾਂ ਨੇ ਕਾਲ ਬੁਲਾਇਆ, ਸਬਦ ਕਹਿਆ। ਊਠਤ ਮਾਰੋ, ਬੈਠਤਮਾਰੋ, ਮਾਰੋਸੋਇਆ ਸੂਤਾ। ਚਾਰੋ ਜੁਗਮੇਂ ਮਹਾਂਜਾਲ ਹਮਾਰਾ,ਕਹਾਂ ਰਹੋਗੋ ਪੂਤਾ॥੫॥ ਤਾਂ ਸ੍ਰੀ ਗੁਰੂ ਜੀ ਸਲੋਕ ਕਹਿਆ। ਊਠਤ ਜਾਗੋ ਬੈਠਤ ਜਾਗੋ, ਜਾਗੋ ਸੋਇਆ ਸੂਤਾ। ਚਾਰੇ ਜੁਗ ਤੇ ਰਹੋ ਨਿਰਾਲਾ, ਤਉ ਬਾਬੇ ਕਾ ਪੂਤਾ॥ ੬ ॥ ਸਗਲੀ ਡਿੱਬੀ ਧਰਤੀ ਕਰੋਂ, ਸਗਲ ਪਸਾਰ ਕਾ ਪਸਾਰਾ। ਚਾਰੈ ਜੁਗ ਕਾ ਈਧਣ ਕਰੋਂ, ਕਹਾਂ ਰਹੇਗਾ ਪਿੰਡ ਤੁਮਾਰਾ ॥੭॥ ਤਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ ਇੰਦ੍ਰੀ ਦਾ ਜਤੀ, ਜਿਹਬਾ ਦਾ ਸੂਚਾ, ਧਰਤ ਤੇ ਊਚਾ। ਚਉੜਾ ਅਕਾਸ ਤੇ ਮੂਚਾ । ਇੰਦ੍ਰੀ ਜਿਹਬਾ ਏਕੋ ਨਾਲ। ਕਹੁ ਨਾਨਕ ਇਤ ਸੰਜਮ ਬਚੇ ਕਾਲ ॥ ੮ ॥ ਤਾਂ ਕਾਲ ਨੇ ਦਿਲਗੀਰ ਹੋਇਕੇ ਕਹਿਆ, ਜੀ ਮੈਂ ਤੇਰੇ ਹੁਕਮ ਵਿੱਚ ਹਾਂ। ਸ੍ਰੀ ਗੁਰੂ ਜੀਨੇ ਕਾਲ ਦੀ ਉਸਤਤਿ ਕੀੱਤੀ ॥ਸਲੋਕ ਕਹਾ॥ ਭਇਆ ਜੇ ਪਿੰਡ ਨ ਪੜਿਆ। ਜੇਸਉਵਰਿਆ ਭਰਮਤ ਫਿਰਿਆ ਅਉਧ ਵਧਾਈ, ਅੰਤ ਕਾਲ ਪਿੰਡ ਪੜੇਗਾ ਭਾਈ ॥ ੯ ॥ ਆਵੇ ਕਾਲ ਕਹਾਂ ਕੋ ਜਾਇ। ਜਲਥਲ ਮਹੀਅਲ ਕਾਲ ਖੁਦਾਇ। ਆਵੇ ਕਾਲ ਕਹਾਂ ਕੋ ਨਸੈ। ਕਉਨ ਕੂੰਟ ਜਿਤ ਜਾਈਐ ਨਸੈ। ਚਉਦਾਂ ਤਬਕ ਕਾਲਕੇ ਬਸੁ। ਕਹਾਂ ਜਾਇ ਕਾਲ ਤੇ ਨਸ। ਕਾਲਕੇ ਬਾਂਧੇਰਾਮ ਰਸੂਲ। ਨਾਨਕ ਸਰਬਰੂ ਕਾਲ ਕਬੂਲ। ਆਪੇ ਆਵੇ ਆਪੇ ਜਾਇ। ਆਵੇ ਕਾਲ ਕੈਸੇ ਲੈ ਜਾਇ । ਸੋਧ ਸਾਧ ਜਬ ਦੇਖਿਆ ਮੜ੍ਹਾ। ਜਿਤ ਦੇਖੋ ਤਿਤ ਨਾਨਕ ਖੜ੍ਹਾ ॥੧੦॥ ਤਾਂ ਇਹ ਸਲੋਕ ਸੁਣਕਰ, ਕਾਲ ਨਮੱਸਕਾਰ ਕੀੱਤਾ! ਨਮੱਸਕਾਰ ਕਰਕੇ ਚੱਲਦਾ ਰਹਿਆ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਧ ਭੀ ਸਮੁੰਦ੍ਰ ਦੇ ਪਾਰ ਗਏ। ਤਾਂ ਬਚਨ ਹੋਇਆ, ਮਰਦਾਨਿਆਂ, ਅਸੀਂ ਭੀ ਪਾਰ ਚੱਲੀਏ। ਤਾਂ ਸ੍ਰੀ ਗੁਰੂ ਜੀ ਭੀ ਸਮੁੰਦ੍ਰ ਦੇ ਪਾਰ ਜਾਏ, ਸਿੱਧਾਂ ਨੂੰ ਆਦੇਸ ਆਦੇਸ ਕੀਤਾ। ਤਾਂ ਸਿੱਧਾਂ ਕਹਿਆ, ਆਦ ਪੁਰਖ ਨੂੰ ਆਦੇਸ। ਤਾਂ ਸਿੱਧਾਂ ਬਚਨ ਕੀਤਾ, ਗਿਆਨ ਇੱਕ ਨਗਰ ਦਸ ਤਿਸ ਦੁਆਰ। ਕਹੁ ਸੱਤ ਗੁਰਾ ਸੱਤ ਸੱਤ ਬੀਚਾਰ। ਗਿਆਨ ਭੀ ਕਰੇ ਹੜ ਹੜ ਭੀ ਹੱਸੇ। ਪਿੱਛੇ ਅਉਝੜ ਆਗੇ ਬਸੇ ॥ ੧ ॥ ਤਾਂ ਸ੍ਰੀ ਗੁਰੂ ਜੀ ਕਹਿਆ। ਏਕ ਨਗਰ, ਤਿਸ ਦਸ ਦੁਆਰ ਕਹੁ ਸੱਤ ਗੁਰਾ ਸਤਿ, ਸੱਤਿ ਬੀਚਾਰ। ਗਿਆਨ ਭੀ ਕਰੇ ਹੜ ਹੜ ਭੀ ਹੱਸੇ। ਆਗੇ ਅਉਝੜ ਪੀਛੇ ਬਸੇ ? ॥ ੨ ॥ ਤਾਂ ਸਿੱਧ ਬੋਲੇ, ਬਾਲਿਆ, ਕੋਈ ਤੂੰ ਭੀ ਗੁਰੂ ਕਰ। ਤਾਂ ਸ੍ਰੀ ਗੁਰੂ ਜੀ ਕਹਿਆ, ਤੁਸੀਂ ਕੋਈ ਆਪਣਾ ਆਪਣਾ ਸ਼ਬਦ ਬੋਲੋ। ਜਿਸ ਦੇ ਸਬਦ ਦੀ ਪਰਤੀਤ ਆਵੇਗੀ, ਤਿਸ ਨੂੰ ਮੈਂ ਗੁਰੂ ਕਰਾਂਗਾ। ਤਾਂ ਸਿੱਧ ਬੋਲੇ, ਅਸੀਂ ਸਬਦ ਕਹਿੰਦੇ ਹਾਂ, ਤੂੰ ਸੁਣ ! ਜਿਸਦੇ ਸਬਦ ਦੀ ਪਰਤੀਤ ਆਵੇਗੀ, ਤਿਸ ਨੂੰ ਤੂੰ ਗੁਰੂ ਕਰੀਂ। ਤਾਂ ਸ੍ਰੀ ਗੁਰੂ ਜੀਨੇ ਕਹਿਆ। ਕਹੋ ਜੀ ਕੋਈ ਸਬਦ ॥ ੩ ॥ ਪ੍ਰਿਥਮੇਂ ਈਸੁਰ ਨਾਥ ਬੋਲਿਆ। ਸੋ ਗਿਰਹੀ, ਜੋ ਨਿਗਰਹੁ ਕਰੇ। ਜੱਪ, ਤੱਪ, ਸੰਜਮ, ਭਿੱਖਿਆ ਕਰੇ। ਪੁੰਨ ਦਾਨ ਕਾ ਕਰੇ ਸਰੀਰ। ਸੋ ਗਿਰਹੀ ਗੰਗਾ ਕਾ ਨੀਰ। ਬੋਲੇ ਈਸੁਰ ਸਤਿ ਸਰੂਪ। ਪਰਮ ਤੱਤ ਮੇਂ ਰੇਖ ਨ ਰੂਪ ॥੧॥ ਦੂਜੇ ਗੋਰਖ ਬੋਲਿਆ ॥ ਸੋ ਅਉਧੂਤੀ, ਜੋ ਧੂਪੇ ਆਪ। ਭਿੱਖਿਆ ਭੋਜਨ ਕਰੇ ਸੰਤਾਪ। ਹਟ ਪਟਣ ਕੀ ਭਿੱਖਿਆ ਕਰੇ। ਸੋ ਅਉਧੂਤੀ ਸਿਵ ਪੁਰ ਚੜ੍ਹੇ। ਬੋਲੇ ਗੋਰਖ ਸੱਤ ਸਰੂਪ। ਪਰਮ ਤੱਤ ਮੇਂ ਰੇਖ ਨ ਰੂਪ ॥ ੨ ॥ ਤੀਜੇ ਗੋਪੀ ਚੰਦ ਬੋਲਿਆ ॥ ਸੋ ਉਦਾਸੀ, ਜੋ ਰਹੇ ਉਦਾਸ। ਅਰਧ ਉਰਧ ਨਿਰੰਤਰ ਵਾਸ। ਚੰਦ ਸੂਰਜ ਕੀ ਪਾਵੇ ਗੰਢ। ਤਿਸ ਉਦਾਸੀ ਕਾ ਪੜੇ ਨ ਕੰਧ। ਬੋਲੇ ਗੋਪੀ ਚੰਦ ਸੱਤ ਸਰੂਪ। ਪਰਮ ਤੱਤ ਮੇਂ ਰੇਖ ਨ ਰੂਪ ॥੩॥ ਚੌਥੇ ਚਰਪਟ ਬੋਲਿਆ। ਸੋ ਪਾਖੰਡੀ ਜੋ ਕਾਂਇਆਂ ਪਖਾਲੇ। ਕਾਂਇਆਂ ਕੀ ਅਗਨ ਬ੍ਰਹਮ ਪਰ ਜਾਲੇ। ਸੁਪਨੇ ਬਿੰਦ ਨ ਦੇਈ ਝਰਨਾ। ਤਿਸ ਪਾਖੰਡੀ ਕਾ ਜਰਾ ਨ ਮਰਨਾ। ਬੋਲੇ ਚਰਪਟ ਸੱਤ ਸਰੂਪ। ਪਰਮ ਤੱਤ ਮੇਂ ਰੇਖ ਨ ਰੂਪ ॥ ੪ ॥ ਪੰਜਵੇਂ ਭਰਥਰੀ ਬੋਲਿਆ ॥ ਸੋ ਬੈਰਾਗੀ, ਜੋ ਉਲਟੇ ਬ੍ਰਹਮ ॥ ਨਾਭ ਕਮਲ ਮੇਂ ਰੋਪੇ ਥੰਮ। ਅਹਿ ਨਿਸ ਅੰਤਰ ਰਹੇ ਧਿਆਨ। ਤੇ ਬੈਰਾਗੀ ਸੱਤ ਸਮਾਨ। ਭਰਥਰੀ ਬੋਲ ਸੱਤ ਸਰੂਪ। ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਤ ਮੇਂ ਰੇਖ ਨ ਰੂਪ ॥ ੫ ॥ ਤਾਂ ਸਿੱਧ ਬੋਲੇ, ਬਾਲਿਆ ਕੋਈ ਤੈਂ ਭੀ ਸਬਦ ਥਾਪਿਆ ਹੈ ? ਤਾਂ ਸ੍ਰੀ ਗੁਰੂ ਜੀ ਕਹਿਆ, ਜੇ ਆਗਿਆ ਕਰੋ, ਤਾਂ ਮੈਂ ਭੀ ਕੋਈ ਸਬਦ ਆਖਾਂ । ਤਾਂ ਸਿੱਧਾਂ ਕਹਿਆ, ਤੂੰ ਭੀ ਕੋਈ ਸਬਦ ਬੋਲ । ਤਾਂ ਸ੍ਰੀ ਗੁਰੂ ਜੀ ਕਹਿਆ । ਕਿਉਂ ਮਰੇ ਮੰਦਾ, ਕਿਉਂ ਜੀਵੇ ਜੁਗਤ । ਕੰਨ ਪੜਾਇ, ਕਿਆ ਖਾਜੇ ਭੁਗਤ । ਆਸਤ ਨਾਸਤ ਏਕੋ ਨਾਉਂ । ਕਉਣ ਸੁ ਅੱਖਰ, ਜਿਤ ਰਹੈ ਹਿਆਉ । ਧੂਪ ਛਾਉਂ, ਜੇ ਸਮਕਰ ਸਹੇ । ਨਾਨਕ ਬੋਲੇ ਗੁਰੂ ਕਉ ਲਹੇ । ਛਿਆ ਵਰਤਾਰੇ ਵਰਤੇ ਪੂਤਾ । ਨ ਸੰਸਾਰੀ ਨ ਅਉਧੂਤਾ । ਨਿਰੰਕਾਰ ਜੋ ਰਹੇ ਸਮਾਇ । ਕਾਹੇ ਭਿੱਖਿਆ ਮੰਗਣ ਜਾਇ । ਨਾਨਕ ਬੋਲੇ ਸੱਤ ਸਰੂਪ । ਪਰਮ ਤੱਤ ਮੇਂ ਰੇਖ ਨ ਰੂਪ ॥ ੬ ॥ ਤਾਂ ਸਿੱਧ ਬੋਲੇ ਬਾਲਿਆ, ਅਸਾਡਾ ਬੋਲਿਆ ਤੈਂ ਸਮਝਿਆ, ਅਤੇ ਤੇਰਾ ਬੋਲਿਆ, ਅਸਾਂ ਨਾ ਸਮਝਿਆ ? ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ, ਤੁਸਾਂ ਇੱਕ ਇੱਕ ਸਿੱਧ ਨੂੰ ਛੇ ਛੇ ਗ੍ਰਿਹ ਲੱਗੇ ਹੋਏ ਹਨ । ਅਤੇ ਭਰਥਰੀ ਨੂੰ ਨੌ ਗ੍ਰਿਹ ਲੱਗੇ ਹਨ । ਤਾਂ ਭਰਥਰੀ ਦੀ ਜੋ ਬਿੰਦੀ ਗਿਰ ਪਈ, ਤਾਂ ਰੋਣ ਲੱਗਾ, ਤਾਂ ਮਛੰਦਰ ਨਾਥ ਨੇ ਸਿਰ ਪਰ ਮਿਰਗਾਨੀ ਮਾਰੀ, ਕਹੇ ਰੇ ਭਰ-ਥਰੀ, ਤੂੰ ਕਿਉਂ ਰੋਂਦਾ ਹੈਂ ? ਛੇ ਛੇ ਗ੍ਰਿਹ ਤਾਂ ਅਸਾਨੂੰ ਭੀ ਦੱਸਦਾ ਹੈ? ਸਿੱਧ ਬੋਲੇ ਬਾਲਿਆ, ਛੇ ਛੇ ਗ੍ਰਿਹ ਅਸਾਨੂੰ ਕੌਣ ਕੌਣ ਲੱਗਦੇ ਹਨ ? ਤਾਂ ਸ੍ਰੀ ਗੁਰੂ ਜੀ ਕਹਿਆ । ਬਿਖਿਆ ਅੰਮ੍ਰਿਤ ਸਮਕਰ ਜਾਣ । ਤਾਂਕਾ ਬੋਲਿਆ ਦਰ ਪਰਵਾਨ ॥੧॥ ਕਹੇ ਸਿੱਧੋ ਜੀ ਤੁਸੀਂ ਸੁਆਦੀ ਹੋ, ਤਾਂ ਸੁਕਰਤੀ ਨਾਹੀਂ । ਪ੍ਰਿਥਮੇਂ ਆਹਾਰ ਨੂੰ ਧਾਉਂਦੇ ਹੋ । ਜਾਂ ਅਹਾਰ ਪਾਉਂਦੇ ਹੋ, ਤਾਂ ਸੁਕਰਾਣਾ ਕਰ ਸਮਝਦੇ ਹੋ । ਦੁਤੀਏ, ਜਾਂ ਤ੍ਰਿਖਾ ਸੰਤਾਉਂਦੀ ਹੈ, ਤਾਂ ਪਾਣੀ ਨੂੰ ਧਾਉਂਦੇ ਹੋ । ਤਿਤੀਏ, ਜਾਂ ਸੀਤ ਲੱਗਦਾ ਹੈ, ਤਾਂ ਧੁੱਪ ਨੂੰ ਧਾਉਂਦੇ ਹੋ । ਜਾਂ ਧੁੱਪ ਬਹੁਤ ਲੱਗਦੀ ਹੈ, ਤਾਂ ਛਾਉਂ ਨੂੰ ਧਾਉਂਦੇ ਹੋ । ਜਾਂ ਨੀਂਦ ਸਤਾਉਂਦੀ ਹੈ, ਤਾਂ ਸਉਣ ਨੂੰ ਧਾਉਂਦੇ ਹੋ ਛੇਵੇਂ ਚਿਤਵਣੀ ਤੁਸਾਂ ਨੂੰ ਬਹੁਤ ਹੈ । ਤੁਸੀਂ ਸੁਆਦੀ ਹੋ, ਸੁਕਰਤੀ ਨਾਹੀਂ ਤਾਂ ਫੇਰ ਸਿੱਧਾਂ ਪੁੱਛਿਆ, ਏ ਨਾਨਕ ਜੀ, ਭਰਥਰੀ ਨੂੰ ਕੇਹੜੇ ਕੇਹੜੇ ਗ੍ਰਿਹ ਲੱਗੇ ਹਨ । ਤਾਂ ਬਚਨ ਹੋਇਆ, ਛੇ ਛੇ ਗ੍ਰਿਹ ਤਾਂ ਤੁਸਾਂ ਸੁਣੇ, ਅਤੇ ਤਿੰਨ ਏਹ ਹਨ, ਜੋ ਰਾਤ ਨੂੰ ਕਿੰਗਰੀ ਬਜਾਉਂਦਾ ਹੈ ॥ ੧ ॥ ਦਿਨ ਨੂੰ ਚੌਪੜ ਖੇਲਦਾ ਹੈ, ਚਿਤਵਣੀ ਬਿਰਥੀ ਕਰਦਾ ਹੈ ॥ ੨ ॥ ਤਿਤੀਏ ਮਦ ਪੀਂਦਾ ਹੈ, ਕਬਾਬ ਖਾਂਦਾ ਹੈ । ਜੋਗ ਨਾਲ ਧਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਹੀਂ ਲਗਾਉਂਦਾ। ਨਾਥ ਨਿਰੰਜਣ, ਇਨ੍ਹਾਂ ਬਾਤਾਂ ਤੇ ਨਿਆਰਾ ਰਹਿੰਦਾ ਹੈ। ਤਾਂ ਸੁਣਕਰ ਸਿੱਧ ਮ੍ਰਿਗਾਨੀਆਂ ਦੇ ਰਥ ਪੁਰ ਚੜ੍ਹਕੇ ਸਮੁੰਦ੍ਰ ਦੇ ਪਾਰ ਜਾਇ ਉੱਤਰੇ ॥ ੧੪ ॥

॥ ੧੫ ॥ ਸਾਖੀ ਗੋਬਿੰਦ ਲੋਕਾਂ ਨਾਲ

ਸ੍ਰੀ ਗੁਰੂ ਬਾਬਾ ਨਾਨਕ ਜੀ ਅਜੁੱਧਿਆ ਪੂਰਬ ਦੀ ਧਰਤੀ ਜਾਇ ਨਿੱਕਲੇ, ਉੱਥੇ ਗੋਬਿੰਦ ਲੋਕ ਆਇ ਮਿਲੇ, ਉਨ੍ਹਾਂ ਕਹਿਆ, ਬਾਬਾ ਜੀ ਰਾਮ ਰਾਮ। ਤਾਂ ਸ੍ਰੀ ਬਾਬੇ ਨਾਨਕ ਜੀ ਕਹਿਆ, ਸੱਤ ਰਾਮ, ਆਈਏ ਜੀ, ਬੈਠੀਏ। ਤਾਂ ਓਹ ਡੰਡੌਤ ਕਰਕੇ ਬੈਠ ਗਏ। ਘੜੀਕੁ ਸਸਤਾਇਕੇ ਉਨ੍ਹਾਂ ਕਹਿਆ, ਹੇ ਸ੍ਰੀ ਗੁਰੂ ਜੀ ਤੇਰੇ ਬਲਿਹਾਰ ਜਾਈਏ, ਸਾਡੀ ਇੱਕ ਬੇਨਤੀ ਹੈ। ਬਚਨ ਹੋਇਆ, ਜੋ ਕੁਛ ਤੁਹਾਡੇ ਜੀ ਆਵੇ ਸੋ ਕਹੀਏ। ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ ਜੀ, ਇੱਕ ਪੁੰਨ ਦਾਨ ਕਰਦੇ ਹਨ, ਇੱਕ ਹੋਮ ਜਗ ਕਰਦੇ ਹਨ। ਇੱਕ ਤਪ ਤੀਰਥ ਪੂਜਾ ਕਰਦੇ ਹਨ, ਇੱਕ ਜਲ ਤੱਪ ਕਰਦੇ ਹਨ, ਅਗਨ ਤੱਪ ਕਰਦੇ ਹਨ, ਇੱਕ ਦੇਹੀ ਨੂੰ ਬਹੁਤ ਦੁੱਖ ਦਿੰਦੇ ਹਨ, ਤਿਨ੍ਹਾਂ ਦੀ ਮੁਕਤ ਹੋਇਗੀ, ਯਾ ਨਾ ਹੋਇਗੀ? ਤਾਂ ਸ੍ਰੀ ਗੁਰੂ ਜੀ ਰਾਗ ਭੈਰੋਂ ਵਿੱਚ ਸਬਦ ਕਹਿਆ। ਜੱਗ, ਹੋਮ, ਪੁੰਨ, ਤਪ, ਪੂਜਾ ਦੇਹ ਦੁਖੀ ਨਿੱਤ ਦੂਖ ਸਹੇ। ਰਾਮ ਨਾਮ ਬਿਨ, ਮੁਕਤ ਨ ਪਾਵੇ, ਮੁਕਤ ਨਾਮ ਗੁਰਮੁਖ ਲਹੇ। ਰਾਮ ਨਾਮ ਬਿਨ, ਬਿਰਥਾ ਜੱਗ ਜਨਮਾ। ਬਿਖ ਖਾਵੇ ਬਿਖ ਬੋਲੀ ਬੋਲੇ। ਬਿਨ ਨਾਵੇ ਨਿਹਫਲ ਮਨ ਭ੍ਰਮਾ ॥ ੧ ॥ ਰਹਾਉ ॥ ਅਰਥ ॥ ਬਾਬੇ ਨਾਨਕ ਜੀ ਕਹਿਆ, ਪੁਰਖ ਭਾਵੇਂ ਹੋਮ ਜੱਗ ਕਰੇ, ਤਟ ਤੀਰਥ ਕਰੇ, ਜੋਗੀ ਸੰਨਿਆਸੀ ਹੋਇ, ਭਾਵੇਂ ਬ੍ਰਹਮਚਾਰੀ ਹੋਇ, ਭਾਵੇਂ ਨਾਂਗਾ ਹੋਇ ਕਰ, ਸਿਰ ਕਰਵਤ ਧਰਾਵੇ, ਭਾਵੇਂ ਸਗਲੀ ਧਰਤੀ ਭਰਮੇਂ, ਭਾਵੇਂ ਪੂਜਾ ਪੁੰਨ ਸਗਲੇ ਕਰੇ। ਬਹੁਤ ਤਪੱਸਿਆ ਕਰੇ, ਦੇਹੀ ਨੂੰ ਸਾਧੇ, ਤਾਂ ਭੀ ਬਿਨਾ ਰਾਮ ਨਾਮ ਸਿਮਰੇ ਮੁਕਤ ਨਹੀਂ ਹੁੰਦੀ। ਮੁਕਤ ਤਾਂ ਹੋਵੇ, ਜਾਂ ਸਤਗੁਰ ਨੂੰ ਮਿਲ ਕਰ ਸੁੱਧ ਆਤਮੇ ਨਾਮ ਸਿਮਰੇ, ਤਾਂ ਇਸਦੀ ਮੁਕਤ ਹੁੰਦੀ ਹੈ। ਇਹ ਮਨੁੱਖ ਜੋ ਜੱਗ ਵਿੱਚ ਆਇਆ ਹੈ, ਨਾਮ ਹੀ ਸਿਮਰਣ ਆਇਆ ਹੈ। ਜੇ ਨਾਮ ਸਿਮਰੇ ਤਾਂ ਜਨਮ ਸਕਾਰਥ ਹੋਵੇ, ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਇਸਦਾ ਜਨਮ ਬਿਰਥਾ ਜਾਂਦਾ ਹੈ। ਬਿਨਾ ਸ੍ਰੀਪਰਮੇਸੁਰ ਜੀਦੇ ਨਾਮ ਸਿਮਰੇ ਇਹ ਮਨੁੱਖ ਬਿਖ ਹੀ ਖਾਂਦਾ ਹੈ। ਅਤੇ ਬਿਖ ਹੀ ਬੋਲਦਾ ਹੈ ਇਸ ਬਿਖ ਬੋਲੀ ਕਮਾਈ ਦਾ ਇਹ ਗੁਣ ਹੈ, ਜੋ ਮਨੁੱਖ ਭਰਮਦਾ ਹੀ ਫਿਰਦਾ ਹੈ। ਸੁਣ ਭਾਈ ਰਾਮ ਜਨੋ, ਇਹ ਬਾਤ ਇਵੇਂ ਹੈ। ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਹੇਸ੍ਰੀਗੁਰੂ ਜੀ, ਅਸੀਂ ਬਲਿਹਾਰ ਜਾਈਏ, ਇੱਕ ਪੁਸਤਕ ਪੜ੍ਹਦੇ ਹਨ, ਇੱਕ ਕੁਰਾਣ ਪੜ੍ਹਦੇ ਹਨ, ਇੱਕ ਤ੍ਰੈਕਾਲ ਸੰਧਿਆ ਕਰਦੇ ਹਨ, ਉਨ੍ਹਾਂ ਦੀ ਮੁਕਤ ਹੋਇਗੀ, ਯਾ ਨਾ ਹੋਇਗੀ? ਤਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ। ਪੁਸਤਕ ਪਾਠ ਬਿਆਕਰਣ ਵਖਾਣੈ, ਸੰਧਿਆ ਕਰਮ ਤ੍ਰੈਕਾਲ ਕਰੇ। ਬਿਨ ਗੁਰ ਸਬਦ ਮੁਕਤ ਕਹਾਂ ਪਰਾਣੀ, ਰਾਮ ਨਾਮ ਬਿਨ ਉਰਝ ਮਰੇ॥ ੨ ॥ ਅਰਥ॥ ਸੁਣੋ ਭਾਈ ਰਾਮ ਜਨੋ ਜੇ ਚਾਰੇ ਬੇਦ ਪੜ੍ਹੈ ਖਟ ਸਾਸਤ੍ਰ ਪੜ੍ਹੈ, ਨੌ ਬਿਆਕਰਣ ਪੜ੍ਹੈ, ਤ੍ਰੈਕਾਲ ਸੰਧਿਆ ਕਰੇ, ਅਠਾਰਹ ਪੁਰਾਣ ਪੜ੍ਹੈ, ਤਾਂ ਭੀ ਮੁਕਤ ਨਾਹੀਂ ਹੁੰਦਾ। ਮੁਕਤ ਤਾਂ ਹੋਵੇ ਜਾਂ ਸਤਗੁਰ ਨੂੰ ਮਿਲਕਰ, ਸੁੱਧ ਆਤਮੇ ਰਾਮ ਨਾਮ ਸਿਮਰੇ। ਗੋਬਿੰਦ ਲੋਕਾਂ ਫੇਰ ਕਹਿਆ, ਹੇ ਸ੍ਰੀ ਗੁਰੂ ਜੀ, ਇੱਕ ਬੇਨਤੀ ਹੋਰ ਭੀ ਹੈ। ਦੇਖਾਂ ਜੀ, ਇੱਕ ਗਰੱਸਤ ਛੱਡਕੇ ਅਤੀਤ ਹੁੰਦੇ ਹਨ, ਤੀਰਥਾਂ ਨੂੰ ਜਾਂਦੇ ਹਨ, ਉਨ੍ਹਾਂ ਦੀ ਮੁਕਤ ਹੋਇਗੀ, ਯਾ ਨਾ ਹੋਇਗੀ ? ਬਾਬੇ ਜੀ ਉੱਤਰ ਦਿੱਤਾ। ਡੰਡ ਕਮੰਡਲ ਸਿਖਾ ਸੂਤ ਧੋਤੀ ਤੀਰਥ ਗਵਨ ਅਤ ਭ੍ਰਮਨ ਕਰੇ। ਰਾਮ ਨਾਮ ਬਿਨ ਸਾਂਤ ਨਾ ਆਵੇ, ਜਪ ਹਰਿ ਹਰਿ ਨਾਮ ਸੋ ਪਾਰ ਪਰੇ॥ ੩ ॥ ਅਰਥ॥ ਸੁਣੋ ਭਾਈ ਰਾਮ ਜਨੋ ਡੰਡ ਕਮੰਡਲ ਹੱਥ ਲੇਕਰ ਸਿਖਾ ਸੂਤ ਵਿੱਚ ਰਹੇ,ਧੋਤੀ ਤਿਲਕ ਬਣਾਵੇ ਘਰ ਛੱਡਕਰ ਤੀਰਥ ਕਰੇ, ਭਾਵੇਂ ਸਾਰੀ ਧਰਤੀ ਨੂੰ ਪਰਦਖਣਾਂ ਦੇਕਰ ਆਵੇ, ਤਾਂ ਭੀ ਮੁਕਤ ਨਹੀਂ ਹੁੰਦੀ। ਸੁਣੋ ਭਾਈ ਰਾਮ ਜਨੋ ਮੁਕਤ ਤਾਂ ਹੋਵੇ, ਜਾਂ ਸਤਗੁਰ ਨੂੰ ਮਿਲਕਰ ਸੁੱਧ ਆਤਮੇ ਰਾਮ ਨਾਮ ਸਿਮਰੇ। ਉਨ੍ਹਾਂ ਗੋਬਿੰਦ ਲੋਕਾਂ ਫੇਰ ਕਹਿਆ ਹੇ ਬਾਬਾ ਜੀ ਇੱਕ ਵੱਡੀਆਂ ਜਟਾਂ ਵਧਾਉਂਦੇ ਹਨ, ਇੱਕ ਵਿਭੂਤ ਲਗਾਉਂਦੇ ਹਨ, ਇੱਕ ਨਗਨ ਹੀ ਰਹਿੰਦੇ ਹਨ, ਉਨ੍ਹਾਂ ਦੀ ਮੁਕਤ ਹੋਇਗੀ, ਯਾ ਨਾ ਹੋਇਗੀ। ਸ੍ਰੀ ਗੁਰੂ ਜੀ ਕਹਿਆ। ਜਟਾਂ ਮੁਕਤ ਤਨ ਭਸਮ ਲਗਾਈ ਬਸਤ੍ਰ ਛੋਡ ਤਨ ਨਗਨ ਭਇਆ। ਰਾਮ ਨਾਮ ਬਿਨ ਤ੍ਰਿਪਤ ਨ ਆਵੇ ਕਿਰਤ ਕੇ ਮਾਰੇ ਭੇਖ ਲਇਆ॥੪॥ ਅਰਥ॥ ਸੁਣੋ ਪੁਰਖੋ ਰਾਮ ਜਨੋ, ਜਟਾਂ ਵਧਾਈਆਂ ਤਾਂ ਕੀ ਹੋਇਆ ? ਜੇ ਭਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਈ ਤਾਂ ਕੀ ਹੋਇਆ ? ਜੇ ਨਗਨ ਰਹਿਆ ਤਾਂ ਕੀ ਹੋਇਆ? ਜੇ ਨਗਨ ਸਾਧਨ ਕੀੱਤੀ ਤਾਂ ਕਿਆ ਹੋਇਆ ? ਜਦ ਤੱਕ ਸਤਗੁਰੂ ਨੂੰ ਮਿਲਕਰ ਸੁੱਧ ਆਤਮੇ ਰਾਮ ਨਾਮ ਸਿਮਰਦਾ ਨਾਹੀਂ, ਤਦ ਲਗ ਇਸਦੀ ਮੁਕਤ ਨਹੀਂ ਹੁੰਦੀ। ਕਿਆ ਹੋਇਆ ਜੋ ਕਿਰਤ ਦੇ ਮਾਰੇ ਭੇਖ ਕੀੱਤਾ ! ਭੇਖ ਤੇ ਅਲੇਖ ਨਹੀਂ ਮਿਲਦਾ। ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਬਲਿਹਾਰ ਜਾਈਏ ਜੀ, ਕਿਸੇ ਤਰ੍ਹਾਂ ਇਸਦੀ ਮੁਕਤਭੀ ਹੁੰਦੀ ਹੈ ਯਾ ਨਹੀਂ । ਅਰ ਇਸਦੀ ਸ੍ਰੀ ਪਰਮੇਸੁਰ ਜੀ ਨਾਲ ਬਣੇ ਸੋ ਕਿੰਉਂਕਰ ਬਣੇ। ਇਹ ਬਾਤ ਕਹੀਏ। ਤਾਂ ਗੁਰੂ ਨਾਨਕ ਕਹਿਆ। ਜੇਤੇ ਜੀਅ ਜੰਤ ਜਲ ਥਲ ਮਹੀਅਲ ਜਤ੍ਰ ਕਤ੍ਰ ਭੂੰ, ਸਰਬ ਜੀਆ। ਗੁਰ ਪਰਸਾਦ ਰਾਖ ਲੇਹੁ ਜਨ ਕੋ ਹਰ ਰਸ ਨਾਨਕ ਝੋਲ ਪੀਆ ॥ ਅਰਥ ॥ ਸੁਣੋ ਪੁਰਖੋ ਜਿਤਨੇ ਜਿਤਨੇ ਜੀਅ ਜਲ ਥਲ ਵਿੱਚ ਹਨ, ਇਤਨੀਆਂ ਹੀ ਜੀਆਂ ਦੇ ਸੰਗ ਸ੍ਰੀ ਰਾਮ ਨਾਮ ਬਸਦਾ ਹੈ, ਜੀਅ ਜੀਅ ਦੇ ਨਾਲ ਹੈ ਉਸਦੀ ਗਿਣਤੀ ਉਹ ਜਾਣੇ, ਪਰ ਜਿਉਂ ਜੀਆਂ ਦੇ ਨਾਲ ਹੈ, ਤਿਉਂ ਜੀਆਂ ਦੀ ਪਿਰਤਪਾਲਾ ਭੀ ਕਰਦਾ ਹੈ। ਤਿਉਂਤਿਉਂ ਮੁਕਤ ਭੀ ਕਰਦਾ, ਗੁਰ ਬਿਚ ਦੇਓ ਹੋਇਕਰ, ਬਿਨਾ ਗੁਰ ਦੇ ਮੁਕਤ ਨਾਹੀਂ ਕਰਦਾ। ਹੇ ਭਾਈ ਰਾਮ ਜਨੋ, ਅਸਾਡੇ ਮਾਰਗ ਵਿੱਚ ਇਉਂ ਕਿਹਾ ਹੈ। ਅਰ ਉਸ ਸਾਹਬ ਦੀ ਗਣਤ ਉਹੋ ਜਾਣੇ ਜੀ। ਤਾਂ ਓਹ ਗੋਬਿੰਦ ਲੋਕ ਉੱਠਕਰ ਗੁਰੂ ਜੀ ਦੀ ਚਰਣੀਂ ਲੱਗੇ। ਗੁਰੂ ਗੁਰੂ ਲੱਗੇ ਜਪਣ। ਤਾਂ ਗੋਬਿੰਦ ਲੋਕਾਂ ਕਹਿਆ ਹੇ ਗੁਰੂ ਜੀ, ਅਸੀਂ ਤੇਰੀ ਸਰਣ ਪਏ ਹਾਂ, ਤਾਂ ਗੁਰੂ ਬਾਬੇ ਨਾਨਕ ਜੀ ਕਹਿਆ ਤੁਸੀਂ ਸ੍ਰੀ ਪਰਮੇਸੁਰ ਜੀ ਦਾ ਨਾਮ ਸਿਮਰਿਆ ਕਰੋ। ਸਤਗੁਰੂ ਤੁਸਾਡਾ ਭਲਾ ਕਰੇਗਾ ॥

ਫੇਰ ਸਾਖੀ ਹੋਰ ਗੋਬਿੰਦ ਲੋਕਾਂ ਨਾਲ ਹੋਈ, ਕਹਿਆ ਹੇ ਸ੍ਰੀ ਬਾਬਾ ਜੀ ਰਾਮ ਰਾਮ ! ਤਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ ਆਈਏ ਜੀ ਸੱਤ ਰਾਮ ਬੈਠੀਏ ਜੀ। ਜਾਂ ਇੱਕ ਘੜੀ ਸਸਤਾਏ ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ ਹੇ ਸ੍ਰੀ ਗੁਰੂ ਜੀ ਇੱਕ ਪ੍ਰਸ਼ਨ ਹੈ, ਆਗਿਆ ਹੋਏ ਤਾਂ ਪੁੱਛੀਏ ? ਤਾਂ ਬਚਨ ਹੋਇਆ ਪੁੱਛੀਏ, ਜੋ ਤੁਸਾਡੇ ਦਿਲ ਆਈ ਹੈ। ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਹੇ ਗੁਰੂ ਜੀ ਇਹ ਪ੍ਰਾਣੀ ਜੋ ਪਾਪ ਪੁੰਨ ਕਰਦਾ ਹੈ ਅਤੇ ਮਾਇਆ ਨੂੰ ਦੌੜਦਾ ਹੈ, ਇਹ ਆਪ ਕਰਦਾ ਹੈ, ਯਾ ਕਿਸੇ ਦਾ ਕਰਾਇਆ ਕਰਦਾ ਹੈ ? ਤਾਂ ਸ੍ਰੀ ਗੁਰੂਜੀ ਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲੇ ਰਾਗ ਬਿਲਾਵਲ ॥ ਮਨਕਾ ਕਹਿਆ ਮਨਸਾ ਕਰੇ । ਇਹ ਮਨ ਪਾਪ ਪੁੰਨ ਉਚਰੇ । ਮਾਇਆ ਮਦ ਮਾਤਾ ਤ੍ਰਿਪਤਿ ਨਾ ਆਵੇ । ਤ੍ਰਿਪਤ ਮੁਕਤ ਮਨ ਸਾਚੇ ਭਾਵੇ । ਤਨ ਧਨ ਕਲਤ ਸਭ ਦੇਖ ਅਭਿਮਾਨਾ । ਬਿਨ ਨਾਵੈਂ ਕਿਛ ਸੰਗ ਨਾ ਜਾਨਾ ॥ ੧ ॥ ਰਹਾਉ ॥ ਅਰਥ ॥ ਇਸ ਨੂੰ ਨਾ ਕੋਈ ਕਹਿੰਦਾ ਹੈ, ਜੋ ਇਹ ਪਾਪ ਕਰੀਏ ਇਹ ਪੁੰਨ ਕਰੀਏ, ਉੱਠਕਰ ਮਨ ਉੱਤੇ ਕਿਰਤ ਲਗਾਉਂਦਾ ਹੈ ? ਮਾਇਆ ਦੇ ਮਦ ਜੋ ਮਨ ਰੱਤਾ ਹੈ, ਮਾਇਆ ਦੀ ਤ੍ਰਿਪਤਿ ਇਸਨੂੰ ਕਦੇ ਨਹੀਂ ਆਂਵਦੀ। ਜੋ ਕਦੇ ਭੀ ਮਾਇਆ ਨਾਲ ਅਘਾਇ ਖੜਾ ਹੋਵੇ,ਦਿਨ ਰਾਤ ਮਾਇਆ ਨੂੰ ਪਇਆ ਹਾਇ ਹਾਇ ਕਰਦਾ ਹੈ । ਮਾਇਆ ਨਾਲ ਨਾ ਰੱਜਿਆ ਨਾ ਰਜਾਇਆ । ਜਾਂ ਇਸਦੇ ਮਨ, ਸ੍ਰੀ ਪਰਮੇਸੁਰ ਜੀ ਦੀ ਪ੍ਰੀਤਿ ਉਪਜੇ, ਤਦ ਹੀ ਇਸ ਦੀ ਮੁਕਤ ਹੋਵੇ । ਬਿਨਾ ਸ੍ਰੀ ਪਰਮੇਸੁਰ ਜੀ ਦੀ ਪ੍ਰੀਤਿ ਇਹ ਮੁਕਤ ਨਾਹੀਂ ਹੁੰਦਾ । ਜਦ ਰੱਜ ਖੜਾ ਹੋਵੇ, ਤਦ ਹੀ ਇਸਦੀ ਮੁਕਤ ਹੋਵੇ । ਬਿਨਾ ਸ੍ਰੀ ਪਰਮੇਸੁਰ ਜੀ,ਇਸਦਾ ਬੇਲੀ ਕੋਈ ਨਹੀਂ । ਨਾ ਕੋਈ ਇਸਦੇ ਸੰਗ ਆਇਆ ਹੈ,ਨਾ ਕੋਈ ਇਸ ਦੇ ਸੰਗ ਜਾਇਗਾ । ਇਸ ਦੇ ਮਨ ਦਾ ਸਾਥੀ, ਇੱਕ ਸ੍ਰੀ ਪਰਮੇਸੁਰਜੀ ਦਾ ਨਾਉਂ ਹੈ । ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਹੇ ਸ੍ਰੀ ਗੁਰੂ ਜੀ, ਏਹ ਜੋ ਸੰਸਾਰ ਦੇ ਜੀਵ ਹਨ, ਸੋ ਤਾਂ ਮਾਇਆ ਹੀ ਨੂੰ ਚਾਂਹਦੇ ਹਨ, ਕਿਮੇ ਮਾਇਆ ਮੇਰੇ ਪਾਸ ਆਵੇ ? ਸੰਸਾਰ ਕਹਿੰਦਾ ਹੈ, ਜਾਂ ਮਾਇਆ ਹੋਵੇ, ਤਾਂ ਕੁਛ ਪੁੰਨ ਦਾਨ, ਹੋਇ ਆਵੇ । ਮਾਇਆ ਬਿਨਾ ਕਾਇ। ਬਾਤ ਬਿਉਹਾਰ ਦੀ ਸਰ ਨਹੀਂ ਆਂਵਦੀ । ਤਾਂ ਸ੍ਰੀ ਗੁਰੂ ਜੀ ਕਹਿਆ, ਸੁਣੋ ਭਾਈ ਥਾਮ ਜਨੋ । ਕੀਚੈ ਰਸ ਭੋਗ ਖੁਸ਼ੀਆਂ ਮਨ ਕੇਰੀ । ਧਨ ਲੋਕਾਂ ਤਨ ਭਸਮੇ ਢੇਰੀ । ਖਾਕੂ ਖਾਕ ਰੁਲੈ ਸਭ ਫੈਲ । ਬਿਨਸਬਦੈ ਨਾਹੀਂ ਉਤਰਸ ਮੈਲ ॥ ੨ ॥ ਤਿਸਦਾ ਅਰਥ ॥ ਏਹ ਜੋ ਰਾਜ ਕਰਦੇ ਹਨ,ਰਾਜ ਦੇ ਭੋਗ ਕਰਦੇ ਹਨ,ਮਾਇਆ ਦੇ ਸੁਖ ਕਰਦੇ ਹਨ । ਧਨ ਸੰਚ ਸੰਚ ਵੱਡੇ ਭੰਡਾਰ ਭਰਦੇ ਹਨ, ਤੇ ਇਸ ਦੇ ਨਾਲ ਕੁਛ ਧਨ ਅਰ ਮਾਇਆ ਦੇ ਬਿਲਾਸ ਨਾਹੀਂ ਚੱਲਦੇ । ਇਸਦਾ ਜੋ ਤਨ ਹੈ, ਸੋ ਸੁਆਹ ਦੀ ਢੇਰੀ ਹੋਇ ਜਾਇਗਾ, ਅਰ ਧਨ ਨੂੰ ਪਿੱਛੋਂ ਹੋਰ ਲੋਕ ਲੈ ਜਾਣਗੇ । ਤਾਂ ਮਾਇਆ ਦੇ ਬਿਲਾਸ ਧਨ ਅਰ ਕੁਟੰਬ ਦੇ ਲੋਕ, ਇਸਦੇ ਕਿਤ ਕੰਮ ਆਏ ? ਧਨ ਪਿੱਛੋਂ ਹੋਰਨਾਂ ਲੋਕਾਂ ਖਾਧਾ, ਧਨਦੇ ਨਿਮਿੱਤ,ਇਸਨੇ ਜੋ ਪਾਪ ਕੀੱਤੇ ਸੇ,ਪਾਪ ਇਸਦੇ ਸੰਗ ਅੱਗੇ ਗਏ, ਉਨ੍ਹਾਂ ਪਾਪਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਅੱਗੇ ਪਕੜਿਆ, ਨਰਕ ਠੇਲਿਆ। ਧਨ ਅਰ ਧਨ ਦਾ ਬਿਲਾਸ, ਅਰ ਕੁਟੰਬ ਦੇ ਲੋਕ, ਇਸਦੇ ਕਿਸ ਕੰਮ ਆਏ ? ਅਰ ਪਾਪਾਂ ਦੇ ਬਿਲਾਸ ਇਸ ਦੇ ਕਿਸ ਕੰਮ ਆਏ ? ਬਿਨਾ ਸ੍ਰੀ ਪਰਮੇਸੁਰ ਜੀ ਦੇ ਨਾਉਂ ਇਸਦਾ ਬੇਲੀ ਕੋਈ ਨਹੀਂ, ਬਿਨਾਂ ਸਬਦ ਇਸ ਦੀ ਮੈਲ ਕੱਟੀਦੀ ਨਹੀਂ। ਜਾਂ ਇਹ ਸਬਦ ਕਮਾਵੇ, ਤਾਂ ਇਸ ਦੀ ਮੈਲ ਜਾਏ, ਤਾਂ ਇਸ ਦੀ ਮੁਕਤ ਹੋਵੇ। ਫੇਰ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਹੇ ਸ੍ਰੀ ਗੁਰੂ ਜੀ! ਇਹ ਜੋ ਪ੍ਰਾਣੀ ਜੂਨੀ ਵਿੱਚ ਨੱਚਦਾ ਹੈ, ਸੋ ਕਿਤ ਭਾਲ ਕਰ ਨੱਚਦਾ ਹੈ ? ਅਰ ਨੱਚਣੇ ਤੇ ਛੁੱਟੇ ਸੋ ਕਿੰਉਂਕਰ ਛੁੱਟੇ ਜੀ ? ਸ੍ਰੀ ਗੁਰੂ ਜੀ ਕਹਿਆ। ਗੀਤ ਰਾਗ ਘਨ ਤਾਲ ਸਿਕੂਰੇ। ਤ੍ਰਿਹੁੰ ਗੁਣ ਉਪਜੇ ਬਿਨਸੇ ਦੂਰੇ। ਦੂਜੀ ਦੁਰਮਤਿ ਦਰਦ ਨ ਜਾਇ। ਛੁੱਟੇ ਗੁਰਮੁਖ ਦਾਰੂ ਗੁਣ ਗਾਇ ॥੩॥ ਪਰਮਾਰਥ ॥ ਇਹ ਜੋ ਜੂਨ ਵਿੱਚ ਨੱਚਦਾ ਹੈ, ਸੋ ਨਚਾਇਆ ਨੱਚਦਾ ਹੈ। ਜਾਂ ਗਾਉਣਹਾਰੇ ਨੂੰ ਗੀਤ, ਨਾਦ, ਤਾਲ, ਪਖਾਉਜ, ਬਜਾਈਦੇ ਹਨ, ਤਾਂ ਉਹ ਨੱਚਣਹਾਰਾ ਉਨ੍ਹਾਂ ਬਜੰਤ੍ਰਾਂ ਕਰ ਨੱਚਦਾ ਹੈ? ਤਿਉਂ ਇਹ ਭੀ ਜੂਨੀ ਵਿੱਚ ਜੋ ਪੈਂਦਾ ਹੈ, ਸੋ ਕਿਉਂਕਰ ਪੈਂਦਾ ਹੈ? ਕਰੋਧ, ਲੋਭ, ਅਹੰਕਾਰ, ਮਮਤਾ ਮੋਹ, ਬਜੰਤ੍ਰਾਂ ਕਰ ਪ੍ਰਾਣੀ ਜੂਨੀ ਵਿੱਚ ਨੱਚਦਾ ਹੈ। ਤ੍ਰੈ ਗੁਣਾਂ ਵਿੱਚ ਜਨਮਦਾ ਮਰਦਾ ਹੈ। ਮਾਨੁੱਖ ਜਨਮ ਤੇ ਦੂਰ ਜਾਇ ਪੌਂਦਾ ਹੈ। ਹੁਣ ਦਾ ਬਿਛੜਿਆ ਮਿਲਣਾ ਬਹੁਤ ਬਹੁਤ ਕਠਿਨ ਹੁੰਦਾ ਹੈ। ਦੂਜੈ ਭਾਉ ਨੇ ਇਸ ਨੂੰ ਬਿਛੋੜਿਆ ਹੈ, ਇਹ ਦੁਰਮਤ ਇਸ ਨੂੰ ਰੋਗ ਲੱਗਾ ਹੈ। ਅਤੇ ਇਸ ਰੋਗ ਦਾ ਦਾਰੂ ਨਾਮ ਹੈ। ਜਾਂ ਇਹ ਸ੍ਰੀ ਪਰਮੇਸੁਰ ਜੀ ਦੇ ਗੁਣ ਗਾਵੇ, ਤਾਂ ਇਹ ਜਨਮ ਮਰਨ ਤੇ ਰਹਿਤ ਹੋਵੇ। ਤਾਂ ਉਨ੍ਹਾਂ ਗੋਬਿੰਦ ਲੋਕਾਂ ਫੇਰ ਕਹਿਆ, ਹੇ ਗੁਰੂ ਜੀ ਇੱਕ ਵੈਸਨੋਂ ਕਹਾਉਂਦੇ ਹਨ, ਇੱਕ ਜੈਨ ਮਾਰਗੀ ਹਨ, ਇੱਕ ਤਪਸੀ ਹਨ, ਇੱਕ ਬ੍ਰਹਮਚਾਰੀ ਹਨ, ਇੱਕ ਭਗਤ ਹਨ, ਇੱਕ ਜੋਗੀ ਸੰਨਿਆਸੀ ਹਨ, ਇੱਕ ਪੰਡਿਤ ਗੁਣੀ ਹਨ, ਇਨ੍ਹਾਂ ਵਿੱਚੋਂ ਉੱਤਮ ਕੌਣ ਹਨ ? ਤਾਂ ਗੁਰੂ ਬਾਬੇਜੀ ਕਹਿਆ ॥ ਧੋਤੀ ਉੱਜਲ ਤਿਲਕ ਗਲ ਮਾਲਾ। ਅੰਤਰ ਕਰੋਧ ਪੜ੍ਹੇ ਨਟਸਾਲਾ। ਨਾਮ ਬਿਸਾਰ ਮਾਇਆ ਮਦ ਪੀਆ। ਬਿਨ ਗੁਰੁ ਭਗਤ ਨਾਹੀਂ ਸੁਖ ਥੀਆ ॥ ੪ ॥ ਅਰਥ ॥ ਸੁਣੋ ਭਾਈ ਗੋਬਿੰਦ ਲੋਕੋ, ਇਹ ਸਭ ਨਟ ਵਿੱਦਿਆ ਹੈ, ਜਿਉਂ ਨਟੂਆ ਸਭ ਸਾਂਗ ਕਰਦਾ ਹੈ, ਜੈਸਾ ਸਾਂਗ ਕਰਦਾ ਹੈ ਤੈਸਾ ਜਾਣੀਦਾ ਹੈ। ਤਿਉਂ ਇਹ ਭੀ ਧੋਤੀ ਪਹਿਨਣੀ, ਮਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਲਕ ਇਹ ਵੈਸਨੋਂ ਦਾ ਸਾਂਗ ਹੈ, ਨਟ ਦੀ ਨਿਆਈਂ । ਜਦ ਤਾਈਂ ਇਸ ਦੇ ਅੰਦਰ ਕਰੋਧ ਲੋਭ ਅਹੰਕਾਰ ਮਮਤਾ ਮਾਇਆ ਵਿੱਚ ਅੱਠੋ ਪਹਿਰ ਮਨ ਰਹਿੰਦਾ ਹੈ, ਕਿਆ ਹੋਇਆ ਜੋ ਵੈਸਨੋਂ ਦਾ ਸਾਂਗ ਕੀਤਾ ? ਬਿਨਾ ਸ੍ਰੀ ਪਰਮੇਸੁਰ ਜੀ ਦੀ ਸੱਚੀ ਭਗਤ ਕਰੇ ਉਹ ਭਗਤ ਨਹੀਂ ਹੁੰਦਾ। ਤਾਂ ਉਨ੍ਹਾਂ ਗੋਬਿੰਦ ਲੋਕਾਂ ਕਹਿਆ ਹੇ ਸ੍ਰੀ ਗੁਰੂ ਜੀ ਹੁਨ ਦੇ ਕਲਿ ਕਾਲ ਦੇ ਪਹਿਰੇ ਵਿੱਚ ਜੋ ਲੋਕ ਗੁਰੂ ਕਰਦੇ ਹਨ, ਨਾਮ ਸਿੱਖ ਕਰ ਅਰ ਗੁਰੂ ਕਰ ਕਰ ਗੁਰੂ ਮਤ ਪਰ ਚੱਲ ਨਹੀਂ ਸੱਕਦੇ, ਗੁਰੂ ਦੀ ਮਤ ਤੇ ਉਹ ਮੂੰਹ ਫੇਰ ਜਾਂਦੇ ਹਨ, ਉਨ੍ਹਾਂ ਦੀ ਕੀ ਗਤ ਹੋਵੇਗੀ ? ਸ੍ਰੀ ਗੁਰੂ ਜੀ ਕਹਿਆ ਸੁਣੋ ਭਾਈ ਰਾਮ ਜਨੋ ਸੂਕਰ, ਸੁਆਨ ਗਰਧਬ, ਮੰਝਾਰਾ। ਪਸੂ, ਮਲੇਛ, ਨੀਚ, ਚੰਡਾਲਾ। ਗੁਰ ਤੇ ਮੂੰਹ ਫੇਰੇ ਤਿਨ੍ਹਾਂ ਇਹ ਜੂਨ ਭਵਾਈਐ। ਬੰਧਨ ਬਾਧਿਆ ਆਈਐ ਜਾਈਐ ॥੫॥ ਅਰਥ॥ ਸੁਣੋ ਭਾਈ ਰਾਮਜਨੋ ਜੋ ਗੁਰੂ ਤੇ ਮੂੰਹ ਫੇਰਨਗੇ ਸੋ ਸੂਰ ਦੇ ਜਨਮ, ਚੰਡਾਲ ਦੇ ਜਨਮ, ਕਾਉਂ ਦੇ ਜਨਮ, ਅਰ ਪਸੂਆਂ ਦੀ ਜੂਨ ਵਿਖੇ, ਓਹ ਫੇਰੀਅਨਗੇ। ਤਾਂ ਫੇਰ ਗੋਬਿੰਦ ਲੋਕਾਂ ਕਹਿਆ, ਹੇ ਸ੍ਰੀ ਗੁਰੂ ਜੀ, ਗੁਰੂ ਤੇ ਜੋ ਮੂੰਹ ਫੇਰਨਗੇ ਉਨ੍ਹਾਂ ਦਾ ਤਾਂ ਇਹ ਹਾਲ ਹੋਵੇਗਾ ਅਰ ਜੋ ਗੁਰੂ ਨਾਲ ਸਨਮੁਖ ਰਹਿਣਗੇ, ਤਿਨ੍ਹਾਂ ਨੂੰ ਕੌਣ ਫਲ ਲੱਗੇਗਾ ? ਸ੍ਰੀ ਗੁਰੂ ਜੀ ਕਹਿਆ। ਗੁਰੂ ਸੇਵਾ ਤੇ ਲਹੇ ਪਦਾਰਥ। ਹਿਰਦੇ ਨਾਮ ਸਦਾ ਕਿਰਤਾ-ਰਥ। ਸੱਚੀ ਦਰਗਹ ਪੂਛ ਨ ਹੋਇ । ਮੰਨੇ ਹੁਕਮ ਸੀਝੇ ਦਰ ਸੋਇ ॥੬॥ ਤਿਸ ਦਾ ਪਰਮਾਰਥ ॥ ਸ੍ਰੀ ਗੁਰੂ ਜੀ ਕਹਿਆ ਹੈ, ਸੁਣੋ ਭਾਈ ਰਾਮ ਜਨੋ, ਜੋ ਸ੍ਰੀ ਪਰ-ਮੇਸੁਰ ਜੀ ਦੀ ਸੇਵਾ ਕਰੇਗਾ, ਤਿਸ ਦਾ ਇਹ ਜਨਮ ਪਦਾਰਥ ਸੌਰੇਗਾ, ਨਾਮ ਰਤਨ ਜੋ ਹੈ ਸੋ ਪਦਾਰਥ ਹੈ, ਸੋ ਇਸ ਪ੍ਰਾਣੀ ਨੂੰ ਹੱਥ ਆਵੇਗਾ ॥ ਅਰ ਸ੍ਰੀ ਪਰਮੇਸੁਰ ਜੀ ਦੀ ਸੇਵਾ ਕਰਕਰ ਇਸਦੇ ਹਿਰਦੇ ਤੇ ਕਦੀ ਨਾਉਂ ਵਿੱਸਰੇ ਨਾਹੀਂ, ਤਾਂ ਇਸ ਪਰ ਸ੍ਰੀ ਪਰਮੇਸੁਰ ਜੀ ਦੀ ਕ੍ਰਿਪਾ ਹੋਵੇ ਸੱਚੇ ਖੰਡ ਵਿੱਚ ਉਸਨੂੰ ਪੁੱਛਨਾ ਹੋਇਗੀ, ਕਿ ਤੂੰ ਕੌਣ ਹੈ ? ਕਿੱਥੇ ਜਾਂਦਾ ਹੈ ? ਉਹ ਸਿੱਖ ਆਦਰ ਭਾਉ ਨਾਲ ਸੱਚੀ ਦਰਗਾਹ ਵਿੱਚ ਵੜੀਅਨਗੇ। ਇਸ ਪ੍ਰਾਣੀ ਨੂੰ ਅੱਗੇ ਸੱਚੀ ਦੀਬਾਣ ਵਿੱਚ ਵੱਡਿਆਈ ਮਿਲੇਗੀ। ਸੁਣੋ ਭਾਈ ਰਾਮ ਜਨੋ ਦਰਗਾਹ ਵਿੱਚ ਸੋਈ ਸਿੱਝਣਗੇ, ਜਿਨ੍ਹਾਂ ਸ੍ਰੀ ਪਰਮੇਸੁਰ ਜੀ ਦੀ ਆਗਿਆ ਮੰਨੀ ਹੈ। ਫੇਰ ਗੋਬਿੰਦ ਲੋਕਾਂ ਕਹਿਆ ਹੇ ਸ੍ਰੀ ਗੁਰੂ ਜੀ ਇਹ ਸ੍ਰੀ ਪਰਮੇਸੁਰ ਜੀ ਨੂੰ ਜਾਣੇ ਸੋ ਕਿਉਂਕਰ ਜਾਣੇ । ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬੇ ਜੀ ਕਹਿਆ ॥ ਸਤਗੁਰ ਮਿਲੈ ਤਾਂ ਤਿਸ ਨੂੰ ਜਾਣੇ । ਰਹੇ ਰਜਾਈਂ ਹੁਕਮ ਪਛਾਣੇ । ਹੁਕਮ ਪਛਾਨਿ ਸੱਚੇ ਦਰ ਵਾਸ । ਕਾਲ ਬਿਕਾਲ ਸਬਦ ਭਯਨਾਸ ॥੭॥ ਤਿਸਦਾ ਪਰਮਾਰਥ ॥ ਸਾਹਿਬ ਕਹਿਆ ਹੈ, ਸੁਣੋ ਭਾਈ ਰਾਮ ਜਨੋ । ਇਹ ਸ੍ਰੀ ਪਰਮੇਸੁਰ ਜੀ ਨੂੰ ਤਾਂ ਜਾਣੇ ਕਿ ਜਦ ਸੱਤ ਗੁਰ ਨੂੰ ਮਿਲੇ ਦੁਖ ਸੁਖ ਸੱਤਕਰ ਪਛਾਣੇ ਤਾਂ ਇਸ ਨੂੰ ਸੱਚੇ ਦਾ ਮਹਲ ਪ੍ਰਾਪਤਿ ਹੋਵੇਗਾ, ਸੱਚੇ ਖੰਡ ਵਿੱਚ ਜਾਇ ਵੱਸੇਗਾ । ਗੁਰੂ ਦੇ ਸਬਦ ਕਰ ਇਸਦਾ ਜਨਮ ਮਰਨ ਕੱਟੀਏਗਾ । ਤਾਂ ਫੇਰ ਉਨ੍ਹਾਂ ਗੋਬਿੰਦ ਲੋਕਾਂ ਕਹਿਆ, ਹੇ ਸ੍ਰੀ ਗੁਰੂ ਜੀ ਇਹ ਗ੍ਰਿਹਸਤੀ ਗ੍ਰਿਹਸਤ ਵਿਖੇ ਸੇਵਾ ਕਰੇ,ਸੋ ਕਿਉਂਕਰ ਕਰੇ ਜੀ? ਤਾਂ ਸ੍ਰੀਗੁਰੂਜੀ ਕਹਿਆ,ਸੁਣੋ ਭਾਈ ਰਾਮ ਜਨੋ ਰਹੇ ਅਤੀਤ ਜਾਣੇ ਸਭ ਤਿਸਕਾ । ਤਨਮਨ ਅਰਪੇ ਹੈ,ਇਹ ਜਿਸਕਾ । ਨਾ ਓਹ ਆਵੇ, ਨਾ ਉਹ ਜਾਇ । ਨਾਨਕ ਸੱਚੇ ਸੱਚ ਸਮਾਇ ॥ ੯ ॥ ਅਰਥ ॥ ਸਾਹਿਬ ਕਹਿਆ ਹੈ, ਸੁਣੋ ਭਾਈ ਰਾਮ ਜਨੋ । ਇਹ ਗ੍ਰਿਹਸਤ ਵਿੱਚ ਇੰਉਂ ਰਹੇ, ਜਿੰਉਂ ਕਿਤੇ ਨਗਰ ਇੱਕ ਅਤੀਤ ਆਲਸੀ ਆਇ ਬੈਠਦਾ ਹੈ ਅਰ ਪਹਿਲੇ ਦਿਨ ਇੰਉਂ ਜਾਣਦਾ ਹੈ,ਜੋ ਇਸ ਨਗਰੀ ਵਿੱਚ ਮੇਰਾ ਕੁਛ ਨਾਹੀਂ । ਮੇਰਾ ਇੱਕ ਸ੍ਰੀ ਪਰਮੇਸੁਰ ਹੈ, ਏਹ ਘਰ ਤੇ ਲੋਕ ਪਰਾਏ ਹਨ, ਇਹ ਨੱਗਰੀ ਭੀ ਪਰਾਈ ਹੈ, ਮੈਂ ਨਿਰਾਸ ਹਾਂ, ਮੇਰਾ ਇੱਕ ਸ੍ਰੀ ਪਰਮੇਸੁਰ ਜੀ ਹੈ, ਮੈਂ ਸ੍ਰੀ ਪਰਮੇਸੁਰ ਜੀ ਦੀ ਆਸ ਪਰ ਹਾਂ। ਜੋ ਕੋਈ ਸ੍ਰੀ ਪਰਮੇਸੁਰ ਜੀ ਦੇ ਨਿਮਿੱਤ ਟੁਕੜਾ ਦਏਗਾ, ਤਾਂ ਖਾਵਾਂਗਾ ਨਹੀਂ ਤਾਂ ਇੰਉ ਹੀ ਬਿਹਾਇ ਜਾਇਗੀ, ਜਿੰਉਂ ਉਹ ਪਰਦੇਸੀ ਅਤੀਤ ਪਹਿਲੇ ਦਿਨ ਜਾਣਦਾ ਹੈ। ਪਰ ਅਣਜਾਣ ਇਸ ਨਗਰੀ ਵਿੱਚ ਕੁਛ ਨਾਹੀਂ । ਸੱਭ ਕੁਛ ਸ੍ਰੀ ਪਰਮੇਸੁਰ ਜੀ ਦਾ ਹੈ। ਜੋ ਇੰਉਂਕਰ ਇਹ ਭੀ ਜਾਣੇ ਤਾਂ ਇਹ ਗ੍ਰਿਹਸਤ ਵਿਖੇ ਭਗਤ ਹੁੰਦਾ ਹੈ । ਜਾਂ ਇੰਉਂਕਰ ਜਾਣੇ ਜੋ ਮੇਰਾ ਕੁਛ ਨਹੀਂ,ਸੱਭ ਕੁਛ ਪਰਮੇਸੁਰ ਜੀ ਦਾ ਹੈ। ਅਰ ਆਪਨਾ ਮਨ ਤਨ ਧਨ ਸਭ ਕੁਛ ਪਰਮੇਸੁਰ ਜੀ ਦੇ ਅਰਥ ਕਰ ਅਰਪ ਦੇਵੇ,ਤਾਂ ਉਹ ਨਾ ਆਵੇ ਨਾ ਜਾਇ । ਜਨਮ ਮਰਨ ਤੇ ਰਹਿਤ ਹੋਵੇ। ਤਾਂ ਗੋਬਿੰਦ ਲੋਕ ਉੱਠ ਚਰਣੀਂ ਲੱਗੇ, ਕਹਿਣ ਲੱਗੇ,ਤੁਸੀਂ ਧੰਨ ਹੋ ਜੀ। ਸਾਨੂੰ ਆਪਨਾ ਚਰਣੀਂ ਲਾਇ ਲਵੋ ਜੀ,ਸਾਨੂੰ ਦੀਖਿਆ ਦੇਵੋ ਜੀ । ਤਾਂ ਬਚਨ ਹੋਇਆ ਤੁਸੀਂ ਸ੍ਰੀ ਪਰਮੇਸੁਰ ਜੀਦਾ ਨਾਮ ਅਰਾਧਿਆ ਕਰੋ, ਸ੍ਰੀ ਪਰਮੇਸੁਰ ਜੀ ਤੁਸਾਡਾ ਭਲਾ ਕਰੇਗਾ । ਫੇਰ ਸ੍ਰੀ ਗੁਰੂ ਜੀ,ਇੱਕ ਸ਼ਲੋਕ ਕਹਿਆ, ਸਤਿ ਪੁਰਖ, ਸਤਗੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾ ਸੱਚ ਖੰਡ ਮੇਂ ਬਾਸ । ਨਾਨਕ ਦਾਸ,ਸਤਿਗੁਰ ਮਿਲੈ ਤਬ ਜੂਨ ਹੋਇ ਖਲਾਸ । ਤਾਂ ਓਹ ਬਾਬੇ ਜੀ ਦੇ ਸਿੱਖ ਹੋਏ ॥ ੫ ॥

॥ ੧੬ ॥ ਸਾਖੀ ਕੌਡੇ ਰਾਖਸ ਦੀ ॥

ਰਾਜੇ ਨੂੰ ਮੰਜੀ ਬੈਠਾਇਕੇ, ਅਸਰਾ ਪਨਾਹਿ ਨੂੰ ਚੱਲੇ, ਜਿੱਥੇ ਛੱਡੇ ਬਾਵੀ ਦੀ ਮੰਜੀ ਹੈ, ਸਮੁੰਦਰ ਦੇ ਟਾਪੂ ਵਿੱਚ । ਤਾਂ ਮਰਦਾਨਾ ਵਿੱਟਰ ਬੈਠਾ, ਗੁਰੂ ਨਾਨਕ ਜੀ ਦੀ ਭਾਰ ਉੱਤੇ, ਬਹੁਤ ਰੀਝ ਆਹੀ । ਮਰਦਾਨੇ ਆਖਿਆ, ਮੈਂ ਤਾਂ ਅੱਗੇ ਨਹੀਂ ਜਾਂਦਾ, ਮੈਂਨੂੰ ਵਿਦਾ ਕਰੋ । ਤਾਂ ਗੁਰੂ ਨਾਨਕ ਆਖਿਆ, ਮਰਦਾਨਿਆਂ, ਅੱਗੇ ਰਾਹ ਵਿੱਚ ਬਲਾਈਂ ਹਨ, ਤੂੰ ਅਸਾਂ ਨਾਲ ਚਲੁ । ਮਰਦਾਨਾ ਰਹੇ ਨਾਹੀਂ । ਤਾਂ ਗੁਰੂ ਜੀ ਮੈਂਨੂੰ ਆਖਿਆ, ਭਾਈ ਬਾਲਾ ਤੂੰ ਆਖ, ਅਸਾਡੇ ਆਖੇ ਲੱਗਦਾ ਨਾਹੀਂ । ਤਾਂ ਮੈਂ ਮਰਦਾਨੇ ਨੂੰ ਆਖਿਆ, ਮਰਦਾਨਿਆਂ, ਗੁਰੂ ਨਾਨਕ ਨਿਰੰਕਾਰੀ ਹਈ, ਤੰ ਸਮਝ । ਮਰਦਾਨੇ ਨੂੰ, ਜੋ ਕਾਈ ਭੂਤਨਾ ਲੱਗਾ, ਮੰਨੇ ਕਾਈ ਨਹੀਂ, ਆਖ ਰਹੇ ਬਹੁਤੇਰਾ । ਮਰਦਾਨੇ ਗੁਰੂ ਨਾਨਕ ਪਾਸੋਂ ਵਿਦਾ ਲੀਤੀ । ਮਰਦਾਨਾ ਗਇਆ । ਪਿੱਛੇ ਗੁਰੂ ਜੀ, ਮੈਂਨੂੰ ਪੁੱਛਿਆ, ਭਾਈ ਬਾਲਾ, ਕਿਆ ਕਰੀਐ ? ਤਾਂ ਮੈਂ ਗੁਰੂ ਨਾਨਕ ਜੀ ਨੂੰ ਆਖਿਆ ਜੀ, ਜੋ ਤੁਸਾਡੀ ਰਜਾਇ ਆਵੇ, ਸੋ ਕਰੀਏ । ਤਾਂ ਗੁਰੂ ਨਾਨਕ, ਜੰਗਲ ਬਾਰ ਵਿੱਚ ਬਹਿ ਰਹਿਆ, ਅੱਗੇ ਚੱਲੇ ਨਹੀਂ । ਜਾਂ ਦੁਇ ਪਹਿਰ ਗੁਜਰੇ, ਤਾਂ ਗੁਰੂ ਨਾਨਕ ਜੀ ਬੋਲੇ, ਭਾਈ ਬਾਲਜਾ, ਮਰਦਾਨੇ ਨੂੰ ਰਾਖਸ ਪਕੜਿਆ ਹੈ, ਅਤੇ ਕੜਾਹੇ ਵਿੱਚ ਤਲਦਾ ਹੈ । ਤਾਂ ਮੈਂ ਗੁਰੂ ਜੀ ਨੂੰ ਆਖਿਆ, ਜੀ ਤਲਣ ਦੇਹੋ । ਖਾਵਣ ਦੇਹੋ । ਜੇ ਆਖੇ ਤੁਸਾਡੇ ਲੱਗੇ ਨਾਹੀਂ , ਤਾਂ ਤੁਸੀਂ ਕੀ ਕਰੋ ? ਤੁਸਾਡਾ ਬਚਨ ਕੋਈ ਪਾਸੇ ਜਾਂਦਾ ਸੀ ? ਤੁਸਾਂ ਜੋ ਅਵਾਜ ਕੀ'ਤੀ ਸੀ, ਜੋ ਬਲਾਈ ਹਨ ? ਸੋ ਤਾਂ ਬਲਾਇ ਮਿਲੀ ਚਾਹੀਏ । ਤਾਂ ਗੁਰੂ ਨਾਨਕ ਜੀ, ਉੱਠ ਖੜੇ ਹੋਏ, ਆਖਣ ਲੱਗੇ, ਭਾਈ ਬਾਲਾ, ਨਾਲ ਲੀਤੇ ਦੀ ਸ਼ਰਮ ਹੁੰਦੀ ਹੈ, ਅਤੇ ਅਸਾਡੇ ਕੰਮ ਦਾ ਹੈ । ਫੇਰ ਗੁਰੂ ਜੀ ਨੂੰ ਮੈਂ ਪੁੱਛਿਆ, ਜੀ ਕੇਡੀਕੁ ਦੂਰ ਹੈ ? ਗੁਰੂ ਨਾਨਕ ਜੀ ਕਹਿਆ, ਭਾਈ ਬਾਲਾ, ਨਵਾਂ ਕੋਹਾਂ ਉੱਤੇ ਹੈ ? ਤਾਂ ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਿਆ ਜੀ, ਅਸਾਂ ਜਾਂਦਿਆਂ ਨੂੰ ਤਾਂ ਖਾਇ ਲੈਸੀ ? ਤਾਂ ਗੁਰੂ ਨਾਨਕ ਮੇਰਾ ਹੱਥ ਪਕੜਿਆ, ਇੱਕ ਪਲਕ ਤਾਂ ਬਹੁਤ ਹੁੰਦੀ ਹੈ, ਜਾਪੇ ਨਾਹੀਂ ਕਿੱਥੇ ਸੇ, ਜਾਂ ਉੱਥੇ ਸੇ, ਗੁਰੂ ਨਾਨਕ ਹੱਸਿਆ, ਹੱਸ ਕਰ ਆਖਿਆ, ਕਿਉਂ ਮਰਦਾਨਾ ? ਮਰਦਾਨਾ ਸ਼ਰਮਿੰਦਾ ਹੋਇਆ। ਤਾਂ ਗੁਰੂ ਨਾਨਕ ਜੀ ਕਹਿਆ, ਭਾਈ ਬਾਲਾ, ਇਹ ਜੋ ਕੜਾਹਾ ਤਪਦਾ ਹਈ, ਸੋ ਮਰਦਾਨੇ ਦੇ ਭੁਲਣ ਦੇ ਵਾਸਤੇ ਤਪਦਾ ਹੈ, ਪਰ ਅਸੀਂ ਛਪ ਰਹੀਏ। ਤਾਂ ਮੈਂ ਗੁਰੂ ਨਾਨਕ ਜੀ ਨੂੰ ਆਖਿਆ, ਜੀ ਜਿਹੇ ਆਏ, ਤਿਹੇ ਨਾ ਆਏ ! ਜੇ ਰਾਖਸ ਤਲਕੇ ਖਾ ਜਾਇਗਾ, ਤਾਂ ਸਾਡੇ ਹੱਥ ਕੀ ਆਵਸੀ ? ਕੁਛ ਕਰਨਾ ਹੈ ਤਾਂ ਕਰੀਏ। ਤਾਂ ਫੇਰ ਗੁਰੂ ਜਾ ਆਖਿਆ, ਦੇਖ ਭਾਈ ਬਾਲੇ, ਕਰਤਾਰ ਦੇ ਰੰਗ ਤਮਾਸੇ। ਕਰਤਾਰ ਕਿਆ ਕਰਦਾ ਹੈ। ਜਿਉਂ ਮਰਦਾਨਾ ਖੜਾ ਆਹਾ, ਤਿਉਂ ਰਾਖਸ ਨੇ ਉਸਨੂੰ ਪਕੜਕੇ ਕੜ੍ਹਾਹੇ ਵਿੱਚ ਘੱਤਿਆ, ਗੁੱਸੇ ਨਾਲ, ਕੜ੍ਹਾਹਾ ਅਜੇਹਾ ਠੰਡਾ ਹੋਇ ਗਇਆ, ਕਿ ਜੇਹਾ ਪੋਹ ਮਾਂਹ ਦਾ ਕੱਕਰ ਹੁੰਦਾ ਹੈ। ਰਾਖਸ ਹੈਰਾਨ ਹੋ ਗਇਆ, ਹੇਠੋਂ ਅੱਗ ਬੁੱਝ ਗਈ। ਤਾਂ ਗੁਰੂ ਨਾਨਕ ਜੀ ਸਵਾਧਾਨ ਹੋਇ ਵਿਖਾਈ ਦਿੱਤੀ, ਤੇ ਰਾਖਸ ਬੋਲਿਆ, ਅਰੇ ਤੂੰ ਕੌਣ ਹੈਂ ? ਸੱਚ ਆਖ, ਜੋ ਤੇਰੇ ਆਏ ਮੇਰਾ ਕੜਾਹਾ ਠੰਡਾ ਸੀਤਲ ਹੋਇ ਗਇਆ ਹੈ। ਸੱਚ ਆਖ ਤੂੰ ਕੌਣ ਹੈਂ ? ਤਾਂ ਗੁਰੂ ਨਾਨਕ ਜੀ ਹੱਸ ਕਰ ਆਖਿਆ, ਕੌਡਾ ਰਾਖਸ ਖਾ, ਇਸ ਤਾਈਂ ਕਿਉਂ ਨਹੀਂ ਖਾਂਦਾ ? ਕਿਉਂ ਰੱਖਿਆ ਹਈ ? ਤਾਂ ਰਾਖਸ ਬੋਲਿਆ, ਤੂੰ ਮੇਰਾ ਨਾਉਂ ਕਿੱਕੁਰ ਜਾਣਦਾ ਹੈਂ ? ਕਿੱਧਰੋਂ ਪੈਦਾ ਹੋਇਆ ਹੈਂ ? ਸੱਚ ਆਖ। ਤਾਂ ਗੁਰੂ ਨਾਨਕ ਜੀ, ਰਾਗ ਮਾਰੂ ਵਿੱਚ ਸਬਦ ਬੋਲਿਆ ॥ ਫੂਟਿਓ ਆਂਡਾ ਭਰਮ ਕਾ, ਮਨਹਿ ਭਇਆ ਪਰਗਾਸ। ਕੱਟੀ ਬੇੜੀ ਪਗਹੁ ਤੇ, ਗੁਰੁ ਕੀਨੀ ਬੰਦ ਖਲਾਸ। ਬਾਬਾ ਮੇਰਾ ਆਵਣ ਜਾਣ ਰਹਿਓ। ਤਪਤ ਕੜਾਹਾ ਬੁੱਝ ਗਇਆ, ਗੁਰੂ ਸੀਤਲ ਨਾਮ ਦੀਓ ॥ ਰਹਾਉ ॥ ਜਬਤੇ ਸਾਧੂ ਸੰਗ ਭਇਆ, ਤਬ ਛੋਡ ਗਏ ਨਿਗਹਾਰ। ਜਿਸ ਕੀ ਅਟਕ ਤਿਸੇ ਤੇ ਛੂਟੀ, ਕਹਾ ਕਰੇ ਕੁਟਵਾਰ ॥ ੨ ॥ ਚੂਕਾ ਭਾਰਾ ਕਰਮ ਕਾ, ਹੋਏ ਨਿਹ ਕਰਮਾ। ਸਾਗਰ ਤੇ ਕੰਧੀ ਚੜ੍ਹੇ, ਗੁਰੂ ਕੀਨੇ ਧਰਮਾ ॥੩॥ ਸੱਚ ਥਾਨ, ਸੱਚ ਬੈਸਕਾ, ਸੱਚ ਸੁਆਉ ਬਣਾਇਆ। ਸੱਚ ਪੂੰਜੀ, ਸੱਚ ਵਖਰੋ, ਨਾਨਕ ਘਰ ਪਾਇਆ ॥ ੪ ॥ ਤਾਂ ਕੌਡਾ ਰਾਖਸ, ਗੁਰੂ ਨਾਨਕ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਣਾਂ ਉੱਤੇ ਢਹਿ ਪਇਆ, ਉੱਠੇ ਹੀ ਨਾਹੀਂ, ਆਖਿਆ ਜੀ, ਮੈਂ ਵੱਡੇ ਵੱਡੇ ਪਾਪ ਕੀੱਤੇ ਹਨ, ਮੈਨੂੰ ਬਖਸ਼ੀਏ ਜੀ। ਜਿੰਉਂ ਤਿੰਉਂ ਬਖਸ਼ੀਏ ਜੀ। ਤਾਂ ਗੁਰੂ ਨਾਨਕ ਜੀ ਕਹਿਆ, ਕੌਡਾ ਰਾਖਸ, ਤੇਰਾ ਗੁਰੂ ਮਰਦਾਨਾ ਮਿਰਾਸੀ ਹੈ, ਇਸ ਤਾਈਂ ਮੰਨੇਂਗਾ, ਤਾਂ ਤੇਰੀ ਗਤ ਹੋਵੇਗੀ । ਕੌਡੇ ਰਾਖਸ ਆਖਿਆ ਜੀ, ਇਹ ਭੀ ਮੇਰੇ ਸਿਰਤੇ ਹੈ, ਅਤੇ ਕੋਈ ਹੋਰ ਭੀ ਮੇਰੇ ਸਿਰਤੇ। ਤਾਂ ਗੁਰੂ ਨਾਨਕ ਹੱਸਿਆ, ਆਖਿਓਸ, ਕਿੰਉਂ ਭਾਈ ਬਾਲਾ ? ਤਾਂ ਮੈਂ ਗੁਰੂ ਅੱਗੇ ਹੱਥ ਜੋੜੇ। ਮੇਹਰਵਾਨ ਤੇਰੀ ਤੂਹੇਂ ਜਾਣੇ । ਤਾਂ ਗੁਰੂ ਨਾਨਕ, ਕੌਡੇ ਨੂੰ ਆਖਿਆ, ਆਖ ਭਾਈ ਕੌਡਾ, ਕੀ ਆਖਦਾ ਹੈਂ? ਤਾਂ ਕੌਡੇ ਨੇ ਆਖਿਆ, ਗੁਰੂ ਜੀ, ਮੈਨੂੰ ਕੁਝ ਹੁਕਮ ਕਰੋ, ਤਾਂ ਮੈਂ ਪਰਸਾਦ ਲੈ ਆਵਾਂ । ਤੁਸੀਂ ਅਚਵੋ, ਤਾਂ ਮੇਰੀ ਪੂਰੀ ਪਵੇ। ਤਾਂ ਗੁਰੂ ਨਾਨਕ ਆਖਿਆ, ਕੌਡਾ ਕੁਝ ਮਰਦਾਨੇ ਦੇ ਖਾਵਣ ਵਾਸਤੇ ਲੈ ਆਉ। ਮਰਦਾਨਾ ਬਹੁਤ ਦਿਨਾਂ ਦਾ ਭੁਖਾ ਹੈ। ਕੌਡਾ ਰਾਖਸ ਜੰਗਲ ਨੂੰ ਉੱਠ ਵੱਗਿਆ, ਜਾਇ ਕਰ ਐਸੇ ਮੇਵੇ ਲੈ ਆਇਆ, ਜੋ ਤੂਏ ਖੁਸ਼ੀ ਹੋਏ, ਆਇ ਕਰ, ਗੁਰੂ ਜੀ ਦੇ ਅੱਗੇ ਰੱਖਿਓਸੁ, ਤਾਂ ਗੁਰੂ ਨਾਨਕ ਜੀ ਆਖਿਆ, ਆਉ ਭਾਈ ਮਰਦਾਨਾ ਖਾਹਿ । ਮਰਦਾਨੇ ਆਖਿਆ ਜੀ, ਮੈਂ ਸਭ ਕੁਛ ਖਾਧਾ ਹੈ, ਤੁਸੀਂ ਮੇਰੇ ਉੱਤੇ ਖੁਸ਼ੀ ਹੋਵੋ। ਮੈਂ ਤੁਸਾਡਾ ਆਖਿਆ ਨਹੀਂ ਮੰਨਿਆ। ਤਾਂ ਗੁਰੂ ਨਾਨਕ ਜੀ ਆਖਿਆ, ਮਰਦਾਨਿਆਂ, ਅਸੀਂ ਤੇਰੇ ਉੱਤੇ ਬਹੁਤ ਰਾਜੀ ਆਹੇ। ਤੂੰ ਅਸਾਡੇ ਉੱਪਰ ਖੁਸ਼ੀ ਰਹੁ। ਮੇਵਾ ਖਾਹਿ । ਤਾਂ ਮਰਦਾਨੇ ਆਖਿਆ ਜੀ, ਜੇਹਾ ਬਾਂਟਾ ਮੈਨੂੰ ਆਂਵਦਾ ਹੈ, ਤੇਹਾ ਮੈਂਨੂੰ ਭੀ ਦੇਹੁ। ਤਾਂ ਗੁਰੂ ਨਾਨਕ ਆਖਿਆ, ਭਾਈ ਬਾਲਾ, ਤੂਏ ਬਾਂਟੇ ਕਰੁ। ਮੈਂ ਤਿੰਨੇਂ ਹਿੱਸੇ ਕੀੱਤੇ, ਇੱਕ ਮਰਦਾਨੇ ਨੂੰ ਦਿੱਤਾ, ਅਤੇ ਇੱਕ ਆਪ ਲੀਤਾ, ਇੱਕ ਗੁਰੂ ਜੀ ਮੈਨੂੰ ਦਿੱਤਾ। ਅਸਾਂ ਨੂੰ ਬਚਨ ਹੋਇਆ, ਭਾਈ ਬਾਲਾ, ਅਤੇ ਮਰਦਾਨਾ, ਪਰਸਾਦ ਪਾਵੋ, ਤਾਂ ਅਸੀਂ ਲੱਗੇ ਖਾਵਣ। ਤਾਂ ਗੁਰੂ ਨਾਨਕ ਜੀ ਆਪਣੇ ਅੱਗੇ ਦੇ ਪਰਸਾਦ, ਕੌਡੇ ਰਾਖਸ ਨੂੰ ਦਿੱਤਾ। ਕੌਡੇ ਅੱਗੋਂ ਨਾਂਹਿ ਨਮਿੱਤ ਨਾ ਕੀੱਤੀ, ਲੈਂਦੇ ਹੀ ਮੂੰਹ ਵਿੱਚ ਪਾਇ ਲੀਤਾ। ਪਰਸਾਦ ਦੇ ਮੂੰਹ ਪਾਂਵਦਿਆਂ ਨਾਲ ਹੀ, ਕੌਡੇ ਦੇ ਕਪਾਟ ਖੁੱਲ੍ਹ ਗਏ । ਕੌਡਾ ਹੋਰ ਸਰੂਪ ਹੋਇ ਗਇਆ। ਤਾਂ ਮੈਂ, ਤੇ ਮਰਦਾਨਾ ਦੇਖੀਏ, ਤਾਂ ਕੀ ਦੇਖੀਏ ਜੋ ਅਜਗੈਬੀ ਫਤੇ ਲੈ ਗਿਆ । ਤਾਂ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਕਹਿਆ, ਭਾਈ ਬਾਲਾ, ਦੇਖ ਕਰਤਾਰ ਦੇ ਰੰਗ ਤਮਾਸੇ। ਤਾਂ ਮੈਂ ਫੇਰ ਗੁਰੂ ਜੀ ਥੋਂ ਪੁੱਛਿਆ, ਜੋ ਅਸਾਂ ਨੂੰ ਵੱਡੀ ਹੈਰਾਨਗੀ ਹੈ। ਤਾਂ ਗੁਰੂ ਨਾਨਕ ਜੀ ਆਖਿਆ, ਭਾਈ ਬਾਲਾ, ਅਸਾਂ ਨੂੰ, ਜੋ ਕਰਤਾਰ ਇਸ ਧਰਤੀ ਤੇ ਆਂਦਾ ਹੈ, ਸੋ ਇਨ੍ਹਾਂ ਹੀ ਦੇ ਵਾਸਤੇ ਆਂਦਾ ਹੈ। ਕਰਤਾਰਦੇ ਰੰਗ ਤਮਾਸੇ ਦੇਖਦਾ ਜਾਹ। ਤਾਂ ਮੈਂ ਆਖਿਆ, ਗੁਰੂ ਜੀ ਭਲਾ, ਜੋ ਕਰਤਾਰ ਦਿਖਾਵੇ, ਸੋ ਦੇਖਦਾ ਹਾਂ। ਗੁਰੂ ਨਾਨਕ ਜੀ, ਸੱਤ ਦਿਨ ਕੌਡੇ ਰਾਖਸ ਪਾਸ ਰਹੇ। ਸੱਤਵੇਂ ਦਿਨ ਚੱਲਦੇ ਹੋਏ, ਕੌਡੇ ਨੂੰ ਮੰਜੀ ਤੇ ਬਹਾਇਕੇ ਵਿਦਾ ਹੋਏ॥ ੧੬॥

॥ ੧੭ ॥ ਸਾਖੀ ਸੁਲਤਾਨ ਹਮੀਦ ਕਾਰੂ ਨਾਲ ॥

ਤਾਂ ਸ੍ਰੀ ਗੁਰੂ ਜੀ ਕਹਿਆ, ਭਾਈ ਬਾਲਾ, ਚੱਲੋ, ਤਾਂ ਸੁਲਤਾਨ ਹਮੀਦ ਕਾਰੂ ਨੂੰ ਭੀ ਰਾਹ ਪਾ ਆਈਏ। ਉਹ ਬਹੁਤ ਜਾਲਮੀ ਕਰਦਾ ਹੈ। ਤਾਂ ਉੱਥੇ ਆਇ ਪਰਗਟੇ। ਰੂਮ ਦਾ ਪਾਤਸ਼ਾਹ ਸੁਲਤਾਨ ਹਮੀਦ ਕਾਰੂ ਸਾ। ਵੱਡਾ ਕਾਰੂਨ, ਜੋ ਅੱਗੇ ਮਿਹਤਰ ਮੂਸੇ ਪੈਕੰਬਰ ਦੇ ਜਮਾਨੇ ਅੰਦਰ ਹੋਇਆ ਸਾ, ਕਾਰੂਨ, ਹਰੂਨ, ਦੋਨੋਂ ਭਾਈ ਸੇ। ਤਦ ਸੁਲਤਾਨ ਹਮੀਦ ਕਾਰੂਨ ਵੱਡਾ ਜਾਲਮ ਸਾ, ਜਿੱਥੇ ਤੱਕ ਰੂਮ ਦੀ ਪਾਤਸ਼ਾਹੀ ਸੀ, ਸਭ ਲੁੱਟ ਲੀਤੀ ਸੀ। ਤਾਂ ਬਚਨ ਹੋਇਆ, ਭਾਈ ਬਾਲਾ, ਅਤੇ ਮਰਦਾਨਾ ਚੱਲੋ, ਤਾਂ ਪਹਿਲਾਂ ਪਾਤਸ਼ਾਹ ਨੂੰ ਮਿਲੀਏ। ਕਹੇ ਜੀ, ਭਲਾ ਹੋਵੇ, ਜੋ ਤੁਸਾਂ ਮਿਲਿਆਂ ਤੇ, ਮਤ ਕੁਛ ਉਸ ਦਾ ਭਲਾ ਹੋਵੇ। ਨਹੀਂ ਤਾਂ ਅਗਲੇ ਕਾਰੂ ਵਾਂਙੂ, ਇਹ ਭੀ ਹਲਾਕ ਹੋਇ ਜਾਂਦਾ। ਤਾਂ ਸ੍ਰੀ ਗੁਰੂ ਜੀ, ਅਤੇ ਮਰਦਾਨਾ ਅਤੇ ਮੈਂ ਬਾਲਾ, ਤ੍ਰਏ ਚਲੇ ਗਏ, ਸੁਲਤਾਨ ਹਮੀਦ ਕਾਰੂ ਦੇ ਦਰਬਾਰ ਅੱਗੇ। ਅਤੇ ਅਗਲੇ ਕਾਰੂ ਨੇ ਚਾਲੀ ਗੰਜ ਖਜਾਨਾ ਸਾਰੀ ਰੂਮ ਦਾ ਲੁੱਟਕੇ ਜਮਾ ਕੀੱਤਾ ਸਾ। ਅਤੇ ਹਮੀਦ ਕਾਰੂ ਨੇ ਪੈਂਤਾਲੀ ਗੰਜ ਖਜਾਨਾ ਜਮਾ ਕੀੱਤਾ ਸਾ। ਸ੍ਰੀ ਗੁਰੂ ਜੀ, ਅਤੇ ਮਰਦਾਨਾ, ਲੱਗੇ ਪਾਤਸਾਹ ਦਾ ਦਰਬਾਰ ਪੁੱਛਣ। ਦਰਬਾਨਾਂ ਨੇ ਕਹਿਆ, ਇਹ ਹੈ ਜੀ, ਜਿਸ ਨੇ ਪੈਂਤਾਲੀ ਗੰਜ ਖਜਾਨਾ ਜਮਾ ਕੀੱਤਾ ਹੈ ਜੀ। ਤਾਂ ਸ੍ਰੀ ਗੁਰੂ ਜੀ ਪੁੱਛਿਆ, ਇਹ ਨਿਆਉਂ ਕੈਸਾ ਇਕ ਕਰਦਾ ਹੈ? ਅਰ ਖੈਰਾਇਤ ਕੈਸੀ ਕਰਦਾ ਹੈ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹਾਂ ਦਰਬਾਨਾਂ ਨੇ ਕਹਿਆ ਜੀ, ਇਹ ਬਹੁਤ ਜ਼ਾਲਮ ਪਾਤਸਾਹ ਹੈ, ਅਰ ਨਾਲੇ ਬੜਾ ਸੂਮ ਹੈ। ਖੈਰਾਇਤ ਕੁਛ ਨਾਹੀਂ ਕਰਦਾ, ਅਗਲੇ ਕਾਰੂ ਨਾਲੋਂ ਭੀ ਵੱਡਾ ਜਾਲਮ ਹੈ। ਤਾਂ ਸ੍ਰੀ ਗੁਰੂ ਜੀ ਕਹਿਆ, ਰੇ ਦਰਬਾਨੋਂ, ਇਸ ਇਤਨਾ ਖਜਾਨਾ ਕਿਉਂ ਕਰ ਜਮਾ ਕੀੱਤਾਸੁ ? ਦਰਬਾਨਾਂ ਕਹਿਆ ਜੀ, ਇਹ ਐਸਾ ਜਾਲਮ ਹੈ, ਕਿ ਜਿੱਥੇ ਰੁਪਈਆ, ਮੋਹਰ, ਸੁਣਦਾ ਹੈ, ਪਾਤਸਾਹੀ ਵਿੱਚ, ਉੱਥੋਂ ਛੱਡਦਾ ਨਹੀਂ, ਭਾਵੇਂ ਕੋਈ ਕੇਹਾ ਹੋਵੇ। ਇੱਕ ਦਿਨ ਹਮੀਦ ਕਾਰੂਨ ਨੇ ਕਹਿਆ, ਵਜੀਰਾਂ ਨੂੰ, ਜੋ ਕਿਤੇ ਰੁਪਈਆ ਭੀ ਰਹਿਆ ਹੈ ? ਵਜੀਰਾਂ ਕਹਿਆ, "ਕਹੀਂ ਨਹੀਂ ਰਹਿਆ ਜੀ"। ਤਾਂ ਵਜੀਰਾਂ ਕਹਿਆ, ਇੱਕ ਪਾਤਸਾਹ ਦੀ ਸਹੇਲੀ ਖੂਬ ਸੂਰਤ ਹੈ, ਤਾਂ ਉਸ ਨੂੰ ਪਾਤਸਾਹ ਕਹਿਆ, ਜੋ ਇਸ ਨੂੰ ਕੈਹਬਾ ਖਾਨੇ ਬਜਾਰ ਬੈਠਾਇ ਆਵੋ, ਜੋ ਕੋਈ ਇੱਕ ਰੁਪਈਆ ਦੇਵੇ, ਸੋ ਇਸ ਨੂੰ ਲੈ ਜਾਵੇ। ਇੱਕ ਸੌਦਾਗਰ ਦਾ ਬੇਟਾ ਸਾ, ਉਸ ਨੇ ਆਪਣੀ ਮਾਤਾ ਨੂੰ ਜਾਇ ਕਹਿਆ, ਪਾਤਸਾਹ ਆਪਣੀ ਸਹੇਲੀ ਬੇਚਦਾ ਹੈ, ਜੇ ਤੂੰ ਇਕ ਰੁਪਈਆ ਦੇਵੇਂ, ਤਾਂ ਮੈਂ ਮੁੱਲ ਲਿਆਵਾਂ। ਉਸਦੀ ਮਾਤਾ ਨੇ ਕਿਹਾ, ਏ ਬੇਟਾ, ਰੁਪਈਆ ਕਿੱਥੇ ਰਹਿਆ ਹੈ ? ਸੁਲਤਾਨ ਹਮੀਦ ਕਾਰੂ ਦੀ ਪਾਤਸਾਹੀ ਵਿੱਚ ? ਪਰ ਇੱਕ ਰੁਪਈਆ, ਤੇਰੇ ਬਾਪ ਦੇ ਮੂੰਹ ਵਿੱਚ ਦੱਬਿਆ ਹੋਇਆ ਹੈ, ਉਸ ਸੌਦਾਗਰ ਦੇ ਬੇਟੇ ਨੇ, ਬਾਪ ਦੀ ਕਬਰ ਜਾਇ ਪੁੱਟੀ, ਰੁਪਈਆ ਲੈ ਆਇਆ। ਕੈਹਬਾ ਖਾਨੇ ਲੈ ਗਇਆ, ਤੇ ਇੱਕ ਰੁਪਈਏ ਨੂੰ ਸਹੇਲੀ ਲੈ ਆਇਆ। ਫੇਰ ਪਿਆਦੇ ਨੇ ਕਹਿਆ, ਇਹ ਰੁਪਈਆ ਲਵੋ ਜੀ। ਤਾਂ ਪਾਤਸਾਹ ਨੇ ਪੁੱਛਿਆ, ਕਿਨ ਮੁੱਲ ਲੀਤੀ ਹੈ ? ਕਹੇ ਜੀ ਇੱਕ ਸੌਦਾਗਰ ਦੇ ਬੇਟੇ ਨੇ ਲੀਤੀ ਹੈ। ਫੇਰ ਪਾਤਸਾਹ ਨੇ ਕਿਹਾ, ਉਸ ਨੂੰ ਪਕੜ ਲਿਆਵੋ। ਉਸ ਸੌਦਾਗਰ ਦੇ ਬੇਟੇ ਨੂੰ ਪਕੜ ਲੈ ਗਏ। ਪਾਤਸਾਹ ਕਹਿਆ, ਰੇ ਤੈਂ ਰੁਪਈਆ, ਕਿੱਥੋਂ ਆਂਦਾ ਹੈ ? ਸੌਦਾਗਰ ਦੇ ਬੇਟੇ ਨੇ ਕਹਿਆ, ਜੀ ਮੇਰੇ ਬਾਪ ਦੇ ਮੂੰਹ ਵਿੱਚ ਇੱਕ ਰੁਪਈਆ ਪਾਕੇ, ਕਬਰ ਵਿੱਚ ਦੱਬਿਆ ਹੋਇਆ ਸਾ। ਤਾਂ ਪਾਤਸਾਹ ਨੇ ਫੁਰਮਾਇਆ, ਕਿ ਜਿੱਥੇ ਤਾਈਂ ਮੇਰੀ ਪਾਤਸਾਹੀ ਵਿੱਚ ਗੋਰਾਂ ਹਨ, ਸਭ ਪੁੱਟ ਕਰ ਦੇਖੋ, ਤਾਂ ਪਾਤਸਾਹ ਦੇ ਹੁਕਮ ਨਾਲ ਸਭ ਕਬਰਾਂ ਪੁੱਟੀਆਂ। ਪਰ ਰੁਪਈਆ ਕਿੱਥੀਂ ਨਾ ਨਿੱਕਲਿਆ। ਇਹ ਐਸਾ ਜਾਲਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਸਾਹ ਹੈ ਜੀ। ਤਾਂ ਬਚਨ ਹੋਇਆ, ਇਹ ਬੜਾ ਗੁਨੇਗਾਰ ਹੈ। ਇਹ ਖੁਦਾਇ ਦੀ ਦਰਗਾਹ ਵਿੱਚ, ਵੱਡੀ ਸਜਾਇ ਪਾਵੇਗਾ। ਲਾਣਤ ਹੈ, ਇਸ ਦੀ ਕੁਮਾਈ ਨੂੰ। ਅਰ ਹੈਫ ਹੈ ਇਸ ਦੇ ਜੀਉਣ ਨੂੰ। ਅਗਲੇ ਕਾਰੂ ਨੂੰ ਜਿਮੀਨ ਨੇ ਝੱਲਿਆ ਸੀ। ਪਰ ਇਸ ਨੂੰ ਕਾਈ ਜਾਗਾ ਨਾ ਝੱਲ ਸੱਕੇਗੀ। ਤਾਂ ਫੇਰ ਦਰਬਾਨਾਂ ਨੂੰ ਬਚਨ ਹੋਇਆ, ਤੁਸੀਂ ਇਤਨਾ ਜੁਬਾਬ ਜਾਇਕੇ, ਸੁਲਤਾਨ ਕਾਰੂਨ ਨੂੰ ਕਹੋ, ਜੋ ਇੱਕ ਫਕੀਰ ਤੇਰੀ ਡੇਉਢੀ ਪਰ ਖੜਾ ਹੈ, ਅਰ ਕਹਿੰਦਾ ਹੈ, ਤੂੰ ਅਸਾਂ ਨਾਲ ਇੱਕ ਬਾਰੀ ਮੁਲਾਕਾਤ ਕਰ ਜਾਹੁ। ਤਾਂ ਉਨ੍ਹਾਂ ਦਰਬਾਨਾਂ ਨੇ ਜਾਇ ਖਬਰ ਕੀਤੀ, ਕਹੇ ਜੀ, ਪਾਤਸਾਹ ਜੀ, ਇੱਕ ਫਕੀਰ ਡੇਉਢੀ ਪਰ ਆਇਆ ਹੈ, ਕਹਿੰਦਾ ਹੈ ਜੀ, ਤੂੰ ਅਸਾਂ ਨਾਲ ਇੱਕ ਵਾਰੀ ਮੁਲਾਕਾਤ ਕਰ ਜਾਹੁ। ਪਾਤਸਾਹ ਸੁਣ ਕਰ ਬਾਹਿਰ ਆਇਆ, ਤਾਂ ਅੱਗੇ ਸ੍ਰੀ ਗੁਰੂ ਜੀ ਠੀਕਰੀਆਂ ਚੁਣਦਾ ਸੀ। ਪਾਤਸਾਹ ਨੇ ਆਇ ਸਲਾਮ ਕੀੱਤੀ, ਕਹੇ ਹੇ ਦਰਵੇਸ, ਤੁਮ ਏਹ ਠੀਕਰੀਆਂ ਕਿਆ ਕਰੋਗੇ? ਤਾਂ ਬਚਨ ਹੋਇਆ, ਏਹ ਠੀਕਰੀਆਂ ਖੁਦਾਇ ਦੀ ਦਰਗਾਹ ਵਿੱਚ ਲੈ ਜਾਂਹਗੇ। ਤਾਂ ਪਾਤਸਾਹ ਨੇ ਕਹਿਆ ਜੀ, ਅੱਗੇ ਠੀਕਰੀਆਂ ਪਹੁੰਚਣੇ ਦੀਆਂ ਤਾਂ ਨਾਹੀਂ, ਮੁਇਆਂ ਇੱਥੇ ਹੀ ਰਹਿਣਗੀਆਂ? ਤਾਂ ਬਚਨ ਹੋਇਆ, ਏ ਸੁਲਤਾਨ ਹਮੀਦ ਕਾਰੂ, ਤੂੰ ਜੋ ਪੈਂਤਾਲੀ ਗੰਜ ਖਜਾਨਿਆਂ ਦੇ ਜੁਲਮ ਕਰਕੇ ਇਕੱਠੇ ਕੀੱਤੇ ਹਨ, ਉਹ ਤੇਰੇ ਨਾਲ ਅੱਗੇ ਕਿਉਂਕਰ ਚੱਲਣਗੇ? ਸੁਣ ਤਾਂ, ਤੇਰਾ ਵੱਡਾ ਕਾਰੂ ਸਾ, ਉਸ ਚਾਲੀ ਗੰਜ ਖਜਾਨਿਆਂ ਦੇ ਜੁਲਮ ਕਰਕੇ ਜੋੜੇ, ਉਹ ਨਾਲ ਨਾ ਲੈ ਗਇਆ, ਤੈਂ ਕਿਉਂ ਇਤਨੇ ਗੰਜ ਜੋੜੇ ਹਨ? ਤਾਂ ਸੁਲਤਾਨ ਹਮੀਦ ਕਾਰੂ ਕਹਿਆ ਜੀ, ਇਹ ਖਜਾਨਾ ਕਿਵੇਂ ਭੀ ਮੇਰੇ ਨਾਲ ਅੱਗੇ ਪਹੁੰਚੇ? ਤਾਂ ਬਚਨ ਹੋਇਆ, ਏ ਪਾਤਸਾਹ ਹਮੀਦ ਕਾਰੂ, ਇਹ ਖਜਾਨਾ ਤੇਰੇ ਨਾਲ ਅੱਗੇ ਤਾਂ ਪਹੁੰ-ਚੇਗਾ, ਜਾਂ ਤੂੰ ਖੁਦਾਇ ਦੇ ਨਾਂਇ ਖੈਰਾਇਤ ਕਰ ਦੇਵੇਂਗਾ। ਨਹੀਂ ਤਾਂ ਇੱਥੇ ਹੀ ਰਹੇਗਾ। ਇਸ ਖਜਾਨੇ ਦੇ ਵਾਰਸ ਹੋਰ ਹੋਣਗੇ। ਪਹਿਲਾਂ ਤਾਂ ਤੇਰਾ ਖਜਾਨਾ, ਅਰ ਮਿਲਖ, ਸਭ ਕੁਛ ਜਪਤ ਕਰ ਲੈਣਗੇ, ਤੇ ਪਿੱਛੇ ਤੇ ਤੇਰੀ ਗੋਰ ਖੱਫਣ ਦਾ ਆਹਰ ਕਰਣਗੇ। ਦੇਖ ਤੇਰਾ ਵੱਡਾ ਕਾਰੂ ਸਾ, ਉਨ ਭੀ ਚਾਲੀ ਗੰਜ ਖਜਾਨਿਆਂ ਦੇ ਜੁਲਮ ਕਰਕੇ ਇਕੱਠੇ ਕੀੱਤੇ ਸੇ, ਓਇ ਐਸੇ ਗੰਜ ਸੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਦਾ ਇੱਕ ਸਿਰਾ ਜਿਮੀਨ ਨਾਲ ਸਾ। ਜਾਂ ਬਹੁਤ ਖਜਾਨਾ, ਅਰ ਲਸ਼ਕਰ ਹੋਇਆ, ਤਾਂ ਬਹੁਤ ਮਗ਼ਰੂਰ ਹੋਇਆ, ਲਸ਼ਕਰ ਅਰ ਦੌਲਤ ਦੇਖ ਕਰ। ਨਾ ਸਾਹਬ ਨੂੰ ਜਾਣੇ, ਨਾ ਹੋਰ ਕਿਸੇ ਨੂੰ ਜਾਣੇ, ਆਪ ਨੂੰ ਖੁਦਾਇ ਸਾਹਿਬ ਕਹਾਉਣ ਲੱਗਾ। ਗਰੀਬਾਂ ਨੂੰ ਬਹੁਤ ਅਜਾਰ ਦੇਵਣ ਲੱਗਾ। ਜਾਂ ਐਸਾ ਐਸਾ ਜੁਲਮ ਕਰਨ ਲੱਗਾ, ਤਾਂ ਇੱਕ ਦਿਨ ਅਵਾਜ ਦਰਗਾਹੋਂ ਆਈ, ਮਿਹਤਰ ਮੂਸੇ ਨੂੰ, ਏ ਮੂਸਾ ਪੈਕੰਬਰ, ਤੂੰ ਕਾਰੂੰ ਨੂੰ ਇਲਹਾਮ ਜਾਇ ਕਰ, ਏ ਕਾਰੂ, ਇਨ੍ਹਾਂ ਚਾਲੀਆਂ ਗੰਜਾਂ ਵਿੱਚੋਂ, ਦਸਵੰਧ ਖੁਦਾਇ ਦੇ ਨਾਮ ਦਾ ਕੱਢਕੇ ਖੈਰਾਇਤ ਕਰ ਦੇਹੁ। ਕਾਰੂ ਨੇ ਹੁਕਮ ਨਾ ਮੰਨਿਆ, ਤਿੰਨ ਵਾਰੀ ਇਲਹਾਮ, ਮੂਸੇ ਨੂੰ ਕਰੇ, ਐ ਕਾਰੂ, ਤੂੰ ਥੋਹੜੀ ਬਹੁਤੀ, ਕੁਛ ਖੁਦਾਇ ਦੇ ਨਾਇ ਖੈਰਾਇਤ ਕਰ, ਤਾਂ ਕਾਰੂ ਨੇ, ਉਹ ਹੁਕਮ ਭੀ ਨਾ ਮੰਨਿਆ, ਕਾਰੂ ਐਸਾ ਮਗਰੂਰ ਸਾ। ਦੌਲਤ ਅਤੇ ਲਸ਼ਕਰ ਕਰਕੇ, ਕਿਸੀ ਨੂੰ ਜਾਣੈ ਨਹੀਂ। ਉਸ ਖੁਦਾਇ ਦੇ ਤਿੰਨੇਂ ਹੁਕਮ ਫੇਰੇ। ਤਾਂ ਮੂਸੇ ਨੇ ਖੁਦਾਇ ਦੀ ਦਰਗਾਹ ਅੰਦਰ ਅਰਜ ਕੀੱਤੀ, ਐ ਬਾਰੀ ਤਾਲਾ, ਮੈਂ ਤੁਮਾਰੇ ਨਾਉਂ ਕੇ ਚਾਰ ਹੁਕਮ ਕਰੇ ਸੇ, ਉਹ ਮੰਨਦਾ ਨਹੀਂ। ਤਾਂ ਜਮੀਨ ਨੂੰ ਹੁਕਮ ਹੋਇਆ, ਦਰਗਾਹ ਦਾ, ਤੂੰ ਕਾਰੂ ਫਿਰਊਨ ਨੂੰ ਪੈਰਾਂ ਤੇ ਪਕੜਕੇ, ਸਮੇਤ ਖਜਾਨਿਆਂ, ਗਰਕਾਬ ਕਰ ਦੇਹੁ। ਤਾਂ ਜਮੀਨ ਨੇ, ਜਿੰਉਂ ਕਾਰੂ ਸੁੱਤਾ ਸਾ, ਤਿਉਂ ਪੈਰਾਂ ਤੇ ਪਕੜ ਕਰ ਸਮੇਤ ਖਜਾਨਿਆਂ ਗਰਕਾਬ ਕਰ ਲੀਤਾ। ਤਾਂ ਕਾਰੂ ਹਲਾਕ ਹੋਇਆ, ਦਉਰ ਕਿਆਮਤ ਤਾਈਂ ਚਲਿਆ ਗਿਆ। ਹੇ ਕਾਰੂ ਹਮੀਦ, ਜਿਮੀਨ ਨੇ ਤਾਂ ਉਸ ਨੂੰ, ਤਾਂ ਗਰਕ ਕੀੱਤਾ ਸੀ, ਜਾਂ ਉਹ ਬਹੁਤ ਜਾਲਮ ਸਾ, ਅਰ ਸੂਮ ਸਾ। ਅਰ ਦੂਸਰਾ ਭਾਈ ਕਾਰੂਨ ਦਾ ਹਰੂਨ ਸਾ, ਉਸ ਖੁਦਾਇ ਦੀ ਇਤਾਇਤ ਮੰਨੀ ਸੀ। ਮੂਸਾ ਪੈਕੰਬਰ ਭੀ ਉਹ ਉੱਤਮ ਹੋਇਆ ਸਾ। ਮੂਸੇ ਦੇ ਪਿੱਛੇ ਉਸ ਨੂੰ ਪੈਕੰਬਰੀ ਖਤਾਬ ਮਿਲਿਆ ਸੀ, ਯਕੀਨ ਕਰਕੇ। ਤੂੰ ਉੱਮਤ ਮਹੱਮਦ ਮੁਸਤਫਾ ਦੀ ਹੋਇਕੇ, ਐਸਾ ਜੁਲਮ ਮੁਲਕ ਪਰ ਕੀੱਤਾ ਹੈ? ਜਿੱਥੇ ਤੱਕ ਪੈਸੇ ਦੀ ਜਾਤ ਸੀ, ਸਭ ਲੁੱਟ ਲੀਤੀ ਹੈ। ਇਸ ਜੁਲਮ ਤੇ ਤੂੰ ਬਾਜ ਆਉ, ਏਹ ਜੁਲਮ ਦੇ ਖਜਾਨੇ ਤੇਰੇ ਨਾਲ ਕਿਉਂਕਰ ਚੱਲਨਗੇ? ਹੁਣ ਤੂੰ ਅੱਗੇ ਨੂੰ ਇਸ ਜੁਲਮ ਤੇ ਬਾਜ ਆਉ। ਤਾਂ ਕਾਰੂ ਹਮੀਦ ਕਹਿਆ ਜੀ, ਇਹ ਮੇਰਾ ਮਨ ਦੁਨੀਆਂ ਦੀ ਹਿਰਸ ਵਿੱਚ ਗਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜੀ,' ਜੋ ਪਿੱਛੇ ਹੋਈ ਸੋ ਗੁਜਰੀ, ਅੱਗੇ ਮੈਂਨੂੰ ਰਾਹ ਪਾਵੋ ਜੀ। ਐਸੀ ਨਸੀਹਤ ਮੈਂਨੂੰ ਸੁਣਾਵੋ, ਜੋ ਜਿਸ ਨੂੰ ਸੁਣ ਕਰ ਮੇਰਾ ਮਨ ਮੋਮਨ ਹੋਵੇ, ਅਤੇ ਖੁਦਾਇ ਦੇ ਰਾਹ ਵੱਲ ਮੇਰਾ ਸਿਦਕ ਆਵੇ। ਤਾਂ ਸ੍ਰੀ ਬਾਬੇ ਜੀ ਸੁਲਤਾਨ ਕਾਰੂ ਦੇ ਪਰਥਾਇ, ਨਸੀਹਤਨਾਮਾ ਕਹਿਆ। ਰਾਗ ਤਿਲੰਗ। ਮਹੱਲਾ ਪਹਿਲਾ। ਕੀਚੈ ਨੇਕਨਾਮੀ, ਜੋ ਦੇਵੇ ਖੁਦਾਇ। ਜੋ ਦੀਸੈ ਜਿਮੀਂ ਪਰ, ਸੋ ਹੋਸੀ ਫਨਾਹਿ। ਦਾਇਮ ਵਾ ਦਉਲਤ, ਕਸੇ ਬੇਸੁਮਾਰ। ਨਾ ਰਹੇਂਗੇ ਕਰੋੜੀ, ਨ ਰਹੇਂਗੇ ਹਜ਼ਾਰ। ਦਮੜਾ ਤਿਸੀਕਾ, ਜੋ ਖਰਚੇ ਅਰ ਖਾਇ। ਦੇਵੇ, ਦਿਲਾਵੇ, ਰਜਾਵੇ ਖੁਦਾਇ। ਹੋਤਾ ਨ ਰਾਖੇ, ਇਕੇਲਾ ਨ ਖਾਇ। ਤਹਕੀਕ ਦਿਲਦਾਨੀ ਉਹੀ ਭਿਸਤ ਜਾਇ। ਕੀਚੈ ਤਵੱਜਾ ਨ ਕੀਚੈ ਗੁਮਾਨ। ਨਾ ਰਹੇਗੀ ਦੁਨੀਆਂ, ਨਾ ਰਹੇਗਾ ਦੀਵਾਨ। ਹਾਥੀ ਵ ਘੋੜੇ ਵ ਲਸਕਰ ਹਜਾਰ। ਹੋਵੇਂਗੇ ਗਰਕ, ਉਸੇ ਲਗੇਗੀ ਨ ਵਾਰ। ਦੁਨੀਆਂ ਕਾ ਦਿਵਾਨਾ ਕਹੇ ਮੁਲਖ ਮੇਰਾ। ਆਈ ਮਉਤ ਸਿਰ ਪਰ ਨਾ ਤੇਰਾ ਨ ਮੇਰਾ। ਕੇਤੀ ਗਈ ਦੇਖ ਬਾਜਾ ਬਜਾਇ। ਰਹੇਗਾ ਵਹੀ ਏਕ ਸਾਚਾ ਖੁਦਾਇ। ਅਕੇਲਾ ਹੀ ਆਇਆ ਅਕੇਲਾ ਚਲਾਇਆ। ਚਲਤੇ ਵਕਤ ਕੋਈ ਕਾਮ ਨਾ ਆਇਆ। ਲੇਖਹ ਮੰਗੀਜੇ ਕਿਆ ਦੀਜੈ ਜਬਾਬ। ਤੋਬਾ ਪੁਕਾਰੇ ਜਾ ਪਾਵੇ ਅਜਾਬ। ਖ਼ਲਕ ਪਰ ਕੀਆ ਜੋਰ ਦਮੜਾ ਕਮਾਇਆ। ਖਾਇਆ ਹੰਡਾਇਆ ਅਜਾਈਂ ਗੁਵਾਇਆ। ਆਖਰ ਪਛੋਤਾਨਾ ਕਰੇ ਹਾਇ ਹਾਇ। ਦਰਗਹਿ ਗਇਆ ਬਹੁਤ ਪਾਵੇ ਸਜਾਇ। ਲਾਨਤ ਹੈ ਤੈਕੂੰ ਵ ਤੈਂਡੀ ਕਮਾਈ। ਦਗੇ ਬਾਜੀ ਕਰਕੇ ਦੁਨੀਆਂ ਲੂਟ ਖਾਈ। ਪੀਏ ਪਿਆਲੇ, ਅਰ ਖਾਏ ਕਬਾਬ। ਦੇਖੋ ਰੇ ਲੋਕੋ ਜੋ ਹੋਤੇ ਖਰਾਬ। ਜਿਸ ਕਾ ਤੂੰ ਬੰਦਾ, ਤਿਸੀ ਕਾ ਸਵਾਰਿਆ। ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ। ਨਾ ਕੀਤੀਆ ਇਬਾਦਤ ਨ ਰੱਖਿਉ ਇਮਾਨ। ਹਕੂਮਤ ਨ ਕੀੱਤੀ, ਪੁਕਾਰੇ ਜਹਾਨ। ਅੰਦਰ ਮਹੱਲਾ ਕੇ, ਤੂੰ ਬੈਠਾ ਹੈ ਜਾਇ। ਹਰਮਾਂ ਸਿਉ ਖੇਲੇ ਖਸ ਬੋਈ ਹਵਾਇ। ਨਾ ਪੂਛੇ ਨਾ ਬੂਝੇ ਬਾਹਿਰ ਕਿਆ ਹੋਇ। ਹਰਾਮੀ ਗਰੀਬਾਂ ਕਉ ਮਾਰੇ ਵਿਗੋਇ। ਵਸਤੀ ਉਜੜੇ ਤੂੰ ਫੇਰ ਨਾ ਵਸਾਵੇ। ਕੂਕੇ ਪੁਕਾਰੇ, ਕੋਈ ਦਾਦ ਨ ਪਾਵੇ। ਕਰੋੜੀ ਲਖੋੜੀ ਕਰੇ ਬੇਸੁਮਾਰ। ਕੈਈ ਕਿਸਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਪੜੇ ਮਰੀਵਨ ਹਜ਼ਾਰ। ਹਾਕਮ ਕਹਾਵੇਂ ਹੁਕੂਮਤ ਨ ਹੋਇ॥ ਦੁਨੀਆਂ ਕਾ ਦਵਾਨਾ, ਫਿਰੇ ਮਸਤ ਲੋਇ। ਮੁਲਖ ਲੂਟ ਕੇ ਆਪ ਪਹਰੇ ਅਰ ਖਾਇ। ਦੋਜਕ ਕੀ ਆਤਸ ਮਾਰੇਗੀ ਜਲਾਇ। ਗਰਬ ਸਿਉ ਨ ਦੇਖ ਦੁਨੀਆਂ ਕੇ ਦੀਵਾਨੇ। ਹਮੇਸਾਂ ਨ ਰਹੇਗੀ, ਤੂੰ ਐਸੀ ਨ ਜਾਨੇ। ਉਠਾਇ ਸਫਾ ਤਿਸ ਲਾਗੇ ਨ ਬਾਰ। ਕਿਸ ਕੀ ਦੁਨੀਆਂ ਕਿਸ ਕੇ ਘਰ ਬਾਰ। ਚੰਦ ਰੋਜ ਚਲਨਾ ਕੁਛ ਪਕੜੋ ਕਰਾਰ। ਕੀਚੈ ਨ ਹਿਰਸ ਬਹੁਤ ਦੁਨੀਆਂ ਕੇ ਯਾਰ। ਸ਼ਿਰਮਿੰਦਾ ਨ ਹੋ ਕਿਛੁ ਨੇਕੀ ਕਮਾਇ। ਲਾਨਤ ਕਾ ਜਾਮਾ ਤੂੰ ਪਹਰੇ ਨਾ ਜਾਇ। ਗਫਲਤ ਕਰੋਗੇ ਤਾਂ ਖਾਵੋਗੇ ਮਾਰ। ਬੇਟਾ ਵ ਬੇਟੀ, ਕੋਈ ਲਏਗਾ ਨਾ ਸਾਰ। ਤੋਬਾ ਕਰੋ ਬਹੁਤ ਕੀਚੈ ਨਾ ਜੋਰ। ਦੋਜਕ ਕੀ ਆਤਸ ਜਲਾ-ਵੇਗੀ ਗੋਰ। ਮੁਸਾਇਕ ਪਕੰਬਰ ਕੇਤੇ ਸਾਹਿ ਖਾਨ। ਨਾ ਦੀਸੇ ਜਿਮੀ ਪਰ, ਉਨਕੇ ਨਿਸਾਨ। ਚਲਤ ਕਬੂਤਰ ਜਨਾਵਰ ਕੀ ਛਾਉ। ਕੇਤੇ ਖਾਕ ਹੋਇ, ਕੋਏ ਪੂਛੇ ਨਾ ਨਾਉਂ। ਚਾਲੀ ਗੰਜ ਜੋੜੇ ਨ ਰਖਿਓ ਇਮਾਨ। ਦੇਖੋ ਵੇ ਕਾਰੂ, ਜਿ ਹੋਤੇ ਪਰੇਸਾਨ। ਨਦਾਨੀ ਇਹ ਦੁਨੀਆਂ ਵ ਫਾਨੀ ਮੁਕਾਮ। ਤੂੰ ਖੁਦ ਚਸਮ ਬੀਨੀ ਇਹ ਚਲਣਾ ਜਹਾਨ। ਹਰ ਵਖਤ ਬੰਦੇ ਤੂੰ ਖਿਜਮਤ ਨ ਵਿਸਾਰ। ਮਸਤੀ ਵ ਗਫਲਤ ਸਿਉ ਬਾਜੀ ਨਾ ਹਾਰ। ਤੋਬਾ ਨਾ ਕੀਤੀਆ ਕਰਦਿਆਂ ਗੁਨਾਹੁ। ਨਾਨਕ ਐਸੇ ਆਲਮ ਸੇ ਤੇਰੀ ਪਨਾਹੁ ॥ ੧ ॥

ਜਾਂ ਸ੍ਰੀ ਗੁਰੂ ਜੀ ਇਹ ਨਸੀਹਤ ਨਾਮਾ ਸੁਣਾਇਆ, ਤਾਂ ਸੁਲਤਾਨ ਹਮੀਦ ਹੈਰਾਨ ਹੋਇ ਰਹਿਆ, ਅਤੇ ਮੋਮਦਿਲ ਹੋਇਆ, ਕਹੇ ਜੀ ਮੈਂ ਤਾਂ ਅਜੀਮ ਦੁਨੀਆ ਵਿੱਚ ਗਰਕਾਬ ਹਾਂ, ਮੇਰਾ ਕੀ ਹਾਲ ਹੋਵੇਗਾ, ਸਾਹਿਬ ਦੀ ਦਰਗਾਹ ਵਿੱਚ ? ਕਹੇ ਤੋਬਾ। ਤੋਬਾ ਖੁਦਾਇ। ਕਹੇ ਹੇ ਸ੍ਰੀ ਬਾਬਾ ਜੀ, ਤੁਮਾਰਾ ਮਸਲਾ ਸੁਣ ਕਰ ਹੁਣ ਬਹੁਤ ਡਰਿਆ ਹਾਂ ਮੇਰਾ ਕੀ ਹਾਲ ਹੋਵੇਗਾ ? ਤਾਂ ਬਚਨਹੋਇਆ, ਏ ਸੁਲਤਾਨ ਹਮੀਦ ਕਾਰੂ ਗੱਲੀਂ ਨੇਹ ਨਹੀਂ ਲੱਗਦਾ ਅਤੇ ਗੱਲੀਂ ਖੁਦਾਇ ਭੀ ਰੀਝਦਾ ਨਾਹੀਂ। ਜਿਚਿਰ ਖੁਦਾਇ ਦੀ ਬੰਦਗੀ ਵਿੱਚ ਮੁਕੀ-ਅਦ ਨਾ ਹੋਈਐ, ਤਿਚਿਰ ਛੁੱਟਣਾ ਮੁਸ਼ਕਲ ਹੈ, ਅਤੇ ਖਲਕਤ ਦੀ ਦੋਸਤੀ ਕਿਤੇ ਕੰਮ ਨਾਹੀਂ ਆਉਂਦੀ। ਖਲਕ ਪਿਆਲੇ ਨਿਵਾਲੇ ਦੀ ਯਾਰ ਹੈ। ਜਿਚਿਰ ਖਾਵੇ, ਤਿਚਿਰ ਮਿਤ੍ਰ ਹੈ, ਜਿਸ ਦਿਨ ਨਾ ਖਾਵੇ, ਤਿਸ ਦਿਨ ਦੁਸ਼ਮਨ ਹੋਇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੜੋਵੇ। ਐਸਾ ਰਵਈਆ ਖਲਕ ਦਾ ਹੈ। ਕੀ ਆਪਨਾ ਕੀ ਪਰਾਇਆ, ਸਭ ਸੁਖ ਦੇ ਮਿਤ੍ਰ ਹਨ। ਦੁੱਖ ਦਾ ਮਿਤ੍ਰ ਕੋਈ ਨਹੀਂ। ਇਤ ਕਰਕੇ ਸੰਸਾਰ ਦੀ ਦੋਸਤੀ ਕਿਤੇ ਕੰਮ ਨਾਹੀਂ ਆਂਵਦੀ। ਸੰਸਾਰ ਨਾਲੋਂ ਖੁਦਾਇ ਦੀ ਦੋਸਤੀ ਭਲੀ ਹੈ, ਜਾਂ ਸੁਲਤਾਨ ਹਮੀਦ ਕਹਿਆ ਜੀ, ਆਦਮੀਆਂ ਨਾਲ ਦੋਸਤੀ ਨਹੀਂ ਹੋਇ ਆਂ-ਵਦੀ, ਅਤੇ ਖੁਦਾਇ ਨਾਲ ਦੋਸਤੀ ਕਿਉਂਕਰ ਹੋਇ ਆਵੇਗੀ? ਤਾਂ ਸ੍ਰੀ ਗੁਰੂ ਬਾਬੇ ਜੀ, ਰਾਗ ਤਿਲੰਗ ਵਿੱਚ, ਸ਼ਬਦ ਕਹਿਆ॥ ਮਹੱਲਾ ੧ ॥ ਦੋਸਤੀ ਯਾਰੋ ਦੋਸਤੀ, ਜਾਂ ਸਰ ਪਰ ਜਾਣੇ। ਹੁਕਮ ਪਛਾਣੇ ਸਾਹਿਬ ਕਾ, ਚਲੇ ਖਸਮੇ ਭਾਣੇ ॥ ੧। ਰਹਾਉ। ਦੋਸਤੀ ਤਾਂ ਪਰ ਜਾਣੀਐ, ਗੁਰੂ ਚਰਨ ਪਖਾਰੇ। ਹੋਇ ਨਿਮਾਣਾ ਢਹਿ ਪਵੇ, ਖਸਮ ਕੇ ਦੁਆਰੇ। ਜੋਰ ਨ ਲੱਗੇ ਦੋਸਤੀ, ਹੋਇ ਬਿਆਕੁਲ ਪਈ। ਨਾਨਕ ਹੁਕਮ ਨ ਬੁਝਈ, ਸੋ ਸਰ ਪਰ ਗਈ। ਜਾਂ ਇਹ ਸਬਦ, ਸ੍ਰੀ ਗੁਰੂ ਬਾਬੇ ਨਾਨਕ ਜੀ ਕਹਿਆ, ਤਾਂ ਬਾਦਸਾਹ ਕਦਮੀਂ ਆਇ ਪਇਆ॥ ਕਹੇ ਜੀ, ਜਿਉਂ ਤੁਸੀਂ ਫਰਮਾਵੋ, ਤਿਵੇਂ ਹੀ ਮੈਂ ਕਰਾਂਗਾ। ਤਾਂ ਬਚਨ ਹੋਇਆ, ਤੇਰੀ ਪਾਤਸ਼ਾਹੀ ਵਿੱਚ ਜਿਤਨੇ ਬੰਦੀ ਵਾਨ ਹਨ, ਸਭ ਖਲਾਸ ਕਰ ਦੇਹੁ, ਅਤੇ ਜੋ ਕੁਛ ਉਨ੍ਹਾਂ ਦੀ ਵਸਤ ਲਈ ਹੈ, ਸੋ ਫੇਰ ਉਨ੍ਹਾਂ ਨੂੰ ਦਿਵਾਇ ਦੇਹੁ, ਤਾਂ ਤੇਰਾ ਦੋਹੀਂ ਜਹਾਨੀਂ ਭਲਾ ਹੋਵੇਗਾ। ਅੱਗੇ ਗਰੀਬਾਂ ਦੀ ਰਛਿਆ ਕਰਿਆ ਕਰ, ਤਾਂ ਤੈਨੂੰ ਖੁਦਾਇ ਦੇ ਰਾਹ ਦੀ ਖ਼ਬਰ ਹੋਇ ਆਵੈਗੀ। ਸੁਲਤਾਨ ਹਮੀਦ ਕਾਰੂ ਕਹਿਆ, ਭਲਾ ਜੀ ਤੁਸਾਡੀ ਮੇਹਰ ਤੇ ਹੋਇਆ। ਤਾਂ ਜਿਤਨੇ ਬੰਦੀ ਵਾਨ ਸੇ ਸਾਰੀ ਪਾਤਸ਼ਾਹੀ ਵਿੱਚ, ਸਭ ਖਲਾਸ ਕਰ ਦਿੱਤੇ। ਅਰ ਉਨ੍ਹਾਂ ਦੀ ਵਸਤ, ਉਨ੍ਹਾਂ ਨੂੰ ਦਿਵਾਇ ਦਿੱਤੀ, ਅਰ ਅੱਗੇ ਕਿਸੀ ਗਰੀਬ ਪੁਰ ਜੁਲਮ ਕਰੇ ਨਾਹੀਂ। ਸੁਲਤਾਨ ਹਮੀਦ ਲੱਗਾ ਖੁਦਾਇ ਦੀ ਬੰਦਗੀ ਕਰਨ, ਅਤੇ ਸਭਨਾਂ ਸੂਬਿਆਂ ਵਿੱਚ, ਲੰਗਰ ਭੀ ਲਗਾਇ ਦਿੱਤੇ; ਅਰ ਜਿੱਥੇ ਤਾਈਂ ਰੂਮ ਦੀ ਪਾਤਸਾਹੀ ਸੀ, ਸਭਨੀਂ ਥਾਈਂ ਚੈਨ ਵਰਤਿਆ, ਸ੍ਰੀ ਗੁਰੂ ਜੀ ਦਾ ਸਦਕਾ। ਪਾਤਸਾਹ ਕਹਿਆ, ਹੁਣ ਮੈਨੂੰ ਤੁਸਾਡਾ ਸਦਕਾ ਖੁਦਾਇ ਦੇ ਮਿਲਣ ਦੀ ਉਮੈਦ ਹੋਈ, ਤੇ ਪਾਤਸਾਹ ਮੁਰੀਦ ਹੋਇਆ। ਤਾਂ ਫੇਰ ਬਚਨ ਹੋਇਆ, ਏ ਸੁਲਤਾਨ ਹਮਾਦ, ਜੋ ਖ਼ੁਦਾਇ ਵੱਲ ਲੱਗੇ ਹਨ, ਅਤੇ ਖੁਦਾਇ ਦੀ ਬੰਦਗੀ ਕਰਦੇ ਹਨ, ਖੁਦਾਇ ਤਿਨ੍ਹਾਂ ਦੇ ਕੰਮ ਰਾਸ ਕਰਦਾ ਹੈ, ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਦਾਇ ਦੀ ਉਸ ਪਰ ਮੇਹਰ ਹੋਇਗੀ। ਤਾਂ ਸੁਲਤਾਨ ਹਮੀਦ ਕਾਰੂ ਕਹਿਆ ਜੀ, ਤੁਮਾਰੀ ਮੇਹਰ ਤੇ ਪਾਇਆ ਹੈਜੀ। ਫੇਰ ਬਚਨ ਹੋਇਆ, ਏ ਸੁਲਤਾਨ ਹਮੀਦ ਕਾਰੂ, ਤੇਰੇ ਪੁਰ ਤੁਰਤ ਹੀ ਖੁਦਾਇ ਦੀ ਮੇਹਰ ਹੋਈ ਹੈ, ਨਹੀਂ ਤਾਂ ਵੱਡੇ ਕਾਰੂ, ਵਾਂਙੂ ਤੂੰ ਭੀ ਹਲਾਕ ਹੋਇ ਜਾਂਦਾ। ਪਰ ਤੈਂ ਤੁਰਤ ਹੀ ਚਿਤਾਇਆ ਹੈ, ਖੁਦਾਇ ਵੱਲ ਤੂੰ ਆਇਆ ਹੈ। ਤਾਂ ਫੇਰ ਸੁਲਤਾਨ ਹਮੀਦ ਕਹਿਆ ਜੀ, ਤੁਸਾਡੀ ਮੇਹਰ ਤੇ ਪਾਇਆ ਹੈ, ਤੇ ਪਾਤਸਾਹ ਨੇ ਸੱਤ ਤਸਲੀਮਾਂ ਕੀਤੀਆਂ, ਤਾਂ ਬਚਨ ਹੋਇਆ ਖੁਦਾਇ ਤੇਰਾ ਭਲਾ ਕਰੇਗਾ, ਹੁਣ ਅਸੀਂ ਬਿਦਿਆ ਹੁੰਦੇ ਹਾਂ, ਤਾਂ ਸੁਲਤਾਨ ਹਮੀਦ ਕਹਿਆ ਜੀ, ਫੇਰ ਤੁਮਾਰਾ ਦੀਦਾਰ ਕਦ ਹੋਵੇਗਾ? ਬਚਨ ਹੋਇਆ, ਦੀਦਾਰ ਦਿਲ ਵਿੱਚ ਰੱਖੋ। ਤਾਂ ਉੱਥੋਂ, ਸ੍ਰੀ ਗੁਰੂ ਜੀ ਬਿਦਿਆ ਹੋਏ॥ ੧੮ ॥

॥੧੯॥ ਸਾਖੀ ਬਨਾਰਸੀ ਚਤੁਰਦਾਸ ਪੰਡਿਤ ਨਾਲ॥

ਸ੍ਰੀ ਗੁਰੂ ਜੀ ਜਾਂਦੇ ਜਾਂਦੇ, ਬਨਾਰਸ ਦੇ ਚੌਂਕ ਵਿੱਚ ਜਾਏ ਬੈਠੇ, ਬਨਾਰਸ ਦਾ ਇੱਕ ਪੰਡਿਤ ਚਤੁਰਦਾਸ ਸਾ, ਸੋ ਅਸਨਾਨ ਨੂੰ ਆਇਆ ਸਾ। ਸ੍ਰੀ ਗੁਰੂ ਜੀ ਦਾ ਭੇਖ ਦੇਖਕੇ ਬੈਠ ਗਇਆ, ਕਹੇ ਹੇ ਭਗਤ, ਤੇਰੇ ਪਾਸ ਸਾਲਿਗਰਾਮ ਨਾਹੀਂ? ਗੋਪੀ ਚੰਦਨ ਦਾ ਟਿੱਕਾ ਭੀ ਨਾਹੀਂ? ਤੁਲਸੀ ਦੀ ਮਾਲਾ ਭੀ ਨਾਹੀਂ? ਤੂੰ ਅਤੀਤ ਭਗਤ ਕਹਾਂਵਦਾ ਹੈਂ? ਤੈਂ ਕਿਆ ਭਗਤਿ ਪਾਈ ਹੈ? ਤਾਂ ਸ੍ਰੀ ਗੁਰੂ ਜੀ ਕਹਿਆ, ਮਰਦਾਨਿਆ, ਰਬਾਬ ਵਜਾਉ। ਤਾਂ ਮਰਦਾਨੇ, ਰਬਾਬ ਬਜਾਇਆ, ਰਾਗ ਬਸੰਤ ਵਿੱਚ, ਸਬਦ ਕਹਿਆ। ਮਹੱਲਾ ਪਹਿਲਾ। ਸਾਲਿਗਰਾਮ, ਬਿਪ ਪੂਜ ਮਨਾਵੋ, ਸੁਕਰਤ ਤੁਲਸੀ ਮਾਲਾ। ਰਾਮ ਨਾਮ ਜਪ ਬੇੜਾ ਬਾਂਧਉ, ਦਇਆ ਕਰੋ ਦਿਆਲਾ ॥ ੧ ॥ ਕਾਹੇ ਕਲਰਾ ਸਿੰਚਉ, ਜਨਮ ਗਵਾਵੋ। ਕਾਚੀ ਢਹਿਗੀ ਦਿਵਾਲ,ਕਾਹੇ ਗਚ ਲਾਵਉ ॥ ੧ ॥ ਰਹਾਉ ॥ ਏ ਭਗਤ, ਇਹ ਵਸਤ ਤਾਂ ਕੱਲਰ ਦਾ ਸਿੰਚਣਾ ਹੋਇਆ, ਉਹ ਵਸਤ ਕੌਣਸੀ ਹੈ, ਜਿਸ ਨਾਲ ਧਰਤੀ ਸਿੰਜੀਦੀ ਹੈ? ਅਤੇ ਸ੍ਰੀ ਪਰਮੇਸ਼ੁਰ ਜੀ ਮਿਲੇ? ਤਾਂ ਗੁਰੂ ਜੀ, ਦੂਜੀ ਪਉੜੀ ਕਹੀ। ਕਾਮ ਕਰੋਧ ਦੋਇ ਕਰੋ ਬਸੋਲੇ, ਗੋਡੋ ਧਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ। ਜਿਉਂ ਜਿਉਂ ਗੋਡੋ, ਤਿਉਂ ਤਿਉ ਸੁਖ ਪਾਉ, ਕਿਰਤ ਨਾ ਮੇਟਿਆ ਜਾਈ ॥ ੨ ॥ ਫੇਰ ਪੰਡਿਤ ਕਹਿਆ, ਏ ਭਗਤ ਜੀ, ਧਰਤੀ, ਸਿੰਜੇ ਬਿਨਾ, ਹਰੀ ਕਿਉਂਕਰ ਹੋਵੇ ? ਅਰ ਮਾਲੀ ਕਿਉਂਕਰ ਆਪਣੀ ਕਰ ਜਾਣੇ ਜੀ ? ਤਾਂ ਸ੍ਰੀ ਗੁਰੂ ਬਾਬੇ ਜੀ, ਤੀਜੀ ਪਉੜੀ ਕਹੀ। ਕਰ ਹਰਟ ਵਿੰਡ ਮਾਲ ਪਰੋਵੋ, ਤਿਸ ਭੀਤਰ ਮਨ ਜੋਵੋ। ਅੰਮ੍ਰਿਤ ਸਿੰਚੋ, ਭਰੋ ਕਿਆਰੇ, ਤਉ ਮਾਲੀ ਕੇ ਹੋਵਉ ॥ ੩ ॥ ਤਾਂ ਪੰਡਿਤ ਫੇਰ ਕਹਿਆ,ਤੁਮ ਪਰਮ ਪੁਰਖ ਹੋ ਜੀ,ਅਸਾਡੀ ਮੱਤ ਮਲੀਨ ਹੈ, ਇੰਦ੍ਰਿਆਂ ਨਾਲ, ਬਗੁਲੇ ਦੀ ਨਿਆਈਂ ਹੈ ਜੀ। ਤਾਂ ਫੇਰ ਗੁਰੂ ਜੀ, ਚਉਥੀ ਪਉੜੀ ਕਹੀ। ਬਗਲੇ ਤੇ ਪੁਨ ਹੰਸਲਾ ਹੋਵੈ, ਜੇ ਤੂੰ ਕਰੇਂ ਦਿਆਲਾ। ਪਰਣਵਤ ਨਾਨਕ ਦਾਸਨ ਦਾਸਾ, ਦਇਆ ਕਰੋ ਦਇ-ਆਲਾ ॥ ੪ ॥ ਤਾਂ ਫੇਰ ਪੰਡਿਤ ਕਹਿਆ, ਤੁਸੀਂ ਪਰਮੇਸ਼ੁਰ ਜੀ ਦੇ ਭਗਤ ਹੋ ਜੀ, ਪਰ ਕਿਛੁ ਇਸ ਨਗਰੀ ਨੂੰ ਭੀ ਪਵਿਤ੍ਰ ਕਰੋ ਜੀ, ਕੁਛ ਇਸ ਦਾ ਭੀ ਗੁਣ ਲਵੋ ਜੀ। ਤਾਂ ਬਚਣ ਹੋਇਆ, ਇਸ ਦਾ ਕਿਆ ਗੁਣ ਹੈ ? ਤਾਂ ਪੰਡਿਤ ਕਹਿਆ, ਇਸ ਦਾ ਗੁਣ ਵਿੱਦਿਆ ਹੈ। ਇਸ ਦੇ ਪੜ੍ਹੇ ਤੇ, ਤੇਰਾ ਅਸੀਰਬਾਦ ਹੋਵੇਗਾ, ਅਰ ਜਿੱਥੇ ਬੈਠੋਗੇ, ਉੱਥੇ ਹੀ ਸੰਸਾਰ ਮੰਨੇਗਾ। ਇਸ ਦੇ ਪੜ੍ਹੇ ਤੇ ਮਹੰਤ ਹੋਵੋਗੇ। ਤਾਂ ਸ੍ਰੀ ਗੁਰੂ ਬਾਬੇ ਜੀ, ਹੋਰ ਸਬਦ ਕਹਿਆ ॥ ਮਹੱਲਾ ੧ ॥ ਰਾਜਾ ਬਾਲਕ, ਨਗਰੀ ਕਾਚੀ ਦੁਸਟਾਂ ਨਾਲ ਪਿਆਰੋ। ਦੁਇ ਮਾਈ, ਦੁਇ ਬਾਪਾ ਕਹੀਅਹਿ, ਪੰਡਿਤ ਕਰੋ ਬਿਚਾਰੋ ॥ ੧ ॥ ਸੁਆਮੀ ਪੰਡਿਤ ਤੁਮ ਦੇਹੁ ਮਤੀ। ਕਿਸ ਬਿਧ ਪਾਵੋਂ ਪ੍ਰਾਨਪਤਿ ॥ ੧ ॥ ਰਹਾਉ ॥ ਭੀਤਰ ਅਗਨ, ਬਨਾਸਪਤ ਮਉਲੀ, ਸਾਗਰ ਪਿੰਡੇ ਪਾਇਆ। ਚੰਦ, ਸੂਰਜ, ਦੁਇ ਘਟ ਹੀ ਭੀਤਰ, ਐਸਾ ਗਿਆਨ ਨਾ ਪਾਇਆ ॥ ੨ ॥ ਰਾਮ ਰਵੰਤਾ ਜਾਣੀਐ ਇੱਕ ਮਾਈ ਭੋਗ ਕਰੇਇ। ਤਾਂਕੇ ਲੱਖਣ ਜਾਣੀਐ, ਖਿਮਾ ਧਨ ਸੰਗ ਰਜੇ ॥੪ ਕਹਿਆ ਸੁਣੈ ਨਾ ਖਾਇਆ ਮਾਨੈ, ਤਿਨ ਹੀ ਸੇਤੀ ਵਾਸਾ। ਪ੍ਰਣਵਤ ਨਾਨਕ ਦਾਸਨ ਦਾਸਾ, ਖਿਨ ਤੋਲਾ, ਖਿਨ ਮਾਸਾ ॥ ੪ ॥ ਪੰਡਿਤ ਨੇ ਸਬਦ ਸੁਣਕਰ, ਬੇਨਤੀ ਕੀੱਤੀ, ਅਸੀ ਸੰਸਾਰ ਨੂੰ ਪੜ੍ਹਾਉਂਦੇ ਹਾਂ, ਅਤੇ ਪੜਦੇ ਭੀ ਹਾਂ, ? ਕੁਛ ਅਸਾਂ ਨੂੰ ਭੀ, ਸ੍ਰੀ ਪਰਮੇਸ਼ੁਰ ਜੀ ਦਾ ਨਾਉਂ ਪਰਾਪਤ ਹੋਵੇਗਾ, ਯਾ ਨਹੀਂ ? ਤਾਂ ਸ੍ਰੀ ਗੁਰੂ ਜੀ, ਬਚਨ ਕੀੱਤਾ, ਏ ਸੁਆਮੀ, ਤੂੰ ਕੀ ਪੜਿਆ ਹੈਂ ? ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾਂ ਪੱਟੀ, ਚਾਟੜਿਆਂ ਨੂੰ, ਕੇਹੜੀ ਪੜ੍ਹਾਉਂਦਾ ਹੈਂ ? ਤੇ ਸ੍ਰੀ ਗੁਰੂ ਜੀ, ਬਚਨ ਕੀਤਾ, ਰਾਗ ਰਾਮਕਲੀ ਵਿੱਚ, ਓਅੰਕਾਰ ਕਹਿਆ । ਓਅੰਕਾਰ ਬ੍ਰਹਮਾ ਉਤਪੱਤ। ਓਅੰਕਾਰ ਕੀਆ ਜਿਨ ਚਿੱਤ । ਓਅੰਕਾਰ ਸੈਲ ਜੁਗ ਭਏ। ਓਅੰਕਾਰ ਵੇਦ ਨਿਰਮਏ। ਓਅੰਕਾਰ ਸਬਦ ਉਧਰੇ। ਓਅੰਕਾਰ ਗੁਰਮੁਖ ਤਰੇ। ਓਨਮ ਅੱਖਰ ਸੁਣ ਬੀਚਾਰ। ਓਨਮ ਅੱਖਰ ਤ੍ਰਿਭਵਨ-ਸਾਹ ॥ ੧ ॥ ਸੁਣ ਪਾਂਡੇ, ਕਿਆ ਲਿਖੋ ਜੰਜਾਲਾ। ਲਿਖ ਰਾਮ ਨਾਮ, ਗੁਰਮੁਖ ਗੋਪਾਲਾ ॥ ੧ ॥ ਰਹਾਉ ॥ ਤਾਂ ਪੰਡਿਤ ਇਹ ਸੁਣਕਰ, ਆਇ ਸਰਨ ਸਰਨ ਕਰਕੇ ਪੈਰੀਂ ਪਇਆ। ਨਾਉਂ ਧਰੀਕ ਸਿੱਖ ਹੋਇਆ, ਲੱਗਾ ਗੁਰੂ ਗੁਰੂ ਜਪਣ ॥ ੧੮ ॥

॥ ੧੯ ॥ ਸਾਖੀ ਕਾਲੂ ਨਾਲ ॥

ਜਾਂ ਸੁਲਤਾਨਪੁਰ ਤੇ ਸ੍ਰੀ ਬਾਬਾ ਜੀ ਉਦਾਸ ਹੋਏ, ਤਾਂ ਬਾਹਰੀਂ ਬਰਸੀਂ, ਫੇਰ ਪੰਜਾਬ ਦੀ ਧਰਤੀ ਆਏ । ਪ੍ਰਿਥਮੇ ਤਲਵੰਡੀ ਤੇ ਕੋਹੁ ਦੋਇ ਤੇ ਉਜਾੜ ਵਿੱਚ ਆਇ ਬੈਠੇ, ਇੱਕ ਘੜੀ ਸਸਤਾਇਕੇ, ਮਰਦਾਨ੍ਹੇ ਅਰਦਾਸ ਕੀਤੀ, ਕਹੇ ਜੀ ਪਾਤਸ਼ਾਹ ਜੇ ਮੈਂਨੂੰ ਆਗਿਆ ਹੋਵੇ, ਤਾਂ ਮੈਂ ਆਪਣੇ ਘਰਦੇ ਆਦਮੀਆਂ ਦੀ ਖਬਰ ਲਿਆਵਾਂ ? ਦੇਖਾਂ ਜੀ, ਮੋਏ ਹਨ, ਯਾ ਜੀਂਵਦੇ ਹਨ। ਤਾਂ ਸ੍ਰੀ ਗੁਰੂ ਜੀ ਹੱਸੇ ਹੱਸਕਰ ਕਹਿਆ, ਮਰਦਾਨਿਆਂ, ਜੇ ਤੇਰੇ ਆਤਮੇ ਆਈ ਹੈ, ਤਾਂ ਜਾਇ ਮਿਲ ਆਉ। ਅਰ ਕਾਲੂ ਦੇ ਘਰ ਭੀ ਜਾਵੀਂ। ਪਰ ਤੁਰਤ ਹੀ ਆਵੀਂ। ਐਪਰ ਉੱਥੇ ਅਸਾਡਾ ਨਾਉਂ ਲਈਂ ਨਾਹੀਂ।ਤਾਂ ਮਰਦਾਨਾ ਪੈਰੀਂ ਪਇਕੇ ਫੇਰ ਆਪਣੇ ਘਰ ਆਇਆ। ਅਤੇ ਬਾਲਾ ਤੇ ਗੁਰੂ ਨਾਨਕ ਜੀ ਬੈਠੇ ਰਹੇ। ਤਾਂ ਮਰਦਾਨੇ ਦੇ ਜਾਵਣ ਨਾਲ ਲੋਕ ਬਹੁਤ ਜੁੜ ਪਏ। ਆਇ ਪੈਰੀਂ ਪਏ। ਸਭ ਕੋਈ ਆਖਨ ਲੱਗਾ, ਮਰਦਾਨਾ ਡੂੰਮ ਨਾਨਕ ਨਾਲ ਰਹਿਆ, ਭਲਾ ਹੁਣ ਨਜਰੀ ਆਉਂਦਾ ਹੈ ਅਤੇ ਸੰਸਾਰ ਤੇ ਭੀ ਵੱਧ ਹੈ। ਜੋ ਆਵੇ ਸੋ ਪੈਰੀਂ ਪਵੇ। ਫੇਰ ਮਰਦਾਨਾ ਘਰ ਦੇਖਕੇ ਮੁੜ ਕਾਲੂ ਦੇ ਘਰ ਆਇਆ, ਵੇਹੜੇ ਵਿੱਚ ਜਾਇ ਬੈਠਾ। ਤਾਂ ਸ੍ਰੀ ਬਾਬੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਦੀ ਮਾਤਾ, ਉੱਠ ਗਲ ਨੂੰ ਚੰਬੜੀ,ਤੇਲੱਗੀ ਬੈਰਾਗ ਕਰਨ, ਬੈਰਾਗ ਕਰਕੇ ਕਹਿਆ, ਮਰਦਾਨਿਆਂ ਕਿਥਾਉਂ ਤੂੰ ਨਾਨਕ ਦੀ ਭੀ ਖਬਰ ਦੇਹੁ। ਸਾਰੇ ਵੇਹੜੇ ਵਿੱਚ ਲੋਕ ਜੁੜ ਗਏ। ਤਾਂ ਮਰਦਾਨੇ ਕਹਿਆ,ਛਾਈ ਜੀ। ਜਾਂ ਸੁਲਤਾਨਪੁਰ ਸੇ ਤਾਂ ਇਕੱਠੇ ਸੇ ਫੇਰ ਪਿਛਲੀ ਖਬਰ ਕਾਈ ਨਾਹੀਂ। ਤਾਂ ਮਰਦਾਨਾ ਘੜੀ ਇੱਕ ਬਹਕੇ ਉੱਠ ਚੱਲਿਆ, ਤਾਂ ਮਾਤਾਜੀ ਕਹਿਆ ਮਰਦਾਨਾ ਤਾਂ ਤੁਰਤ ਵੇਹੜੇ ਵਿੱਚ ਦੋਂ ਉੱਠ ਗਇਆ ਹੈ। ਇਹ ਖਾਲੀ ਨਾਹੀਂ। ਤਾਂਸ੍ਰੀ ਬਾਬੇ ਜੀਦੀ ਮਾਤਾ ਤੁਰਤ ਉੱਠ ਖੜੀ ਹੋਈ, ਤਾਂਕੁਛ ਕੱਪੜੇ ਮਿਠਿਆਈ ਲੈਕੇ ਪਿੱਛੇਪੈਂਡੇ ਵਿੱਚ,ਮਰਦਾਨੇ ਨੂੰ ਆਇਮਿਲੀ। ਕਹਿਣ ਲੱਗੀ, ਹੇ ਮਰਦਾਨਾ ਤੂੰ ਕਿਥਾਉਂ ਮੈਂਨੂੰਨਾਨਕ ਨੂੰ ਭੀ ਮੇਲ। ਤਾਂ ਅੱਗੋਂ ਮਰਦਾਨਾ ਚੁੱਪਕਰ ਰਹਿਆ। ਤਾਂ ਮਾਤਾ ਅਰ ਮਰਦਾਨਾ ਦੋਵੇਂ ਜਣੇ ਆਉਂਦੇ ਆਉਂਦੇ ਕੋਹਾਂ ਦੋਹੁ ਪਰ ਆਏ, ਅੱਗੇ ਸ੍ਰੀ ਗੁਰੂਜੀ ਬੈਠੇ ਸੇ। ਤਾਂ ਸ੍ਰੀ ਗੁਰੂ ਜੀ ਡਿੱਠਾ, ਜੋ ਮਾਤਾ ਜੀ ਆਈ ਹੈ, ਉੱਠ ਕਰ ਮਾਤਾ ਜੀ ਦੀ ਪੈਰੀਂ ਪਇਆ। ਤਾਂ ਮਾਤਾ ਜੀ ਲੱਗੀ ਬੈਰਾਗ ਕਰਨ। ਤਾਂ ਮਾਤਾ ਜੀ ਗੁਰੂ ਜੀਨੂੰ ਬਗਲ ਵਿੱਚ ਲੀਤਾ, ਮੱਥਾ ਚੁੰਮਿਆਂ ਕਹੇ ਵਾਰੀਹਉਂ ਵਾਰੀ, ਬੇਟਾ ਤੁੱਧ ਵਿਟਹੁੰ, ਜਿੱਥੇ ਤੂੰ ਫਿਰਦਾ ਹੈਂ ਤਿਸ ਥਾਵੇਂ ਵਿਟਹੁੰ ਹਉਂ ਵਾਰੀ। ਬੇਟਾ ਤੈਂ ਅੱਜ ਮੈਂਨੂੰ ਨਿਹਾਲ ਕੀੱਤਾ, ਆਪਣਾ ਦਰਸਣ ਤੈਂ ਦਿੱਤਾ। ਤਾਂ ਮਾਤਾ ਜੀ ਦੇ ਹੇਤ ਕਰਕੇ, ਸ੍ਰੀ ਬਾਬਾ ਜੀ ਬੈਰਾਗ ਲੱਗੇ ਕਰਨ। ਬੈਰਾਗ ਕਰਕੇ ਕਿਹਾ,ਮਰਦਾਨਿਆਂ ਰਬਾਬ ਬਜਾਉ। ਤਾਂ ਮਰਦਾਨੇ ਰਬਾਬਬਜਾਇਆ। ਰਾਗ ਵਡਹੰਸਵਿੱਚਸ਼ਬਦ ਕਹਿਆ। ਅਮਲੀ ਅਮਲ ਨਅੰਬੜੇ ਮੱਛੀ ਨੀਰ ਨ ਹੋਇ। ਜੋ ਰੱਤੇ ਸਹਿ ਆਪਣੇ ਤਿਨ ਭਾਵੇ ਸਬ ਕੋਇ॥੧॥ ਹਉਂ ਵਾਰੀ ਵੰਞਾਂ ਖੰਨੀਐ, ਵੰਞਾਂ ਤਉ ਸਾਹਿਬ ਕੇ ਨਾਮੇ॥ ਰਹਾਉ॥ ਸਾਹਿਬ ਸਫਲਿਓ ਰੁਖੜਾ ਅੰਮ੍ਰਿਤ ਜਾਂ ਕਾ ਨਾਉਂ। ਜਿਨ ਪੀਆ ਸੇ ਤ੍ਰਿਪਤ ਭਏ ਹਉਂ ਤਿਨ ਕੁਰਬਾਣੇ ਜਾਉਂ। ਮੈਂ ਕੀ ਨਦਰ ਨਿਆਵਣੀ ਵੱਸੇ ਹੰਭੀਆਂ ਨਾਲ। ਤਿਖਾ ਤਿਹਾਇਆ ਕਿਉਂ ਲਹੈ, ਜਾਂ ਸਰ ਭੀਤਰ ਪਾਲ। ਨਾਨਕ ਤੇਰਾਬਾਣੀਆਂ ਤੂੰ ਸਾਹਿ ਮੇਰੀ ਰਾਸ। ਮਨਤੇ ਧੋਖਾ ਤਾਂ ਲਹੇ, ਜਾਂ ਸਿਫ ਕਰੀ ਅਰਦਾਸ॥੪॥੧॥ ਤਾਂ ਫੇਰ ਮਾਤਾ ਜੀ ਨੇ ਮਿਠੀਆਈ ਅਤੇ ਕੱਪੜੇ ਲੈ ਅੱਗੇ ਰੱਖੇ। ਕਹੇ ਏਹੁ ਬੱਚਾ ਤੂੰ ਖਾਹ। ਤਾਂ ਸ੍ਰੀ ਗੁਰੂ ਜੀ ਕਹਿਆ, ਏ ਮਾਤਾਜੀ ਹਉ ਰੱਜਿਆ ਹੋਇਆ ਹਾਂ। ਤਾਂ ਮਾਤਾਜੀ ਕਹਿਆ, ਬੱਚਾ ਤੈ ਕਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਧੇ ਰੱਜਿਆ ਹੈਂ? ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਿਆਂ, ਰਬਾਬ ਬਜਾਉ। ਤਾਂ ਮਰਦਾਨੇ ਰਬਾਬ ਬਜਾਇਆ। ਸ੍ਰੀ ਰਾਗ ਵਿੱਚ ਇੱਕ ਸ਼ਬਦ ਕਹਿਆ ਸਬ ਰਸ ਮਿੱਠੇ ਮਨੀਐ, ਸੁਨਿਐ ਸਾਲੋਨੇ। ਖੱਟ ਤੁਰਸੀ ਮੁਖ ਬੋਲਣਾ, ਮਾਰਨ ਨਾਦ ਕ੍ਰੀਏ। ਛਤ੍ਰੀ ਅੰਮ੍ਰਿਤ ਏਕ ਭਾਉ ਜਾ ਕਉ ਨਦਰ ਕਰੇ ॥ ੧ ॥ ਬਾਬਾ ਹੋਰ ਖਾਣਾ ਖੁਸ਼ੀ ਖੁਆਰ। ਜਿਤ ਖਾਧੇ ਤਨ ਪੀੜੀਐ, ਮਨ ਮੇਂ ਚੱਲੇਂ ਬਿਕਾਰ ॥੧॥ ਰਹਾਉ ॥ ਤਾਂ ਫੇਰ ਮਾਤਾ ਜੀ ਕਹਿਆ, ਏ ਬੇਟਾ ਇਹ ਖਿਲਤਾ ਤਾਂ ਗਲੋਂ ਲਾਹ ਅਤੇ ਨਵੇਂ ਕੱਪੜੇ ਪਹਿਨ। ਤਾਂ ਸ੍ਰੀ ਗੁਰੂ ਜੀ ਦੂਜੀ ਪਉੜੀ ਕਹੀ। ਪੈਨਣ ਰੱਤਾ ਮਨ ਰੱਤਾ, ਸੁਪੈਦੀ ਸੱਤ ਦਾਨ। ਨੀਲੀ ਸਿਆਹੀ ਕੱਦਾ ਕਰਣੀ ਪੈਹਿਰਣ ਪੈਰ ਧਿਆਨ। ਕਮਰਬੰਦ ਸੰਤੋਖ ਕਾ ਧਨ ਜੋਬਨ ਤੇਰਾ ਨਾਮੁ ॥ ੨ ॥ ਬਾਬਾ ਹੋਰ ਪੈਨਣੁ ਖੁਸ਼ੀ ਖੁਆਰ। ਜਿਤ ਪੈਧੇ ਤਨ ਪੀੜੀਐ, ਮਨ ਮੇਂ ਚਲੇ ਬਿਕਾਰ। ੧॥ ਰਹਾਉ ॥ ਤਾਂ ਕਾਲੂ ਨੂੰ ਭੀ ਖਬਰ ਹੋਈ, ਉਹ ਬੀ ਘੋੜੀ ਚੜ੍ਹਕੇ ਆਇਆ ਤਾਂ ਸ੍ਰੀ ਗੁਰੂ ਜੀ ਦੇਖਕੇ ਜਾਇ ਪਿਤਾ ਦੀ ਪੈਰੀਂ ਪਇਆ, ਨਮੱਸਕਾਰ ਕੀੱਤਾ। ਤਾਂ ਕਾਲੂ ਲੱਗਾ ਬੈਰਾਗ ਕਰਨ, ਕਹੇ ਹੇ ਨਾਨਕ ਜੀ ਘੋੜੀ ਚੜ੍ਹਕੇ ਤੂੰ ਘਰ ਚੱਲੁ। ਤਾਂ ਸ੍ਰੀ ਗੁਰੂ ਜੀ ਕਹਿਆ, ਹੇ ਪਿਤਾ ਜੀ ਘੋੜੀ ਮੇਰੇ ਕਿਤੇ ਕੰਮ ਨਾਹੀਂ। ਤਾਂ ਕਾਲੂ ਕਹਿਆ, ਪੁੱਤ ਤੂੰ ਕਮਲੀਆਂ ਗੱਲਾਂ ਛੱਡ ਦੇਹੁ। ਤਾਂ ਸ੍ਰੀ ਗੁਰੂ ਜੀ, ਤੀਜੀ ਪਉੜੀ ਕਹੀ। ਘੋੜੇ, ਪਾਖਰ, ਸਿਉਨੇ, ਸਾਖਤ, ਬੂਝਣ ਤੇਰੀ ਵਾਟ। ਤਰਗਸ਼ ਤੀਰ ਕਮਾਣ ਸਾਂਗ ਤੇਗ ਬੰਧ ਗੁਣ ਧਾਤਾ ਵਾਜਾ ਨੇਜੇ, ਪਤ ਸਿਉ ਪਰਗਟ, ਕਰਮ ਤੇਰਾ ਮੇਰੀ ਜਾਤ ॥ ੩ ॥ ਬਾਬਾ, ਹੋਰ ਚੜ੍ਹਨਾ ਖੁਸ਼ੀ ਖੁਆਰ। ਜਿਤ ਚੜ੍ਹਿਐ, ਤਨ ਪੀੜੀਐ, ਮਨ ਮੇਂ ਚਲੇ ਬਿਕਾਰ ॥ ੧ ॥ ਰਹਾਉ ॥ ਤਾਂ ਫੇਰ ਕਾਲੂ ਕਹਿਆ, ਬੱਚਾ ਤੂੰ ਇੱਕ ਬਾਰੀ ਘਰ ਤਾਂ ਚੱਲ। ਅਸੀਂ ਨਵੇਕਲੇ ਘਰ ਪਾਏ ਹਨ। ਤੂੰ ਚੱਲਕਰ ਦੇਖ ਤਾਂ ਸਹੀ ਚਿਰਾਂ ਪਿਛੋਂ ਤੂੰ ਆਇਆ ਹੈਂ। ਤੇਰਾ ਪਰਵਾਰ ਹੈ, ਤੂੰ ਚੱਲਕੇ ਮਿਲ ਗਿਲ। ਕੋਈ ਦਿਨ ਰਹੀਂ। ਜੋ ਤੇਰੀ ਖੁਸ਼ੀ ਹੋਵੇਗੀ, ਤਾਂ ਫੇਰ ਆਈਂ। ਤਾਂ ਸ੍ਰੀ ਗੁਰੂ ਜੀ ਚੌਥੀ ਪਉੜੀ ਕਹੀ। ਘਰ ਮੰਦਰ ਖੁਸ਼ੀ ਨਾਮ ਕੀ, ਨਜਰ ਤੇਰੀ ਪਰਵਾਰ। ਹੁਕਮ ਸੋਈ ਤੁਧ ਭਾਵਸੀ ਹੋਰ ਆਖਣ ਬਹੁਤ ਅਪਾਰ। ਨਾਨਕ ਸੱਚਾ ਪਾਤਸ਼ਾਹੁ ਪੁੱਛਿ ਨ ਕਰੇ ਬਿਚਾਰ ॥ ੪ ॥ ਬਾਬਾ ਹੋਰ ਸਉਣਾ ਖੁਸ਼ੀ ਖੁਆਰ। ਜਿਤ ਸੁਤੇ ਤਨ ਪੀੜੀਐ ਮਨ ਮੇਂ ਚਲੈ ਬਿਕਾਰ ॥੧ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਾਉ ॥ ਤਾਂ ਫੇਰ ਸ੍ਰੀ ਬਾਬੇ ਨਾਨਕ ਜੀ ਕਹਿਆ, ਹੇ ਪਿਤਾ ਜੀ, ਅਸੀਂ ਜੋ ਹੁਣ ਤੁਸਾਂ ਪਾਸ ਆਏ ਹਾਂ,ਮੁੜ੍ਹ ਫੇਰ ਤੁਸਾਂ ਪਾਸ ਆਵਾਂਗੇ। ਪਰ ਹੁਣ ਤੁਸੀਂ ਆਗਿਆ ਮੰਨ ਲਵੋ। ਅਜਾਂ ਅਸਾਡਾ ਆਤਮਾ ਉਦਾਸ ਹੈ। ਤਾਂ ਫੇਰ ਮਾਤਾ ਜੀ ਕਹਿ... ਹੇ ਬੱਚਾ ਮੇਰੇ ਮਨ ਸੰਤੋਖਕਿਉਂਕਰ ਆਵੇਗਾ? ਤੂੰ ਬਾਹਰੀਬਰਸੀਂ ਉਦਾਸੀਕ... ਆਇਆ ਹੈਂ, ਤੂੰ ਅਜਾਂ ਭੀ ਘਰ ਨਾਂਹੀਂ ਚੱਲਦਾ? ਮੇਰੇ ਮਨ, ਬੱਚਾ, ਕਿਉਂਕਰ ਤ੍ਰਿਪਤਿ ਆਵੇਗੀ, ਤਾਂ ਸ੍ਰੀ ਗੁਰੂ ਜੀ ਕਹਿਆ। ਏ ਮਾਤਾ ਜੀ, ਮੇਰੇ ਬਚਨ ਕਰਕੇ ਤੁਸਾਡੇ ਮਨ ਭੀ ਸੰਤੋਖ ਆਵੇਗਾ। ਤਾਂ ਮਾਤਾ ਚੁੱਪਕਰ ਰਹੀ। ਮੁੜ ਕਹਿਆ ਸੁਣ ਬੱਚਾ ਤੇਰਾ ਜੀਉ,ਕਿਤ ਗੱਲੇਂ,ਖੱਟਾ ਹੋਇਆਹੈ? ਤੂੰ ਮੈਂਨੂੰ ਦੱਸ ਤਾਂ ਸਹੀ? ਜੇ ਆਖੇਂ ਤਾਂ ਤੇਰਾ ਹੋਰ ਬਿਆਹੁ ਕਰਾਈਂ? ਭਲੀ ਜੰਞ ਵੱਡੇ ਅਡੰਬਰਅਤੇਬਾਜਿਆਂ ਗਾਜਿਆਂ ਨਾਲ? ਤਾਂ ਸ੍ਰੀ ਗੁਰੂ ਜੀ, ਰਾਗ ਸੂਹੀ ਵਿੱਚ ਇੱਕ ਸ਼ਬਦ ਕਹਿਆ। ਸੁਣਿ ਨੀ ਮੇਰੀਏ ਅੰਬੜੀਏ ਮਾਏ, ਮੈਂਨੂੰ ਰਾਮ ਨਰਾਇਣ ਭਾਵੇ। ਹਉ ਫਿਰਾਂ ਉਦਾਸੀ, ਹਰਿ ਪ੍ਰਭ ਚਿੱਤ ਨਿਆਵੇ। ਚਿੱਤ ਨਿਆਵੇ ਫਿਰਾਂ ਉਦਾਸੀ, ਹਰਿ ਮੈ... ਕਾਮ ਗਹੇਲੀ ਮਨ ਭਾਣਾ। ਸੁਣ ਮੇਰੀ ਸਖੀ ਸਹੇਲੀ, ਬਾਲਾ ਮਨ ਹੈ ਇਆਣਾ। ਇੱਕ ਖਿਨ ਪਲ,ਪੀਆ ਬਿਨ ਰਹਨ ਸਕਉਂ,ਮੇਰੀ ਨੈਨੀਂ ਦੀਂਨ ਨਆਵੇ। ਸੱਚ ਭਣਤ ਨਾਨਕ ਸੁਣ ਮੇਰੀ ਮਾਏ, ਮੈਂਨੂੰ ਰਾਮ ਨਰਾਇਣ ਭਾਵੇ ॥੧॥ ਸੁਣਮੇਰੀਏ ਅੰਬੜੀਏ ਮਾਏ ਸਾਧਾਂ ਹਰਿ ਧਨ ਪੱਲੇ। ਮੁੰਧ ਸਿਆਮ ਸਵਾਰੀ ਸਾਧਨ ਮੁੜ ਗਿ... ਚੱਲੇ। ਸਾਧਨ ਮੁੜ ਗਿੜ ਚੱਲੇ ਹਰਿ ਧਨ ਪੱਲੇ,ਹਰਿ ਕਾ ਨਾਮ ਨਹਾਂ ਮੁ... ਵੁਠੜੀ ਮੀਹੀਂ, ਨਹੀਂ ਹੋਵੇ ਹਰਿਆ, ਸੇ ਅਉੜੀ ਨਹੀਂ ਸੁੱਕੇ। ਭਰ ਤਰ... ਬਾਲਾ ਜੋਬਨ, ਚਲਦਿਆ ਨਾਲ ਨ ਚੱਲੇ। ਸੱਚ ਭਣਵਤ ਨਾਨਕ ਸੁਣ ਮੇ... ਅੰਬੜੀਏ ਮਾਏ, ਸਾਧਾਂ ਹਰ ਧਨ ਪੱਲੇ ॥ ੨ ॥ ਸੁਣ ਮੇਰੀਏ ਅੰਬੜੀਏ ਮਾਏ, ਮੇਰੇ ਮਨ ਖਤੋ ਖਤੋਲਾ। ਹਰਿ ਪ੍ਰਭੁ ਚਿੱਤ ਨਿਆਇਆ, ਰਹਿਆਵਿੱਸਰ ... ਰਹਿਆ ਵਿੱਸਰ ਭੋਲਾ ਮਾਏ ਮਨ ਮਾਇਆ ਸੰਗ ਰੱਤਾ। ਸਿਰ ਸਿਰ ਜੀਅ... ਨਿਬੇੜਾ, ਪਾਪ ਪੁੰਨ ਕੀਆਂ ਬਾਤਾਂ। ਸਾਹਾ ਧਰਿਆ,ਦਿਨ ਥੋਹੜੇ ਪੁੰਨੇ, ਮੇ... ਖਤੋ ਖਤੋਲਾ। ਸੱਚ ਭਣਵਤ ਨਾਨਕ ਸੁਣ ਮੇਰੀ ਅੰਬੜੀਏ ਮਾਏ,ਰਹਿਆਵਿੱਸਰ ਭੋਲਾ ॥ ੩ ॥ ਏ ਮੇਰੀਏ ਅੰਬੜੀਏ ਮਾਏ, ਜੰਞ ਲਇਆ ਹੀ ਉਤਾਰਾ। ਹਮ ਮਾਈਅੜੇਂ, ਜਮ ਜਾਨੀਅੜੇ, ਕਾਲ ਬਿਆਹੁਣ ਹਾਰਾ। ਕਾਲ ਬਿਆਹੁਣ ਹਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਏ ਚਲਦਿਆਂ ਕੀਆ ਅਉਝੇੜਾ। ਪੰਜੇ ਸਹੀਆਂ, ਅਉਰ ਘਰ ਗਈਆਂ, ਖਾਲੀਰਹਿਆਹੀ ਡੇਰਾ। ਜਿਨ ਪਰਣਾਈ ਸੋਲੈਚੱਲਿਆ,ਕੋਇ ਨ ਰੱਖਨਹਾਰਾ। ...ਭਣਵਤ ਨਾਨਕ ਸੁਣ ਮੇਰੀ ਮਾਏ, ਕਾਲ ਬਿਆਹੁਣਹਾਰਾ ॥ ੪॥ ੧ ॥ ਤਾਂ ...ਕਾਲੂ ਕਹਿਆ, ਬੱਚਾ, ਤੈਂਨੂੰ ਭਲੇ ਕਿਤੀ ਵੱਡੇ ਘਰ ਬਿਆਹੁੰਦੇ ਹਾਂ, ਤੂੰ ਘਰ ਚੱਲ। ਤਾਂ ਫੇਰ ਸ੍ਰੀ ਗੁਰੂ ਜੀ ਕਹਿਆ, ਏ ਪਿਤਾ ਜੀ ਉਹ ਬਿਧਾਤਾ ਪੁਰਖ ਹੈ, ਭੁੱਲਣਵਾਲਿਆਂ ਵਿੱਚ ਨਾਹੀਂ ਜੋ ਉਸ ਸੰਜੋਗ ਕੀਤਾ ਹੈ, ਸੋ ਭਲਾਹੀ ਕੀੱਤਾ ਹੈਸੁ। ਤਾਂ ਫੇਰ ਮਾਤਾ ਜੀ ਕਹਿਆ, ਬੱਚਾ ਹੁਣ ਤੂੰ ਉੱਠ ਚੱਲ ਅਵੱਲੀਆਂ ਗੱਲਾਂ ਛੱਡ ਦੇਹੁ, ਫੇਰ ਕਿ ਜਾਪੈ ।ਮਲਾਂਗੇ ਯਾ ਨਾਹੀਂ ਮਿਲਾਂਗੇ। ਤਾਂ ਸ੍ਰੀ ਗੁਰੂ ਜੀ ਹੋਰ ਸ਼ਬਦ ਕਹਿਆ, ਰਾਗ ਮਾਰੂ ਵਿੱਚ ॥ ਪਿੱਛੋਂ ਰਾਤੀਂ ਸੱਦੜਾ ਨਾਉਂ ਖਸਮ ਕਾ ਲੇਹੁ। ਖੇਮੇ ਛਤ੍ਰ ਸਿਰਾਇਚੇ, ਦਿੱਸਣਰੱਥ ਪੀੜੇ। ਜਿਨ੍ਹੀਤੇਰਾਨਾਮ ਧਿਆਇਆ ਤਿਨ ਕਉ ਸੱਦ ਮਿਲੇ ॥ ੧ ॥ ਬਾਬਾ ਮੈਂ ਕਰਮ ਹੀਣ ਕੂੜਿਆਰ, ਨਾਮ ਨ ...ਇਆ ਤੇਰਾ ਅੰਧਲਾ ਭਰਮ ਭੂਲਾ ਮਨ ਮੇਰਾ ॥ ੧ ॥ ਰਹਾਉ ॥ ਸਾਦ ਕੀਤੇ ਦੁਖ ਪਰ ਫੁੜੇ, ਪੂਰਬ ਲਿਖੇ ਮਾਇ। ਸੁਖ ਥੋਹੜੇ ਦੁਖ ਅਗਲੇ, ਦੂਖੇ ਦੁਖ ਬਿਹਾਇ ॥ ੨ ॥ ਵਿਛੜਿਆਂ ਕਾ ਕਿਆ ਵੀਛੜੇ, ਮਿਲਿਆਂ ਕਾ ਕਿਆ ਮੇਲ। ਸਾਹਿਬ ਸੋ ਸਾਲਾਹੀਐ, ਜਿਨਕਰ ਦੇਖਿਆ ਖੇਲ ॥ ੩ ॥ ਸੰਜੋਗੀ ਮਿਲਾਵੜਾ ਇਨ ਤਨ ਕੀੱਤੇ ਭੋਗ। ਵਿਜੋਗੀ ਮਿਲ ਵਿਛੜੇ ਨਾਨਕ ਭੀ ਸੰਜੋਗ ॥ ੪ ॥ ੧ ॥ ...ਫਿਰ ਕਾਲੂ ਕਹਿਆ, ਬੱਚਾ ਇਹ ਕਫਨੀ ਗਲੋਂ ਲਾਹਿ, ਅਤੇ ਨਵੇਂ ਕੱਪੜੇ ...ਨ, ਇਸਨਾਨ ਕਰ, ਮੱਥੇ ਤਿਲਕ ਲਾਇ, ਇਹ ਫਕੀਰੀ ਦੀ ਰੀਤ ਮੱਤ ...ਡ ਦੇਹੁ, ਅਤੇ ਸਿੱਧੇ ਮਾਰਗ ਚੱਲੁ। ਤਾਂ ਸ੍ਰੀ ਬਾਬਾ ਜੀ ਬੋਲਿਆ ਹੇ ਪਿਤਾ ਜੀ, ਤੁਸੀਂ ਜਾਣਦੇ ਹੋ, ਸ੍ਰੀ ਪਰਮੇਸੁਰ ਜੀ ਦੇ ਅਰਾਧਨ ਦੀ ਮੱਤ ? ਕਾਲੂ ਕਹਿਆ, ਤੁਸਾਂ ਹੀਂ ਜਾਨਦਾ ਕੀ ਤੂੰ ਆਖਦਾ ਹੈਂ। ਤਾਂ ਸ੍ਰੀ ਗੁਰੂ ਜੀ ਸ਼ਬਦਕਹਿਆ। ਕੰਗੂ ਤਜ...ਇਆਂ,ਰਤਨਾਂ ਕੀ ਲਲਤਾ ਅਗਰਿ ਵਾਸ ਤਨ ਸਾਸੁ। ਅੱਠ ਸੱਠ ਤੀਰਥ ...ਖ ਟਿੱਕਾ, ਤਿਤ ਘਟਿ ਮੱਤਿ ਵਿਗਾਸ। ਓਤਮਤੀ ਸਲਾਹਿਣਾ ਸੱਚ ਨਾਮ ਗੁਣ ਤਾਸ ॥ ੧ ॥ ਬਾਬਾ, ਹੋਰ ਮੱਤ ਹੋਰ ਹੋਰ। ਜੇਸਹੁ ਵੇਰ ਕਮਾਈਐ, ਕੂੜੇ ਕੂੜਾ ਜੋਰ ॥ ੧ ॥ ਰਹਾਉ ॥ ਤਾਂ ਫੇਰ ਕਾਲੂ ਕਹਿਆ, ਬੱਚਾ ਇਕ ਸਿੱਧ ਹਨ, ਇੱਕ ਪੀਰ ਹਨ, ਉਨ੍ਹਾਂ ਨੂੰ ਤਾਂ ਸਭ ਸੰਸਾਰ ਜਾਣਦਾ ਹੈ, ਪੂਜਾ ਚੜ੍ਹਦੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੰਗਰ ਚੱਲਦੇ ਹਨ, ਲੋਕਾਂ ਨੂੰ ਖੁਲਾਂਵਦੇ ਹਨ, ਉਨ੍ਹਾਂ ਦੀ ਸੋਭਾ ਸੰਸਾਰ ਵਿੱਚ ਭਲੀ ਹੈ ਅਤੇ ਉਹ ਸੁਖੀ ਭੀ ਰਹਿੰਦੇ ਹਨ, ਉਨ੍ਹਾਂ ਦੇ ਪਿੱਛੇ ਸੰਸਾਰ ਛੁੱਟੇਗਾ, ਯਾ ਨਾਹੀਂ ? ਅਰ ਉਨ੍ਹਾਂ ਨੂੰ ਸ੍ਰੀ ਪਰਮੇਸੁਰ ਜੀ ਨਾਲ ਭਾਉ ਹੈ, ਯਾ ਨਾਹੀਂ ? ਸ੍ਰੀ ਗੁਰੂ ਜੀ ਦੂਜੀ ਪਉੜੀ ਕਹੀ। ਪੂਜ ਲੱਗੇ ਪੀਰ ਆਖੀਐ,ਸਭ ਮਿਲੇ ਸੰ.. ਨਾਉਂ ਸਦਾਏ ਆਪਣਾ, ਹੋਵੇ ਸਿੱਧ ਸੁਮਾਰ। ਜਾਂ ਪਤ ਲੇਖੇ ਨਾ ਪਵੇ, ਸੱਭੇ ਪੂਜ ਖੁਆਰ। ਤਾਂ ਫੇਰ ਕਾਲੂ ਕਹਿਆ ਏਹ ਤਾਂ ਸਿੱਧ ਪੀਰ ਹੋਏ, ਜਿਨੀ ਲਈ ਲੋਕ ਮਿਲੇ ਪਰ ਉਹ ਵਸਤੁ ਕੌਣ ਹੈ, ਜਿਤ ਛੁਟੇ ? ਕਿਵੇਂ ਇਸ ਦੀ ਰਹ ਭ. ਆਵੇ, ਸ੍ਰੀ ਪਰਮੇਸੁਰ ਨਾਲ ? ਅਤੇ ਸੰਸਾਰ ਨਾਲ ਭੀ ? ਤਾਂ ਫੇਰ ਸ੍ਰੀ ਬਾਬੇਜੀ ਕਹਿਆ। ਜਿਨ ਕਉ ਸਤਗੁਰੁ ਥਾਪਿਆ ਤਿਨ੍ਹਾਂ ਮੇਟ ਨ ਸੱਕੇ ਕੋਇ। ਉਨ ਅੰਦਰ ਨਾਮ ਨਿਧਾਨ ਹੈ ਨਾਮੇ ਪਰਗਟ ਹੋਇ। ਨਾਂਓਂ ਪੂਜੀਐ, ਨਾਂਓਂ ਮੰਨੀਐ ਅਖੰਡ ਸਦਾ ਸੱਚਾ ਸੋਇ ॥ ੩ ॥ ਤਾਂ ਫੇਰ ਕਾਲੂ ਕਹਿਆ ਏ ਨਾਨਕ ਜੋ ਨਾਮ ਨਹੀਂ ਸਿਮਰਦੇ ਉਨ੍ਹਾਂਦੀ ਸਾਰੀ ਉਮਰਸੰਸਾਰਦੀ ਕਿਰਤਹੀ ਕਰਦਿਆਂ ਬਿਹਾ. ਗਈ ਹੈ ਦਰਗਾਹ ਵਿੱਚ ਉਨ੍ਹਾਂ ਦਾ ਕੀ ਹਾਲ ਹੋਵੇਗਾ ? ਤਾਂ ਸ੍ਰੀ ਗੁਰੂ ਜੀ ਚੌਥੀ ਪਉੜੀ ਕਹੀ ॥ ਖੇਹੂ ਖੇਹ ਰਲਾਈਐ, ਜੀਉ ਕੇਹਾ ਹੋਇ। ਜਲੀਆਂ ਸਭ ਸਿਆਣਪਾਂ ਉੱਠੀ ਚੱਲਿਆ ਰੋਇ। ਨਾਨਕ ਨਾਉਂ ਬਿਸਾਰੀਐ, ਦਰਗਹਿ ਗਇਆ ਕਿਆ ਹੋਇ ॥ ੪ ॥ ੧ ॥ ਹੇ ਪਿਤਾ ਜੀ ਜਿਨ੍ਹਾਂਨੇ ਇੱਥੇ ਨਾਮ ਬਿਸ. ਰਿਆ ਹੈ, ਤਿਨ੍ਹਾਂ ਨੂੰ ਅੱਗੇ ਢੋਈ ਕਿੱਥੋਂ ਮਿਲੇਗੀ ? ਤਾਂ ਕਾਲੂ ਕਹਿਆ . ਹੈ ਜੀ, ਇਹ ਗੱਲ ਏਵੇਂ ਹੈ। ਤਾਂ ਫੇਰ ਕਾਲੂ ਕਹਿਆ ਤੂੰ ਤਾਂ ਮਹਾਂਪੁਰਖਹੋਂ. ਅਤੇ ਅਸਾਂ ਜਾਤਾ ਨਹੀਂ। ਪਰ ਬੱਚਾ ਅਸਾਡਾ ਕਿਆ ਹਾਲ ਹੋਵੇਗਾ ? ਅ. ਤਾਂ ਸ੍ਰੀ ਪਰਮੇਸੁਰ ਜੀ ਦਾ ਨਾਉਂ ਕਦੇ ਨਾਹੀਂ ਲਾਤਾ ? ਤਾਂ ਸ੍ਰੀ ਗੁਰੂ ਜੀ ਦੇ ਮੁਖ ਤੇ ਸਹਿਜੇ ਹੀ ਬਚਨ ਨਿੱਕਲਿਆ। ਹੇ ਪਿਤਾ ਜੀ ਜੋ ਅਸਾਡਾ ਹਾਲ ਹੋ. ਸੋਈ ਤੁਸਾਡਾ ਹਾਲ ਹੋਇਗਾ ॥ ੧੯ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

॥ ੨੦ ॥ ਸਾਖੀ ਕਾਂਸ਼ੀ ਦੇ ਪੰਡਿਤਾਂ ਨਾਲ ॥

ਅੱਗੇ ਬਾਬਾ ਜੀ ਕਾਂਸ਼ੀ ਨੂੰ ਗਏ, ਤਾਂ ਉੱਥੇ ਦਿਆਂ ਪੰਡਿਤਾਂ ਸੁਣਿਆ ਨਾਨਕ ਜੋ ਫਕੀਰ ਵੱਡਾ ਸੁਣੀ ਦਾ ਹੈ, ਸੋ ਆਇਆ ਹੈ, ਉਸ ਦਾ ਭੀ, ਦਰਸ਼ਣ ਕਰੀਏ। ਤਾਂ ਪੰਡਿਤ ਆਏ, ਆਇ ਕਰ ਦਰਸਣ ਕੀੱਤਾ, ਤੇ ਇਹ ਪੂਜਨ ਕੀੱਤਾ, ਏ ਨਾਨਕ ਅਸੀਂ ਨਿੱਤ ਵੇਦ ਪੜ੍ਹਦੇ ਸੁਣਦੇ ਹਾਂ, ਅਸਾਡਾ ਅਹੰਕਾਰ ਨਹੀਂ ਮਿਟਦਾ, ਅਤੇ ਸਾਂਤ ਨਹੀਂ ਆਂਵਦੀ? ਤਾਂ ਬਾਬੇ ਜੀ ਕਹਿਆ, ਤੁਸਾਡੇ ਅੰਦਰੋਂ ਖੋਟ ਨਹੀਂ ਮਿਟਦਾ, ਇਸ ਵਾਸਤੇ, ਅਸਰ ਨਹੀਂ ਹੁੰਦਾ। ਤਾਂ ਪੰਡਿਤਾਂ ਕਹਿਆ ਜੀ, ਅਸਾਂ ਨੂੰ ਸਾਂਤ ਕਿੰਉਂਕਰ ਆਵੇ। ਤਾਂ ਸ੍ਰੀ ਬਾਬੇ ਇੱਕ ਸਬਦ ਕਹਿਆ ॥ ਸਿਰੀ ਰਾਗ ਮਹੱਲਾ ੧ ॥ ਲੱਬ ਕੁੱਤਾ, ਕੂੜ ਚੂਹੜਾ, ਠਗ ਖਾਧਾ, ਮੁਰਦਾਰ। ਪਰਨਿੰਦਾ ਪਰਮਲ, ਮੁਖ ਸੁਧੀ, ਅਗਨ ਕ੍ਰੋਧ ਚੰਡਾਲ। ਰਸੁ ਕਸੁ ਆਪ ਸਲਾਹਿਣਾ, ਏ ਕਰਮ ਮੇਰੇ ਕਰਤਾਰ ॥ ੧ ॥ ਬਾਬਾ ਬੋਲੀਐ ਪਤ ਹੋਇ। ਉੱਤਮ ਸੇ ਦਰ ਉੱਤਮ ਕਹੀਅਹਿ, ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸ ਸੁਇਨਾ, ਰਸ ਰੁੱਪਾ, ਕਾਮਣ ਰਸੁ ਪਰਮਲ ਕੀ ਵਾਸ। ਰਸ ਘੋੜੇ, ਰਸ ਸੇਜਾ, ਮੰਦਰ ਰਸ, ਮੀਠੀ ਰਸ ਮਾਸ। ਏਤੇ ਰਸ ਸਰੀਰ ਕੇ, ਕੈ ਘਟ ਨਾਮ ਨਿਵਾਸ। ਜਿਤ ਬੋਲਿਐ ਪਤ ਪਾਈਐ, ਸੋ ਬੋਲਿਆ ਪਰਵਾਣ। ਫਿਕਾ ਬੋਲ ਵਿਗੁਚਣਾ, ਸੁਣ ਮੂਰਖ ਮਨ ਆਜਾਣ। ਜੋ ਤਿਸ ਭਾਵੇ ਸੇ ਭਲੇ ਹੋਰਿ ਕਿ ਕਹਿਣ ਵਖਾਣ ॥ ੩ ॥ ਤਿਨ ਮਤਿ, ਤਿਨ ਪਤਿ, ਤਿਨ ਧਨ ਪਲੈ, ਜਿਨ ਹਿਰਦੇ ਰਹਿਆ ਸਮਾਇ। ਤਿਨ ਕਾ ਕਿਆ ਸਲਾਹਿਣਾ, ਅਵਰ ਸੁਆਲਿਓ ਕਾਇ। ਨਾਨਕ ਨਦਰੀ ਬਾਹਰੇ, ਰਾਚਹਿ ਦਾਨ ਨ ਨਾਇ ॥ ੪ ॥ ਤੁਕ ॥ ਸੁਣੋ ਪੰਡਿਤ ਜੀ, ਲੱਬ ਜੋ ਹੈ, ਸੋ ਸਰੀਰ ਵਿੱਚ ਕੁੱਤਾ ਹੈ, ਝੂਠ ਚੂਹੜਾ ਹੈ, ਠਗ ਖਾਵਣ ਮੁਰਦਾਰ ਦੇ ਸਮਾਨ ਹੈ, ਅਤੇ ਪਰਾਈ ਨਿੰਦਾ ਮੁਖ ਹੈ, ਕ੍ਰੋਧ ਅਗਨ, ਚੰਡਾਲ ਦੇ ਸਮਾਨ ਹੈ। ਰਸੁ ਕਸੁ ਖਾਵਣੇ, ਅਤੇ ਆਪ ਨੂੰ ਸਲਾਹਿਣਾਂ, ਏਹ ਮੇਰੇ ਕਰਮ ਪਏ ਹੋਏ ਹਨ। ਪਰਮੇਸ਼ੁਰ ਦਾ ਨਾਉਂ ਰਿਦੇ ਕਿੰਉਂਕਰ ਠਹਿਰੇ, ਜੌਂ ਲਗ ਸਤ ਸੰਗਤ ਨਾ ਹੋਵੇ, ਤੌ ਲਗ ਮਨ ਸੁੱਧ ਨਾਂਹੀਂ ਹੁੰਦਾ। ਬਾਬਾ, ਐਸਾ ਬੋਲੀਐ, ਜਿਤ ਬੋਲਿਆਂ ਪਤ ਰਹੇ। ਜੋ ਉੱਤਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਮ ਕਰਦੇ ਹਨ, ਸੋ ਪਰਮੇਸ਼ੁਰ ਦੇ ਉੱਤਮ ਦੁਆਰੇ ਉੱਤਮ ਹੀ ਕਹੀਦੇ ਹਨ। ਜੋ ਨੀਚ ਕਰਮ ਕਰਦੇ ਹਨ, ਤਿਨ੍ਹਾਂ ਨੂੰ ਸਜਾਇ ਮਿਲੇਗੀ, ਤੇ ਬੈ... ਰੋਵਨਗੇ ਇਹ ਜੋ ਮਨ ਹੈ, ਸਰੀਰ ਦੇ ਰਸਾਂ ਵਿੱਚ ਫਾਥਾ ਹੋਇਆ ਹੈ, ਨ... ਦਾ ਰਸ ਕਿੰਉਂਕਰ ਆਵੇ ? ਕਿਸੇ ਨੂੰ ਸੁਇਨੇ ਦਾ ਰਸ ਹੈ, ਕਿਸੇ ਨੂੰ ਰੁੱਪੇ ਦਾ ਰਸ ਹੈ, ਕਿਸੇ ਨੂੰ ਇਸਤ੍ਰੀ ਦਾ ਰਸ ਹੈ, ਕਿਸੇ ਨੂੰ ਚੰਦਨ ਦੀ ਵਾਸਨਾਂ ਦਾ ਰਸ ਹੈ, ਕਿਸੇ ਨੂੰ ਘੋੜੇ ਦਾ ਰਸ ਹੈ, ਕਿਸੇ ਨੂੰ ਸੇਜਾ ਦਾ ਰਸ ਹੈ, ਕਿਸੇ ਨੂੰ ਮੰਦਰ ਦੇ ਬਨਾਉਣ ਦਾ ਰਸ ਹੈ, ਕਿਸੇ ਨੂੰ ਮਿੱਠੇ ਖਾਵਣੇ ਦਾ ਰਸ ਹੈ, ਕਿਸੇ ਨੂੰ ਮਾਸ ਖਾਵਣ ਦਾ ਰਸ ਹੈ, ਇਤਨੇ ਰਸ ਸਰੀਰ ਦੇ ਵਿਖੇ ਹਨ, ਨਾਮ ਇਸ ਸਰੀਰ ਵਿੱਚ, ਕਿੰਉਂਕਰ ਨਿਵਾਸ ਕਰੇ ? ਮਿੱਠਾ ਬੋਲਨ ਕਰਕੇ, ਇਸ ਦੀ ਪਤ ਰਹਿੰਦੀ ਹੈ, ਅਰ ਫਿੱਕਾ ਬੋਲਣ ਕਰਕੇ, ਪਤ ਜਾਂਦੀ ਹੈ, ਤੇ ਵਾਹਗੁਰੂ ਦਾ ਭਾਣਾ, ਮਿੱਠਾ ਕਰਕੇ ਮੰਨਨਾ। ਮਤਿ ਭੀ, ਤਿਨ੍ਹਾਂ ਦੀ ਉੱਜਲੀ ਹੁੰਦੀ ਹੈ ਅਤੇ ਪਤ ਭੀ ਤਿਨ੍ਹਾਂ ਹੀ ਦੀ ਹੈ। ਨਾਮ ਰੂਪ ਧਨ ਭੀ, ਤਿਨ੍ਹਾਂ ਦੇ ਪੱਲੇ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਖੇ, ਗੁਰਾਂ ਦੇ ਬਚਨ ਸਮਾਂਵਦੇ ਹਨ। ਸੋਈ ਸੁੰਦਰ ਹਨ। ਤਾਂ ਪੰਡਿਤਾਂ ਨੇ ਕਹਿਆ, ਏ ਨਾਨਕ ਜੀ, ਜੋ ਇਸ ਕਾਂਸ਼ੀ ਪੁਰੀ ਦਾ ਮਹਾਤਮ, ਵੇਦਾਂ ਵਿੱਚ ਲਿਖਿਆ ਹੈ, ਜੋ ਇਸ ਕਾਂਸ਼ੀ ਪੁਰੀ ਵਿੱਚ ਜੀਵ, ਪਾਪੀ, ਪੁੱਨੀਂ, ਸਰੀਰ ਤਿਆਗਦੇ ਹਨ, ਸੋ ਸਿਵਪੁਰੀ ਨੂੰ, ਜਾਇ ਪ੍ਰਾਪਤਿ ਹੁੰਦੇ ਹਨ... ਤਾਂ ਬਾਬੇ ਜੀ ਕਹਿਆ, ਸੁਣੋ ਪੰਡਿਤ ਜੀ, ਮਰਦੀ ਵੇਰੀਂ ਸਿਵਮੰਤ੍ਰ ਵਾਹ... ਦਾ ਰਾਮ ਨਾਮ ਪੜ੍ਹਦਾ ਹੈ, ਜੀਆਂ ਦੇ ਕੰਨ ਵਿੱਚ ਅਵਾਜ ਆਂਵਦੀ ਹੈ, ... ਜੀਵ ਮੁਕਤ ਹੁੰਦੇ ਹਨ। ਸੁਣ ਪੰਡਿਤ ਜੀ, ਤਾਂਤੇ ਰਾਮ ਰਾਮ ਕੈਸਾ ਹੈ, ਕਿਸ ਦੇਸ ਵਿੱਚ ਪੜ੍ਹੇ, ਸੋਈ ਮੁਕਤ ਹੁੰਦਾ ਹੈ। ਜੈਸੇ ਕਬੀਰ ਜੀ, ਕਾਂਸ਼ੀ ਨੂੰ ਛੱਡ... ਮਗਹਰ ਵਿੱਚ ਜਾਇ ਬਸੇ ਸੇ, ਉੱਥੇ ਹੀ ਸਾਧ ਸੰਗਤ ਹੋਇ ਰਹੀ, ਉ... ਪਏ ਮੁਕਤ ਹੁੰਦੇ ਹਨ। ਸੋ ਮਹਾਰਾਜ ਦਾ ਨਾਮ ਹੀ ਮੁਕਤ ਕਰਨਵਾਲ... ਤਾਂ ਪੰਡਿਤਾਂ ਨੇ ਪੁੱਛਿਆ, ਅਰ ਕਹਿਆ, ਏ ਨਾਨਕ ਜੀ, ਮਹਾਰਾਜ ਦੇ ... ਅਨੇਕ ਨਾਮ ਹਨ, ਮਹਾਰਾਜ ਦਾ ਕੇਹੜਾ ਨਾਮ ਹੈ, ਜੋ ਮੁਕਤ ਕਰਦਾ ਹੈ ? ਸ੍ਰੀ ਬਾਬੇ ਜੀ ਕਹਿਆ, ਸੁਣ ਪੰਡਿਤ ਜੀ, ਜਿਤਨੀਆਂ ਨਦੀਆਂ ਤੇ ਬੇੜੀਆਂ ਹਨ, ਸਭ ਪਾਰ ਉਤਾਰਦੀਆਂ ਹਨ। ਪਰ ਜਿਸ ਬੇੜੀ ਤੇ ਕੋਈ ਉਤਰਦ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਉਸ ਨੂੰ ਉਸੇ ਨਾਲ ਪਰੋਜਨ ਹੁੰਦਾ ਹੈ। ਤੈਸੇ ਹੀ ਮਹਾਰਾਜ ਦੇ ਨਾਮ, ਸਭ ਮੁਕਤ ਕਰਨ ਵਾਲੇ ਹਨ, ਪਰ ਜੇਹੜਾ ਨਾਮ ਗੁਰਾਂ ਇਸ ਨੂੰ ਉਪਦੇਸ਼ ਕੀਤਾ ਹੈ, ਇਸ ਨੂੰ ਸੋਈ ਕਲਿਆਨ ਕਰਦਾ ਹੈ। ਤਾਂ ਇਹ ਬਚਨ ਸੁਣ ਕੇ ਸਭ ਪਡਿਤ ਚਰਨਾਂ ਪਰ ਢਹਿ ਪਏ। ਤਾਂ ਉਨ੍ਹਾਂ ਨੂੰ "ਸਤਿਨਾਮ" ਦਾ ਉਪ-ਦੇਸ ਕੀੱਤਾ ॥ ੨੦ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar